ਆਮ ਵੇਰਵਾ : ਹੱਥ ਲਿਖਤ ਨਹੀਂ ਹੈ, ਪੱਥਰ ਛਾਪਾ ਹੈ । ਪਹਿਲਾ ਪੱਤਰਾ ਭੁਰਿਆਂ ਹੋਇਆ ਹੈ, ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ ।

ਆਰੰਭ : ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨ ਤਿਆਗਉ…

ਅੰਤ : …ਰਾਮ ਨਾਮ ਉਰਿ ਮੈ ਗਹਿਓ ਜਾਕੈ ਸਮ ਨਹੀ ਕੋਇ ॥ ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ ੫੭ ॥ ੧ ॥ ਕਾਪੀ ਨ੍ਹੈਸ ਬਿਸ਼ਨ ਸਿੰਘ …..

ਹੱਥ ਲਿਖਤ ਨੰ : MS 177 ਕ

ਸਿਰਲੇਖ : ਵਿਚਾਰ ਮਾਲਾ

ਲੇਖਕ : ਅਨਾਥ ਪੁਰੀ

ਲਿਖਾਰੀ : ਬਿਸ਼ਨ ਸਿੰਘ

ਲਿਪੀ ਕਾਲ : ਸੰਮਤ 1936 ਰਚਨਾ ਕਾਲ: ਸੰਮਤ 1726

ਪੱਤਰੇ : 1 - 32

ਆਕਾਰ : 11X16 ਸ.ਮ. ਲਿਖਤ: 10X14 ਸ.ਮ.

ਵੇਰਵਾ : ਚੁਪਾਸੀਂ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ, ਸਤਰਾਂ ਪ੍ਰਤੀ ਪੰਨਾ - 11

ਆਮ ਵੇਰਵਾ : ਪੱਥਰ ਛਾਪਾ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਪੋਥੀ ਵਿਚਾਰ ਮਾਲਾ ਕੀ ॥ ਦੋਹਰਾ ॥ ਨਮੋਂ ਨਮੋਂ ਸ੍ਰੀ ਰਾਂਮ ਜੀ ਸਤਿ ਚਿਤ ਆਨੰਦ ਰੂਪ ॥ ਜੇ ਜਾਨੇ ਜਗ ਸ੍ਵਪਨ ਵਤ ਨਾਸੇ ਭ੍ਰਮ ਤਮ ਕੂਪ ॥੧॥…

ਅੰਤ : …ਸੋਰਠਾ ॥ ॥ ਸਤਰ ਸਉ ਛਬੀ ਸੰਮਤ ਮਾਘ੍ਹ ਮਾਸ ਪੁਨ ॥ ਮੋ ਮਨ ਜਿਤ ਕਹੁ ਤੀਸ ਤਤਕ [ਤੇਤਕ] ਬਰਣਨ ਪਰਗਟ ਕਰੀ ॥ ੪੨ ॥ ਦੋਹਰਾ ॥ ਗੀਤਾ ਭਾਰਥ ਕੋ ਮਤੋ ਏਕਾਦਸ ਕੀ ਜੁਗਤ ॥ ਅਸਟਾ-ਬੱਕਰ ਵਸਿਸਟ ਰਿਖ ਕਛਕ ਆਪਨੀ ਉਕਤ ॥ ੧੨● ॥ ਇਤਿ ਸ੍ਰੀ ਵਿਚਾਰ ਮਾਲਾ ਗਰੰਥ ਸਮਾਪਤੰ ॥ ਅਸਟਮੋ ਬਿਸਰਾਂਮ ॥ ੮ ॥

ਹੱਥ ਲਿਖਤ ਨੰ : MS 177 ਖ

ਸਿਰਲੇਖ : ਜ਼ਫ਼ਰਨਾਮਾ

ਲੇਖਕ : ਗੁਰੂ ਗੋਬਿੰਦ ਸਿੰਘ

ਲਿਖਾਰੀ : ਹੀਰਾ ਸਿੰਘ ਦਮਦਮੀਆਂ

ਲਿਪੀ ਕਾਲ : ਸੰਨ 1871

ਪੱਤਰੇ : 1 - 30

ਆਕਾਰ : 11X16 ਸ.ਮ. ਲਿਖਤ: 10X14 ਸ.ਮ.

ਵੇਰਵਾ : ਚੁਪਾਸੀਂ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ, ਸਤਰਾਂ ਪ੍ਰਤੀ ਪੰਨਾ - 10

ਆਮ ਵੇਰਵਾ : ਪੱਥਰ ਛਾਪਾ, ਪੱਤਰਾ 30 ਤੋਂ ਬਾਅਦ ਅਗਲੇ ਪੱਤਰੇ ਤੇ ਅੰਕ ੩੧ ਅਤੇ ੩੨ ਲਿਖਿਆ ਹੈ, ੩੧ ਪੰਨੇ ਤੇ ਅਰਦਾਸ ਹੈ, 32 ਪੰਨੇ ਤੇ ਮੁਨਸ਼ੀ ਸੁਖਦਯਾਲ ਦਾ ਕਬਿਤ ਹੈ । ਪਹਿਲਾ ਪੱਤਰਾ ਫੁਲ ਬੂਟਿਆਂ ਨਾਲ ਸਜਾਇਆ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਗੁਰੂ ਜੀ ਕੀ ਫਤਹ ॥ ਜ਼ਫ਼ਰਨਾਮਹ ਪਾਤਸਾਹੀ ੧● ॥ ਕਮਾਲੇ ਕਰਾਮਾਤ ਕਾਇਮ ਕਰੀਮ ॥ ਰਜਾ ਬਖਸ ਰਾਜਕ ਰਿਹਾ ਕੋ ਰਹੀਮ ॥੧॥…

ਅੰਤ : …ਬਹੈਰਤ ਅੰਦਰਾਮਦ ਫਗਾਨੇ ਰਹੀਮ ॥ ਕਸੀਦਨ ਯਕੇ ਤੇਰਾ ਗਰਰਾਂ ਅਜੀਮ ॥ ੧੫ ॥ ੮੫੫ ॥ ੧੨ ॥ ਬਕਲਮ ਖੁਦ ਭਾਈ ਹੀਰਾ ਸਿੰਘ ਦਮਦਮੀਆਂ ॥

ਹੱਥ ਲਿਖਤ ਨੰ : MS 177 ਗ

ਸਿਰਲੇਖ : ਚਾਣਾਕਾ ਸਾਹੰਸ੍ਰ ਭਾਖਾ (ਅਧੂਰੀ)

ਪੱਤਰੇ : 37

ਆਕਾਰ : 10.5X15 ਸ.ਮ. ਲਿਖਤ: 6.5X10.5 ਸ.ਮ.

ਵੇਰਵਾ : ਚੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਤਿੰਨ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ । ਸਤਰਾਂ ਪ੍ਰਤੀ ਪੰਨਾ – 7

ਆਮ ਵੇਰਵਾ : ਪੱਤਰਿਆਂ ਨੂੰ ਅੰਕ ਨਹੀਂ ਲਗਾਏ ਹੋਏ, ਗਿਣਤੀ ਵਿਚ 37 ਪੱਤਰੇ ਹਨ । ਅੰਤ ਤੇ ਪੋਥੀ ਅਧੂਰੀ ਜਾਪਦੀ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਚਾਣਾਕਾ ਸਾਹੰਸ੍ਰ ਭਾਖਾ ਲਿਖਤੇ ॥ ਦੋਹਰਾ ॥ ਪ੍ਰਣਵਤਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਉ ॥ ਚਾਣਾਕੇ ਭਾਖਾ ਕਰੌ ਜੌ ਤੁਮ ਹੋਹ ਸਹਾਇ ॥ ਬਹੁ ਸਾਸਤ੍ਰ ਅਵਲੋਕ ਕੇ ਸੁੰਦਰ ਬਚਨ ਨਿਕਾਰ ॥ ਰਾਜਨੀਤ ਸਬੂਹ ਕੋ ਬਰਨ ਕਰੋ ਵਿਚਾਰ ॥੨॥...

ਅੰਤ : ...ਸ੍ਰੀ ਰਾਮ ਕ੍ਰਿਸਨ ਗੁਬਿੰਦ ਮਾਧੋ ਬਾਸਦੇਵ ਸ੍ਰੀ ਬਾਵਨੰ ॥ ਮਛ ਕਛ ਵਰਾਹ ਨਰ ਸਿੰਘ ਤਾਰਿ ਰਘਪਤਿ ਪਾਵਨੰ ॥ ਮਥਰਾ ਮੈ ਕੇਸੋ ਰਾਇ ਬਿਰਾਜਹਿ ਗੋਕਲ ਬਾਲ ਮੁਕੰਦ ਜੂ ॥ ਸ੍ਰੀ ਬ੍ਰਿੰਦਾ ਬਨ ਮਹਿ ਮਦਨ ਮੋਹਨ ਗੌਪੀ ਨਾਥ ਗੁਬਿੰਦ ਜੂ ॥ ਧੰਨ ਧੰਨ ਮਥਰਾ ਧੰਨ ਗੋਕਲ ਜਹਾਂ ਸ੍ਰੀ ਪਤ ਅਵਤਰੇ॥ ਧੰਨ ਜਮਨਾ ਨੀਰ ਨਿਰ.....

ਹੱਥ ਲਿਖਤ ਨੰ : MS 178

ਸਿਰਲੇਖ : ਹਨੂੰਮਾਨ ਨਾਟਕ

ਲੇਖਕ : ਹਿਰਦੇ ਰਾਮ ਭੱਲਾ

ਲਿਖਾਰੀ : ਕਰਮ ਸਿੰਘ

ਲਿਪੀ ਕਾਲ : ਸੰਮਤ 1920 ਰਚਨਾ ਕਾਲ: ਸੰਮਤ 1680

ਸਥਾਨ : ਡੇਰਾ ਇਸਮਾਈਲ ਖਾਂ

ਪੱਤਰੇ : 147

ਆਕਾਰ : 27.5X21 ਸ.ਮ. ਲਿਖਤ: 24X18 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਨੇਂ ਪਾਸੇ ਖੜ੍ਹੇ ਰੁੱਖ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 21.

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਾਗਜ਼ ਕਿਰਮ ਖੁਰਦਾ, ਪੱਤਰਿਆਂ ਦਾ ਰੰਗ ਅਸਮਾਨੀ ਹੈ । ਲਿਖਤ ਬਦਲੀ ਹੋਈ ਹੈ । ਪੋਥੀ ਦੇ ਸ਼ੁਰੂ ਅਤੇ ਅੰਤ ਵਿਚ ਇਕ-ਇਕ ਪੱਤਰਾ ਖਾਲੀ ਹੈ ।

ਆਰੰਭ : ੧ਓ ਸ੍ਰੀ ਗਣੇਸ਼ਾਇਨਮ: ॥ ਅਥ ਹਨੂਮਾਨ ਨਾਟਕ ਕ੍ਰਿਤ ਕਵਿ ਹਿਰਦੇ ਰਾਮ ॥ ਕਬਿੱਤ ॥ ਤੀਨੋ ਲੋਕ ਪਤਿ ਪ੍ਰਾਨਪਤਿ ਪ੍ਰੀਤ ਹੀ ਸੋ ਰਤਿ...

ਅੰਤ : ...ਸੰਮਤਿ ਬਿਕ੍ਰਮ ਨ੍ਰਿਪਤਿ, ਸਹੰਸ ਖਟ ਸਤਿ ਅਸੀ ਬਰ । ਚੇਤ੍ਰ ਚਾਂਦਨੀ ਦੂਜ ਛਤ੍ਰ ਜਹਾਂਗੀਰ ਸੁਭਟ ਪਰ ॥ ਸੁਭ ਲਛਨ ਦਛਨ ਸੁ ਦੇਸ ਕਵਿ ਰਾਮ ਬਿਚਛਨ । ਕ੍ਰਿਸਨ ਦਾਸ ਤਨ ਕੁਲ ਪ੍ਰਕਾਸ ਜਸ ਦੀਪ ਕਰਛਨ । ਰਘੁਪਤਿ ਚਰਿਤ੍ਰ ਤਿਨ ਜਥਾਮਿਤ ਪ੍ਰਗਟ ਕਹਯੋ ਸੁਭ ਲਗਣ ਗਣਿ । ਦੈ ਭਗਤਿ ਦਾਨ ਨਿਰਭੈ ਕਰਹੁ ਜੈ ਰਘੁਪਤਿ ਰਘੁਬੰਸ ਮਣਿ ॥੧੪੩॥ ਇਤ ਸ੍ਰੀ ਰਾਮ ਗੀਤੇ ਰਘੁਪਤਿ ਕੁਮਾਰ ਜੀਤਿ ਘਰ ਆਇਬੋ ਨਾਮ ਚਤ੍ਰਦਸੋ ਅੰਕ ਸਮਾਪਤੰ ॥ ਬਿਜੈ ਦੁਰਕਾ ਅਸਥਾਨ ਮੈ ਲੇਖਕ ਦਾਸ ਸੁਹਾਇ ॥ ਸ੍ਰੀ ਰਾਮੋ ਜਯਤਿ ॥ ਸ੍ਰੀ ਵਾਹਗੁਰੂ ਜੀ ॥ ਪੋਥੀ ਸੰਪੂਰਨ ॥ ਭੁਲ ਚੁਕਿ ਮਾਫ ਕਰਨੀ ਜੀ ॥ ਚੇਤ੍ਰ ਤਾਰੀਕ ੨੫ ਲਿਖੀ । ਦੇਰਾ ਸਾਮਾਏਲ ਖਾ ਦੇ ਦਸਤਖਤ ਕਰਮ ਸਿੰਘ ਦੇ ਸੰਮਤ ਓਨੀ ਸੈ ਬੀਸ ੧੯੨●.

ਹੱਥ ਲਿਖਤ ਨੰ : MS 179
ਸਿਰਲੇਖ : ਮਾਝਾਂ
ਲੇਖਕ : ਸੰਤ ਦਾਸ
ਲਿਖਾਰੀ : ਜੁਵਾਹਰ ਡਿਡੀ ਪੁਰੀਆ
ਲਿਪੀ ਕਾਲ : 1894 ਸੰਮਤ
ਸਥਾਨ : ਵਟਾਲਾ, ਪੁਰੀਆ ਮੁਹੱਲਾ
ਪੱਤਰੇ : 31-60
ਆਕਾਰ : 13X11 ਸ.ਮ. ਲਿਖਤ: 6X7 ਸ.ਮ.
ਵੇਰਵਾ : ਸਿਆਹੀ ਕਾਲੀ, ਹਾਸ਼ੀਏ ਤੋਂ ਬਿਨ੍ਹਾਂ, ਸਤਰਾਂ ਪ੍ਰਤੀ ਪੰਨਾ ੬.
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਪੱਤਰੇ ਕਿਰਮ ਖੁਰਦਾ, ਪੱਤਰਿਆਂ ਦੀ ਗਿਣਤੀ 31 ਤੋਂ ਸ਼ੁਰੂ ਹੋ ਕੇ 58 ਤਕ ਚਲਦੀ ਹੈ ਬਾਅਦ ਵਿਚ ਦੋ ਪਤਰੇ 59 ਤੇ 60 ਨੰ: ਪਾ ਕੇ ਖਾਲੀ ਛਡੇ ਹੋਏ ਹਨ । ਪੱਤਰਾ ਨੰ 47 ੳ, 50 ਅ, 52 ਅ ਉਪਰ ਛੱਡਿਆ ਪਾਠ ਪਾਸਿਆਂ ਤੇ ਲਿਖ ਕੇ ਮੁਕੰਮਲ ਕੀਤਾ ਗਿਆ ਹੈ ।

ਆਰੰਭ : ੧ੳ ਸਤਿਗੁਰ ਪ੍ਰਸਾਦਿ । ਅਥ ਮਾਝਾ ਸੰਤ ਦਾਸ ਕੀਆ ॥ ਅਜਬ ਤੁ ਅਜਾਇਬ ਤੂ "ਅਜਬ ਤੇਰੇ ਤਮਾਸੈ" ਇਕ ਬੈਠਆ ਨੂ ਦੂਧ ਪਿਲਾਵੇ ਇਕ ਨਦੀਏ ਫਿਰਨਿ ਪਿਆਸੇ । ਇਕਨਾ ਉਤੇ ਲਤਾ ਨਹੀ ਇਕ ਅਹਿਰਨ ਮਲ ਮਲ ਖਾਸੇ । ਸੰਤ ਦਾਸ ਪ੍ਰਭ ਤੋ ਬਲਿਹਾਰੀ ਸਭ ਕਿਛ ਪ੍ਰਭ ਕੇ ਪਾਸੇ।...

ਅੰਤ : ਮੁਖ ਤੇ ਆਖਣ ਇਸਕ ਸੁਖਾਲਾ, ਸੇ ਜਾਣਨਿ ਜਿਨੀ ਕਮਾਇਆ । ਅਠ ਪਹਿਰ ਚਿਣਗਾਰੀ ਧੁਖੇ ਜਿਉ ਸੀਖ ਕਬਾਬ ਚੜਾਇਆ । ਬਾਲਿ ਢਾਤਿ ਬੁਝੈ ਤਿਨ ਅੰਦਰ ਆਹੀ ਜਿਉ ਜਲਾਇਆ । ਸੰਤ ਦਾਸ ਇਸਕੇ ਭਲੇਰੀ ਵੇਦਨ ਜਿਉ ਫੁਟੇ ਲੂਣ ਲਗਾਇਆ ॥੪੫॥ ਸੰਪੂਰਨ । ਸੰਮਤ ੧੮੯੪ । ਮਹਿ ਕਤਕ ਪ੍ਰਣਿ ੨੮ ਐਤਵਾਰ ਵਿਚ ਵਟਾਲੇ ਪੁਰੀਆ ਮਹਾਲੈ ॥ ਜੁਵਾਹਰ ਡਿਡੀਪੁਰੀਆ ਦਾ ॥ ਪੁਰੋਹਿਤ ਸ੍ਰੀ ਗੁਰੂ ਨਾਨਕ ਜੀ ਸਹਾ ॥ = ॥ = ॥ = ॥

ਹੱਥ ਲਿਖਤ ਨੰ : MS 180
ਸਿਰਲੇਖ : ਵੇਦਾਂਤ ਸਾਰ ਭਾਖਾ ਟੀਕਾ
ਪੱਤਰੇ : 1-30
ਆਕਾਰ : 21X14 ਸ.ਮ. ਲਿਖਤ: 16X9 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ, ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ 19.

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਤ ਸੁੰਦਰ, ਪੱਤਰਿਆਂ ਦਾ ਰੰਗ ਅਸਮਾਨੀ ਹੈ । ਕਿਤੇ-ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪਤਰਾ ਨੰ 6 ਅ ਤੇ 7 ੳ ਤੇ ਹਾਸ਼ੀਆ ਦੋ-ਦੋ ਲਕੀਰਾਂ, ਖੜ੍ਹੇ ਰੁੱਖ, ਕਾਲੀ ਸਿਆਹੀ ਨਾਲ ।

ਆਰੰਭ : ੧ੴ ਸਤਿਗੁਰੁ ਪ੍ਰਸਾਦਿ ॥ ਓਅੰ ਸ੍ਰੀ ਪਰਮਾਤਮਨੇ ਨਮ: "ਸ੍ਰੀ ਗਣੇਸਾਯੇ ਨਮ:" ਚੌਪਈ ॥ ਨਮਸਕਾਰ ਗਣਪਤਿ ਕੋ ਕਰੋ ॥ ਵਿਘਨ ਨਾਸ ਤਾਂਤੇ ਪਰ ਹਰੋ ॥ ਏਕ ਅਦ੍ਵੈਤ ਅਖੰਡ ਅਪਾਰ ॥ ਤਾ ਕੋ ਨਾਹੀ ਪਾਰਾ ਵਾਰ ॥ ਜਾਂ ਮੈ ਭੇਦਨ ਕੋਊ ਪਈਐ ॥ ਜੀਵ ਈਸ੍ਵਰ ਤਾਂ ਕੋ ਕਹੀਐ ॥ ਨਿਰ ਵਿਕਲਪ ਅਦ੍ਵੈਤ ਅਬਾਹਿ ॥...

ਅੰਤ : ...ਅਤਿਅੰਤ ਜੋਰਥੂਲ ਬੁਧੀ ਹੈ ਸੋ ਪੁਤ੍ਰ ਹੀ ਕੋ ਆਤਮਾ ਮਾਨਤੇ ਹੈ ॥ ਅਪਣੇ ਵਿਖੇ ਪੁਤ੍ਰ ਕਾ ਅਧਿਆਸ ਆਰੋਪਣ ਕਰ ਕੇ ਤਿਸ ਵਿਖੇ ਕਹਤੇ ਹੈ ਆਤਮਾ ਹੀ ਨਿਸਚੈ ਕਰਿ ਪੁਤ੍ਰ ਰੂਪ ਕੋ ਕਰਿ ਜਨਮਤਾਂ ਹੈ ॥ ਤਿਸ ਵਿਖੇ ਯੁਕਤਿ ਭੀ ਕਹਤੇ ਹੈ ॥ ਆਪਣੀ ਨਿਆਈ ਪੁਤ੍ਰ ਵਿਖੇ ਪ੍ਰੇਮ ਦੇਖਣ ਤੇ ਜੈਸੇ ਅਪਣੇ ਵਿਖੇ ਪ੍ਰੇਮ ਹੋਤਾ ਹੈ ਅਪਣੇ ਵਾਸਤੇ ਜੈਸੇ ਸੁਖੋ ਕੋ ਯਤਨ ਕਰੀਤਾ ਹੈ ॥ ਤੈਸੇ ਹੀ ਪੁਤ੍ਰੋ ਕੇ ਸੁਖਵਾਸ ਤੇ ਜਤਨ ਕਰੀਤਾ ਹੈ ॥ ਤਾਂ ਤੇ ਪੁਤ੍ਰ ਹੀ ਆਤਮਾ ਹੈ ॥ ਅਰੁ ਇਸ ਵਿਖੇ ਅਨੁਭਵ ਭੀ ਪ੍ਰਮਾਣ ਹੈ ॥

ਹੱਥ ਲਿਖਤ ਨੰ : MS 181 ਸੰਗ੍ਰਹਿ
ਸਿਰਲੇਖ : ਫਕਰਨਾਮਾ
ਪੱਤਰੇ : 16 ੳ –16 ਅ
ਆਕਾਰ : 13X16 ਸ.ਮ. ਲਿਖਤ: 9X11 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -14
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਕਿਰਮ ਖੁਰਦਾ, ਪੱਤਰੇ ਅਗੇ ਪਿੱਛੇ ਬੱਝੇ ਹਨ । ਪਤਰਾ 18 ਤੋਂ 20 ਤੱਕ ਖਾਲੀ ਹਨ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਫਕਰ ਨਾਮਾ ਸ੍ਰੀ ਗੁਰੂ ਨਾਨਕ ਜੀ ਕਾ ਫਿਕਰ ਹੈ ਕੁਲ ਕਾ ਵਾਲੀ ॥ ਫਕਰ ਕੀ ਬਾਤ ਹੈ ਨਿਰਾਲੀ ॥ ਫਕਰ ਦਿਨ ਰੈਨ ਹੈ ਜਾਗਾ ॥ ਫਕਰ ਤੇ ਫਿਕਰ ਹੈ ਭਾਗਾ ॥...

ਅੰਤ : ... ਲਗੀ ਹੈ ਪ੍ਰੇਮ ਕੀ ਖੁਮਾਰੀ ॥ ਫਕਰ ਕੀ ਰਹਿਤ ਹੈ ਨਿਆਰੀ ॥ ਫਕਰ ਦਰਗਾਹ ਕਾ ਭੇਦੀ ॥ ਨਾਨਕ ਸਾਹ ਕਹੈ ਬੇਦੀ ॥ ਫਰਕਨਾਮਾ ਸੰਪੂਰਨੰ ॥

ਹੱਥ ਲਿਖਤ ਨੰ : MS 181 ਅ
ਸਿਰਲੇਖ : ਬਤੀਸ ਲਖਣ (ਅਧੂਰੀ)
ਪੱਤਰੇ : 16 ਅ –17 ਅ
ਆਕਾਰ : 13X16 ਸ.ਮ. ਲਿਖਤ: 9X16 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਨਹੀਂ ਹੈ (ਅਧੂਰੀ ਹੈ)
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਬਤੀਸ ਲਖਣ ਲਿਖਜਤੇ ॥ ਦੋਹਰਾ ॥ ਗਜਾਨ ਪ੍ਰੀਛਿਆ ਚਾਰ ॥੪॥ ਨਿਰਲੰਬ ੧ ॥ ਨਿਹਭ੍ਰਮ ੨ ॥ ਨਿਰਸ ॥੩॥ ਨਿਹ ਸਬਦ ॥੪॥ ਵੀਚਾਰ ਪ੍ਰੀਛਾ ਚਾਰ ॥੪॥ ਨਿਰਮੋਹ ॥੧॥ ਨਿਰਬੰਧ ॥੨॥...

ਅੰਤ : ... ਈਸਾਨ ਕਥਾ ਇਹ ਜੋ ਭੋਗੋ ਤੇ ਉਪਰਾਮ ਹੋਵਣੇ ਨਮਿਤ ਈਸ੍ਵਰ ਅਵਤਾਰੋ ਕੀਆਂ ਕਥਾ ਸ੍ਰਬਣ ਕਰਨੀਆ ॥੭॥ ਨਿਰੋਧ ਪ੍ਰਲੈ ਚਾਰ ਪ੍ਰਕਾਰ ਕੀ ॥ ਏਕ ਸਗੁਣੀ ਦੂਜੀ ਕੈਵਲਜ ॥ ਦਸਵੋ ਆਸ੍ਰਜ ਤ੍ਰਿਪਟੀ ਤੇ ਰਹਤ ਸਰਬ ਕਾ ਸਾਖੀ.....

ਹੱਥ ਲਿਖਤ ਨੰ : MS 181 ਏ
ਸਿਰਲੇਖ : ਰੂਪ ਦੀਪ ਪਿੰਗਲ ਭਾਖਾ
ਲੇਖਕ : ਜੈ ਕ੍ਰਿਸਨ ਭੁਜੰਗ
ਰਚਨਾ ਕਾਲ: ਸੰਮਤ 1776
ਪੱਤਰੇ : 1 ੳ –15 ੳ
ਆਕਾਰ : 13X16 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ॥ ਸ੍ਰੀ ਗਣੇਸਾਯ ਨਮ :॥ ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰ ਨਾਨਕ ਦੇਵਾਯ ਨਮ:॥ ਅਥ ਰੂਪ ਦੀਪ ਪਿੰਗਲ ਭਾਖਾ ਲਿਖਜਤੇ ॥ ਦੋਹਰਾ ॥ ਸਾਰਦ ਮਾਤਾ ਤੁਮ ਬਰੀ ਸੁਬੁਧਿ ਦੇਹੁ ਦਰਹਾਲ ਪਿੰਗਲ ਕੀ ਛਾਯਾ ਲਿਯੇ ਬਰਨੋ ਬਾਵਨ ਚਾਲ ॥੧॥...

ਅੰਤ : ... ਇਤ ਸ੍ਰੀ ਪਿੰਗਲ ਰੂਪ ਦੀਪ ਪ੍ਰਦੀਪ ਭਾਖਾ ਜੈ ਕ੍ਰਿਸਨ ਭੁਜੰਗ ਕ੍ਰਿਤ ਸਪੂਰਣੰ ॥੧॥ ਦੋ ॥ ਸਾਸਤ੍ਰ ਆਤਮਾ ਭੂਤ ਸਸਿ ਸੰਮਤ ਕਯੋ ਬਖਾਨ ॥ ਨਾਨਕ ਦੇਵ ਸੁ ਜਨਮ ਹੈ ਵਿਸਾਖ ਤ੍ਰਿਤਸ ਸਮਾਨ ॥ ॥ ॥ ॥ ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ॥

ਹੱਥ ਲਿਖਤ ਨੰ : MS 182
ਸਿਰਲੇਖ : ਰਾਜਨੀਤ
ਲੇਖਕ : ਦੇਵੀ ਦਾਸ
ਪੱਤਰੇ : 68 ੳ –106 ੳ
ਆਕਾਰ : 18X11 ਸ.ਮ. ਲਿਖਤ: 15X7 ਸ.ਮ.
ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੱਝੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁੱਖ ਦੋ-ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ, ਸਤਰਾਂ ਪ੍ਰਤੀ ਪੰਨਾ 14.

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਕਿਧਰੇ-ਕਿਧਰੇ ਹਾਸ਼ੀਏ ਵਿਚ ਲਿਖਿਆ ਹੋਇਆ, ਪੋਥੀ ਹੋਰ ਗ੍ਰੰਥ ਵਿਚੋਂ ਵੱਖ ਕੀਤੀ ਹੋਈ ਹੈ ਕਿਓਂਕਿ ਇਸ ਪੋਥੀ ਦਾ ਸ਼ੁਰੂ ਦਾ ਪਤਰਾ ਨੰ 68 ਹੈ ।

ਆਰੰਭ : ॥ ੧ਓ ਸਤਿਗੁਰ ਪ੍ਰਸਾਦਿ ॥ ॥ ਅਥ ਰਾਜਨੀਤ ਕ੍ਰਿਤ ਕਵਿ ਦੇਵੀ ਦਾਸ ਲਿਖਯਤੇ" ॥ ਕਬਿੱਤੁ ॥ ਨਿਤ ਹੀ ਤੇ ਧਰਮ ਧਰਮ ਹੀ ਤੇ ਸ੍ਰੂਬ ਸਿੱਧ ਨੀਤ ਹੀ ਤੇ ਆਦਰ ਸਭਾਨ ਬੀਚ ਪਾਇਯੈ ॥ ਨੀਤ ਸੈ ਅਨੀਤ ਛੂਟੈ ਨੀਤ ਹੀ ਤੈ ਸੁਖ ਲੂਟੇ, ਨੀਤ ਲੀਯੈ ਬੋਲੈ ਭਲੋ ਬਕਤਾ ਕਹਾਈਯੈ ॥ ਨੀਤ ਹੀ ਤੈ ਰਾਜ

ਰਾਜੈ ਨੀਤ ਹੀ ਤੈ ਪਾਤਿਸਾਹੀ ਨੀਤ ਹੀ ਕੋ ਨਵ ਖੰਡ ਮਾਹਿ ਜਸੁ ਗਾਈਯੈ ॥ ਛੋਟਨ ਕੋ ਬਡੇ ਕਰੈ ਬਡੇ ਮਹਾ ਬਡੇ ਕਰੈ ਤੇ ਸਭ ਹੀ ਕੋ ਰਾਜਨੀਤ ਹੀ ਸੁਨਾਈਯੈ ॥੧॥...

ਅੰਤ : ... ਇਤਿ ਸ੍ਰੀ ਦੇਵੀ ਦਾਸ ਕਬਿੱਤ ਕ੍ਰਿਤ ਰਾਜਨੀਤ ਸੰਪੂਰਣੰ ॥ ਅਨਯੋਕਤੁ ॥ ਕਬਿੱਤ ॥ ਚਢਿਹੂੰ ਨ ਚਲਬੇ ਕੇ ਦਲਹੂ ਨ ਹਲਬੇ ਕੇ ਪੈਡਹੂ ਨ ਮਲਬੇ ਕੇ ਨਰ ਕੀ ਨ ਲਾਜ ਕੇ ॥ ਦਰਦ ਨ ਦਰਬੇ ਕੇ ਗਰਜ ਨ ਕਰਬੇ ਕੇ ਸੋਰਜਿ ਨੁ ਧ੍ਰਬੇ ਕੇ ਘਨ ਕੀ ਨ ਗਾਜ ਕੇ ॥ ਦਾਂਨ ਕੇ ਨ ਮਾਨ ਕੇ ਨ ਸਾਹਸ ਨ ਮਾਨੁ ਕੇ ਨ ਮਧਮ ਅਜਾਨੁ ਦੇਖਬੇ ਕੇ ਸਾਜ ਕੇ ॥ ਸੂਕ੍ਰਿਤ ਨ ਕਰਬੇ ਕੇ ਮੁਖ ਕੂਰ ਕਰਬੇ ਕੇ ਆਪੁ ਹੂੰ ਡੁਬਤੁਬੇ ਕੇ ਬੋਰਤ ਸਮਾਜ ਕੇ ॥ ਸੰਪੂਰਨੰ ॥ ਰਾਮ ਜੀ ਸਹਾਇ ॥ ਸੁਧੁ ॥

ਹੱਥ ਲਿਖਤ ਨੰ : MS 183
ਸਿਰਲੇਖ : ਮਹਾਂਭਾਰਤ ਭਾਖਾ
ਲੇਖਕ : ਕ੍ਰਿਸ਼ਨ ਲਾਲ
ਪੱਤਰੇ : 1-261 ਅ + 1–194
ਆਕਾਰ : 23X25 ਸ.ਮ. ਲਿਖਤ: 14X18 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ–16

ਆਮ ਵੇਰਵਾ : ਪੋਥੀ ਖਸਤਾ ਅਤੇ ਕਿਰਮ–ਖੁਰਦਾ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਇਸ ਪੋਥੀ ਵਿਚ ਮਹਾਂਭਾਰਤ ਦੇ ਸੱਤ ਪਰਬ ਹਨ :–

ਰਾਜ ਧਰਮ ਪਰਬ = 1-70
ਸਾਂਤ ਪਰਬ = 71-261
ਅਸ੍ਵਮੇਧ = 1-194
ਵਜਾਸ੍ਰਮ ਪਰਬ
ਮੂਸਲ ਪਰਬ
ਪ੍ਰਸਾਸ਼ਨ ਪਰਬ
ਸ੍ਵਰਗਰੋਹਣ ਪਰਬ

ਆਖਰੀ ਚਾਰ ਪਰਬਾਂ ਦੇ ਪੱਤਰਾ ਅੰਕ ਨਹੀਂ ਦਿਤੇ, ਹਰ ਪਰਬ ਤੋਂ ਬਾਅਦ ਇਕ ਜਾਂ ਦੋ ਪੱਤਰੇ ਖਾਲੀ ਛਡੇ ਹੋਏ ਹਨ ।

ਆਰੰਭ : ੩ੑ ਸ੍ਰੀ ਗਣੇਸਾਯ ਨਮਾ: ॥ ੧ੑ ਸਤਗੁਰ ਪ੍ਰਸਾਦ ॥ ੩ੑ ਸ੍ਰੀ ਰਾਂਮ ਚੰਦ੍ਰਾਯ ਨਮ: ।੩ੑ ਸ੍ਰੀ ਗਣੇਸਾਯ ਨਮਾ: ਅਥ ਰਾਜ ਧਰਮ ਪਰਬ ਲਿਖਜਤੇ ॥ ਦੋਹਰਾ ॥ ਗਣ ਨਾਇਕ ਦਾਇਕ ਸੁਮਤ ਸਕਲ ਗੁਨਨ ਕੇ ਧਾਮ ॥ ਤਾਂਕੇ ਜੁਗ ਪਦ ਕਮਲ ਕੋ ਕਰੋ ਸਪ੍ਰੇਮ ਪ੍ਰਣਾਮ ॥੧॥...

ਅੰਤ : ... ਦੋਹਰਾ ॥ ਕ੍ਰਿਸਨ ਲਾਲ ਭਾਖਾ ਕਰੀ ਸੁਨੀਓ ਸੰਤ ਸੁਜਾਂਨ ॥ ਪੜਤੇ ਸੁਨਤੇ ਹੋਇ ਜਸੁ ਪਾਵੈ ਪਦੁ ਨਿਰਬਾਨ ॥ ੧●੧ ॥ ਕ੍ਰਿਸਨ ਲਾਲ ਭਾਖਾ ਕਰੀ ਜੈਸੀ ਬੁਧ ਜੇ ਗਿਆਨ ॥ ਗੁਨ ਜਨ ਸੋ

ਬਿਨਤੀ ਕਰੋ ਕਰਹੁ ਨ ਹਾਸ ਮਹਾਨ ॥ ੧●੨ ॥ ਪੈ ਇਕ ਨਿਸਚਾ ਮੋਹਿ ਮਨ ਪ੍ਰੇਮ ਪੂਰ ਜਨ ਜੋਇ ॥ ਤਾ ਕੋ ਸੁਖਦਾਇਕ ਕਥਾ ਹਰਸਨ ਮਿਲੀ ਜੁ ਹੋਇ ॥ ੧●੩ ॥ ਮਹਾਭਾਰਥ ਪੂਰਣ ਭਯੋ ਭਾਖਾ ਕਰੀ ਬਨਾਇ ॥ ਕ੍ਰਿਸਨ ਲਾਲ ਕੀ ਬੇਨਤੀ ਹਰਜਨ ਦਾਸ ਜਨਾਇ ॥ ੧●੪ ॥ ਇਤਿ ਸ੍ਰੀਹ ਭਾਰਥ ਪੁਰਾਣੇ ਸ੍ਵਰਗਾ ਰੋਹਣ ਪਰਬਣੇ ਕ੍ਰਿਸ੍ਨ ਲਾਲ ਕ੍ਰਿਤ ਭਾਖਾਯਾ ਨਾਂਮ ਅਸ੍ਰਦਸ ਪਰਬ ਸੰਪੂਰਣੰ॥ ॥ ੧੮॥

ਹੱਥ ਲਿਖਤ ਨੰ : MS 184
ਸਿਰਲੇਖ : ਸਿੰਗਾਰ ਰਸ ਮਾਧੁਰੀ
ਲੇਖਕ : ਕਵੀ ਲਾਲ
ਰਚਨਾ ਕਾਲ: ਸੰਮਤ 1875
ਸਥਾਨ : ਅੰਮ੍ਰਿਤਸਰ
ਪੱਤਰੇ : 1 ਅ–81 ਅ
ਆਕਾਰ : 19X13.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚਕਾਰ ਇਕ ਪੀਲੀ ਮੋਟੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ–19.

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਲਿਖਾਈ ਸੁੰਦਰ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਪੋਥੀ ਭਿੱਜੀ ਹੋਣ ਕਾਰਣ ਸਿਆਹੀ ਫੈਲੀ ਹੋਈ, ਸ਼ੁਰੂ ਵਿਚ ਅਤੇ ਅੰਤ ਤੇ ਦੋ ਦੋ ਪੱਤਰੇ ਭੁਰੇ ਹੋਏ ਹਨ।

ਆਰੰਭ : ॥ ੧ਓ ਸ੍ਰੀ ਗਣੇਸਾਯ ਨਮ: ॥ ਅਥ ਸਿੰਗਾਰ ਰਸ ਮਾਧੁਰੀ ਕ੍ਰਿਤ ਕਵਿ ਲਾਲ ਲਿੱਖਸਤੇ ॥ ਛੱਪੈ ॥ ਬਿਘਨ ਹਰਨ ਸੁਖ ਕਰਨ ਨਾਮ ਉਚਰਨ ਸੁਭ ਬਿਤਰਨ ॥ ਕੰਜ ਬਰਨ ਜੁਗ ਚਰਨ ਸਰਨ ਨਰ ਸੰਕਟ ਉਤਰਨ ॥ ਮਦ ਮਤੰਗ ਅਮੋਦ ਮਧੁਰ ਮੋਦਕ ਕਰ ਮੰਡਿਤ ॥ ਮਨ ਮੋਦਕ ਬਹੁ ਸੁੰਡ ਤੁੰਡ ਤੰਡਵ ਬਿਧਿ ਪੰਡਿਤ ॥ ਹੇ ਰੰਬ ਇਕ ਅਵਿਲੰਬ ਜਗ ਦੁਖ ਕਦੰਬ ਤੰਬਿਯ ਕਰਨ ॥ ਜਯ ਇੱਕ ਦੰਤ ਮਤਿ ਵੰਡ ਬਰ ਚੰਦ ਭਲ ਭਯਉ ਧਰਨ ॥੧॥...

ਅੰਤ : ... ਇਤਿ ਸ੍ਰੀ ਮਤ ਮਹਾਰਾਜਾ ਧਿਰਾਜ ਸ੍ਰੀ ਰਾਵ ਰਾਜਿੰਦ੍ਰ ਸ੍ਰੀ ਬੁਧ ਸਿੰਘ ਜੀ ਦੇਵਾ ਗੁਪਤ ਕਵਿ ਗੋਬਿਦ ਚੂੜਾਮਣਿ ਸਕਲ ਕਲਾ ਨਿਧੀ ਸ੍ਰੀ ਕ੍ਰਿਸ੍ਨ ਭੱਟ ਦੇਵ ਰਿਧਿੰ ਬਿਰਚਿਤਾਯ: ਸਿੰਗਾਰ ਰਸ ਮਾਧੁਰੀ ਯੰਾਖੋੜਸ ਅੱਸ੍ਵਾਦ: ॥ ॥ ॥ ਦੋਹਾ ॥ ਸੰਬਤ ਸਰ ਸਿਰ ਸਰਪ ਸਸਿ ਸੁਧਾ ਸਰੋਵਰ ਤੀਰ ॥ ਲੇਖਕ ਸਸਿਜ ਮ੍ਰਿਗੇਸ ਹੈ ਲਿਪਤਿ ਕਰੀ ਸਠਧੀਰ ॥੧॥...

ਹੱਥ ਲਿਖਤ ਨੰ : MS 185
ਸਿਰਲੇਖ : ਸ੍ਰੀ ਗੁਰੂ ਚਰਿਤ੍ਰ ਚੰਦ੍ਰਿਕਾ (ਕਵਿਤਾ)
ਲੇਖਕ : ਹਰਭਜਨ ਸਿੰਘ, ਸੰਤ ਕਵੀ
ਲਿਖਾਰੀ : ਆਸਾ ਸਿੰਘ, ਮਜੀਠਾ ਵਾਸੀ
ਲਿਪੀ ਕਾਲ : ਸੰਨ 1955 ਰਚਨਾ ਕਾਲ: ਸੰਨ 1898

ਸਥਾਨ : ਪੁਸਕਰ (ਅਜਮੇਰ)
ਪੱਤਰੇ : 1- 289
ਆਕਾਰ : 25X16 ਸ.ਮ. ਲਿਖਤ: 18.5X12 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਦੁਪਾਸੀਂ ਖੜ੍ਹੇ ਰੁੱਖ ਇਕ ਨੀਲੀ ਲਕੀਰ ਅਗੇ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-15

ਆਮ ਵੇਰਵਾ : ਪਹਿਲੇ ਪੱਤਰੇ ਨੂੰ ਚੁਪਾਸੀਂ ਹਾਸ਼ੀਆ ਦੇ ਕੇ ਸਜਾਇਆ ਹੋਇਆ ਹੈ, ਕਿਤੇ ਕਿਤੇ ਕਿਰਮ ਖੁਰਦਾ

ਆਰੰਭ : ॥ ੧ਓ ਸਤਿ ਨਾਮ ਕਰਤਾ ਪੁਰਖ ਗੁਰ ਪ੍ਰਸਾਦਿ ॥ ਅਥ ਸ੍ਰੀ ਗੁਰੂ ਚਰਿਤ੍ਰ ਚੰਦ੍ਰਿਕਾ ਗ੍ਰੰਥ ਕ੍ਰਿਤਯ ਸੰਤ ਕਵਿ ਹਰਿਭਜਨ ਸਿੰਘ ਜੀ ॥ ਦੋਹਰਾ ॥ ਗੁਰੁ ਗਜ ਮੁਖ ਵਰ ਸਾਰਦਾ ਬੰਦੋ ਪਦ ਅਰਵਿੰਦ ॥ ਗੁਮੈ ਵਿਘਨ ਕਰ ਵਿਮਲ ਮਤ ਮਾਨਨੀਯ ਸੁਰਬ੍ਰਿੰਦ ॥੧॥ ਮਤ ਗਇੰਦ ਛੰਦ ॥ ਅੰਧ ਕੁਵਾਚਕ ਆਹਿ ਗਕਾਰ ਰਕਾਰ ਵਿਰੋਧਕ ਤਾਂਹ ਪਛਾਨੋ ॥ ਦੋਨਨ ਕੋ ਪਦ ਏਕ ਭਯੋ ਸੁ ਲਿਖੋ ਗੁਰਵੇਦ ਵਿਖੇ ਮਨ ਮਾਂਨੋ ॥ ਮੰਡਿਲਕਾਰ ਅਖੰਡ ਚਰਾਚਰ ਵਯਾਪਕ ਤਤ੍ਵ ਜਿਨੇ ਦਰਸਾਂਨੋ ॥ ਗੁਰ ਨਾਨਕ ਗਯਾਨ ਪ੍ਰਕਾਸ਼ਕ ਕੇ ਪਦ ਮਾਂਹਿ ਨਮੋ ਮਮ ਜਾਨੋ ॥੨॥...

ਅੰਤ : ... ਆਸਾ ਸਿੰਘ ਮਜੀਠੇ ਵਾਸੀ ॥ ਭਾਗਾ ਸੀਲ ਗੁਰ ਭਕਿਤ ਪ੍ਰਕਾਸੀ ॥ ਕੀਨ ਦ੍ਰਵਯ ਸੇਵਾ ਮਨਸਾਈ ॥ ਸੰਤਨ ਸੰਗ ਪ੍ਰੀਤ ਪ੍ਰਗਟਾਈ ॥ ੮੩੩ ॥ ਦੋਹਾ ॥ ਸੰਤ ਸੁ ਪੰਡਿਤ ਪਰਮ ਸਿੰਘ ਨਰੋਤਮ ਜਾਂਨਾ ॥ ਵਹਿ ਬੈਠਕ ਵਹਿ ਦ੍ਰਬਯ ਸੋ ਬਨਵਾਈ ਹਿਤ ਠਾਂਨਾ ॥ ੮੩੪ ॥ ਚੌ: ॥ ਤਾਂ ਮੋ ਗ੍ਰੰਥ ਸਮਾਪਤ ਕੀਨੋ ॥ ਵਿਕ੍ਰਮ ਭੂਪਤਿ ਸੰਬਤ ਚੀਨੋ ॥ ਉਨੀ ਸਤ ਪਚਪਨ ਉਰਧਾਰ ॥ ਕ੍ਰਿਸਨ ਪਖ ਫਾਗੁਨ ਬੁਧਵਾਰ ॥ ੮੩੫ ॥ ਤਿਥਿ ਇਕਾਦਸ਼ ਜਾਨੋ ਸਾਰ ॥ ਅਲੰ ਗ੍ਰੰਥ ਕੋ ਸਮਾ ਵਿਚਾਰ ॥ ਪ੍ਰਾਤਹਿ ਕਾਲ ਹੀਏ ਮੋ ਧਾਰ ॥ ਪੜੋ ਗੁਨੀਜਨ ਭੂਲ ਸੁਧਾਰ ॥ ੮੩੬ ॥ ਇਤਿ ਸ੍ਰੀ ਮੌਲ ਮ੍ਰਿਗ ਰਾਜ ਸਾਸਿ ਹਰਿ ਪਦ ਪਦਮ ਅਨੁਚਰ ਸੰਤ ਹਰਿਭਜਨ ਸਿੰਘ ਵਿਰਚਤੇ ਸ੍ਰੀ ਗੁਰੂ ਚਰਿਤ੍ਰ ਚੰਦ੍ਰਕਾ ਨਾਮ ਗ੍ਰੰਥੇ ਦਸਮ ਗੁਰੂ ਚਰਿਤ੍ਰ ਵਰਨੰਨ ਨਾਮ ਦਸਮੋ ਵਿਸ੍ਰਾਮ: ॥ ੧● ॥

ਹੱਥ ਲਿਖਤ ਨੰ : MS 189 ਸੰਗ੍ਰਹਿ
ਸਿਰਲੇਖ : ਸਿਧਾਂਤ ਕਟਾਖ ਗ੍ਰੰਥ
ਪੱਤਰੇ : 1- 140 ਅ
ਆਕਾਰ : 12X17 ਸ.ਮ. ਲਿਖਤ: 8X11.5 ਸ.ਮ.

ਵੇਰਵਾ : ਜਿਲਦ ਗੱਤਾ ਰੈਕਸਿਨ ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-7

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ, ਕਿਰਮ ਖੁਰਦਾ, ਲੈਮੀਨੇਸ਼ਨ ਕੀਤੀ ਹੋਈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ।

ਆਰੰਭ : ॥ ੧ੴ ਸਤਿਗੁਰ ਪ੍ਰਸਾਦਿ ॥ ॥ ਸਿਧਾਤ ਕਟਾਖ ਗ੍ਰੰਥ ਲਿਖਤੇ ॥ ਕੇ ਵਿਦੇਹ ਮੁਕਤਿ ਸਭ ਕੋਈ ਹੈ ਅਰ ਜੀਵਨ ਮੁਕਤ ਕੋਈ ਕੋਈ ਹੈ ॥ ਤਾਤਪਰਜੁ ਇਹੁ ॥ ਕੇ ਜੀਵਨ ਮੁਕਤ ਬ੍ਰਮਾਕਾਰ ਬ੍ਰਿਤ ਕਾ ਨਾਮ ਹੈ ॥ ਸੋ ਕਿਸੀ ਜਾਗਾ ਉਦੇ ਹੋਤੀ ਹੈ ॥ ਈਸ੍ਵਰ ਕੀ ਕ੍ਰਿਪਾ ਅਰ ਬਡੋ ਪੁੰਨੋ ਕੇ ਏਕਠੇ ਹੂਏ ਤੇ ॥ ਅਰ ਵਿਦੇਹ ਮੁਕਤ ਨਾਮੁ ਆਤਮ ਕਾ ਹੈ ॥ ਸੋ ਐਸਾ ਪਦਾਰਥੁ ਕੋਈ ਨਹੀ ਜੋ ਆਤਮ ਸਤਾ ਤੇ ਭਿੰਨ ਹੋਵੈ ॥ ਇਸੀ ਤੇ ਕਹਾ ਹੈ ਵਿਦੇਹ ਮੁਕਤ ਸਭੀ ਹੈ ॥੧॥…

ਅੰਤ : ... ਅਵਰ ਕਹਤੇ ਹੈ ॥ ॥ ਕਿ ਸੰਪੂਰਨ ਪਦਾਰਾ ਤ੍ਰੈ ਕਾ ਰੂਪ ਏਕ ਹੈ ॥ ਅਰ ਕਲਪਨਾ ਭਿੰਨ ਭਿੰਨ ਹੈ ॥ ਜੈਸੇ ਜਲ ਕੇ ਤਰੰਗੋ ਕਾ ਨਿਸਚ ਭਿੰਨ ਭਿੰਨ ਹੋਵੇ ਅਰ ਸਰੂਪ ਕਾ ਭੇਦ ਨਹੀ ਹੋਤਾ ਜੋ ਜਲ ਰੂਪ ਹੈ ॥ ੧੪੩ ॥ ॥ ਪੋਥੀ ਪੂਰੀ ਹੋਈ ਸਿਧਾਤਿ ਕਟਾਛ ਕੀ ॥

ਹੱਥ ਲਿਖਤ ਨੰ : MS 189 ਅ
ਸਿਰਲੇਖ : ਰੂਪ ਦੀਪ ਪਿੰਗਲ
ਲੇਖਕ : ਜੈ ਕ੍ਰਿਸ਼ਨ ਦਾਸ ਭੋਜ
ਸਮਾਂ : ਸੰਮਤ 1773 (ਰਚਨਾ ਕਾਲ)
ਪੱਤਰੇ : 1- 15 ਅ
ਆਕਾਰ : 12X17 ਸ.ਮ. ਲਿਖਤ: 8X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ॥ ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਸਰਸ੍ਵਤੇਯੇ ਨਮ: ॥ ਅਥ ਰੂਪ ਦੀਪ ਪਿੰਗਲ ਜੈ ਕ੍ਰਿਸਨ ਦਾਸ ਭੋਜ ਕੀ ਭਾਖਾ ਲਿਖਜਤੇ ॥ ਦੋਹਰਾ ॥ ਸਾਰਦਿ ਮਾਤਾ ਤੁਮਬਰੀ ਸੁਬੁਧਿ ਦੇਹੁ ਦਰਹਾਲ ॥ ਪਿੰਗਲ ਕੀ ਛਾਯਾ ਲਿਯੇ ਬਰਨੋ ਬਾਵਨ ਚਾਲ ॥੧॥…

ਅੰਤ : … ਚੋ:॥ ਬਾਵਨ ਵਰਨੀ ਚਾਲ ਸਭ ਜੈਸੀ ਮੋ ਮੈ ਬੁੱਧਿ ॥ ਭੂਲ ਭੇਦ ਜਾਕੋ ਕਰਜੋ ਕਰੋ ਕਬੀਸੁਰ ਸੁਧ ॥ ੩ ॥ ਦੋ:॥ਸੰਮਤ ਸੱਤ੍ਰਾ ਸੈ ਬਰਖ ਔਰ ਤਿਹੱਤ੍ਰ ਪਾਇ ॥ ਭਾਦ੍ਰੋ ਸੁਦਿ ਦੁਤੀਆ ਗੁਰੂ ਭਯੋ ਗ੍ਰੰਥ ਸੁਖ ਦਾਇ ॥ ੪ ॥ ਇਤਿ ਸ੍ਰੀ ਪਿੰਗਲ ॥ = ॥ ਸੰਪੂਰਨੰ ਭਇਆ ॥ ਭੂਲ ਚੁਕ ਵਿਚਾਰਨੀ ॥ = ॥ = ॥ = ॥ = ॥

ਹੱਥ ਲਿਖਤ ਨੰ : MS 189 ਏ
ਸਿਰਲੇਖ : ਮੂਰਖ ਸਤਕ ਭਾਖਾ
ਲੇਖਕ : ਪ੍ਰੇਮ ਹਰੀ
ਪੱਤਰੇ : 15 ਅ - 20
ਆਕਾਰ : 12X17 ਸ.ਮ. ਲਿਖਤ: 8X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ॥ ੧ੴ ਸਤਿਗੁਰ ਪ੍ਰਸਾਦਿ ॥ ਸ੍ਵਸ੍ਤਿ ਸ੍ਰੀ ਗਣੇਸਾਯ ਨਮ: ॥ ਅਥ ਮੂਰਖ ਸਤਕ ਭਾਖਾ ਲਿਖਜਤੇ ॥ ਦੋਹਰਾ ॥ ਗਣਪਤਿ ਗੁਰੁ ਗਿਰਿਜਾ ਪਤੀ ਗਿਰਾ ਪਤੀ ਸੁਕ ਵਜ਼ਾਸ ॥ ਮੂਰਖ ਸ੍ਰਤ ਭਾਖਾ ਕਰੋ ਕੀਜੇ ਸੁਮਤਿ ਪ੍ਰਕਾਸ ॥ ੧ ॥…

ਅੰਤ : … ਦੋਹਰਾ ॥ ਏਕ ਏਕ ਜਾਕੇ ਵਿਖੇ ਸੋ ਸੋ ਮੂਰਖ ਜਾਨ ॥ ਜੋ ਵਿਸਰਾਏ ਰਾਮ ਪਦ ਸੋ ਮੂਰਖ ਰਾਜਾਨ ॥ ੩੧ ॥ ਸੁ ਰਾਜੇ ਮਨ ਜਾਨਿਓ ਗਯੋ ਯੁਗਲ ਕੇ ਮਾਹਿ ॥ ਤਾਂ ਤੇ ਹੌ ਮੂਰਖ ਭਯੋ ਯਾ ਮੈ

ਸੰਸਾ ਨਾਹਿ ॥ ੩੨ ॥ ਇਤਿ ਸ੍ਰੀ ਮੂਰਖ ਸਤਕ ਕੀ ਭਾਖਾ ਲਿਖੀ ਵਿਚਾਰ ॥ ਪ੍ਰੇਮ ਹਰੀ ਨਿਜ ਸੁਮਤਿ ਕਰ ਕਵਿ ਜਨ ਲੇਹੁ ਸੁਧਾਰ ॥ ੩੩ ॥ ਸੰਪੂਰਨੰ ।

ਹੱਥ ਲਿਖਤ ਨੰ : MS 190
ਸਿਰਲੇਖ : ਕੁਚ ਕਲਿਤ ਲਲਿਤ ਕੰਠਾ
ਲੇਖਕ : ਹਰਿਚਰਨਾ
ਪੱਤਰੇ : 1 – 20
ਆਕਾਰ : 12X17 ਸ.ਮ. ਲਿਖਤ: 13X10 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ਪੱਕੀ ਬਝੀ ਹੋਈ । ਸਤਰਾਂ ਪ੍ਰਤੀ ਪੰਨਾ 6 ਤੇ 7 ਹੈ । ਪੋਥੀ ਖੜ੍ਹੇ ਰੁਖ ਹੈ ।
ਆਮ ਵੇਰਵਾ : ਲਿਖਤ ਸੁੰਦਰ ਹੈ । ਬਗੈਰ ਹਾਸ਼ੀਏ ਤੋਂ ਹੈ । ਪੋਥੀ ਕਾਲੀ ਸਿਆਹੀ ਨਾਲ ਲਿਖੀ ਗਈ ਹੈ । ਇਹ ਪੋਥੀ ਸ਼ਿੰਗਾਰ ਰਸ ਭਰਪੂਰ ਹੈ । ਦੋਹੇ 101 ਹਨ । ਕਾਗਜ਼ ਦੀ ਹਾਲਤ ਬਹੁਤ ਚੰਗੀ ਨਹੀ । 18 ਨੰ. ਤਕ ਗਿਣਤੀ ਅੰਕਿਤ ਹੈ 2 ਤੇ ਨੰ. ਨਹੀਂ ਲਗਾਇਆ ।
ਆਰੰਭ : ਕੁਚ ॥ ਕਲਿਤ ਲਲਿਤ ਕੰਠਾ ਭਰਣ ਲਿਖਅਤੇ । ਕ੍ਰਿਤ ਹਰਿਚਰਣ ।...
ਅੰਤ : ... ਅਜ ਅਬਨਾਸੀ ਅਨਖ ਲਖ ਕੁਚ ਹਰਿਚਰਨ ਮਨਾਇ ਕਹਾਂ ਕਹੋ ਮੈ ਸਤੁਤਿ ਇਨ ਚਤੁ ਮੁਖ ਸਕੈ ਨ ਗਾਇ ॥ ੨●੨ ॥ ਇਤੀ ॥

ਹੱਥ ਲਿਖਤ ਨੰ : MS 191 ਸੰਗ੍ਰਹਿ
ਸਿਰਲੇਖ : ਨਿਰੰਕਾਰ ਫਕਰਨਾਮਾ
ਪੱਤਰੇ : 1 – 4 ੳ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨੀ ਹੋਈ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 6
ਆਮ ਵੇਰਵਾ : ਸ਼ੁਰੂ ਵਿਚ ਅਤੇ ਅੰਤ ਤੇ ਤਿੰਨ ਤਿੰਨ ਪੱਤਰੇ ਖਾਲੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਰਾਗ ਤਿਲੰਗ ਮਹਲਾ ॥ ੧ ॥ ਨਿਰੰਕਾਰ ਫਕਰਨਾਮਾ ਫਕਰ ਨਾਮੁ ਹੈ ਫਿਰਿ [ਫਿਕਰ]॥ ਫਕਰੁ ਹੈ ਕੁਲ ਕਾ ਵਾਲੀ ॥ ਫਕਰਿ ਕੀ ਬਾਤ ਹੈ ਨਿਰਾਲੀ ॥ ਫਕਰ ਮਨ ਚੈਨੁ ਹੈ ਆਇਆ ॥ ਫਕਰਿ ਮਨ ਪ੍ਰੇਮ ਹੈ ਭਾਇਆ ॥...
ਅੰਤ : ... ਫਕਰੁ ਹੈ ਸਬਰ ਸਬੂਰੀ ॥ ਨਹੀ ਵਾਹਿਦਿ ਹਜੂਰੀ ॥ ਫਕਰਿ ਕੀ ਰਹਿਤ ਹੈ ਨਿਆਰੀ ॥ ਕਿ ਲਾਗਾ ਪ੍ਰੇਮ ਮੁਰਾਰੀ ॥ ਫਕਰ ਦਰਿਗਾਹ ਕਾ ਭੇਦੀ ॥ ਕਹੈ ਨਾਨਕ ਸਾਹੁ ਬੇਦੀ ॥ ਫਕਰ ਨਾਮ ਸੰਪੂਰਨ ਹੋਇਆ ॥ ੫ ॥ ੧ ॥

ਹੱਥ ਲਿਖਤ ਨੰ : MS 191 ਅ
ਸਿਰਲੇਖ : ਰੂਈ ਕਪਾਸ ਕਾ ਵਿਚਾਰ
ਪੱਤਰੇ : 4 ਅ - 6 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਓਅੰ ਗੋਰਖ ਵਾਕ ਓਅੰ ਸਿਧ ਰੂਈ ਕਪਾਸ ਕਾ ਦੇਉ ਬਿਚਾਰੁ ॥ ਨਹੀ ਪੇਉਵਦ ਧਾਰ ॥ ਧਰੋਉ ਉਤਾਰ ॥ ਬਾਵਾ ਬੋਲਿਆ ਸਤਿਗੁਰ ਕੇ ਘਰਿ ਤੇ ਪਾਇਆ ਇਕ ਬੀਆ ॥

ਸੋ ਬੀਆ ਨਾਰਦ ਕੋ ਦੀਆ ॥ ਨਾਰਦ ਨੈ ਬੋਇਆ ਪਾਰਬਤੀ ਨੈ ਸੀਚਾ ॥ ਫੂਲ ਪਾਨ ਭੋਗਲਿ ਭੈਇਆ॥…

ਅੰਤ : … ਨਾਰਦ ਨੇ ਸਿਮਰਨਿ ਰਜ ਘੁੰਗਰੂ ਬਨਾਇਆ ॥ ਲੈ ਇਸ ਨਿਕਾਦਕਾ ਕੋ ਪਹਿਨਾਇਆ ॥ ਓਅੰ ਰਾਜਾ ਪ੍ਰਜਾ ਗੰਧ੍ਰਪ ਕਾ ਸਿੰਛ ਰੂੰਈ ਕਪਾਸ ਕਾ ਝਾੜਾ ਗੋਰਖ ਨੈ ਪੂਛਿਆ ॥ ਬਾਵੇ ਨੈ ਕਹਿਆ ਬਿਨ ਸਤਿਗੁਰ ਭੇਦ ਕਿਨੇ ਨਾ ਲਹਿਆ ॥੫॥

ਹੱਥ ਲਿਖਤ ਨੰ : MS 191 ਏ
ਸਿਰਲੇਖ : ਮਾੜ੍ਹਾ ਸਾਹਿ ਸਰਫ ਤੇ ਬਾਬੇ ਨਾਨਕ ਕੀ
ਪੱਤਰੇ : 6 ਅ - 13 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ ਓਅੰ ਮਾੜ੍ਹਾ ਸਹਿ ਸਰਫਿ ਤੈ ਬਾਬੇ ਨਾਨਕ ਕੀਤੀ ॥ ਜਬ ਸਾਹਿ ਸਰਫ ਬੋਲਿਆ ਉਦਵੰਤ ॥ ਤਾ ਬਾਬਾ ਨਾਨਕ ਬੋਲਿਆ ਖੁਦਿਵੰਤ ॥ ਤਬ ਸਾਹਿ ਸਰਫਿ ਬੋਲਿਆ ਕਿਆ ਮਨ ਮਨੀ ॥ ਤਾ ਬਾਬਾ ਨਾਨਕ ਬੋਲਿਆ ਮਨ ਸੋ ਮਨੀ ॥…
ਅੰਤ : … ਸਿਖ ਕਰੰਤੀ ਬਾਰ ਤਿਲਕ ਦੇ ਮੰਤ੍ਰ ਸੁਨਾਇਓ ॥ ਤਿਲਕ ਕੀਜੈ ਸੁਭਾ ਅੰਨੰਤਿ ਤਿਲਕੁਨਿ ਨਿਦਤ ਹੀ ਨ ਜਨਾ । ਤਤਾ ਬੇਤਾ ਤਿਹ ਲੋਕ ਮੈ ਨਾਨਕਿ ਮੁਡ ਭੁੰਡ ਤਿਲਕ ਕੇ ਬਿਨਾ ॥੫॥

ਹੱਥ ਲਿਖਤ ਨੰ : MS 191 ਸ
ਸਿਰਲੇਖ : ਨਸੀਹਤਿ ਨਾਮਾ
ਪੱਤਰੇ : 13 ਅ - 15 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗ ਤਿਲੰਗ ਨਸਹਤਿ ਨਾਮਾ ਮਹਲਾ ॥ ੧ ॥ ਹਾਜਰਾ ਕਉ ਮੇਹਰ ਹੈ। ਬਿਹਾਜਰਾ ਕਉ ਬਿਮਹਰ ਹੈ ॥ ਈਮਾਨ ਦੋਸਤ ਹੈ ਬੇਈਮਾਨ ਕੁਫਰ ਹੈ ॥ ਤਕਬੀਰ ਕਹੁਰ ਹੈ ਗੁਸਾ ਹਰਾਮ ਹੈ ॥ ਨਫਲੁ ਸੈਤਾਨ ਹੈ ਗੁਮਾਨ ਲਾਨਤ ਹੈ ॥ ਪਸਗੈਬਤਿ ਕਾ ਮੁਕਾਲਾ ਹੈ ॥ ਬੇਈਮਾਨ ਨਪਾਕ ਹੈ ॥…
ਅੰਤ : … ਯਾਰੀ ਪਲੀਤੀ ਹੈ ਬਾਲ ਬਲੇਲ ਹੈ ॥ ਫਕੀਰੀ ਸਬੂਰੀ ਹੈ ਨਾਸਬੂਰੀ ਮਕਰੂ ਹੈ ॥ ਦੁਆਇ ਦੌਲਤਿ ਹੈ ਬਦੁਆਇ ਕਹਰ ਹੈ ॥ ਰਾਹ ਪੀਰ ਬੇਰਾਹੁ ਬੇਪੀਰੁ ਹੈ ॥ ਤੇਰਾ ਮੁਦਾ ਅਦਲ ਪਾਤਿਸਾਹਾ ਹੈ ਏਤੇ ਟੋਲ ਕੋ ਜਾਣਿ ਜਣਾਵੈ ਨਾਨਕ ਦਾਨਸਬੰਦ ਕਹਾਵੈ ॥ ੧ ॥ ੪ ॥

ਹੱਥ ਲਿਖਤ ਨੰ : MS 191 ਹ
ਸਿਰਲੇਖ : ਪਾਕਨਾਮਾ
ਪੱਤਰੇ : 15 ਅ - 19 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਆਖਰੀ ਦੋ ਅਸ਼ਟਪਦੀਆਂ ਨੂੰ 8 ਅੰਕ ਦਿਤਾ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਤਿਲੰਗ ਮਹਲਾ ॥ ੧ ॥ ਅਸਟਪਦੀ ॥ ਪਾਕਨਾਮਾ ॥ ਈਮਾਨੁ ਕੁਰਾਨੁ ਕਰ ਜਤਨ ਕੀ ਜਿਲਦ ਕਰ ਰਹਮਿ ਕੀ ਰਿਹਲ ਸਿਉ ਇਉ ਪੜੀਜੈ ॥ ਸਾਚ ਗਿਰਦਾਨੁ ਦਿਲੈ ਜੁਰ ਦਾਨਿ ਮਹਿ ਤੋ ਈਮਾਨ ਕਬਹੂ ਨ ਛੀਜੈ ॥ ਬਗੋਰੇ ਕਾਜੀ ਪਾਕ ਹੈ ਨਾਮਾ ॥ ਕੁਫਰ ਕਾ ਕੁੜਤਾ ਦਿਲੈ ਤੇ ਦੂਰ ਕਰ ਸਚ ਕਾ ਅੰਗ ਪਹਿਰ ਜਾਮਾ ॥ ੧ ॥...

ਅੰਤ : ... ਬਦਿ ਖੁਆਰੀ ਬਦਿ ਅਮਿਲੀ ਦਿਲੈ ਸਿਉ ਦੂਰਿ ਦਿਲ ਆਪਨਾ ਬੰਧਿ ਨ ਛੋਡਿ ਖੁਲਾ ॥ ਅਹਿਲ ਦਿਲੁ ਹੋਇ ਰਹੁ ਬੁਰਾ ਨਾ ਕਿਸੇ ਕਹੁ ਹੋਇ ਨਿਹਕਰਮ ਪੜਹਿ ਕਬੂਲਾ ॥ ੮ ॥ ਸਚ ਹੈ ਕਲਮਾ ਪਾਕ ਹੈ ਮੌਲਾ ਏਕੋ ਨਾਮ ਜੁਗ ਜੁਗ ਮੁਕਾਮਾ ॥ ਗੁਫਤ ਨਾਨਕ ਸੁਨਹੁ ਰੇ ਕਾਜੀ ਤਜੁਹੁ ਝੂਠ ਸਚ ਹੈ ਨਾਮਾ ॥ ੮ ॥ ੧ ॥ ੫ ॥

ਹੱਥ ਲਿਖਤ ਨੰ : MS 191 ਕ
ਸਿਰਲੇਖ : ਹਮਨਿ ਆਸਕ ਦਿਵਾਨੇ ਹੈ ॥
ਪੱਤਰੇ : 19 ਅ - 22 ਓ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਹਮਨਿ ਆਸਕ ਦਿਵਾਨੇ ਹੈ ॥ ਹਮਨ ਕੌ ਦੌਲਤ ਕਿਆ ਰੇ ॥ ਜੇ ਕਉ ਸਬਦ ਸਿਆਨੇ ਹੈ ॥ ਉਨ ਕਉ ਖਲਕਿਤ ਮਾਨੇ ਹੈ ॥ ਹਮਨਿ ਕਉ ਇਜਤ ਕਿਆ ਰੇ ॥ ਨਹੀ ਕਛੁ ਮਾਲ ਕੀ ਪਰਿਵਾਹੁ ॥...

ਅੰਤ : ... ਨਾਨਕ ਬੁਗੋਏ ਬੇਨਤੀ ਸੁਨਤੇ ਸੁਨੋ ਸਭਿ ਧਰ ਕਾਨ ॥ ਦੁਨੀਯਾ ਕਉ ਚਾਹਤੇ ਹੈ ਸੋ ਸਾਹਿਬ ਸੌ ਨਹੀ ਰਾਤੇ ॥ ਹਮਨ ਹੈ ਇਸਕੇ ਕੇ ਮਾਤੇ ਹਮ ਕੌ ਦਉਲਤਿ ਕਿਆ ਰੇ ॥ ੧ ॥ = ॥ = ॥ = ॥

ਹੱਥ ਲਿਖਤ ਨੰ : MS 191 ਖ
ਸਿਰਲੇਖ : ਆਰਤੀ ਗੁਰੂ ਨਾਨਕ
ਲੇਖਕ : ਬਾਬਾ ਸ੍ਰੀ ਚੰਦ
ਪੱਤਰੇ : 22 ਅ - 28 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਵਿਚ ਦੋ ਆਰਤੀਆਂ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਚੰਦ ਬਖਾਣੇ ਗੁਰੂ ਨਾਨਕ ਪੂਤਾ । ਅਗਮ ਅਡੋ ਅਥਾਹ ਅਵਧੂਤਾ ॥ ਆਰਤਾ ਕੀਜੈ ਨਾਨਕ ਸਾਹ ਪਾਤਸਾਹ ਕਾ ॥ ਹਰਿ ਹਰਿ ਦੀਨ ਦੁਨੀ ਕੇ ਸ਼ਹਿਨਸ਼ਹ ਕਾ ॥ ੧ ॥...

ਅੰਤ : ... ਦਸ ਔਤਾਰ ਬੇਦ ਅਰ ਸਾਸਤ੍ਰ ਤਾਤੇ ਇਕ ਅੰਸੁ ਧਾਰੀ ॥ ਗਿਆਨੀ ਧਿਆਨੀ ਜੇਤੇ ਕੇਤੇ ਆਰਤੀ ਸਭੂੰ ਤੇ ਹੋਤ ਨਿਆਰੀ ॥ ਰੂਪ ਨਹੀ ਰੇਖਿਆ ਜਾਇ ਨਹੀ ਪੇਖਿਆ ਅਸ ਦਸਟ ਕੀ ਪੂਜਾ ਤੈ ਦ੍ਰਿਸਟਾਨੀ ॥ ਆਪਿ ਠਾਕਰ ਕਰੈ ਆਰਤੀ ਗੁਰ ਪ੍ਰਸਾਦਿ ਨਾਨਕ ਪੂਤਾ ਸ੍ਰੀ ਚੰਦ ਬਖਾਨੈ ॥ ੧ ॥ ਬੋਲਹੁ ਵਾਹਿਗੁਰੂ ॥

ਹੱਥ ਲਿਖਤ ਨੰ : MS 191 ਗ
ਸਿਰਲੇਖ : ਗਾਇਤ੍ਰੀ

ਪੱਤਰੇ : 28 ਅ - 30 ਓ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓਅੰ ਉਨਿਮੋ ਨਿਰੰਜਨ ਨਿਰੰਕਾਰੰ ॥ ਨਿਰੰਕਾਰ ਤੇ ਉਪਜੀ ਪ੍ਰੇਮ ਜੋਤਿ ॥ ਪ੍ਰੇਮ ਜੋਤਿ ਤੇ ਉਪੰਨੀ ਮਾਤ੍ਰਾ ਗਾਇਤ੍ਰੀ ॥ ਕਉਣ ਗਾਇਤ੍ਰੀ ਬੀਸ ਭੂਤਾ ਬੀਸ ਜਨਨੀ ਚਰਨ ਪਾਦਕਾ ਚਤਰ ਬੇਦ ਮੁਖ ਨਾਸਕਾ ਗੰਗਾ ਜਮਨਾ ਸੁਰਸਤੀ ਚੰਦ ਸੂਰਜ ਨੇਤ੍ਰ ਲਿਲਾਟ ਮਹਾ ਗੁਣਿ ਛੋਡਿ ਸਿਵਨਾਦ ਸਿੰਙੀ ਮੇਰ ਮੇਖ ਲਾ ਪੋਟਿ ਧਰਤੀ…
ਅੰਤ : … ਅਮਰ ਨਾਥ ਤੇਤੀਸ ਕ੍ਰੋੜ ਦੇਵਤੇ ਵਰਨਿ ਅਵਰਨਿ ਆਠਾਰਾ ਭਾਰ ਰੂਮਾਵਲੀ ਨਾਨਕ ਗਾਇਤ੍ਰੀ ਸਪੁਰਨੰ ॥ ਸ੍ਰੀ ਸੂਰਜ ਦੇਵਤਾ ਤੁਮ ਕੌ ਮੇਰੀ ਨਿਮਸਕਾਰੰ ਵਾਹਗੁਰੂ ਜੀ ।

ਹੱਥ ਲਿਖਤ ਨੰ : MS 191 ਘ
ਸਿਰਲੇਖ : ਝੂਲਨੇ ਵਲੀ ਰਾਮ ਕੇ
ਲੇਖਕ : ਵਲੀ ਰਾਮ
ਪੱਤਰੇ : 30 ਓ - 43 ਓ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਝੂਲਨੇ ਵਲੀ ਰਾਮ ਕੇ ॥ ਦੇਸ ਦੇਸ ਦੇਖੇ ਫਿਰ ਫਿਰਿ ਥਾਕੇ ਸੰਤੋਖ ਕੇ ਦੇਸ ਮੈ ਸੁਖਾ ਪਾਇਆ ॥ ਸੰਤੋਖ ਮੈ ਚੈਨ ਕਰਾਰ ਦੇਖਿਆ ਇਹੁ ਮਨ ਜਹਾ ਤਹਾ ਹੋਇ ਆਇਆ ॥ ਜਿਤ ਕਿਤ ਸਦਾ ਦੁੰਦ ਬਾਦ ਹੀ ਹੈ ਸੁਭ ਚਾਰ ਬਬੇਕ ਕਾ ਸੰਗ ਪਾਇਆ ॥ ਵਲੀ ਪੰਚ ਪਰਪੰਚ ਅਨਿਤ ਜਾਂਨੇ ਚੇਤੰਨ ਅਰੂਪ ਸੋ ਚਿਤ ਲਾਇਆ ॥ ੧ ॥…
ਅੰਤ : … ਡਰ ਡਾਰ ਦੀਜੈ ਉਠ ਹਾਰ ਲੀਜੈ ਜਿਸ ਰਾਹ ਤੇ ਸਹੁ ਕੋਈ ਪਾਈਐ ਜੀ ॥ ਦੁਖ ਸੁਖ ਤੇ ਨਿਆਰਾ ਵਸੀਏ ਜੀ ਨਿਤ ਹਸੀਏ ਖੇਲੀਏ ਗਾਈਏ ਜੀ ॥ ਮੂਏ ਮੁਕਤ ਸਉ ਗਤਿ ਕੈਸੀ ਜੀਵ ਤੇ ਮੁਕਤਿ ਕੋ ਪਾਈਏ ਜੀ ॥ ਵਲੀਅੰ ਤਿਸ ਮੈ ਮਰਿ ਜਾਵਨਾ ਹੈ ਤਹਾ ਜੀਵਤੇ ਕਿਉ ਨਹੀ ਜਾਈਏ ਜੀ ॥ ੧ ॥ = ॥ = ॥ = ॥

ਹੱਥ ਲਿਖਤ ਨੰ : MS 191 ਛ
ਸਿਰਲੇਖ : ਗੋਸਟ ਖਿੰਥੜੇ ਕੀ ਤੇ ਬਾਬੇ ਨਾਨਕ ਕੀ
ਪੱਤਰੇ : 43 ਓ - 55 ਅ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਗੋਸਟ ਖਿੰਥੜੇ ਕੀ ਤੈ ਬਾਬੇ ਨਾਨਕ ਕੀ ॥ ਹੋ ਖਿੰਥੜਾ ਕਵਨ ਦਿਲੁ ਕਵੁਨ ਦਰਵੇਸ ॥ ਕਵਨ ਗੁਰੂ ਨੈ ਮੂੰਡੇ ਕੇਸ ॥ ਮਾਂਗਓ ਬਸਤੀ ਭਾਂਡ ਉਗਾਉ ॥ ਕਵਨ ਪੁਰਖ ਕਾ ਸਿਮਰਉ ਨਾਉ ॥ ੧ ॥ …

ਅੰਤ : … ਗੁਸਾਂਈ ਜੀ ਨਗਰੀ ਬਾਧੀ ਗਿਆਨ ਕੀ ਪੋਟਿ ॥ ਪਾਚੋ ਉਧਰੇ ਸਤਿਗੁਰ ਕੀ ਓਟਿ ॥ ਨਾਂਵੈ ਆਂਵੈ ਦਸਵੈ ਜਾਇ ॥ ਐਸਾ ਭਾਡ ਕੋ ਨਹੀ ਬਾਬਾ ਨਾਨਕ ਜੀ ਜੋ ਉਲਟ ਪਲਟਿ ਰਹੈ ਸਮਾਇ ॥ ੨੬ ॥ = ॥ ਗੋਸਟਿ ਸੰਪੂਰਣ ਹੋਈ ॥

ਹੱਥ ਲਿਖਤ ਨੰ : MS 191 ਚ
ਸਿਰਲੇਖ : ਮਾਤ੍ਰਾ ਬਾਬੇ ਨਾਨਕ ਜੀ ਕੀ (ਅਧੂਰੀ)
ਪੱਤਰੇ : 56 ੳ - 58 ੳ
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅਗਲੀ ਕ੍ਰਿਤੀ ਸ਼ੁਰੂ ਹੋਣ ਤੋਂ ਪਹਿਲਾਂ ਚਾਰ ਪੱਤਰੇ ਖਾਲੀ ਹਨ । 58 ਅ ਵੀ ਖਾਲੀ ਹੈ । ਕ੍ਰਿਤੀ ਅਧੂਰੀ ਹੈ , ਅੰਤ ਨਹੀਂ ਹੈ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸੋ ਪ੍ਰਾਨਿ ਮਾਤ੍ਰਾ ਬਾਬੇ ਨਾਨਕ ਜੀ ਕੀ ॥ ਸਲੋਕ ॥ ਅਲਖ ਨਿਰੰਜਨ ਘਟਿ ਮੈ ਬਸੈ ਅੰਧਾ ਬਨਿ ਗ੍ਰਿਹ ਜਾਇ ॥ ਨਾਨਕ ਜਿਨ ਪਾਇਆ ਪ੍ਰਭ ਆਪਣਾ ਸੋ ਅੰਤ ਨ ਕਤਿਹੂ ਧਾਇ ॥…
ਅੰਤ : … ਖਿਮਾ ਗਿਰੇਵਾਨ ਕੰਠਿ ਸਿਉ ਲਾਇਆ ॥ ਸਤਿਗੁਰ ਪ੍ਰਚੈ ਪਰਮੁਪਦ ਪਾਇਆ ॥ ਸੀਤਲ ਜਗੋਟਾ ਧਰਮ ਅਡਾਣੀ ॥ ਸੰਤੋਖ ਮੇਖਲਾ ਸਤਿਗੁਰ ਬਾਣੀ ॥ ਸਿਛੀ ਨਿਰਮਲ ਪੋਥੀ ਨਿਰੰਜਨ ਮਾਲਾ ਲੇ ਕੰਠ ਪਰੋਤੀ ਜਤੁ ਕੁਪੀਨ ਸਮਦ੍ਰਿਸਟ…..

ਹੱਥ ਲਿਖਤ ਨੰ : MS 191 ਛ
ਸਿਰਲੇਖ : ਭਸਮ ਗੈਤ੍ਰੀ
ਪੱਤਰੇ : 1 – 11
ਆਕਾਰ : 8.5X12 ਸ.ਮ. ਲਿਖਤ: 5X7 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰੇ ਬਾਕੀ ਪੋਥੀ ਤੋਂ ਵੱਖ ਹਨ । ਪੱਤਰਾ ਅੰਕ ਵੀ ਇਕ ਤੋਂ ਸ਼ੁਰੂ ਹੁੰਦਾ ਹੈ । ਕਾਨੀ ਵੀ ਅਲਗ ਹੈ । ਕ੍ਰਿਤੀ ਦੇ ਅੰਤ ਦੇ ਅਗਲੇ ਪੱਤਰੇ ਤੇ ਖੰਟਾਖ ਅਖਰੰ ਮੰਤ੍ਰ ਦਿਤਾ ਹੈ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰ ਨਾਨਕੰ ਕ੍ਰਿਪਾਲ ਭਜਮ੍ਹ ਸ੍ਰਬ ਦੁਖ ਨਿਵਾਰਣੰ ॥ ਗੁਰੂ ਚਰਣ ਕੰਜ ਬਲਹਾਰ ਨਾਨਕ ਸਰਬ ਸੂਖਿ ਨਿਵਾਸਨੰ ॥ ਨੌ ਨਾਥ ਸਿਧ ਚੌਰਾਸ ਖਟ ਜਣ ਧਿਜ਼ਾਨਾ ਧਾਰਮੇ ਹੇ ਸ੍ਵਰੰ॥ ਭਜ ਦੀਨ ਬੰਧ ਗੁਰਦੇਵ ਨਾਨਕ ਵਿਸ੍ਵਨਾਥ ਬਸੇਸ੍ਵਰੰ ॥ ੧ ॥…
ਅੰਤ : … ਦੇਵ ਪਿੰਡ ਕੀ ਕਿਰਆ ਕਿਸੇ ਵਿਰਲੇ ਜਾਣੀ ॥ ਜਾਨ ਬੁਦ ਭਏ ਅਵਧੂਤ ਅਲਖ ਨਿਰੰਜਨ ਛੋਡੀ ਜਗਤ ਕੀ ਆਸ ॥ ਆਸਾ ਮਾਹਿ ਨਿਰਾਸਾ ਰਹੇ ॥ ਪੰਚ ਤਤ ਕਾ ਨਿਗਰਾ ਗਹੇ ॥ ਇਸ ਇਤਿ ਸ੍ਰੀ ਭਸਮ ਗੈਤ੍ਰੀ ਸੰਪੂਰਣ ਹੋਈ ॥ ਪੜੰਤੇ ਸੁਨਤੇ ਮੋਖ ਮੁਕਤ ਲਹੰਤੇ ॥ = ॥ = ॥

ਹੱਥ ਲਿਖਤ ਨੰ : MS 192
ਸਿਰਲੇਖ : ਜਨਮ ਸਾਖੀ (ਭਾਈ ਬਾਲਾ)
ਲੇਖਕ : ਪੈੜਾ ਮੋਖਾ
ਪੱਤਰੇ : 2 – 414
ਆਕਾਰ : 12.5X17 ਲਿਖਤ: 9.5X12

ਵੇਰਵਾ : ਜਿਲਦ ਗੱਤਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, 2 ਪੱਤਰੇ ਤੋਂ 95 ਪੱਤਰੇ ਤਕ ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, 96 ਪੱਤਰੇ ਤੋਂ ਅਗੇ ਦੁਪਾਸੀਂ ਖੜੇ ਰੁੱਖ ਦੋ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 10

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਪਹਿਲਾ ਪੱਤਰਾ ਨਹੀਂ ਹੈ; ਆਰੰਭ ਵੀ ਨਹੀਂ ਹੈ ਅੰਤ ਤੇ ਵੀ ਅਧੂਰੀ ਜਾਪਦੀ ਹੈ । ਅੰਤਲਾ ਪੱਤਰਾ 414 ਕਿਸੇ ਹੋਰ ਪੋਥੀ ਦਾ ਜਾਪਦਾ ਹੈ ।

ਆਰੰਭ : ..... ਤਾ ਬਾਲੇ ਗੁਰੂ ਅੰਗਦ ਨੂ ਆਖਿਆ ॥ ਗੁਰੂ ਜੀ ਮੈ ਗੁਰੂ ਨਾਨਕ ਜੀ ਪਾਸੋ ਇਉ ਸੁਣਿਆ ॥ ਤਾ ਗੁਰੂ ਅੰਗਦ ਕਹਿਆ ਭਾਈ ਬਾਲਾ ਏਵੈ ਹੈ ਜਿਵੈ ਗੁਰੂ ਨਾਨਕ ਬਚਨ ਕੀਤਾ ਹੈ ॥ ਸਤਿ ਪ੍ਰਤੀਤ ਕਰਿ ਮੰਨਣਾ ॥ ਇਹ ਹਾਲ ਗੁਰੂ ਨਾਨਕ ਨੂੰ ਕਰਤਾਰ ਦਿਖਾਇਆ ਹੈ ॥ ਨਹੀ ਭਾਈ ਬਾਲਾ ਭਲੇ ਭਲੇ ਮਹਾਪੁਰਖ ਸੰਗਤ ਕੀਆ ਕਾਰਾ ਅਤੇ ਭੇਟਾ ਦੇਖ ਕੈ ਭੁਲ ਜਾਦੇ ਹੈਨ ॥...

ਅੰਤ : ... ਤਾ ਗੁਰੂ ਨਾਨਕ ਆਖਿਆ ਭਾਈ ਬਾਲਾ ਸਿਖ ਇਕ ਕੋਈ ਨਿਰਮਲ ਹੋਂਦਾ ਹੈ ॥ ਅਤੇ ਮਲੀਨ ਬਹੁਤ ਹੋਂਦੇ ਹੈਨ ॥ ਸਿਖ ਨਿਰਮਲ ਸੋਈ ਹੋਂਦਾ ਹੈ ॥ ਜੋ ਗੁਰਦੇਵ ਬਚਨ ਬਿਨਾ ਹੋਰ ਕੁਛ ਨਹੀ ਜਾਨਦਾ ॥ ਅਤੇ ਗੁਰੂ ਹੋਇ ਕੈ ਜੋ ਮਲੀਨ ਅਹਾਰ ਕਰੈ ਸਿਖ ਦਾ ਲੈ ਕਰਿ ਸੋ ਗੁਰੂ ਮਲੀਨ ਹੋਇਆ ਭਾਈ ਬਾਲਾ ॥ ..... ੨ ॥ ਪ੍ਰੇਮ ਪ੍ਰੀਤ ਤੁਰ ਤਬ ਰਾਤ ਲਿਖਾਈ ਭਗਤਿ ਅਲੂਫਾ ਨਾਮ ਖਜਾਨਾ ਖਾਸ ਫਕੀਰੀ ਪਾਈ ॥ ੩ ॥ ਹਾਸਲ ਬਹੁਤ ਖਰਚ ਕਛੁ ਨਾਹੀ ਕਰੈ ਤਗੀਰ ਨ ਕੋਈ ॥ ਨਾਨਕ ਐਸੀ ਉਮਦੀ ਖਿਜਮਤਿ ਬਿਨ ਭਾਗਾ ਕਿਉ ਹੋਈ ॥ ੪ ॥ ਏਹ ਸਬਦ ਤਿਲਵੰਡੀ ਹੋਇਆ ਆਹਾ ਜਾ ਰਾਇਬੁਲਾਰ ਪਾਸੋ ਲਾਲੂ ਅਖਵਾਇਆ ਸੀ ॥ ਜਨਮ ਸਾਖੀ ਬਾਬੇ ਨਾਨਕ ਜੀ ਕੀ ਸੰਪੂਰਨ ਹੋਈ ਗੁਰ ਪ੍ਰਸਾਦਿ ॥

ਹੱਥ ਲਿਖਤ ਨੰ : MS 193 ਸੰਗ੍ਰਹਿ

ਸਿਰਲੇਖ : ਪਰਮੇਸਰ ਕਾ ਥਾਨ

ਸਥਾਨ : ਅੰਮ੍ਰਿਤਸਰ

ਪੱਤਰੇ : 1 - 3 + 1 - 276

ਆਕਾਰ : 11X13 ਸ.ਮ. ਲਿਖਤ: 8X10 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ ਉੱਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 9

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਤਿੰਨ ਪੱਤਰਿਆਂ ਤੇ ਤਤਕਰਾ ਦਿੱਤਾ ਹੈ । 202 ਤੇ 203 ਪੱਤਰੇ ਫਟੇ ਹੋਏ ਹਨ, ਜਿਨ੍ਹਾਂ ਨੂੰ ਕਾਗਜ ਦੀ ਚੇਪੀ ਲਾ ਕੇ ਜੋੜਿਆ ਹੋਇਆ ਹੈ, ਇਸ ਵਿਚ ਗੁਰਬਾਣੀ ਅਤੇ ਸ਼ਬਦ ਸੰਗ੍ਰਹਿ ਹੈ ।

ਆਰੰਭ : ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ...

ਅੰਤ : ... ਸਿਖ ਮਤਿ ਸਭ ਬੁਧਿ ਤੁਮਾਰੀ ਮੰਦਰਿ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ ੩ ॥ ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥ ੪ ॥ ੧ ॥ ੧ ॥

ਹੱਥ ਲਿਖਤ ਨੰ : MS 193 ਅ

ਸਿਰਲੇਖ : ਸੁਖਨ ਫਕੀਰਾਂ ਦੇ

ਪੱਤਰੇ : 276 ਅ - 287
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸੁਖਨ ਫਕੀਰਾਂ ਕੇ ॥ ॥ ਆਦਿ ਫਕੀਰੀ ਕੀ ਕਿਆ ਹੈ ॥ ਅਰੁ ਅੰਤ ਫਕੀਰੀ ਕੀ ਕਿਆ ਹੈ ॥ ਆਦਿ ਫਕੀਰੀ ਕਾ ਨਾਸ ਹੋਣਾ ॥ ਅਰੁ ਅੰਤ ਫਕੀਰੀ ਕਾ ਸਤ ਹੋਣਾ ॥ ਵਡਿਆਈ ਫਕੀਰੀ ਕੀ ਕਿਆ ਹੈ ॥ …
ਅੰਤ : … ਭਲਾ ਜੀ ਧਿਆਨੁ ਕਿਆ ਹੈ ਅਰੁ ਸਮਾਧ ਕਿਆ ਹੈ ॥ ਕਿ ਧਿਆਨੁ ਪਕੜਨਾ ਅਰੁ ਸਮਾਧ ਛੋਡਣਾ ॥ ਮਨ ਰੂਪ ਬਨ ਕਾ ਮ੍ਰਿਗ ਹੈ ਜਬ ਇਸ ਕੋ ਬਨ ਤੇ ਪਕੜਿਆ ॥ ਤਬ ਅਧੀਰਜਤਾਈ ਬਹੁੜ ਕਰਤਾ ਹੈ ॥ ਜਬ ਦੇਖਤਾ ਹੈ ਜੋ ਛੋਡਤੇ ਨਹੀ ॥ ਤਬ ਸਨੇ ਸਨੇ ਠਹਿਰ ਜਾਤਾ ਹੈ ॥ ਤੈਸੇ ਮਨ ਨਿਰੋਧ ਵਿਖੇ ਸੰਕਲਪ ਵਿਕਲਪ ਕਰਕੈ ਅਧੀਰਜਤਾਈ ਕਰਤਾ ਹੈ ॥ ਪਰੁਕ੍ਰਿਮ ਕਰ ਕੈ ਸਨੇ ਸਨੇ ਠਹਿਰ ਜਾਤਾ ਹੈ ॥ ਤਾਂ ਤੇ ਪਕੜਨਾ ਧਿਆਨ ਹੈ ਅਰੁ ਛੋੜਨਾ ਸਮਾਧ ਹੈ ॥ = ਸੰਪੂਰਣੰ

ਹੱਥ ਲਿਖਤ ਨੰ : MS 193 ਏ
ਸਿਰਲੇਖ : ਪਰੀਛਿਆ ਮਹਲਾ 5
ਪੱਤਰੇ : 287 ਅ – 298 ਓ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਪਰੀਛਿਆ ਲਿਖੀ ਗੁਰ ਪ੍ਰਸਾਦਿ ॥ ਮਹਲਾ ੫ ॥ ਪਉੜੀ ॥ ਜੋ ਜਨੁ ਮਨ ਮਹਿ ਚਿਤਵਣੀ ਰਖਾਵੈ ॥ ਸੋ ਮਨ ਕਾ ਸੰਸਾ ਕਹਿ ਪ੍ਰਗਟਾਵੈ ॥ ਗੁਰ ਪ੍ਰਸਾਦਿ ਸੰਸਾ ਭਉ ਮਿਟੇ ॥ ਹੋਇ ਅਚਿੰਤੁ ਚਿੰਤਾ ਸਭ ਛੁਟੈ ॥ ਮਨ ਕੀ ਦੁਬਿਧਾ ਸਭ ਕਹਿ ਸੁਨਾਵੈ ॥ ਪ੍ਰਭ ਭਾਵੈ ਤਾ ਸਭ ਸੁਖੁ ਪਾਵੈ॥…
ਅੰਤ : … ਤੇਰੇ ਉਪਰਿ ਪਰਮੇਸਰੁ ਜੀ ਦੀ ਸ੍ਰੀ ਭਗਵਾਨ ਜੀ ਕੀ ਕਿਰਪਾ ਭਈ ਹੈ ॥ ਤੂ ਆਪਣੈ ਮਨ ਮਹਿ ਕਾਈ ਚਿਤਉਣੀ ਨ ਕਰੁ ॥ ਜਪੁ ਸ੍ਰੀ ਭਗਵਾਨ ਜੀ ॥ ਕਾਰਜੁ ਸੁਫਲਾ ਫਲੇਗਾ ॥ ਸ੍ਰੀ ਭਗਵਾਨ ਜੀ ਸ੍ਰੀ ਗੁਰੂ ਜੀ ਨੈ ਕਿਰਪਾ ਕੀਤੀ ਹੈ ॥ ਸ੍ਰੀ ਗੁਰੂ ਨਾਨਕ ਜੀ ਸਹਾਇ ਹੋਏ ਹੈ ॥ ੩੬ ॥ ੧ ॥ ਪਰੀਛਾ ਸਪੂਰਣੰ ਸਮਾਪਤੰ ॥

ਹੱਥ ਲਿਖਤ ਨੰ : MS 193 ਸ
ਸਿਰਲੇਖ : ਰਾਮਕਲੀ ਰਤਨਮਾਲਾ ਮਹਲਾ ਪਹਿਲਾ
ਪੱਤਰੇ : 298 ਓ – 304 ਅ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ਰਤਨਮਾਲਾ ਮਹਲਾ ੧ ॥ ॥ ਆਸਣੁ ਸਾਧਿ ਨਿਰਾਲਮੁ ਰਹੈ ॥ ਪੰਚ ਤਤ ਕਾ ਨਿਗ੍ਰਹਿ ਗਹੈ ॥ ਥੋੜੀ ਨਿੰਦ੍ਰਾ ਅਲਪ ਅਹਾਰੀ ॥ ਸਾਧ ਕਾ ਪਿੰਡੁ ਸਦਾ ਬੀਚਾਰੀ ॥ ਜਤੁ ਸਤੁ ਸੰਜਮੁ ਮੁਕਤਿ ਬਿਚਖਣ ॥ ਨਾਨਕ ਕਹੈ ਜੋਗ ਕੇ ਲਖਣ ॥ ੧ ॥ …

ਅੰਤ : ... ਬੈਰਾਗੀ ਸੋ ਜੋ ਬੈ ਮਹਿ ਆਵੈ ॥ ਸਿਵ ਕੈ ਆਗੈ ਸਕਤਿ ਨਿਵਾਵੈ ॥ ਸਿਵ ਸਕਤੀ ਕੈ ਕਰਮ ਕਰੈ ॥ ਅਜਰ ਵਸਤੁ ਅਗੋਚਰ ਜਰੈ ॥ ਤਾਮਸ ਤਿਸ ਨਾਮ ਮੈ ਤਿਆਗੀ ॥ ਨਾਨਕ ਕਹੈ ਸੋਈ ਬੈਰਾਗੀ ॥ ੨੫ ॥ ੧ ॥

ਹੱਥ ਲਿਖਤ ਨੰ : MS 193 ਹ
ਸਿਰਲੇਖ : ਆਦਿ ਗ੍ਰੰਥ ਸ਼ਬਦ ਸੰਗ੍ਰਹਿ
ਪੱਤਰੇ : 304 ਅ – 326 ਅ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਨਾਮੁ ਕਰਤਾ ਪੁਰਖੁ … ਗੁਰ ਪ੍ਰਸਾਦਿ ॥ ॥ ਰਾਗੁ ਬਿਹਾਗੜਾ ਮਹਲਾ ੫ ॥ ਚਉਪਦਾ ॥ ਘਰੁ ॥ ੧ ॥ ਦੂਤਨ ਸੰਗਰੀਆ ॥ ਭੁਇਅੰਗ ਨ ਬਸਰੀਆ ॥ ਅਨਿਕ ਉਪਰੀਆ ॥ ੧ ॥ ਤਉ ਮੈ ਹਰਿ ਹਰਿ ਕਰੀਆ ॥ ਤਉ ਸੁਖ ਸਹ ਜਰੀਆ ॥ ੧ ॥…
ਅੰਤ : … ਧਾਰਿ ਅਨਗ੍ਰਹੋ ਅਪਨਾ ਕਰਿ ਲੀਨਾ ਰਾਮ ॥ ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ॥ ਸਾਧ ਸੰਗ ਮਿਹਰਿ ਅਰਾਧੇ ਸਗਲ ਕਲਮਲ ਦੁਖ ਜਲੇ ॥ ਮਹਾ ਧਰਮ ਸੁਦਾਨ ਕਿਰਿਆ ਸੰਗ ਤੇਰੇ ਸੇ ਚਲੇ ॥ ਰਸਨਾ ਅਰਾਧੇ ਏਕ ਸੁਆਮੀ ਹਰਿ ਨਾਮਿ ਮਨੁ ਤਨੁ ਭੀਨਾ ॥ ਨਾਨਕ ਜਿਸਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ ॥ ੪ ॥ ੯ ॥ ੬ ॥ ੧ ॥ ੧੬ ॥

ਹੱਥ ਲਿਖਤ ਨੰ : MS 193 ਕ
ਸਿਰਲੇਖ : ਖਿਆਲ ਸ੍ਰੀ ਮੁਖਵਾਕ ਪਾਤਸਾਹੀ ਦਸਵੀਂ
ਪੱਤਰੇ : 326 ਅ – 327 ਓ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਵਾਹਗੁਰੂ ਜੀ ਕੀ ਫਤੇ ॥ ਖਿਆਲੁ ਸ੍ਰੀ ਮੁਖਵਾਕ ਪਾਤਸਾਹੀ ॥ ੧● ॥ ਮਿਤ੍ਰ ਪਿਆਰੇ ਨੂ ਹਾਲੁ ਫਕੀਰਾਂ ਦਹਿਣਾ ॥…
ਅੰਤ : … ਮਾਝ ॥ ਸੁਣਿ ਕੈ ਸਦੁ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੋ ਨੇ ॥ ਕਿਸੇ ਨਾਲਿ ਨ ਰਹੀਆ ਕਾਈ ਕੋਈ ਸਉਕੁ ਪਯੋਨੋ ॥ ਗਇਆ ਫਿਰਾਕੁ ਮਿਲਿਆ ਮਿਤ੍ਰ ਮਾਹੀ ਤਾ ਹੀ ਸੁਕਰੁ ਕੀਤੋਨੋ ॥੧॥੨॥ ਬੋਲਹੁ ਭਾਈ ਵਾਹਗੁਰੂ ਜੀ ਸਤਿ ॥

ਹੱਥ ਲਿਖਤ ਨੰ : MS 193 ਖ
ਸਿਰਲੇਖ : ਗੁਰ ਉਸਤਤਿ
ਲੇਖਕ : ਸੋਂਧਾ, ਕਵੀ
ਪੱਤਰੇ : 327 ਓ – 329 ਅ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਗੁਰ ਉਸਤਤਿ ॥ ਟੋਟਕ ਛੰਦ ॥ ਤੂੰ ਮਛ ਕਛ ਬੈਰਾਹ ਤੁਹੀ ॥ ਵਹ ਨਰ ਸਿੰਘ ਕਾ ਵਪੁਆਹਿ ਤੁਹੀ ॥ ਫਿਰਿ ਬਾਵਨ ਜਗ ਕੇ ਮਾਹਿ ਤੁਹੀ ॥ ਅਬ ਗੁਰੂਮਾਨ ਮਹਿ ਗੁਰ ਨਾਨਕ ਜੀ ॥ ੧ ॥…
ਅੰਤ : … ਜਬ ਨਿਹ ਕਲੰਕੁ ਹੋਇ ਆਵਹਿਗਾ ॥ ਜਗ ਸੂਧੇ ਮਾਰਗਿ ਪਾਵਹਿਗਾ ॥ ਤਬ ਹਰਿ ਕਾ ਜਾਪੁ ਜਪਾਵਹਿਗਾ ॥ ਅਬ ਗੁਰੂਅਨ ਮੈ ਗੁਰ ਨਾਨਕ ਜੀ ॥ ੧੬ ॥ ਇਹ ਕੀਰਤਿ ਅਪਨੀ ਕਾਨ ਧਰੋ ॥

ਕਵਿ ਸੋਧੇਂ ਕੇ ਸਭ ਦੁਖ ਹਰੋ ॥ ਸਭ ਆਸਾ ਪੂਰਨ ਮੋਹਿ ਕਰੋ ॥ ਤੂੰ ਗੁਰੂਅਨ ਕਾ ਗੁਰ ਨਾਨਕ ਜੀ ॥੧੧॥੧॥

ਹੱਥ ਲਿਖਤ ਨੰ : MS 193 ਗ
ਸਿਰਲੇਖ : ਉਸਤਤਿ ਸ੍ਰੀ ਅੰਮ੍ਰਿਤਸਰ (ਅਧੂਰੀ)
ਲੇਖਕ : ਕਵੀ ਸੋਂਧਾ
ਪੱਤਰੇ : 329 ਅ – 333 ਅ
ਆਕਾਰ : 11X13 ਸ.ਮ. ਲਿਖਤ: 8X10 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਅਥ ਉਸਤਤਿ ਸ੍ਰੀ ਅੰਮ੍ਰਿਤਸਰ ਜੀ ਕੀ ॥ ਛੰਦੁ ॥ ਤੀਨ ਲੋਕ ਮਹਿ ਤਾਲੁ ਨ ਐਸਾ ਜੈਸਾ ਦੇਖਿਆ ਅੰਮ੍ਰਿਤਸਰ ॥ ਤਾਲ ਮਧਿ ਹਰਿ ਮੰਦਰੁ ਨੀਕਾ ਮਾਨਹੁ ਸ੍ਰੀ ਰਾਮ ਕਾ ਘਰ ॥ ਮੋਤੀ ਚੂਨੀ ਹੀਰਾ ਪੰਨਾ ਤਾ ਮਹਿ ਲਾਗੀ ਹੈ ਬਹੁ ਜਰ ॥...
ਅੰਤ : ... ਗੁਰੂ ਰਾਮ ਦਾਸ ਕਾ ਸਹਰ ਅਜਾਇਬੁ ਨਰ ਨਾਰੀ ਸੁਖੁ ਪਾਵੈਗੋ ॥ ਦਗਰ ਬਗਰ ਬਾਜਾਰ ਔ ਬੀ ਥੀ ਕਈ ਜੋਜਨ ਲੌ ਹੋਇ ਜਾਵੈਗੋ ॥ ਜੋ ਜੋ ਨਗਰੀ ਨਿਕਟ ਬਸੈ ਅਬ ਬੀਚ ਬਾਜਾਰਨਿ ਆਵੈਗੋ ॥ ਤੋ ਦੇ ਬੀਚ ਬਜਾਰ ਮੁਹਰ ਕੇ ਕੌਡੀ ਕੋ ਨ ਚੁਰਾਵੈਗੋ ॥ ਪ੍ਰਗਟ ਮਾਇਆ ਸਭ ਹੀ ਥੀਸੀ ਗੁ.....

ਹੱਥ ਲਿਖਤ ਨੰ : MS 194
ਸਿਰਲੇਖ : ਬੁਧ ਬਾਰਿਧ ਰਾਜਨੀਤ
ਲੇਖਕ : ਬੁਧ ਸਿੰਘ
ਸਮਾਂ: ਸੰਮਤ 1868 (ਰਚਨਾ ਕਾਲ)
ਪੱਤਰੇ : 1 – 753 ਅ
ਆਕਾਰ : 16X24 ਸ.ਮ. ਲਿਖਤ: 12X18 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ ਪੱਕੀ ਬੰਨ੍ਹੀ ਹੋਈ, ਉਪਰ ਕਪੜਾ ਚੜ੍ਹਿਆ ਹੋਇਆ, ਪਰ ਫਟਿਆ ਹੋਇਆ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਨੀਲੀ ਲਕੀਰ ਵਿਚ ਬਰੀਕ ਸੰਤਰੀ ਲਕੀਰ, ਫਿਰ ਦੋ ਕਾਲੀਆਂ ਫੇਰ ਮੋਟੀ ਸੰਤਰੀ ਲਕੀਰ ਫਿਰ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -9
ਆਮ ਵੇਰਵਾ : ਜਿਲਦ ਸਜਾਵਟ ਵਾਲੀ, ਆਰੰਭ ਵਿਚ ਅਤੇ ਅੰਤ ਤੇ ਦੋ ਦੋ ਪੱਤਰੇ ਬਿਨ੍ਹਾਂ ਹਾਸ਼ੀਏ ਦੇ ਖਾਲੀ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਬੁੱਧ ਬਾਰਿਧ ਲਿਖਜਤੇ ॥ ਚੌਪਈ । ਸ੍ਰੀ ਸੋਭਾਯੁਤ ਪਰਮ ਦਯਾਲ । ਚਾਰ ਪਦਾਰਥ ਦਾਯਕ ਲਾਲ ॥ ਬ੍ਰਹਮਾਦਿਕ ਸੁਰ ਧਰਤੇ ਧਯਾਨ ॥ ਭਗਤ ਵਤਸਲੋ ਸ੍ਰੀ ਭਗਵਾਨ ॥ ਚਰਨ ਕਮਲ ਕੇ ਸਿਵ ਅਲਿ ਜਾਸ ਗਨਪਤਿ ਬਾਨੀ ਭਗਤ ਪ੍ਰਕਾਸ ॥ ਮੁਨਿ ਗਨ ਨਾਯਕ ਬੁੱਧਿ ਬਿਸਾਲ ॥ ਨਿਸਿ ਦਿਨ ਸੇਵਤ ਸ੍ਰੀ ਗੋਪਾਲ ॥ ਮਾਯਾ ਜਾਕੀ ਅਪਰ ਅਪਾਰ ॥...
ਅੰਤ : ... ਦੋਹਰਾ ॥ ਬੁਧਿ ਬਾਰਿਧ ਪੂਰਨ ਭਯੋ ਕਰੁਣਾ ਸ੍ਰੀ ਪ੍ਰਭਪਾਇ ॥ ਪਢੈ ਬਢੈ ਆਨੰਦ ਬਹੁ ਲਹਿ ਕਰਿ ਨੀਤਿ ਨਿਆਇ ॥ ੮● ॥ ਇਤਿ ਸ੍ਰੀ ਬੁਧਿ ਬਾਰਿਧ ਰਾਜਨੀਤਿ ਗ੍ਰੰਥੇ ਸ੍ਰੀ ਰਣਜੀਤ ਸਿੰਘ ਨ੍ਰਿਪੇਸ ਵਿਰਚਤੇ ਕਵਿ ਬੁਧ ਸਿੰਘ ਚਤੁਰ ਦਸੋ ਪ੍ਰਬੰਧ : ॥ ਸੁਭੰ ਭੂਯਾਤ ॥ ॥ ੧੪ ॥=॥=॥=॥

ਹੱਥ ਲਿਖਤ ਨੰ : MS 195
ਸਿਰਲੇਖ : ਸ੍ਰੀ ਭਾਗਵਤ ਦ੍ਵਾਦਸ ਸਕੰਧ (ਸੂਰ ਸਾਗਰ)

ਲੇਖਕ : ਸੂਰਦਾਸ
ਲਿਖਾਰੀ : ਨੈਣਾ ਸਿੰਘ

ਰਚਨਾ ਕਾਲ: ਸੰਮਤ 1893

ਪੱਤਰੇ : 1 – 560
ਆਕਾਰ : 22X27 ਸ.ਮ. ਲਿਖਤ: 17X22 ਸ.ਮ.
ਵੇਰਵਾ : ਜਿਲਦ ਚਮੜਾ ਗੱਤਾ, ਚੁਪਾਸੀਂ ਦੋ ਲਕੀਰਾਂ ਵਿਚ ਮੋਟੀ ਪੀਲੀ ਲਕੀਰ ਦੇ ਨਾਲ ਨਾਲ ਦੋ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਪੱਤਰਾ 471 ਤੋਂ 560 ਤੱਕ ਦੁਪਾਸੀਂ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ । ਸਤਰਾਂ ਪ੍ਰਤੀ ਪੰਨਾ – 14
ਆਮ ਵੇਰਵਾ : ਪੋਥੀ ਦੇ ਆਰੰਭ ਤੋਂ ਪਹਿਲਾਂ ਤਿੰਨ ਅਤੇ ਬਾਅਦ ਵਿਚ ਪੰਜ ਪੱਤਰੇ ਖਾਲੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ੧ੳ ਸ੍ਰੀ ਗਣੇਸਾਯ ਨਮ: ॥ ਅਥ ਸ੍ਰੀ ਭਾਗਵਤ ਦ੍ਵਾਦਸ ਸਕੰਧ ਸੂਰਦਾਸ ਕ੍ਰਿਤ ਸੂਰ ਸਾਗਰ ਲਿਖਸਤੇ ॥ ਰਾਗੁ ਕਲਜਾਨ ॥ ਬੰਦੋ ਚਰਨ ਕਵਲ ਚਿਤ ਲਾਇ ॥ ਜਾ ਕੀ ਕ੍ਰਿਪਾ ਕਟਾਛ ਅਰਾਧੇ ਕੋ ਸਭ ਕਛੁ ਦਰਸਾਇ ॥ ਬਹਿਰੈ ਸਬਦ ਮੂਕ ਧੁਨਿ ਬੋਲੈ ਰੰਕ ਚਲੈ ਸਿਰ ਛੱਤ੍ਰ ਫਰਾਇ ॥ ਸੂਰਦਾਸ ਸ੍ਵਾਮੀ ਕਰੁਣਾ ਮੈ ਵਾਰ ਵਾਰ ਬੰਦੋ ਤਿਹ ਪਾਇ ॥ ੧ ॥…
ਅੰਤ : … ਇਤਿ ਸ੍ਰੀ ਭਾਗਵਤੇ ਮਹਾਪੁਰਾਣੇ ਸੂਰਦਾਸ ਕ੍ਰਿਤੌ ਦ੍ਵਾਦਸਮੋ ਸਕੰਧ ਸਮਾਪਤੰ ਸੁਭੰ ਭੂਯਾਤੁ॥੧੨॥ਨ॥ ਸ੍ਰੀ ਕ੍ਰਿਸਨਾਯਾਨਮੋ ਨਮ: ॥ ਗ੍ਰੰਥ ਲਿਖਾ ਪਰੀਤਿ ਸਾਬ ਬਨਾਇ ॥ ਬਾਬਾ ਨਾਨਕ ਗੋਬਿੰਦ ਸਿੰਘ ਜੀ ਦਾਸ ਆਪਨੇ ਕੀ ਕਰੋ ਸਹਾਇ ॥ ਸਾਲੁ [1893] ਅਹਾੜਿ ਸੁਦੀ ਦੁਆਦੁਸੀ ਰਵਿਵਾਰਿ ਪਹਿਚਾਨ ॥ ਨੈਣਾ ਸਿੰਘ ਕੀ ਬੇਨਿਤੀ ਸੁਣਹੋ ਭਾਈ ਸੰਤ ਸੁਜਾਨਿ ॥

ਹੱਥ ਲਿਖਤ ਨੰ : MS 198
ਸਿਰਲੇਖ : ਯੋਗ ਵਸ਼ਿਸ਼ਟ ਮਹਾ ਰਮਾਇਣ ਭਾਖਾ (ਅਧੂਰਾ)
ਲਿਪੀ ਕਾਲ : ਸੰਮਤ 1849
ਸਥਾਨ : ਨੌਸ਼ਹਿਰਾ
ਪੱਤਰੇ : 78+131+694+40 = 943
ਆਕਾਰ : 33X34 ਸ.ਮ. ਲਿਖਤ: 25X24 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ ਉਪਰ ਕਪੜਾ ਚੜ੍ਹਿਆ ਹੋਇਆ, ਅਲੱਗ ਅਲੱਗ ਪਰਕਰਨਾਂ ਦਾ ਅਲੱਗ ਅੱਲਗ ਹਾਸ਼ੀਆ ਹੈ, ਸਤਰਾਂ ਪ੍ਰਤੀ ਪੰਨਾ– 25
ਆਮ ਵੇਰਵਾ : ਗ੍ਰੰਥ ਅਧੂਰਾ ਅਤੇ ਖਸਤਾ ਹਾਲਤ ਵਿਚ, ਸੱਤ ਪ੍ਰਕਰਣ ਦਿੱਤੇ ਹਨ । ਲਿਖਾਈ ਸੁੰਦਰ ਅਤੇ ਸਿਆਹੀ ਚਮਕਦਾਰ ਹੈ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਪਰਮਾਤਮਾਇ ਨਮਹ । ਅਥ ਵੈਰਾਗ ਪ੍ਰਕਰਣ ਸ੍ਰਵਣ ਸਿੰਮ੍ਰਤ ਭਾਖਾ ਲਿਖਤੇ ॥ ਸਤਿ ਚਿਤ ਆਨੰਦ ਰੂਪ ਜੋ ਆਤਮਾ ਹੈ ॥ ਤਿਸ ਕਉ ਨਮਸਕਾਰ ਹੈ ॥ ਕੈਸਾ ਹੈ ਸਤਿ ਚਿਤ ਆਨੰਦ ਰੂਪ ਸੋ ਆਤਮਾ ਕਹਤ ਹਹਿ ॥ ਜਿਸ ਤੇ ਇਹ ਸਰਬ ਭਾਸਤੇ ਹਹਿ ॥…
ਅੰਤ : …ਇਤ ਸ੍ਰੀ ਨਾਨਾ ਪ੍ਰਸਨੇ ਮੋਖ ਉਪਾਏ ਸੰਖਿਜਾ ਵਰਨਨੰ ਨਾਮ ਸਰਗਹ ॥ ਸੰਪੂਰਣ ਮੋਖੋ ਉਪਾਏ ਕੇ ਇਸ ਸਰਗ ਵਿਖੇ ਕਥਾ ਕੇ ਸਾਰ ਕਹੇ ਹੈ ॥ ਤਾਤੇ ਇਸ ਕਾ ਨਾਮ ਸੰਖਾ ਹੈ ॥ ਸੁਭੰ ਭੂਯਾਤ ॥

੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਪਰਮਾਤਮਾਏ ਨਮਹ ॥ ਅਥ ਇਸਥਿਤ ਪ੍ਰਕਰਣ ਲਿਖਤੇ ॥ ਬਸਿਸਟੋ ਵਾਚ ॥ ਹੇ ਰਾਮ ਜੀ ਅਥ ਇਸਥਿਤਿ ਪ੍ਰਕਰਣ ਸ੍ਰਵਣ ਕਰੁ ॥ ਜਿਸ ਕੇ ਸੁਨਣੇ ਤੇ ਨਿਰਬਾਣਤ ਕੌ ਪ੍ਰਾਪਤਿ ਹੋਵੈਗਾ ਜਗਤ ਕੈਸਾ ਹੈ ਅਹੰ ਤਾ ਹੈ ਆਦਿ ਜਿਸਕੇ …..

ਹੱਥ ਲਿਖਤ ਨੰ : MS 199 ਸੰਗ੍ਰਹਿ
ਸਿਰਲੇਖ : ਪਰਚੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ
ਲੇਖਕ : ਸੇਵਾ ਦਾਸ ਉਦਾਸੀ
ਪੱਤਰੇ : 1 – 55 ੳ
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ ਉੱਖੜੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 16
ਆਮ ਵੇਰਵਾ : ਪਹਿਲੇ ਪੱਤਰੇ ਤੇ ਡਿਜ਼ਾਇਨ ਵਾਲਾ ਹਾਸ਼ੀਆ ਅਤੇ ਸਾਹਮਣੇ ਪੱਤਰੇ ਤੇ ਤਤਕਰਾ ਦਿੱਤਾ ਹੈ, ਗ੍ਰੰਥ ਭਿੱਜਾ ਹੋਇਆ ਅਤੇ ਕਿਤੇ ਕਿਤੇ ਕਿਰਮ ਖੁਰਦਾ, ਸ਼ੁਰੂ ਵਿਚ ਹਾਸ਼ੀਏ ਵਾਲੇ ਤਿੰਨ ਪੱਤਰੇ ਖਾਲੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਅਥ ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ॥ ਪਾਤਸਾਹੀ ਦਸਵੀ ਮਹਲਾ ੧● ॥ ਪ੍ਰਿਥਮੇ ਦਸਾ ਮਹਲਾ ਕੇ ਨਾਮ ਲਿਖੇ ॥ ਫੇਰ ਦਸਾ ਮਹਲਾ ਕੀ ਉਸਤਤਿ ਕੇ ਸਲੋਕ ਲਿਖੇ ॥ ਫੇਰ ਦਸਾਂ ਮਹਲਾ ਕੀਆ ਸਾਖੀਆ ਲਿਖੀਆ ॥ ਗੁਰੂ ਨਾਨਕ ਜੀ ॥ ੧ ॥...
ਅੰਤ : ...ਇਹੁ ਪੰਜਾਹੁ ਸਾਖੀਆ ਦਸਾ ਪਾਤਿਸਾਹੀਆ ਕੀਆ ਪੂਰੀਆ ਹੋਈਆ ॥ ਫੁਨਹੇ ॥ ਸੇਵਾ ਦਾਸ ਉਦਾਸੀ ਕੀਨੀ ਪਰਚੀ ਗੁਰੂ ਉਸਤਤੁ ਕੀ ॥ ਪੋਥੀ ਪ੍ਰੇਮ ਕੇਸਰ ਚਰਚਰੀ ॥ ਗੁਰ ਉਸਤਤਿ ਬੇਅੰਤੁ ਅਗਮ ਅਪਾਰ ਜੀ ॥ ਕੁਛ ਭਲੇ ਕੌ ਕੀਨਾ ਛੁਦ੍ਰ ਉਚਾਰ ਜੀ ॥ ੧ ॥ ਇਤ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣੰ ਸਮਾਪਤੰ ਸੁਭ ਮਸਤੁ ॥ ੧ ॥.

ਹੱਥ ਲਿਖਤ ਨੰ : MS 199 ਅ
ਸਿਰਲੇਖ : ਸਿੱਖਾਂ ਦੀ ਭਗਤਮਾਲਾ
ਲੇਖਕ : ਮਨੀ ਸਿੰਘ, ਭਾਈ
ਪੱਤਰੇ : 55 ੳ – 176 ੳ
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰਵੀਂ ਸਿਖਾਂ ਦੀ ਭਗਤ ਮਾਲਾ ॥ ਤਾਂ ਏਕ ਸਮੈ ਭਾਈ ਮੰਨੀ ਸਿੰਘ ਜੀ ਹੋਰਾਂ ਥੇ ਸਿਖਾਂ ਨੇ ਅਰਦਾਸ ਕੀਨੀ ॥ ਅਤੇ ਕਹਿਆ ਤੇ ਭਾਈ ਜੀ ਜੋ ਭਾਈ ਗੁਰਦਾਸ ਜੀ ਨੇ ਸਿਖਾ ਦੇ ਪਰਥਾਇ ਵਾਰ ਕੀਤੀ ਹੈ ॥ ਅਤੇ ਸਭ ਦੇਸਾਂ ਦੇਸਾਂ ਦੇ ਸਿਖਾਂ ਦੇ ਨਾਉ ਲਿਖੇ ਹੈਨ ॥...
ਅੰਤ : ...ਤੁਸਾਡਾ ਭੀ ਉਧਾਰ ਹੋਇ ਜਾਵੈਗਾ ॥ ਤਾਂ ਇਹੁ ਬਚਨ ਸੁਣਿ ਕਰਿ ਉਨਾ ਸਿਖਾਂ ਨੇ ਭਾਈ ਮਨੀ ਸਿੰਘ ਜੀ ਦੇ ਅਗੇ ਮਥਾ ਟੇਕਿਆ ॥ ਅਤੇ ਸ੍ਰੀ ਵਾਹਿਗੁਰੂ ਜੀ ਕਾ ਭਜਨ ਲਗੇ ਕਰਨ ॥ ਅਤੇ ਸਿਖਾ ਸੰਤਾ ਦੀ ਟਹਲ ਲਗੇ ਕਰਨ ॥ ਤਾਂ ਉਨਾ ਸਿਖਾਂ ਦਾ ਇਸੇ ਪ੍ਰਕਾਰ ਉਧਾਰ ਹੋਇ ਗਇਆ ॥ ਇਹੁ ਸਾਖੀਆ ਭਾਈ ਦੀ ਵਾਰ ਦੀਆਂ ਪੂਰੀਆ ਹੋਈਆਂ ॥ ਅਤੇ ਜੋ ਕੋਈ ਏਹੁ ਸਾਖੀਆ ਪੜੇਗਾ ਸੁਣੇਗਾ ਸੋ ਤਿਸ ਕੀ ਮੁਕਤ ਹੋਇ ਜਾਵੈਗੀ ॥ ੧੬੩ ॥ ਬੋਲੋ ਭਾਈ ਜੀ ਵਾਹੁਗਰੂ ॥ ਸਾਖੀ ਪੂਰੀ ਹੋਈ ॥ ਆਗੇ ਸਾਖੀਆਂ ਦਾ ਤਤਕਰਾ ਲਿਖਿਆ ॥ ਪਾਤਿਸਾਹੀ ਪਹਲੀ ॥ ੧ ॥ ... ਪਾਤਿਸਾਹੀ ਦਸਵੀ ॥ ੧● ॥ ਏਹੁ ਇਕ ਸੌ ਤੇਹਠ ਸਾਖੀਆਂ ਪੂਰੀਆ ਹੋਈਆ ॥ ੧੬੩ ॥ ਬੋਲੋ ਜੀ ਵਾਹੁਗੁਰੂ ॥ ਸਾਖੀ ਪੂਰੀ ਹੋਈ॥

ਹੱਥ ਲਿਖਤ ਨੰ : MS 199 ਏ
ਸਿਰਲੇਖ : ਗੋਸ਼ਟਿ ਜਪੁਜੀ ਦੇ ਪ੍ਰਮਾਰਥ
ਪੱਤਰੇ : 176 ੳ – 204 ਅ
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਆਗੇ ਗੋਸਟਿ ਜਪਜੀ ਦੇ ਪ੍ਰਮਾਰਥ ਕੀ ਚਲੀ ॥ ਤਾਂ ਏਕ ਬੇਰਿ ਗੁਰੂ ਨਾਨਕ ਜੀ ਅਤੇ ਭਾਈ ਬਾਲਾ ਅਰ ਮਰਦਾਨਾ ਏਹੁ ਤੀਨੋ ਜਣੇ ਸਾਰੀ ਧਰਤੀ ਕਾ ਸੈਲ ਕਰਤੇ ਕਰਤੇ ਸੁਮੇਰ ਪਰਬਤ ਊਪਰ ਜਾਇ ਖੜੇ ਹੋਏ ॥ ਚੌਰਾਸੀਆ ਸਿਧਾਂ ਕੇ ਪਾਸ ॥ ਅਰੁ ਜਾਇ ਗੁਰੂ ਬਾਬੇ ਜੀ ਨੇ ਸਿਧਾਂ ਕੋ ਆਦੇਸ ਆਦੇਸ ਕੀਆ ॥…
ਅੰਤ : … ਤਾਂ ਸਭਨਾ ਸਿਧਾ ਨੇ ਗੁਰੂ ਨਾਨਕ ਜੀ ਨੂ ਨਮਸਕਾਰ ਕੀਤਾ ॥ ਤਾਂ ਗੁਰੂ ਨਾਨਕ ਜੀ ਕਹਦੇ ਹੈਨ ਜੋ ਕੋਈ ਏਹੁ ਜਪਜੀ ਦੀ ਗੋਸਟ ਪੜੇਗਾ ॥ ਅਤੇ ਸੁਣੇਗਾ ਸੋ ਉਸ ਦਾ ਉਧਾਰ ਹੋਇ ਜਾਵੈਗਾ ॥ ਅਰੁ ਜਨਮ ਮਰਨ ਉਸ ਦਾ ਕਟਿਆ ਜਾਵੈਗਾ ॥ ਤਾਂ ਗੁਰੂ ਨਾਨਕ ਜੀ ਨੇ ਏਹੁ ਜਪਜੀ ਦੀ ਗੋਸਟਿ ਕਰਕੇ ਸਾਰੀ ਸਿਧ ਮੰਡਲੀ ਨੂ ਜੀਤਿਆ ॥ ਅਤੇ ਆਪਣਾ ਪੰਥ ਗੁਰੂ ਬਾਬੇ ਜੀ ਨੇ ਨਿਰਾਲਾ ਕੀਤਾ ॥ ਸੋ ਏਹੁ ਜਪਜੀ ਦੀ ਗੋਸਟਿ ਪੂਰੀ ਹੋਈ ॥੧॥ ਬੋਲੋ ਭਾਈ ਜੀ ਵਾਹਿਗੁਰੂ ॥ ਸਾਖੀ ਪੂਰੀ ਹੋਈ ॥ = ॥ = ॥

ਹੱਥ ਲਿਖਤ ਨੰ : MS 199 ਸ
ਸਿਰਲੇਖ : ਸ੍ਰੀ ਭਗਵਤ ਗੀਤਾ
ਅਨੁਵਾਦਕ : ਕਿਸ਼ੋਰ ਦਾਸ
ਪੱਤਰੇ : 1– 126
ਸਮਾਂ : ਸੰਮਤ 1894
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪਹਿਲੇ ਅਤੇ ਆਖਰੀ ਪੱਤਰੇ ਤੇ ਡਿਜ਼ਾਇਨ, 125 ਪੱਤਰੇ ਤੇ ਅੰਤ ਹੈ ਅਤੇ 126 ਪੱਤਰੇ ਤੇ ਇਸ ਦਾ ਮਹਾਤਮ ਦਿੱਤਾ ਹੈ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਇ ਨਮਹ ॥ ਅਥ ਸ੍ਰੀ ਭਗਵਤ ਗੀਤਾ ਲਿਖਸਤੇ ॥ ੧ ॥ ਓਨਮਹੁ ਸ੍ਰੀ ਕ੍ਰਿਸਨਾਇ ਨਮਹ ॥ ਸ੍ਰੀ ਬਿਸ੍ਵੇਸੁਰਾਇ ਨਮਹ ਆਦਿ ਪੁਰਖਾਇ ਨਮਹ ॥ ਜਗਤ ਬੰਧੂ ਜੀਆ ਕੇ ਜਾਨਣਿ ਹਾਰੁ ॥…
ਅੰਤ : … ਸੋ ਇਸ ਕਾ ਮਹਾਤਮ ਕਹਿਆ ਹੈ ॥ ਹੇ ਲਖਮੀ ਏਹੁ ਅੰਮ੍ਰਿਤ ਕਾ ਪ੍ਰਵਾਹੁ ਸ੍ਰੀ ਗੀਤਾ ਜੀ ਹੈ ॥ ਸ੍ਰੀ ਗੀਤਾ ਜੀ ਕਾ ਮਹਾਤਮ ਸੰਪੂਰਨ ਭੈਆ ॥ ਸੁਭੰ ਮਸਤਿ ਸਰਬਿ ਜੁਗਤਾ ॥ ਸੁਭੰ ਮਸਤਿ ॥ ਨਮੋ ਨਮੋ ਸ੍ਰੀ ਗੁਰ ਦੇਵ ਜੂ ॥ ੧ ॥ = ॥ ਸੰਮਤੁ ਸਸਿ ਨਾਗ ਕੁਲ ਸਹਸ ਚੌਰਾਨ ॥ ਵੈਜਾਨ ॥ ਰਵਿ ਦਿਨ ਥਿਤੀ ਦੁਆਦਸੀ ਪੂਰਨ ਭਾਈ ਸੁਜਾਨ ॥ ੧ ॥

ਹੱਥ ਲਿਖਤ ਨੰ : MS 199 ਹ
ਸਿਰਲੇਖ : ਪੁਤਲੀਆਂ ਰਾਜੇ ਬਿਕ੍ਰਮਜੀਤ ਕੀਆ
ਪੱਤਰੇ : 127 ੳ – 214 ੳ
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਪੁਤਲੀਆ ਰਾਜੇ ਵਿਕ੍ਰਮਜੀਤ ਪਰਉਪਕਾਰੀਆਂ ਲਿਖਤੇ ॥ ਜਬ ਰਾਜਾ ਭੋਜ ਸੁਭ ਮਹੂਰਤ ਪੁਛ ਕਰ ਰਾਜਾ ਵਿਕ੍ਰਮਜੀਤ ਕੇ ਸਿੰਘਾਸਨ ਪਰ ਬੈਸਨੇ ਕੀ ਮਨਸਾ ਧਾਰੀ ॥ ਤਬ ਪੁਤਲੀ ਪਹਿਲੀ ਬੋਲੀ ਜੋ ਹੇ ਰਾਜਾ ਭੋਜ ਜੋ ਕੋਊ ਰਾਜਾ ਵਿਕ੍ਰਮਜੀਤ ਕੀ ਨਿਆਈ ਪ੍ਰਾਕਰਮ ਬਲ ਧਰਤਾ ਹੋਵੈ ਸੋ ਪੁਰਖ ਯਾ ਸਿੰਘਾਸਨ ਊਪਰ ਪਾਂਉ ਧਰੈ ॥...

ਅੰਤ : ... ਤੂੰ ਚਿੰਤਾ ਮਤਿ ਕਰਿ ॥ ਮੈ ਸਦੀਵ ਤੁਮਾਰੇ ਹੀ ਪਾਸ ਰਹੋਗਾ ॥ ਤੂੰ ਸਤਵਾਦੀ ਸਤਿਆਵਾਨੁ ਹੈ ॥ ਤਬ ਸਤ ਕੇ ਆਵਨੇ ਤੇ ਲਛਮੀ ਭੀ ਫਿਰਿ ਆਈ ॥ ਤਬ ਪੁਤਲੀ ਬਤੀਸਵੀ ਕਹਿਆ ॥ ਹੇ ਰਾਜਾ ਭੋਜ ਜੋ ਕੋਊ ਐਸਾ ਉਦਾਰ ਧੀਰਜਵਾਨ ਪੁਰਖੁ ਹੋਵੈ ਸੋ ਯਾ ਸਿੰਘਾਸਨ ਪਰ ਆਸਨ ਕਰੇ ॥੩੨॥ ਪੁਤਲੀ ਬਤੀਸਵੀ ਨਰਾਇਣ ਜੀ ਕੀ ਕ੍ਰਿਪਾ ਤੇ ਪੂਰਨ ਭਈ ॥

ਹੱਥ ਲਿਖਤ ਨੰ : MS 199 ਕ

ਸਿਰਲੇਖ : ਬੈਤਾਲ ਪਚੀਸੀ

ਲੇਖਕ : ਪ੍ਰਹਿਲਾਦ

ਲਿਪੀ ਕਾਲ : ਸੰਮਤ 1894 ਰਚਨਾ ਕਾਲ: ਸੰਮਤ 1661

ਸਥਾਨ : ਅੰਮ੍ਰਿਤਸਰ

ਪੱਤਰੇ : 214 ਅ – 273 ਅ

ਆਕਾਰ : 24X35 ਸ.ਮ. ਲਿਖਤ: 15X21 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸ੍ਰੀ ਗਣੇਸ ਜੀ ਸਹਾਇ ॥ ਅਥ ਬੇਤਾਲ ਪੰਚੀਸੀ ਲਿਖਜਤੇ ॥ ਛਪੈ ॥ ਤੀਨ ਲੋਕ ਮੈ ਪ੍ਰਗਟ ਨਾਮ ਗਨਪਤੀ ਕਹਾਵੈ ॥ ਦੇਵ ਮੁਨੀਸ੍ਵਰ ਸਕਲ ਜੋਰ ਕਰ ਤਾਹਿ ਧਿਆਵੈ ॥ ਦਆਵੰਤ ਆਨੰਤ ਦੀਉ ਵਰ ਸੰਕਰ ਤੋਹੀ ॥ ਕਥਾ ਕਹੌ ਕਰਿ ਜੋਰਿ ਵੇਗ ਵਰ ਦੀਜੈ ਮੋਹੀ ॥...

ਅੰਤ : ... ਇਤਿ ਸ੍ਰੀ ਬੈਤਾਲ ਪਚੀਸੀ ਬਿਕ੍ਰਮਜੀਤ ਸਬੰਧੀ ਕਥਾ ਸਮਾਪਤੰ ॥ ਸੰਮਤੁ ੧੮੮੪ ਅਸੂ ਵਿਚਿ ਦਸਹਿਰੇ ਵਾਲੇ ਦਿਨੁ ਪੂਰਨ ਭਈ ਸ੍ਰੀ ਅੰਮ੍ਰਿਤਸਰ ਜੀ ਲਿਖਵਾਈ ਭਾਈ ਦੀਵਾਨ ਸਿੰਘ ਗ੍ਰੰਥੀ ਨੇ ਪਰਸੁਆਰਥ ਵਾਸਤੇ ਸਿਖਾਂ ਦੇ ਗੁਰੂ ਕਾ ਸਿਖ ਹੈ ਆਇਆ ਪੈਸਾ ਰਖਦਾ ਨਹੀ ਪਾਸ ॥ ੧ ॥

ਹੱਥ ਲਿਖਤ ਨੰ : MS 199 ਖ

ਸਿਰਲੇਖ : ਜ਼ਫਰਨਾਮਾ ਸਟੀਕ

ਲੇਖਕ : ਗੁਰੂ ਗੋਬਿੰਦ ਸਿੰਘ

ਪੱਤਰੇ : 1 – 50 ਅ

ਆਕਾਰ : 24X35 ਸ.ਮ. ਲਿਖਤ: 15X21 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਕਾਨੀ ਬਦਲੀ ਹੋਈ

ਆਰੰਭ : ੧ੴ ਵਾਹਗੁਰੂ ਜੀ ਕੀ ਫਤੇ ॥ ਹੁਕਮੁ ਸਤਿ ਜਫਰਨਾਮਹ ਸ੍ਰੀ ਮੁਖਵਾਕ ਪਾਤਸਾਹੀ ੧● ॥ ਕਮਾਲੇ ਕਰਾਮਾਤ ਕਾਯਮ ਕਰੀਮ ॥ ਰਜਾ ਬਖਸ ਰਾਜ ਕਰਹਾ ਕੋ ਰਹੀਮ ॥ ਟੀਕਾ ॥...

ਅੰਤ : ... ਤਾਹੀ ਚੌਥੇ ਦਿਨੋ ਉਪਰੰਤ ਸਿਖ ਆਏ ॥ ਓਨਾ ਆਇ ਕਹਿਆ ਜੀ ਅਰੰਗਾ ਮਾਰਿਆ ॥ ਬੋਲ ਵਾਹਗੁਰੂ ਜੀ ਕੀ ਫਤੇ ॥ ਜੋ ਕੋਈ ਗੁਰੂ ਕਾ ਸਿਖ ਸੁਣੇਗਾ ਪੜੇਗਾ ਵਿਚਾਰੇਗਾ ਉਸਦੀ ਸਰਬ ਭਾਵਨਾ ਪੂਰੀ ਹੋਵੇਗੀ ॥ ਮੁਕਤ ਹੋਵੇਗਾ ਜਨਮ ਮਰਨ ਤੀ ਛੁਟੇਗਾ ਬਡਾ ਫਲੁ ਹੈ ਇਸ ਜੇਹਾ ਅਵਰ ਫਲੁ ਕੋਈ

ਨਾਹੀ ॥ ਜਫਰਨਾਮਾ ਪੜੇ ਸੁਣੇ ਤੇ ਜੰਗ ਵਿਚ ਜਾਵੇ ਤਿਸ ਕੀ ਫਤੇ ਹੋਵੈਗੀ ਜਿਵੇ ਅਰੰਗੇ ਨੂ ਮਾਰ ਫਤੇ ਪਾਈ ॥ ਤਿਵੇ ਸੁਣਨ ਪੜਨਵਾਲਾ ਫਤੇ ਪਾਵੇਗਾ ॥ ਬੋਲੋ ਜੀ ਵਾਹਗੁਰੂ ਵਾਹਗੁਰੂ ਵਾਹਗੁਰੂ ਜੀ ॥੧॥

ਹੱਥ ਲਿਖਤ ਨੰ : MS 199 ਗ
ਸਿਰਲੇਖ : ਸ੍ਰੀ ਭਾਗਵਤ ਦਸਮ ਸਿਕੰਧ ਭਾਖਾ
ਲੇਖਕ : ਕ੍ਰਿਸ਼ਨ ਦਾਸ
ਪੱਤਰੇ : 1 – 240
ਆਕਾਰ : 24X35 ਸ.ਮ. ਲਿਖਤ: 15X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਅੰ ਸ੍ਰੀ ਗੇਣਸਾਇ ਨਮਹਿ ॥ ਅਥ ਸ੍ਰੀ ਭਾਗਵਤ ਦਸਮ ਸਿਕੰਧ ਲਿਖਤੇ ॥ ਦੋ ਮਤ ਘਟ ਮਹਿ ਪਰਸਪਰ ਬੋਲਤ ਏਕ ਸਮਾਨ ॥ ਇਕ ਗਾਵੈ ਗੁਣ ਸਿਆਮ ਕੈ ਇਕ ਬਰਜੈ ਸੁਰ ਗਿਆਨ ॥ ਸੁਨਹੁ ਸਖੀ ਮਤੁ ਜਸ ਕਰਹਿ ਚੁਪ ਕਰਿ ਜਾਹਿ ਨ ਬੋਲ ॥ ਨਿਪਟਿ ਦੀਨ ਤੂੰ ਦੂਬਰੀ ਵਹ ਪ੍ਰਭ ਖਰੇ ਅਤੋਲ ॥…
ਅੰਤ : … ਪੂਜੈ ਸਦਾ ਬਨਾਇ ਬਨਾਇ ॥ ਗਾਵੈ ਪੜੈ ਨ ਨੈਕ ਅਘਾਇ ॥ ਦਿਸਟ ਅਗੋਚਰੋ ਹਨ ਸਿਆਮ॥ ਪੂਰਨ ਕਰਹੁ ਹਮਾਰੇ ਕਾਮ ॥ ਅੰਤਰਿਜਾਮੀ ਜੀ ਕਰਤਾਰ ॥ ਮਾਨਹੁ ਸੇਵਕ ਕਰੀ ਪੁਕਾਰ॥ ਐਸੀ ਕ੍ਰਿਪਾ ਕ੍ਰਿਪਾ ਨਿਧ ਕਰਹੁ ॥ ਸਭੈ ਬਾਤ ਤਨ ਮਨ ਤੇ ਜਰਹੁ ॥ ਅੰਤਰ ਬਾਹਰਿ ਤੁਮ ਹੀ ਬਸਦ ॥ ਅੰਤਹਿ ਸਮਹਿ ਹਮ ਸਿਉ ਰਸਹੁ ॥ ਜੈ ਜੈ ਜੈ ਕਰਣਾ ਭੰਡਾਰ ॥ ਜਨ ਨਿਹਾਲ ਪਗ ਪਰਿ ਬਲਿਹਾਰ॥ ੧੯੧ ॥ ਇਤਿ ਸ੍ਰੀ ਭਾਗਵਤ ਦਸਮ ਸਿਕੰਧ ਭਾਖਾ ਕ੍ਰਿਸਨ ਦਾਸ ਕ੍ਰਿਤ ਸਮਾਪਤੰ ॥੧॥

ਹੱਥ ਲਿਖਤ ਨੰ : MS 200
ਸਿਰਲੇਖ : ਜਨਮ ਪਤ੍ਰੀ ਬਾਬੇ ਨਾਨਕ ਜੀ ਕੀ (ਜਨਮ ਸਾਖੀ ਭਾਈ ਬਾਲਾ)
ਲੇਖਕ : ਪੈੜਾ ਮੋਖਾ
ਰਚਨਾ ਕਾਲ : ਸੰਮਤ 1582
ਪੱਤਰੇ : 1 – 380
ਆਕਾਰ : 18X24 ਸ.ਮ. ਲਿਖਤ: 12X16 ਸ.ਮ.
ਵੇਰਵਾ : ਜਿਲਦ ਚਮੜਾ ਗੱਤਾ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਪਹਿਲੇ 10 ਪੱਤਰਿਆਂ ਤੇ ਖੜ੍ਹੇ ਰੁਖ ਦੋਹਰਾ ਹਾਸ਼ੀਆ (ਇਕ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਦੂਸਰਾ ਦੋ ਲਾਲ ਲਕੀਰਾਂ), ਬਾਕੀ ਪੋਥੀ ਵਿਚ ਇਕਹਰਾ ਹਾਸ਼ੀਆ (ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ) ਸਤਰਾਂ ਪ੍ਰਤੀ ਪੰਨਾ -11
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ ਖੁਰਦਾ, ਸ਼ੁਰੂ ਦੇ ਪੰਜ ਪੱਤਰਿਆਂ ਤੇ ਸਾਖੀਆਂ ਦਾ ਤੱਤਕਰਾ ਦਿਤਾ ਹੈ, ਸ਼ੁਰੂ ਵਿਚ 4 ਅਤੇ ਅੰਤ ਤੇ 10 ਹਾਸ਼ੀਏ ਵਾਲੇ ਪੱਤਰੇ ਖਾਲੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ॥ ਸੰਮਤ ਪੰਦ੍ਰ ਸੈ ਬਿਆਸੀਆ ੧੫੮੨ ਮਿਤੀ ਵੈਸਾਖ ਸੁਦੀ ॥ ੫ ॥ ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਦੇ ਖਤਰੇਟੇ ਗੁਰੂ ਅੰਗਦ ਜੀ ਲਿਖਵਾਈ ॥ ਪੈੜੇ ਲਿਖੀ ॥ ਮੁਖਸਤ ਬਾਲੇ ਸੰਧੂ ਜਟੇਟੇ ਕੀ ॥ ਰਾਇ ਭੋਏ ਦੀ ਤਲਵੰਡੀ ਅਹੁ ਆਇਆ ਆਹਾ ॥…

ਅੰਤ : ...ਹਾਸਲ ਬਹੁਤ ਖਰਚ ਕੁਛ ਨਾਹੀ ਕਰੇ ਤਗੀਰ ਨ ਕੋਈ ॥ ਨਾਨਕ ਐਸੀ ਉਮਦੀ ਖਿਜਮਤ ਬਿਨ ਭਾਗਾ ਕਿਉ ਹੋਈ ॥ ੪ ॥ ੧ ॥ ਏਹ ਸਬਦ ਤਲਵੰਡੀ ਹੋਇਆ ਆਹਾ ॥ ਬੋਲਹੁ ਭਾਈ ਜੀ ਵਾਹਗੁਰੂ ॥ ਸਾਖੀ ਹੋਰ ਚਲੀ ॥ ਸੰਪੂਰਨ ਹੋਈ ॥ ਅਖਰ ਵਾਧਾ ਘਾਟਾ ਸੋਧ ਪੜਣਾ ॥ ਮਨੁਖ ਭੁਲਾ ਹੋਇਆ ਹੈ ॥ ਗੁਰੂ ਬਾਬਾ ਨਾਨਕ ਬਖਸਿੰਦ ਹੈ ॥

ਹੱਥ ਲਿਖਤ ਨੰ : MS 201
ਸਿਰਲੇਖ : ਜਨਮ ਪਤ੍ਰੀ ਬਾਬੇ ਨਾਨਕ ਜੀ ਕੀ (ਜਨਮ ਸਾਖੀ ਭਾਈ ਬਾਲੇ ਵਾਲੀ)
ਲੇਖਕ : ਪੈੜਾ ਮੋਖਾ
ਰਚਨਾ ਕਾਲ : ਸੰਮਤ 1582
ਪੱਤਰੇ : 437
ਆਕਾਰ : 11X16 ਸ.ਮ. ਲਿਖਤ: 8X11 ਸ.ਮ.
ਵੇਰਵਾ : ਜਿਲਦ ਚਮੜਾ, ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ ਦੋ ਲਾਲ ਤੇ ਤਿੰਨ ਕਾਲੀਆਂ ਵਿਚ ਇਕ ਮੋਟੀ ਸੰਤਰੀ ਲਕੀਰ, ਸਤਰਾਂ ਪ੍ਰਤੀ ਪੰਨਾ 9
ਆਮ ਵੇਰਵਾ : ਗ੍ਰੰਥ ਕਿਰਮ ਖੁਰਦਾ ਹੈ ਹਾਲਤ ਬਹੁਤੀ ਚੰਗੀ ਨਹੀਂ, ਗ੍ਰੰਥ ਦੇ ਪਹਿਲਾਂ 7 ਪੱਤਰੇ ਬਾਅਦ ਵਿਚ ਇਕ ਪੱਤਰਾ ਖਾਲੀ ਹੈ । ਕਾਗਜ਼ ਕਸ਼ਮੀਰੀ, ਪਤਲਾ ਤੇ ਭੂਰੇ ਰੰਗ ਦਾ ਹੈ । ਜਿਲਦ ਉਤੇ ਮੁਗਲ ਆਰਟ ਦਾ ਨਮੂਨਾ ਹੈ । ਸੁਰਖੀਆਂ ਤੇ ਅੰਕ ਲਾਲ ਸਿਆਹੀ ਨਾਲ ਦਿਤੇ ਹਨ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ " ਸਮਤੁ ਪੰਦ੍ਰਾ ਸੈ ਬਿਆਸੀਆ ॥ ਮਿਤੀ ਵੈਸਾਖ ਸੁਦੀ ਪੰਜਮੀ ॥ ਪ ॥ ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਦੇ ਖਤਰੇਟੇ ॥ ਗੁਰੂ ਅੰਗਦ ਜੀ ਲਿਖਵਾਈ ॥ ਪੈੜੇ ਲਿਖੀ ॥ ਮੁਖਾਸਤ ਬਾਲੇ ਸੰਧੂ ਜਟੇਟੇ ਕੀ ॥ ਰਾਇ ਭੋਏ ਦੀ ਤਲਵੰਡੀ ਅਹੁ ਆਇਆ ਆਹਾ ॥ ਗੁਰੂ ਅੰਗਦ ਨੂ ਢੂਢਿ ਲਧਾ ਆਹਾ ॥...
ਅੰਤ : ...ਤਾ ਬਾਲਾ ਗੁਰੂ ਅੰਗਦ ਜੀ ਪਾਸਿ ਰਹਿਆ ॥ ਜਾ ਦੁਇ ਮਹੀਨੇ ਪੂਰੇ ਹੋਏ ਤਾ ਬਾਲੇ ਦੀ ਦੇਹ ਛੁਟੀ ॥ ਆਪਣੇ ਹਥੀ ਗੁਰੂ ਅੰਗਦ ਜੀ ਅਲੰਬੂ ਦਿੱਤਾ ॥ ਹੋਰ ਸਿੱਖ ਹਥੁ ਪਕੜਿ ਰਹੇ ॥ ਤਾ ਗੁਰੂ ਅੰਗਦ ਜੀ ਆਖਿਆ ਭਾਈ ਸਿਖੋ ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭੇਦੁ ਕੋਈ ਨਾਹੀ ਸੀ । ਏਹੋ ਗੁਰੂ ਅਤੇ ਸਿਖ ਦਾ ਭੇਦੁ ਆਹਾ ॥ ੮੭ ॥ ਬੋਲੋ ਭਾਈ ਸਿਖੋ ਵਾਹਿਗੁਰੂ ਵਾਹਿਗੁਰੂ ਜਪਣਾ ਜਨਮ ਸੁਧਾਰਣਾ ॥ = ॥ = ॥ = ॥ = ॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 202
ਸਿਰਲੇਖ : ਗੁਰਬਿਲਾਸ ਗ੍ਰੰਥ (ਗੁਰਬਿਲਾਸ ਪਾਤਸ਼ਾਹੀ 6)
ਲੇਖਕ : ਕੋਇਰ ਸਿੰਘ
ਲਿਪੀ ਕਾਲ : ਸੰਮਤ 1926
ਰਚਨਾ ਕਾਲ : ਸੰਮਤ 1775
ਸਥਾਨ : ਪਿੰਡੀ ਘੇਬ
ਪੱਤਰੇ : 320
ਆਕਾਰ : 26X34 ਸ.ਮ. ਲਿਖਤ: 18X25 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ਼ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 19.
ਆਮ ਵੇਰਵਾ : ਗ੍ਰੰਥ ਵਿਚ ਪਹਿਲੇ 8, ਅੰਤ ਵਿਚ 7 ਪੱਤਰੇ ਖਾਲੀ ਹਨ । ਗ੍ਰੰਥ ਦੀ ਹਾਲਤ ਖਸਤਾ, ਭਿੱਜਿਆ ਹੋਇਆ ਅਤੇ ਕਿਰਮ ਖੁਰਦਾ ਹੈ । ਇਸ ਵਿਚ ਸੁਰਖੀਆਂ ਲਾਲ ਸਿਆਹੀ ਨਾਲ ਦਿਤੀਆ ਹਨ ।

ਗ੍ਰੰਥ ਦਾ ਆਖੀਰਲਾ ਪੰਨਾ ਫਟਿਆ ਹੋਇਆ ਹੈ ਤੇ ਪੜਨਯੋਗ ਨਹੀਂ ਹੈ । ਪਤਰਾ ਨੰਬਰ 295-296 ਛੋਟੇ ਆਕਾਰ ਵਿਚ ਬਿਲਕੁਲ ਖਾਲੀ, 301 ਤੋਂ 319 ਤਕ ਭਿੱਜਣ ਕਾਰਨ ਜੁੜੇ ਹੋਏ, ਪਤਰਾ ਨੰ 310 ਓ ਕੁਝ ਖਾਲੀ, ਪੱਤਰਾ ਨੰ: 320 ਦਾ ਉਤਲਾ ਹਿੱਸਾ ਫੱਟਿਆ ਹੋਇਆ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ "ਸ੍ਰੀ ਭਗਉਤੀ ਜੀ ਸਹਾਇ ॥ ਸ੍ਰੀ ਅਕਾਲ ਜੀ ਸਹਾਇ ॥ ਅਥ ਗੁਰ ਬਿਲਾਸ ਗ੍ਰੰਥ ਲਿਖਯਤੇ ॥ ਦੋਹਰਾ "ਨਮਸਕਾਰ ਸ੍ਰੀ ਗੁਰੂ ਕੋ ਬੰਦੋ ਬਾਰੰਬਾਰ"...

ਅੰਤ : ...ਇਤਿ ਸ੍ਰੀ ਗੁਰ ਬਿਲਾਸ ਸ੍ਰੀ ਗੁਰੂ ਹਰਿ ਗੋਵਿੰਦ ਜੀ ਜੋਤੀ ਜੋਤ ਸਮਾਏ ਬਰਨਨੰ ਨਾਮ ਇਕੀਸਮੋ ਧਿਯਾਇ ਸਮਾਪਤੰ ॥ ਮਸਤੁ ਸੁਭਮਸਤ ॥ ੨੧ ॥ ਸੰਮਤ ੧੭੭੫ ਹੋਈ ਭੂਲ ਚੂਕ ਬਖਸਣੀ ਪੋਥੀ ਰਾਗ ਬਿਲਾਸ ਦੀ ਲਿਖੀ ਭਾਈ ਗੁਲਾਬ ਸਿੰਘ ॥ ਬਸਾਲੀ ਵਾਲੇ ਪੁਤਰੈ ਬਾਨੇ ਦੇਏ ਉਭਰਾਏ ਬੁਧ ਸੰਮਤ ੧੯੨੬ ਉਨੀ ਸੈ ਛਬੀਵੇ ਮਿਤੀ ਸਾਵਣ ਦਿਨੇ ॥ ਅਖਰ ਵਾਧਾ ਘਾਟਾ ਸੋਧ ਪੜਨਾ ॥

ਹੱਥ ਲਿਖਤ ਨੰ : MS 203
ਸਿਰਲੇਖ : ਸੌ ਸਾਖੀ (ਸ੍ਰੀ ਗੁਰ ਰਤਨ ਮਾਲ)
ਲੇਖਕ : ਸਾਹਿਬ ਸਿੰਘ
ਲਿਖਾਰੀ : ਚੰਦ ਕੌਰ
ਲਿਪੀ ਕਾਲ : ਸੰਮਤ 1905 ਰਚਨਾ ਕਾਲ: ਸੰਮਤ 1791
ਸਥਾਨ : ਪਟਨਾ ਸਾਹਿਬ
ਪੱਤਰੇ : 1-220
ਆਕਾਰ : 12X19 ਸ.ਮ. ਲਿਖਤ: 8X13 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ- 9
ਆਮ ਵੇਰਵਾ : 217 ਓ ਤੱਕ ਪਾਠ ਚਲਦਾ ਹੈ, ਅਗੋਂ ਪੱਤਰੇ ਖਾਲੀ ਹਨ, ਪੋਥੀ ਉਖੜੀ ਹੋਈ, ਕਿਤੇ ਕਿਤੇ ਹਾਸ਼ੀਏ ਵਿਚ ਲਿਖਤ, ਸ਼ੁਰੂ ਵਿਚ 6 ਅਤੇ ਅੰਤ ਤੇ 4 ਬਿਨਾਂ ਹਾਸ਼ੀਏ ਦੇ ਪੱਤਰੇ ਖਾਲੀ ਹਨ ।
ਆਰੰਭ : ੧ਓ ਸਤਿਨਾਮ ਸਾਖੀ ਚਲੀ ਪਟਣਵਾਲ ਸ੍ਰੀ ਗੁਰੂ ਜਨਮ ਤੀਰਥ ਪਾਤਸ਼ਾਹੀ ੧● ॥ ਬੁਢੇ ਸਾਹਿਬ ਰਾਮ ਕੌਰ ਜੀ ਕੇ ਹਜੂਰ ਵਾਕ ਜਥਾ ਮਤਿਗੁਰੂ [ਸਤਿਗੁਰੂ] ਵਾਕ ਲਿਖਯਤੇ ॥ ਸ੍ਰੀ ਗੁਰੂ ਸਾਹਿਬ ਜੀ ਲਿਖਾਇ ਦਿਤੀ ॥ ਦੋਹਰਾ ॥ ਸੰਬਤ ਵਿਕ੍ਰਮ ਭੂਪਤੀ ਸਤਾਰਾ ਸਤ ਨੌ ਏਕ ॥ ਮਾਹਿ ਵੈਸਾਖੀ ਵਾਰ ਗੁਰ ਮਲਕੀ ॥ [ਸਲਕੀ] ਦੁਤੀਆ ਭੇਕ ॥ ੧ ॥ ਸਾਹਿਬ ਦਾਸ ਸੰਗਤਿ ਮਾਹਿ ਸਿਖਨ ਕਰਯੋ ਬਿਬੇਕ ॥ ਏਹ ਲਿਖਾਰੀ ਗੁਰੂ ਹਿਤ ਸਾਖੀ ਲਿਖੇ ਅਨੇਕ ॥ ੨ ॥...
ਅੰਤ : ...ਹਰਿ ਹਰਿ ਮੁਖ ਤੇ ਬੋਲੀਏ ਬੋਲ ਵਾਹਿਗੁਰੂ ਮੰਤ ॥ ਊਚ ਨੀਚ ਕੁਲ ਜਨਮ ਨਾ ਜਾਂਤੇ ਭੁਲੋ ਨ ਸੰਤ॥ ੧●● ਸਾਖੀ ਪੂਰੀ ਹੋਈ ॥ ਬੋਲੋ ਵਾਹਿਗੁਰੂ ਜੀ ॥ ੧●● ॥ ਦੋਹਰਾ ॥ ਸੰਬਤ ਉਨੀ ਸਹਸ ਤੇ ਅਧਿਕ ਪੰਚ ਪੁਨਿਮਾਨ ॥ ਅਸੂ ਸੁਦਿ ਥਿਤ ਤ੍ਰੋਦਸੀ ਸੋਮਵਾਰ ਪਹਿਚਾਨ ॥ ਸਾਖਜਨ ਕੀ ਪੋਥੀ ਲਿਖੀ ਚੰਦ ਕੌਰ ਪ੍ਰੀਤਿ ॥ ਸਤਿਗੁਰ ਕੇ ਚਰਨੋ ਬਿਖੈ ਬਾਢੈ ਅਧਿਕ ਪ੍ਰਤੀਤਿ ॥

ਹੱਥ ਲਿਖਤ ਨੰ : MS 204
ਸਿਰਲੇਖ : ਤਨਖਾਹ ਨਾਮਾ
ਲੇਖਕ : ਭਾਈ ਨੰਦ ਲਾਲ
ਲਿਖਾਰੀ : ਗੋਧੇ
ਸਮਾਂ : ਸੰਮਤ 1884
ਸਥਾਨ : ਕੋਟਿ ਸੂਜਾ ਖਾਨ

ਪੱਤਰੇ : 186-200

ਆਕਾਰ : 15X20 ਸ.ਮ. ਲਿਖਤ: 12X15 ਸ.ਮ.

ਵੇਰਵਾ : ਜਿਲਦ ਤੋਂ ਬਗੈਰ, ਖੁਲ੍ਹੇ ਪੱਤਰੇ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 12

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ ਖੁਰਦਾ, ਕਿਸੇ ਹੋਰ ਪੋਥੀ ਦਾ ਹਿੱਸਾ ਜਾਪਦਾ ਹੈ ਕਿਉਂਕਿ ਪੱਤਰਾ ਅੰਕ 186 ਤੋਂ ਸ਼ੁਰੂ ਹੁੰਦਾ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਤਨਖਾਹ ਨਾਮਾ ਸ੍ਰੀ ਮੁਖ ਬਾਕ ਪਾਤਸਾਹੀ ॥ ੧● ॥ ਪ੍ਰਸਨ ਕਰਨਾ ਭਾਈ ਨੰਦ ਲਾਲ ਜੀ ਕਾ ॥ ਦੋਹਰਾ ॥ ਪ੍ਰਸਨ ਕੀਆ ਨੰਦ ਲਾਲ ਜੀ ॥ ਗੁਰੂ ਬਤਾਈਐ ਮੋਹਿ ॥ ਕਵਨ ਕਰਮ ਇਨ ਜੋਗੁ ਹੈਂ ਕਵਨ ਕਰਮ ਨਹੀ ਸੋਇ ॥ ੧ ॥…

ਅੰਤ : …ਪੋਥੀ ਸਾਹਿਬ ਜੀ ਭਾਈ ਦੇਵਾ ਸਿੰਘ ਲਿਖਵਾਈ ॥ ਦਾਸਨ ਦਾਸ ਗੋਧੇ ਲਿਖੀ ॥ ਮਿਤੀ ਮਿਘਰ ਦੀ ੮ ਸੰਮਤ ੧੯੮੪ ਬੁਧਵਾਰ ॥ ਸੁਭ ਮਹੂਰਤ ॥ ਕੋਟਿ ਸੂਜਾ ਖਾਨ ਦੇ ਵਿਚ ॥ ਨਿਰਗੁਨੀਆਰਿਆ ਦੀ ਬੇਨਤੀ ਤੁਮ ਸੁਨਉ ਗਰੀਬ ਨਿਵਾਜ ॥ ਜੇ ਹਮ ਪੂਤ ਕਪੂਤ ਹੈ ਤਉ ਪਿਤਾ ਕਉ ਲਾਜ ॥ ੧ ॥ ਸਲੋਕ ॥ ਕੁਲ ਕੁਟੰਬ ਬ੍ਰਹਰ ਬਿਰਖ ਨਖ ਸਿਖ ਕਾਟੋ ਪੂਰਿ ॥ ਬੁਧ ਬਸਤਰ ਫਾਟੈ ਸਦਾ ਨਰ ਜਬ ਰਹੀ ਅਦੂਰਿ ॥ ਸ੍ਰੀ ਰਾਮ ਜੀ ਸ੍ਰੀ ਕ੍ਰਿਸਨ ਜੀ ॥

ਹੱਥ ਲਿਖਤ ਨੰ : MS 206 ਸੰਗ੍ਰਹਿ

ਸਿਰਲੇਖ : ਸੀਹਰਫੀ ਹੀਰ ਕੀ

ਲੇਖਕ : ਜੋਗ ਸਿੰਘ

ਪੱਤਰੇ : 1 ਅ – 13 +7

ਆਕਾਰ : 12.5X7.5 ਸ.ਮ. ਲਿਖਤ: 9X6.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ ਪਰ ਉਖੜੀ ਹੋਈ, 11 ਓ ਤਕ ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, 11 ਅ ਤੋਂ ਅਗੇ ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 9. ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ

ਆਮ ਵੇਰਵਾ : ਅੰਤਲੇ 7 ਪੱਤਰਿਆਂ ਤੇ ਪੱਤਰਾ ਅੰਕ ਅੰਕਿਤ ਨਹੀ, ਸ਼ੁਰੂ ਵਿਚ 8 ਅਤੇ ਅੰਤ ਵਿਚ 16 ਪੱਤਰੇ ਬਿਨਾਂ ਹਾਸ਼ੀਆ ਦੇ ਖਾਲੀ ਹਨ, ਲਿਖਾਈ ਸੁੰਦਰ, ਕਈ ਥਾਈਂ ਕਾਨੀ ਬਦਲੀ ਹੋਈ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸਿਹਰਫੀ ਹੀਰ ਕੀ ਲਿਖਸਤੇ ॥ ਅਲਫ ਆਉ ਮਹਿਬੂਬ ਗੁਮਾਨੀਆ ਵੈ ਤੈਨੂੰ ਨਿਤ ਉਡੀਕਦੀ ਹੀਰ ਜਟੀ ॥ ਨੇਹੁ ਲਾਇ ਕੇ ਗਇਓ ਵਿਸਾਰ ਮੈਨੂੰ ਤੇਰੇ ਬ੍ਰਿਹੋ ਦੇ ਬਾਣ ਨੇ ਹੀਰ ਫਟੀ ॥ ਛਾਤੀ ਭੰਨ ਕਲੇਜਿਓ ਪਾਰ ਹੋਇਆ ਆਇ ਦੇਖ ਤੂੰ ਰਾਝਣਾ ਬੰਨ ਪਟੀ ॥ ਜੋਗ ਸਿੰਘ ਸਿਜਾਲ ਬਿਹਾਲ ਹੋਈ ਪ੍ਰੀਤ ਲਾਇਕੇ ਜਾਲਮਾ ਮਾਰ ਸੁਟੀ ॥ ੧ ॥…

ਅੰਤ : …ਯੇ ਯਾਰ ਮਿਲਾਇਆ ਹੈ ਰਬ ਤੈਨੂੰ ਸਹਿਤੀ ਆਖਦੀ ਹੀਰੇ ਵਧਾਈਆਂ ਨੀ ॥ ਅਜਿ ਘੜੀ ਸੁਲਖਣੀ ਖੈਰ ਦੀ ਹੈ ਰਾਂਝੇ ਨਾਲ ਤੈ ਅਖੀਆਂ ਲਾਈਆਂ ਨੀ ॥ ਅਨੀ ਵਿਛੜੇ ਜਿਨਾ ਨੂੰ ਯਾਰ ਮਿਲਦੇ ਹੀਰੇ ਧੰਨ ਤਿਨਾ ਦੀਆ ਮਾਈਆ ਨੀ ॥ ਜੋਗ ਸਿੰਘ ਰੰਝੇਟੜੇ ਹੀਰ ਮਿਲਕੇ ਪੰਡਾ ਦੁਖਾ ਤੇ ਦਰਦਾ ਦੀਆਂ ਨਦੀ ਵਹਾਂਈਆਂ ਨੀ ॥ ੩● ॥ ਸੰਪੂਰਨੰ ॥

ਹੱਥ ਲਿਖਤ ਨੰ : MS 206 ਅ ਸੰਗ੍ਰਹਿ

ਸਿਰਲੇਖ : ਮਾਝਾ ਸਾਵਣ ਕੀਆ

ਲੇਖਕ : ਸਾਵਣ

ਪੱਤਰੇ : 1 – 11 ਓ

ਆਕਾਰ : 12.5X7.5 ਸ.ਮ. ਲਿਖਤ: 9X6.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਮਾਝਾ ਸਾਵਣ ਕੀਆ ॥ ਦਿਨ ਪਹਿਲੇ ਮੈਨੂੰ ਸੋਚ ਸਜਨ ਦੀ ਵਿਛੜੇ ਨੀ ਅਜ ਵੇਲੀ ॥ ਹੋਇ ਹਰਾਂਨ ਖੜੀ ਵਿਚਿ ਦਰਦੇ ਸੁੰਵੀ ਦੇਖ ਹੰਬੇਲੀ ॥ ਦਰਦ ਫਿਰਾਕ ਮਾਹੀ ਦਾ ਢੂੰਢਾ ਜਗ ਵਿਚਿ ਫਿਰਾ ਅਕੇਲੀ ॥ ਸਾਵਣ ਯਾਰ ਲਚਾਰ ਖਲੋਤੀ ਕੰਤਾ ਬਾਝ ਇਕੇਲੀ ॥ ੧ ॥...
ਅੰਤ : ...ਦਿਨ ਤੀਹਵੇ ਮੇਰਾ ਬੇਲੀ ਆਯਾ ਫੁਲਾ ਛੇਜ ਵਿਛਾਈ ॥ ਰਲ ਮਿਲ ਸੋਹਿਲੇ ਗਾਂਵਣਿ ਸਈਆਂ ਘੜੀ ਮੁਮਾਰਖ ਪਾਈ ॥ ਨੇਵਰ ਦੇ ਝਲਕਾਰ ਸੁਹਾਵਣਿ ਠੁਮੁ ਠੁਮੁ ਕਰਦੀ ਆਈ ॥ ਸਾਵਣ ਯਾਰ ਬਹਾਰਾ ਹਰਿ ਦਮ ਸੁਕਰ ਮਾਹੀ ਗਲ ਲਾਈ ॥ ੩● ॥ ਸਾਵਣ ਕੀਆ ਮਾਝਾ ਸੰਪੂਰਣੰ ॥ ੧ ॥

ਹੱਥ ਲਿਖਤ ਨੰ : MS 207
ਸਿਰਲੇਖ : ਅੰਗ ਫੁਰਨ ਭਾਖਾ ਫਲ
ਲੇਖਕ : ਕ੍ਰਿਸਨ ਸਿੰਘ
ਲਿਖਾਰੀ : ਘਨਈਆ ਲਾਲ ਪੁਰਬੀਆ
ਸਮਾਂ : ਸੰਮਤ 1940 ਰਚਨਾ ਕਾਲ: ਸੰਮਤ 1889
ਪੱਤਰੇ : 1 – 33
ਆਕਾਰ : 8.5X11 ਸ.ਮ. ਲਿਖਤ: 6.5X8 ਸ.ਮ.
ਵੇਰਵਾ : ਜਿਲਦ ਗੱਤਾ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 6
ਆਮ ਵੇਰਵਾ : ਪੱਤਰੇ ਵੱਖੋ ਵੱਖ ਹੋਏ ਹਨ ।
ਆਰੰਭ : ੧ੴ ਸ੍ਰੀ ਸਤਿ : ਅਥ ਅੰਗ ਫੁਰਨ ਭਾਖਾ ਫਲ ਲਿਖਜਤੇ ॥ ਛਪੈ ॥ ਜੈ ਗੁਰ ਨਾਂਨਕ ਦੇਵ ਗੁਰੂ ਅੰਗਦ ਜਗ ਪਾਂਵਨ ॥... ਅੰਗ ਫੁਰਨ ਬ੍ਰਨਨ ਕਰੌਂ ਸੁਭ ਗੁਨ ਪੂਰਨ ਕੀਜੀਐ ॥ ੧ ॥ ਦੋਹਰਾ ॥ ਅੰਗ ਫੁਰਨ ਬ੍ਰਨਨ ਕਰੌਂ ਯਥਾ ਸੁਮਤਿ ਅਨੁਸਾਰ ॥ ਸਾਸਤ੍ਰੋਕਤ ਕਰ ਫਲ ਅਫਲ ਜਹਿ ਬਿਧ ਲਿਖਜੋ ਬਿਚਾਰ ॥ ੨ ॥...
ਅੰਤ : ...ਰਸੁ ਵਸੁ ਗਜੁ ਸਸੁ ਬਿਕ੍ਰਮੀ ਸੰਮਤ ਚੈਤ ਸੁਦੀਯ ॥ ਕ੍ਰਿਸਨ ਪਖ ਛਤਿਬ ਦਸਮ ਸੁਭ ਸੁਕ੍ਰਵਾਰ ਵਰਨੀਯ ॥ ੧੨੧ ॥ ਇਤ ਸ੍ਰੀ ਮਤ ਰਾਜ ਧਿਰਾਜ ਲੈਹਣਾ ਸਿੰਘ ਆਗਿਆ ਅਨੁਸਾਰ ਕਵਿ ਕਿਸਨ ਸਿੰਘੇਨ ਬ੍ਰਿਚ੍ਰਤੰ ॥ ਸਾਸਤ੍ਰੋਕਤ ਅੰਗ ਫੁਰਨ ਭਾਖਾ ਸਮਾਪਤੰ॥ ਦਸਤਖਤ ਦਾਸ ਘਨਈਯਾ ਲਾਲ ਪੁਰਬੀਯਾ ਸਿਪਾਹੀ ਬਿਂਗੁਲਨਿਵਾਜ ਕਾ ॥ ਭੂਲ ਚੁਕ ਮਾਫ ਕਰਨਾ ਸ੍ਰਬ ਗੁਰਮੁਖ ਜਨ ਅਪਨਾ ਦਾਸ ਸਮਝ ਕ੍ਰ ਸੁਧ ਕਰ ਲੇਣਾ ਜੀ ॥ ਮਿਤੀ ਬੈਸਾਖ ਸੁਦੀ ੧੪ ॥ ਚੰਦ੍ਰਵਾਰ ਦਿਨ ॥ ਸਾਲ ੧੯੪● ॥ ਜੇਰ ਪਰਵਿਸਟਾ ੯ ॥ ਅੰਗ ਫੁਰ ਭਾਖਾ ਸੰਪੂਰਣੰ ॥ ਸਮਾਪਤੰ ॥

ਹੱਥ ਲਿਖਤ ਨੰ : MS 208 ਸੰਗ੍ਰਹਿ
ਸਿਰਲੇਖ : ਦ੍ਰੌਪਤੀ ਚਰਿਤ੍ਰ
ਲੇਖਕ : ਰਾਮ ਦਾਸ
ਪੱਤਰੇ : 1 – 54 ੳ
ਆਕਾਰ : 7X13 ਸ.ਮ. ਲਿਖਤ: 5.5X10.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਪਰ ਉਪਰ ਵਾਲਾ ਹਿੱਸਾ ਨਹੀਂ ਹੈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁੱਖ ਦੋ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 5

ਆਮ ਵੇਰਵਾ : ਲਿਖਤ ਸੁੰਦਰ, ਸ਼ੁਰੂ ਵਿਚ ਅਤੇ ਅੰਤ ਤੇ ਹਾਸ਼ੀਏ ਵਾਲੇ ਤਿੰਨ ਤਿੰਨ ਪੱਤਰੇ ਖਾਲੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਦ੍ਰੋਪਤੀ ਚਰਿਤ੍ਰ ਲਿਖਜਤੇ ॥ ਇੰਦ੍ਰਪ੍ਰਸਤ ਕੇ ਮਾਹਿ ਪੰਡਵਾ ਜਗ ਰਚਾਯੋ ॥ ਕੀਓ ਰਾਜ ਸੂਜਗ ਭੂਪ ਸਭ ਦੇਸ ਬੁਲਾਯੋ ॥ ਸਭ ਰਾਜਾ ਆਏ ਤਹਾਂ ਪੂਜਾ ਕਰਤ ਬਨਾਇ॥ ਚਉਰ ਢੁਲਾਵਤ ਭੂਪ ਕਉ ਸ੍ਰੀ ਪਤਿ ਜਾਦੌ ਰਾਇ ॥ ੧ ॥...

ਅੰਤ : ...ਕਰੀ ਹੈ ਪੁਕਾਰ ਨਾਰੀ ਸੁਧ ਲੀਜੋ ਸਿਜਾਮ ਮਾਰੀ ॥ ਮੈ ਤੋ ਦੀਨ ਦਾਸੀ ਥਾਰੀ ਰੋਇ ਕਹੈ ਰਾਣੀ ਹੈ ॥ ਰਾਮ ਦਾਸ ਆਏ ਨਾਥ ਚੱਕ੍ਰ ਧਰੈਂ ਸਿਯਾਮ ਹਾਥ ॥ ਦੇਖਿ ਕੈ ਭਈ ਸਨਾਥ ਰੋਇ ਕੈ ਰਿਸਾਣੀ ਹੈ ॥ ੭ ॥ ੨ ॥ ਇਤ ਸ੍ਰੀ ਦ੍ਰੋਪਤੀ ਚਰਿਤ੍ਰ ਸੰਪੂਰਨੰ ॥ ਸਮਾਪਤ ॥

ਹੱਥ ਲਿਖਤ ਨੰ : MS 208 ਅ

ਸਿਰਲੇਖ : ਗੰਗਾ ਅਸਤੋਤ੍ਰ

ਲੇਖਕ : ਦਯਾਲ ਕਵੀ

ਪੱਤਰੇ : 54 ਅ – 59 ਓ

ਆਕਾਰ : 7X13 ਸ.ਮ. ਲਿਖਤ: 5.5X10 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਗੰਗਾ ਅਸਤੋਤ੍ਰ ਲਿਖਜਤੇ ॥ ਭੁਜੰਗ ਛੰਦ ॥ ਸੰਭੂ ਸੁਤੇ ਸਿੱਧ ਸਰਬੰ ਪ੍ਰਕਾਸੀ ॥ ਮਹਾ ਸਕਤ ਆਪਨੀ ਆਪੇ ਨਿਕਾਸੀ ॥ ਰਮਾ ਜੋਤ ਜਲ ਕੋ ਧਰਜੋ ਦੇਹ ਅੰਗੇ ॥ ਮਰਮ ਜੋਤ ਕੀ ਸਕਤ ਸ੍ਰੀ ਮਾਤ ਗੰਗੇ ॥ ੧ ॥...

ਅੰਤ : ... ਸੁਨੈ ਦਯਾਲ ਅਸਟਕ ਮਹਾ ਪਾਪ ਜਾਵੈ ॥ ਪੜੈ ਚਿਤ ਸੁਨਿਤ ਗੰਗਾ ਹੀ ਨਾਵੈ ॥ ਜਪੈ ਜਾਪ ਯਾਕੋ ਅਨੰਤੇ ਅਨੰਗੇ ॥ ਪਰਮ ਜੋਤ ਕੀ ਸਕਤਿ ਸ੍ਰੀ ਮਾਤ ਗੰਗੇ ॥ ੮ ॥ ਇਤਿ ਸ੍ਰੀ ਗੰਗਾ ਅਸਟਕ ਸੰਪੂਰਨੰ ॥ ਸੁਭੰ : ੧

ਹੱਥ ਲਿਖਤ ਨੰ : MS 209

ਸਿਰਲੇਖ : ਰਾਜਨੀਤ (ਅਧੂਰੀ)

ਲੇਖਕ : ਤਨਸੁਖ,ਕਵੀ

ਪੱਤਰੇ : 1 ਅ –292 ਓ

ਆਕਾਰ : 10.5X15.5 ਸ.ਮ. ਲਿਖਤ: 7X11.5 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -7

ਆਮ ਵੇਰਵਾ : ਕਿਰਮ ਖੁਰਦਾ, ਭਿੱਜਿਆ ਹੋਇਆ, ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ ਅਤੇ ਡਿਜ਼ਾਇਨ ਬਣੇ ਹੋਏ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਲਿਖਯਤੇ ॥ ਕ੍ਰਿਤ ਕਵ ਤਨਸੁਖ ॥ ਚੌਪਈ ॥ ਪ੍ਰਥਮੇ ਰਾਧੋ ਏਕੰਕਾਰ ॥ ਜਗਤੁ ਸਾਜਿ ਜਿਹ ਕੀਆ ਪਸਾਰ ॥ ਤੀਨਿ ਭਾਂਤਿ ਕਰਿ ਸ੍ਰਿਸਟਿ ਉਪਾਈ ॥ ਸੂਛਮ ਔ ਅਸਥੂਲ ਬਨਾਈ ॥ ਉਤਮ ਮਧਮ ਅਧਮ ਕਹਾਈ ॥ ਸਭ ਘਟ ਮੋ ਪ੍ਰਭ ਰਹੋ ਸਮਾਈ ॥...

ਅੰਤ : ... ਦੋਹਰਾ ॥ ਦੇਵੀ ਕੀ ਉਸਤਤਿ ਕਰੀ ਬੀਰ ਬਰ ਦੁਇ ਕਰ ਜੋਰਿ ॥ ਹੇ ਮਾਤਾ ਪਰਸੰਨਿ ਹੋ ਸੁਤ ਦੇਵੋ ਬਲ ਤੋਰਿ ॥ ੧੯੬ ॥ ਚੌਪਈ ॥ ਸੁਦ੍ਰਕ ਬਡੋ ਸੁਧਰਮੀ ਰਾਜਾ ॥ ਪੁਤ੍ਰ ਦੇਉ ਬਲ ਤਿਹ ਕੇ ਕਾਜਾ ॥ ਅਸਥਿਰੁ ਹੁਇ ਤਿਹ ਸ੍ਰੀ ਨਰੇਸ ॥ ਕ.....

ਹੱਥ ਲਿਖਤ ਨੰ : MS 210 ਸੰਗ੍ਰਹਿ
ਸਿਰਲੇਖ : ਜਪੁਜੀ ਦਾ ਪਰਮਾਰਥ (ਜਪ ਪਰਮਾਰਥ)
ਲਿਖਾਰੀ : ਕਰਮਾ, ਭਾਈ
ਪੱਤਰੇ : 1 – 51 ੳ
ਆਕਾਰ : 14X19 ਸ.ਮ. ਲਿਖਤ: 9.5X13 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ਚੜਿਆ ਹੋਇਆ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 10
ਆਮ ਵੇਰਵਾ : ਪੋਥੀ ਭਿੱਜੀ ਹੋਈ, ਖਸਤਾ, ਕਿਤੇ ਕਿਤੇ ਕਿਰਮ ਖੁਰਦਾ; ਲਿਖਤ ਸੁੰਦਰ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਜਪੁਜੀ ਦਾ ਪ੍ਰਮਾਰਥੁ ਜਦ ਗੁਰੂ ਨਾਨਕ ਸਮੇਰ ਪਰਬਤ ਪਰ ਗਿਆ ਤਾਂ ਸਿਧਾਂ ਸਾਥ ਗੋਸ਼ਟਿ ਹੋਈ ॥ ਸਿਧਾ ਨੈ ਬਾਬੇ ਨੂ ਕਹਿਆ ॥ ਤਾ ਓਨਾ ਸਿਧਾ ਪੁਛਿਆ ਤੁਸੀ ਤਾ ਬਾਲੇ ਹੋ ਕਿਸਦੇ ਬਲ ਕਰਕੈ ਆਏ ਹੋ ॥ ਤਾ ਬਾਬੇ ਕਹਿਆ ਏਕੰਕਾਰ ਇਕੁ ਜੋ ਵਾਹਗੁਰੂ ਪ੍ਰਮਾਤਮਾ ਹੈ ॥ ਜੋ ਉਸਨੇ ਚਾਹਆ ਜੁ ਮੈ ਏਕ ਦਾ ਅਨੇਕ ਹੋਵਾਂ ਤਾਓ ਔਮ ਦੀ ਧੁਨ ਕੀਤੀ ॥ ਤਾ ਅਰਧ ਚੰਦ੍ਰ ਕਾ ਮਾਇਆ ਹੋਈ ॥…
ਅੰਤ : … ਦਿਨ ਰਾਤ ਜੀਆਂ ਦੇ ਖਿਲਾਂਵਣ ਵਾਲੇ ਦਾਈ ਦਾਇਆ ਹੈ ॥ ਜਗਤੁ ਈਸਰ ਦਾ ਪੁਤ੍ਰ ਹੈ ॥ ਸੋ ਖੇਲਦਾ ਹੈ ॥ ਆਪੋ ਆਪਣੇ ਬੁਰੇ ਭਲੇ ਕਰਮਿ ਧਰਮਰਾਇ ਦੇ ਹਜੂਰ ਵਾਚਨਗੇ ॥ ਕਰਮਾ ਦੇ ਇਨਸਾਰ ਕਿਸੇ ਨੂ ਨੇੜੇ ਛੁਟਕਾਰਾ ਹੋਵੇ ਕਿਸੇ ਨੂੰ ਦੂਰ ॥ ਜਿਨਾ ਪ੍ਰਮੇਸਰ ਦਾ ਨਾਮੁ ਜਪਿਆ ਹੈ ਸੋ ਕਰਮਾ ਦੀ ਮਸਕਤ ਘਾਲ ਗਏ ਹੈਨ ॥ ਗੁਰੂ ਨਾਨਕ ਜੀ ਕਹਿੰਦੇ ਹੈ ਉਨ੍ਹਾਂ ਮੁਖਾ ਉਜਲਿਆ ਪਿਛਲੇ ਕਈਆਂ ਦਾ ਛੁਟਕਾਰਾ ਹੁੰਦਾ ਹੈ ॥੩੯॥

ਹੱਥ ਲਿਖਤ ਨੰ : MS 210 ਅ
ਸਿਰਲੇਖ : ਭਾਗਵਤ ਗੀਤਾ
ਲਿਖਾਰੀ : ਕਰਮਾ
ਲਿਪੀ ਕਾਲ : ਸੰਮਤ 1845
ਪੱਤਰੇ : 51 ਅ – 193 ਅ
ਆਕਾਰ : 14X19 ਸ.ਮ. ਲਿਖਤ: 9.5X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਗਣੇਸ਼ਣ ਨਮ: ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਕ੍ਰਿਸਨਾ ਨਮਹ ॥ ਸੁਕਲ ਅੰਬਰਧਨੰ ਸਸਿ ਬਨੰ ਚਤੁਰਭੁਜੰ ਪ੍ਰਸੰਨ ਬਦਨੰ ਧਿਆਇ ਤੇ ਸਰਬ ਬਿਘਨੋ ਪਸੰਤਏ ॥ ਜਬ ਪਾਂਡ ਕੇ ਪੁਤ੍ਰ ਅਰੁ ਧਿਤ੍ਰਾਸ੍ਰ ਕੇ ਪੁਤ੍ਰ ਮਹਾਭਾਰਥ ਕੇ ਜੁਧ ਕਉ ਕੁਰਖੇਤ੍ਰ ਕਉ ਚਲੇ ਤਬ ਧਿਤ੍ਰਾਸ੍ਰ ਕਹਿਆ ਕੇ ਜੁਧ ਕਾ ਕਉਤਕ ਦੇਖਨ ਹਉ ਭੀ ਚਲਉ ॥…
ਅੰਤ : … ਅਬ ਰਾਜਾ ਮੇਰੀ ਔਰ ਬਾਤ ਤੂੰ ਸੁਣ ॥ ਜਿਸ ਓਰ ਜੋਗੀਸਰੋਂ ਕੇ ਈਸਰ ਸ੍ਰੀ ਕ੍ਰਿਸਨ ਭਗਵਾਨ ਜੀ ਹੈ ਅਰੁ ਜਿਸ ਓਰ ਪਾਰਥ ਜੋ ਹੈ ਅਰਜਨ ਭਗਤ ਗਾਂਡ੍ਹੀਵ ਧਨਖ ਕਾ ਧਾਰਨਹਾਰਾ ਜਿਸ ਓਰ ਏਹ ਦੋਨੋ ਭਗਤ ਭਗਵੰਤ ਹੈ ਤਿਸੀ ਓਰ ਜਸੁ ਅਰੁ ਤਿਸੀ ਓਰ ਲਖਮੀ ਮੇਰੀ ਮਤਿ ਵਖੇ ਏਹ ਬਾਤ ਨਿਸਚੈ ਕਰ ਹੈ ਤੇਰੇ ਪੁਤ੍ਰ ਅਧਰਮੀ ਹਾਰੈਂਗੇ ॥ ਪ੍ਰਮੇਸ੍ਰ ਕੇ ਭਗਤ ਪੁੰਨ ਆਤਮੇ ਪਾਂਡਵ ਜੀਤਹਿਗੇ ॥ ਪ੍ਰਮੇਸਰ ਤੀ ਕ੍ਰਿਪਾ ਤੇ ॥ ੧੮ ॥…॥ ਇਤ ਸ੍ਰੀ ਭਗਵਤ ਗੀਤਾ ਸਪੂਰਨ ਸਮਾਤੰ…ਸਬੰਤਿ ਅਠਾਰਾ ਸੈ ਪੈਤਾਲੀ ॥ ੧੮੪੫ ॥ ਮਿਤੀ ਜੇਠ ਵਦੀ ਤ੍ਰਿਤੀਆ ਮੰਗਲਵਾਰ ਦਸਤਖਤ ਭਾਈ ਕਰਮਾ ਗੁਰਾਂ ਕੀ

ਕ੍ਰਿਪਾ ਤੇ ਸਾਧ ਸੰਗਤ ਕਾ ਸਦਕਾ ਭੂਲਾ ਚੁਕਾ ਬਖਸ ਲੈਣਾ ॥ ਸ੍ਰੀ ਕ੍ਰਿਸ੍ਨ ਸਤਿ ਰਾਮ ਸਤ ਰਾਮ ਸਤਿ ਹਰਿ ਹਰਿ ਜੀ ਭਗਵਾਨ ਸਤ ॥ ਵਾਹਗੁਰੂ ਵਾਹਗੁਰੂ ਜੀ ਸਤਿ ॥

ਹੱਥ ਲਿਖਤ ਨੰ : MS 211
ਸਿਰਲੇਖ : ਸ੍ਰੀ ਰਾਮ ਰਹੱਸਯ
ਲੇਖਕ : ਰਤਨ ਸਿੰਘ (ਰਤਨ ਹਰੀ)
ਲਿਖਾਰੀ : ਗਿਆਨੀ ਗੁਲਾਬ ਸਿੰਘ
ਲਿਪੀ ਕਾਲ : ਸੰਮਤ 1845 ਰਚਨਾ ਕਾਲ: ਸੰਮਤ 1899 ਈ.
ਪੱਤਰੇ : 1 – 310
ਆਕਾਰ : 21X14 ਸ.ਮ. ਲਿਖਤ: 17X9.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਦੁਪਾਸੀਂ ਤਿੰਨ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -16, ਪਹਿਲੇ ਪੱਤਰੇ ਤੇ ਦੋਹਰਾ ਹਾਸ਼ੀਆ ਹੈ ਅਤੇ ਉਪਰ ਤਿਕੋਨ ਬਣੀ ਹੋਈ
ਆਮ ਵੇਰਵਾ : ਲਿਖਤ ਸੁੰਦਰ ਹੈ, ਕੁਝ ਪੱਤਰੇ ਹੇਠੋਂ ਤੇਲ ਨਾਲ ਭਿੱਜੇ ਹੋਏ ਹਨ । 309 ਅ ਤੇ ਸਮੇਂ ਬਾਰੇ ਲਿਖਿਆ ਹੈ :- "ਸੰਬਤ ਨਵ ਨਵ ਬਸੁ ਸਸੀ ਸਰ ਸੁਭ ਦਿਵਸ ਦਿਨੇਸ ॥ ਫਾਗੁਨ ਵਦਿ ਪੂਰਨ ਕਰਯੋ ਰਾਮ ਰਹਸਯ ਰਮੇਸ ॥"
ਆਰੰਭ : ੧ਓ ਸਤਿਗੁਰੂ ਪ੍ਰਸਾਦਿ ॥ ਸ੍ਰੀ ਮਤੇ ਰਾਮਾਯਨਮ: ॥ ਸ੍ਰੀ ਗੁਰੂ ਚਰਨ ਕਮਲੇ ਭਯੋ ਨਮ: ॥ ਦੋਹਰਾ ॥ ਸ੍ਰੀ ਗੁਰੂ ਬੇਦੀ ਬੰਸ ਬਰ ਬੰਦੌਂ ਹਿਯ ਧਰਿ ਧਯਾਨ ॥ ਜਾ ਸੁ ਕ੍ਰਿਪਾਲ ਵਲੇਸਤੇ ਲਹੌਂ ਸਕਲ ਸ੍ਰੁਤਿ ਗਯਾਨ ॥ ੧ ॥ ਅੰਗ ਦਾਦਿ ਨਵਰੂਪ ਪ੍ਰਭ ਪੂਰਨ ਪਰਮਾਨੰਦ ॥ ਪ੍ਰਣਵੌਂ ਪਦ ਪੰਕਜ ਪਰਮ ਪਾਵਨ ਪਾਪ ਨਿਕੰਦ ॥ ੨ ॥...
ਅੰਤ : ... ਸ੍ਰੀ ਮਦ ਗਯਾਨਿ ਗੁਲਾਬ ਸਿੰਘ ਨ੍ਰਿਪਤੇ ਰਯਾਸੀ ਦ੍ਰਮਾ ਰੂਪਿਣੀ ਰਮਯਾ ਰਾਮ ਕੁਮਾਰਿ ਨਾਮ ਰਮਣੀਤ ਦ੍ਰੋਹਿ ਸਜਨ ਮਨਾ ॥ ਸ੍ਰੀ ਮਤੁ ਸੋਮ ਸਰੋਭਿ ਦੇਸੁ ਨਗਰੇ ਸੰਵਾਸਿਨੋ ਦਾਸਿਨਾ ਸ੍ਰੀ ਮਦ ਰਾਮ ਰਹੱਸਯ ਕੰਸ ਮੁਦਿਤੀ ਸਮਯ ਕਸਤਾ ਪ੍ਰੀਤਯੇ ॥ ੩੫ ॥
ਇਤਿ ਸ੍ਰੀ ਮਦ ਰਾਮ ਰਹਸਯੇ ਰਤਨ ਹਰਿ ਬਿਰਚਿਤੇ ਸ੍ਰੀ ਸੰਦ ਪੁਰਾਣਾ ਖਯਾਨ ਸ੍ਰੀ ਸਤਯੋਪਾਖਯਾਨ ਭਾਖਾ ਬਧਾਖਯਾਨ ਪ੍ਰਬੰਧੇ ਏਕੋ ਨਾਮੀ ਤਿਤ ਮੋ ਧਯਾਨ ੭੯ ॥ ਉਤਾਰਧੇ ॥ ਸੰਪੂਰਣੰ ਸੁਭੰ ॥

ਹੱਥ ਲਿਖਤ ਨੰ : MS 212
ਸਿਰਲੇਖ : ਕੁਚ ਸਤਕਾ
ਪੱਤਰੇ : 1 – 12
ਆਕਾਰ : 16.5X11 ਸ.ਮ. ਲਿਖਤ: 12X7 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ, ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ 13
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਚੰਗੀ, ਲਿਖਤ ਸੁੰਦਰ, 1 ਤੋਂ 12 ਤੱਕ ਪੰਨਾ ਨੰ: ਅੰਕਿਤ ਹਨ ਉਸ ਤੋਂ ਬਾਅਦ ਇਕ ਪੱਤਰਾ ਨੰਬਰ ਤੋਂ ਬਗੈਰ ਹੈ ਪਰ ਪੋਥੀ ਦਾ ਹੀ ਹਿੱਸਾ ਹੈ । ਪੰਨਾ ਨੰ: ੧੧ ਓ ਤੇ ਸੰਮਤ ਬਾਰੇ ਇਸ ਤਰਾਂ ਲਿਖਿਆ ਹੈ "ਖੰਡ ਵੰਨ੍ਹੂੰ ਖੰਡ ਗਗਨ ਲਖਮੌਨ ਕਹੂ ਬੁਧ ਮਾਘ"॥
ਆਰੰਭ : "੧ਓ ਸਤਿਗੁਰ ਪ੍ਰਸਾਦਿ" ॥ ਅਥ ਕੁਚ ਸਤਕਾ ਲਿਖਯਤੇ ॥ ਦੋ: ॥ ਅਰਜਿਤ ਅਮਰਤ ਰਜਕ ਜਗਤਿ ਕੁਚ ਜੁਗ ਬੰਦਨ ਠਾਨ ॥ ਕੁੰਭਕਰਨ ਰਾਵਣ ਮਨੋ ਓਂਨਤ ਕਰਨ ਮਹਾਨ ॥...
ਅੰਤ : ...ਊਚ ਹੋਇ ਕੁਚ ਬਸ ਕੀਏ ਸੁਰ ਨਰ ਮੁਨਿ ਦਿਰਾ ਪਾਲ ॥ ਅਬ ਨੀਚੇ ਲਟਕਤ ਭਏ ਜੀਤਨ ਕੌ ਪਤਾਲ ॥

ਹੱਥ ਲਿਖਤ ਨੰ : MS 213
ਸਿਰਲੇਖ : ਭਾਗਵਤ ਦਸਮ ਸਕੰਦ
ਲੇਖਕ : ਕ੍ਰਿਸ਼ਨ ਦਾਸ
ਸਮਾਂ : ਸੰਮਤ 1887
ਪੱਤਰੇ : 1 – 409
ਆਕਾਰ : 25X17.5 ਸ.ਮ. ਲਿਖਤ: 19.5X11 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ ਦੋ-ਦੋ ਕਾਲੀਆਂ ਵਿਚਕਾਰ ਇਕ ਮੋਟੀ ਸੰਤਰੀ ਲਕੀਰ । ਸਤਰਾਂ ਪ੍ਰਤੀ ਪੰਨਾ 19
ਆਮ ਵੇਰਵਾ : ਪੋਥੀ ਦੇ ਪਹਿਲੇ ਪੰਨੇ ਤੇ ਡਿਜ਼ਾਇਨਦਾਰ ਹਾਸ਼ੀਆ ਪਰ ਡਿਜ਼ਾਈਨ ਦੇ ਰੰਗ ਮੱਧਮ ਪਏ ਹੋਏ ਹਨ । ਲੇਖਕ ਬਾਰੇ ਪੰਨਾ ਨੰ 3 ਅ ਤੇ ਇਸ ਤਰਾਂ ਲਿਖਿਆ ਹੈ :-
"ਭਲੇ ਕ੍ਰਿਪਾ ਨਿਧਾਨ ਨਿਧ ਗਿਆਨ ਜੋਗ ਨਿਧ ਸਿਆਮ ॥ ਕਿਸ਼ਨ ਦਾਸ ਕੇ ਕ੍ਰਿਪਾ ਕਰ ਪੂਰਨ ਕੀਨੇ ਕਾਮ" ॥ ਪੋਥੀ ਦੇ ਸ਼ੁਰੂ ਵਿਚ 5 ਪੱਤਰੇ ਅਤੇ ਅੰਤ ਵਿਚ 6 ਪੱਤਰੇ ਖਾਲੀ ਹਨ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ "ਸ੍ਰੀ ਗੋਬਿੰਦਇ ਨਮਹਿ" "ਸਾਰ ਸੂਤੀਏ ਨਮਹਿ" "ਸ੍ਰੀ ਗਣੇਸਾਏ ਨਮਹਿ" ਇਤ ਸ੍ਰੀ ਭਗਵਤੇ ਦਸਮ ਸਿਕੰਦ ਲਿਖਤੇ ॥ "ਦੋਹਰਾ" ਦੋ ਮਤਿ ਘਟਿ ਮਹਿ ਪਰਸਪਰ ਬੋਲਤ ਏਕ ਸਮਾਨ ॥ ਇਕ ਗਾਵੈ ਗੁਣ ਸਿਆਮ ਕੇ ਇਕ ਬਰਜੇ ਸੁਰ ਗਿਆਨ ॥...
ਅੰਤ : ...ਤੁਮਰੀ ਸਰਨੀ ਜੋ ਪਏ ਤੇ ਉਤਰੇ ਭਵ ਪਾਰ ॥ ਇਹ ਜਾਨ ਕਰ ਮਾਤ ਜੀ ਮੈ ਪਰਿਆ ਤੁਮਰੇ ਦੁਆਰ " ਤੂੰ ਅਵਤਾਰ ਸ੍ਰੀ ਲਛਮੀ ਸਾਹਿਬ ਸ੍ਰੀ ਨਾਰਾਨ ॥ ਅਪਨੀ ਸਰਨੀ ਰਾਖੀਓ ਬਿਨੈ ਹਮਾਰੀ ਮਾਨ ॥ ਪੋਥੀ ਸੰਪੂਰਨ ॥ ਸੰਮਤ ੧੯੮੭ "ਵਾਰ ਸੋਮ"

ਹੱਥ ਲਿਖਤ ਨੰ : MS 214 ਸੰਗ੍ਰਹਿ
ਸਿਰਲੇਖ : ਬਾਰਾ ਮਾਂਹ ਸ੍ਰੀ ਕ੍ਰਿਸਨ ਰਾਧਕਾ ਜੀ ਕਾ
ਲੇਖਕ : ਕਾਹਨ ਸਿੰਘ
ਰਚਨਾ ਕਾਲ: ਸੰਮਤ 1899
ਪੱਤਰੇ : 1 – 7
ਆਕਾਰ : 22.5X14.5 ਸ.ਮ. ਲਿਖਤ: 18.5X12.5 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ । ਸਿਆਹੀ ਕਾਲੀ ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ 22
ਆਮ ਵੇਰਵਾ : ਪੋਥੀ ਭਿੱਜੀ ਹੋਈ, ਕਾਗਜ਼ ਦੀ ਹਾਲਤ ਖਸਤਾ, ਲਿਖਤ ਸੁੰਦਰ ਪੋਥੀ ਵਿਚ ਕਿਤੇ-ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੇ ਅੰਤ ਵਿਚ 3 ਪੱਤਰੇ ਖਾਲੀ ਹਨ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਅਥ ਬਾਰਾ ਮਾਂਹ ਸ੍ਰੀ ਕ੍ਰਿਸ੍ਨ ਰਾਧਕਾ ਜੀ ਕੋ ॥ ਦੋਹਰਾ ॥ ਚਤ੍ਰ ਰਚਿਤ ਅਨੰਦ ਸੋ ਫੂਲੀ ਬੇਲ ਅਪਾਰ ॥ ਕੁਸਮ ਪ੍ਰਫੁਲਿਤ ਅਨਕ ਬਿਧ ਭਵਰੈ ਕਰੈ ਗੁੰਜਾਰ ॥...
ਅੰਤ : ...ਬਾਰਾਂ ਮਹਾਂ ਸ੍ਰੀ ਕ੍ਰਿਸਨ ਕੋ ਕਰਯੋ ਬੁਧ ਅਨੁਸਾਰ ॥ ਭੂਲ ਚੂਕ ਸਭ ਬਖਸੀਓ ਬੁਧ ਜਨ ਦੀਨ ਦਿਆਰ ॥ ਸੰਮਤ ਸਸਿ ਵਸ ਨਾਥ ਨਵ ਫਗ ਸੁਦ ਤਿਥ ਨੌਮਾ ॥ ਕਾਨ ਸਿੰਘ ਮਹਦ ਭੂਲਖਯੋ ਸੁਭ ਦਾਇਕ ਦਿਨ ਭੌਮਾ ॥ ਪੜੇ ਸੁਨੇ ਜੋ ਪ੍ਰੇਮ ਸੋ ਕ੍ਰਿਸਨ ਅੰਤ ਹੋਇ ਚਿਤ ॥ ਸੁਖੀ ਰਹੈ ਇਸ ਜਗਤ ਮੈ ਅੰਤ ਮੁਕਤ ਸੁਨ ਮਿੱਤਾ ॥ .:. ॥ .:. ॥ ਸ੍ਰੀ ਕ੍ਰਿਸ਼ਨਾਯ ਨਮ : ਬਾਰਾਂ ਮਾਹਾਂ ਸ੍ਰੀ ਕ੍ਰਿਸ੍ਨ ਰਾਧਾ ਜੀ ਕੋ ਸੰਪੂਰਨੰ ॥ ਸ਼ੁਭੰ ਮਸਤੁ ॥

ਹੱਥ ਲਿਖਤ ਨੰ : MS 214 ਅ
ਸਿਰਲੇਖ : ਭਵਿਖ ਬਚਨ
ਪੱਤਰੇ : 1 – 17
ਆਕਾਰ : 22.5X14.5 ਸ.ਮ. ਲਿਖਤ: 18.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੋਥੀ ਦੀ ਲਿਖਤ ਵੱਖਰੀ ਹੈ ਕਾਗਜ ਵੀ ਵੱਖਰਾ ਹੈ ਪਰ ਇਹ ਪੋਥੀ ਦਾ ਹਿੱਸਾ ਪਹਿਲੀ ਪੋਥੀ ਦੇ ਨਾਲ ਹੀ ਬੰਨ੍ਹਿਆਂ ਹੋਇਆ ਹੈ ।ਪੋਥੀ ਦਾ ਆਰੰਭ ਵਾਲਾ ਪੱਤਰਾ ਸ਼ੁਰੂ ਵਿਚ ਫਟਿਆ ਹੋਣ ਕਾਰਨ ਪੜ੍ਹਨ ਯੋਗ ਨਹੀਂ ਹੈ ।
ਆਰੰਭ : …..ਬਰਨ ਆਸਰਮ ਕੋ ਛੋਡ ਜਿਤ ਪਾਖੰਡੀ ਘਰਿ ਸੋਇ ॥ ੪ ॥ ਕਲ ਦਰਸਨ ਕੇ ਕਾਰਨੇ ਉਠੇ ਪ੍ਰਾਤ ਇਕ ਵਰਖ ॥ ਨਗਰ ਦੂਰ ਹੁਇ ਦੇਖੀਏ ਤਬ ਦਰਸਾਵੈ ਮਰਖ ॥ ੫ ॥…
ਅੰਤ : …ਘਰ ਘਰ ਇਹ ਤਮਾਸ਼ਾ ਹੋਇਗਾ ਬਰਸ ਚਾਲੀ ਅੰਦਰ ਵਰਤੇ ਸਓ ਵਰੇ ਪੀਛੇ ਦੀਆ ਮਾਤਾ ਤੇ ਕਲਪਨਾ ਪੀਛੇ ਗ੍ਰਾਇ ਧਰਾ ॥ ਤਾਂ ਸਿਖਾਂ ਮਾਤਾ ਬਖਸਾਇਆ ॥ ਬਚਨ ਕੀਤਾ ਖੁਸੀ ਹੋਕੇ ॥ ਲੰਗਰ ਚਲਾਉਗੇ ਤਾਂ ਸ੍ਰਾਪ ਨ ਆਵਗਾ ॥ ਲੰਗਰ ਅਟਕਾ ॥ ਸਰਾਪ ਸਟਕਾ ॥ ਉਸ ਹੀ ਬੇਰਾ ॥ ਸਿਖ ਸੋਂ ਮੁਹ ਫੇਰਾ ॥ ਜਲੋ ਸਿਖੋ ਮਾਲਵੇ ॥ ਗੁਰੂ ਕੀ ਕਾਂਸੀ ਦਮਦਮੇ ਕਾ ਦਰਸਨ ਹੈਗਾ ॥ ਮੇਰਾ ਸਿਖ ਦਮਦਮੇ ਦੀ ਟਹਲ ਕਰੇਗਾ ॥ ਸੋ ਕਾਂਸੀ ਵਾਸੀ ਗਤਿ ॥ ਗੁਰੂ ਕਾ ਘਰ ਸਹੀਦਾਂ ਦੀ ਮੁਕਤਿ ॥ ਸਾਖੀ ਪੂਰੀ ਹੋਈ ॥

ਹੱਥ ਲਿਖਤ ਨੰ : MS 215
ਸਿਰਲੇਖ : ਹਠ ਪ੍ਰਦੀਪਕਾ
ਲੇਖਕ : ਲੱਛੀ ਰਾਮ
ਪੱਤਰੇ : 1 – 22
ਆਕਾਰ : 14.5X18 ਸ.ਮ. ਲਿਖਤ: 10X14.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ 10.
ਆਮ ਵੇਰਵਾ : ਪੋਥੀ ਵਿਚ ਪੱਤਰਾ ਨੰ 1 ਓ ਤੇ ਲਿਖਕੇ ਸਾਰੇ ਪੱਤਰੇ ਉਤੇ ਹੜਤਾਲ ਫੇਰੀ ਹੋਈ ਹੈ । ਪੱਤਰਿਆਂ ਦਾ ਰੰਗ ਅਸਮਾਨੀ ਹੈ । ਪਤਰਾ ਨੰ 2 ਅ ਤੇ ਹੜਤਾਲ ਫੇਰ ਕੇ ਪੂਰੇ ਪਤਰੇ ਤੇ ਦੋਬਾਰਾ ਲਿਖਿਆ ਹੈ । ਲਿਖਤ ਸੁੰਦਰ
ਆਰੰਭ : “ ੧ਓ ਸਤਿਗੁਰ ਪ੍ਰਸਾਦਿ ” “ ਸ੍ਰੀ ਸਤਗੁਰ ਚਰਨ ਕਮਲੇ ਭਯੋ ਨਮ: ਅਥ ਹਠ ਪ੍ਰਦੀਪਕਾ ਲਛੀਰਾਮ ਕ੍ਰਿਤ ਲਿਖਯਤੇ ॥…
ਅੰਤ : …ਇਤ ਸ੍ਰੀ ਕ੍ਰਿਸਨ ਜੀਵਨ ਕਲਯਾਨ ਸ੍ਰਤ ਲਛੀਰਾਮ ਕ੍ਰਿਤ ਯੋਗ ਸੁਧਾਨਿਧ ਗ੍ਰੰਥ ਪੰਚਮ ਉਪਦੇਸ ਸੰਪੂਰਨੰ । = ॥ = ॥ = ਸੰਪੂਰਣੰ ਸੁਭੰ ਭੂਯਾਤਾ ॥ ਲੇਖਕ ਪਠਕਾਨਾਂ ਬਰਦੋ ਭਵੇਤਾ “ ਸ੍ਰੀ ਰਾਮ ਕ੍ਰਿਸਨੰ ਬ੍ਰਹਮ ਹਰੀ ਬਿਸਨੰ ॥ ਅਨਾਥ ਨਾਥ ਨਾਥੰ ॥ ਨਮੋ ਜੋਰ ਹਾਥਿ ॥ ॥ ॥
॥ = ● = ॥ ● ॥ ॥ ● ॥ = ● = ॥ ● ॥ = ● = ॥ ● ॥ =

ਹੱਥ ਲਿਖਤ ਨੰ : MS 216 ਸੰਗ੍ਰਹਿ
ਸਿਰਲੇਖ : ਛੰਦ ਰਤਨਾਵਲੀ
ਲੇਖਕ : ਹਰਿ ਰਾਮ ਦਾਸ ਨਿਰੰਜਨੀ
ਸਮਾਂ : ਸੰਮਤ 1795 ਬਿ.

ਸਥਾਨ : ਡਿਡਵਾਨਾ

ਪੱਤਰੇ : 1 – 63

ਆਕਾਰ : 9X14.5 ਸ.ਮ. ਲਿਖਤ: 6.5X11 ਸ.ਮ.

ਵੇਰਵਾ : ਜਿਲਦ ਗੱਤਾ ਚੱਮੜਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ ਵਿਚ ਕਿਤੇ-ਕਿਤੇ ਲਾਲ, ਸਤਰਾਂ ਪ੍ਰਤੀ ਪੰਨਾ 6

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਲਿਖਤ ਸੁੰਦਰ, ਪੋਥੀ ਦੇ ਆਰੰਭ ਵਿਚ 7 ਪੱਤਰੇ ਅੰਤ ਵਿਚ 4 ਪੱਤਰੇ ਖਾਲੀ ਹਨ ।

ਆਰੰਭ : "ੴ ਸਤਿਗੁਰ ਪ੍ਰਸਾਦਿ" "ਅਥ ਛੰਦ ਰਤਨਾਵਲੀ ਲਿਖਤੇ" ਦੋਹਰਾ "ਗੁਰ ਗਨਪਤਿ ਗੋਬਿੰਦ ਕੋ ਨਾਇ ਸੀਸ ਹਰਿ ਰਾਮ" ਪਿੰਗਲ ਮਤ ਭਾਖਾ ਬਿਖੇ ਰਚਤਿ ਰੁਚਿਰ ਪਰਕਾਮ ॥...

ਅੰਤ : ...ਸੰਬਤ ਸਰ ਨਵ ਮੁਨਿ ਸਸੀ, ਨਭ ਵਾਸੀ ਗੁਰ ਮਾਨਿ ॥ ਡਿਡਵਾਨਾ ਦ੍ਰਿਢ ਕੂਪ ਜਹਿ, ਗ੍ਰੰਥ ਜਨਮ ਸਥਲ ਜਾਨਿ ॥ ॥ ॥ ਇਤ ਸ੍ਰੀ ਹਰਿ ਰਾਮ ਦਾਸ ਨਿਰੰਜਨੀ ਕ੍ਰਿਤ ਛੰਦ ਰਤਨਾਵਲੀ ਸੰਪੂਰਣੰ ॥ ਸ਼੍ਰੀ ਗਣੇਸ਼ਾਯ ਨਮ: ॥ = ॥ = ॥ =

ਹੱਥ ਲਿਖਤ ਨੰ : MS 216 ਅ

ਸਿਰਲੇਖ : ਰਾਜਨੀਤਿ

ਲੇਖਕ : ਦੇਵੀਦਾਸ

ਪੱਤਰੇ : 1 – 80

ਆਕਾਰ : 9X14.5 ਸ.ਮ. ਲਿਖਤ: 6.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਇਸ ਪੋਥੀ ਵਿਚ ਪੱਤਰਾ ਨੰ 22 ਤੋਂ ਬਾਅਦ 33 ਨੰ ਹੈ ਪੱਤਰਾ ਨੰ 59 ਦੀ ਥਾਂ ਤੇ 95 ਲਿਖਿਆ ਹੈ ॥

ਆਰੰਭ : "ੴ ਸਤਿਗੁਰ ਪ੍ਰਸਾਦਿ" ਓ ਸ੍ਰੀ ਗਣੇਸਾਏ ਨਮਾ: "ਅਥ ਰਾਜਨੀਤ ਕ੍ਰਿਤ ਕਵ ਦੇਵੀ ਦਾਸ ਲਿਖਯਤੇ" ਕਬਿਤੁ " ਨੀਤਿ ਹੀ ਤੇ ਧਰਮ ਧਰਮ ਹੀ ਤੇ ਸਰਬ ਸਿੱਧਿ ਨੀਤ ਹੀ ਤੈ ਆਦਰ ਸਭਾਨਿ ਬੀਚਿ ਪਾਈਏ ॥ ਨੀਤਿ ਸੈ ਅਨੀਤਿ ਛੂਟੈ ਨੀਤਿ ਹੀ ਤੇ ਸੁਖ ਲੂਟੈ ਨੀਤਿ ਲੀਏ ਬੋਲੈ ਭਲੋ ਬਕਤਾ ਕਹਾਇਏ ॥...

ਅੰਤ : ...ਜੋ ਰਜਦੀ ਨਕਟੀ ਭਵ-ਸਟਟੀ ਫਕਟੀ ਉਲਟੀ ਸੁਲਟੀ ਹੈ ॥ ਮੈ ਜੁਰਟੀ ਕੁਰਟੀ ਸੁਨਟੀ ਸਬ ਭੇਦ ਬਡੀ ਮਤਿ ਮੂਢ ਬਢੀ ਹੈ ॥ ਦੇਵੀ ਲਟੀਨ ਤ੍ਰਿਖਾ ਉਲਟੀ ਗਤਿ ਕੇ ਸੁਲਟੀ ਜੁ ਮਹਾਬਲ ਦੀ ਹੈ ॥ ੧੧੧ ॥ ਇਤ ਸ੍ਰੀ ਦੇਵੀ ਦਾਸ ਕ੍ਰਿਤ ਨੀਤ ਭੇਦ ਰਾਜਨੀਤ ਸਮਾਪਤ ॥

ਹੱਥ ਲਿਖਤ ਨੰ : MS 217 ਸੰਗ੍ਰਹਿ

ਸਿਰਲੇਖ : ਬੰਸਾਵਲੀਨਾਮਾ ਨਾਭਾ ਨਰੇਸ਼

ਲੇਖਕ : ਕਮਲਾ ਧਰ

ਪੱਤਰੇ : 1 – 13 ਓ

ਆਕਾਰ : 10X15.5 ਸ.ਮ. ਲਿਖਤ: 6.5X11.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਇਕ ਮੋਟੀ ਪੀਲੀ ਲਕੀਰ ਦੇ ਇਕ ਪਾਸੇ ਇਕ ਕਾਲੀ ਅਤੇ ਇਕ ਲਾਲ ਲਕੀਰਾਂ, ਦੂਜੇ ਪਾਸੇ ਦੋ ਕਾਲੀਆਂ ਤੇ ਇਕ ਲਾਲ ਲਕੀਰਾ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 6, ਪਤੱਰਿਆਂ ਦਾ ਰੰਗ ਅਸਮਾਨੀ

ਆਮ ਵੇਰਵਾ : ਸ਼ੁਰੂ ਵਿਚ ਦੋ ਅਤੇ ਅੰਤ ਤੇ ਤਿੰਨ ਹਾਸ਼ੀਏ ਵਾਲੇ ਪੱਤਰੇ ਖਾਲੀ, ਪੋਥੀ ਦਾ ਆਰੰਭ ਲਾਲ ਸਿਆਹੀ ਨਾਲ ਕੀਤਾ ਹੋਇਆ ਹੈ, 13 ਅ ਪੱਤਰਾ ਖਾਲੀ ਹੈ ॥

ਆਰੰਭ : ੧ਓ ਸ੍ਰੀ ਗਣੇਸਾਯ ਨਮ: ॥ ਦੋਹਰਾ ॥ ਸ੍ਰੀ ਗਜੇਂਦ੍ਰ ਮੁਖ ਚਰਣ ਮੈ ਰਹੇ ਸਦਾ ਚਿਤ ਮੋਰ ॥ ਸਿਮਰਨ ਜਾਕੇ ਹੋਤ ਹੈ ਦੂਰ ਬਿਘਨ ਅਤੀ ਘੋਰ ॥ ੧ ॥ ਮਨ ਹਰਨ ਛੰਦ ॥ ਸਿਵ ਸੁਤ ਕੇ ਚਰਨ ਅਭੀਬੰਦਨ ਕਰਤ ਜਬ ਪਾਪ ਦੁਖ ਮਿਟੈ ਸਭ ਬਾਸਨਾ ਫੁਰੇਂ ॥ ਕਾਮ ਕੋਹ ਲੋਭ ਮੋਹ ਧਰ ਤਨ ਧੀਰ ਤਬ ਰਿਦ ਗੇਹ ਮਾਂਝਬਰ ਗਜਾਨ ਦੀਪ ਪ੍ਰਜਰੇਂ ॥ ਅਣੀ ਮਾਦੀ ਅਸ੍ਰ ਸਿਧਿ ਸੰਖਆ ਦੀਸ ਨਵ ਨਿਧੀ ਢੂਡਤ ਫਿਰਤ ਤਹ ਘਰ ਬਨ ਸੁਥਰੇਂ ॥ ਕਮਲਾਧਰ ਕਹਤ ਨਗਰ ਘਰ ਲੋਗਨ ਪੁਕਾਰ ਯਹੀ ਬ੍ਰਿਤ ਸੁਭ ਕ੍ਰਿਸ੍ਨ ਆਪ ਉਚਰੇਂ ॥ ੨ ॥...

ਅੰਤ : ...ਲਖਜਮੀ ਬੰਤਨ ਜਨ ਹੈ ਪਰ ਬੇਦਨ ਬਹੁਤਾਇ ॥ ਧਰਾ ਭਾਰ ਯੁਤ ਸੇਸ ਪੈ ਸੋਬੇ ਸ੍ਰੀ ਪਤਿ ਰਾਇ ॥ ੭● ॥ ਕਾਯਥਕੁ ਕੁਟ ਕਾਕ ਕੁਲ ਆਪ ਜਾਤ ਕੇ ਪਾਲ ॥ ਕੂਕਰ ਹਸਤੀ ਸਿੰਘ ਦਿਜ ਆਪ ਜਾਤ ਕੇ ਕਾਲ ॥ ੭੧ ॥

ਹੱਥ ਲਿਖਤ ਨੰ : MS 217 ਅ

ਸਿਰਲੇਖ : ਹਰਿ ਬੰਸੇ ਭਵਿਖ

ਪੱਤਰੇ : 1 – 17 ੳ

ਆਕਾਰ : 10X15.5 ਸ.ਮ. ਲਿਖਤ: 6.5X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਨਮੇਜਯ ਰਾਜਾ ਪ੍ਰਸ੍ਨ ਕਰਤੇ ਭਏ ॥ ਹੇ ਬਸ਼ਾਸ ਜੀ ਜੋ ਸਮੀਪ ਆਉਣੇ ਵਾਲਾ ਸਮਯ ਹੈ ਔਰ ਜੋ ਦੂਰ ਕੋ ਆਉਣੇ ਵਾਲਾ ਸਮਯ ਹੈ ॥ ਉਸ ਸਮਯ ਕੋ ਹਮ ਨਹੀ ਜਾਨਤੇ ॥ ਇਸ ਵਾਸਤੇ ਦ੍ਵਾਪੁਰ ਯੁਗ ਨੂੰ ਦੋਸ ਲਗਾਨੇ ਵਾਲਾ ਜੋ ਕਲਿਯੁਗ ਹੈ ਤਿਸ ਨੂੰ ਮੈ ਜਾਨਣੇ ਕੀ ਇੱਛਾ ਕਰਤਾ ਹੂੰ ॥ ੧ ॥ ...

ਅੰਤ : ...ਔਰ ਹੇ ਜਨਮੇਜਯ ਕਲਿਯੁਗ ਮੈ ਮਨ ਕੀ ਪੀੜਾ ਤੇ ਰਹਿਤ ਕੋਈ ਨਹੀ ਹੋਵੇਗਾ ॥ ਔਰ ਰੋਗ ਰਹਿਤ ਕੋਈ ਨਹੀ ਹੋਵੇਗਾ ॥ ਔਰ ਸਭ ਜਨ ਨਿੰਦਾ ਕਰਨੇ ਵਾਲੇ ਹੋਵੇਂਗੇ ॥ ਔਰ ਕਿਯੇ ਹੋਏ ਉਪਕਾਰ ਕਾ ਬਦਲਾ ਕੋਈ ਨਹੀ ਦੇਵੇਗਾ ॥ ਯਹ ਸਭ ਬਾਰਤਾ ਕਲਿਯੁਗ ਮੈ ਹੋ ਜਾਵੇਂਗੀ ॥ ੪● ॥ ਇਤਿ ਸ੍ਰੀ ਹਰਿ ਬੰਸੇ ਭਵਿਖਜੇ ॥ ੧੮੪ ॥

ਹੱਥ ਲਿਖਤ ਨੰ : MS 218

ਸਿਰਲੇਖ : ਧਿਆਉ ਬਿਹੰਗਮ ਮਹਲਾ ੫

ਪੱਤਰੇ : 1 – 31

ਆਕਾਰ : 14.5X22 ਸ.ਮ. ਲਿਖਤ: 11X19.5 ਸ.ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਪੱਤਰਿਆਂ ਦਾ ਰੰਗ ਅਸਮਾਨੀ, ਬਿਨਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 12

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਭਿੱਜੀ ਹੋਈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ

ਆਰੰਭ : ੧ਓ ਸਤਿਗੁਰੂ ਪ੍ਰਸਾਦਿ ॥ ਧਿਆਉ ਬਿਹੰਗਮ ਮਹਲਾ ੫ ॥ ਰਾਗ ਰਾਮਕਲੀ ਨਿਰੰਕਾਰ ਕੀ ਕਥਾ ॥ ਏਕ ਨਾਮੁ ਕਾ ਅਧਾਰ ਥਾ ॥ ਖਾਤਾ ਕਿਛ ਨ ਥਾ ॥ ਪੰਚ ਤਤ ਨਿਰਬਾਣ ਥੇ ॥ ਉਨ ਕੀ ਦੇਹੀ ਥੀ ॥ ਸ੍ਰੀ ਬਾਬੇ ਨਾਨਕ ਕੀ ॥ ਸੁਰਤਿ ਸਬਦਿ ਗਿਆਨ ਧਿਆਨੁ ਸੰਤੋਖ ॥ ੫ ॥ ...

ਅੰਤ : …ਗਾਇਤ੍ਰੀ ਛੰਦ ॥ ਸੁਮਾਤਾ ਬ੍ਰੰਮ ਯੁਨੀ ਨਮਸਤਤੇ ॥ ਹੋ ਦੇਵੀ ਮਹੋ ਦੇਵੀ ਦੇਵੀ ਛੰਦ ਸੁਰਸਤੀ ॥ ਗਾਇਤ੍ਰੀ ਵਸਿਸਟ ਸਰਾਪ ਮੋਚ ਕਰੰਤੇ ॥ ਕੇਸ ਵੇਸਾ ਕਲੇਸ ਨਾਸਾ ਦੁਖ ਨਾਸਾ ਮਾਦਵਾ ॥ ਹਰੀ ਹਰਾ ਪਾਪ ਨਾਸਾ ਮੁਕਤ ਦਾਤਾ ਜਨਾਂਰਦਨਾ ॥ ਓਅੰ ਭੂਰ ਭਵਾ ਸੁਵਾਹ ॥ ਇਤੀ ਰਖਿਆਤ ॥ ਤਤ ਸਵ ਤੁਰ ਵਰਨੰ ॥ ਭਰ ਗੋ ਦੇ ਵਸਧੇ ਮੈ ਧੇਯੂ ਨਾ ਪਰਚੋ ਦਿਇਆਤ ॥

ਹੱਥ ਲਿਖਤ ਨੰ : MS 219
ਸਿਰਲੇਖ : ਫੂਲਮਾਲਾ ਗ੍ਰੰਥ
ਲਿਖਾਰੀ : ਦਰਗਾਹਾ ਸਿੰਘ ਰੂਪੇਵਾਲਾ
ਲਿਪੀ ਕਾਲ : ਸੰਮਤ 1958
ਸਥਾਨ : ਪਿੰਡ ਨਾਨੋਕੇ, ਅੰਮ੍ਰਿਤਸਰ
ਪੱਤਰੇ : 1 – 203
ਆਕਾਰ : 24X32 ਸ.ਮ. ਲਿਖਤ: 15X19 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਹਾਸ਼ੀਏ ਦੇ ਬਾਹਰ ਵਾਰ ਇਕ ਨੀਲੀ ਲਕੀਰ, ਸਤਰਾਂ ਪ੍ਰਤੀ ਪੰਨਾ – 15
ਆਮ ਵੇਰਵਾ : ਸ਼ੁਰੂ ਵਿਚ 8 ਅਤੇ ਅੰਤ ਤੇ 25 ਪੱਤਰੇ ਖਾਲੀ, ਕਿਤੇ ਕਿਤੇ ਕਿਰਮ-ਖੁਰਦਾ
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਅਥ ਫੂਲਮਾਲਾ ਗ੍ਰੰਥ ਰਾਮਾਯਣਾ ॥ ਸ੍ਵੈਯਾ ॥ ਆਦਿ ਕਰੌ ਗੁਰਦੇਵ ਕੋ ਬੰਦਨ ਵਾਹਿਗੁਰੂ ਮੁਖ ਮਾਹਿ ਉਚਾਰੀ ॥ ਦ੍ਵੈ ਕਰ ਜੋਰਿ ਧਰੌ ਚਰਨੀ ਸਿਰੁ ਜਾਂਉ ਸਦਾ ਗੁਰ ਕੇ ਬਲਿਹਾਰੀ ॥ ਕਾਂਨ ਸੁਨੌ ਗੁਰ ਕੀ ਉਪਮਾ ਗੁਰ ਰੂਪ ਅਨੂਪ ਸਦਾ ਉਰਧਾਰੀ ॥ ਵਾਹਗੁਰੂ ਗੁਰ ਨਾਨਕ ਸਾਹਿਬੁ ਸੇਵਕ ਸਾਂਮ ਗਹੀ ਦਰਬਾਰੀ ॥ ੧ ॥…
ਅੰਤ : …ਮੋਹਾਦਿਕ ਮ੍ਰਗ ਕੀਨੇ ਜਯ ਸਬ ਸਿੰਘ ਸੋ ਹੈ ਸੋਹਨ ਫਰੀਦਾਦਿਕ ਭਕ੍ਰਿ ਕਰੈਯਾ ਹੈ ॥ ਕੋਊ ਸ੍ਰੀ ਕ੍ਰਿਸ੍ਨ ਬਿਸ੍ਨ ਗਣਪਤਿ ਕੈਸੈਵ ਜਗ ਹਮਤੌ ਗਰੀਬ ਦਾਸ ਰਾਮ ਕੇ ਜਪਜਾ ਹੈ ॥ ੧ ॥ ਸ੍ਰੀ ਪਤਿ, ਅਨੰਤ, ਤੁਲਸੀ, ਈਸ, ਜਗਦੀਸ, ਈਸ੍ਵਰ, ….. ਸ੍ਰੀ ਕ੍ਰਿਸ੍ਨ, ਦਾਸ ॥ ਇਤਿ ਸ੍ਰੀ ਫੂਲ ਮਾਲਾ ਗ੍ਰੰਥ ਸਮਾਪਤੰ ॥ ਸੁਭਮਸਤ ॥ ਪੋਥੀ ਲਿਖੀ ਮਿਤੀ ਕਾਤਕ ਪ੍ਰਵਿਸ੍ਟ ॥ ੨੧ ॥ ਸੰਮਤ ੧੯੫੮ ॥ ਬਕਲਮ ਭਾਈ ਦ੍ਰਗਾਹਾ ਸਿੰਘ ॥ ਭਾਈ ਰੂਪੇਵਾਲਾ ॥ ਖਿਦਮਤ ਗੁਜਾਰ ਲੰਗਰ ਜੀ ਸਾਹਬ ॥ ॥ ॥ ॥

ਹੱਥ ਲਿਖਤ ਨੰ : MS 220
ਸਿਰਲੇਖ : ਸੁਧਾਸਰ
ਲੇਖਕ : ਨਵੀਨ ਕਵੀ (ਪੂਰਾ ਨਾਂ ਗੋਪਾਲ ਸਿੰਘ)
ਸਮਾਂ : ਸੰਮਤ 1895
ਸਥਾਨ : ਅੰਮ੍ਰਿਤਸਰ
ਪੱਤਰੇ : 1 – 352
ਆਕਾਰ : 23X27.5 ਸ.ਮ. ਲਿਖਤ: 17X20 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 16
ਆਮ ਵੇਰਵਾ : ਪੋਥੀ ਦੇ ਆਰੰਭ ਵਿਚ 10 ਅਤੇ ਅੰਤ ਤੇ 5 ਪੱਤਰੇ ਹਾਸ਼ੀਏ ਵਾਲੇ ਖਾਲੀ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓਂ ਸ੍ਰੀ ਗਣੇਸ਼ਾਯ ਨਮ: ॥ ਅਥ ਪ੍ਰਾਚੀਨ ਕਵਿ ਸੰਬੂਹ ਬਾਨੀ ਰਸ ਸਾਨੀ ਮਯ ਨਵੀਨ ਕ੍ਰਿਤ ਸੁਧਾਸਰ ਨਾਮ ਗ੍ਰੰਥ ਲਿਖਯਤੇ ॥ ਦੋਹਾ ਨਵੀਨ ਕੋ ॥ ਚਰਨ ਜੁਗਲ ਬੰਦਨ ਕਰੌਂ ਸਬ ਦੇਵਨ ਸਮੁਦਾਇ ॥ ਜਯੋਂ ਹਾਥੀ ਕੇ ਖੋਜ ਮੈ ਸਬ ਕੋ ਖੋਜ ਸਮਾਇ ॥ ੧ ॥...

ਅੰਤ : ...ਮੋਹਨ ਮੁਕਟ ਮੋਦ ਮੰਗਲ ਸਦਾ ਹੀ ਰਹੈ ਮਾਂਗ ਲਾਡਲੀ ਕੀ ਸਦਾ ਮੰਗਲਮਈ ਰਹੈ ॥ ੨੯ ॥ ਦੋਹਰਾ ॥ ਪ੍ਰਭ ਸਿਧ ਕਵ ਰਸ ਤਤ੍ਵ ਗਿਨ ਸੰਮਤ ਸਰ ਅਵਰੇਖ ॥ ਅਰਜੁਨ ਸੁਕਲਾ ਪੰਚਮੀ ਸੌਮ ਸੁਧਾ ਸਰ ਲੇਖ ॥ ੩● ॥ ਇਤਿ ਸ੍ਰੀ ਨਵੀਨ ਬਿਰਚਤਾਯਾਂ ਸੁਧਾਸਰ ਨਾਮ ਗ੍ਰੰਥੇ ਕਵਿ ਨਾਮ ਬੰਧ ਦਾਨ ਲੀਲਾ ਗ੍ਰੰਥ ਸੰਪੂਰਣਤਾ ਪ੍ਰਸੰਗਹਿ ॥ ਸ੍ਰੀ ਨਾਰਾਯਾਣਾ ਨਮ: ॥ ਇਤਿ ਸ੍ਰੀਮਨ ਮਹਾਰਾਜਾਧਿਰਾਜ ਅਤ ਜਾਨ ਬਲ ਵਾਛਿਤ ਕੰਤ ਬਰਾਰ ਬੰਸ ਸਿਰਮੌਰ ਸ੍ਰੀ ਜਸਮੰਤ ਸਿੰਘ ਜੀ ਮਾਲਵੇਂਦ੍ਰ ਬਹਾਦਰ ਚਿਤ ਬਿਲਾਸ ਹਿਤ ਆਗਜਾ ਪ੍ਰਿਤ ਨਵੀਨ ਕਵਿ ਸਮੂਹ ਬਾਨੀ ਰਸ ਸਾਨੀ ਸੁਧਾਸਰ ਨਾਮ ਗ੍ਰੰਥ ਖਟ ਤਰੰਗ ਵਰਨਨੰ ਸੰਪੂਰਣੰ ਸਮਾਪਤੰ ॥ ਸ੍ਰੀ

ਹੱਥ ਲਿਖਤ ਨੰ : MS 221

ਸਿਰਲੇਖ : ਸ੍ਰੀ ਰਾਮ ਚਰਿਤ੍ਰ ਮਾਨਸ (ਤੁਲਸੀ ਰਾਮਾਇਣ)

ਲੇਖਕ : ਤੁਲਸੀ ਦਾਸ

ਲਿਪੀ ਕਾਲ : ਸੰਮਤ 1899

ਸਥਾਨ : ਕਸ਼ਮੀਰ ਪੁਰੀ

ਪੱਤਰੇ : 1 ਅ – 484

ਆਕਾਰ : 16.5X25 ਸ.ਮ. ਲਿਖਤ: 11.5X17.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਪਰ ਉੱਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਇਕ ਮੋਟੀ ਸੰਤਰੀ ਲਕੀਰ ਦੇ ਇਕ ਪਾਸੇ ਇਕ ਕਾਲੀ ਅਤੇ ਇਕ ਸੰਤਰੀ ਲਕੀਰ, ਦੂਜੇ ਪਾਸੇ ਦੋ ਕਾਲੀਆਂ ਲਕੀਰਾਂ ਅਤੇ ਇਕ ਸੰਤਰੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 12

ਆਮ ਵੇਰਵਾ : ਪੱਤਰਾ 1 ਅ ਅਤੇ 2 ਅ ਤੇ ਦੋਹਰਾ ਹਾਸ਼ੀਆ, ਅਤੇ ਲਿਖਾਈ ਵਿਚ ਇਕ ਲਾਈਨ ਲਾਲ ਅਤੇ ਇਕ ਕਾਲੀ, ਲਿਖਤ ਸੁੰਦਰ, ਪੋਥੀ ਦੇ ਆਰੰਭ ਅਤੇ ਅੰਤ ਤੇ 9-9 ਖਾਲੀ ਬਿਨ੍ਹਾਂ ਹਾਸ਼ੀਆ ਦੇ ਪੱਤਰੇ।

ਆਰੰਭ : ੧ੴ ਸ੍ਰੀ ਰਾਮਾਯ ਨਮਹ ॥ ੧ੴ ਸ੍ਰੀ ਗੁਰਵੇ ਨਮਹ ॥ ੧ੴ ਸ੍ਰੀ ਗਣੇਸਾਯ ਨਮਹ ॥ ਵਰਨਾਂ ਨਾਮ ਰਥ ਸੰਘਾਨਾਂ ਰਸਾਨਾਂ ਛੰਦ ਸਾਮਪਿ ॥ ਮੰਗਲਾਨਾਂ ਚਕਰ ਕਰ ਤਾਰੋ ਵੰਦੇ ਵਾਨੀ ਵਿਨਾਯਕੋ ॥ ਭਵਾਨੀ ਸੰਕਰੌ ਵੰਦੇ ਸ੍ਰਧਾ ਵਿਸ੍ਵਾਸ ਰੂਪਿਨੌ ॥ ਯਾ ਭਿਆਂ ਵਿਨਾਨ ਪਸਯੰਤਿ ਸਿਧਾ : ॥...

ਅੰਤ : ...ਸ੍ਰੀ ਮਦ ਰਾਮ ਚਰਿਤ੍ਰ ਮਾਨਸੁ ਮਿਦੰ ਭਗਤ੍ਰਯ ਵਗਹਤਿ ਜੇਤੇ ਸੰਸਾਰਿ ਪਤੰਗ ਘੋਰਿ ਕਿਰਣੈ ਰਦਹੁਵੰਤਿ ਨੋ ਮਾਨਵ : ॥ ੩੬੨ ॥ ਇਤਿ ਸ੍ਰੀ ਰਾਮ ਚਿਰਤ੍ਰੇ ਮਾਨਸੇ ਸਕਲ ਕਲਪ ਵਿਧ੍ਵੰਸਨੇ ਸਤਯ ਸਪਤ ਮੌਪਾਨ ਸਮਾਪਤੰ ॥ ੭ ॥ਸੁਭੰ ਅਸਤੁ ॥ ਸੰਵਤ ॥ ੧੯੯੯ ॥ ਗ੍ਰੰਥ ਤੁਲਸੀ ਰਾਮਾਇਣ ਸੰਪੂਰਨ ਹੋਈ ॥ ਸੰਮਤ ਅਠਾਰਾ ਸੈ ਨੜਾਨਵੇ ਮਿਤੀ ਅਸੂੰ ਸਤਾਈ ਲਿਖੀ ਕਸ਼ਮੀਰ ਪੁਰੀ ਵਿਚ । ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ ॥

ਹੱਥ ਲਿਖਤ ਨੰ : MS 222

ਸਿਰਲੇਖ : ਮੇਘ ਬਿਨੋਦ

ਲੇਖਕ : ਮੇਘ ਮੁਨੀ

ਲਿਖਾਰੀ : ਲਾਲ ਚੰਦ

ਲਿਪੀ ਕਾਲ : 1879

ਸਥਾਨ : ਅੰਮ੍ਰਿਤਸਰ

ਪੱਤਰੇ : 1 ਅ – 204 ਓ

ਆਕਾਰ : 22.5X16.5 ਸ.ਮ. ਲਿਖਤ: 17.5X12.5 ਸ.ਮ.

ਵੇਰਵਾ : ਜਿਲਦ ਗੱਤਾ ਉੱਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 23

ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਸ਼ੁਰੂ ਵਿਚ ਤਿੰਨ ਪੱਤਰਿਆਂ ਤੇ ਮੇਘ ਬਿਨੋਦ ਦਾ ਤਤਕਰਾ ਦਿਤਾ ਹੈ , 1 ਅ ਪੱਤਰਾ ਚਾਰੇ ਪਾਸੇ ਦੁਹਰੇ ਹਾਸ਼ੀਏ ਵਿਚ ਫੁੱਲ ਬੂਟਿਆਂ ਨਾਲ ਸਜਾਇਆ ਹੋਇਆ ਹੈ, 205 ਪੱਤਰਾ ਖਾਲੀ ਹੈ ।

ਆਰੰਭ : ੧ਓ ਸ੍ਰੀ ਪਾਰਸ ਨਾਥ ਜੀ ਨਮ: ॥ ਅਥ ਮੇਘ ਬਿਨੋਦ ਲਿਖਯਤੇ ॥ ਦੋਹਰਾ ॥ ਸਕਲ ਜਗਤ ਆਧਾਰ ਪ੍ਰਭੁ ਸਕਲ ਜਗਤ ਸਿਰਤਾਜ ॥ ਪਾਪ ਬਿਦਾਰਨ ਸੁਖ ਕਰਨ ਜਯ ਜਯ ਸ੍ਰੀ ਜਿਨ ਰਾਜ ॥ ੧ ॥ ਤਾਂਹੀ ਕੋ ਮੈ ਸਿਮਰ ਕੈ ਕਰੌ ਗ੍ਰੰਥ ਸੁਖਕਾਰ ॥ ਮੇਘ ਬਿਨੋਦੈ ਨਾਮ ਇਸ ਸਕਲ ਜੀਵ ਉਪਗਾਰ ॥ ੨ ॥…

ਅੰਤ : …ਸੰਵਤ ੧੮੭੯ ਫਾਗਣ ਵਦੀ ੧੩ ਤ੍ਰਯੋਦਸੀ ॥ ਲਿਖਿਤੰ ਅਮ੍ਰਿਤਸਰ ਮਧਯੇ ਲਾਲ ਚੰਦ ਲਿਖਿਤੰ ਮੇਘ ਵਿਨੋਦ ਸੰਪੂਰਣੰ ਸਮਾਪਤੰ ॥ ਯਾਦ੍ਰਸੰ ਲਿਖਿਤੰ ਦ੍ਰਿਸਟਾ ॥ ਤਾਦ੍ਰਸੰ ਲਿਖਿਤੰ ਮਯਾ ॥ ਯਦਿ ਸੁਦਮ ਸੁਧੰਵਾ ॥ ਮਮਦੋ ਖੋਨ ਦੀਯਤੇ ॥ ਕਸਟੇਨ ਲਿਖਿਤੰ ਸਾਸਤ੍ਰੰ ॥ ਯਤਨੇਨ ਪਰਿਪਾਲਯੇਤ ॥ ਯਾਂਗਤਿੰ ਲਿਖਕੋ ਯੰਤਿ ਤਾਂਗਤਿੰਤ ਵਸਤ੍ਰਵਤ ॥ ਸੁਭੰ ॥

ਹੱਥ ਲਿਖਤ ਨੰ : MS 223 ਸੰਗ੍ਰਹਿ

ਸਿਰਲੇਖ : ਬ੍ਰਿੰਦ ਸਤਸਈ

ਲੇਖਕ : ਬ੍ਰਿੰਦ, ਕਵੀ

ਸਮਾਂ: ਸੰਮਤ 1678 (ਰਚਨਾ ਕਾਲ)

ਸਥਾਨ : ਢਾਕਾ ਸ਼ਹਿਰ

ਪੱਤਰੇ : 1 – 61 ਓ

ਆਕਾਰ : 17X12 ਸ.ਮ. ਲਿਖਤ: 12X8 ਸ.ਮ.

ਵੇਰਵਾ : ਜਿਲਦ ਗੱਤਾ ਉੱਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 13

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਵਖਰੀ ਕਾਨੀ ਨਾਲ ਲਿਖਤ, ਅਗਲੀ ਕ੍ਰਿਤਿ ਸ਼ੁਰੂ ਹੋਣ ਤੋਂ ਪਹਿਲਾਂ ਇਕ ਪੱਤਰਾ ਖਾਲੀ ਹੈ ।

ਆਰੰਭ : ੧ਓ । ਸ੍ਰੀ ਗਣੇਸਾਯ ਨਮਹਾ: ॥ ਅਥ ਬ੍ਰਿੰਦ ਸਤਸਈ ਕ੍ਰਿਤ ਕਵਿ ਬ੍ਰਿੰਦ ਲਿਖਯਤੇ ॥ ਦੋਹਰਾ ॥ ਸ੍ਰੀ ਗੁਰੁ ਨਾਥ ਪ੍ਰਭਾਵਤੈ ਹੋਤ ਮਨੋਰਥ ਸਿੱਧਿ । ਘਨ ਤੈ ਜਯੋਤਰੁ ਬੇਲਿ ਦਲ ਫੂਲ ਫਲਨ ਕੀ ਬਿਧਿ ॥ ੧ ॥…

ਅੰਤ : …ਸਮੈ ਸਾਰ ਦੋਹਾਨਾ ਕੌ ਸੁਨਤ ਹੋਤ ਮਨ ਮੋਦ ॥ ਪ੍ਰਗਟ ਭਯੋ ਯਹ ਸਤ ਸਯਾ ਭਾਖਾ ਬ੍ਰਿੰਦ ਬਿਨੋਦ॥ ੬੯੬ ॥ ਸੰਮਤ ਸਸਿ ਰਸ ਬਾਰ ਬਸੁ ਕਤਿਕ ਸੁਦਿ ਸਸਿ ਵਾਰ ॥ ਤਾਤੇ ਢਾਕੇ ਸਹਰ ਮੈ ਉਪਜੋ ਪੁਹਪ ਪ੍ਰਚਾਰ ॥ ੬੯੭ ॥ ਇਤਿ ਸ੍ਰੀ ਕਵਿ ਬ੍ਰਿੰਦ ਕ੍ਰਿਤ ਬ੍ਰਿੰਦ ਬਿਨੋਦ ਸਤਾਯਾ ਸੰਪੂਰਨੰ ਸਮਾਪਤੰ ਸੁਭੰ ਭੂਯਾਤ ॥

ਹੱਥ ਲਿਖਤ ਨੰ : MS 223 ਅ

ਸਿਰਲੇਖ : ਰਾਜਨੀਤ

ਲੇਖਕ : ਦੇਵੀ ਦਾਸ

ਪੱਤਰੇ : 1 – 35 ਅ

ਆਕਾਰ : 17X12 ਸ.ਮ. ਲਿਖਤ: 12X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਕ੍ਰਿਤ ਕਵਿ ਦੇਵੀ ਦਾਸ ਲਿਖਯਤੇ ॥ ਕਬਿੱਤੁ ॥ ਨੀਤਿ ਹੀ ਤੇ ਧਰਮ ਧਰਮ ਹੀ ਤੈ ਸ੍ਰੁਬ ਸਿਧ ਨੀਤ ਹੀ ਤੈ ਆਦਰ ਸਭਾਨਿ ਬੀਚ ਪਾਈਯੇ ॥ ਨੀਤ ਸੈ ਅਨੀਤ ਛੂਟੈ ਨੀਤ ਹੀ ਤੈ ਸੁਖ ਲੂਟੈ ਨੀਤ ਲੀਯੈ ਬੋਲੈ ਭਲੋ ਬਕਤਾ ਕਹਾਈਯੈ ॥ ਨੀਤ ਹੀ ਤੈ ਰਾਜ ਰਾਜੈ ਨੀਤ ਹੀ ਤੈ ਪਾਤਸਾਹੀ ਨੀਤ ਹੀ ਕੋ ਨਵਖੰਡ ਮਾਹਿ ਜਸੁ ਗਾਈਯੇ ॥ ਛੋਟਨ ਕੋ ਬਡੈ ਕਰੈ ਬਡੇ ਮਹਾ ਬਡੇ ਕਰੈ ਤਾ ਤੇ ਸਬ ਹੀ ਕੋ ਰਾਜਨੀਤ ਹੀ ਸੁਨਾਈਯੇ ॥...

ਅੰਤ : ... ਇਤਿ ਸ੍ਰੀ ਦੇਵੀ ਦਾਸ ਕਬਿੱਤ ਕ੍ਰਿਤ ਰਾਜਨੀਤ ਸੰਪੂਰਣੰ ॥ ਅਨੋਜਕਤ ॥ ਕਬਿੱਤ ॥ ਚਢਹੂ ਨ ਚਲਬੇ ਕੇ ਦਲਹੂੰ ਨ ਹਲਬੇ ਕੇ ਪੈਡ ਹੂੰ ਨ ਮਲਬੇ ਕੇ ਨਰ ਕੀ ਨ ਲਾਜ ਕੇ ॥ ਦਰਦ ਨ ਦਰਬੇ ਕੇ ਗਰਜ ਨ ਕਰਬੇ ਕੇ ਔਰਜਿ ਨ ਧਰਬੇ ਕੇ ਘਨ ਕੀ ਨ ਗਾਜ ਕੇ ॥ ਦਾਨ ਕੇ ਨ ਮਾਨ ਕੇ ਨ ਸਾਹ ਸਨਮਾਨ ਕੇ ਨ ਅਧਮ ਅਜਾਨ ਸੁ ਨ ਦੇਖਬੇ ਕੇ ਸਾਜ ਕੇ ॥

ਹੱਥ ਲਿਖਤ ਨੰ : MS 223 ਏ

ਸਿਰਲੇਖ : ਚਾਣਾਕਾ ਸਾਸਤ੍ਰ ਭਾਖਾ

ਲੇਖਕ : ਸੈਨਾਪਤਿ

ਸਮਾਂ : ਸੰਮਤ 1889

ਪੱਤਰੇ : 36 ਓ – 55 ਓ

ਆਕਾਰ : 17X12 ਸ.ਮ. ਲਿਖਤ: 12X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਕਿਤੇ ਕਿਤੇ ਸ਼ਬਦਾਂ ਦੇ ਅਰਥ ਹਾਸ਼ੀਏ ਵਿਚ, ਕਿਤੇ ਕਿਤੇ ਸਤਰਾਂ ਦੇ ਨਾਲ ਨਾਲ ਦਿੱਤੇ ਹੋਏ ਹਨ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਚਾਣਾਕਾ ਸਾਸਤ੍ਰ ਭਾਖਾ ਲਿਖਯਤੇ ॥ ਦੋਹਰਾ ॥ ਪ੍ਰਣਵਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਉ ॥ ਚਾਣਾਕੇ ਭਾਖਾ ਕਰੋ ਜੋ ਤੁਮ ਹੋਹੁ ਸਹਾਇ ॥ ਬਹੁ ਸਾਸਤ੍ਰ ਅਵਲੋਕ ਕੈ ਸੁੰਦਰ ਬਚਨਿ ਨਿਕਾਰ ॥ ਰਾਜਨੀਤ ਸੰਬੂਹ ਕੌ ਬਰਨਨ ਕਰੌ ਵਿਚਾਰ ॥ ੨ ॥...

ਅੰਤ : ... ਗੁਰ ਗੋਬਿੰਦ ਕੀ ਸਭਾ ਮੈ ਲੇਖਕ ਪਰਮ ਸੁਜਾਨ ॥ ਚਾਣਾਕੇ ਭਾਖਾ ਕੀਏ ਕਵਿ ਸੈਨਾਪਤਿ ਨਾਮ ॥ ੧੧ ॥ ਇਤ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ੧੬ ॥ ਸੰਮਤ ੧੮੮੯ ॥

ਹੱਥ ਲਿਖਤ ਨੰ : MS 223 ਸ

ਸਿਰਲੇਖ : ਬਾਣੀ (ਕੱਚੀ)

ਪੱਤਰੇ : 55 ਓ – 60

ਆਕਾਰ : 17X12 ਸ.ਮ. ਲਿਖਤ: 12X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਅੰਤ ਵਿਚ 160 ਪੱਤਰੇ ਤੇ ਮੰਗਲਾ ਚਰਨ ਦੇ ਅਰਥ ਦਿੱਤੇ ਹਨ ।

ਆਰੰਭ : ਸਲੋਕ ਮਹਲਾ ੧ ॥ ੧ੴ ਸਤਿਗੁਰ ਪ੍ਰਸਾਦਿ ॥ ਜਿਤ ਦਰ ਲਖ ਮਹੰਮਦਾ ਲਖ ਬ੍ਰਹਮੈ ਬਿਸਨ ਮਹੇਸ ॥ ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥ ਲਖ ਲਖ ਓਥੈ ਜਤੀ ਹੈ ਸਤੀਹ ਤੇ ਸੰਨਿਆਸ ॥ ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ ॥ ਲਖ ਲਖ ਓਥੈ ਆਸਨਾ ਗੁਰ ਚੇਲੇ ਰਹਿ ਰਾਸਿ ॥ ਲਖ ਲਖ ਦੇਵੀ ਦੇਵਤੇ ਦਾਨੁ ਲਖ ਨਿਵਾਸ ॥...

ਅੰਤ : … ਬ੍ਰਹਮਾ ਆਇ ਨ ਆਖਸੀ ਬੇਦ ਪੜੈ ਮੁਖ ਚਾਰ ॥ ਕਿਸਨੁ ਕਿ ਸੰਦਾ ਬਪੁੜ ਜਿ ਹੁਕ ਮਿਲਏ ਅਉਤਾਰ ॥ ਸਿਉ ਸਾਲਾਹਿਨਿ ਦਰਿ ਖੜੇ ਦੇਵੀ ਦੇਵ ਅਸੰਖ ॥ ਅਪੁਠਾ ਹੋਇ ਤਾ ਝੂਰਿ ਮਰੈ ਸਚੁ ਸਦਾ ਬਖਸੰਦ ॥

ਹੱਥ ਲਿਖਤ ਨੰ : MS 223 ਹ
ਸਿਰਲੇਖ : ਰੂਪ ਦੀਪ ਪਿੰਗਲ ਭਾਖਾ
ਲੇਖਕ : ਜੈ ਕ੍ਰਿਸਨ ਭੌਜਗ
ਰਚਨਾ ਕਾਲ: ਸੰਮਤ 1776
ਪੱਤਰੇ : 1 – 11 ਅ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰਾ ਨੰ: 12 ਖਾਲੀ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਓ ਸ੍ਰੀ ਗਣੇਸਾਯ ਨਮ: ਸ੍ਰੀ ਸਰਤੇਜੇ ਨਮ: । ਅਥ ਰੂਪ ਦੀਪ ਪਿੰਗਲ ਭਾਖਾ ਲਿਖਜਤੇ ॥ ਦੋਹਰਾ ॥ ਸਾਰਦ ਮਾਤਾ ਤੁਮ ਬਰੀ ਸੁਬੁਧਿ ਦੇਹੁ ਦਰ ਹਾਲ ॥ ਪਿੰਗਲ ਕੀ ਛਾਯਾ ਲੀਏ ਬਰਨੋ ਬਾਵਨ ਚਾਲ ॥ ੧ ॥ ਗੁਰ ਗਣੇਸ ਕੇ ਚਰਣ ਗਹਿ ਹਿਯੇ ਧਾਰ ਕੈ ਵਿਸ੍ਨ ॥ ਕੁਵਰ ਭਵਾਨੀ ਦਾਸ ਕੋ ਜੁਗਤਿ ਕਰੈ ਜੈ ਕ੍ਰਿਸ੍ਨ ॥ ੨ ॥…
ਅੰਤ : … ਦੋਹਰਾ ॥ ਸੰਮਤ ਸਤ੍ਰਾ ਸੈ ਬਰਸ ਔਰ ਛਿਹਤਰ ਪਾਇ ॥ ਭਾਦੋ ਸੁਦਿ ਦੁਤੀਆ ਗੁਰੂ ਭਯੋ ਗ੍ਰੰਥ ਸੁਖਦਾਇ ॥ ੪ ॥ ਇਤਿ ਸ੍ਰੀ ਪਿੰਗਲ ਰੂਪ ਦੀਪ ਭਾਖਾ ਜੈ ਕ੍ਰਿਸਨ ਭੋਜਗ ਕ੍ਰਿਤਿ ਸੰਪੂਰਨੰ ॥ ਗਣ ਸੰਪੂਰਨੰ

ਹੱਥ ਲਿਖਤ ਨੰ : MS 223 ਕ
ਸਿਰਲੇਖ : ਭਾਵ ਪੰਚਾਸਕਾ
ਲੇਖਕ : ਬ੍ਰਿੰਦ
ਪੱਤਰੇ : 1 – 18 ਅ
ਆਕਾਰ : 17X12 ਸ.ਮ ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, 19 ਅਤੇ 20 ਪੱਤਰਾ ਖਾਲੀ ਹਨ ।
ਆਰੰਭ : ੧ਓ ਸ੍ਰੀਸਤ ਸ੍ਰੀ ਗਣੇਸਾਯ ਨਮ: ॥ ਅਥ ਭਾਵ ਪੰਚਾਸਕਾ ਗ੍ਰੰਥ ਲਿਖਜਤੇ ॥ ਕ੍ਰਿਤ ਕਵਿ ਬ੍ਰਿੰਦ ਭਾਖਾ ॥ ਦੋਹਰਾ ॥ ਅਦਭੁਤ ਅਮਿਤ ਅਨੰਤ ਗਤਿ ਅਗਮ ਅਪਾਰ ਅਨੂਪ ॥ ਵਿਯਾਪਕ ਜਗ ਤੇ ਅਦ੍ਰਿਸਜਮਯ ਜਯ ਜਯ ਜੋਤਿ ਸਰੂਪ ॥ ੧ ॥ ਦੋਹਰਾ ॥ ਕਵਿ ਲੋਕਨ ਕੇ ਭਾਵ ਸੁਨਿ ਕਛੁਕ ਭਯੋ ਚਿਤ ਚਾਉ ॥ ਕਰੀ ਭਾਵ ਪੰਚਾਸਕਾ ਬ੍ਰਿੰਦ ਸੁ ਕਵਿ ਧਰ ਭਾਉ ॥ ੨ ॥…
ਅੰਤ : … ਇਤ ਭਾਵ ਪੰਚਾਸਕਾ ਸੰਪੂਰਨਨੰ ॥ ਕਬਿੱਤੁ ॥ ਛੂਟ ਛੂਟ ਪਰੈ ਆਲੀ ਬੈਦੀਆ ਜੁ ਬਾਰ ਬਾਰ ਮੁਖ ਪਰ ਮੋਤਨ ਕੀ ਲਰੀ ਲਰਕਤ ਹੈ । ਚੂਰਾ ਕੀ ਖੀਲ ਡੁਗ ਭਰਤ ਨਿਕਸ ਜਾਇ ਜੂ ਰਾਹੂੰ ਕੀ ਗਾਂਠ ਸਰ ਸਕਤ ਹੈ ॥ ਸੁ ਕਵਿ ਪ੍ਰਹਲਾਦ ਮੀਨ ਅਵਤਾਰ ਭਯੋ ਮਧ ਵਦੀ ਤੀਜ ਮਧ ਜੇਸਠਵ ਦੀ ਪੰਚਮੀ ਕੋ ਕੂਰਮ ਪ੍ਰਮਾਨਿਯੇ ॥ ਚੇਤ੍ਰ ਵਦੀ ਤੌਦਸੀ ਵੈਰਾਹ ਬਪੁ ਧਾਰ ਹਰਿ ਮਾਧਵ ਕੀ ਸੁਦੀ ਨਰ ਹਰੁ ਗੁਨ ਗਾਨਿਯੇ ॥ ਮਾਧਵ ਕੀ ਸੁਦੀ ਰਵਿ ਬਾਵਨ ਵੈਸਾਖ ਸੁਦੀ ਤੀਜ ਕੋ ਪਰਸਰਾਮ ਨਾਮੁ ਧਾਮ ਆਨਿਯੇ ॥ ਮਾਧਵ ਸੁਦੀ ਨੌਮੀ ਰਾਮ ਕ੍ਰਿਸ੍ਨ ਭਾਦੋ ਵਦੀ ਆਹੇ ਅਘਹਨ ਵਦੀ ਤੀਜ ਬੋਧ ਜਨਮ ਜਾਨਿਯੇ ॥ ੧ ॥ = ॥ = ॥

ਹੱਥ ਲਿਖਤ ਨੰ : MS 223 ਖ
ਸਿਰਲੇਖ : ਚਿਤ੍ਰ ਬਿਲਾਸ
ਲੇਖਕ : ਅੰਮ੍ਰਿਤ ਰਾਇ
ਪੱਤਰੇ : 1 – 30 ੳ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਸ਼ਬਦਾਂ ਦੇ ਅਰਥ ਲਾਲ ਸਿਆਹੀ ਨਾਲ ਵਖਰੀ ਕਾਨੀ ਨਾਲ ਲਿਖੇ ਹਨ । 30 ਅ ਖਾਲੀ ਹੈ ।
ਆਰੰਭ : ੧ੳ ਸ੍ਰੀ ਗਨਪਤਯੇ ਨਮ: ॥ ਅਥ ਚਿਤ੍ਰਬਿਲਾਸ ਕ੍ਰਿਤ ਕਵਿ ਅੰਮ੍ਰਿਤ ਰਾਇ ਲਿਖਯਤੇ ॥ ਛਪੈ ॥ ਸੁੰਡਾ ਦੰਡ ਭਸੁੰਡ ਮੰਡ ਸਿੰਦੂਰ ਭੂਰ ਬਰ ॥ ਕੇਸ ਗੰਡ ਅਲ ਝੁੰਡ ਲਸੈ ਸਸਿ ਖੰਡ ਭਾਲ ਪਰ ॥ ਮੁਕਟ ਚੰਡ ਸੁ ਪ੍ਰਚੰਡ ਗੰਡ ਮਦ ਝਰਨਿ ਚਲਤ ਚ੍ਵੈ ॥ ਕੁੰਡਲ ਕਰਨ ਅਖੰਡ ਚਢੇ ਜਨੁ ਮਾਰਤੰਡੁ ਦ੍ਵੈ ॥ ਭੁਜ ਦੰਡ ਚਤੁਰ ਬਲਬੰਡ ਅਤਿ ਨਵੋ ਖੰਡ ਬੰਦਤ ਚਰਨ ॥ ਕੰਟਕ ਬਿਹੰਡ ਸਤ ਖੰਡਿ ਕਹਿ ਲੰਬੋਦਰ ਅਸਰਨਿ ਸਰਨਿ ॥ ੧ ॥…
ਅੰਤ : … ਦੋਹਰਾ ॥ ਚਿੱਤ੍ਰ ਵਰਨ ਅਭਰਨ ਕਛੁ ਬਰਨੀ ਅੰਮ੍ਰਿਤ ਰਾਇ ॥ ਭਰੇ ਚਿੱਤ੍ਰ ਕੀ ਬ੍ਰਿੰਤ ਅਬ ਕਹਿ ਚਤਰੰਗ ਬਨਾਇ ॥ ੪ ॥ ਇਤਿ ਸ੍ਰੀ ਚਿੱਤ੍ਰ ਬਿਲਾਸ ਕਵਿ ਅੰਮ੍ਰਿਤ ਰਾਇ ਕ੍ਰਿਤ ਸਮਾਪਤੰ ॥ ਹਰੰ ॥

ਹੱਥ ਲਿਖਤ ਨੰ : MS 223 ਗ
ਸਿਰਲੇਖ : ਛੰਦ ਰਤਨਾਵਲੀ
ਲੇਖਕ : ਰਾਮ ਦਾਸ ਨਿਰੰਜਨੀ
ਲਿਪੀ ਕਾਲ : ਸੰਮਤ 1795
ਸਥਾਨ : ਡਿਡਵਾਨਾ
ਪੱਤਰੇ : 1 – 33 ੳ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸ੍ਰੀ ਵਾਹਗੁਰੂ ਜੀ ਕੀ ਫਤੇ ॥ ਅਥ ਛੰਦ ਰਤਨਾਵਲੀ ਲਿਖਯਤੇ ॥ ਦੋਹਰਾ । ਗੁਰੂ ਗਨਪਤਿ ਗੋਵਿੰਦ ਕੌ ਨਾਯ ਸੀਸ ਹਰਿ ਰਾਮ ॥ ਪਿੰਗਲ ਮਤ ਭਾਖਾ ਬਿਖੈ ਰਚਤ ਰੁਚਿਰ ਪਰ ਕਾਂਮ ॥ ੧ ॥ ਮਤਾ ਬਰਨ ਵਿਭੇਦ ਕਰਿ ਦ੍ਵੈ ਬਿਧਿ ਲੌਕਿਕ ਛੰਦ ॥ ਪਿੰਗਲ ਆਦਿ ਅਚਾਰਿ ਜਨਿ ਕਹੇ ਬਾਂਧਿ ਪਰਬੰਦ ॥ ੨ ॥…
ਅੰਤ : …ਸੰਬਤ ਸਰ ਨਵ ਮੁਨਿ ਸਸਿ ਨਭ ਨਵਮੀ ਗੁਰੁ ਮਾਨਿ ॥ ਡਿਡਵਾਨਾ ਦ੍ਰਿਢ ਕੂਪ ਜਹਿ ਗ੍ਰੰਥ ਜਨਮ ਸਥਲ ਜਾਨਿ ॥ ਇਤ ਸ੍ਰੀ ਰਾਮ ਦਾਸ ਨਿਰੰਜਨੀ ਕ੍ਰਿਤ ਛੰਦ ਰਤਨਾਵਲੀ ਸੰਪੂਰਣੰ ॥ ॥ ਸ੍ਰੀ ਗੁਰੂ ਨਾਨਕ ਅੰਗਦ… ਗੁਰੁ ਤੇਗ ਬਹਾਦਰ ਗੁਰੁ ਗੋਬਿੰਦ ਸਿੰਘ ਆਪਨਾ ਖੇਲੁ ਆਪ ਵਰਤਾਇਆ ॥ ਦਸ ਅਵਤਾਰ ਕੀਏ ਗੁਰ ਨਾਨਕ ਭਿੰਨ ਭਿੰਨ ਬਪੁਕਾਰ ਦਿਖਰਾਇਆ ॥ ੧● ॥ ● ॥

ਹੱਥ ਲਿਖਤ ਨੰ : MS 223 ਘ
ਸਿਰਲੇਖ : ਮਾਨ ਮੰਜਰੀ ਨਾਮ ਮਾਲਾ
ਲੇਖਕ : ਨੰਦ ਦਾਸ

ਸਥਾਨ : ਡਿਡਵਾਨਾ
ਪੱਤਰੇ : 33 ਅ – 65 ਓ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਅਥ ਮਾਨ ਮੰਜਰੀ ਨਾਮ ਮਾਲਾ ਕ੍ਰਿਤ ਕਵਿ ਨੰਦ ਦਾਸ ਲਿਖਜਤੇ ॥ ਦੋਹਰਾ ॥ ਤੰਨ ਮਾਮਿ ਪਰ ਪਰਮ ਗੁਰ ਕ੍ਰਿਸਨ ਕਮਲ ਦਲ ਨੈਨ ॥ ਜਗ ਕਾਰਨ ਕਰੁਨਾਰ ਨਵ ਗੋਕਲ ਜਿਨ ਕੋ ਐਨ ॥ ੧ ॥ ਦੋਹਰਾ ॥ ਉਚਰ ਸਕਤ ਨਹਿ ਸੰਸਕ੍ਰਿਤ ਜਾਨੋ ਚਾਹਤ ਨਾਮ ॥ ਤਿਨ ਲਗਿ ਨੰਦ ਸੁਮਤਿ ਜਥਾ ਰਚਤ ਨਾਮ ਕੀ ਦਾਮ ॥ ੨ ॥…
ਅੰਤ : … ਦੋਹਰਾ ॥ ਜਮਲ ਜੁਗਮ ਜਮ ਦ੍ਵੰਦ ਦ੍ਵੈ ਉਭੈ ਮਿਥੁਨ ਬਿਬ ਬੀਅ ॥ ਜੁਗਲ ਕਿਸੋਰ ਸਦਾ ਬਸੌ ਨੰਦ ਦਾਸ ਕੇ ਹੀਅ ॥ ੨੧੪ ॥ ਅਥ ਮਾਲਾ ਕੇ ਨਾਮ ॥ ਦੋਹਰਾ ॥ ਮਾਲਾਸਿਕ ਜੋ ਗੁਨਵਤੀ ਯਹ ਜੁ ਨਾਮ ਕੀ ਦਾਮ ॥ ਜੋ ਨਰ ਕੰਠਿ ਕਰਿ ਹੈ ਸੋ ਨਰ ਹ੍ਵੈ ਹੈ ਛਬ ਕੋ ਧਾਮ ॥ ੨੧੫ ॥ ਇਤਿ ਨਾਮ ਮਾਲਾ ਸਪੂਰਣੰ ॥ = ॥

ਹੱਥ ਲਿਖਤ ਨੰ : MS 223 ਛ
ਸਿਰਲੇਖ : ਅਨੇਕ ਅਰਥ ਭਾਖਾ
ਪੱਤਰੇ : 65 ਓ – 74 ਅ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, 71 ਪੱਤਰੇ ਤੋਂ ਕਾਨੀ ਬਦਲੀ ਹੋਈ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਅਥ ਅਨੇਕ ਅਰਥ ਭਾਖਾ ਲਿਖਜਤੇ ॥ ਦੋਹਰਾ ॥ ਜੋ ਪ੍ਰਭੁ ਜੋਤਿ ਮੈ ਜਗਤ ਮੈ ਕਾਰਨ ਕਰਨ ਅਭੇਵ ॥ ਵਿਘਨ ਹਰਨ ਸਬ ਸੁਭ ਕਰਨ ਨਮੋ ਨਮੋ ਤਿਹ ਦੇਵ ॥ ੧ ॥ ਦੋਹਰਾ ॥ ਏਕੈ ਬਸਤੁ ਅਨੇਕ ਹ੍ਵੈ ਜਗਮਗਾਤ ਜਮ ਧਾਮ ॥ ਜਿਯੋ ਕੰਚਨ ਕੇ ਕਿੰਕਨੀ ਕੰਕਨ ਕੁੰਡਲ ਨਾਮ ॥ ੨ ॥…
ਅੰਤ : … ਸਨੇਹ ॥ ਤੈਲ, ਸਨੇਹ ਸਨੇਹ ਘ੍ਰਿਤ, ਉਤਮ ਪ੍ਰੇਮ, ਸਨੇਹ ॥ ਸੋ ਸਨੇਹ ਨਿਜ ਚਰਨ ਕੋ ਨੰਦ ਦਾਸ ਕੋ ਦੇਹ ॥ ੮੮ ॥ ਸਬਦ ਸਮੁੰਦ ਮੈ ਸਬਦ ਗੁਨ ਕੋ ਕਾਢਨ ਸਮਰਥ ॥ ਮਰਜੀ ਆਸ ਸਕੰਤ ਜਸ ਤੈਸੇ ਆਵਹਿ ਹਥ ॥ ੮੯ ॥ ਇਤ ਅਨੇਕ ਅਰਥੀ ਸੰਪੂਰਣੰ ॥

ਹੱਥ ਲਿਖਤ ਨੰ : MS 223 ਚ
ਸਿਰਲੇਖ : ਸੁਰਭੀ
ਪੱਤਰੇ : 74 ਅ
ਆਕਾਰ : 17X12 ਸ.ਮ. ਲਿਖਤ: 12X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਆਖਰੀ ਖਾਲੀ ਦੋ ਪੱਤਰਿਆਂ ਤੇ ‘ਖੋੜਸਦਲ ਪਦਮ ਚਿੱਤ੍ਰਕ ‘ ਚਕ੍ਰ ਵਾਹੇ ਹੋਏ ਹਨ, ਇਕ ਪੱਤਰੇ ਤੇ ਨੁਸਖਾ ਲਿਖਿਆ ਹੋਇਆ ਹੈ ।
ਆਰੰਭ : ਅਥ ਸੁਰਭੀ ਲਿਖਜਤੇ ॥ ਦੋਹਰਾ ॥ ਚੰਦਨ ਸੁਰਭੀ ਮ੍ਰਿਗ ਸੁਰਭ ਸੁਰਭੀ ਬਹੁਰੁ ਬਸੰਤ ॥ ਸੁਰਭੀ ਚਾਰਤ ਬਨ ਗਊ ਜੋ ਜਗ ਕਰਤਾ ਕੰਤ ॥ ੧ ॥ ਆਤਮਾ ॥ ਦੋਹਰਾ ॥ ਚੰਦਨ ਸੁਰਭੀ ਮ੍ਰਿਗ ਸੁਰਭ ਸੁਰਭੀ ਬਹੁਰੁ ਬਸੰਤ ॥ ਸੁਰਭੀ ਚਾਰਤ ਬਨ ਗਊ ਜੋ ਜਗ ਕਰਤਾ ਕੰਤ ॥ ੧ ॥ ਆਤਮਾ ॥ ਦੋਹਰਾ॥

ਮਨ ਬੁਧੰ ਚਿਤ ਸੁਭਾਵ ਤਨ ਧਰਮ ਜੀਵ ਅਹੰਕਾਰ ॥ ਏ ਸਭ ਕਹੀਅਹਿ ਆਤਮਾ ਪਰਮਾਤਮਾ ਆਧਾਰ ॥ ੨ ॥...

ਅੰਤ : ... ਦੋਹਰਾ ॥ ਜੋ ਅਨੇਕ ਅਰਥੀ ਪੜੈ ਅਥਵਾ ਸੁਨੈ ਜੁ ਕੋਇ ॥ ਤਾਕਉ ਅਨੰਕ ਸੁਅਰਥ ਇਹ ਪੁੰਨ ਪਰਾਪਤਿ ਹੋਇ ॥ ੫੭ ॥ ਸੁਰਭੀ ਸਪੂਰਨ ਹੋਈ ॥ ੧ ॥

ਹੱਥ ਲਿਖਤ ਨੰ : MS 224 ਸੰਗ੍ਰਹਿ
ਸਿਰਲੇਖ : ਮੰਤ੍ਰ
ਪੱਤਰੇ : 1 - 9 ਅ, 16
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ਉੱਖੜੀ ਹੋਈ, ਦੁਪਾਸੀਂ ਖੜ੍ਹੇ ਰੁਖ ਅਲੱਗ ਅਲੱਗ ਹਾਸ਼ੀਆ, ਕਿਤੇ ਕਿਤੇ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਕਿਤੇ ਕਿਤੇ ਦੋ ਲਾਲ ਲਕੀਰਾਂ ਦੋ ਕਾਲੀਆਂ ਲਕੀਰਾਂ ਵਿਚ ਮੋਟੀ ਪੀਲੀ ਜਾਂ ਮੋਟੀ ਸੰਤਰੀ ਲਕੀਰ, ਸਤਰਾਂ ਪ੍ਰਤੀ ਪੰਨਾ 16
ਆਮ ਵੇਰਵਾ : ਆਰੰਭ ਵਿਚ 11 ਅਤੇ ਅੰਤ ਤੇ 3 ਪੱਤਰੇ ਹਾਸ਼ੀਏ ਵਾਲੇ ਖਾਲੀ, ਦੋ ਖਾਲੀ ਪੱਤਰਿਆਂ ਤੇ ਹੋਰ ਕਲਮ ਨਾਲ ਨੁਸਖੇ ਲਿਖੇ ਹੋਏ । ਪੱਤਰਾ 16 ਤੇ ਵੀ ਮੰਤ੍ਰ ਹਨ, ਕਈ ਥਾਂਈ ਕਾਨੀ ਬਦਲੀ ਹੋਈ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਮੰਤ੍ਰ ॥ ਦੰਮੁ ਗੁਗਾ ਦਮੁ ਮੰਡਲੀ ਦੰਮੁ ਕਾਜੀ ਸੁਲਤਾਨ ॥ ਪ੍ਰਬਤ ਧੂੜਾਂ ਧੁਮੀਆ ਗੁਗਾ ਚੜੇ ਚੁਗਾਨੁ ॥ ਗੁੰਗੇ ਸੰਦੀ ਕੋਟ ਲੀਸ ਬੰਦੇ ਬਿਸੀਅਰੁ ਨਾਗੁ ॥ ਬਿਸਿ ਕਾਂਲੀ ਬਿਸਿ ਕੰਬਲੀ ਕੈਸਨਿ ਕਾਲੇ ਤੂਤਿ ॥ ਬਿਸਿਅਰੁ ਦੇਦੇ ਡੰਗੁ ਫੂਕੁ ॥...
ਅੰਤ : ... ਅਗਣਤ ਸੂਰਜ ਪਖੰਤ ਨੂਰਮ ਬਸੇ ਤੂਰਮ ਕਾਲ ਕੰਟੰਕ ਦੂਰਮ ਸਤ ਸੁਕਰ ਸ੍ਰੀ ਬਾਲਾ ਸੂਰਜਿ ਹਥਿ ਖੜਗ ਗਲ ਫੂਲਨ ਕੀ ਮਾਲਾ ਕੰਨੀ ਕੁੰਡਲ ਰੂਪ ਕਾ ਬਿਸਾਲਾ ॥ ਰਿਧਿ ਸਿਧਿ ਕਰੋ ਗਰੀਬ ਨਾਥ ਜੀ ਪ੍ਰਤਿਪਾਲਾ ॥ ਗਰੀਬ ਨਾਥ ਚਿਤਾਵਨ ਵਾਲਾ ॥ ੧੨ ॥ ਸਮਾਪਤੰ ॥

ਹੱਥ ਲਿਖਤ ਨੰ : MS 224 ਅ
ਸਿਰਲੇਖ : ਜੋਤਸ ਪ੍ਰਕਾਸ
ਪੱਤਰੇ : 10, 10 - 15 ਅ
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਦਸ ਅੰਕ ਦੋ ਪੱਤਰਿਆਂ ਤੇ ਅੰਕਿਤ ਹੈ 16 ਅ ਤੇ ਜੰਤਰ ਮੰਤਰ ਅੰਕਿਤ ਹਨ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਜ ਨਮ: ॥ ਅਥ ਜੋਤਸ ਪ੍ਰਕਾਸ ਲਿਖਜਤੇ ॥ ਅਧ ਨਿਛੰਤ੍ਰ ॥ ਚਚੇ ਚੋਲਾ ॥ ਅਸੁਨੀ ੧ ॥ ਲਿਲੁ ਲੇਲੋ ਭਰਣੀ ੨ ॥ ਆਈ ਊਏ ਕ੍ਰਿਤਕਾ ੩ ॥... ॥ ੧੭ ॥ ਨੋਯਾਪਿਯੁ ॥ ਜੇਸਟਾ ੧੮ ਯੋਧੇ ਭਤਿ ਮੂਲ । ...
ਅੰਤ : ... ਬਿਸੁ ਕਿਆੜੀ ਕਿਡਾਉ ਕਰਿ ਗੋਹਾ ਘਰੁ ਕਰੇ ਚਿਕਿੜਿ ਲਾਏ ਅਗਿ ਬਾੜਿ ਬੂ ਕੂਚਿ ਬਿਸੁਉ ਤਿਗਿੰ ਝਿੜਕਾ ਝੜੇ ਤੇ ਝਾੜਾ ਚੜੇ ਤੇ ਮਾਰ ਉਤਾਰਾ ਜਾਗੁ ਰੇ ਜਾਗੁ ਸਤਿ ਵੇ ਪਤਾਲੋ ਦੇਬੈ ਰਾਗ ॥ ਧੰਨੀ ਕੇ ਬੈਦੰਨਿ ਸੰਖਿ ਚੂੜੁ ॥ ਵਾਸਿ ਕੂੜਿ ॥ ਕਰੋੜਿ ਰੰਗਿ

ਹੱਥ ਲਿਖਤ ਨੰ : MS 224 ਏ
ਸਿਰਲੇਖ : ਬੰਸਰੀ
ਲੇਖਕ : ਭੱਦਰ
ਪੱਤਰੇ : 17 ੳ - 18 ੳ

ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਤੇ ਇਕ ਨੁਸਖਾ ਦਿਤਾ ਹੈ ।
ਆਰੰਭ : ਬ੍ਰਿਜਰਾਜ ਕੇ ॥ ਬੰਸਰੀ ਅਧਰ ਤਿਲਕ ਸੋਹਤ ਹੈ ਭਾਲ ਪ੍ਰਭੰਜਨ ਕੀ ਮਾਲ ਉਰ ਬਨੀ ਮਹਾਰਾਜ ਕੇ ॥ ਟੇਡੀ ਕਰ ਟਾਂਗ ਦਿਲ ਮੋਹਿਓ ਹੈ ਮੋਹਨ ਤੈ ਰਾਧਕੈ ਸੁਜਾਨ ਸੰਗ ਖੜੀ ਸਿਰਤਾਜ ਕੈ ॥...
ਅੰਤ : ... ਭਗਤ ਦੇਖ ਬੂੜਾ ਤੈ ਤਾਰਿਓ ਹੈ ਪਲਕ ਬੀਚ ਦੀਨੋ ਹੈ ਬੈਕੁੰਠ ਬਾਸ ਜਾਨਤ ਲੁਕਾਈ ਹੈ ॥ ਤਾਕੋ ਸੁਤ ਸੁਖ ਰਾਜ ਪੁਨ ਹੈ ਧਨਾ ਜਬਿ ਰਜਨ ਜਾਨ ਅਪਨੈ ਮਹ ਦੀਜੀਏ ਬਡਾਈ ਹੈ ॥ ਚਰਣੋ ਮੈ ਮਨ ਰਹੈ ਤਨ ਰਹੈ ਅਰੋਗ ਨਿਤ ਭੱਦ੍ਰ ਜਨ ਕਹੈ ਕ੍ਰਿਸਨ ਭਗਤ ਦੇਸ ਵਾਈਐ ॥ ੩ ॥

ਹੱਥ ਲਿਖਤ ਨੰ : MS 224 ਸ
ਸਿਰਲੇਖ : ਓਨਮੋ ਆਦੇਸ
ਲੇਖਕ : ਕੇਸਰ ਸਿੰਘ
ਪੱਤਰੇ : 18 ਅ - 19 ਅ
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਉਨਮੋ ਆਦੇਸ ਲਾਲ ਪਲਗ ਸੁਰਖ ਪਾਏ ਕੇਸਰ ਸਿੰਘ ਬਾਰੀਯ ਆਏ ॥ ਛਪਨ ਛੁਰੀ ਅਗਲ ਮੇ ॥ ਛਪਨ ਛੁਰੀ ਬਗਲ ਮੇ ॥ ਛਪਨ ਛੁਰੀ ਬਾਵ ਚਲੈ ਛਪਨ ਛੁਰੀ ਦਾਵੈ ਚਲੈਹ ਕਰਦ ਆਇ ਬਕਰਦ ਜਾਇ ਹਡੀ ਤੋੜ ਕਲੇਜੀ ਚਖੁ ਮੇਰਾ ਬੈਰੀ ਤੇਰਾ ਭਛ ਮਾਰ ਮਾਰ ਕਰ ਤਾ ਚਲੇ ਧੜ ਧਾੜ ਕਹਤਾ ਚਲੇ ਸਜੇ ਹਥ ਹਲਾਲ ਕੀ ਬੋਟੀ ਚਲੇ ਖਬੇ ਹਥ ਹਰਾਮ ਕੀ ਬੋਟੀ ਚਲੇ ...
ਅੰਤ : ... ਲਗੇ ਕੋ ਲਗਾਏ ਕੋ ਕਰੇ ਕੋ ਕਰਾਏ ਕੋ ਆਕਨ ਕੋ ਡਾਕਨ ਕੋ ਸਤ ਸਨਾਤ ਬਾਰਾ ਜਾਤ ਚੋਪਟੀਏ ਚੁਰਾਹੀ ਏਕੋ ਬੰਦ ਕਰ ਲਿਆ ਕੇਸਰ ਸਿੰਘ ਬੀਰ ਦੇ ਖਾਰੇ ਕੇਸਰ ਸਿੰਘ ਤੇਰੇ ਇਲਮ ਕਾ ਤਮਾਸਾ ਫੁਰੋ ਮੰਤ ਈਸਰੀ ਮਹਾਦੇਵ ਕਾ ਬਾਚਾ ਫੁਰੇ ॥

ਹੱਥ ਲਿਖਤ ਨੰ : MS 224 ਹ
ਸਿਰਲੇਖ : ਕੱਬਿਤ
ਪੱਤਰੇ : 19 ਅ - 20 ਅ
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਕਬਿਤ ॥ ਏਕ ਸਮੇ ਠਾਡੇ ਹੈ ਦੁਵਾਰ ਪਰ ਅਸਵਾਰ ਅਨੇਕ ਰਥ ਬਾਜਤੇ ਬਜੰਤਰ ਸਾਥ ਕਰੀ ਖੜੇ ਝੂਲਤੇ ॥ ਏਕ ਸਮੇ ਭੇਟ ਲੈਨ ਰੇਸ ਬੇਸ ਅਰਜ ਕਰੈ ਏਕ ਸਮੇ ਪਲਘ ਪੈ ਪਸਮੀਨੇ ਵਿਛੈ ਤੂਲ ਤੇ ॥...
ਅੰਤ : ... ਏਕ ਸਮੈ ਵਾਹੀ ਨਰ ਕਿਰਪਾ ਬਿਨੁ ਰਾਮ ਜੂ ਕੀ ਹੋਇ ਕੈ ਭਿਖਾਰੀ ਫਿਰੈ ਖੈਰ ਨਹੀ ਪਰਤੋ ॥

ਹੱਥ ਲਿਖਤ ਨੰ : MS 224 ਕ
ਸਿਰਲੇਖ : ਰਾਧਾ ਸਿੰਗਾਰ
ਪੱਤਰੇ : 20 ਅ - 23 ਅ

ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅਧੂਰੀ ਜਾਪਦੀ ਹੈ, 23 ਤੋਂ ਬਾਅਦ ਤਿੰਨ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸਜ ਕਰਿ ਸਿੰਗਾਰੁ ਰਾਧਾ ਚਲੀ ਸਿਆਮ ਜੂ ਪੈ ਚੰਦ੍ਰਮਾ ਚੰਮਕ ਦੇਖਿ ਲਰਜ ਰਹਿਯੋ ਮਨਿ ਮੈ ॥ ਸੀਸ ਪੈ ਦੁਕੂਲ ਸ੍ਵੇਤ ਕੁਚਨ ਪੈ ਅੰਗੀ ਕ੍ਰਿਤ ਕਟ ਬੀਚ ਸਾਰੀ ਸੁਤੇ ਸੁਤੇ ਤਨ ਮੋ ॥…
ਅੰਤ : … ਮੋਦਤ ਹੋ ਗਾਜੇਜੋ ਗਜ ਕਰੀ ਤੈ ਸਹਾਏ ਹਰੀ ਲੀਜੈ ਜੀ ॥ ਕਾਲ ਭੇਟ ਦੌਰਯੋ ਦੇਖ ਲਾਲ ਜੀ ॥ ਪਰੇਓ ਸਰਨ ਚਰਨ ਲਾਗੇਯੇ ਆਨ ਹਿਤ ਹੀ ਸੋ ਦੀਨੋ ਹੈ ਸੁਜਾਨ ਪਾਨ ਲੀਨੋ ਹੈ ਗੁਪਾਲ ਜੀ ॥ ਹੋਇ ਕੈ ਦਿਜਾਲ ਲੈ ਪਧਾਰੇ ਹੋ ਬਕੰਠ ਹੂ ਮੈ ਕੀਨੋ ਸਿਰਤਾਜ ॥…..

ਹੱਥ ਲਿਖਤ ਨੰ : MS 224 ਖ
ਸਿਰਲੇਖ : ਕਥਾ ਕਾਮਰੂਪ ਵ ਕਾਮ ਲਿਟਾ ਕੀ
ਲੇਖਕ : ਅਹਿਮਦ ਯਾਰ
ਲਿਖਾਰੀ : ਨਰੈਣ ਸਿੰਘ
ਲਿਪੀ ਕਾਲ : ਸੰਮਤ 1918
ਪੱਤਰੇ : 1- 154
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਦੂਜੀ ਵਿਚ ਕਾਨੀ ਨਾਲ ਲਿਖਾਰੀ ਅਤੇ ਸਮੇਂ ਬਾਰੇ ਲਿਖਿਆ ਹੈ, ਅੰਤ ਵਿਚ ਅਗਲੀ ਕ੍ਰਿਤੀ ਸ਼ੁਰੂ ਹੋਣ ਤੋਂ ਪਹਿਲਾਂ 2 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਅਥ ਕਥਾ ਕਾਮਰੂਪ ਵ ਕਾਮਲਿਦਾਂ ਦੀ ਕ੍ਰਿਤ ਕਵਿ ਅਹਿਮਦ ਯਾਰ ॥ ਬੈਤ ॥ ਅੱਵਲ ਸਿਫਤਿ ਕਰਾਂ ਸਾਹਿਬ ਦੀ ਜਿਨਿ ਇਹ ਖਲਕਤ ਸਾਜੀ ॥ ਬੇਪਰਵਾਹ ਬੇਅੰਤ ਸੁਆਮੀ ਨਾ ਕਿਸ ਕੀ ਮੁਹਤਾਜੀ ॥ ੧ ॥ ਅਪਣੀ ਕੁਦਰਤਿ ਆਪੇ ਜਾਣੈ ਹਿਕਮਤ ਉਸਦੀ ਨਜਾਰੀ ॥ ਰੰਗਾ ਰੰਗ ਸਕੂਫਾ ਸਬਜੀ ਕਰਿ ਗੁਲਜਾਰ ਪਸਾਰੀ ॥ ੨ ॥…
ਅੰਤ : … ਮੇਰੀਆ ਪੂਰੀਆਂ ਪਾਵਣ ਵਾਲਾ ਹਜ਼ਰਤ ਸਾਹਿ ਜੀਲਾਨੀ ॥ ਅਹਮਦ ਯਾਰ ਮੁਰੀਦ ਮਰਦ ਦਾ ਬਰਦਾ ਦੁੰਹੀ ਜਹਾਨੀ ॥ ੧੪੯੭ ॥ ਪੋਥੀ ਨਰੈਣ ਸਿੰਘ ਘਮਿਆਰ ਕਾਮਲੇਟਾ ਚੰਡੀ ਗੋਗਾ ਸੰਮੋਦਰੀਕ ਜੋਤਸ ਨਛਤ੍ਰ ਸੰਮਤ ੧੯੧੮ ਮਤੀ ਮਾਗ ਦੀ ੧੭ ਤਰੀਕ ।

ਹੱਥ ਲਿਖਤ ਨੰ : MS 224 ਗ
ਸਿਰਲੇਖ : ਗੁਨ ਸਾਗਰ ਬਚਿਤ੍ਰ
ਲਿਖਾਰੀ : ਨਰੈਣ ਸਿੰਘ
ਲਿਪੀ ਕਾਲ : ਸੰਮਤ 1918
ਪੱਤਰੇ : 1- 102
ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਤੇ 102 ਅ ਪੱਤਰੇ ਤੇ ਦੂਜੀ ਕਲਮ ਨਾਲ ਲਿਖਾਰੀ ਅਤੇ ਸਮੇਂ ਬਾਰੇ ਲਿਖਿਆ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਗਣੇਸਾਯ ਨਮ: ॥ ਅਥ ਗੁਨ ਸਾਗਰ ਬਚਿਤ੍ਰ ਲਿਖਯਤੇ ॥ ਦੋਹਰਾ ॥ ਅਲਖ ਮੂਰਤਿ ਪਰਮ ਗੁਰ ਆਦਿ ਅੰਤ ਬਿਸਥਾਰ ॥ ਜੀ ਜੰਤ ਜਲ ਥਲ ਸਕਲ ਕਰੇ ਜਗਤ ਨਿਸਤਾਰ ॥ ੧ ॥...

ਅੰਤ : ... ਸੋਰਠਾ ॥ ਸਾਤ ਤੀਨ ਪੁਨ ਬੇਂਦ ਛੰਦ ਯਾਹਿ ਮਧ ਬਰਨ ਕਰ ॥ ਅਧ ਕਊਨ ਜਨ ਹੋਇ ਛਮੀਯੇ ਸੁ ਕਬ ਪ੍ਰਾਧਮਮ ੨੩੪ ॥ ਇਤ ਸ੍ਰੀ ਗੁਨਸਾਗਰ ਗ੍ਰੰਥ ਸਮਾਪਤੰ ॥ ਸੁਭੰ ॥ ਭਵੇਤ ॥ ਹਰੇ ॥ ਪੋਥੀ ਨਰੈਣ ਸਿੰਘ ਘੁਮਿਆਰ ਦੀ ਕਾਲੇਟਾਂ ਸੰਮੁਦਰੀ ਚੰਡੀ ਗੋਗਾ ਮਡਲੀ ਸੰਮਤ ੧੯੧੮ ਮਤੀ ਮਾਗ ਦੀ ੧੭ ॥

ਹੱਥ ਲਿਖਤ ਨੰ : MS 224 ਘ

ਸਿਰਲੇਖ : ਚੰਡੀ ਚਰਿਤ੍ਰ ਉਕਤ ਬਿਲਾਸ

ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ

ਲਿਖਾਰੀ : ਨਰੈਣ ਸਿੰਘ

ਪੱਤਰੇ : 1 - 55

ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, 55 ਅ ਤੇ ਲਿਖਾਰੀ ਅਤੇ ਸਮੇਂ ਬਾਰੇ ਹੋਰ ਕਾਨੀ ਨਾਲ ਲਿਖਿਆ ਹੈ । ਪੱਤਰਾ 1 ਅ ਤੇ ਸਿਰਫ ਇਕ ਲਾਈਨ ਲਿਖੀ ਹੈ ਬਾਕੀ ਪੱਤਰਾ ਖਾਲੀ ਹੈ । 1 ਅ ਦੀ ਲਾਈਨ ਹੀ 2 ਓ ਤੇ ਲਿਖੀ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਚੰਡੀ ਚਰਿਤ੍ਰ ਉਕਤ ਬਿਲਾਸ ॥ ਸ੍ਵੈਯਾ ॥ ਆਦਿ ਅਪਾਰ ਅਲੇਖ ਅਨੰਤੁ ॥ ਅਕਾਲ ਅਭੇਖ ਅਲਖ ਅਨਾਸਾ ॥ ਕੈ ਸਿਵ ਸਕਤਿ ਦਏ ਸੁਤਿ ਚਾਰ ਰਜੋ ਤਮਸ ਤਿਤਿ ਹੂੰ ਪੁਰਬਾਸਾ ॥...

ਅੰਤ : ... ਦੋਹਰਾ ॥ ਗ੍ਰੰਥ ਸਤਿ ਸੈਇਆ ਕੋ ਕਰਿਓ ਜਾਸਮ ਅਵਰ ਨ ਕੋਇ ॥ ਜਿਹ ਨਮਿਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਹੋਇ ॥ ੨੩੩ ॥ ਪੋਥੀ ਨਰੈਣ ਸਿੰਘ ਘੁਮਿਆਰ ਦੀ ਸੰਮਤ ੧੯੧੮ ਮਤੀ ਮਾਗ ਦੀ ੧੭ ॥

ਹੱਥ ਲਿਖਤ ਨੰ : MS 225

ਸਿਰਲੇਖ : ਬ੍ਰਹਮ ਖਾਨੀ ਤਰਕੀਬ [ਨੁਸਖੇ]

ਲੇਖਕ : ਮੰਨੀ ਰਾਮ

ਪੱਤਰੇ : 1 - 54

ਆਕਾਰ : 9.5X16 ਸ.ਮ. ਲਿਖਤ: 6.5X11.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 7

ਆਮ ਵੇਰਵਾ : ਪੋਥੀ ਉੱਖੜੀ ਹੋਈ, ਪੰਨਾ ਨੰ. ਸਾਫ ਨਹੀ ਪੜ੍ਹਿਆ ਜਾਂਦਾ ਪੰਨਿਆਂ ਦੀ ਗਿਣਤੀ ਤਰਤੀਬਵਾਰ ਨਹੀਂ । ਕਿਤੇ ਕਿਤੇ ਕਾਨੀ ਬਦਲੀ ਹੋਈ ਹੈ । ਅੰਤ ਵਿਚ ਉਰਦੂ ਦੇ ਸ਼ਬਦ ਲਿਖੇ ਹਨ ।

ਆਰੰਭ : ੧ਓ ਸਤਿਗੁਰ ਪ੍ਰਸਾਦਿ "ਅਥ ਬ੍ਰਹਮਖਾਨੀ ਤਰਕੀਬ" ਚਾਹੇ ਚ ਤਫਾਨਨ ਕੀ ਜਾਕੋ ਤਾਕੋ ਦਾਰੂ ਦੇਤਾ ਹੈ ॥ ਮੰਨੀ ਰਾਮ ਆਸਕ ਜਬ ਪਹਿਲੈ ਦਮੜੈ ਗਿਨ ਕੇ ਲੇਤਾ ਹੋ ॥ ਪੋਸਤੁ ਏਕ ਸੇਰ ਜਬ ਲਭੀ ਤਰਕੁਟੀ ਕਰ ਕੈ ਡਾਰਤ ਹੋ ॥...

ਅੰਤ : …ਆਗੇ ਤਿਲ ਕੀ ਬਿਧ “ ੨ ਮਾਸੇ ਮਿਠਾ ਤਿਲੀਆ, ੨ ਮਾਸੇ ਜਰਦ ਸੰਖੀਆ, ੨ ਮਾਸੇ ਸੁਪੇਦ ਸੰਖੀਆ, ੨ ਮਾਸੇ ਰਤਕਾ ਚਿਟੀਆ, ੨ ਮਾਸੇ ਹਫੀਮ, ੨ ਮਾਸੇ ਕੇਸਰ, ੨ ਮਾਸੇ ਹਰਤਾਲ, ੨ ਮਾਸੇ ਚੀਚ ਵਰਟੀਆ, ੨ ਮਾਸੇ ਮਨਛੜ, ੨ ਮਾਸੇ ਹਰਮਲ, ੨ ਮਾਸੇ ਮਾਲਕੰਕਣੀ ॥ ੪ ਮਾਸੇ ਸਿਮਰਖ ॥ ੨ ਮਾਸੇ ਜਾਫਲ, ੨ ਮਾਸੇ ਲੋਗ, ੨ ਪੈਸਾ ਭਰ ਚਰਬੀ ਸਾਨੇਆ ਦੀ ॥ ੬ ਟਕੇ ਤੇਲ, ੨ ਪੈਸਾ ਭਰ ਸਾਨੇ ਕੀ ਚਰਬੀ ॥

ਹੱਥ ਲਿਖਤ ਨੰ : MS 226 ਸੰਗ੍ਰਹਿ
ਸਿਰਲੇਖ : ਚਣਾਕੇ ਕੇ ਭਾਖਾ
ਲੇਖਕ : ਸੈਨਾਪਤਿ, ਕਵੀ
ਪੱਤਰੇ : 1 – 25 ੳ
ਆਕਾਰ : 10X17 ਸ.ਮ. ਲਿਖਤ: 7X11.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 8
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਲਿਖਤ ਬਦਲੀ ਹੋਈ, ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ ਹੈ । ਪੰਨਾ ਨੰ ਅੰਕਿਤ ਨਹੀਂ ਹੈ । ਪੋਥੀ ਦਾ ਪਹਿਲਾ ਅਧਿਆਇ ਪੂਰਾ ਨਹੀਂ ਹੈ ।
ਆਰੰਭ : ਤਲਹੀ ਬਾਧਵ: ਦੇਸ ਕੋ ਤਿਆਗੀਏ ਬ੍ਰਿਤ ਉਪਦ੍ਰਵੀ ਤਿਆਗ, ਕ੍ਰਿਪਨ ਕ੍ਰਿਤਘਨੀ ਤਿਆਗ ਪ੍ਰਭ ਰਹੇ ਨਤਿਨ ਸੋ ਲਾਗ ॥…
ਅੰਤ : …ਗੁਨ ਗੋਬਿੰਦ ਕੀ ਸਭਾ ਮੇ ਲੇਖਕ ਪ੍ਰਮ ਸੁਜਾਨ ॥ ਚਣਾਕੇ ਕੇ ਭਾਖਾ ਕਰੋ ਕਵਿਤ ਸੈਨਾਪਤਿ ਨਾਮ ॥ ਇਤ ਸ੍ਰੀ ਬਰਧ ਚਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ਸ੍ਰੀ ਗੰਗਾ ਰਾਮ ਜੀ ਤੁਹੀ ਹੈ ॥

ਹੱਥ ਲਿਖਤ ਨੰ : MS 226 ਅ
ਸਿਰਲੇਖ : ਕੋਕਸਾਰ
ਪੱਤਰੇ : 23
ਆਕਾਰ : 10X17 ਸ.ਮ. ਲਿਖਤ: 7X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : “ ੧ੳ ਸਤਗੁਰ ਪ੍ਰਸਾਦਿ ” ਅਥ ਕੋਕਸਾਰ ਲਿਖਯਤੇ “ ਦਹੋਰਾ ” ਕਾਮਦੇਵ ਕੀ ਕੈਸੀ ਜੁਗਤ ਹੈ ॥ ਕੈਸੇ ਕਾਮ ਦੇਵ ਜੀ ਹੈ ਰਤਕਾ ਸੁਗੰਧ ਤਿਸ ਕੇ ਸਮੁੰਦ੍ਰ ਹੈ ॥ ਬਹੁੜ ਕੈਸੇ ਹੈ ਕਾਮ ਦੇਵ ਜੀ ਇਸਤ੍ਰੀ ਕ੍ਰੀੜਾ ਕੇ ਬੰਧ ਹੈ ।…
ਅੰਤ : …੧ੳ ਆਗੇ ਮੰਤ੍ਰ ਹਥਆਰ ਬੰਦ ਕਰਨੇ ਕਾ ॥ ਓ ਨਮੋ ਹਨੂਮਾਨ “ ਚਲ ਅੰਜਨੀ ਕੇ ਪੂਤ ॥ ਧਾਰ ਬੰਧ ॥ ਤਰਵਾਰ ਬੰਧ ॥ ਤੀਰ ਬੰਧ ॥ ਨੇਜਾ ਬੰਦ ॥ ਬਦੂਕ ਬੰਦ ॥ ਕੁਹਕ ਬਾਣ ਬੰਦ ॥ ਦਲਬਾਦ ਫੌਜ ਬੰਦ ॥ ਸਗਲੇ ਹਥਆਰ ਬੰਦ ॥ ਹਾਕਨੀ ਡਾਕਟੀ ਬੰਦ ॥ ਖਵੀਸ ਬੰਦ ॥ ਸਿਹਰੀ ਖੁਹਾਰੀ ਬੰਦ ॥ ਪੀੜਾ ਬੰਦ ॥ ਸਰਵਾਹਿ ਬੰਦ ॥ ਸੂਲ ਅਰਬੀਲਾ ਬੰਦ ॥ ਮੇਰੀ ਭਗਤ ਗੁਰੂ ਕੀ ਸਕਤਾ ॥ ਫੁਰ ਹੋ ਮੰਤ੍ਰ ਈਸਰ ਮਹਾਦੇਵ ਤੇਰੀ ਵਾਚਾ ਫੁਰੇ ॥ ਵਾਰੀ ਸਤ ਪੜਨਾ ॥

ਹੱਥ ਲਿਖਤ ਨੰ : MS 227 ਸੰਗ੍ਰਹਿ
ਸਿਰਲੇਖ : ਵਵੇਕ ਬੋਧ
ਲੇਖਕ : ਦਿਆਲ ਦਾਸ, ਬਾਵਾ

ਲਿਪੀ ਕਾਲ : ਸੰਮਤ 1923

ਪੱਤਰੇ : 1-16 ੳ

ਆਕਾਰ : 11X14.5 ਸ.ਮ. ਲਿਖਤ: 9X11.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ 13

ਆਮ ਵੇਰਵਾ : ਪੋਥੀ ਦੀ ਜਿਲਦ ਪੱਕੀ, ਹਾਲਤ ਚੰਗੀ, ਲਿਖਤ ਸੁੰਦਰ, ਪੋਥੀ ਦਾ ਆਰੰਭ ਅਤੇ ਅੰਤ ਲਾਲ ਸਿਆਹੀ ਨਾਲ ਦਿਤਾ ਹੋਇਆ ਹੈ । ਕਿਤੇ-ਕਿਤੇ ਪੰਨਾ ਨੰ: ਵੀ ਲਾਲ ਸਿਆਹੀ ਨਾਲ ਦਿਤੇ ਹੋਏ ਹਨ । ਵਵੇਕ ਬੋਧ ਤੋਂ ਬਾਅਦ 'ਦੋਹਰੇ' ਸੋਰਠੇ ਅਤੇ ਸਵੈਯਾ ਦਿਤੇ ਹੋਏ ਹਨ ।

ਆਰੰਭ : ੧ੳ ਸ੍ਰੀ ਗਣੇਸ਼ਾਯ ਨਮ: ੧ੳ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਵਵੇਕ ਬੋਧ ਗ੍ਰੰਥ ਕਵਿ ਕ੍ਰਿਤ ਬਾਵਾ ਦਿਆਲ ਦਾਸ ਨਾਰਾਇਣ ਪ੍ਰਮਹੰਸ ਸਾਧ ਲਿਖਯਤੇ ॥ ਆਦਿ ਮੰਗਲਾ ਚਰਨ ॥...

ਅੰਤ : ...ਯਾਹਿ ਗ੍ਰੰਥ ਕੋ ਜੋ ਪਰੇ ਪਾਵੈ ਬੋਧ ਸਰੂਪ ॥ ਹੋਵਤ ਤਾਕੋ ਸਾਂਤਿ ਸੁਖ ਨਿਸਚਲ ਗਿਆਨ ਅਨੂਪ ॥ ੮੫ ॥ ਓਸਾਰ ਪੁਰਾ ਪੁਰ ਸੁੰਦਰ ਅਤਿਰ ਹੱਤ ਸੰਤ ਤਹਿਆਨ ॥ ਤਾਸ ਨਗਰ ਮੈ ਦਿਆਲ ਕਵਿ ਰਹਿਓ ਸਾਦ ਸੁਖਮਾਨ ॥ ੮੬ ॥ ਦੋਹਰਾ ॥ ਸਤ ਸੰਮਤਿ ਨਉ ਦਸ ਪ੍ਰਗਟਤਾ ਊਪਰ ਤ੍ਰੁਈ ਦੇਵ ॥ ਮਾਰਾ ਮਾਸ ਸਸ ਵਾਰ ਹੈ ਨਿਸਚੈ ਸਮਝੋ ਭੇਵ ॥ ਇਤਿ ਸ੍ਰੀ ਕਵਿ ਕ੍ਰਿਤ ਬਾਵਾ ਦਿਆਲ ਦਾਸ ਨਾਰਾਇਣ ਭਗਤ ਪ੍ਰਮਹੰਸ ਵਿਰਚਿਤੰ ਸਿਖ ਪ੍ਰਿਤ ਭਗਤ ਪ੍ਰੇਮ ਵਈਰਾਗ ਗਿਆਨ ਵਰਨਨੰ ਸ੍ਰੀ ਵਵੇਕ ਬੋਧ ਗ੍ਰੰਥ ਅਨੁਭੈ ਸਾਰ ਮਤਿ ਸਿਧਾਂਤਿ ਨ ਰੂਪਨੰ ਸਮਾਪਤੰ ਸੁਭ ਮਸਤ ॥

ਹੱਥ ਲਿਖਤ ਨੰ : MS 227 ਅ

ਸਿਰਲੇਖ : ਵਿਸਨਪ

ਲੇਖਕ : ਦਿਆਲ ਦਾਸ, ਬਾਵਾ

ਪੱਤਰੇ : 17 ਅ -18 ਅ

ਆਕਾਰ : 11X14.5 ਸ.ਮ. ਲਿਖਤ: 9X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਸ੍ਰੀ ਲਖਮੀ ਨਾਰਾਇਣ ਵਿਸਨਵਿਸ੍ਵੇਸੁਰ ਪ੍ਰਮੇਸਰ ਜੀ ਸ੍ਰੀ ਗੁਰ ਨਮੋ ਨਮਾ: ੧ੳ ਸਤਿਗੁਰ ਪ੍ਰਸਾਦਿ ॥ ਅਥ ਸਬਦ ਵਿਸਨ ਪਦ ਕ੍ਰਿਤ ਕਵਿ ਬਾਵਾ ਦਿਆਲ ਦਾਸ ਨਾਰਾਇਣ ਭਗਤ ਲਿਖਯਤੇ ਰਾਗ ਮਲਾਰ ॥...

ਅੰਤ : ...ਰਾਗ ਬਿਲਾਵਲ ॥ ਅਵਗਤ ਗਤ ਨਹੀ ਜਾਨ ਪਰੇ ॥ ਊਚ ਨੀਚ ਨੀਚ ਕੋ ਊਚਾ ਕਹਿਤੇ ਨਾ ਡਰੇ ॥ ਗਿਆਨੀ ਤੇ ਆਗੇ ਗਿਆਨੀ ਕਰਹ ਅਗਿਆਨੀ ਗਿਆਨ ਧਰੈ ॥ ਮੀਤ ਨ ਕੋ ਵੈਰੀ ਕਰ ਡਾਰੇ ਵੈਰੀ ਮੀਤ ਸਰੈ ॥ ਬੇਮੁਖ ਤੇ ਸਨਮੁਖ ਹੀ ਕਰ ਹੀ ਨਿਸਚੈਵਾਨ ਟਰੈ ॥

ਹੱਥ ਲਿਖਤ ਨੰ : MS 228

ਸਿਰਲੇਖ : ਗੋਸਟ ਕਬੀਰ ਕੀ ਤੇ ਰਵਿਦਾਸ ਕੀ

ਪੱਤਰੇ : 1 -24 ਅ

ਆਕਾਰ : 8.5X14 ਸ.ਮ. ਲਿਖਤ: 5X10 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਹਾਸ਼ੀਏ ਤੋਂ ਬਿਨ੍ਹਾਂ, ਸਤਰਾਂ ਪ੍ਰਤੀ ਪੰਨਾ - 6

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, 25 ਪੱਤਰਾ ਖਾਲੀ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਗੋਸਟਿ ਕਬੀਰ ਕੀ ਨਾਲੇ ਰਵਿਦਾਸ ਕੀ ॥ ਤਥਾ ਭਵਾਨੀ ਤਥਾ ਮਹਾਦੇਵ ਨਾਲਿ ਹੋਈ ॥ ਨਿਰਗੁਣ ਸਰਗੁਣ ॥ ਆਪੋ ਜੀ ਨਾਹਿ ਨਾਹਿ ਕੋ ਹਿਤ ਮੇਰੋ॥ ਕੈਸੇ ਕੈ ਦਰਸਨ ਪਾਵਉ ਤੇਰੋ ॥ ਰਵਿਦਾਸ ਵਾਚ ॥ ਸੁਨਿ ਕਬੀਰ ਜੀ ਰਵਿਦਾਸੁ ਕਹਤੁ ਹੌ ਤੁਮ ਕਹੀਅਤ ਬ੍ਰਹਮ ਗਿਆਨੀ ॥ ਬ੍ਰਹਮ ਬ੍ਰਹਮ ਕਰਿ ਭਰਮਿ ਭੁਲਾਨੇ ਤਤ ਬਸਤੁ ਨਹੀ ਜਾਨੀ ਤਤ ਹਮਾਰੋ ਨੰਦ ਕੋ ਨੰਦਨੁ ਪ੍ਰਗਟ ਭਇਆ ਜਗ ਮਾਹੀ ॥ ਤੁਮਰਾ ਬ੍ਰਹਮ ਕਿਨਹੂ ਹੈ ਦੇਖਿਆ ਲਾਜ ਮਰਤ ਕਿਉ ਨਾਹੀ ॥ ੧ ॥...

ਅੰਤ : ...ਕਬੀਰ ਬਾਚ ॥ ਪੂਰਬ ਤੇ ਜੋ ਪਛਮ ਆਵੈ ਚੰਚਲ ਮਤਿ ਗਹਿ ਰਾਖੈ ॥ ਉਪਜਤ ਵੇਖੈ ਗਗਨ ਸਮਾਵੈ ਜਾ ਕਉ ਪੇਡ ਨ ਸਾਖਾ ॥ ਕਾਲ ਗਹੈ ਕਲਪਤ ਬਿਨ ਹੋਵੈ ਤਾ ਤੂ ਦੇਹਿ ਸਗਲ ਕਲੇਸਾ ॥ ਕਹਤ ਕਬੀਰ ਸੁਨਹੁ ਰਵਿਦਾਸਾ ਏਹੀ ਭਗਤਿ ਉਪਦੇਸਾ ॥ ੬੨ ॥

ਹੱਥ ਲਿਖਤ ਨੰ : MS 229 ਸੰਗ੍ਰਹਿ

ਸਿਰਲੇਖ : ਚਾਣਾਕੇ ਭਾਖਾ (ਅਧੂਰੀ)

ਲੇਖਕ : ਸੈਨਾਪਤਿ, ਕਵੀ

ਪੱਤਰੇ : 5 ੳ - 27 ਅ

ਆਕਾਰ : 10X17 ਸ.ਮ. ਲਿਖਤ: 7X11 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 8

ਆਮ ਵੇਰਵਾ : ਪੋਥੀ ਦਾ ਆਰੰਭ ਪੰਜਵੇਂ ਪੱਤਰੇ ਤੋਂ ਹੁੰਦਾ ਹੈ, ਨੌਂ ਨੰਬਰ ਪੱਤਰਾ ਅੱਧਾ ਫਟਿਆ ਹੋਇਆ ਹੈ, ਦੱਸ ਨੰਬਰ ਪੱਤਰਾ ਨਹੀਂ ਹੈ, ਪੋਥੀ ਕਿਤੇ ਕਿਤੇ ਕਿਰਮ-ਖੁਰਦਾ

ਆਰੰਭ : ..... ਤਹਿ ਜਾਨੁ ਚਰਿਤ੍ਰ ॥ ੧੧ ॥ ਸਤ੍ਰ ਹੋਇ ਕੈ ਜੁ ਕਰੈ ਮਿਤ੍ਰਾਈ ਕੀ ਬਾਤ ॥ ਤਿਹ ਬਿਸ੍ਵਾਸ ਨ ਕੀਜੀਐ ਅੰਤ ਕਰੈ ਵਹ ਘਾਤ ॥ ੧੨ ॥ ਸਾਸਤ੍ਰ ਪਾਨ ਸ੍ਰਿੰਗੀ ਨਖੀ ਨਦੀ ਨ੍ਰਿਪਤਿ ਅਰੁ ਨਾਰ ॥ ਇਨ ਕਾ ਕਿਆ ਇਤਬਾਰੁ ਹੈ ਰਹੀਐ ਆਪੁ ਸੰਭਾਰ ॥ ੧੩ ॥...

ਅੰਤ : ... ਛੰਦ ॥ ਬੀਣਾ ਬਣੀ ਮਨ ਮਥ ਏਕ ॥ ਚੰਦਨ ਬ੍ਰਹਮਣ ਚੰਦ ਬਿਬੇਕ ॥ ਅਸੁ ਖੜਗੁ ਛਤ੍ਰੀ ਇਕ ਜਾਤ ॥ ਗਿਆਨੀ ਗਿਆਨ ਹਰਿ ਜਨ ਹਰਿ ਬਾਤ ॥ ੯ ॥ ਸਾਸਤ੍ਰ ਸਕਲ ਬਿਚਾਰ ਕੈ ਮਥ ਕਾਢਿ ਯਹ ਸਾਰ ॥ ਨਾਰਾਇਣ ਭਜੀਐ ਸਦਾ ਕਰੀਐ ਪਰਉਪਕਾਰ ॥ ੧● ॥ ਗੁਰ ਗੁਬਿੰਦ ਕੀ ਸਭਾ ਮੈ ਲੇਖਕ ਪਰਮ ਸੁਜਾਨ ॥ ਚਣਾਕਾ ਭਾਖਾ ਕੀਏ ਕਵ ਸੈਨਾਪਤਿ ਨਾਮ ॥ ੧੧ ॥ ਇਤਿ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ੧੬ ॥ ਸੁਭੰ ਮਸਤੁ ॥

ਹੱਥ ਲਿਖਤ ਨੰ : MS 229 ਅ

ਸਿਰਲੇਖ : ਕੋਕ ਮੰਜਰੀ ਭਾਖਾ

ਪੱਤਰੇ : 27 ਅ - 63 ੳ

ਆਕਾਰ : 10X17 ਸ.ਮ. ਲਿਖਤ: 7X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, 63 ਅ ਖਾਲੀ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਕੋਕ ਮੰਜਰੀ ਭਾਖਾ ਲਿਖਤੇ ॥ ਦੋਹਰਾ ॥ ਲਲਤ ਸੁਪਨ ਧਨ ਅਲਪ ਨੀਚ ਤਨ ਛਬ ਅਭਨਵ ਕੰਤ ॥ ਮਧ ਰਿਤ ਹਿਤ ਅਤਿ ਰਤਿ ਰਵਨਿ ਜੈਯ ਜੈਯ ਮਦਨ ਅਨੰਦ ॥ ੧ ॥ ਬਰਨ ਕਾਮ ਅਭਿਰਾਮ ਛਬਿ ਬਰਨੋ ਭਾਮਨ ਭੋਗ ॥ ਸਕਲ ਕੋਕ ਦਧਿ ਮਥਨ ਕਰਿ ਗੰਚਓ ਸਾਰ ਸੁਖ ਜੋਗ ॥ ੨ ॥...

ਅੰਤ : … ਚਤਰ ਦਸ ਖੰਡ ਜੁ ਅਤਿ ਸਰਸ ਰਚੇ ਜੁ ਬਹੁ ਬਿਧਿ ਛੰਦ ॥ ਪੜਤ ਬਢੇ ਰਤਿ ਰੰਗ ਅਤਿ ਬਿਬਿ ਚਿਤ ਹਿਤ ਅਨੰਦ ॥ ੧੭੬ ॥ ਇਤਿ ਕੋਕ ਸਾਰੇ ਅਨੰਦ ਕ੍ਰਿਤੇ ਆਸਨ ਬਰਨਨੰ ਨਾਮ ਚਤਰ ਦਸ ਖੰਡ : ॥ ੧੪ ॥ ਕੋਕ ਸਾਰ ਸਮਾਪਤੰ ॥

ਹੱਥ ਲਿਖਤ ਨੰ : MS 229 ਏ
ਸਿਰਲੇਖ : ਕੋਕ ਪੰਚਸਾਇਕਾ (ਅਧੂਰਾ)
ਪੱਤਰੇ : 1 - 81 ਅ
ਆਕਾਰ : 10X17 ਸ.ਮ. ਲਿਖਤ: 7X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਨਹੀ ਹੈ, ਅੰਤ ਤੇ 4 ਪੱਤਰੇ (78-81) ਬਹੁਤ ਖਸਤਾ ਹਾਲਤ ਵਿਚ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਪੋਥੀ ਕੋਕ ਪੰਚਸਾਇਕਾ ਕੀ ਲਿਖਯਤੇ ॥ ਕਾਂਮ ਦੇਵ ਜੀ ਕੀ ਜੈਸੀ ਜੁਗਤਿ ਹੈ ॥ ਕੈਸੇ ਹੈ ਕਾਂਮ ਦੇਵ ਜੀ ਰਤ ਕਾ ਸੁਗੰਧ ਤਿਸ ਕੇ ਸਮੁੰਦ੍ਰ ਹੈ ॥ ਬਹੁੜ ਕੈਸੇ ਹੈ ਕਾਂਮ ਦੇਵ ਜੀ ਇਸਤ੍ਰੀ ਕ੍ਰੀੜਾ ਕੇ ਬੰਧ ਹੈ ॥ ਬਹੁੜ ਕੈਸੇ ਹੈ ਕਾਂਮਦੇਵ ਜੀ ਕੀਆ ਹੈ ਸੰਸਾਰ ਕਾ ਅਨੰਦ ਜਿਸਨੇ ॥ ਬਹੁੜ ਕੈਸੇ ਹੈ ਕਾਂਮਦੇਵ ਜੀ ਰਸੀਏ ਜੋ ਮਨੁਖ ਹੈ ਤਿਨ ਕੌ ਸੁਖ ਦੇਣੇ ਹਾਰੇ ਹੈ ॥…
ਅੰਤ : … ਮੰਤ੍ਰ ਨਜਰ ਕਾ ॥ ਬਜਲੀ ਬਜਲੀ ਬਰਜਕੁ ਆਰ ॥ ਬਜਲੀ ਬੱਾਧਉ ਦਸੇ ਦੁਆਰੁ ॥ ਦੇਉ ਪਿੰਡ ਕਉ ਸਾਧੈ ॥ ਉਲਟ ਬਾਣ ਤਾਹੂ ਕੌ ਲਾਗੈ ॥ ਘੋਲ ਪੀ ਲਵਹੁ ਸਰਬ ਰਸ ਬਾਂਣ ਨ ਲਾਗੈ ॥ ਏਕੁ ਹੂ ਅਣ ਜੋਊ ਸਾਧੈ ਸੋਈ ਮਰੈ ॥ ਇਸ ਦੇਹ ਪਿੰਡ ਕੀ ਰਖਿਆ ਸ੍ਰੀ ਬਜ੍ਰ ਜੋਗਨੀ …..

ਹੱਥ ਲਿਖਤ ਨੰ : MS 230 ਸੰਗ੍ਰਹਿ
ਸਿਰਲੇਖ : ਜ਼ਿੰਦਗੀ ਨਾਮਾ
ਲੇਖਕ : ਨੰਦ ਲਾਲ, ਭਾਈ
ਪੱਤਰੇ : 1 ਅ - 65 ਅ
ਆਕਾਰ : 14X9.5 ਸ.ਮ. ਲਿਖਤ: 11.5X6 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉੱਖੜੀ ਹੋਈ, ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 12
ਆਮ ਵੇਰਵਾ : ਕਿਤੇ ਕਿਤੇ ਸ਼ਬਦਾਂ ਦੇ ਅਰਥ ਲਾਲ ਸਿਆਹੀ ਅਤੇ ਪੈਨਸਿਲ ਨਾਲ ਦਿੱਤੇ ਹੋਏ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਿੰਦਗੀ ਨਾਮਹ ॥ ਭਾਈ ਨੰਦ ਲਾਲ ਜੀ ॥ ਆਂ ਖੁਦਾਵੰਦੇ ਜਿਮੀਨੋ ਆਸਮਾਂ ॥ ਜਿੰਦਗੀ ਬਖਸੇ ਵਜੂਦੇ ਇਨਸੁ ਜਾਂ ॥ ੧ ॥…
ਅੰਤ : … ਤਾ ਨਗੀਰਦ ਗੈਰ ਨਾਮੇ ਜਿਕਰ ਹਕ ॥ ਤਾ ਨਗੋਇਦ ਗੈਰ ਹਰਫ ਅਜ ਫਿਕਰ ਹਕ ॥ ੪੯੮ ॥ ਦੀਦਹ ਅਜ ਦੀਦਾਰਿ ਹਕ ਪੁਰ ਨੂਰ ਕੁਨ ॥ ਗੈਰ ਹਕ ਅਜ ਖਾਤਰੇ ਦਿਲ ਦੂਰ ਕੁਨ ॥ ੪੯੯ ॥ ਬੈਤ ਭਾਈ ਨੰਦ ਲਾਲ ਜੀ ਕੇ ਸੰਪੂਰਨ ਹੋਏ ॥

ਹੱਥ ਲਿਖਤ ਨੰ : MS 230 ਅ
ਸਿਰਲੇਖ : ਦੀਵਾਨ ਗੋਯਾ
ਲੇਖਕ : ਨੰਦ ਲਾਲ, ਭਾਈ
ਪੱਤਰੇ : 66 ਓ - 129 ਅ
ਆਕਾਰ : 14X9.5 ਸ.ਮ. ਲਿਖਤ: 11.5X6 ਸ.ਮ.
ਵੇਰਵਾ : ਓਹੀ

ਆਮ ਵੇਰਵਾ : ਓਹੀ, 66 ਪੱਤਰੇ ਤੇ ਸ਼ਬਦਾਂ ਦੇ ਅਰਥ ਦੇ ਕੇ ਉਤੇ ਹੜਤਾਲ ਫੇਰੀ ਹੋਈ ਹੈ । 119 ਪੱਤਰਾ ਖਾਲੀ ਹੈ, 123 ਪੱਤਰੇ ਤੋਂ 129 ਤੱਕ ਭਾਈ ਨੰਦ ਲਾਲ ਜੀ ਦੀਆਂ ਰੁਬਾਈਆਂ ਹਨ । 130 ਪੱਤਰਾ ਖਾਲੀ ਹੈ । ਅੰਤ ਤੇ 7 ਪੱਤਰੇ ਬਿਨ੍ਹਾਂ ਨੰਬਰ ਹਨ ਜਿਨਾਂ ਤੇ ਸਵੈਯੇ ਦਿਤੇ ਹਨ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਤਸਨੀਫ ਭਾਈ ਨੰਦ ਲਾਲ ਜੀ ॥ ਦੀਵਾਨ ਗੋਯਾ ॥ ਹਵਾਇ ਬੰਦਗੀ ਆਵਰਦ ਦਰ ਵਜੂਦ ਕੇ ਮਰਾ ॥ ਵਗਰਨਹ ਜੋਂਕਿ ਚੁਨੀ ਆਮਦਨ ਨਬੁਦ ਮਰਾ ॥ ੧ ॥...

ਅੰਤ : ... ਬਜੇਰਿ ਸਾਯਹ ਭੂ ਮੁਰਾਦਹਾ ਯਾਬੀ ॥ ਬਜੇਰਿ ਸਾਯਰੇ ਮਰਦਾਨਿ ਗੋਯਾ ਖੁਦਾ ਯਾਬੀ ॥ ੪●੪ ॥ ਪ ॥ ਤਮਾਮ ਸੁਦ ਦੀਵਾਨ ਗੋਯਾ

ਹੱਥ ਲਿਖਤ ਨੰ : MS 231

ਸਿਰਲੇਖ : ਬਿਸਨ ਪੁਰਾਣ

ਲੇਖਕ : ਬਿਆਸ, (ਰਿਖੀ)

ਲਿਪੀ ਕਾਲ : ਸੰਮਤ 1877

ਪੱਤਰੇ : 1 - 346 ਅ

ਆਕਾਰ : 13X15 ਸ.ਮ. ਲਿਖਤ: 10X11.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 12

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਤਿ ਚਿਤ ਅਨੰਦਿ ਪਰਮਾਤਮਾਇ ਮਹਿ [ਨਮਹਿ] ॥ ਅਥਿ ਬਿਸਨ ਪੁਰਾਣ ਭਾਖਾ ਲਿਖਿਤੇ ॥ ਪਰਾਸਰੋ ਵਾਚ ॥ ਪਰਾਸਰ ਮੈਤ੍ਰੋ ਕਉ ਕਹੇ ਹੈ ॥ ਕਿ ਹੇ ਮੈਤ੍ਰੋ ਯਹਿ ਜੋ ਤੁਝੈ ਉਪਦੇਸ ਕਰੋ ਹੋ ॥ ਸੋ ਅੰਮ੍ਰਿਤ ਸਮਾਨ ਹੈ ॥ ਸੋ ਮਨ ਕੇ ਪਾਤ੍ਰ ਸੋ ਪੀਉ ॥...

ਅੰਤ : ... ਇਤਿ ਸ੍ਰੀ ਬਿਸਨ ਪੁਰਾਣੇ ਸਮਾਪਤੰ ਪੋਥੀ ਸਪੂਰਨ ਹੋਈ ॥ ਸਮਤ ਅਠਾਰਾ ਸੈ ਸਤਤ੍ਰੈ ॥ ਭੂਲ ਚੂਕ ਬਖਸ ਲੈਣੀ ॥ ਲਗ ਕਨਾ ਸੋਧਿ ਪੜਨਾ ॥ ਸਾਧ ਸੰਤ ਦਾਸ ਸਾਧਾਂ ਸੰਤਾਂ ਕੇ ਟਹਲੀਏ ਨਫਰ ਹੈ ਦਇਆ ਰਖਣੀ ॥ ਬਾਧਾ ਘਾਟਾ ਵਗਸ ਲੈਣੈ ॥ ਵਾਹਿਗੁਰੂ ਜੀ ਕਾ ਭਜਨ ਕਰਨਾ ਸਾਧ ਸੰਤਾਂ ਕੀ ਟਹਲ ਕਰਨੀ ॥ ਬਾਰ ਬੁਧਵਾਰ ਦਿਨ ਪੂੰਨਮ ਚੇਤ੍ਰ ਪ੍ਰਵਿਸਟੇ ॥ ੧੯ ॥ ਪੋਥੀ ਸੰਪੂਰਨ ਸਤਿਗੁਰੂ ਕਰੀ ਵਾਹਗੁਰੂ ਕਾ ਭਜਨ ਕਰਨਾ ॥

ਹੱਥ ਲਿਖਤ ਨੰ : MS 232 ਸੰਗ੍ਰਹਿ

ਸਿਰਲੇਖ : ਕ੍ਰਿਸਨ ਅਵਤਾਰ

ਪੱਤਰੇ : 1 – 128

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਹਾਸ਼ੀਆਂ ਦੋਵੇਂ ਪਾਸੇ ਖੜੇ ਰੁਖ, ਦੋ-ਦੋ ਕਾਲੀਆਂ ਲਕੀਰਾਂ, ਵਖਰੇਵੇਂ ਲਈ ਲਾਲ ਸਿਆਹੀ, ਸਤਰਾਂ ਪ੍ਰਤੀ ਪੰਨਾ 8

ਆਮ ਵੇਰਵਾ : ਲਿਖਤ ਸੁੰਦਰ, ਪਹਿਲੇ ਪੱਤਰੇ ਤੇ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹੀ ਦਸਮੀ ਦੀ ਮਹਿਮਾ ਬਾਰੇ ਦਸਿਆ ਗਿਆ ਹੈ । ਪੋਥੀ ਦਾ ਇਹ ਹਿੱਸਾ ਅਧੂਰਾ ਹੈ ।

ਆਰੰਭ : ੧ ॥ ੴ ॥ ਸਤਿਨਾਮ ਕਰਤਾ ਪੁਰਖ ਸ੍ਰੀ ਕ੍ਰਿਸ੍ਨਾਇ ਨਮਹਿ ॥ ਸ੍ਰੀ ਵਾਸੁਦੇਵਇ ਨਾਮਹਿ ॥ ਸ੍ਰੀ ਪ੍ਰਮਾਤਮਾਇ ਨਮਹਿ ॥ ਸ੍ਰੀ ਭਗਵਾਨਇ ਨਰ ਨਿਧਿ ਜਹਾ ॥ ਕਾਲ ਪੁਰਖ ਇਸਥਿਤਬੇ ਤਹਾਂ ॥ ਕਹਿਯੋ ਬਿਸਨ ਕਹੁ ਨਿਕਟਿ ਬਲਾਈ ॥ ਕ੍ਰਿਸਨ ਅਵਤਾਰ ਧਰੋ ਤੁਮ ਜਾਈ ॥ ੨ ॥...

ਅੰਤ : …ਹੈ ਸਭ ਲੋਗਨ ਕੋ ਕਰਤਾ ਬ੍ਰਿਜ ਭੀ ਹੈ ਕਰਤਾ ਇਹ ਲੀਲਾ ॥ ਸੰਧਿਯਾਨ ਕੋ ਬਰਤਾਹ ਰਹੈ ਇਹ ਸਾਧਨ ਕੋ ਕਰਤਾ ਨ ਹੀਂਲਾ ॥ ਰਖ ਲਈ ਇਨ ਹੀ ਸੀਅ ਕੀ ਪਤਿ ਰਾਖਿ ਲਯੋ ਤ੍ਰੀ ਪਾਰਬ ਸੀਲਾ ॥ ਗੋਪਕ ਹੈ ਪਤ ਸੋ ਸੁਨੀਐ ਇਹ ਹੈ ਕ੍ਰਿਸਨੰ ਬਰ ਬੀਰੁ ਹਠੀਲਾ ॥ ੩੯੬ ॥ ਦਿਨ ਬੀਤ ਗਏ ਚਕ…..

ਹੱਥ ਲਿਖਤ ਨੰ : MS 232 ਅ
ਸਿਰਲੇਖ : ਰਾਮ ਜੀ ਕਾ ਮੰਤ੍ਰ
ਪੱਤਰੇ : 3
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰਿਆਂ ਤੇ ਪੱਤਰਾ ਨੰ. ਅੰਕਿਤ ਨਹੀਂ
ਆਰੰਭ : ੧ਓ ਅੰ ਰਾਮ ਜੀ ਕਾ ਮੰਤ੍ਰ ॥ ਰਾਮ ਰਛਿਆ ਲਿਖਤੇ ਆਦਿ ਸੁਖੁ ਅੰਤ ਸੁਖ ॥ ਹੋ ਸੀ ਸਭ ਸੁਖ ॥ ਧੰਨਿ ਧੋਰੀ ਗ੍ਰਿਹਮੰਡਲਿ ਸੁਖੁ ॥ ਜਿਸ ਬਾਸਰਹੁ ਹਰਿ ਸਤਿ ਸੁਖ ॥ ਜਾਗਤੇ ਸੁਵਤੇ ਪੋਹੈ ਨਾਹੀ ਕਾਲ ਬਾਟ ਘਾਟੇ ਰਾਖੇ ਹਰਿ ਦਇਆਲ ॥…
ਅੰਤ : ਨਉ ਨਾਥ ਚਉਸੀ ਸਿਧਿ ਚਓਸਠਿ ਜੋਗਣੀ ਵਵੰਜਾ ਬੀਰ ॥ ਇਸ ਮੰਤ੍ਰ ਕੀ ਆਗਿਆ ਚਲਦੇ ਹੈਨਿ ॥ ਜਿਸ ਗੁਣਹ ਚਲਾਏ ਤਿਸੈ ਗੁਣ ਚਲੇ ਰਾਮ ਜੀ ਤੇਰੀ ਸ੍ਰੂਨਿ ਰਾਖਿਆ ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ =

ਹੱਥ ਲਿਖਤ ਨੰ : MS 232 ਏ
ਸਿਰਲੇਖ : ਚੰਡੀ ਜੀ ਸਹਾਇ
ਪੱਤਰੇ : 3
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕੁਲ 13 ਦੋਹਰੇ ਹਨ । ਪੰਨਾ ਨੰ ਅੰਕਿਤ ਨਹੀਂ ਕਾਨੀ ਬਦਲੀ ਹੋਈ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ । ਸ੍ਰੀ ਦੇਵੀ ਜੀ ਸਹਾਇ । ਚੰਡੀ ਜੀ ਸਹਾਇ । ਪ੍ਰਿਥਮੇ ਚੰਡੀ ਅਕਲ ਕੁਆਰੀ ।…
ਅੰਤ : …ਲੰਕੜਬੀਰ ਤੇਰੀ ਦੁਹਾਈ । ਸਭਿ ਬੀਰ ਚੰਡੀ ਮਾਤਾ ਤੈ ਨਉ ਲੋਹਾ ਬਰਨਾ ॥ ਚੰਡੀ ਸ੍ਰੀ ਭਗਉਤੀ ਜੀ ਸਹਾਇ ।

ਹੱਥ ਲਿਖਤ ਨੰ : MS 232 ਸ
ਸਿਰਲੇਖ : ਜਾਪ ਸਾਹਿਬ
ਪੱਤਰੇ : 1 – 21 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਸਿਆਹੀ ਕਾਲੀ ਵਖਰੇਵੇਂ ਲਈ ਲਾਲ, 21 ਓ ਨੰ ਪਤਰੇ ਤੇ ਇਕ ਵਾਰ ਅੰਤ ਕਰਕੇ ਦੋਹਰਾ ਨੰ 198 ਤੇ ਨਮੂਨੇ ਨਾਲ ਅੰਤ ਕੀਤਾ ਹੋਇਆ ਹੈ ।

ਆਰੰਭ : ੧ੴ ਸਤਿਗੁਰੂ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸਾਹੀ ॥ ੧● ॥ ਛਪੈ ਛੰਦ ॥ ਤ੍ਵ ਪ੍ਰਸਾਦਿ ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਤਹ ॥...

ਅੰਤ : ...ਚਤ੍ਰ ਚਕ੍ਰਵਰਤੀ ਚਤ੍ਰ ਚਕ੍ਰ ਭੁਗਤੇ ॥ ਸੁਯੰਵ ਸੁਭੰ ਸਰਬਦਾ ਸਰਬ ਜੁਗਤੇ ॥ ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥ ਸਦਾ ਅੰਗ ਸੰਗੇ ਅਭੰਗ ਬਿਭੂਤੇ ॥

ਹੱਥ ਲਿਖਤ ਨੰ : MS 232 ਹ

ਸਿਰਲੇਖ : ਬਿਹੰਗਮ ਨਿਰੰਕਾਰ ਕੀ ਕਥਾ

ਪੱਤਰੇ : 23 ਅ – 126 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੰਨਾ ਨੰ 126 ਤੇ ਇਕ ਲਾਈਨ ਵਿਚ ਵੀ ਨਮੂਨੇ ਨਾਲ ਕਥਾ ਖਤਮ ਕੀਤੀ ਹੈ । ਕਿਧਰੇ-2 ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਸ਼ੁਰੂ ਕਰਨ ਵੇਲੇ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ । ਵਖਰੇਵੇਂ ਲਈ ਕਿਤੇ-2 ਲਾਲ ਸਿਆਹੀ ਦੀ ਵਰਤੋਂ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਰਾਗਰਾਮਕਲੀ ਮਹਲਾ ੧ ॥ ਧਿਆਉ ਬਿਹੰਗਮ ਨਿਰੰਕਾਰ ਕੀ ਕਥਾ । ਤਦ ਬਾਬਾ ਨਾਨਕੁ ਬਿਹੰਗਮ ਪੰਖੀ ਕੈ ਰੂਪਿ ਥਾ ।...

ਅੰਤ : ...ਕਰਮ ਬਿਕਰਮੁ ਪੇਖਿਆ ਜਰੁ ਜਰਗ ਹੋਇ ਨਿਰਮਲ ਸਬਦੁ ਕਮਾਵਹੁ ਜਨੁ ਨਾਨਕ ਤਤਾ ਬਿਹੰਗਮੁ ਪਾਵਹੁ ॥ ਗੋਸਟਿ ਸਪੂਰਨਿ ਹੋਈ ॥ ਵਾਹਗੁਰੂ ਜੀ ਵਾਹਗੁਰੂ ਜੀ । ਧੰਨ ਗੁਰੂ ਧੰਨ ਗੁਰੂ ਜੀ । ਸਤਿਗੁਰੂ ਜੀ ਸ੍ਰੀ ਵਾਹੁਗੁਰੂ ਜੀ ।

ਹੱਥ ਲਿਖਤ ਨੰ : MS 232 ਕ

ਸਿਰਲੇਖ : ਗੋਸਟ ਗੁਰੂ ਬਾਬੇ ਨਾਨਕ ਜੀ ਕੀ

ਪੱਤਰੇ : 126 ਅ – 239 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ, ਹਾਸ਼ੀਆ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਸਤਰਾਂ ਪ੍ਰਤੀ ਪੰਨਾ 8

ਆਮ ਵੇਰਵਾ : ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ । ਕਿਧਰੇ-2 ਕਾਨੀ ਬਦਲੀ ਹੋਈ ਹੈ ।

ਆਰੰਭ : ੧ੴ ਸਤਿ ਨਾਮ ਗੁਰੂ ਪ੍ਰਸਾਦਿ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਗੁਰ ਅਕਾਲਿ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਆਸਾ ਜਪੁ ਆਰਧਨਾਲਿ ਮਹਲਾ ਅਨੂਪ ਮੰਤ੍ਰ ਅਪਰ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ।...

ਅੰਤ : ...ਈਹਾ ਸੁਖੀ ਆਗੇ ਮੁਕਤਾ ਹੋਇ ਜਪੁ ਗੁਰੂ ਬਾਬੇ ਨਾਨਕ ਜੀ ਕਾ ਹੈ । ਉਸਤਤਿ ਪਰਮੇਸਰ ਕੀ ਵਾਹਗੁਰੂ ਵਾਹਗੁਰੂ ਸਤਿਗੁਰੂ ਬੇਅੰਤ ਗੁਰੂ ਜੀ

ਹੱਥ ਲਿਖਤ ਨੰ : MS 232 ਖ

ਸਿਰਲੇਖ : ਸ਼ਬਦ ਗੁਰਬਾਣੀ

ਪੱਤਰੇ : 240 ੳ – 269 ੳ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : 1. ਸ੍ਰੀ ਰਾਗ 2. ਮਾਰੂ ਰਾਗ 3. ਮਲਹਾਰ 4. ਆਸਾ 5. ਰਾਗ ਗਉੜੀ ਵਿਚੋਂ ਚੋਣਵੇਂ ਸ਼ਬਦ, ਰਾਗ ਦੇਵ ਗੰਧਾਰੀ, ਰਾਗ ਬਿਹਗੜਾ, ਰਾਗ ਸੋਰਠਿ, ਧਨਾਸਰੀ ਅਤੇ ਜੈਂਤਸਰੀ ਵਿਚੋਂ ਚੋਣਵੇਂ ਸ਼ਬਦ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀ ਰਾਗੁ ਮਹਲਾ "੧" ਚਉਪਦੇ " ਘਰ ੧ " ਮੋਤੀ ਤ ਮੰਦਰ ਉਸਰੇਹਿ ਰਤਨੀ ਤ ਹੋਜਾਹਿ ਜੜਾਉ ਕਸਤੂਰੋ ਕੰਗੂ ਅਗਰ ਚੰਦਨਿ ਲੀਪਿ ਆਵੈ ਚਾਉ ॥...

ਅੰਤ : ...ਪਵਨ ਨਾਮ ਜਗਤ ਮੈ ਹਰਿ ਕੋ ਕਬਹੂ ਨਾਰਿ ਸੰਭਾਗ । ਨਾਨਕ ਸਰਨਿ ਪਰਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥ ੩੩ ॥

ਹੱਥ ਲਿਖਤ ਨੰ : MS 232 ਗ

ਸਿਰਲੇਖ : ਧਨਾਸਰੀ ਧੰਨੇ ਕੀ ਗੋਸਟਿ

ਪੱਤਰੇ : 269 ਓ – 273 ਓ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਧਨਾਸਰੀ ਧਨੇ ਕੀ ਗੋਸਟਿ ॥ ਧੰਨਾ ਕਲਰਿ ਚਾਰੇ ਗਾਈ ਬ੍ਰਹਮਣ ਨਿਕਸ਼ਆ ਆਇ ॥ ਨਾਇ ਧੋਇ ਪੂਜਾ ਬਿਸਥਾਰੀ ਬੈਠਾ ਧਿਆਨ ਲਗਾਇ ॥ ਧੰਨਾ ਆਖੈ ਸੁਣਿ ਮੇਰਾ ਦਾਦਾ ਆਪਣੀ ਚਰਣੀ ਲਾਇ ॥ ਧੰਨੇ ਕਾ ਹਰਿ ਸਿਉ ਬਢਿਆ ਸਨੇਹੁ ॥ ਪ੍ਰਾਬ੍ਰਹਿਮ ਪੂਰਨ ਅਬਿਨਾਸੀ ਨਿਹਚਲੁ ਲਾਇ ਅਨੇਹੁ ॥ ੧ ॥...

ਅੰਤ : ...ਬ੍ਰਹਮਣ ਨੋ ਹਰਿ ਦਰਸਨੁ ਹ ਹੋਆ ਧੰਨੇ ਗਰੂ ਤਰਾਇਆ ॥ ਗੋਰਖ ਨਾਥਿ ਮੁਛੰਦ੍ਰ ਉਧਾਰਿਆ ਕਾਢਿ ਸੰਘਲ ਦੀਪ ਲੈ ਆਇਆ ॥ ਭਗਤਿ ਕਾ ਹਿਤਕਾਰੀ ਠਾਕੁਰ ਧੰਨੇ ਧੰਨੁ ਕਹਾਇਆ ॥ ੧ ॥ ਬੋਲਹੁ ਵਾਹਗੁਰੂ ਜੀ ਧੰਨ ਗੁਰੂ ਜੀ ॥ = ॥ = ॥

ਹੱਥ ਲਿਖਤ ਨੰ : MS 232 ਘ

ਸਿਰਲੇਖ : ਵਾਰ ਸੂਹੀ ਕੀ

ਪੱਤਰੇ : 273 ਅ – 303 ਓ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕ ਨਾਲਿ ਮਹਲਾ ॥ ੩ ॥ ਸਲੋਕੁ ॥ ਸੂਹੇ ਵੇਸ ਦੁਹਾਗਣੀ ਪਰ ਪਿਰੁ ਰਾਵਿਣ ਜਾਇ ॥ ਪਿਰ ਛੋਡਿਆ ਘਰ ਅਪਣੈ ਮੋਹੀ ਦੂਜੇ ਭਾਇ ॥...

ਅੰਤ : ਹਉ ਕਿਆ ਸਾਲਾਹੀ ਕ੍ਰਿਮ ਜੰਤੁ ਵਡੀ ਤੇਰੀ ਵਡਿਆਈ ॥ ਤੂ ਅਗੰਮੁ ਦਿਆਲੁ ਆਗੁੰਮ ਹੈ ਆਪ ਲੈਹ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤੁ ਸਖਾਈ ॥ ਜੋ ਤੇਰੇ ਸਰਣਾਗਤੀ ਤਿਨਿ ਲੈਹੈ ਛਡਾਈ॥ ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ੨● ॥ = ॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਙ

ਸਿਰਲੇਖ : ਮੰਤ੍ਰ ਬਾਬੇ ਨਾਨਕ ਜੀ ਕਾ

ਪੱਤਰੇ : 303 ਓ – 306 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਮੰਤ੍ਰ ਬਾਬੇ ਨਾਨਕ ਜੀ ਕਾ ਲਿਖਿਆ ਵਾਰੀ ਤ੍ਰਿਹੁ ਪੜਿਨਾ...
ਅੰਤ : ...ਅਵ ਘਟੈਸੀ ਗੁਰ ਨਿਰੰਕਾਰ ਜੀ ਨਾਨਕ ਜੀ ਰਛਿਆ ਕਰੈ ਅਕਾਲ ਪੁਰਖ ਜੀ ਤੇਰੀ ਸਾਰਿਣਿ ॥ = ॥ = ॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਚ
ਸਿਰਲੇਖ : ਵਾਰ ਭਗਉਤੀ ਜੀ ਕੀ ਪਾਤਸ਼ਾਹੀ 10
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 306 ਅ – 328 ਅ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਸ ਵਿਚ 55 ਦੋਹਰੇ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ਵਾਹਗੁਰੂ ਜੀ ਕੀ ਫਤੇ । ਸ੍ਰੀ ਭਗਉਤੀ ਜੀ ਸਹਾਇ । ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧●...
ਅੰਤ : ...ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ਫੇਰ ਨ ਜੂਨੀ ਆਇਆ ਜੇਨਾ ਇਹ ਗਾਇਆ ।

ਹੱਥ ਲਿਖਤ ਨੰ : MS 232 ਛ
ਸਿਰਲੇਖ : ਪਖਿਆਨ ਚਰਿਤ੍ਰ
ਪੱਤਰੇ : 328 ਅ – 333 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : 331 ਪੰਨੇ ਤੋਂ ਕਾਨੀ ਬਦਲੀ ਹੋਈ ਹੈ । ਇਸ ਵਿਚ ਪੰਨਾ ਨੰ 330 ਆਪਣੀ ਕ੍ਰਮ ਵਿਚ ਨਹੀਂ ਹੈ ਉਹ ਪੰਨਾ 334 ਤੋਂ ਬਾਅਦ ਲੱਗਿਆ ਹੋਇਆ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ਸ੍ਰੀ ਭਗਉਤੀਏ ਨਮਹਾ । ਅਥ ਪਖਿਆਨ ਚਰਿਤ੍ਰ ਲਿਖਤੇ । ਪਾਤਸ਼ਾਹੀ ॥ ੧● ॥...
ਅੰਤ : ...ਇਤ ਸ੍ਰੀ ਦੇਵੀ ਜੂ ਕੀ ਉਸਤਤ ਸਮਾਪਤੰ ॥ ਅਫਜੂ ॥

ਹੱਥ ਲਿਖਤ ਨੰ : MS 232 ਜ
ਸਿਰਲੇਖ : ਗੁਰਬਾਣੀ ਸ਼ਬਦ
ਪੱਤਰੇ : 333 ਅ – 337 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਸੁਲਤਾਨ ਪੂਛੈ ਸੁਨ ਵੇ ਨਾਮਾ ॥ ਦੇਉਖ [ਦੇਖਉ] ਰਾਮ ਤੁਮਾਰੇ ਕਾਮਾ ॥ ਨਾਮਾ ਸੁਲਤਾਨੇ ਬਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੫ ॥ ਰਹਾਊ ॥...
ਅੰਤ : ਓਇ ਪਰਮ ਪੁਰਖ ਦੇਵਾਧਿ ਦੇਵ ॥ ਭਗਤਿ ਹੇਤ ਨਰ ਸਿੰਘ ਭੇਵ ॥ ਕਹਿ ਕਬੀਰ ਕੋ ਲਖੈ ਨ ਪਾਰ॥ ਪ੍ਰਹਲਾਦ ਉਧਾਰੇ ਅਨਿਕ ਬਾਰ ॥

॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਝ
ਸਿਰਲੇਖ : ਵਾਰਿ ਧੁਰੂ ਭਗਤਿ ਕੀ
ਲਿਪੀ ਕਾਲ : 1888
ਪੱਤਰੇ : 337 ਓ – 353 ਅ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰਿ ਧੂਰੂ ਭਗਤਿ ਕੀ ॥ ਧਰੂ ਹਸਦਾ ਘਰ ਆਇਆ ॥ ਕਰਿ ਪਿਆਰੁ ਪਿ [ਪਿਉ] ਕੁਛੜ ਲੀਤਾ ॥ ਬਾਹੁ ਪਕੜ ਉਠਾਲਿਆ ਮਨਿ ਵਿਚ ਰੋਸੁ ਮਤਿਰੇਈ ਕੀਤਾ ॥…
ਅੰਤ : …ਅਠਾਰਾ ਸੈ ਅਠਾਸੀਆ ॥ ਮਿਤੀ ਬੇਸਾਖੁ ਸੁਦੀ ਪਰਵਿਸਟੀ ਸਤਾਈਐ ॥ ਪੋਥੀ ਸਾਹਿਬੁ ਪੂਰੀ ਹੋਈ ॥ ਸਦਾ ਕਾ ਸਾਧ ਸੰਗਿਤਿ ਕਾ ਸਾਧ ਸੰਗਤਿ ਜੀ ਭੁਲਿ ਚੁਕਿ ਵਖਸਿ ਲੈਣੀ ਗੋਲਾਮ ਦੀ ॥ ਸਾਧ ਸੰਗਤਿ ਵਖਸਣਿ ਜੋਗੁ ਹੈ ॥ ਵਾਹਗੁਰੂ ਜੀ ਕਾ ਖਾਲਸਾ ਵਾਹੁਗੁਰੂ ਜੀ ਕੀ ਫਤੇ ॥ ਸਚੇ ਪਾਤਿਸਾਹਿ ਗੁਰੂ ਰਾਮਦਾਸ ਜੀ ਭੁਲ ਚੁਕ ਵਖਸ ਲੈਣੀ ॥ ਸਚੇ ਪਾਤਿਸਾਹ ਤੂ ਵਖਸਣਿ ਜੋਗ ਹੈ ॥ ਗੋਲਾਮੁ ਤੇਰੀ ਸਰਨਿ ਹੈ ਸਰਨਿ ਪਰੇ ਕੀ ਰਾਖਿ ਲੇਹੁ ॥ ਦਿਨੀ ਬੀਰਬਾਰੁ ਪੋਥੀ ਪੂਰੀ ਹੋਈ ॥

ਹੱਥ ਲਿਖਤ ਨੰ : MS 233
ਸਿਰਲੇਖ : ਸਿਖਾਂ ਦੀ ਭਗਤਮਾਲਾ (ਸਾਖੀਆਂ)
ਲੇਖਕ : ਮਨੀ ਸਿੰਘ
ਲਿਖਾਰੀ : ਕੁੰਦਨ
ਸਮਾਂ : ਸੰਮਤ 1874
ਸਥਾਨ : ਲਾਹੌਰ
ਪੱਤਰੇ : 1– 683
ਆਕਾਰ : 15X27 ਸ.ਮ. ਲਿਖਤ: 10X20 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਨ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -10
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਪੱਤਰਾ 14 ਤੋਂ ਬਾਅਦ ਕਾਨੀ ਬਦਲੀ ਹੋਈ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਾਖੀ ਭਾਈ ਗੁਰਦਾਸ ਜੀ ਕੀ ॥ ਵਾਰ ਯਾਰਵੀ ਸਿਖਾ ਦੀ ਭਗਤ ਮਾਲਾ ॥ ਏਕ ਸਮੇ ਭਾਈ ਮਨੀ ਸਿੰਘ ਜੀ ਥੀ ਸਿਖਾ ਅਰਦਾਸ ਕੀਤੀ ॥ ਜੁ ਭਾਈ ਗੁਰਦਾਸ ਜੀ ਨੇ ਜੁ ਸਿਖਾਂ ਦੇ ਪਰੁਥਾਇ ਵਾਰ ਕੀਤੀ ਹੈ ॥ ਤੇ ਸਭੁ ਦੇਸਾਂ ਦੇ ਸਿਖਾ ਦੇ ਨਾਮ ਲਿਖੇ ਹੈਨਿ ॥ ਓਨਾ ਦੀਆ ਰਹਿਤਾ ਤੇ ਕਰਤੂਤਾ ਅਸਾਨੂ ਮਲੂਮ ਕਰਾਹੋ ਜੁ ਅਸੀ ਭੀ ਜਾਣੀਏ ਜੁ ਸਿਖਾ ਦੀਆ ਐਸੀਆ ਵਰਤਣਾ ਹੋਦੀਆ ਹੈਨ ॥…
ਅੰਤ : …ਕਬਿਤ ॥ ਸੰਮਤਿ ਬਖਾਨ ਰਾਇ ਬ੍ਰਿਕਮ ਨਰੇਸ ਜੂ ਕੋ ਬਿਦਿ ਆਪੁਨਿ ਬੇਦ ਸਤ ਮਨ ਮੈ ਬਿਚਾਰੀਯੋ ॥ ਅਰਧ ਸਤ ਆਠ ਔਰ ਅਧਕ ਗਨੀਲੀ ਜੋ ਤਾ ਪੈ ਭਾਦ੍ਰਵ ਕੋ ਕ੍ਰਿਸਨ ਪਖ ਪਰਵਾਨਿ ਹਾਰੀਯੋ ॥ ਬਾਸ੍ਰਮਿ ਅੰਕ ਆਦ ਜਾਮ ਸੰਪੂਰਨ ਲਿਖ ਨਾਨਕ ਗੁਰ ਸਾਖੀ ਭਗਤਿਮਾਲ ਉਰਧਾਰੀਯੋ ॥ ਕੁੰਦਨ ਬਖਾਨੇ ਅੰਕ ਮਾਤ੍ਰਾ ਮੈ ਚੁਕ ਕਹੂੰ ਬਖਸੋ ਸਭ ਗੁਨੀ ਜਨ ਰੋਸ ਨਾਹਿ ਧਾਰੀਯੋ ॥ ਸੋਰਠਾ ॥

ਦਸਖਤ ਕੁੰਦਨ ਜਾਨ ਲਵ ਪੁਰਖੋ ਕਹਯੋ ॥ ਬਖਸੋ ਗੁਨੀ ਸੁਜਾਨ ਅੰਕ ਮਾਤ੍ਰਾ ਜੋ ਕਹੂੰ ॥ ਪੋਥੀ ਸਪੂਰਣ ਹੋਈ ॥ ਸੰਮਤ ੧੮੭੪ ਕਤਕ ਦਿਨ ੭ ਭੁਲਿਆ ਚੁਕਿਆ ਬਖਸਣਾ ॥ ਵਾਹ ਗੁਰੂ ਬਖਸਿੰਦ ਹੈ ॥ ਵਾਹਗੁਰੂ ॥ ਵਾਹਗੁਰੂ ॥ ਵਾਹਗੁਰੂ ॥ ਵਾਹਗੁਰੂ ॥

ਹੱਥ ਲਿਖਤ ਨੰ : MS 234 ਸੰਗ੍ਰਹਿ
ਸਿਰਲੇਖ : ਜਪ ਪਰਮਾਰਥ
ਪੱਤਰੇ : 1– 119 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਜਿਲਦ ਗੱਤਾ, ਸਤਰਾਂ ਪ੍ਰਤੀ ਪੰਨਾ – 8
ਆਮ ਵੇਰਵਾ : ਦੁਪਾਸੀਂ 80 ਪੱਤਰੇ ਤਕ ਦੋ ਕਾਲੀਆਂ ਲਕੀਰਾਂ ਦਾ ਖੜ੍ਹੇ ਰੁਖ ਹਾਸ਼ੀਆ ਹੈ, ਅਤੇ ਕਾਨੀ ਵੀ ਬਦਲੀ ਹੋਈ ਹੈ । 108 ਪੱਤਰੇ ਤੋਂ ਫੇਰ ਕਾਨੀ ਬਦਲੀ ਹੋਈ ਹੈ । ਲਿਖਾਈ ਸੁੰਦਰ ਹੈ । ਕਿਧਰੇ-ਕਿਧਰੇ ਕਿਰਮ ਖੁਰਦਾ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਿਧਰੇ-ਕਿਧਰੇ ਸੁਧਾਈ ਹਾਸ਼ੀਏ ਵਿਚ ਕੀਤੀ ਹੋਈ ਹੈ । ਆਖਰੀ ਪੱਤਰਾ ਬਹੁਤ ਹੀ ਖਸਤਾ ਹਾਲਤ ਵਿਚ ਹੈ । ਪੂਰੇ ਅਖਰ ਪੜ੍ਹੇ ਨਹੀਂ ਜਾਂਦੇ । ਪੋਥੀ ਅਧੂਰੀ ਲਗਦੀ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗ ਆਸਾ ਮਹਲਾ ੧ ਅਨੂਪ ਮੰਤ੍ਰ ਅਪਾਰ ਗੋਸਟ ਗੁਰੂ ਬਾਬੇ ਨਾਨਕ ਜੀ ਕੀ ॥...
ਅੰਤ : ...ਬਾਬਾ ਨਾਨਕ ਜੀ ਅਠਤਰੀ ਪਉੜੀਆ ਸਪੂਰਨ ਲਿਖੀਆ ॥ ਭੁਲਿਆ ਚੁਕਿਆ ਬਖਸਣਾ ॥ ਗੁਰੂ ਕਾ ਬੋਲਣਾ ਗੁਰੂ ਜਾਣੇ ॥ ਵਾਹਗੁਰੂ ਵਾਹਗੁਰੂ ॥

ਹੱਥ ਲਿਖਤ ਨੰ : MS 234 ਅ
ਸਿਰਲੇਖ : ਮੰਤ੍ਰ ਗੁਰੂ ਬਾਬੇ ਨਾਨਕ ਜੀ ਕਾ
ਪੱਤਰੇ : 119 ਅ - 122 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਤਿਨਾਮ ਕਰਤਾ ਪੁਰਖ ॥ ਨਿਰਭਉ ਨਿਰਵੈਰ ॥ ਅਕਾਲ ਮੂਰਤ ਅਜੂਨੀ ਸੈਭੰਗ ਗੁਰ ਪ੍ਰਸਾਦਿ ॥ ਮੰਤ੍ਰ ਗੁਰੂ ਬਾਬੇ ਨਾਨਕ ਜੀ ਕਾ ਮਹਲਾ ੧ ॥...
ਅੰਤ : ...ਦੀਨ ਦੁਨੀਆ ਕੇ ਪਾਤਸਾਹ ਤੇਰੀ ਪਨਾਹ ॥ ਸ੍ਰੰਕਰ ਮਾਤਾ ਸ੍ਰੰਕਰ ਪਿਤਾ ਸੰਕ੍ਰ ਰਾਖੋ ਚਾਰੋ ਦਿਸਾ ॥ ਤਾਂਬੇ ਕਾ ਕੋਟਿ ਸਮੁੰਦ੍ਰ ਸੀ ਖਾਹੀ ॥ ਚਾਰੋ ਤਰਫ ਨਾਨਕ ਸਾਹੁ ਕੀ ਦੁਹਾਈ ।

ਹੱਥ ਲਿਖਤ ਨੰ : MS 234 ਏ
ਸਿਰਲੇਖ : ਵਾਰ ਭਾਈ ਪ੍ਰੇਮ ਦਾਸ ਕੀ
ਪੱਤਰੇ : 123 - 133
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰ ਭਾਈ ਪ੍ਰੇਮ ਦਾਸ ਕੀ ॥ ਪਉੜੀ ॥ ਅੰਨੇ ਕੋਹੜੇ ਨਾਲ ਲਏ ਖੜ ਅੰਮ੍ਰਤਸਰ ਨਵਾਵੈ ॥ ਸਭਸੇ ਛਾਦਨੁ ਭੋਜਨੁ ਦੇਕਰੁ ਅੰਮ੍ਰਿਤ ਨਾਮ ਪੜਾਵੈ ॥...

ਅੰਤ : …ਏਹੀ ਵਪਾਰ ਬੇਈ ਕਾਰਨ ਹੀ ਕੀਉ ਪਰਮੇਸਰ ਸਿਉ ਖਾਤਾ ਹੈ ॥ ਕੇਤੇ ਆਤੇ ਲੇ ਲੇ ਆਤੇ ਕੇਤੇ ਲੈ ਲੈ ਜਾਤਾ ਹੈ ॥ ਜਿਵੇ ਸਮੁਦ੍ਰ ਦਿਸੇ ਸਰਭਿ ਆਤਿ ਓਹੀ ਨਦਰੀ ਆਤਾ ਹੈ । ਸੁਣ ਸਿੰਘਾ ਭਰੇ ਭੰਡਾਰ ਗ੍ਰੰਗ ਫਿਰ ਕਦ ਹੀ ਨ ਨਿਖਟਾਤਾ ਹੈ ॥ ੩੨ ॥ ਵਾਰ ਸੰਪੂਰਨ ਹੋਈ ਪਉੜੀਆਂ ੩੨ ਸੰਪੂਰਨੰ ॥ ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ॥ ਚਿਤ ਆਵੇ ਭੁਲਿਆ ਚੁਕਿਆ ਗੁਰੂ ਬਖਸੇ ॥

ਹੱਥ ਲਿਖਤ ਨੰ : MS 234 ਸ
ਸਿਰਲੇਖ : [ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ]
ਪੱਤਰੇ : 133 – 213 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪਤਰਾ 133 ਦਾ ਇਕ ਕੋਨਾ ਭੁਰਿਆ ਹੋਇਆ ਹੈ, ਇਸ ਕਰਕੇ ਲਿਖਤ ਪੂਰੀ ਨਹੀਂ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਬ ਤੀਜੀ ਗੋਸਟ ਮਾਰਕੰਡੇ ਰਖੀਸਰੁ ਜੀ ਕੀ ॥ ਪਹਿਲੀ ਚਲੀ ॥ ਜਦ ਚਾਰੇ ਜੁਗ ਬੀਤੇ ਫੇਰ …. ਰਚੈ ॥ ਅਗਲਿਆ ਜੁਗਾ ਕਾ ਕਿਆ ਪ੍ਰਮਾਣ ਹੋਤਾ ਹੈ ॥…
ਅੰਤ : …ਤਾਂ ਗੁਰੂ ਅੰਗਦ ਆਖਿਆ ਧੰਨ ਗੁਰੂ ਨਾਨਕ ਹੈ ॥ ਜਿਸ ਐਸੇ ਪਾਪੀ ਤਾਰਾ ॥ ਅਤੇ ਧੰਨ ਭਾਈ ਬਾਲਾ ਜਿਸ ਇਹੁ ਸਾਖੀਆ ਸੁਣਾਇ ਕੈ ਅਸਾਡਾ ਉਧਾਰ ਕੀਤਾ ॥ ਸਾਖੀ ਸੰਪੂਰਨ ਹੋਈ ॥ ਬੋਲਹੁ ਭਾਈ ਵਾਹਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਬਾਬਾ ਨਾਨਕ ਜੀ ॥

ਹੱਥ ਲਿਖਤ ਨੰ : MS 234 ਹ
ਸਿਰਲੇਖ : ਸਾਖੀਆ ਸ਼ੇਖ ਫ਼ਰੀਦ ਜੀ
ਪੱਤਰੇ : 213 ਅ – 245
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਸਾਖੀਆਂ ਅਧੂਰੀਆਂ ਹਨ । ਅੰਤ ਕਿਰਮ ਖੁਰਦਾ ਹੋਣ ਕਾਰਣ, ਪੂਰੀ ਤਰ੍ਹਾਂ ਪੜਿਆ ਨਹੀ ਜਾਂਦਾ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਾਖੀਆ ਸ਼ੇਖ ਫਰੀਦ ਜੀ ਕੀਆ ਲਿਖੀਆ ॥ ਸ਼ੇਖ ਫਰੀਦ ਅਗਲੇ ਜਨਮ ਕੁਰੇਸ੍ਰੀ ਆਹਾ ॥ ਜੰਗਲ ਵਿਚ ਵਸਦਾ ਆਹਾ ॥…
ਅੰਤ : …ਤਾ ਉਹ ਗਰੀਬ ਸਿਰ ਬੋਲਿਆ ਜੁ ਖਰਬੂਜਿਆ ਤੂ ਸਿਰ ਹੋਆ ਆਹਾ ॥ ਜੋ ਬਖੀਲ…..ਸੀ ਜੋ ਆਹੇ ਖਰਬੂਜੇ ਸੋਹਨੇ ਜੀਉ ਆਹੇ ਫਿਰਦੈ…..ਹੈ ॥ ਇਹ ਜੋ ਆਹਾ ਸੋ ਖੁਦਾਇ ਦਾ ਪਿਆ…..

ਹੱਥ ਲਿਖਤ ਨੰ : MS 235
ਸਿਰਲੇਖ : ਗਿਆਨ ਚਰਖਾ
ਸਮਾਂ : ਸੰਮਤ 1933
ਪੱਤਰੇ : 1– 4
ਆਕਾਰ : 12X15 ਸ.ਮ. ਲਿਖਤ: 8.5X10.5 ਸ.ਮ.
ਵੇਰਵਾ : ਜਿਲਦ ਕਾਗਜ਼, ਬਾਅਦ ਵਿਚ ਬੰਨੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਤਿੰਨ-ਤਿੰਨ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 9
ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਤ ਸੁੰਦਰ, ਹਾਸ਼ੀਏ ਤੋਂ ਬਾਹਰ ਸੋਧ ਕੀਤੀ ਹੋਈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥਿ ਗਿਆਨ ਚਰਖਾ ਲਿਖਯਤੇ ॥ ਨਿਤਿ ਮਤੀ ਦੇਦੀ ਮਾਉ ਧੀਏ ॥ ਕਿਉ ਫਿਰਨੀ ਹੈ ਵਾਹੋ ਦਾਹੁ ਧੀਏ ॥ ਮੈ ਹਾਰੀ ਸਿੱਖ ਸਿਖਾਇ ਧੀਏ ॥...

ਅੰਤ : ...ਜਦ ਧਾਮ ਬਿਗਾਨੇ ਜਾਵੈਗੀ ॥ ਮੁੜ ਵਤ ਨਾ ਏਥੇ ਆਵੇਗੀ ॥ ਓਥੈ ਜਾ ਕੈ ਪਛੋਤਾਵੈਗੀ ਕੁਛ ਅਗਲੀ ਕਰ ਸਮਿਆਨ ਕੁੜੇ ॥ ਕਰ ਕਤਨ ਵਲ ਧਿਆਨ ਕੁੜੇ ॥ = ॥ = ॥ ਸੰਮਤੁ ੧੯੩੩ ਜੇਠ ਪ੍ਰ ੧੪ ਸੰਪੂਰਨਨੰ ਦਿਨ ਵੀਰਵਾਰ ॥ ਸਮਾਪਤੰ ਮਸਤ ਸੁਭ ਮਸਤ ॥ =

ਹੱਥ ਲਿਖਤ ਨੰ : MS 236

ਸਿਰਲੇਖ : ਸੌ ਸੰਮਤੀ ਗ੍ਰੰਥ

ਲੇਖਕ : ਹ੍ਰਿਦੇ ਰਾਮ (ਦਾਦੂ ਪੰਥੀ)

ਸਮਾਂ : ਸੰਮਤ 1953

ਪੱਤਰੇ : 1 – 10 ੳ

ਆਕਾਰ : 14X16.5 ਸ.ਮ. ਲਿਖਤ: 9.5X12 ਸ.ਮ.

ਵੇਰਵਾ : ਜਿਲਦ ਮੋਟਾ ਕਾਗਜ਼, ਬਾਅਦ ਵਿਚ ਬੰਨ੍ਹੀ ਹੋਈ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 11

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸੌ ਸੰਮਤੀ ਗ੍ਰੰਥ ਲਿਖਿਯਤੇ ॥ ੧੯●੧ ॥ ਏਕ ਸਮਾ ਇਕੋਤਰੋ ਮੁਕਤਾ ਬਰਸੇ ਮੇਹਿ ॥ ਖਰਾ ਜਮਾਨਾ ਆਵਸੀ ਖਟ ਹਾਲ ਖੇਹਿ ॥ ੧੯●੨ ॥ ਬਾਰਾ ਮਾਸ ਬੀ ਰੋਤੜੋ ਪ੍ਰਭੂ ਆਇਓ ਭਾਇ ॥ ਸੌ ਰੁਪੈਆ ਸਰੜੋ ਬਿਕੈ ਮਹਿਗੀ ਹੋਸੀ ਗਾਇ ॥...

ਅੰਤ : ... ੧੯੯੮ । ਅਠਾਣਵੋ ਨੀਨਾਣਵੋ ਇਹੈ ਦੋਨੋ ਸੁਨ ਭਿਖ ਨਦੀਆਂ ਨੀਰ ॥ ਬਹੈ ਘਣਾ ਪਰਜਾ ਪਾਵੈ ਸੁਖਿ ॥ ੧●● ਸਈ ਕਸਮੋ ਦੋਊ ਘਰਾਂ ਹਥਿਆਰਾ ਦੀ ਮਾਰ ॥ ਹੂਆ ਮਲੋਛ ਪ੍ਰਲੈ ਕੀਆ ਦਿੱਲੀ ਤੈਂ ॥ ਇਤੀ ਪੁਸਤਕਿ ਸੌ ਸੰਮਤੀ ਸੰਪੂਰਣੰ ਮਸਤਿ ਸੁਭ ਮਸਤਿ ॥ ਸੰਨ ੧੯੫੩ ਮਿਤੀ ਮਘ੍ਰ ਸੁਦੀ ੧੨ ਦਿਨ ਬੁਧਵਾਰ ॥ ਬਕਲਮ ਖਾਸ ਮਹੰਤ ਹ੍ਰਿਦੈ ਰਾਂਮ ਦਾਦੂ ਪੰਥੀ ਨਿਵਾਸੀ ਅਜ ਮੁਕਾਂਮ ਖਾਸ ਰਾਜਧਾਨੀ ਸ੍ਰੀ ਨਾਭਕੌਲ ।

ਹੱਥ ਲਿਖਤ ਨੰ : MS 237 ਸੰਗ੍ਰਹਿ

ਸਿਰਲੇਖ : ਗਿਆਨ ਰਤਨਾਵਲੀ (ਵਾਰਾਂ)

ਲੇਖਕ : ਭਾਈ ਗੁਰਦਾਸ

ਪੱਤਰੇ : 1 – 407 ਅ

ਆਕਾਰ : 11X16.5 ਸ.ਮ. ਲਿਖਤ: 7X12.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਪੱਕੀ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 8-9

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਈ ਥਾਈਂ ਕਾਨੀ ਬਦਲੀ ਹੋਈ, ਪੋਥੀ ਦੀ ਜਿਲਦ ਉਤੇ ਮੀਨਾਕਾਰੀ ਕੀਤੀ ਹੋਈ; ਸ਼ੁਰੂ ਵਿਚ ਅਤੇ ਅੰਤ ਤੇ ਦੋ-ਦੋ ਹਾਸ਼ੀਏ ਵਾਲੇ ਖਾਲੀ ਪੱਤਰੇ, ਕਿਤੇ-ਕਿਤੇ ਹਾਸ਼ੀਆ ਲਿਖਤ ਹਿੱਸੇ ਦੇ ਵਿਚਕਾਰ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਵਾਰਾਂ ਗਿਆਨ ਰਤਨਾਵਲੀ ॥ ਭਾਈ ਗੁਰਦਾਸ ਭਲੇ ਕਾ ਬੋਲਣਾ ॥ ਨਮਸਕਾਰੁ ਗੁਰਦੇਵ ਕਉ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ ॥ ਭਵਜਲੁ ਵਿਚੋ ਕਢਿ ਕੈ ਮੁਕਤਿ ਪਥਾਰਥ ਮਾਹਿ ਸਮਾਇਆ ॥ ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਜੋਗੁ ਮਿਟਾਇਆ ॥ ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ ॥ ਜਮ ਡੰਡੁ ਸਿਰੋ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ ॥ ਚਰਨ ਗਹੇ ਗੁਰਦੇਵ ਕੇ ਸਤ ਸਬਦ ਦੇ ਮੁਕਤਿ ਕਰਾਇਆ ॥ ਭਾਇ ਭਗਤਿ ਗੁਰਪੁਰਬਿ ਕਰਿ ਨਾਮ ਦਾਨ ਇਸਨਾਨੁ ਦ੍ਰਿੜਾਇਆ ॥ ਜੇਹਾ ਬੀਉ ਤੇਹਾ ਫਲੁ ਪਾਇਆ ॥ ੧ ॥...

ਅੰਤ : … ਵੈਦ ਨ ਪੁਜਨੀ ਵੈਦਗੀ ਸਤਿਗੁਰ ਹਉਮੈ ਰੋਗੁ ਮਿਟਾਈ ॥ ਦੇਵੀ ਦੇਵ ਨ ਸੇਵ ਤੁਲਿ ਸਤਿਗੁਰ ਸੇਵ ਸਦਾ ਸੁਖਦਾਈ ॥ ਸਾਇਰ ਰਤਨ ਨ ਪੁਜਨੀ ਸਾਧ ਸੰਗਤਿ ਗੁਰ ਸਬਦੁ ਸੁਭਾਈ ॥ ਅਕਥ ਕਥਾ ਵਡੀ ਵਡਿਆਈ ॥ ੨੧ ॥ ੩੯ ॥ ਉਣਤਾਲੀ ॥

ਹੱਥ ਲਿਖਤ ਨੰ : MS 237 ਅ
ਸਿਰਲੇਖ : ਬਾਣੀ ਭਾਈ ਗੁਰਦਾਸ
ਲੇਖਕ : ਗੁਰਦਾਸ, ਭਾਈ
ਪੱਤਰੇ : 408 ਉ – 677 ਉ
ਆਕਾਰ : 11X16.5 ਸ.ਮ. ਲਿਖਤ: 7X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਬਾਣੀ ਭਾਈ ਗੁਰਦਾਸ ਭਲੇ ਜੀ ਕੀ ॥ ਸੋਰਠਾ ॥ ਆਦਿ ਪੁਰਖ ਆਦੇਸੁ ਓਨਮ ਸ੍ਰੀ ਸਤਿਗੁਰ ਚਰਨ ॥ ਘਟ ਘਟ ਕਾ ਪਰਵੇਸ ਏਕ ਅਨੇਕ ਬਿਬੇਕ ਸਸਿ ॥ ੧ ॥…
ਅੰਤ : … ਜੈਸੇ ਅਨਿਕ ਫਨੰਗ ਫਨੰਗ ਭਾਰ ਧਰਨਿ ਧਾਰੀ ਤਾਹਿ ਗਿਰਵਰਧਰ ਕਹੈ ਕਉਨ ਬਰਾਈ ਹੈ ॥ ਜਾਕੋ ਏਕ ਬਾਵਰੋ ਬਿਸੁ ਨਾਮੁ ਨਾਥ ਕਹਾਵੈ ਤਾਹਿ ਬ੍ਰਿਜਨਾਥ ਕਹੈ ਕਉਨ ਅਧਿਕਾਈ ਹੈ ॥ ਅਨਿਕ ਅਕਾਰ ਓਅੰਕਾਰ ਕੇ ਬਿਥਾਰੇ ਤਾਹਿ ਨੰਦ ਨੰਦਨ ਕਉਨ ਸੋਭਤਾਈ ਹੈ ॥ ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ ॥ ੫੫੬ ॥

ਹੱਥ ਲਿਖਤ ਨੰ : MS 238 ਸੰਗ੍ਰਹਿ
ਸਿਰਲੇਖ : ਚੰਡੀ ਚਰਿਤ੍ਰ ਉਕਤਿ ਬਿਲਾਸ
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 1 – 124 ਅ
ਆਕਾਰ : 7X9 ਸ.ਮ. ਲਿਖਤ: 3.5X6 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਦੁਪਾਸੀਂ ਖੜ੍ਹੇ ਰੁੱਖ, 110 ਪੱਤਰੇ ਤੱਕ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਬਾਅਦ ਵਿਚ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 6
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਪੋਥੀ ਦੀ ਜਿਲਦ ਮੀਨਾਕਾਰੀ ਵਾਲੀ, 199 ਪੰਨੇ ਤੋਂ ਬਾਅਦ 200 ਲਿਖਣ ਦੀ ਥਾਂ ਫਿਰ 100 ਲਿਖਿਆ ਹੈ 200 ਤੋਂ 220 ਤਕ 100 ਤੋਂ 120 ਲਿਖਿਆ ਹੈ ।
ਆਰੰਭ : ੧ਓ ਵਾਹਗੁਰੂ ਜੀ ਕੀ ਫਤੇ ॥ ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ॥ ਸ੍ਵੈਯਾ ॥ ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲਖ ਅਨਾਸਾ ॥ ਕੈ ਸਿਵ ਸਕਤ ਦਏ ਸੁਤਿ ਚਾਰ ਰਜੋ ਤਮਸ ਤਤਿ ਹੂ ਪੁਰਬਾਸਾ ॥…
ਅੰਤ : … ਦੋਹਰਾ ॥ ਗ੍ਰੰਥ ਸਤਿ ਸੈਇਆ ਕੋ ਕਰਿਓ ਜਾ ਸਮ ਅਵਰੁ ਨ ਕੋਈ ॥ ਜਿਹ ਨਮਿਤ ਕਵਿ ਨੇ ਕਹਿਓ ਸੁਦੇਹ ਚੰਡਕਾ ਸੋਇ ॥ ੨੩੩ ॥

ਹੱਥ ਲਿਖਤ ਨੰ : MS 238 ਅ
ਸਿਰਲੇਖ : ਚੰਡੀ ਚਰਿਤ੍ਰ
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 125 ਉ – 220 ਅ

ਆਕਾਰ : 7X9 ਸ.ਮ. ਲਿਖਤ: 3.5X6 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, 118 ਅ ਤੋਂ 120 ਅ ਤਕ ਗੁਰੂ ਜੀ ਦੇ ਚਾਰ ਸਵੈਯੇ ਦਿੱਤੇ ਹਨ ।
ਆਰੰਭ : ੧ਓ ਅਥ ਚੰਡੀ ਚਰਿਤ੍ਰ ਲਿਖਯਤੇ ॥ ਨਿਰਾਜ ਛੰਦ ॥ ਮਹਿੱਖ ਦਈਤ ਸੂਰਯੰ ॥ ਬਢਿਯੋ ਸੁ ਲੋਹ ਪੂਰਯੰ ॥ ਸੁ ਦੇਵ ਰਾਜ ਜੀਤਯੰ ॥ ਤ੍ਰਿਲੋਕ ਰਾਜ ਕ੍ਰੀਤਯੰ ॥ ੧ ॥...
ਅੰਤ : ... ਦੋਹਰਾ ॥ ਜੇ ਜੇ ਤੁਮਰੇ ਧਿਆਨ ਕੋਂ ਨਿਤ ਉਠਿ ਧਿਐ ਹੈਂ ਸੰਤ ॥ ਅੰਤ ਲਹੈਂਗੇ ਮੁਕਤ ਫਲੁ ਪਾਵਹਿਗੇ ਭਗਵੰਤ ॥ ੬ ॥ ੨੬੨ ॥ ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡੀ ਚਰਿਤ੍ਰ ਉਸਤਤ ਬਰਨਨੰ ਨਮ ਅਸਟਮੋ ਧਿਆਯਾ ਸੰਪੂਰਣ ਮਸਤੁ ਸੁਭ ਮਸਤੁ ॥ ੮ ॥ ਅਫਜੂ ॥

ਹੱਥ ਲਿਖਤ ਨੰ : MS 239 ਸੰਗ੍ਰਹਿ
ਸਿਰਲੇਖ : ਕਥਾ ਸੁਖਦੇਵ ਜੀ ਕੀ (ਅਧੂਰੀ)
ਪੱਤਰੇ : 1– 54 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 9
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਕਥਾ ਸੁਖਦੇਵ ਜੀ ਕੀ ॥ ਏਕ ਸਮੇ ਪਾਰਬਤੀ ਮਹਾਦੇਵ ਕਉ ਕਹਨੇ ਲਾਗੀ ਜੋ ਬਲਿਹਾਰ ਜਾਉ ਤੇਰੇ ਗਲਿ ਜੋ ਮਾਲਾ ਹੈ ਸੋ ਕੈਸੀ ਹੈ ॥ ਤਬ ਮਹਾਦੇਵ ਕਹਿਆ ਜੋ ਪਾਰਬਤੀ ਏਹੁ ਮਾਲਾ ਜੋ ਹੈ ਸੋ ਤੇਰੇ ਸਿਰਿ ਹੈਨਿ ॥...
ਅੰਤ : ... ਪੀੜੀ ਆਗ ਜੁ ਜੋਗੁ ਭਗਤਿ ਚਲਾਈ ॥ ਅਬਿ ਮੈ ਕਲਜੁਗ ਕੇ ਵਿਖੈ ॥ ੨੧ ॥ ਇਕੀਹ ਪਉੜੀਆ ॥ ਤੇਰੀ ਆਗ ਜੁ ਜੋਗੁ ਚਲਾਵਣਾ ਹੈ ॥ ਅਬ ਤੁਮ ਸਿਧਾਵਹੁ ॥ ਸੁਖਦੇਉ ਕੋ ਭੀ ਭੇਜਉ .....

ਹੱਥ ਲਿਖਤ ਨੰ : MS 239 ਅ
ਸਿਰਲੇਖ : ਸਾਖੀ ਰਾਜੇ ਜਨਕ ਕੀ
ਪੱਤਰੇ : 55 ਓ – 70 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਤਿਨਾਮੁ ਕਰਤਾ ਪੁਰਖੁ ... ਗੁਰਪ੍ਰਸਾਦਿ ॥ ਸਾਖੀ ਰਾਜੇ ਜਨਕ ਜੀ ਕੀ ਲਿਖੀ ॥ ਸਾਖੀ ਰਾਜੇ ਜਨਕ ਕੀ ॥ ਰਾਜਾ ਜਨਕ ਭਗਤ ਜੀ ਸਚ ਖੰਡ ਕੰਉ ਚਲੇ ॥ ਤਬ ਰਾਹ ਊਹਾ ਤੇ ਜੋ ਮੁਕਤਿ ਕਾ ਰਾਹੁ ਥਾ ॥ ਉਸਤੇ ਬਾਂਵੀ ਤਰਫ ਗੁਹਾਰ ਪੜਤੀ ਥੀ ॥...
ਅੰਤ : ... ਸ੍ਰੀ ਪਾਰਬ੍ਰਹਮ ਜੀ ਆਗਿਆ ਕੀਤੀ ਹੈ ॥ ਜਨਕ ਭਗਤ ਕਂਉ ॥ ਜੋ ਕਲਜੁਗ ਮਹਿ ਜਾਉ ॥ ਜੀਆ ਕਂਉ ਨਾਮ ਜਪਾਵਹਿਉ ॥ ਜੋ ਜੀ ਮੁਕਤਿ ਹੋਵਹਿ ॥ ੧ ॥ ਸਲੋਕ ॥ ਜੁਗੁ ਜੁਗ ਮਹਿ ਗੁਰੂ ਆਇਆ ਤਿਨ ਅਚਿੰਤ ਨਾਮ ਧਿਆਇਆ ॥ ਜਿਨ ਸੇਵਿਆ ਤਿਨ ਫਲ ਪਾਇਆ ॥ ਦਾਸ ਨਾਨਕ ਪੰਥ ਚਲਾਇਆ ॥ ਗੁਰੂ ਨਾਨਕ ਜੀ ॥

ਹੱਥ ਲਿਖਤ ਨੰ : MS 239 ਏ
ਸਿਰਲੇਖ : ਵਾਰਾਂ ਗਿਆਨ ਰਤਨਾਵਲੀ
ਲੇਖਕ : ਗੁਰਦਾਸ, ਭਾਈ
ਪੱਤਰੇ : 1– 96 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴ ਸ੍ਰੀ ਭਗਉਤੀ ਜੀ ਸਹਾਇ॥ ਅਥ ਅਸਫੋਟਕ ਕਬਿਤ ਲਿਖਯਤੇ॥॥ਸਵੈਯੇ॥ ਛਬਿ ਉਤਮ ਆਕ੍ਰਿਤ ਛਾਜਤ ਹੈ ਲਖਿ ਲਾਜਤ ਕੰਜ ਪ੍ਰਭਾ ਮੁਖ ਕੀ॥ ਮ੍ਰਿਗ ਬਾਲ ਤੇ ਨੈਨ ਬਿਸਾਲ ਸੇ ਹੈ ਸਭ ਜਾਨਿਉ ਤਰਾਸ ਮਨੋ ਸੁਖ ਕੀ॥ ਜਿਹ ਹੇਰਿ ਸਭੈ ਜਲ ਜੰਮਨ ਮੈ ਤਿਹ ॥ ਕਬਹੂੰ ਨਹੀ ਕਾਨਹ ਸੇ ਸਖੀ ਕਹੋ ਅੰਤਰ ਕੇ ਦੁਖ ਕੀ॥...

ਅੰਤ : ...ਕਾਗਦ ਦੀਪ ਸਭੈ ਕਰਿ ਹੌ ਅਰ ਸਾਤ ਮਹਰਾਣਤ ਕੀ ਮਸੁ ਕੈ ਹੋ । ਕੋਟ ਬਨਾਸਪਤੀ ਸਿਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋ ॥ ਸਾਰਸ੍ਵਤੀ ਬਕਤਾ ਕਰਿਕੈ ਜੁਗ ਚਾਰਿ ਗਨੇਸ ਕੇ ਹਾਥ ਲਿਖੈ ਹੋ॥ ਕੋਟ ਕਬਿੱਤਨ ਜਉ ਕਰਿ ਹੋ ਤੁਮ ਕੋ ਨ ਤਊ ਪ੍ਰਚ ਨੈਕ ਰਿਝੈ ਹੋ ॥

ਹੱਥ ਲਿਖਤ ਨੰ : MS 60 ਸੰਗ੍ਰਹਿ
ਸਿਰਲੇਖ : ਭਗਵਤ ਗੀਤਾ
ਲੇਖਕ : ਅਭੈ ਰਾਇ
ਪੱਤਰੇ : 1 ੳ – 67 ਅ
ਆਕਾਰ : 16X19 ਸ. ਮ. ਲਿਖਤ: 11X13 ਸ.ਮ.
ਵੇਰਵਾ : ਜਿਲਦ ਚਮੜਾ, ਉਖੜੀ ਹੋਈ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ, ਚੁਪਾਸੀਂ ਦੋਹਰਾ ਹਾਸ਼ੀਆਂ ਹੈ। ਪਹਿਲਾਂ ਦੋ ਕਾਲੀਆਂ ਲਕੀਰਾਂ ਵਿਚ ਮੋਟੀ ਲਾਲ ਲਕੀਰ ਫਿਰ ਲਾਲ ਤੇ ਕਾਲੀਆਂ ਲਕੀਰਾਂ ਵਿਚ ਮੋਟੀ ਪੀਲੀ ਲਕੀਰ।ਸਤਰਾਂ ਪ੍ਰਤੀ ਪੰਨਾਂ–10, ਇਸ ਪੋਥੀ ਵਿਚ 9 ਕ੍ਰਿਤੀਆਂ ਹਨ।
ਆਮ ਵੇਰਵਾ : ਪੋਥੀ ਉਖੜੀ ਹੋਈ ਹੈ। ਕਿਤੇ ਕਿਤੇ ਕਿਰਮ ਖੁਰਦਾ ਹੈ। ਆਰੰਭ ਵਿਚ ਅਤੇ ਅੰਤ ਤੇ ਦੋ–ਦੋ ਹਾਸ਼ੀਏ ਵਾਲੇ ਪੱਤਰੇ ਖਾਲੀ ਹਨ। ਹਾਸ਼ੀਏ ਵਿਚ ਸੋਧ ਕੀਤੀ ਹੋਈ ਹੈ।
ਆਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਭਗਵਤ ਗੀਤਾ ਲਿਖਯਤੇ ॥ ਦੋਹਰਾ॥ ਕ੍ਰਿਸ਼ਨ ਕ੍ਰਿਸ਼ਨ ਸ੍ਰੀ ਕ੍ਰਿਸਨ ਜੀ ਪ੍ਰਥਮ ਕਰੋ ਸੁ ਉਚਾਰੁ॥ ਸਫਲ ਕਰਨ ਕੋ ਕਾਮਨਾ ਕਾਮ ਧੇਨ ਨਿਰਧਾਰ॥੧॥…
ਅੰਤ : …ਇਤਿ ਸ੍ਰੀ ਭਗਵਤ ਗੀਤਾ ਸੂਪਨਿ ਖਤ ਸੁ ਬ੍ਰਹਮ ਬਿਦਿਆਯੰ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਂਦੇ ਨਿਰਨੈ ਮੋਖ ਸੰਨਿਆਸਯੋ–ਗੋਨਾਮ ਅਸ੍ਰਦਮੋ ਧਿਆਇ ਸੰਪੂਰਣ ਭਇਆ ਸਮਾਪਤੰ ਸੁਭੰ ਮਸਤੁ॥ ੧੮ ॥=॥=॥=॥

ਹੱਥ ਲਿਖਤ ਨੰ : MS 60 ਅ
ਸਿਰਲੇਖ : ਸਪਤ ਸਲੋਕੀ ਭਾਗਵਤ ਗੀਤਾ
ਪੱਤਰੇ : 67 ਅ – 68 ਅ
ਆਕਾਰ : 16X19 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴਸਤਿਗੁਰ ਪ੍ਰਸਾਦਿ॥ ॥ ਓਮਿਤੇਕਾਖਿਰੰ ਬ੍ਰਹਮ ਵਿਆਹਰ ਨਮਾ ਮਨ ਸਿਮਰਨ॥ ਯਾ ਪ੍ਰਯਾ ਤਤਿਯ ਜਨ ਦੇ ਹੰਸਿ ਮਾਤ ਪਰਮਾਂ ਗਤਿੰ॥੧॥…
ਅੰਤ : …ਯੋਵਈ ਗੀਤਾ ਸਮੂਹੇਨ ਇਸਤੋਤ ਮਿਛਤਿਂ ਪਾਂਡਵ॥ ਸੋਹੰਵਦੀ ਸਪਤਈ ਸਲੋਕਈ॥ ਇਸਤੁਤਏ ਵਨ ਸੰਸਿਯਾ॥੧॥ ਇਓ ਸ੍ਰੀ ਸਪਤ ਸਲੋਕੀ ਗੀਤਾ ਸਮਾਪਤੰ॥=॥

ਹੱਥ ਲਿਖਤ ਨੰ : MS 60 ੲ
ਸਿਰਲੇਖ : ਚਤਰ ਸਲੋਕੀ ਭਾਗਵਤ
ਪੱਤਰੇ : 68 ਅ – 69 ਅ
ਆਕਾਰ : 16X19 ਸ. ਮ. ਲਿਖਤ: 11X13 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴਸਤਿਗੁਰ ਪ੍ਰਸਾਦਿ॥ ॥ ਗਯਾਨੰ ਪਰਮੰ ਗਹਯੰ ਮੇਯਦਵਿ ਗਯਾਨ ਸਮਨੁਤੰ॥ ਸਰਹਸਿਅੰਤ ਤਦੰ ਗੰਚ ਗ੍ਰੋਹਾਣ ਗਤੰ ਮਯਾ॥੧॥…
ਅੰਤ : …ਏਤ ਨਮ ਨਮ ਮਾਤਿਸ੍ਰ ਪ੍ਰਮੇਣ ਸਮਾਧਨਾ॥ ਭਵਾਨ ਕਲਪ ਵਿਕਲਪੇਖੂ ਨਾ ਵਿਮੁਹਯਤ ਕਰਹਿ ਚਿਤ ॥੭॥ ਇਤ ਸ੍ਰੀ ਚਤੁਰ ਸਲੋਕੀ ਭਗਵਤ ਸਮਾਪਤੰ॥

ਹੱਥ ਲਿਖਤ ਨੰ : MS 60 ਸ
ਸਿਰਲੇਖ : ਮਹਾਭਾਰਤ ਸਤ ਸਹੰਸਰ ਸੰਹਿਤਾ
ਪੱਤਰੇ : 69 ਅ – 87 ਅ
ਆਕਾਰ : 16X19 ਸ. ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ਤੋਂ ਸ੍ਰੀ ਗਣੇਸਾਏ ਨਮ: ॥ ਯਸਜ ਸਮਰਣ ਮਾਤ੍ਰੇਣ ਜਨਮ ਸੰਸਾਰ ਬੰਪਨਾਤ॥ ਵਿਮੁਚਜਤੇ ਨਮਸਤਗਮਈ॥ ਵਿਸਨਵੇ ਪ੍ਰਭ ਵਿਸਨਵੇ॥੧॥...
ਅੰਤ : ...ਨਰੋ ਮੁਕਤੀ ਮਵਾਪਨੋਤੀ ਚਕ੍ਰਪਾਣੇ ਰਵ ਚੋਯਥਾ॥ ਬ੍ਰਹਮ ਹਤਜਾ ਦੀਕ ਪਾਪੰ ਸਰਵ ਪਾਪੰ ਨਿਸਯਤੀ॥੧੬੨॥ ਇਤ ਸ੍ਰੀ ਮਹਾਭਾਰਤੇ ਸਤ ਸਹਸ੍ਰ ਸਹਿਤਾਯਾਂ ਵੈਯਾ ਸਿਕਯਾਂ ਸਾਂਤਿ: ਪ੍ਰਵਣੀ ਦਾਨ ਧਰਮੋ ਤਰੇਉਤ ਮਾਨ ਸਾਸਨੇ ਸ੍ਰੀ ਵਿਸਨੂਰ ਨਾਮ ਸਹਸ੍ਰੰ ਸੰਪੂਰਣੰ ਸਮਾਪਤੰ॥੧॥

ਹੱਥ ਲਿਖਤ ਨੰ : MS 60 ਹ
ਸਿਰਲੇਖ : ਭਗਵਤ ਮਹਾ ਪੁਰਾਣ ਖਸਟਮ ਸਕੰਦ
ਪੱਤਰੇ : 87 ਅ–93 ਅ
ਆਕਾਰ : 16X19 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ॥ ਰਾਜਾ ਪਰੀਖਤੋ ਵਾਚ॥ ਹੇ ਭਗਵਨ ਜਿਸ ਵਿਦਿਆ ਕਰਿ ਰਖਤ ਹੂਆ ਇੰਦ੍ਰ ਵਹਨੋ ਸਹਿਤ॥ ਸਤ੍ਰ ਸੈਨਾ ਕੋ ਲੀਲਾ ਕਰਿ ਜਿਤਤੁ ਭਯਾ॥ ਅਰੁ ਤ੍ਰਿਲੋਕੀ ਕੀ ਸੰਪਦਾ ਕੋ ਭੋਗਤੁ ਭਯਾ॥ ਸੋ ਨਾਰਾਇਣ ਕਵਚੁ ਹਮ ਪ੍ਰਿਤਿ ਕਹੋ ॥ ਸ੍ਰੀ ਸੁਕਦੇਵੋ ਵਾਚ॥ ਹੇ ਰਾਜਨ ਜਬ ਇੰਦ੍ਰ ਵਿਸ੍ਵ ਰੂਪ ਕੋ ਪ੍ਰੋਹਤ ਕਰਿ ਕੈ ਵਿਦਿਆ ਪੂਛਤ ਭਯਾ॥ ਤਬ ਇੰਦ੍ਰ ਕੋ ਵਿਸ੍ਵ ਰੂਪ ਨਾਰਾਇਣ ਕਵਚ ਕਹਤ ਭਯਾ॥ ਸੋ ਤੂੰ ਸਵਧਾਨ ਮਨ ਸੋ ਸੁਣੁ॥...
ਅੰਤ : ...ਤਬ ਰਾਜਾ ਇੰਦ੍ਰ ਵਿਸ੍ਵ ਰੂਪ ਤੇ ਯਹਿ ਵਿਦਿਆ ਪਾਇਕੈ ਰਣ ਵਿਖੇ ਦੈਤੋਂ ਕੋ ਜੀਤਤੁ ਭਯਾ॥ ਅਰ ਤ੍ਰਿਲੋਕੀ ਕੀ ਸੰਪਦਾ ਕੋ ਭੋਗਤ ਭਯਾ॥੧॥ ਇਤ ਸ੍ਰੀ ਭਾਗਵਤੇ ਮਹਾਂ ਪੁਰਾਂਣੇ ਖਸ੍ਰਮ ਸਕੰਦੇ ਸ੍ਰੀ ਸੁਕ ਪ੍ਰੀਛਤ ਸੰਬਾਂਦੇ ਅਸ੍ਰਮੋ ਧਿਆਇ॥ ਸਮਾਪਤੰ॥੮॥੧॥

ਹੱਥ ਲਿਖਤ ਨੰ : MS 60 ਕ
ਸਿਰਲੇਖ : ਵਿਚਾਰ ਮਾਲ
ਲੇਖਕ : ਅਨਾਥ ਪੁਰੀ
ਸਮਾਂ : (ਰਚਨਾ ਕਾਲ) ਸੰਮਤ 1726
ਪੱਤਰੇ : 93 ਅ – 115 ੳ
ਆਕਾਰ : 16X19 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ॥ਸ੍ਰੀ ਗਣੇਸਾਏ ਨਮ:॥ ॥ ਅਥ ਸ੍ਰੀ ਵਿਚਾਰ ਮਾਲ ਅਨਾਥ ਪੁਰੀ ਕ੍ਰਿਤ ਲਿਖਤੇ॥ ॥ਦੋਹਰਾ॥ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤਿ ਆਨੰਦ ਰੂਪੁ॥ ਜਿਹ ਜਾਨੇ ਜਗੁ ਸੁਪਨ ਵਤ ਨਾਸੈ ਬ੍ਰਮ ਤਮ ਕੂਪ॥੧॥...

ਅੰਤ : …ਸੋਰਠਾ॥ ਸਤ੍ਰਹ ਸੈ ਛਬੀਸ ਸੰਬਤ ਮਾਘਵ ਮਾਸ ਸੁਭ॥ ਮੋਮਤਿ ਜਿਤ ਕਹੁ ਤੀਸ ਤੇ ਤਕ ਬਰਣ ਪ੍ਰਗਟਿ ਕਰੀਆ॥ ਗੀਤਾ ਭਾਰਥ ਕੋ ਮਤੋ ਏਕਾਦਸ ਕੀ ਜੁਗਤਿ॥ ਅਸ੍ਰਾਵਕ ਬਾਸਿਸ੍ਰ ਮੁਨਿ ਕਛਕ ਅਪਨੀ ਉਕਤਿ ॥੪੩॥ ਇਤਿ ਸ੍ਰੀ ਬਿਚਾਰ [ਵਿਚਾਰ] ਮਾਲ ਆਤਮਵਾਨ ਕੀ ਥਿਤ ਅਸ੍ਰਮੋ ਬਿਸਰਾਂਮ॥੯॥ ਇਤ ਸ੍ਰੀ ਵਿਚਾਰ ਮਾਲ ਸੰਪੂਰਣ ਸਮਾਪਤੰ॥=॥=॥=॥=

ਹੱਥ ਲਿਖਤ ਨੰ : MS 60 ਖ
ਸਿਰਲੇਖ : ਸਾਰ ਗੀਤਾ
ਪੱਤਰੇ : 115 ਅ – 123 ਅ
ਆਕਾਰ : 16X19 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ॥ ਅਥ ਗੀਤਾ ਸਾਰ ਲਿਖਯਤੇ॥ ॥ਅਰਜਨੋ ਵਾਚ॥ ਅਰਜਨ ਸ੍ਰੀ ਕ੍ਰਿਸਨ ਭਗਵਾਂਨ ਜੀ ਪਹਿ ਪ੍ਰਸਨ ਕਰੇ ਹੈ॥ ਕਿਹੇ ਪ੍ਰਭ ਜੀ ਓਅੰਕਾਰ ਕਾ ਮਹਾਤਮ ਅਰ ਰੂਪ ਅਰੁ ਅਸਥਾਨ ਤਿਸ ਕੇ ਸੁਨਣੇ ਕੀ ਮੇਰੀ ਬਾਛਾ ਹੇ॥ ਤੁਮ ਕ੍ਰਿਪਾ ਕਰਿ ਕੈ ਨਿਰੂਪਣ ਕਰਹੁ॥…
ਅੰਤ : …ਗੰਗਾ ਗੀਤਾ ਗਾਇਤ੍ਰੀ ਗੁਰ ਗੋਬਿੰਦ ਏਹੁ ਪਾਂਚੋ ਰਾਗ ਕਰੈ॥ ਸੋ ਪੁਨਰਪਿ ਜਨਮੁ ਨ ਪਾਵੈ॥ ਜੋ ਕੋਈ ਇਸ ਸਾਰ ਗੀਤਾ ਕਾ ਜਥਾ ਸਕਤਿ ਅਭਿਆਸ ਕਰਿਨ ਜਾਨੈ ਸੋ ਪਾਠ ਮਾਤ੍ਰ ਕਰੇ॥ ਸੋ ਭੀ ਬਿਸਨ ਕੇ ਬਿਦਮਾਨ ਜਾਇ ਪ੍ਰਾਪਤਿ ਹੋਇ ॥ ਇਸ ਤੇ ਬਹੁਤ ਮਹਿਮਾ ਕਿਆ ਕਹੋ॥੧॥ ਇਤ ਸ੍ਰੀ ਗੀਤਾ ਸਾਰ ਸਮਾਪਤੰ॥=॥=॥=॥=॥=॥

ਹੱਥ ਲਿਖਤ ਨੰ : MS 60 ਗ
ਸਿਰਲੇਖ : ਖਿਲ ਪ੍ਰਕਰਣ
ਪੱਤਰੇ : 123 ਅ – 263 ਓ
ਆਕਾਰ : 16X19 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ॥ ਓਅੰ ਨਮੋ ਪਰਮਾਤਮਨੇ॥ ਸ੍ਰੀ ਪੁਰਾਣ ਪੁਰਖੋਤਮਾਯ॥ ਖਿਲ ਪ੍ਰਕਰਣ ਲਿਖਯਤੇ॥ ॥ ਬਾਲਮੀਕੋ ਵਾਚ॥ ਹੇ ਭਾਰਦੁਆਜ ਮਹਾਂ ਰਮਾਇਣ ਲਖ ਸਲੋਕ ਹੈ॥ ਤਿਸ ਵਿਖੈ ਇਹ ਬਾਲ ਕਾਂਡ ਮੋਖ ਉਪਾਇ ਬਤੀਸ ਸਹਸ੍ਰ ਸਲੋਕ ਵੀਸਸ੍ਰ ਜੀ ਉਪਦੇਸ ਕੀਆ ਹੈ॥ ਸੋ ਤੁਝ ਕਉ ਸਰਵ ਕ੍ਰਮ ਕਰਿ ਕੈ ਕਹਾ ਹੈ॥ ਸੋ ਤੁਝ ਕਉ ਸ੍ਰਵਣ ਕਰਾਇਆ ਹੈ॥…
ਅੰਤ : …ਇਤਿ ਸ੍ਰੀ ਖਿਲ ਪ੍ਰਕਰਣੇ ਨਾਂਨਾਂ ਪ੍ਰਸਨੋ ਮੋਖ ਉਪਾਏ ਸਰਵਥਾ ਵਰਨਨੰ ਨਾਮ ਸਰਗਹ॥੧੫॥ ਸੰਪੂਰਣ ਮੋਖ ਉਪਾਇ ਕੇ ਸਰਗ ਵਿਖੇ ਕਥਾ ਕੇ ਸਾਰ ਕਹੇ ਹੈਂ॥ ਤਾਂਤੇ ਇਸ ਕਾ ਨਾਮੁ ਸਾਂਖ ਹੈ॥ ਦੋਹਰਾ॥ ਸਾਹੀ ਕਾਨੀ ਬ੍ਰਹਮ ਹੈ ਕਾਗਦ ਲੇਖਨਹਾਰ॥ਵਕਤਾ ਸ੍ਰੋਤਾ ਆਦਿ ਦੈ ਸਰਵ ਬ੍ਰਹਮ ਨਿਰਧਾਰ॥੧॥ਸੰਪੂਰਣੰ॥=॥=॥=॥=॥=॥=॥=॥

ਹੱਥ ਲਿਖਤ ਨੰ : MS 60 ਘ
ਸਿਰਲੇਖ : ਗੁਰਬਾਣੀ ਗੁਰੂ ਤੇਗ ਬਹਾਦਰ
ਪੱਤਰੇ : 263 ਓ – 280 ਅ
ਆਕਾਰ : 16X19 ਸ. ਮ. ਲਿਖਤ: 11X13 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਇਹ ਕ੍ਰਿਤੀ ਅਧੂਰੀ ਹੈ ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ॥ ਰਾਗ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨੁ ਤਿਆਗਉ॥ ਕਾਮ ਕ੍ਰੋਧੁ ਸੰਗਤ ਦੁਰਜਨ ਕੀ ਤਾਂ ਤੇ ਅਹਿ ਨਿਸਿ ਭਾਗਉ॥੧॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗ ਤਤੁ ਪਛਾਨਾ॥੧॥...

ਅੰਤ : ...੧ੴ ਸਤਿਗੁਰ ਪ੍ਰਸਾਦਿ॥ ॥ਰਾਗੁ ਬਸੰਤੁ ਹਿੰਡੋਲ ਮਹਲਾ ੯ ॥ ਸਾਧੋ ਇਹ ਤਨੁ ਮਿਥਿਆ ਜਾਨਉ॥ ਯਾ ਭੀਤਰ ਜੋ ਰਾਮੁ ਬਸਤੁ ਸਾਚੋ ਤਾਹਿ ਪਛਾਨੋ॥੧॥ਰਹਾਉ॥ ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐ ਡਾਨੋ॥ ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾਂ ਲਪਟਾਨੋ॥੧॥ ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰ ਆਨੋ॥ ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥੨॥੧॥ ਬਸੰਤ ਹਿੰਡੋ [ਹਿੰਡੋਲ] ਮਹਲਾ ੧॥.....

ਹੱਥ ਲਿਖਤ ਨੰ : MS 61 ਸੰਗ੍ਰਹਿ

ਸਿਰਲੇਖ : ਧਿਆਉ ਬਿਹੰਗਮ ਨਿਰੰਕਾਰ ਕੀ ਕਥਾ

ਰਚਨਾ ਕਾਲ: ਸੰਮਤ 1726

ਪੱਤਰੇ : 1 ੳ –77 ੳ

ਆਕਾਰ : 13X17 ਸ. ਮ. ਲਿਖਤ: 11X13 ਸ.ਮ.

ਵੇਰਵਾ : ਸਤਰਾਂ ਪ੍ਰਤੀ ਪੰਨਾਂ–10; ਪੋਥੀ ਦੀ ਲੈਮੀਨੇਸ਼ਨ ਕੀਤੀ ਗਈ ਹੈ ਅਤੇ ਜਿਲਦ ਬੰਦੀ ਬਾਅਦ ਵਿਚ ਕੀਤੀ ਗਈ ਹੈ। ਦੁਪਾਸੀਂ ਖੜੇ ਰੁਖ ਦੋ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਅਤੇ ਵਖਰੇਵੇਂ ਲਈ ਮੋਟੀ ਪੀਲੀ ਲਕੀਰ ਦਾ ਹਾਸ਼ੀਆ ਹੈ।

ਆਮ ਵੇਰਵਾ : ਪੋਥੀ ਕਿਤੇ ਕਿਤੇ ਕਿਰਮ ਖੁਰਦਾ ਹੈ। ਅੰਤਲੇ ਪੰਜ ਪੱਤਰੇ ਜਿਆਦਾ ਕਿਰਮ ਖੁਰਦਾ ਹਨ। ਪੋਥੀ ਦੇ ਪਹਿਲੇ ਪੱਤਰੇ ਨੂੰ ਕਈ ਤਰ੍ਹਾਂ ਦੇ ਹਾਸ਼ੀਏ ਨਾਲ ਸਜਾਇਆ ਗਿਆ ਹੈ। ਸ਼ੁਰੂ ਵਿਚ ਦੋ ਹਾਸ਼ੀਏ ਵਾਲੇ ਪੱਤਰੇ ਖਾਲੀ ਹਨ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ॥ ਰਾਗੁ ਰਾਮਕਲੀ ਧਿਆਉ ਬਿਹੰਗਮ ਨਿਰੰਕਾਰ ਕੀ ਕਥਾ॥ ਮਹਲਾ ੧॥ ਤਦ ਤੋ ਬਾਬਾ ਬਿਹੰਗਮ ਪੰਖੀ ਕੈ ਰੂਪ ਥਾ॥ ਏਕ ਨਾਮ ਕਾ ਅਧਾਰੁ ਥਾ॥ ਖਾਤਾ ਕਛੁ ਨਾ ਥਾ॥ ਪੰਚ ਤਤ ਨਿਰਬਾਣ ਥੇ ਉਨਕੀ ਦੇਹੁ ਥੀ ਬਾਬੇ ਕੀ॥ ਕਵਨ ਕਵਨ ਤਤ ਥੇ ॥ ਸੁਰਤਿ ਸਬਦੁ ਗਿਆਨ ਧਿਆਨ ਸੰਤੋਖ ਇਨਾ ਪੰਚਾ ਤਤਾ ਕੀ ਦੇਹ ਥੀ ਬਾਬੇ ਕੀ॥...

ਅੰਤ : ... ਪਉੜੀ ॥ ਸਰਬ ਕੀ ਰੇਣਿ ਇਸ ਮਨ ਕਉ ਜਾਨਹੁ॥ ਅੰਮ੍ਰਿਤ ਨਾਮ ਮਨ ਮਾਹਿ ਪਛਾਨਹੁ॥ ਹਉਮੈ ਦੂਰਿ ਕਰਹੁ ਚਿਤੁ ਲਾਵਹੁ ॥ ਜੋ ਜੋ ਹੁਕਮੁ ਸੋਈ ਕਮਾਵਹੁ॥ ਬਚਨ ਸਪੂਰਨ ਮਨ ਮਹਿ ਧਰਹੁ ॥ ਕਰਮ ਬਿਕਰਮ ਪੇਖਤ ਅਜਰ ਜਰਹੁ ॥ ਹੋਇ ਨਿਰਾਲਮੁ ਸਬਦੁ ਕਮਾਵਹੁ॥ ਜਨ ਨਾਨਕ ਤਤੁ ਬਿਹੰਗਮੁ ਪਾਵਹੁ॥੨੫॥ਗੋਸਟਿ ਸਪੂਰਣ ਹੋਈ ਗੁਰਪ੍ਰਸਾਦਿ॥ ਪੜੈ ਸੁਣੈ ਰਹਤ ਰਹੈ ਸੋ ਮੋਖੁ ਮੁਕਤੰ ਪਾਵੈ॥੧॥ਸਲੋਕੁ॥ ਪੜੈ ਸੁਣੈ ਜੋ ਪ੍ਰੇਮ ਕਰਿ ਰਹਤ ਕਮਾਵੈ ਕੋਇ॥ ਮੁਖੁ ਊਜਲ੍ਹ ਦਰਗਹ ਸੁਖੀ ਪਾਰਿ ਉਤਾਰਾ ਹੋਇ॥ ਬੋਲੋਹੁ ਭਾਈ ਜੀ ਵਾਹਗੁਰੂ ਸਾਖੀ ਸਪੁਰਨ ਹੋਈ॥

ਹੱਥ ਲਿਖਤ ਨੰ : MS 61 ਅ

ਸਿਰਲੇਖ : ਨਸੀਹਤ ਨਾਵਾ

ਪੱਤਰੇ : 77 ੳ – 79 ਅ

ਆਕਾਰ : 13X17 ਸ.ਮ. ਲਿਖਤ: 11X13 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਨਸੀਹਤਨਾਵਾ ॥੧ੴ॥ ਕੀਜੈ ਨੇਕ ਨਾਮੀ ਜੋ ਦੇਵੈ ਖੁਦਾਇ॥ ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਹ॥ ਦਾਇਮ ਨ ਦਉਲਤਿ ਕਸੇ ਬੇਸੁਮਾਰੁ॥ ਨਾ ਰਹੈ ਗੇ ਕਰੋੜੀ ਨ ਰਹੈਗੇ ਹਜਾਰ॥ ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥ ਦੇਵੈ ਦਲਾਵੈ ਰਜਾਵੈ ਖੁਦਾਇ॥ ਹੋਤਾ ਨ ਰਾਖੈ ਅਕੇਲਾ ਨ ਖਾਇ॥ ਤਹ ਤੀਕ ਦਿਲਦਾਂਨੀ ਵਹੁ ਭਿਸਤਿ ਕਉ ਜਾਇ॥੧॥...

ਅੰਤ : ...ਚਾਲੀ ਗੰਜ ਜੋੜੇ ਨ ਰਖਿਆ ਈਮਾਨੁ॥ ਦੇਖੋ ਰੇ ਕਾਰੂ ਜੋ ਹੋਤੇ ਪਿਰੇਸਾਨ॥ਦੁਨੀਆਂ ਦੀਵਾਂਨੀ ਫਾਨੀ ਮੁਕਾਮੁ॥ ਖੁਦ ਚਸਮ ਬੀਨੀ ਆਖਰ ਚਲਣਾ ਜਹਾਨ॥ ਹਰਿ ਵਖਤਿ ਬੰਦੇ ਤੂੰ ਖਿਜਮਤਿ [ਖਿਦਮਤ] ਨ ਵਿਸਾਰਿ॥ ਮਸਤੀ ਗਫਲਤ ਸਿਂਉ ਬਾਜੀ ਨ ਹਾਰਿ॥ ਤੋਬਾ ਨ ਕੀਤੀਆ ਕਰਦਿਆਂ ਗੁਨਾਹ॥ ਬੁਗੋ ਅਰਜ ਨਾਨਕ ਇਸ ਆਲਮ ਸਿਂਉ ਤੇਰੀ ਪਨਾਹ॥੧॥

ਹੱਥ ਲਿਖਤ ਨੰ : MS 61 ਏ

ਸਿਰਲੇਖ : ਪਾਰਸੀ ਮਤ

ਪੱਤਰੇ : 79 ਅ – 84 ਓ

ਆਕਾਰ : 13X17 ਸ.ਮ. ਲਿਖਤ: 11X13 ਸ.ਮ.

ਵੇਰਵਾ : ਓਹੀ

ਆਮ ਵੇਰਵਾ : 84 ਅ ਪੱਤਰਾ ਖਾਲੀ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਂਦਿ॥ ਅਥ ਪਾਰਸੀ ਮਤ ਤ ਮੁਹਰਮੁ ਕੇ ਗੁਰਰੇ ਕਾ ਵਿਚਾਰ॥ ਜਿਸ ਵਾਰ ਹੋਵੈ ਤਿਸੀ ਵਾਰ ਕਾ ਫਲੁ ਉਸ ਵਰਸ ਰੋਜ ਵਿਚਿ ਵੀਰ ਤੇ ਸੋ ਉਸ ਕਾ ਫਲ॥ ਦੋਹਰਾ॥ ਮੋਹਰਮ ਨਾਮ ਜੋ ਮਾਸ ਹੈ ਕਹਿਓ ਪਾਰਸੀ ਮਾਹਿ॥ ਤਾ ਮੈ ਦਹੇ ਸੁ ਹੋਤ ਹੋਹਿ ਦੂਕੈ ਕਛੁ ਨਾਹਿ॥੫॥...

ਅੰਤ : ... ਚੌਪਈ॥੬॥ ਤੂਟੈ ਮਾਰਗ ਜੰਗ ਕਰਾਇ ॥ ਜੰਗ ਬੀਚ ਬਹੁ ਮਾਰੈ ਜਾਇ॥ ਰਜਤ ਹੋਵੈ ਸਭ ਵੈਰਾਨ॥ ਪਾਤਸਾਹ ਮਾਨਸ ਕੋ ਜੋ ਮਾਨ॥ ਸਾਲ ਇਸੀ ਕਾ ਸਂਨਿ ਪਤਿਸਾਹਿ॥ ਇਸ ਮੈ ਝੂਠ ਕਹਿਓ ਕਛੁ ਨਾਹਿ॥ ਸਨਵਾਰਾ ਗੁਰ ਰਾਜੇ ਹੋਇ॥ ਤਿਸੁ ਕੇ ਫਲ ਜਾਨੋ ਇਹ ਹੋਇ॥

ਹੱਥ ਲਿਖਤ ਨੰ : MS 61 ਸ

ਸਿਰਲੇਖ : ਅੰਮ੍ਰਿਤਧਾਰਾ

ਲੇਖਕ : ਭਗਵਾਨ ਦਾਸ ਨਿਰੰਜਨੀ

(ਰਚਨਾ ਕਾਲ) 1795 ਸੰਮਤ

ਪੱਤਰੇ : 1–107

ਆਕਾਰ : 13X17 ਸ.ਮ. ਲਿਖਤ: 11X13 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰਬਰ 107 ਅੱਧ ਵਿਚਕਾਰ ਤੋਂ ਫਟਿਆ ਹੋਇਆ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਂਦਿ॥॥ ਸ੍ਰੀ ਗੁਰ ਸੰਤਏ ਨਮ:॥ ਅਥ ਗ੍ਰਿਥ ਅੰਮ੍ਰਿਤਧਾਰਾ ਲਿਖਜਤੇ॥ਦੋਹਰਾ॥ ਮੰਗਲ ਰੂਪ ਅਨੂਪ ਮੈ ਨਿਜਾਨੰਦੁ ਪਦਿ ਜਾਸੁ॥ ਲਹਜੋ ਮੰਗਲ ਚਰਨ ਯਹ ਸੋਹੰ ਹੰਸੁ ਪ੍ਰਕਾਸੁ॥...

ਅੰਤ : ... ਅਮੁਕ ਸਮੂਚੇ ਮੁਚੈ ਜਾਨਿਯਹ ਸਭ ਗ੍ਰਿੰਥਨ ਕੌ ਨਾਮੁ॥ ਬਾਈਸ ਅੰਕ ਤੇ ਅੰਕੁ ਹੈ ਪਾਰੋ ਸਤ ਪਰਮਾਨ॥੫੪॥ ਇਤਿ ਸ੍ਰੀ ਅੰਮ੍ਰਿਤਧਾਰਾ ਗ੍ਰਿੰਥ ਸਕਲ ਬਿਬੇਕ ਪ੍ਰਕਾਸੁ ਬਿਬੇਕ ਦੀਪੁ ਗਿਆਨੀ ਕੌ ਸਰੂਪ ਬਰਨਨੌ ਨਾਮ ਭਗਵਾਨ ਦਾਸ ਨਿਰੰਜਨੀ ਕਥਤੇ॥ ਚਤ੍ਰ ਦਸੋ ਪ੍ਰਭਾਵ॥੧੪॥ਸੰਬਤ ॥੧੭੯੫॥

ਹੱਥ ਲਿਖਤ ਨੰ : MS 61 ਹ
ਸਿਰਲੇਖ : ਗ੍ਰਹਿ ਦਿਸ਼ਾ
ਰਚਨਾ ਕਾਲ: 1795 ਸੰਮਤ
ਪੱਤਰੇ : 107 ਅ –111 ਓ
ਆਕਾਰ : 13X17 ਸ.ਮ. ਲਿਖਤ: 9X11 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਖਾਨੇ ਬਣਾ ਕੇ ਹਰ ਖਾਨੇ ਵਿਚ ਇਕ ਸਬਦ ਲਿਖਿਆ ਹੋਇਆ ਹੈ। ਪੱਤਰਾ ਨੰਬਰ 111 ਅ ਹੈ ।
ਅਰੰਭ :

ਤਤੁ ਪ	ਅਨੰਦ	ਅਕਾਸ	ਪਵਨ

ਅੰਤ :

ਨੇਤ੍ਰ ਦੇਸ	ਕੰਠ ਦੇਸ	ਹਿਰਦਾ ਦੇਸ

ਹੱਥ ਲਿਖਤ ਨੰ : MS 61 ਕ
ਸਿਰਲੇਖ : ਸ੍ਰੀ ਰਾਮ ਵਿਲਾਸ
ਲੇਖਕ : ਰਾਮ ਕ੍ਰਿਸ਼ਨ ਦਾਸ
ਪੱਤਰੇ : 112 ਓ–116 ਓ
ਆਕਾਰ : 13X17 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ਕੁਸ ਕੌਨ ਂ ਂਸੁਣ ਲੈਦੇ ਕਾਂਨ॥ ਯਥੂਲ ਦੇਹ ਭਵਂ ਭੀਤਰ ਜੋਇ॥ ਅਨਮੈ ਕੋਸ ਪਛਾਨ ਸੋਇ॥ ਪੰਚ ਪ੍ਰਾਣ ਕਰਮੇ ਦ੍ਵੈ ਜੋਈ॥ ਕੋਸ ਪ੍ਰਾਣ ਮੈ ਜਾਨੋ ਸੋਈ॥ ਇਦ੍ਰ ਕਰਮ ਮਿਲੇ ਮਨ ਜਬੈ॥ ਕੋਸ ਮਨੋ ਮੈ ਜਾਨੋ ਤਬੈ॥ …
ਅੰਤ : …ਦੋਹਰਾ॥ ਚਿਦ ਨਿਦ ਅਦ੍ਵੈ ਅਮਲ ਸਰਬ ਬਿਆਪਕ ਰਾਮ॥ ਅੰਤਰ ਬਾਹਿਰ ਏਕ ਰਸ ਰਾਂਮ ਕ੍ਰਿਸਨ ਨਿਜ ਧਾਮ ॥੧●॥ ਇਤਿ ਸ੍ਰੀ ਰਾਮ ਬਿਲਾਸ ਸੰਪੂਰਣੰ ਸੁਭ ਮਸਤ॥

ਹੱਥ ਲਿਖਤ ਨੰ : MS 61 ਖ
ਸਿਰਲੇਖ : ਅਧਯਾਤਮ ਰਮਾਯਣੇ
ਲੇਖਕ : ਗੁਲਾਬ ਸਿੰਘ
ਪੱਤਰੇ : 117 ਓ–153 ਓ
ਆਕਾਰ : 13 X 17 ਸ. ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ ਨੰਬਰ 153 ਦਾ ਉਪਰਲਾ ਖੱਬਾ ਕੋਨਾ ਖਾਧਾ ਹੋਇਆ ਹੈ ਇਸ ਕਰਕੇ ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ।
ਅਰੰਭ : ਤ੍ਰਿਭੰਗੀ ਛੰਦ॥ ਭਜ ਰੇ ਮਨ ਮੂੜੰ ਗਰੜ ਅਰੂੜੰ ਸੁਤਿ ਨਿਜ ਗੂੜੰ ਨਾਮਵਰੰ॥ ਜਿਨ ਬੇਦ ਉਚਾਰੇ ਰਤਨ ਨਿਕਾਰੇ ਮੱਂਛ ਕੱਂਛ ਔਤਾਰ ਧਰੰ॥ ਬਪੁ ਸੂਤਰ ਧਾਰੇ ਮਹੀ ਨਿਕਾਰੇ ਹ੍ਰਿਨ ਸੰਘਾਰੇ ਕਾਜ ਕਰੰ॥ ਨਰ ਸਿੰਘ ਉਤਾਰੇ ਇਤ ਸੁਤ ਮਾਰੇ ਭਗਤਿ ਉਬਾਰੇ ਦੇਵ ਨਰੰ॥੧॥…
ਅੰਤ : …ਗਜਾਂਨ ਅਖਿਲ ਸੁਤਿ ਸਾਰ ਭ੍ਰਾਤ ਮੈ ਤੋਹ ਸੁਗਾਏ॥ ਬੇਦਾਂਤ ਵੇਦਜ ਸੁਭ ਚਰਣ ਸੁ ਮੇਰੇ ਬੇਦ ਬਤਾਏ॥ ਜੋ ਸਰਧਾ ਕਰਿ ਪਢੇ ਕਰੇ ਅਰੁ ਭਗਤਿ ਨਿਰੰਤਰ॥ ਸੋ ਮਮ ਰੂਪ ਸਮਾਇ ਰਹੇ ਨਹਿ ਰੰਚ

ਸੁ ਅੰਤਰਿ ॥ ਸੁਨਿ ਜੋ ਮਮ ਵਚਨਨ ਮਾਹਿ ਪੁਨ ਭਗਤਿ ਹੋਇ ਜਗ ਤਾਹਿਉਰ॥ ਗੁਲਾਬ ਸਿੰਘ ਨਿਜ ਭ੍ਰਾਤ ਕੋ ਰਾਮ ਬਖਾਨਜੋ ਔਧਪੁਰਿ॥੧੩੩॥ ਇਤ ਸ੍ਰੀ ਮਦ ਅਧਯਾਤਮ ਰਮਾਇਣੇ ਉਮਾ ਮਹੇਸ੍ਵਰ ਸੰਬਾਦੇ ਉਤਰ ਕਾਂਡੇ ਰਾਮ ਗੀਤਾ ਨਾਮ ਪੰਚਮੋ ਧਯਾਇ॥ਸਮਾਪਤੰ॥੧॥੨। ਸ੍ਰੀ ਵਾਹਿਗੁਰੂ ਜੀ ਸਹਾਏ ਰਾਮ ਜੀ॥

ਹੱਥ ਲਿਖਤ ਨੰ : MS 61 ਗ
ਸਿਰਲੇਖ : ਬਾਣੀ ਗੁਰੂ ਤੇਗ ਬਹਾਦਰ-ਗੁਰੂ ਨਾਨਕ ਜੀ ਕੀ
ਪੱਤਰੇ : 153 ਅ – 204 ੳ
ਆਕਾਰ : 13X17 ਸ. ਮ. ਲਿਖਤ: 11X13 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਰਾਗ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨ ਤਿਆਗਉ। ਕਾਮੁ ਕ੍ਰੋਧ ਸੰਗਤਿ ਦੁਰਜਨ ਕੀ ਤਾਂਤੇ ਅਹਿ ਨਿਸ ਭਾਗਉ॥੧॥ ਰਹਾਉ॥ ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰ ਮਾਂਨ ਅਪਮਾਨਾ॥ ਹਰਖ ਸੋਗ ਤੇ ਰਹੇ ਅਤੀਤਾ ਤਿਨ ਜਗੁ ਤਤੁ ਪਛਾਂਨਾ ॥…
ਅੰਤ : …ਰਹਾਉ ॥ ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੇਗਾ ਆਪਨ ਹੀ ਕਟਿ ਜਾਈ॥੨॥ ਸੁੰਨਤਿ ਕੀਏ ਤੁਰਕੁ ਜੇ ਹਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾਂ ਤੇ ਹਿੰਦੂ ਹੀ ਰਹੀਐ॥੩॥ ਛਾਡਿ ਕਤੇਬ ਰਾਮ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥ ਕਬੀਰੇ ਪਕਰੀ ਟੇਕ ਰਾਮ ਕੀ ਤੁਰਕਿ ਰਹੇ ਪਚਿਹਾਰੀ॥੪॥ ਸ੍ਰੀ ਵਾਹਿਗੁਰੂ ਜੀ ਸਹਾਇ॥

ਹੱਥ ਲਿਖਤ ਨੰ : MS 61 ਘ
ਸਿਰਲੇਖ : ਆਰਬਲਾ (ਜੁਗਾਂ ਬਾਰੇ)
ਪੱਤਰੇ : 204 ਅ – 205 ਅ
ਆਕਾਰ : 13X17 ਸ.ਮ. ਲਿਖਤ: 11X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰੇ ਕਈ ਜਗ੍ਹ ਤੋਂ ਖਾਧੇ ਹੋਏ ਹਨ। ਇਸ ਲਈ ਪੂਰੀ ਲਿਖਤ ਪੜ੍ਹਨ ਯੋਗ ਨਹੀਂ ਹੈ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ੧॥ ਆਰਬਲਾ ਸਤਿਜੁਗ ਕੀ ॥ ਸੋਲਾ ਲਖ ਇਕ ਸੋਉ ਅਠਾਈ ਹਜਾਰ ਬਰਸ॥੧॥…
ਅੰਤ : …ਰੁਦ੍ਰ ਇਕਾਦਸ ਜਾਹਿ ਸਕਤ ਸਿੰਗਾਰ ਕਰੇ ਹੈ॥ ਕਲਪ ਏਕ ਹੈ ਬੀਤਆ ਯੂ ਸਭ ਹੀ ਹੋਏ ਖੈ ਹੈ॥ ਬੇਦ ਕਹਤ ਇਹੁ ਰੀਤ ਬ੍ਰਹਮਾ ਮਨਿਛਤ ਏਕ ਹੈ॥ ਤਾ ਬਿੰਨਸ ਕੁਲ ਸੰਸਾਰ ਅਨੇਕ ਵਵੇਕ ਹੈ॥ ਹਰੇ ਰਾਮ॥

ਹੱਥ ਲਿਖਤ ਨੰ : MS 62 ਸੰਗ੍ਰਹਿ
ਸਿਰਲੇਖ : ਬਿਸਨ ਪੁਰਾਣ ਭਾਖਾ
ਸਮਾਂ : ਸੰਮਤ 1887
ਪੱਤਰੇ : 1 ੳ – 460 ਅ
ਆਕਾਰ : 13X18 ਸ.ਮ. ਲਿਖਤ: 9X13 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਦੁਪਾਸੀਂ ਖੜੇ ਰੁਖ ਦੋ ਦੋ ਕਾਲੀਆਂ ਲਕੀਰਾਂ, ਵਿਚ ਦੋ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹਾਸ਼ੀਏ ਵਿਚ ਕਿਤੇ-ਕਿਤੇ ਲਿਖਤ; ਸਤਰਾਂ ਪ੍ਰਤੀ ਪੰਨਾਂ-9

ਆਮ ਵੇਰਵਾ : ਸਮੇਂ ਬਾਰੇ ਬਾਅਦ ਵਿਚ ਹੋਰ ਕਾਨੀ ਨਾਲ ਲਿਖਿਆ ਜਾਪਦਾ ਹੈ। ਸ਼ੁਰੂ ਵਿਚ ਬਿਨਾਂ ਹਾਸ਼ੀਏ ਦੇ ਚਾਰ ਪੱਤਰੇ ਅਤੇ ਅੰਤ ਵਿਚ ਹਾਸ਼ੀਏ ਵਾਲੇ ਚਾਰ ਪੱਤਰੇ ਖਾਲੀ ਹਨ।

ਅਰੰਭ : ੧ੴ। ਸ੍ਰੀ ਗਣੇਸਾਇ ਨਮਹ॥ ਸਤਿ ਚਿਤ ਆਨੰਦ ਪਰਮਾਤਮਾਇ ਨਮਹ॥ ਅਥ ਬਿਸਨ ਪੁਰਾਨ ਭਾਖਾ ਲਿਖਤੇ॥ ਪਰਾਸਰੋ ਵਾਚ॥ ਪਰਾਸਰ ਮੈਤੈ [ਮੈਤ੍ਰੇ] ਕਉ ਕਹੇ ਹੈ॥ਕਿ ਤੇ ਮੈਤ੍ਰੇ ਯਹਿ ਜੋ ਤੁਝੇ ਉਪਦੇਸ ਕਰੋ ਹੈ। ਸੋ ਅੰਮ੍ਰਿਤ ਸਮਾਨ ਹੈ ਸੋ ਮਨ ਕੇ ਪਾਤ੍ਰ ਸੌ ਪੀਉ॥ ਅਰ ਜੋ ਨਾਰਾਇਣ ਤੇ ਭਿੰਨ ਹੈ ਤਿਸ ਕਾ ਤਿਆਗ ਕਰ॥...

ਅੰਤ : ... ਤੂੰ ਭੀ ਨਿਸਚੈ ਕਰ ਕੇ ਜਾਨੇ ਜੁ ਮੈ ਆਤਮਾ ਹੋਂ॥ ਅਰ ਬ੍ਰਹਮਾ ਤੇ ਲੇਕਰਿ ਚੀਟੀ ਪ੍ਰਜੰਤ ਸ੍ਰਬ ਵਿਖੇ ਪੂਰਨ ਅਰ ਪ੍ਰਕਾਸ ਕਹੋਂ ॥ ਆਤਮ ਦਰਸੀ ਜਬ ਯਹਿ ਸਰਬ ਬਚਨ ਬੁਧ ਕੇ ਸ੍ਰਵਣ ਕਰ ਸੁਣੇ ਅਰ ਆਪ ਕੋ ਦੇਖਾ ਅਰ ਪਛਾਣਾ ਆਤਮ ਵਿਖੇ ਲੀਨ ਭਯਾ॥ ਅਰ ਸਰੂਪ ਸੋਂ ਮਿਲਾ ਅਰ ਬੰਧ ਮੁਕਤਿ ਕੇ ਭੈ ਤੇ ਨਿਰਭੈ ਭਯਾ॥ ਇਤਿ ਸ੍ਰੀ ਪੋਥੀ ਬਿਸਨ ਬੇਦਾਂਤ ਸੰਪੂਰਨੰ ਸਮਾਪਤੰ॥੧॥

ਹੱਥ ਲਿਖਤ ਨੰ : MS 62 ਅ

ਸਿਰਲੇਖ : ਮਹਾਭਾਰਤ (19 ਵਾਂ ਅਧਿਆਇ)

ਲਿਖਾਰੀ : ਲਾਲਾ ਦਾਸ ?

ਸਮਾਂ : ਸੰਮਤ 1887

ਪੱਤਰੇ : 461 ੳ – 465 ਅ

ਆਕਾਰ : 13X18 ਸ. ਮ. ਲਿਖਤ: 9X13 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ; ਵਿਚ ਦੋ ਕਾਲੀਆਂ ਲਕੀਰਾਂ ਹਾਸ਼ੀਏ ਵਿਚ ਕਿਤੇ-ਕਿਤੇ ਲਿਖਤ; ਸਤਰਾਂ ਪ੍ਰਤੀ ਪੰਨਾਂ-9; ਪੱਤਰਾ ਨੰਬਰ 466 ਵੀ ਬਾਅਦ ਵਿਚ ਲਿਖਿਆ ਜਾਪਦਾ ਹੈ ਅਤੇ ਹੋਰ ਕਾਨੀ ਨਾਲ ਇਸ ਪੱਤਰੇ ਤੇ ਸਮੇਂ ਬਾਰੇ ਲਿਖਿਆ ਹੈ। "ਸੰਮਤ ॥1887॥ ਅਸੂ ਸੁਦੀ ਦੁਆਦਸੀ॥ ਪੋਥੀ ਸੰਪੂਰਣੰ।

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਯੁਧਿਸ੍ਰੀਰਉ ਬਾਚ॥ ਜੋਗੇਸ੍ਵਰ ਜਾਂਨੈ ਸਬ ਭੇਵ॥ ਮੁਨਨਿ ਮਧਸ ਸ੍ਰੇਸ੍ਰ ਸੁਕਦੇਵ॥ ਬ੍ਰਹਮ ਭਾਵ ਮਾਯਾ ਕੋ ਤਜਾਗ॥ ਰਜੁੰ ਸੁਖ ਕੈ ਉਪਜਯੋ ਬੇਰਾਗ॥੧॥...

ਅੰਤ : ...ਬੈਸੰਪਾਯਨੋ ਬਾਚ॥ ॥ ਸੁਕ ਸੰਬਾਦ ਬਰਨੀਯੋ ਜਹਾਂ॥ ਨੋਦਸ ਕਥਾ ਜਾਨਿਯੋ ਤਹਾਂ॥ ਸੁਨਯੋ ਪੁਰਾਂਨ ਜਿਸੀ ਮਨ ਰਹੀ ॥ਲਾਲਾ ਦਾਸ ਕਥਾ ਸੋ ਕਹੀ॥੨੭॥ ਇਤਿ ਸ੍ਰੀ ਮਹਾਭਾਰਥੇ ਇਤਹਾਸ ਸਾਰ ਸਮੁਚਏ ਉਨੀਸਮੋ ਧਯਾਇ॥

ਹੱਥ ਲਿਖਤ ਨੰ : MS 63

ਸਿਰਲੇਖ : ਤਤ੍ਵਾਨੁਸੰਧਾਨ

ਲੇਖਕ : ਮਹਾਦੇਵਾ ਨੰਦ

ਲਿਖਾਰੀ : ਸੁੱਖਾ ਸਿੰਘ

ਪੱਤਰੇ : 1-88 ੳ + 1-92 + 1-4 +1-52 = 188

ਆਕਾਰ : 17X25 ਸ.ਮ. ਲਿਖਤ: 11X17 ਸ.ਮ.

ਵੇਰਵਾ : ਜਿਲਦ ਗੱਤਾ, ਪੋਥੀ ਉਖੜੀ ਹੋਈ ਹੈ। ਸਤਰਾਂ ਪ੍ਰਤੀ ਪੰਨਾਂ-11 ਬਿਨਾ ਹਾਸ਼ੀਏ ਦੇ । ਲਿਖਤ ਸੁੰਦਰ ਹੈ।

ਆਮ ਵੇਰਵਾ : ਖੁਲੇ ਪੱਤਰੇ ਹਨ। ਪੋਥੀ ਖੜੇ ਰੁਖ ਖੁਲਦੀ ਹੈ। ਅਲਗ ਅਧਿਆਇਆਂ ਨੂੰ ਅਲਗ ਪੱਤਰਾ ਨੰਬਰ ਦਿਤਾ ਹੈ। ਸ਼ੁਰੂ ਵਿਚ ਅਤੇ ਅੰਤ ਵਿਚ ਇਕ-ਇਕ ਪੱਤਰਾ ਖਾਲੀ ਹੈ। ਅਤੇ ਉਨ੍ਹਾਂ ਤੇ ਹੋਰ ਕਾਨੀ ਨਾਲ ਕੁਝ ਕੁਝ ਲਿਖਿਆ ਹੋਇਆ ਹੈ।ਅਖੀਰਲੇ ਖਾਲੀ ਪੱਤਰੇ ਤੇ ਲਿਖਾਰੀ ਬਾਰੇ ਲਿਖਿਆ ਹੈ। ‘‘ਲਿਖਤੁਮ ਭਾਈ ਸੁੱਖਾ ਸਿੰਘ, ਸ੍ਰੀ ਸਰਬ ਉਪਮਾ ਜੋਗੁ, ਭਾਈ ਸਾਹਿਬ ਤਾਰਾ ਿੰਘ ਜੀ ਹੋਰਾਂ ਜੋਗੁ ਮਥਾ ਟੇਕਿਆ ਵਾਚਣਾ , ਹੋਰ ਮਹਾਰਾਜ ਜੀ ਮੋਲਾਂ ਤਾਵਾ ਉਪਰ ਮੁਸ਼ਤ ਕਮਾਇਆ ਪੜ੍ਹੇ ਬਾਰਾ ਤਾ ਦੇ ਅਤੇ ਸਾਢੇ ਤਿਨ ਰੁਪਜੇ ਲਿਖਾਈ ਹਰ ਅਧਿਆਏ ਇਕ ਪੰਨਾ ਖਾਲੀ ਛਡ ਕੇ ਸ਼ੁਰੂ ਕੀਤਾ ਗਿਆ ਹੇ। ਹਰ ਅਧਿਆਏ ਦੇ ਆਖਰੀ ਪੱਤਰੇ ਨੂੰ ਨੰਬਰ ਨਹੀਂ ਲਗਾਇਆ ਗਿਆ।

ਅਰੰਭ : ੧ੴਸਤਿ ਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮ: ॥ ਅਥ ਭਾਸਾ ਕਰਤਾ ਆਪਨੇ ਇਸ੍ਟ ਦੇਵਤਾ ਅਰੁ ਗੁਰੋਂ ਕੋ ਨਮਸਕਾਰ ਕਰਤ ਹੈ॥ ਸੰਸਕ੍ਰਿਤ ਸੋਲੋਕੋਂ ਕਰ॥ ਸਲੋਕ॥ ਨਾਨਾ ਭੂਤੰ ਵਿਸ੍ਵੰਹਜੇ ਤਤ ਯਸਮਾਤ ਰਿੰਚਦ ਭਿੰਨੰ ਨਾਸਤਿ॥ ਤੰ ਸ੍ਰੀ ਕ੍ਰਿਸਨੰ ਵੰਦੇ ਨਿਤਯੰ ਹਾਦਾਵੰ ਤੇ ਮਦੇਸਤਯੰ॥੧॥…

ਅੰਤ : …ਇਤਿ ਸ੍ਰੀ ਮਤ ਪਰਮਹੰਸ ਪਰਬ੍ਰਾਜਕਾਚਾਰਯ ਸ੍ਰੀ ਮਤਿ ਸ੍ਵੰਪ੍ਰਕਾਸ ਨਿਦ ਸਰਸ੍ਵਤੀ ਪੂਜਯ ਪਾਦਿ ਸਿਖਯ ਭਗਵਨ ਮਹਾਦੇਵ ਨਿਦ ਸਰਸ੍ਵਤੀ ਮੁਨਵਰ ਵਿਰਚਤੇ ਤਤ੍ਵਾਨੁ ਸੰਧਾਨੇ ਚਤੁਰਥ ਪ੍ਰਛੇਦਹ ਕਿੰਚਿਤ ਟੀਕਾ ਮਿਸ੍ਰਿਤਹ ਸਮਾਪਤਹ॥ਪ॥

ਹੱਥ ਲਿਖਤ ਨੰ : MS 64

ਸਿਰਲੇਖ : ਗੁਰਮਤਿ ਰਮਾਇਣ

ਪੱਤਰੇ : 1-113

ਆਕਾਰ : 23X33 ਸ.ਮ. ਲਿਖਤ: 16X25 ਸ.ਮ.

ਵੇਰਵਾ : ਜਿਲਦ ਚਮੜਾ ਉਖੜੀ ਹੋਈ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਸਤਰਾਂ ਪ੍ਰਤੀ ਪੰਨਾਂ-16

ਆਮ ਵੇਰਵਾ : ਕਿਤੇ-ਕਿਤੇ ਕਿਰਮ ਖੁਰਦਾ ਹੈ; ਪੋਥੀ ਅਧੂਰੀ ਹੈ।

ਅਰੰਭ : ੧ੴਸਤਿ ਗੁਰ ਪ੍ਰਸਾਦਿ॥ ਅਥ ਸ੍ਰੀ ਗੁਰਮਤਿ ਰਾਮਾਇਣ ਰਘਬੀਰ ਪ੍ਰਕਾਸ ਲਿਖਜਤੇ॥ਦੋਹਰਾ॥ ਸ੍ਰੀ ਗੁਰ ਨਾਨਕ ਦਸਮ ਕੋ ਪ੍ਰਥਮ ਸੇਵ ਮਨ ਲਾਇ॥ ਗਣਪਤਿ ਮਾਤ ਸਰਸ੍ਵਤੀ ਬਾਰ ਬਾਰ ਪੁਨ ਧਿਯਾਏ॥…

ਅੰਤ :…ਰਾਂਮ ਬਿਨਾਂ ਕਛ ਮੋਹਿ ਨਾਂ ਭਾਨੋ॥ ਜੋ ਹੈ ਚੀਜ ਬਿਨਾਂ ਹਰ ਨਾਂਮੋ॥ ਵੋਹ ਹਮਰੇ ਨਹੀ ਹੈ ਕਿਸੇ ਕਾਮ॥ ਸਭ ਹਨ ਸੁਨ ਫਿਰ ਉਚੀ ਟੇਰਾ॥ ਸੁਨ ਹਨਵੰਤ ਸ੍ਰੀ ਰਜੋ ਤੇਰਾ॥ ਰਕਤ ਪਾਕ ਅਰ ਅਸਤੀ ਚਾਮ॥ ਇਸ ਮੇ ਕਾਹਾਂ ਅਹੇ ਹਰ ਨਾਂਮ ॥ ਸੁਨਵੰਤ ਬੀਰ ਬਲ ਧਾਰ॥ ਦਈ ਆਪਨੀ ਖਲ ਉਤਾਰ॥ ਕਿਆ ਦੇਖਤ ਬੈਠੇ ਸਭ ਲਾਹਮਾ॥ ਇਕ ਇਕ ਰੋਮ ਰੋਮ ਕਹੇ ਰਾਂਮਾ॥ ਇਸ ਹਿਤ ਸ੍ਰੀ ਗੁਰ ਅਰਜਨ ਜੋਇ॥ ਓਅੰਕਾਰ ਮੇ ਲਿਖੇ …..

ਹੱਥ ਲਿਖਤ ਨੰ : MS 65

ਸਿਰਲੇਖ : ਨਵੀਨ ਤੱਤ ਖਾਲਸਾ ਗੁਰਮਤ ਕਸੌਟੀ

ਲੇਖਕ : ਚੰਦਾ ਸਿੰਘ

ਸਮਾਂ : ਸੰਮਤ 1964

ਸਥਾਨ : ਅੰਮ੍ਰਿਤਸਰ

ਪੱਤਰੇ : 1-144

ਆਕਾਰ : 34X21 ਸ.ਮ. ਲਿਖਤ: 27X16 ਸ.ਮ.

ਵੇਰਵਾ : ਜਿਲਦ ਗੱਤਾ; ਉਖੜੀ ਹੋਈ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਸਤਰਾਂ ਪ੍ਰਤੀ ਪੰਨਾਂ-25, ਬਿਨਾ ਹਾਸੀਏ ਦੇ ਹੈ।

ਆਮ ਵੇਰਵਾ : 8 ਨੰਬਰ ਪੱਤਰੇ ਤੇ ਸਿਰਲੇਖ ਬਾਰੇ ਲਿਖਿਆ ਹੈ; ਅਤੇ ਲੇਖਕ ਅਤੇ ਸਮੇਂ ਬਾਰੇ ਪੱਤਰਾ ਨੰਬਰ 9 ਦੇ ਅੰਤ ਤੇ ਲਿਖਿਆ ਹੈ। ਇਸ ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਭੂਮਕਾ ॥ ਅਜੇ ਕਲ ਹੀ ਇਸ ਸਮੇ ਨੇਂ ਰੰਗਨ ਹੀ ਬਦਲਾ ਏਹ ਹਾਲੁ ਮੁਢੋਂ ਹੀ ਹੁੰਦਾ ਆਇਆ ਹੈ ਸਿਰਫ ਫਰਕ ਇਤਨਾਂ ਰਿਹਾ ਕੇ ਕੋਈ ਨੇਕੀ ਕੀ ਤਰਫ ਮਾਇਲ ਰਹਾ ਔਰੁ ਕੋਈ ਬਦੀ ਕੀ ਤਰਫ ॥ ਕਿਸੀ ਨੇਂ ਸਖਤੀ ਸੇਂ ॥ ਕਾਂਮ ਲੀਆਂ ਔਰ ਕਿਸੀ ਨੇ ਨਰਮੀ ਸੇਂ ਔਰੁ ਕਿਸੀ ਨੇਂ ਬੁਰਾ ਕਹਿ ਕੈ ਔਰ ਕਿਸੀ ਨੇ ਭਲਾ ਕਹਿ ਕੈ॥ ਸੰਸਾਰ ਮੈ ਐਸਾ ਹੀ ਹੋਤਾ ਚਲਾ ਆਇਆ ਹੈ॥...

ਅੰਤ :...ਅੰਨ ਖਾਣਾਂ ਤੇ ਖੁਲਾਉਣਾਂ ਤੇ ਫੇਰ ਅਸੀ ਫਰਕ ਕੀ ਸਮਝੀਏ॥ ਬੱਸ ਸਿੰਘ ਹਿੰਦੂ ਹੈਨ॥੨੫॥ ਜਿਸਤ੍ਰਾਂ ਦੇ ਹਿੰਦੂ ਬੁਤ ਪ੍ਰਸਤ ਹੈਨ ਉਸੀ ਤ੍ਰਾਂ ਦੇ ਸਿੱਖ ਤੱਤ ਖਾਲਸਾ ਭੀ ਬੁਤ ਪ੍ਰਸਤ ਹੈ ॥ ਬੱਸ ਸਿੰਘ ਹਿੰਦੂ ਹੈਨ॥ ਐਸੇ ਹੀ ਅਨੇਕ ਤਰਾ ਦੇ ਹਾਲ ਹੈਨ ਇਤਨੇ ਹੀ ਕਾਫੀ ਹੈ ਅਕਲਮੰਦ ਕੋ ਅਸਾਰਾ ਹੀ ਕਾਫੀ ਹੁੰਦਾ ਹੈ ॥

ਹੱਥ ਲਿਖਤ ਨੰ : MS 66 ਸੰਗ੍ਰਹਿ

ਸਿਰਲੇਖ : ਗਿਆਨ ਸਰੋਦੇ

ਲੇਖਕ : ਨਾਨਕ ਦਾਸ

ਪੱਤਰੇ : 2-120 ੳ

ਆਕਾਰ : 8X12 ਸ.ਮ. ਲਿਖਤ: 4X8 ਸ.ਮ.

ਵੇਰਵਾ : ਜਿਲਦ ਗੱਤਾ, ਉਖੜੀ ਹੋਈ ਹੈ। ਦੁਪਾਸੀਂ ਖੜੇ ਰੁਖ ਦੋ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆਂ ਹੈ । ਸਤਰਾਂ ਪ੍ਰਤੀ ਪੰਨਾਂ-4

ਆਮ ਵੇਰਵਾ : ਪੋਥੀ ਕਿਤੇ-ਕਿਤੇ ਕਿਰਮ ਖੁਰਦਾ ਹੈ। ਲੇਖਕ ਦਾ ਨਾਮ ਪੱਤਰਾ ਨੰਬਰ 119 ਤੇ ਦਿੱਤਾ ਹੋਇਆ ਹੈ। ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ। ਪੋਥੀ ਦੀ ਸ਼ੁਰੂਆਤ ਪੱਤਰਾ ਨੰਬਰ 2 ਤੋਂ ਹੁੰਦੀ ਹੈ।

ਅਰੰਭ : ੧ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਰਾਗੁ ਰਾਮਕਲੀ ਮਹਲਾ ॥੧॥ ਗਿਆਨ ਸਰੋਦਾ॥ ਪੁਰਖੋਤਮ ਪਰਮਾਤਮਾ ਪੂਰਨ ਬਿਸਵੇ ਬੀਸ॥ ਆਦਿ ਪੁਰਖੁ ਅਬਿਚਲਤੁ ਹੀ ਤੋਹਿ ਨਿਵਾਵਉ ਸੀਸ॥੧॥...

ਅੰਤ :...ਜੋਗ ਜੁਗਤਿ ਹਰਿ ਭਗਤਿ ਕਰਿ ਬ੍ਰਹਮ ਗਿਆਨ ਦ੍ਰਿੜ ਕਰ ਗਹੋ॥ ਆਤਮ ਤਤੁ ਬਿਚਾਰ ਕੈ ਅਜਪਾ ਮੈ ਮਨ ਸਮ ਰਹੋ॥੨੩੯॥ ਇਤ ਸ੍ਰੀ ਗਿਆਨ ਸਰੋਦੈ ਮਾਲ ਮੰਤ੍ਰੈ ਨਾਨਕ ਦਾਸ ਕ੍ਰਿਤ ਗ੍ਰੰਥ ਸੰਪੂਰਣ ਸਮਾਪਤੰ॥ ਪੜੰਤੇ ਸੁਣੰਤੇ ਬਿਚਾਰਤੇ ਮੋਖ ਮੁਕਤਿ ਲਹੰਤੇ ਸ੍ਰੀ ਗੁਰੂ ਜੀ ਕੇ ਚਰਨ ਪਾਦਕਾ ਨਮਸਤੇ ਨਮਸਤੇ॥=॥=॥ ॥=॥

ਹੱਥ ਲਿਖਤ ਨੰ : MS 66 ਅ

ਸਿਰਲੇਖ : ਬਚਨ ਗੁਰੂ ਅਮਰਦਾਸ ਜੀ ਕਾ

ਲੇਖਕ : ਨਾਨਕ ਦਾਸ

ਪੱਤਰੇ : 120 ੳ -121 ਅ

ਆਕਾਰ : 8 X 12 ਸ. ਮ. ਲਿਖਤ : 4X 8 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਬਚਨ ਹੈ ਗੁਰੂ ਅਮਰ ਦਾਸ ਜੀ ਕਾ ॥ ਐਤਵਾਰ ਪਾਨ ਖਾਇ ਜਾਵਣਾ॥ ਸੋਮਵਾਰ ਦ੍ਰਪਨ ਦੇਖ ਕੇ ਜਾਣਾ॥...

ਅੰਤ :...ਸੁਕ੍ਰਵਾਰ ਰਾਈ ਖਾਇ ਜਾਵਣੀ॥ ਛਨਿਛ੍ਰਵਾਰ ਸੇਧਾ ਲੂਣ ਖਾਇ ਜਾਵਣਾ॥ ਜਿਤ ਵਲਿ ਜਾਇ ਤਿਤ ਵਲਿ ਸਿਧਿ ਹੋਇ॥=॥=॥=॥=॥

ਹੱਥ ਲਿਖਤ ਨੰ : MS 66 ਏ

ਸਿਰਲੇਖ : ਚੌ ਘੜੀਆਂ

ਲੇਖਕ : ਨਾਨਕ ਦਾਸ

ਪੱਤਰੇ : 122 ਓ -127 ਅ

ਆਕਾਰ : 8X12 ਸ. ਮ. ਲਿਖਤ: 4X8 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਅੰਤ ਵਿਚ ਦੋ ਹੋਰ ਪੱਤਰਿਆਂ ਤੇ ਲਿਖਤ ਹੈ ਪਰ ਪੱਤਰਾ ਨੰਬਰ ਨਹੀਂ ਪਾਇਆ ਹੋਇਆ। ਪੱਤਰਾ ਨੰਬਰ 127, ਤੇ ਅਤੇ ਉਸ ਤੋਂ ਅਗੇ ਇਕ ਪੰਨੇ ਤੇ ਜਾਮਨੀ ਸਿਆਹੀ ਨਾਲ ਅਤੇ ਉਸ ਤੋਂ ਅਗਲੇ ਦੋ ਪੰਨਿਆਂ ਤੇ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ। ਇਨ੍ਹਾਂ ਪੰਨਿਆਂ ਤੇ ਕਾਨੀ ਵੀ ਬਦਲੀ ਹੋਈ ਹੈ। ਆਖਰੀ ਪੱਤਰੇ ਤੇ ਹਾਸ਼ੀਆਂ ਨਹੀਂ ਹੈ।

ਅਰੰਭ :ੴ ਸਤਿਗੁਰ ਪ੍ਰਸਾਦਿ ॥ ॥ ਚੌ ਘੜੀਆ ਲਿਖਤੇ ॥ ਐਤਵਾਰ ਕਾ ਵੀਚਾਰ ॥ ੪ ॥ ਉਦੇਰ ॥ ੪ ॥ ਚਾਲ ॥ ੪ ॥ ਲਾਭ ॥ ੪ ॥...

ਅੰਤ : ...ਅੰਮ੍ਰਤ ਘੜੀ ਅੰਮ੍ਰਤ ਪੀਵੇ॥ ਸੁਭ ਘੜੀ ਕਾਰਜ ਸਿਧ॥ ਲਾਭ ਘੜੀ ਲਭੰਤੇ ਰਾਜੁ ॥ ਰੋਗ ਘੜੀ ਬਿਨਾਸੇ ਕਾਲ॥ ਉਦੇਗ ਘੜੀ ਮਹਾ ਭਉ ਉਪਜੈ॥ ਕਾਲ ਘੜੀ ਤੇ ਚਾਲ ਘੜੀ ਦੋਨੋ ਹੈ ਅਸੁਭ॥

ਹੱਥ ਲਿਖਤ ਨੰ : MS 67 ਸੰਗ੍ਰਹਿ

ਸਿਰਲੇਖ : ਹਠ ਪ੍ਰਦੀਪਕਾ

ਲੇਖਕ : ਲੱਛੀ ਰਾਮ

ਲਿਖਾਰੀ : ਰਾਧਾ ਕ੍ਰਿਸ਼ਨ

ਸਮਾਂ : ਸੰਮਤ 1929

ਪੱਤਰੇ : 1 ਅ -12 ਅ

ਆਕਾਰ : 16X27 ਸ.ਮ. ਲਿਖਤ: 13X22 ਸ.ਮ.

ਵੇਰਵਾ : ਖੁਲ੍ਹੇ ਪੱਤਰੇ, ਦੋ ਗੱਤਿਆਂ ਵਿਚ ਬਝੇ ਹੋਏ ਹਨ। ਹਾਸ਼ੀਏ ਤੋਂ ਬਗੈਰ ਹੈ। ਕਿਤੇ-ਕਿਤੇ ਕੁਝ ਅਖਰਾਂ ਤੇ ਫਿਕੀ ਲਾਲ ਸ਼ਿਆਹੀ ਫੇਰੀ ਹੋਈ ਹੈ। ਸਤਰਾਂ ਪ੍ਰਤੀ ਪੰਨਾਂ-13, ਪੋਥੀ ਖੜੇ ਰੁਖ ਖੁਲਦੀ ਹੈ।

ਆਮ ਵੇਰਵਾ : ਕਿਤੇ-ਕਿਤੇ ਲਿਖਤ ਤੋਂ ਬਾਹਰ ਖਾਲੀ ਥਾਂ ਤੇ ਵੀ ਲਿਖਿਆ ਹੋਇਆ ਹੈ। ਪੋਥੀ ਦੀ ਹਾਲਤ ਮਾੜੀ ਅਤੇ ਕਿਤੇ-ਕਿਤੇ ਕਿਰਮ ਖੁਰਦਾ ਹੈ। ਪੋਥੀ ਦੋ ਸੈਂਚੀਆਂ ਵਿਚ ਵੰਡੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮ:॥ ਅਥ ਹਠ ਪ੍ਰਦੀਪਕਾ ਲਿਖਤੰ॥ ਦੋਹਰਾ॥ ਕ੍ਰਿਸ੍ਨ ਜੀਵਨ ਕਲਜਾਂਨ ਸੁਤ ਲਛੀ ਰਾਮ ਲਖ ਬਜਾਸ॥ ਆਪ ਜਾਂਨ ਕੌਂ ਸੋ ਕਿਯੋ ਜੋ ਜਾਨਜੋਂ ਸੁਤ ਬਜਾਸ॥੧॥...

ਅੰਤ : ... ਦੋਹਰਾ॥ ਹਠ ਪਰਦਪਿਕਾ ਗ੍ਰੰਥਯਾ ਸਾਸਤ੍ਰਿ ਅਖਰੁ ਮੈਂ ਜੋ ॥ ਰਾਧਾ ਕ੍ਰਿਸਨ ਸਾਧੂ ਨੇ ਗੁਰਮੁਖੀ ਕੀਤਾ ਸੋ॥੬੨॥ ਸੰਮਤ ਉਨੀ ਸੈ ਉਨਤੀ ਮਾਘ ਵਦੀ ਜੋ ਆਹਿ॥ ਦੁਵਾਦਸੀ ਰਵਿਵਾਰ ਦਿਨ ਪੂਰਨ ਕੀਤਾ ਤਾਹਿ॥੬੩॥ ॥ ਇਤ ਸ੍ਰੀ ਕ੍ਰਿਸਨ ਜੀਵਨ ਕਲਜਾਂਨ ਸੁਤ ਲਛੀ ਰਾਮ ਕ੍ਰਿਤ ਜੋਗ ਸੁਧਾ ਨਿਧੀ ਗ੍ਰੰਥੇ ਸਿਰਟ ਪੰਚਮ ਉਪਦੇਸ ਸੰਪੂਰਣੰ॥੫॥=॥

ਹੱਥ ਲਿਖਤ ਨੰ : MS 67 ਅ
ਸਿਰਲੇਖ : ਅਥਰਬਣ ਕੀ ਹੰਸਨਾਦ ਉਪਨਿਖਦ
ਭਾਖਾ ਟੀਕਾਕਾਰ : ਮੁਸਤਾਕ ਰਾਇ
ਸਮਾਂ : ਸੰਮਤ 1929
ਪੱਤਰੇ : 1 ਅ -27 ੳ
ਆਕਾਰ : 16X27 ਸ. ਮ. ਲਿਖਤ: 13X22 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਕਿਤੇ-ਕਿਤੇ ਲਿਖਤ ਤੋਂ ਬਾਹਰ ਖਾਲੀ ਥਾਂ ਤੇ ਵੀ ਲਿਖਿਆ ਹੋਇਆ ਹੈ। ਪੋਥੀ ਦੀ ਹਾਲਤ ਮਾੜੀ ਅਤੇ ਕਿਤੇ-ਕਿਤੇ ਕਿਰਮ ਖੁਰਦਾ ਹੈ। ਪੋਥੀ ਦੋ ਸੈਂਚੀਆਂ ਵਿਚ ਵੰਡੀ ਹੋਈ ਹੈ, ਕਿਤੇ-ਕਿਤੇ ਪੱਤਰੇ ਭਿਜੇ ਹੋਣ ਕਰਕੇ ਸਿਆਹੀ ਫੈਲੀ ਹੋਈ ਹੈ, ਪੱਤਰਾ ਨੰਬਰ 25 ੳ ਤੋਂ ਕਾਨੀ ਬਦਲੀ ਹੋਈ ਹੈ। 25 ਅ ਉਲਟਾ ਲਿਖਿਆ ਹੈ। ਇਸ ਸੈਂਚੀ ਵਿਚ ਹੋਰ ਕਈ ਫੁਟਕਲ ਕ੍ਰਿਤੀਆਂ ਹਨ। ਅੰਤ ਅਧੂਰਾ ਜਾਪਦਾ ਹੈ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮ:॥ ਅਥ ਅਥਰਬਣ ਦੀ ਹੰਸਨਾਦ ਉਪਨਿਖਦ ਲਿਖਜਤੇ॥ ਦੋਹਰਾ॥ ਬੰਦਨ ਸ੍ਰੀ ਸੁਕਦੇਵ ਨੂੰ ਉਨ ਕੂੰ ਹੀਏ ਮੈ ਲਾਇ॥ ਛਪਿਓ ਭੇਦ ਪ੍ਰਗਟ ਕੀਓ ਪ੍ਰਮਾਰਥ ਕੇ ਦਾਇ॥੧॥ ਸੰਸਕ੍ਰਿਤ ਭਾਖਾ ਕਰੀ ਤਾਂ ਕੋ ਯਹ ਦ੍ਰਿਸ੍ਟਾਂਤ ॥ ਖੋਲ ਖੋਲ ਸਭ ਹੀ ਕਹੀ ਸਮਝੇ ਛੁਟੇ ਭ੍ਰਾਂਤ॥੨॥...
ਅੰਤ : ... ਹੋਲੀ॥ ਰਾਗ ਟੋਡੀ॥ ਹੋਲੀ ਖੇਲੇਂਗੇ ਅਪਨੇ ਮਨ ਸੋਂ ਬਾਜੈ ਸਵਦ ਅਨਾਹਦ ਘਣਾਘਣਾ ਣਣਾ॥ਰਹਾਉ॥ ਪੂਰੇਗੇ ਕੁੰਭ ਪ੍ਰਣਵ ਕੇ ਰੰਗ ਸੋਂ ਨਾਸਕਾ ਕੀ ਪਿਚਕਾਰੀ ॥ ਕਬਿੱਤ ॥ ਤੀਰਥ ਨ ਕੀਓ ਸੁਧ ਪਾਠ ਹੂੰ ਨ ਫੇਰੀ ਬੁਧ ਜਾਪ ਤੋ ਅਨੇਕ ਕੀਏ ਕਹਾਂ ਲੌ ਸੁਨਾਈਐ॥ ਬਰਤ ਭੀ ਅਨੇਕ ਕੀਏ ਨਿਰਾਹਾਰ ਭੁਖੁ ਮੂਏ ਜੰਤ੍ਰ ਤੰਤ੍ਰ ਕੀਏ ਜੇਤੇ ਕੇਤਕ ਗਿਨਾਈਐ॥ ਮੜੀ ਤੇ ਮਂਸਾਂਨੀ ਫਿਰੇ ਕਹੂੰ ਤੇ ਨ ਨੈਕ ਟਰੇ ਕਿੰਚਤ ਨ ਪਾਇਓ ਸੁਖ ਜਹਾਂ ਮਨ ਲਾਈਐ॥ ਕਹਿਤ ਮਸਤਾਕ ਰਾਇ ਸਭ ਦੁਖ ਕੋ ਬਨਾਇ ਬਿਨਾ ਸਰਬ ਤਿਆਗ ਕੇ ਸੁਖ ਨਹੀ ਪਾਈਐ॥੧੧॥

ਹੱਥ ਲਿਖਤ ਨੰ : MS 68
ਸਿਰਲੇਖ : ਬ੍ਰਿਤੀ ਪ੍ਰਭਾਕਰ
ਲੇਖਕ : ਨਿਸ਼ਚਲ ਦਾਸ
ਪੱਤਰੇ : 1 ਅ -47 ਅ
ਆਕਾਰ : 17X30 ਸ. ਮ. ਲਿਖਤ: 13X24 ਸ.ਮ.
ਵੇਰਵਾ : ਖੁਲ੍ਹੇ ਪੱਤਰੇ, ਦੋ ਗੱਤਿਆਂ ਵਿਚ ਬਝੇ ਹੋਏ, ਸਤਰਾਂ ਪ੍ਰਤੀ ਪੰਨਾਂ-15 । ਪੋਥੀ ਖੜੇ ਰੁਖ ਖੁਲਦੀ ਹੈ। ਲਿਖਤ ਸੁੰਦਰ ਹੈ, ਬਗੈਰ ਹਾਸ਼ੀਏ ਦੇ ਹੈ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ ਹੈ, ਕਿਤੇ-ਕਿਤੇ ਕਿਰਮ ਖੁਰਦਾ ਹੈ। ਪਹਿਲਾ ਪੱਤਰਾ ਹੇਠੋਂ ਖੱਬਾ ਕੋਨਾ ਭੁਰਿਆ ਹਇਆ ਹੈ, ਇਕ ਅਖਰ ਪੜ੍ਹਨ ਯੋਗ ਨਹੀਂ। ਪੱਤਰਾ ਨੰਬਰ 1 ੳ ਖਾਲੀ ਹੈ। ਪੋਥੀ ਵਿਚ ਦੇਵਨਾਗਰੀ ਅ (ਅ) ਦੀ ਵਰਤੋਂ ਕੀਤੀ ਹੋਈ ਹੈ।
ਅਰੰਭ : ॥੧ੴ॥ ਸਤਿਗੁਰ ਪ੍ਰਸਾਦਿ॥ ਸਪਤਮ ਪ੍ਰਕਾਸ ਮੈਂ ਬ੍ਰਿਤਿ ਕਾ ਸ੍ਵਰੂਪ ਕਹਜਾ॥ ਬ੍ਰਿਤਿ ਕਾ ਪ੍ਰਯੋਜਨ ਕਹਨੈ ਕੂੰ ਅਸ੍ਟਮ ਪ੍ਰਕਾਸ ਕਾ ਆਰੰਭ ਹੈ॥ ਅਗਜ਼ਾਨ ਕੀ ਨਿਬ੍ਰਿਤਿ ਮੁਖਜ ਪ੍ਰਯੋਜਨ ਬ੍ਰਿਤਿ ਕਾ ਹੈ॥ ਘਟਾਦਿਕ ਅਨਾ ਆਕਾਰ ਬ੍ਰਿਤਿ ਸੈਂਘਟਾਦਿਕ ਅਵਿਬੰਨ ਚੇਤਨ ਸਬ ਅਰਾਯਾਨ ਕੀ ਨਿਬ੍ਰਿਤਿ ਹੋਵੈ ਹੈ॥ ...

ਅੰਤ : …॥ਪਰੰਤੁ॥ ਅਨਿਰਵਚਨੀਯ ਕਾ ਬਾਧ ਰੂਪ ਅਭਾਵ ਤੋ ਅਧਿਸ੍ਠਾਨ ਰੂਪ ਅਨੁਭਵ ਸਿੱਧ ਹੈ॥ ਯਾ ਤੈਂ ਅਗਜ਼ਾਨ ਸਹਿਤ ਭਾਵਾਭਾਵ ਰੂਪ ਪ੍ਰਪੰਚ॥ ਔ ਤਾਂ ਕੀ ਨਿਬ੍ਰਿਤਿ ਸਕਲ ਅਨਿਰਵਚਨੀਯ ਹੈਂ॥ ਤਿਨ ਸਰਬ ਕਾ ਅਧਿਸ੍ਠਾਨ ਰੂਪ ਬਾਧ ਹੋਯ ਕੈ॥ ਨਿਰਦ੍ਵੈਤ ਸ੍ਵਰੂਪ ਪਰਮਾਨੰਦ ਰੂਪ ਪਰਮ ਪੁਰੁਸਾਰਬ ਮੋਖਜ ਹੈ॥ ॥ ਇਤਿ ਸ੍ਰੀ ਮੰ ਨਿਸਚਲ ਦਾਸ ਸੰਗਯਕ ਸਾਧੂ ਬਿਰਚਿਤੇ ਬ੍ਰਿੱਤਿ ਪ੍ਰਭਾਕਰੇ ਜੀਵੇਸ੍ਵਰ ਸਰੂਪ ਨਿਰੂਪਣ ਪੂਰਬਕ ਬ੍ਰਿੱਤਿ ਪ੍ਰਯੋਜਨ ਨਿਰੂਪਣੰ ਨਾਮ ਅਸ੍ਟਮ : ਪ੍ਰਕਾਸ : ੮ ॥ ॥
॥ ॥ ॥ ॥ ॥ ॥

ਹੱਥ ਲਿਖਤ ਨੰ : MS 69
ਸਿਰਲੇਖ : ਯੋਗ ਵਸਿਸਟ ਭਾਖਾ
ਪੱਤਰੇ : 1 -774
ਆਕਾਰ : 38X 24 ਸ.ਮ. ਲਿਖਤ: 28X21 ਸ.ਮ.
ਵੇਰਵਾ : ਜਿਲਦ ਚਮੜਾ, ਟੁੱਟੀ ਹੋਈ; ਦੁਪਾਸੀਂ ਖੜੇ ਰੁਖ ਦੋ-ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾਂ-27
ਆਮ ਵੇਰਵਾ : ਪੋਥੀ ਕਿਰਮ ਖੁਰਦਾ ਹੈ; ਸ਼ੁਰੂ ਵਿਚ 14 ਅਤੇ ਅੰਤ ਤੇ 11 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਪੱਤਰਾ ਨੰਬਰ 593 ਤੋਂ ਅਗੇ ਕਾਨੀ ਬਦਲੀ ਹੋਈ ਹੈ। ਲਿਖਤ ਬਹੁਤ ਸੁੰਦਰ ਹੈ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਓ ਃ ਸ੍ਰੀ ਗਣੇਸਾਯ ਨਮ:॥ ਅਥ ਵੈਰਾਗ ਪ੍ਰਕਰਣ ਸਿੰਮ੍ਰਤਿ ਭਾਖਾ ਲਿਖਜਤੇ ॥ ਸਤਿ ਚਿਤ ਆਨੰਦ ਰੂਪ ਜੋ ਆਤਮਾ ਹੈ॥ ਤਿਸ ਕਉ ਨਮਸਕਾਰ ਹੈ॥ ਕੈਸਾ ਹੈ ਸਤਿ ਚਿਤ ਆਨੰਦ ਰੂਪ ਜੋ ਆਤਮਾ ਕਹਤੇ ਹੈ ਜਿਸ ਤੇ ਇਹ ਸਰਬ ਭਾਸਤੇ ਹੈ॥ ਅਰੁ ਜਿਸ ਵਿਖੇ ਸਰਬ ਲੀਨੁ ਹੋਤੇ ਹੈ॥…
ਅੰਤ : … ਚਤੁਸਟੇ ਪ੍ਰਕਰਣ ਵਿਖੇ ਪੰਚਾਸ ਪਾਖਿਆਨ ਭਏ ਹੈ॥ਪ●॥ ਇਤਿ ਸ੍ਰੀ ਮਾਰਖੋ ਪਰਹਤੇ ਸ੍ਰੀ ਮਹਾਰਮਾਇਣੇ ਦੇਵ ਦੂਤ ਉਕਤ ਸਤ ਸਹਂਸ੍ਰ ਮਾਂਤ ਸੰਘਤਾਯਾਂ ਬਾਲ ਕਾਂਡੇ ਮੋਖ ਉਪਾਏ ਨਿਰਬਾਣ ਪਰਕਰਣੇ ਸਮਾਪਤਹ॥੨੮੮॥ ॥ਦੋਹਰਾ॥ ਸਾਹੀ ਕਾਨੀ ਬ੍ਰਹਮ ਹੈ ਕਾਗਤ ਲੇਖਣਹਾਰ॥ ਬਕਤਾ ਸ੍ਰੋਤਾ ਆਦਿ ਲੈ ਸਰਬ ਬ੍ਰਹਮ ਨਿਰਧਾਰ॥੧॥ ਸ੍ਰੀ ਰਾਮ ਜੀ॥ ਸ੍ਰੀ ਰਾਮ ਜੀ ॥॥ਸ੍ਰੀ ਰਾਮ ਜੀ॥ ਸ੍ਰੀ ਰਾਮ ਜੀ ॥ਭੁਲੇ ਚਕੇ ਬਖਸਿ ਲੈਣਾ ਸ੍ਰੀ ਸੰਗਤਿ ਤੇਰੀ ਸਰਣਿ ਹੋ॥ ॥ ਸ੍ਰੀ ਰਾਮ ਜੀ॥ ਸ੍ਰੀ ਰਾਮ ਜੀ ॥ ॥ ॥ ॥ ॥ ॥ ॥ ॥ ॥ ॥ ॥
॥ ॥ ॥

ਹੱਥ ਲਿਖਤ ਨੰ : MS 70
ਸਿਰਲੇਖ : ਦਸਮ ਸਕੰਦ
ਪੱਤਰੇ : 1- 402
ਆਕਾਰ : 22X14 ਸ.ਮ. ਲਿਖਤ: 16X11 ਸ.ਮ.
ਵੇਰਵਾ : ਜਿਲਦ ਗੱਤਾ, ਉਖੜੀ ਹੋਈ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਦੁਪਾਸੀਂ ਖੜੇ ਰੁਖ ਦੋ-ਦੋ ਲਾਲ ਲਕੀਰਾਂ ਦਾ ਹਾਸ਼ੀਆ ਹੈ; ਸਤਰਾਂ ਪ੍ਰਤੀ ਪੰਨਾਂ-20
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ ਹੈ ਅਤੇ ਕਿਰਮ ਖੁਰਦਾ ਹੈ। ਪੋਥੀ ਵਿਚ ਦੇਵਨਾਗਰੀ ਅੱਖਰਾਂ ਦੀ ਵਰਤੋਂ ਕੀਤੀ ਹੋਈ ਹੈ। ਜਿਵੇਂ ਲ (ਲ), ਅ (ਅ), ਇ (ਇ)। ਕਿਰਮ ਖੁਰਦਾ ਹੋਣ ਕਾਰਣ ਕੁਝ ਅੱਖਰ ਪੜ੍ਹਨ ਯੋਗ ਨਹੀਂ ਹਨ।

ਅਰੰਭ : ਓ ਸ੍ਰੀ ਗਣੇਸਾਇ ਨਮ:॥ ਅਥ ਦਸਮ ਸਕਂਧ ਭਾਗਵਤ ਭਾਖਾ ਲਿਖਤੇ॥ਸਾਖੀ॥ ਦੋਇ ਮਤਿ ਘਟਿ ਮੈ ਪਰਂਸਪਰਿ ਬੋਲੀ ਏਕ ਸਮਾਨ॥ ਇਕ ਗਾਵੈ ਗੁਂਣਿ ਸਿਆਮ ਕੇ ਇਕ ਵਰਜੈ ਸੁਰ ਗਿਆਂਨ॥੧॥...

ਅੰਤ : ... ਇ੍ਤਿ ਸ੍ਰੀ ਭਾਗਵਤੇ ਮਹਾ ਪੁਰਾਣੇ ਦਸਮ ਸਕਂਧੇ ਸੁਨ ਂ____ਤਿ ਸਂਬਾਦੇ ਰਾਂਮ ਕ੍ਰਿਸਨ ਚਹੇਤ੍ਰਿਹਿਨਵਹਿ ਧਿਆਇ ਸਂਪੂਰਨਂ ਸਮਾਪਤਂ ਸੁਭਂ ਮਸਤੋ॥ ਸ੍ਰੀ ਉਂ ਨਮੋਂ ਭਗਵਤੇ ਸ੍ਰੀ ਵਾਸੁਦੇਵਾਧਾ॥ ਪੋਥੀ ਸਂਪੂਰਨ॥ ਸ੍ਰੀ ਭਗਵਾਂਨਿ ਨਾਂਰਾਇ੍ਨਿ ਜੀ ਤੁਮਾਰੀ ਜੈ ਜੈ ਜੈ॥ ਸਤਿਗੁਰ ਦਿਆਲਿ ਜੀ॥ ਸਾਖੀ ॥ ਲਾਲ ਮਨਸਾ ਵਾਚਾ ਕਰਮ ਮਨਾਂ ਜ ਸੇਵੈ ਹਰਿ ਰਾਇ੍॥ ਤਾਂ ਕ ਚਿਂਤਾ ਕਉਨਿ ਹੈਂ ਜਾਂ ਕੇ ਕ੍ਰਿਸਨ ਸਹਾਇ੍॥੧॥

ਹੱਥ ਲਿਖਤ ਨੰ : MS 71 ਸੰਗ੍ਰਹਿ
ਸਿਰਲੇਖ : ਸਾਖੀ (ਗੋਸਟਿ) ਰਾਜੇ ਜਨਕ ਕੀ
ਲਿਖਾਰੀ : ਖਜਾਨਾ
ਸਮਾਂ : ਸੰਮਤ 1860
ਸਥਾਨ : ਮੁਲਤਾਨ
ਪੱਤਰੇ : 1 ੳ – 9 ੳ
ਆਕਾਰ : 19X27 ਸ.ਮ. ਲਿਖਤ: 14X18 ਸ.ਮ.
ਵੇਰਵਾ : ਜਿਲਦ ਗੱਤਾ, ਉਖੜੀ ਹੋਈ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਦੁਪਾਸੀਂ ਖੜੇ ਰੁਖ ਦੋ-ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ; ਸਤਰਾਂ ਪ੍ਰਤੀ ਪੰਨਾਂ-13, ਸਾਰੀ ਪੋਥੀ ਉਖੜੀ ਹੋਈ ਹੈ ।
ਆਮ ਵੇਰਵਾ : ਪੋਥੀ ਕਿਰਮ ਖੁਰਦਾ ਹੈ। ਪੋਥੀ ਦੇ ਸ਼ੁਰੂ ਵਿਚ ਚਾਰ ਬਿਨਾਂ ਹਾਸ਼ੀਏ ਦੇ ਅਤੇ ਅੰਤ ਵਿਚ ਇਕ ਹਾਸ਼ੀਏ ਵਾਲਾ ਅਤੇ ਚਾਰ ਬਿਨਾਂ ਹਾਸ਼ੀਏ ਦੇ ਪੱਤਰੇ ਖਾਲੀ ਹਨ। ਪੱਤਰਾ ਨੰਬਰ 1-4 ਬਾਕੀ ਪੱਤਰਿਆਂ ਨਾਲੋ ਆਕਾਰ ਵਿਚ ਛੋਟੇ ਹਨ ਜਿਨ੍ਹਾਂ ਨੂੰ ਪੂਰਾ ਆਕਾਰ ਦੇਣ ਲਈ ਆਸੇ ਪਾਸੇ ਹੋਰ ਰੰਗ ਦੇ ਕਾਗਜ਼ ਜੋੜੇ ਹੋਏ ਹਨ। ਪੋਥੀ ਦੀ ਹਾਲਤ ਖਸਤਾ ਹੈ।
ਅਰੰਭ : ੧ੴ॥ਸਤਿਗੁਰ ਪ੍ਰਸਾਦਿ॥ ਸਾਖੀ ਰਾਜੇ ਜਨਕ ਜੀ ਕੀ॥ ਸਿਰੀ ਗੁਰੂ ਨਾਨਕ ਜੀ ਸਤਿ ਹੈ॥ ਤਬ ਪਾਰਬ੍ਰਹਮ ਕੀ ਆਗਿਆ ਸਾਥ ਰਾਜਾ ਜਨਕੁ ਭਗਤਿ ਜੀ ਸਚਖੰਡ ਕਉ ਚਲੇ॥ ਤਬ ਰਾਹਿ ਉ੍ਹਾ ਤੇ ਜੋ ਮੁਕਤਿ ਕਾ ਰਾਹੁ ਥਾ ਉਸ ਤੇ ਬਾਵੀ ਤਰਫ ਗੁਹਾਰ ਪਰਤੀ ਥੀ॥...
ਅੰਤ : ... ਸਲੋਕੁ॥ ਜੁਗ ਜੁਗ ਮਹਿ ਗੁਰੂ ਆਇਆ ਤਿ ਅਚਿਤੁ ਨਾਮੁ ਧਿਆਇਆ ॥ ਜਿਨ ਸੇਵਿਆ ਤਿਨ ਫਲ ਪਾਇਆ ਦਾਸ ਨਾਨਕ ਪੰਥ ਚਲਾਇਆ॥ ਬੋਲਹੁ ਭਾਈ ਜੀ ਵਾਹਗੁਰੂ ਸਾਖੀ ਪੂਰਨ ਹੋਈ ਭੁਲਿਆ ਚੁਕਿਆ ਬਖਸ ਲੈਣਾ ਸਦਕਾ ਸਤਿਗੁਰੂ ਸਤਿਤਿਕਾ

ਹੱਥ ਲਿਖਤ ਨੰ : MS 71 ਅ
ਸਿਰਲੇਖ : ਜਨਮ ਸਾਖੀ ਭਾਈ ਬਾਲਾ
ਲੇਖਕ : ਪੈੜਾ ਮੋਖਾ
ਲਿਖਣ ਸਥਾਨ : ਮੁਲਤਾਨ ਰਚਨਾ ਕਾਲ: ਸੰਮਤ 1582
ਸਮਾਂ : ਸੰਮਤ 1860
ਪੱਤਰੇ : 9 ੳ–286 ਅ
ਆਕਾਰ : 19X27 ਸ.ਮ. ਲਿਖਤ: 14X18 ਸ.ਮ.
ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰਬਰ 13 ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਸਮਾਂ "ਸੰਮਤ 1520 ਮਿਤੀ ਕਤਮ ਸੁਦੀ ਪੂਰਨਮਾ" ਦਿਤਾ ਹੋਇਆ ਹੈ।

ਅਰੰਭ : ੧ਓ ॥ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ॥ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਸਮਤੁ ੧੫੯੨॥ ਮਿਤੀ ਵੈਸਾਖ ਸੁਧੀ ਪਚਮੀ ਪੋਥੀ ਲਿਖੀ ਪੈੜੈ ਮੋਖੇ ਸੁਲਤਾਨ ਪੁਰ ਕੇ ਖਤਰੇਟੇ॥ ਗੁਰੂ ਅੰਗਦ ਲਿਖਵਾਈ॥ ਪੈੜੇ ਲਿਖੀ॥...

ਅੰਤ : ... ਇਹੁ ਸਬਦੁ ਤਲਵੰਡੀ ਹੋਇਆ ਸੀ॥ ਜਾ ਰਾਇ ਬੁਲਾਰਿ ਪਾਸੋ ਲਾਲੂ ਆਖਵਾਇਆ॥ ੧੮●●॥੬●॥ ਸੰਬਤ॥ ਅਠਾਰਾਹ ਸੈ॥੬●॥ ਮਿਤੀ ਫਗਣ ਸਗਰਾਦੋ॥੧੮॥ ਸੁਭ ਦਿਨ ਮੰਗਲਵਾਰ ਮੁਲਤਾਨ ਵਿਚ ਲਿਖੀ॥ ਭੁਲ ਚੁਕ ਬਖਸਣੀ॥ ਬੋਲੋ ਭਾਈ ਜੀ ਵਾਹਗੁਰੂ॥ ਇਹ ਸਾਖੀ ਕਾ ਮੂਲ ਹੈ॥ ਹਰਿ ਕਿਸੇ ਵੇਲੈ ਸਿਖਾ ਸੰਤਾ ਕੇ ਕੰਮਿ ਆਵਸੀ॥ ਤਿਨਾ ਅਗੈ ਏਹੁ ਸਾਖੀ ਪੜਣੀ ਜਿਨਾ ਗੁਰੂ ਪਰਮੇਸਰ ਇਕ ਕਰ ਜਾਤਾ ਹੈ॥ ਸਬਦੁ ਕਾ ਖੋਜੀ ਹੋਵੈ॥ ਬਾਕੀ ਆਗੈ ਨਾਹੀ ਪੜਨੀ॥ ਜੋ ਗੁਰੂ ਸਬਦੁ ਕੀ ਸਾਰ ਨ ਜਾਣੈ॥ ਜੋ ਕੋਈ ਆਪਨੀ ਰੀਝ ਕਰਿ ਕੈ ਸਾਖੀ ਸੁਣੈ ਤਿਸ ਦੇ ਅਗੇ ਗੁਰੂ ਕੇ ਬਚਨ ਪੜਨੇ ਨਾਤਰ ਗੁਹਜੁ ਰਖਣੀ । ਬਹੁਤੁ ਜਾਹਰੁ ਨਾਹੀ ਕਰਨੀ॥ ਮਨ ਵਿਚਿ ਰਖੈ ਕਮਾਵੈ॥ ਤਿਸਦੇ ਕੰਮਿ ਆਦਿ ਅੰਤਿ ਆਵਹਿਗੇ॥ ਸਾਖੀ ਪੂਰੀ ਹੋਈ ॥ ਸ੍ਰੀ ਗੁਰੂ ਬਾਬਾ ਨਾਨਕ ਜੀ ਪਰਦਿਆ ਸੁਣਿਦਿਆ ਸਰਬਤ੍ਰ ਸਿਖ ਸੇਵਕ ਨੂੰ ਭਗਤਿ ਅਰ ਸਿਖੀ ਦਾਨ ਕਰੇਗਾ ਸਤਿ ਕਰਿ ਮੰਨਣਾ॥ ਬੋਲਹੁ ਜੀ ਵਾਹਗੁਰੂ ਸਤਿਗੁਰੂ ਜੀ॥ ਸ੍ਰਾਂ ਰਾਮ ਜੀ॥ ਸ੍ਰੀ ਗੁਰੂ ਜੀ॥ ਸ੍ਰੀ ਕ੍ਰਿਸਨ ਜੀ ਸ੍ਰੀ ਵਾਹ ਗੁਰੂ ਜੀ॥

ਹੱਥ ਲਿਖਤ ਨੰ : MS 72

ਸਿਰਲੇਖ : ਪਾਰਸ ਭਾਗ

ਲੇਖਕ : ਅਲਗਜ਼ਾਲੀ

ਅਨੁਵਾਦ : ਅੱਡਣ ਸ਼ਾਹ

ਪੱਤਰੇ : 1–445

ਆਕਾਰ : 33X23.5 ਸ.ਮ. ਲਿਖਤ: 23.5X15.5 ਸ.ਮ.

ਵੇਰਵਾ : ਸਤਰਾਂ ਪ੍ਰਤੀ ਪੰਨਾਂ–23, ਜਿਲਦ ਨਹੀਂ ਹੈ। ਪੰਨੇ ਉਖੜੇ ਹੋਏ ਅਤੇ ਕਿਤੇ-ਕਿਤੇ ਕਿਰਮ ਖੁਰਦਾ। ਦੁਪਾਸੀਂ ਪੰਜ ਲਕੀਰਾਂ (ਦੋ ਲਾਲ ਕਾਲੀਆਂ ਅਤੇ ਪੀਲੀ ਮੋਟੀ ਲਕੀਰ ਵਖਰੇਵੇਂ ਲਈ) ਦਾ ਹਾਸ਼ੀਆ ਹੈ ਪਹਿਲੇ ਪੱਤਰੇ ਤੇ ਉਸ ਤੋਂ ਬਾਹਰ ਇਕ ਹੋਰ ਇਕ ਲਾਲ ਅਤੇ ਇਕ ਇਕ ਕਾਲੀ ਬਰੀਕ ਲਕੀਰ ਦਾ ਚਾਰੇ ਪਾਸੇ ਹਾਸ਼ੀਆ ਹੈ।

ਆਮ ਵੇਰਵਾ : ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੈ । ਪੋਥੀ ਦੀ ਮਾਈਕ੍ਰੋਫਿਲਮ ਬਣਾਈ ਹੋਈ ਹੈ। ਲਿਖਾਈ ਸੁੰਦਰ ਹੈ। ਅੰਤ ਵਿਚ ਇਕ ਪੱਤਰਾ ਖਾਲੀ ਹੈ । ਇਹ ਰਚਨਾ ਨੌਂ ਸਰਗਾ ਵਿਚ ਹੈ ॥

ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਓ ਸ੍ਰੀ ਗਣੇਸਾਯਨਮ:॥ ਅਥ ਪਾਰਸ ਭਾਗ ਕੀਮੀਆ ਸ ਆਦਤ ਲਿੱਖਯਤੇ॥ ਉਸਤਤ ਓਰੁ ਉਪਕਾਰ ਜੋ ਹੈ ਮਹਾਰਾਜ ਕਾ ਸੋ ਅੰਬਰ ਕੇ ਤਾਰੇ ਅਰ ਮੇਘ ਕੀਆ ਬੂੰਦਾ ਅਰੁ ਪੱਤ੍ਰ ਬਨਾਸਪਤੀ ਕੇ ਅਰੁ ਰੇਤ ਕੇ ਕਿਣਕੇ ਅਰੁ ਅਕਾਸ ਕੇ ਅਣਹੁ ਤੇ ਅਧਿਕ ਹੈ॥...

ਅੰਤ : ... ਅਰੁ ਏਕ ਸਾਧ ਕੌ ਬੰਦੀ ਖਾਨੇ ਵਿਖੇ ਜਬ ਮਿੱਤ੍ਰ ਮਿਲਣੇ ਆਏ ਥੇ ਤਬ ਉਨਹੁ ਨੇ ਪਰੀਖਿਆ ਕੇ ਨਮਿੱਤ ਉਨ ਕੌ ਪਾਥਰ ਮਾਰੇ ਤਬ ਵਹੁ ਭਾਗ ਗਏ ਬਹੁੜਿ ਉਸ ਸਾਧ ਨੇ ਕਹਾ ਜੋ ਤੁਮ ਝੂਠੇ ਮਿੱਤ੍ਰ ਹੋ ਕਾਹੇ ਤੇ ਜੋ ਮਿੱਤ੍ਰ ਕੇ ਦੁਖ ਵਿਖੇ ਮਿਤ੍ਰ ਕੋ ਦੁਖ ਨਹੀਂ ਭਾਸਤਾ॥੨੩॥ ਇਤਿ ਪ੍ਰੀਤਿ ਪ੍ਰੇਮ ਰਜਾਇ ਸਮਾਪਤੰ॥੧॥ ਸੁਭੰ ਭਵੇਤੁ ॥

ਹੱਥ ਲਿਖਤ ਨੰ : MS 73

ਸਿਰਲੇਖ : ਚਾਰ ਦਰਵੇਸ਼

ਸਮਾਂ : ਸੰਮਤ 1916

ਪੱਤਰੇ : 1–170

ਆਕਾਰ : 24X16 ਸ.ਮ. ਲਿਖਤ: 19X9.5 ਸ. ਮ.

ਵੇਰਵਾ : ਪੱਤਰੇ ਖੁਲੇ, ਪਰ ਗੱਤੇ ਵਿਚ ਬਝੇ ਹੋਏ ਹਨ। ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਖਰੇਵੇਂ ਲਈ ਵਿਚਕਾਰ ਪੀਲੀ ਲਕੀਰ ਦਾ ਹਾਸ਼ੀਆ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾਂ–21

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਉਖੜੀ ਹੋਈ ਹੈ, ਕਿਧਰੇ ਕਿਧਰੇ ਭਿੱਜੀ ਹੋਈ ਹੈ ਸ਼ੁਰੂ ਵਿਚ 5 ਪੱਤਰੇ ਖਾਲੀ ਹਨ ਅਤੇ ਅੰਤ ਵਿਚ 3 ਪੱਤਰੇ ਖਾਲੀ ਹਨ। 4 ਓ ਪੰਨੇ ਤੇ ਫੁੱਲ ਬੂਟੇ ਤੇ ਨਾਲ ਇਕ ਚਿਹਰਾ ਪੈਨਸਿਲ ਨਾਲ ਬਨਾਇਆ ਹੋਇਆ ਹੈ। ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਮਾਤਰਾਵਾਂ ਠੀਕ ਕੀਤੀਆਂ ਹਨ। ਚਾਰ ਦਰਵੇਸ਼ ਬਾਰੇ 2 ਓ ਤੇ ਲਿਖਿਆ ਹੋਇਆ ਹੈ। 'ਕਿਸਾ ਚਾਰ ਦਰਵੇਸ਼ ਕਾ'; ਪਤਰਾ ਨੰ 5 ਅ ਸ਼ੁਰੂ ਵਿਚ ਅੱਲਾ ਦੀ ਸਿਫਤ ਬਾਰੇ ਲਿਖਿਆ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਸੁਬਹਾਨ ਅੱਲਾ ਕਿਆਸਾ ਨਿਆ ਹੈ ਕਿ ਜਿਸ ਨੇ ਏਕ ਮੁੱਠੀ ਖਾਕ ਸੇ ਕਿਆ ਕਿਆ ਸੂਰਤੈ ਔਰ ਮੱਟੀ ਕੀ ਮੂਰਤੈਂ ਪੈਦਾ ਕੀਈ ਬਾਵਜੂਦ ਦੋ ਰੰਗ ਕੇ ਏਕ ਗੋਰਾ ਏਕ ਕਾਲਾ ਔਰ ਯਿਹੀ ਨਾਕ ਕਾਨ ਹਾਥ ਪਾਂਉ ਸਬ ਕੋਂ ਦੀਏ ਹੈ॥...

ਅੰਤ : ... ਤੇਰੀ ਯਾਦ ਮੈ ਮੈ ਰਹੂੰ ਦਮ ਬ ਦਮ॥ ਕਟੇ ਇਤਰਹ ਮੇਰਾ ਲੈਲੋ ਨਹਾਰ॥ ਨ ਪੁਰਸਸ ਕੀ ਸਖਤੀ ਹੋ ਮੁਝ ਪਰ ਕਬੂੰ॥ ਨ ਸਬ ਗੋਰ ਕੀ ਅਰੁ ਨ ਰੋਜੇ ਸਮਾਰਾ॥ ਤੁ ਕੋ ਨੈਨਨ ਮੈ ਲੁਤਫ ਪਰ ਲੁਤਫ ਰਖਾ॥ ਖੁਦਾਯਾ ਬੱਕੇ ਰਸੂਲੇ ਕਿੱਬਰਾ॥ ਕਿੱਸਹ ਬਾਗੋ ਬਹਾਰ ਤਮਾਮ ਸੁਦ ॥ ਸੰਮਤ ੧੯੧੬ ਭਾਦ੍ਰੋ ਪ੍ਰਵਿਸਟ ੧੬ ਸੁਦੀ ੨ ਮੰਗਲਵਾਰ।

ਹੱਥ ਲਿਖਤ ਨੰ : MS 74

ਸਿਰਲੇਖ : ਕਥਾ ਸਤਿ ਜੁਗ ਕੀ

ਪੱਤਰੇ : 1 – 89

ਆਕਾਰ : 8X14 ਸ.ਮ. ਲਿਖਤ: 7X11 ਸ.ਮ.

ਵੇਰਵਾ : ਜਿਲਦ ਤੋਂ ਬਗੈਰ; ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ 58 ਪੱਤਰੇ ਤਕ, 59 ਤੋਂ 68 ਪੱਤਰੇ ਬਿਨਾਂ ਹਾਸ਼ੀਆ ਦੇ, 69 ਤੋਂ 80 ਪੱਤਰੇ ਤੱਕ ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ । ਬਾਕੀ ਬਿਨਾਂ ਹਾਸ਼ੀਏ ਦੇ ਹੈ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਦੋ ਅਤੇ ਅੰਤ ਤੇ ਇਕ ਪੱਤਰਾ ਖਾਲੀ ਹੈ। ਖਾਲੀ ਪੱਤਰਿਆਂ ਤੇ ਹੋਰ ਕਾਨੀ ਅਤੇ ਹੋਰ ਸਿਆਹੀ ਨਾਲ ਕੁਝ ਲਿਖਿਆ ਹੋਇਆ ਹੈ। ਪੋਥੀ ਭਿੱਜੀ ਹੋਣ ਕਾਰਣ ਕਈ ਪੱਤਰਿਆਂ ਤੇ ਦਾਗ ਹਨ। ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ। ਅੱਧੇ 'ਸ' ਦੀ ਵਰਤੋਂ ਕੀਤੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਕਥਾ ਸਤਿ ਜੁਗ ਕੀ ਪੁਰਾਤਨਿ ॥ ਜਬਿ ਰਾਜੇ ਜਨਮੇਜੇ ਕਉ ਅਠਾਰਾ ਕੁਸਟਿ ਹੋਇ ਥੇ ॥ ਅਠਾਰਾਂ ਬ੍ਰਹਮਣਿ ਮਾਰਿਆ ਤੇ॥ ਕੁਸਟਿ ਉਤਾਰਣੇ ਕੇ ਨਮੇਤ ਬਿਆਸੇ ਗੁਸਾਈ ਲਾਗਾ ਕਥਾ ਸੁਣਾਵਣ ਲਗਾ ਥਾ ਤ੍ਰੇਵੀ ਸਤਿਜੁਗ ਕੀ...

ਅੰਤ : ... ਅਰੁ ਜੁ ਵਿੱਦੇਆ ਕੈ ਨਾਮੇਤਿ ਸੁਣੇਗਾ॥ ਤਿਸ ਕੋਂ ਵਿਦਿਆ ਪ੍ਰਾਪਤਿ ਹੁਵੈਗੀ॥ ਅਰੁ ਭਮਾ ਕਿਸੀ ਹੀ ਨਾਮਿਤਿ ਸੁਣਿ ਸੁ ਸਭੁ ਪ੍ਰਾਪਤਿ ਹੋਤੀ ਹੈ॥ ਅਰੁ ਬਿਆਸ ਜੀ ਰਾਜੇ ਜਨਮੇਜੇ ਕਉ ਇਹੀ ਕਥਾ ਸੁਣਾਈ ਥੀ॥ ਕੁਸਟ ਉਤਾਰਣੇ ਸਨਾਮਿਤਿ॥ ਸੋ ਕੁਸਟ ਉਤਿਰ ਗਏ ਥੇ॥ ਕਥਾ ਤੇਰਵੀ ਸੰਪੂਰਨੰਮ ਸੁਭ ਮਸਤੁ।

ਹੱਥ ਲਿਖਤ ਨੰ : MS 75 ਸੰਗ੍ਰਹਿ
ਸਿਰਲੇਖ : ਸਰਧਾ ਪੂਰਨ
ਪੱਤਰੇ : 1 ਅ –48 ਅ, 1 ਅ –508 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਚਮੜਾ, ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆਂ। ਸਤਰਾਂ ਪ੍ਰਤੀ ਪੰਨਾ– 9
ਆਮ ਵੇਰਵਾ : ਪੋਥੀ ਦੀ ਹਾਲਤ ਕਿਰਮ ਖੁਰਦਾ। ਪੋਥੀ ਦੇ ਸ਼ੁਰੂ ਵਿਚ 9 ਅਤੇ ਅੰਤ ਤੇ 7 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਪੱਤਰਾ ਨੰਬਰ 1 ਅ ਤੋਂ 48 ਅ ਪੋਥੀ ਸਰਧਾ ਪੂਰਨ ਦਾ ਤੱਤਕਰਾ ਹੈ। ਪੋਥੀ ਦਾ ਪਾਠ ਅਗੋਂ ਫੇਰ 1 ਅ ਪੱਤਰੇ ਤੋਂ ਸ਼ੁਰੂ ਹੁੰਦਾ ਹੈ। ਪੱਤਰਾ ਨੰਬਰ 509 ਅਤੇ 510 ਖਾਲੀ ਹਨ। ਕਿਤੇ ਕਿਤੇ ਹੜਤਾਲ ਫੇਰੀ ਹੋਈ ਹੈ।
ਅਰੰਭ : ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥...
ਅੰਤ : ... ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟਉ ਜਲਧਾਰਾ॥ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗਾਨ ਕੇ ਆਠਾਰਹਿ ਦਸ ਬੀਸ॥੧॥੬੭੬॥ ॥ ॥ ॥ ॥
॥ ॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 75 ਅ
ਸਿਰਲੇਖ : ਮਾਤ੍ਰਾ ਬਾਬੇ ਨਾਨਕ ਜੀ ਕਾ
ਪੱਤਰੇ : 511 ੳ –515 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰਾ ਨੰਬਰ 511 ੳ ਤੋਂ 513 ੳ ਤਕ ਮਾਤ੍ਰਾ ਬਾਬੇ ਨਾਨਕ ਜੀ ਕੀ ਹੈ ਪੱਤਰਾ ਨੰਬਰ 513 ੳ ਤੋਂ 515 ਅ ਤੱਕ ਦ੍ਵਾਦਸ ਮਾਤ੍ਰਾ ਸ੍ਰੀ ਬਾਬੇ ਨਾਨਕ ਜੀ ਕੀ ਹੈ।
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਬੇ ਨਾਨਕ ਜੀ ਕੀ ਲਾਲ ਸਬਾਜ ਗਾੜੇ ਨਾਲ ਹੋਈ॥ ॥ ਦਿਲ ਸਾਫ ਸਾਫੀ ਸਿਰ ਟੋਪੀ ਧਰੇਗੇ॥ ਬਿਖਤਰੇ ਸਹਰ ਮੈ ਬਿਖਤਰੇ ਰਹੇਗੇ॥ ਖਉਫ ਕੋ ਗਵਾਇ ਕਰਿ ਖਫਨੀ ਲਈ ਹੈ॥ ਮੁਰਸਦਹ ਮਨ ਕੋ ਮਿਹਰ ਕਰ ਦਈ ਹੈ॥...
ਅੰਤ : ... ਬਾਬਾ ਨਾਨਕ ਬੋਲਿਆ ਗੋਰਖ ਤੂੰ ਬਡਾ ਹੈ ਗਿਆਨੀ॥ ਤੇਰੀ ਬਾਤ ਮੇਰੇ ਮਨ ਮਾਨੀ॥ ਤੂ ਹੈ ਪੂਰਾ ਤੇਰਾ ਗੁਰੂ ਹੈ ਸੂਰਾ॥ ਇਤਿ ਦ੍ਵਾਦਸ ਮਾਤ੍ਰਾ ਕਾ ਝਾੜਾ ਸੰਪੂਰਨ ਹੋਇਆ ॥ ਪੜੰਤੇ ਸੁਨੰਤੇ ਮੋਖ ਮੁਕਤਿ ਲਹੰਤੇ ॥ ਸ੍ਰੀ ਗੁਰ ਨਾਨਕ ਜੀ ਕੇ ਚਰਨ ਪਾਦਕਾਂ ਕੋ ਨਮਸਤੇ ਨਮਸਤੇ ਨਮਸਤੇ॥੨॥

ਹੱਥ ਲਿਖਤ ਨੰ : MS 75 ੲ
ਸਿਰਲੇਖ : ਮਾਤ੍ਰਾ ਬਾਬੇ ਸ੍ਰੀ ਚੰਦ ਜਤੀ ਜੀ ਕੀ
ਪੱਤਰੇ : 516 ੳ – 525 ਅ
ਆਕਾਰ : 14 X 18 ਸ.ਮ. ਲਿਖਤ: 9X11 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੰਜ ਮਾਤ੍ਰਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਬੇ ਸ੍ਰੀ ਚੰਦ ਜਤੀ ਜੀ ਕੀ ਲਖਯਤੇ॥ ਗੁਰ ਅਬਿਨਾਸੀ ਖੇਲ ਰਚਾਇਆ॥ ਅਗਮ ਨਿਗਮ ਕਾ ਪੰਥ ਬਤਾਇਆ ॥ ਗਿਆਨ ਕੀ ਗੋਦੜੀ ਖਿਮਾ ਕੀ ਟੋਪੀ॥ ਜਤ ਕਾ ਆੜਬੰਦ ਸੀਲ ਲੰਗੋਟੀ॥ ਅਕਾਲ ਖਿੰਥਾ ਨਿਰਾਸ ਝੋਲੀ ਜੁਗਤਿ ਕਾ ਟੋਪ ਗੁਰਮੁਖੀ ਬੋਲੀ॥...

ਅੰਤ : ...ਪਵਨ ਪਾਨੀ ਅਗਨਿ ਪ੍ਰਿਥਵੀ ਅਕਾਸ॥ ਚਉਦੇ ਭਵਨ ਕੀ ਪ੍ਰਗਾਸ॥ ਨਵ ਖੰਡ ਲੇ ਬੰਦ ਬੰਦ ਬੋਲੇ॥ ਨਾਨਕ ਪੂਤਾ ਸ੍ਰੀ ਚੰਦ ਬੋਲੇ॥ ਜੁਗਤਿ ਪਛਾਣੈ ਤਤੁ ਵਿਰੋਲੈ॥੧॥੭॥ ॥

ਹੱਥ ਲਿਖਤ ਨੰ : MS 75 ਸ
ਸਿਰਲੇਖ : ਪ੍ਰਾਣ ਮਾਤ੍ਰਾ ਬਾਬੇ ਨਾਨਕ ਜੀ ਕੀ
ਪੱਤਰੇ : 525 ੳ – 529 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਪ੍ਰਾਣ ਮਾਤ੍ਰਾ ਬਾਬੇ ਨਾਨਕ ਜੀ ਕੀ॥ ਸੁਨੋ ਸਿਧੋ ਹਰਿ ਭਜਨ ਕਾ ਭੇਦ ਕਰਬੋ॥ ਕਾਂਮ ਕ੍ਰੋਧ ਕਾ ਛੇਦ ਕਰਬੋ॥ ਏਕ ਊਪਰਿ ਰਾਖਬੋ ਪੰਚ ਸਾਥੀ॥ ਮਨ ਮਹਿ ਮੰਤ ਮਾਰਬੋ ਹਾਥੀ॥ ਮੈ ਤੂੰ ਦਿਲ ਮਨ ਮੋਹ ਜੀਤਬੋ ਜੋਗੀ॥ ਜਰਾ ਮਰਨ ਮੇਟਬੋ ਪਵਨ ਰਸ ਭੋਗੀ॥...
ਅੰਤ : ...ਕਾਲਾ ਪੀਲਾ ਜਰਦ ਸੁਪੇਦ॥ ਲਾਲ ਸਬਜ ਹਿਰਮਚੀ ਰੰਗਹ ਵੇਜ॥ ਬਹੁ ਰੰਗ ਪੇਵੰਦ ਗੋਦੜੇ ਕੋ ਲਾਗੇ॥ ਸੁਰੰਤਿ ਨਿਰਤਿ ਕੇ ਸੀਏ ਤਾਗੇ॥ ਸੋਈ ਗੋਦੜੀ ਸਤਿਗੁਰ ਪਹਿਰਾਈ॥ ਨਾਨਕ ਸਤਿਗੁਰ ਸੰਗੁ ਸਹਾਈ॥੧॥੮॥

ਹੱਥ ਲਿਖਤ ਨੰ : MS 75 ਹ
ਸਿਰਲੇਖ : ਮਾਤ੍ਰਾ ਬਾਬੇ ਨਾਨਕ ਜੀ ਕੀ
ਪੱਤਰੇ : 529 ੳ – 530 ੳ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਮਾਤ੍ਰਾ ਬਾਬੇ ਨਾਨਕ ਜੀ ਕੀ॥ ਓਅੰ ਚਕਰ ਪਹਰ ਮ੍ਰਿਤਕ ਹੋਇ ਰਹੈ॥ ਬੁਧ ਪਹਰ ਬਾਉ ਕੇ ਹਰੈ॥ ਮੇਖਲਾ ਪਹਰ ਸਬਦ ਸੋ ਲੜੈ॥ ਸੋ ਜੋਗੇਸ੍ਵਰ ਸਿਰ ਟੋਪੀ ਧਰੈ॥...
ਅੰਤ : ...ਧਿਆਨ ਕਾ ਆਸਨ ਗਿਆਨ ਕੀ ਬੈਰਾਗਨਿ ਕੰਨੀ ਮੁਦ੍ਰਾ ਕੁਰਬਾਨੀ॥ ਸਿਵ ਕੀ ਛੁਰੀ ਧਰਮ ਕਾ ਦਸਤਾਰ ਤਿਸ ਨਾਲ ਕਾਟੇ ਪੰਚ ਦੁਸਟਾਨੀ॥ ਗੁਰ ਪ੍ਰਸਾਦਿ ਲਵੈ ਬਸਤ੍ਰ ਨਾਨਕ ਦਾਸ ਸਦਾ ਸਦਾ ਕੁਰਬਾਨੀ॥1॥9॥

ਹੱਥ ਲਿਖਤ ਨੰ : MS 75 ਕ
ਸਿਰਲੇਖ : ਮਾਤ੍ਰਾ ਬਾਬੇ ਅਲਮਸਤ ਜੀ ਕੀ
ਪੱਤਰੇ : 530 ੳ –532 ੳ
ਆਕਾਰ : 14X18 ਸ. ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਤਿੰਨ ਮਾਤ੍ਰਾ ਹਨ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਮਾਤ੍ਰਾ ਬਾਬੇ ਅਲਮਸਤ ਜੀ ਕੀ॥ ਓਅੰ ॥ ਖਪਨੀ ਕਰ ਕਰ ਤਨ ਖਪਨਾਵੈ॥ ਅਹੰ ਬੁਧਿ ਤਨ ਮਾਹਿ ਮਿਟਾਵੈ॥ ਚਾਰ ਦਿਸਾ ਕੀ ਖਬਰ ਸੁਨਾਵੈ॥ ਤੌ ਚੱਕ੍ਰ ਚੌਪਲਾ ਲੇ ਗਲੈ ਮੋ ਪਾਵੈ॥ ਸੇਲੀ ਸਿੰਛੀ ਅਰੁ ਮ੍ਰਿਗਾਨ॥ ਨਗਰੀ ਬੈਠੋ ਗੁਰ ਕੀ ਆਨ॥...

ਅੰਤ : ...ਫੂਲ ਮਾਲਾ ਮਾਫ॥ ਚੋਲਾ ਚਾਕ॥ ਨਾਮ ਤੇਰਾ ਪਾਕ॥ ਸੂਈਦਾਨਾ ਸੁਰਤਿ ਹੈ। ਮੇਖਲੀ ਪ੍ਰਕ੍ਰਿਤ ਹੈ॥ ਤੂੰਬਾ ਤਿਰਾਜ ਹੈ॥ ਸੇਲੀ ਸਫਾਕ ਹੈ॥ ਜਗੋਟਾ ਜਮਾਤ ਹੈ॥ ਬਟੂਆ ਸਾਥ ਹੈ॥ ਕਿਸਤੀ ਹਾਥ ਹੈ ॥ ਨਾਨਕ ਹਲੀਮੀ ਕਰਾਮਾਤ ਹੈ॥੧੨॥

ਹੱਥ ਲਿਖਤ ਨੰ : MS 75 ਖ

ਸਿਰਲੇਖ : ਮਾਤ੍ਰਾ ਬਾਵੇ ਭਗਤ ਭਗਵਾਨ ਜੀ ਕੀ

ਪੱਤਰੇ : 533 ੳ –533 ੳ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਵੇ ਭਗਤ ਭਗਵਾਨ ਜੀ ਕੀ॥ਤੇਲੀਆ ਅਵਧੂਤ ਜੋਗੀ॥ ਆਵਤ ਜਾਤ ਨਿਰਤ ਕਰ ਖੇਲੀ॥ ਮੋਰ ਕਾ ਦਸਤਾਰ ਮਸਤਕ ਬਿਰਾਜੈ॥ ਸਿਰ ਜਟਾ ਜੂਟ ਜੋਗੀਆ ਲੇ ਸਾਜੈ॥...

ਅੰਤ : ...ਕਿਸ ਤੀ ਛੁਰੀ ਫਹੋੜੀ ਚਿਤੰਬਰ ਬਘੰਬਰ॥ ਗਲ ਬੋਧ ਗੋਦੜਾ ਗਲ ਵਿਚ ਫੂਲਮਾਲਾ॥ ਗਠੰਤ ਮਾਤ੍ਰਾ ਭਗਤ ਭਗਵਾਨ ਮਾਲਾ॥੧੩॥

ਹੱਥ ਲਿਖਤ ਨੰ : MS 75 ਗ

ਸਿਰਲੇਖ : ਮਾਤ੍ਰਾ ਚਰਪਟ ਨਾਥ ਜੀ ਕੀ

ਪੱਤਰੇ : 533 ੳ –534 ੳ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਮਾਤ੍ਰਾ ਚਰਪਟ ਨਾਥ ਜੀ ਕੀ॥ ਸੇਲੀ ਨ ਬਾਧੋ ਨ ਉਡਾਉ ਮ੍ਰਿਗਾਨੀ॥ ਖਿੰਥਾ ਨ ਪਹਰੋ ਜੋ ਹੋਇ ਜਾਇ ਪੁਰਾਨੀ॥ ਬਿਭੂਤ ਨ ਲਗਾਊ ਜੋ ਉਤਰ ਉਤਰ ਜਾਇ॥ ਖਰ ਵਾਗ ਲੇਟੇ ਮੇਰੀ ਬਲਾਇ॥ ਦੁਆਰਾ ਦੇਖ ਧੂਣੀ ਨਾ ਪਾਉ॥ ਸੰਧਿਆ ਦੇਖ ਸਿੰਗੀ ਨ ਬਜਾਊ॥ ਗ੍ਰਿਹ ਗ੍ਰਿਹ ਕੂਕਰ ਕੀ ਨਿਆਈ ਮਾਂਗਣੇ ਨ ਜਾਊ॥ ਭੇਖ ਕਾ ਜੋਗੀ ਕਦੇ ਨ ਕਹਾਊ॥ ਆਤਮ ਕਾ ਜੋਗੀ ਚਰਪਟ ਮੇਰਾ ਨਾਊ॥...

ਅੰਤ : ...ਖਾਇਆ ਪੀਆ ਕੀਆ ਭੋਗ॥ ਬੋਲੇ ਚਰਪਟ ਬਿਗਾੜਾ ਜੋਗ॥ ਉਠ ਚਲੈ ਕਛੁ ਬਾਤ ਨ ਪੂਛੈ ਕਹੋ ਕਹਾ ਤੁਮ ਜਾਨਾ॥ ਜਹਾਂ ਜਾਨਾ ਤਹਾਂ ਜਾਇ ਪਹੁਚੈ ਚਾਇ ਨਹੀ ਕਛੁ ਖਾਨਾ॥ ਜਹਾਂ ਪੜਾ ਮੂਸਲਾ ਤਹੀ ਖੇਮ ਕੂਸਲਾ॥ ਕਿਆ ਬਸਤੀ ਕਿਆ ਉਦਿਆਨਾ॥ ਤਬ ਬੋਲੇ ਚਰਪਟ ਸਮਝੇ ਗੋਰਖ ਕਿਨੇ ਵਿਰਲ ਜੋਗ ਕਮਾਨਾ॥੧੪॥

ਹੱਥ ਲਿਖਤ ਨੰ : MS 75 ਘ

ਸਿਰਲੇਖ : ਮਾਤ੍ਰਾ ਬਾਵੇ ਬਲਖੰਡੀ ਜੀ ਕੀ

ਪੱਤਰੇ : 534 ੳ –536 ਅ

ਆਕਾਰ : 14X18 ਸ.ਮ. ਲਿਖਤ: 9X11 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਮਾਤ੍ਰਾ ਬਾਵੇ ਬਲਖੰਡੀ ਜੀ ਕੀ॥ ੧ਓ ਸਤਿਗੁਰ ਪ੍ਰਸਾਦਿ॥ ਜਟਾ ਜੂਟ ਮਜਬੂਤ ਗਿਆਨ ਕੀ ਬਿਭੂਤ ਲੇ ਰਮੇ ਜੋਗੀ ਅਵਧੂਤ ਜੰਗ ਸਰਬੰਗ ਕੂਜਾ ਨਗਾਰਾ॥ ਤੋੜਾ ਜੋੜਾ ਤੋੜ ਪਾਵੇ ਮੈ ਡਾਰਾ ॥ ਓਅੰ ਬਨ ਖੰਡੀ ਜੋਗੀ ਆਵਧੂਤ ਆਦ ਬਿੰਦ ਤੇ ਚਲਾਇਆ॥ ਘੂੰਘਰੂ ਡੋਰੀਆ॥ ਸਾਕਨੀ ਮਾਕਨੀ ਮਾਨਵੀ ਜੰਜੀਰ॥...

ਅੰਤ : ...ਬਾਬਾ ਆਦਮ ਅੰਮਾ ਹਵਾ॥ ਮਕੇ ਮਦੀਨੇ ਚੜਿਆ ਤਵਾ॥ ਪਹਲੀ ਰੋਟੀ ਫਕਰ ਕੋ ਰਵਾ॥ ਨਹੀ ਦੇ ਰੋਟੀ ਫੂਟੇ ਕਠੋਤੀ ਤਵਾ॥ ਫਕਰ ਖੇਲੇ ਅਪਨੀ ਰਵਾ ਕੁਜਾਲੀ ਨਾਮ ਨ ਬਸ ਕੀਨਾ॥ ਏਤੀ ਅਬਦਾਲ ਮਾਤ੍ਰਾ ਕਾ ਝਾੜਾ॥ ਖਟ ਦਰਸਨ ਮੈ ਬਾਦ ਬਿਬਾਦ ਕਰੇ ਤਿਸ ਗੀਦੀ ਕਾ ਮੂੰਹ ਕਾਲਾ॥੧੫॥

ਹੱਥ ਲਿਖਤ ਨੰ : MS 75 ਛ

ਸਿਰਲੇਖ : ਮਾਤ੍ਰਾ ਬਾਵੇ ਸ੍ਰੀ ਚੰਦ ਜੀ ਕੀ

ਪੱਤਰੇ : 536 ਅ –540 ਓ

ਆਕਾਰ : 14X18 ਸ. ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਦੋ ਮਾਤ੍ਰਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਮਾਤ੍ਰਾ ਬਾਵੇ ਸ੍ਰੀ ਚੰਦ ਚੰਦ ਜੀ ਕੀ॥ਪੰਚ ਕੋਸ ਕਿਆ ਹੈ॥ ਅੰਨਮਯ ਪ੍ਰਾਣਮਯ ਮਨੋਮਯ ਵਿਗਿਆਨਮਯ ਅਨੰਦਮਯ ਇਹ ਪਾਂਚ ਕੋਸ ਹੈ॥ ਅੰਨਮਯ ਕੋਸ ਕਾ ਕਿਆ ਨਾਮ ਹੈ॥ ਅੰਨਰਸ ਕਰਕੇ ਹੁਆ ਹੈ॥ ਅੰਨਰਸ ਕਰ ਕੇ ਬਡਾ ਹੁਆ ਹੈ॥ ਅੰਨਰਸ ਮਈ ਪ੍ਰਿਥਵੀ ਹੈ॥ ਤਿਸ ਕੇ ਵਿਖੇ ਲੀਣ ਹੋਇ ਗਾਇਆ ਹੈ॥ ਤਿਸ ਕਾ ਅਸਥੂਲ ਸਰੀਰ ਹੁਆ॥ ਪ੍ਰਾਣਮਯ ਕੋਸ ਮਨੋਮਯ ਕੋਸ ਵਿਗਯਾਨਮਯ ਕੋਸ ਇਹ ਜੋ ਤਿੰਨ ਕੋਸ ਹੈ ਸੂਖਮ ਸਰੀਰ ਹੈ॥ ...

ਅੰਤ : ...ਜਬ ਅਕਾਸ ਸਿਧ ਦੇਹ ਚਲਾਈ॥ ਸ੍ਰੀ ਚੰਦ ਯਹਿ ਮਾਤ੍ਰਾ ਗਾਈ॥ ਮਾਤ੍ਰਾ ਕਹੇ ਸੋ ਜੁਗਤ ਕਮਾਵੈ॥ ਨਿਰਭਉ ਡੰਕ ਨਗਾਰਾ ਵਾਵੈ॥ ਮਾਤ੍ਰਾ ਬਿਧ ਜਿਨ ਨਿਸਚੇ ਕੀਨੀ॥ ਤਿਨ ਉਦਾਸ ਮੁਖ ਪਦਵੀ ਲੀਨੀ॥੧੭॥

ਹੱਥ ਲਿਖਤ ਨੰ : MS 75 ਚ

ਸਿਰਲੇਖ : ਮਾਤ੍ਰਾ ਸਹਜਾ ਨੰਦ ਉਦਾਸੀ ਜੀ ਕੀ

ਪੱਤਰੇ : 540 ਓ –543 ਓ

ਆਕਾਰ : 14X18 ਸ. ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਮਾਤ੍ਰਾ ਸਹਜਾ ਨੰਦ ਉਦਾਸੀ ਜੀ ਕੀ॥ ਗਿਆਨ ਗੁਫਾ ਮੈ ਕਰੈ ਸਮਾਧ॥ ਧੀਰਜ ਆਸ ਨ ਬੈਠੇ ਸਾਧ॥ ਪੰਚ ਤਤ ਕੀ ਧੂਣੀ ਪਾਵੈ॥ ਬ੍ਰਹਮ ਗਿਆਨ ਕੀ ਅਗਨਿ ਜਲਾਵੈ॥ ਐਸੋ ਜੋਗੀ ਸਾਧੈ ਜੋਗ॥ ਨਾ ਤਿਸੁ ਕਾੜਾ ਨਾ ਤਿਸੁ ਰੋਗੁ॥ ਤੀਨ ਗੁਫਾ ਤਜ ਪੀਵੈ ਪਾਣੀ॥ ਚਉਥੈ ਸੁਰਤਿ ਧਰੈ ਨਿਰਬਾਣੀ॥ ...

ਅੰਤ : ...ਇਹੁ ਮਾਤ੍ਰਾ ਪਹਰੇ ਜੋ ਕੋਇ॥ ਆਵਾ ਗਵਨ ਮਿਟਾਵੈ ਸੋਇ॥ ਮਾਤ੍ਰਾ ਪੜੈ ਪੜਾਵੈ ਮਨ ਸਮਝਾਵੈ॥ ਗੁਰ ਪ੍ਰਮੇਸਰ ਤੇ ਬਨ ਆਵੈ॥ ਕਾਲ ਜਾਲ ਜਮ ਲਗੈ ਨ ਤ੍ਰਾਸ ਸਹਜਾਨੰਦ ਵਸੈ ਹਰਿ

ਪਾਸ॥ ਬਿਬੇਕ ਮਾੜ੍ਹਾ ਪੂਰਨ ਹੋਈ॥ ਕਹੈ ਸਹਜਾਨੰਦ ਉਦਾਸੀ ਸੋਈ॥ ਮਾੜ੍ਹਾ ਸੰਪੂਰਨ ਹੋਈ॥ ਸ੍ਰੀ ਚੰਦ ਸਹਜਾ ਨੰਦ ਹੋਈ ॥ ਮਾੜ੍ਹਾ ਸਾਹਿਬ ਸਹਜਾਨੰਦ ਉਦਾਸੀ ਜੀ ਕੀ ਸੰਪੂਰਣੰ ਸਮਾਪਤੰ ਸ਼ੁੰਭ॥੧॥੧੮॥

ਹੱਥ ਲਿਖਤ ਨੰ : MS 75 ਛ
ਸਿਰਲੇਖ : ਮਾੜ੍ਹਾ ਸਾਹਿਬ ਰਾਮ ਦਿਆਲ ਜੀ ਕੀ
ਪੱਤਰੇ : 543 ਅ –545 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਮਾੜ੍ਹਾ ਤੋਂ ਬਾਅਦ 6 ਦੋਹਰੇ ਦਿੱਤੇ ਹਨ।
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਸਾਹਿਬ ਰਾਮ ਦਿਆਲ ਉਦਾਸੀ ਜੀ ਕੀ ਲਿਖਯਤੇ॥ਰਹਤ ਕੋ ਟੋਪੁ ਧਰ ਗਜ਼ਾਨ ਧਰ ਮੇਖਲੀ ਜੁਗਤਿ ਕੋ ਸਬਦ ਨਿਤ ਬੋਲ ਜੋਗੀ॥ ਪੰਚ ਦਲ ਮਾਰ ਮਨ ਮੂੰਡ ਚੇਲਾ ਕਰਹੁ ਤਿਆਗ ਮਦ ਮਾਨ ਮਤ ਮਾਨ ਭੋਗੀ॥ ਸੀਲ ਸੰਤੋਖ ਕੋ ਆੜ ਬੰਦ ਬਾਧ ਲੈ ਜਾਤ ਅਰੁ ਸਤ ਧਾਰੋ ਲੰਗੋਟੀ॥ …
ਅੰਤ : …ਬਦੂਆ ਬੈਠ ਇਸਥਿਰ ਹੋ ਨਾਦ ਤ੍ਰਿਕੁਟੀ ਬਜੈ ਅਨਕ ਹੀ ਸਾਜੈ ਮੁਚੰਗਾ॥ ਧਰਮ ਕੀ ਸਾਲ ਮੈ ਸੁਰਤ ਪਰਦੇਸ ਮੈ ਸਮਤ ਮਾ.ਵਾ ਹੁਵਾ ਹੈ ਉਪੰਗਾ॥ ਗੁਰੂ ਗੋਬਿੰਦ ਗੁਰ ਨਾਨਕ ਗੁਰ ਪੂਤ ਤੇ ਮਾਤਰਾ ਅੰਤ ਸਾਰੀ ਪ੍ਰਗਾਸੀ॥ ਦੋਊ ਕਰ ਜੋਰ ਸਿਧ ਰੇਨ ਸੰਤਨ ਕਹੀ ਸੰਤ ਹੀ ਰੈਨ ਜਾਨੈ ਉਦਾਸੀ॥ ਇਤਿ ਸੰਪੂਰਨੰ॥੧੯॥

ਹੱਥ ਲਿਖਤ ਨੰ : MS 75 ਜ
ਸਿਰਲੇਖ : ਖੜਕਾ ਬਾਵੇ ਸ੍ਰੀ ਚੰਦ ਜੀ ਕੀ
ਪੱਤਰੇ : 546 ਓ – 547 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਖੜਕਾ ਬਾਵੇ ਸ੍ਰੀ ਚੰਦ ਜੀ ਕਾ॥ ਸਾਧੋ ਕਾਂਇਆ ਗੜ ਨਿਪਟ ਅਤਿ ਬਿਕਟ ਭਾਰੀ ਖਟ ਬੁਰਜ ਬਾਕੇ ਬਨੇ ਮਧਿ ਘੜ ਘਟਿ ਨਉ ਕੋਟਿ ਦਸ ਦੁਆਰੀ॥ ਜਹਾਂ ਕ੍ਰੋਧ ਸੇ ਜੋਧ ਅਰੁ ਕਾਂਮ ਬਲਿਬੀਰ ਸੇ ਮਹਾਂ ਪ੍ਰਚੰਡ ਹੈ ਧਨੁਖ ਧਾਰੀ॥ ਜਹਾਂ ਲੋਭ ਸੇ ਭੂਪ ਅਰੁ ਮੋਹਿ ਸੇ ਦੂਤ ਹੈ ਗਰਬ ਸੇ ਬਲੀ ਬਲਵੰਤ ਕਾਰੀ॥ …
ਅੰਤ : …ਤਬ ਜੀਤ ਗੜ ਬਿਖਮ ਕਉ ਬੈਠ ਕਰ ਤਖਤ ਪਰ ਗਾਢ ਨੀਸਾਨ ਅਰੁ ਨੰਦ ਪੂਰਾ॥ ਤੀਨ ਉਰੁ ਤੀਸ ਉਸਤਤਿ ਕਰਹਿ ਨਾਨਕਾ ਭਲੇ ਜੀ ਭਲੇ ਬਲਵੰਤ ਸੂਰਾ॥੨●॥

ਹੱਥ ਲਿਖਤ ਨੰ : MS 75 ਝ
ਸਿਰਲੇਖ : ਭਸਮ ਗਾਇਤ੍ਰੀ
ਪੱਤਰੇ : 547 ਅ – 550 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ

ਅਰੰਭ : ੧ੴਸਤਿਗੁਰ ਪ੍ਰਸਾਦਿ॥ ਓਅੰ ਆਦਿ ਕਾ ਜੋਗੀ ਅਨਾਦਿ ਕੀ ਬਿਭੂਤ॥ ਸਤ ਕਾ ਨਾਤਾ ਧਰਮ ਕਾ ਪੂਤ॥ ਕਾਲ ਕੌ ਮਾਰ ਭਏ ਅਵਧੂਤ॥ ਓਅੰ ਅਉਧੂ ਅੰਬਰ ਝਰੇ ਧਰਤੀ ਪਰੇ॥ ਤਿਸ ਕੀ ਸਾਖਾ ਗਾਇਤ੍ਰੀ ਚਰੈ॥ ਸੋ ਗਾਇਤ੍ਰੀ ਗੋਬਰੰਗੀ ਕਰੈ॥ ਸੋ ਗੋਬਰੀ ਸੂਰਜ ਮੁਖ ਸੁਕੇ ਅਗਨਿ ਮੁਖ ਜਰੈ॥ ਸੋ ਭਸਮੰਤ੍ਰੀ ਸ੍ਰੀ ਚੰਦ ਜਤੀ ਅਵਧੂਤ ਕੇ ਮਸਤਕ ਚੜੈ॥...

ਅੰਤ : ...ਜਾਣਿ ਬਾਤਿ ਭਏ ਪ੍ਰਗਾਸ॥ ਸ੍ਰੀ ਚੰਦ ਛਡੀ ਸੰਸਾਰ ਕੀ ਆਸ ॥ ਆਸਾ ਮਾਹਿ ਨਿਰਾਲਮ ਗਏ॥ ਜਬਿ ਸ੍ਰੀ ਚੰਦ ਭਸਮ ਗਾਇਤ੍ਰੀ ਗਏ॥ ਇਤਿ ਸ੍ਰੀ ਗਾਇਤ੍ਰੀ ਸੰਪੂਰਨੰ॥ ਭੜੰਤੇ ਸੁਨੰਤੇ ਮੋਖ ਮੁਕਤਿ ਲਹੰਤੇ॥ ਗੁਰੂ ਸ੍ਰੀ ਚੰਦ ਜੀ ਕੇ ਚਰਨ ਪਾਦਕਾ ਕੋ ਨਮਸਤੇ ਨਮਸਤੇ ਨਮਸਤੇ॥੨੧॥

ਹੱਥ ਲਿਖਤ ਨੰ : MS 75 ਵ

ਸਿਰਲੇਖ : ਮਾੜ੍ਹਾ ਬਾਵੇ ਬਾਲੂ ਹਸਨੇ ਜੀ ਕੀ

ਪੱਤਰੇ : 550 ਅ –556 ਓ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਸ੍ਰੀ ਗੁਰਦੇਵ ਨਾਨਕ ਕੋ ਨਮੋ ਨਮ:॥ ੧ੴਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਬਾਵੇ ਬਾਲੂ ਹਸਨੇ ਜੀ ਕੀ ਲਿਖਜਤੇ॥ ਓਅੰ ਸਿਖਾ ਕਟੰਤ॥ ਅਕਲੰਕ ਮਲੰਦ ਹੰਤ ਸੋ ਸੰਤ॥ ਓਅੰ ਓਰਸਨਾਰ ਰੰਤ॥ ਨਾਨਕ ਮਿਲੰਤ ਤਾਹਿ ਭਗਵੰਤ॥੧॥ ...

ਅੰਤ : ...ਓਅੰ ਉਲਟੰਤ ਬਿਭੂਤ ਪਲਟੰਤ ਕਾਇਆ॥ ਸਿਧ ਕਾ ਮਤਾ ਸਾਦਕ ਨੇ ਪਾਇਆ। ਉਲਟੇ ਪਲਟੇ ਖੰਡੇ ਰੋਗ॥ ਸੱਤ ਹੈ ਸਬਦ ਤੱਤ ਹੈ ਜੋਗ॥ ਜਬ ਉਲਟੇ ਤਬ ਰੂਪ ਦਿਖਾਵੈ॥ ਜਬ ਪਲਟੇ ਤਬ ਸਹਜ ਘਰਿ ਆਵੈ॥ ਉਲਟਿ ਪਲਟਿ ਮਨ ਭਇ ਅਛਾਈ॥ ਪ੍ਰਣਵਤ ਨਾਨਕ ਪਰਮ ਗਤਿ ਪਾਈ॥੧॥ ੧੬॥੨੨॥

ਹੱਥ ਲਿਖਤ ਨੰ : MS 75 ਟ

ਸਿਰਲੇਖ : ਮਾੜ੍ਹਾ ਗੁਰੂ ਨਾਨਕ ਜੀ ਕੀ

ਪੱਤਰੇ : 556 ਅ –558 ਅ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਨਾਨਕ ਜੀ ਕੀ ਲਿਖਜਤੇ॥ ਕਵਨ ਉਸਤਰਾ ਕਵਨ ਪਾਨੀ॥ ਮੂੰਡ ਮੁੰਡਾਇਆ ਤੂੰ ਕਿਸ ਕੀ ਬਾਨੀ॥ ਸਤ ਕਾ ਉਸਤ੍ਰਾ ਬ੍ਰਹਮ ਪਾਨੀ॥ ਮੂੰਡ ਮੁੰਡਾਇਆ ਸਤਿਗੁਰ ਕੀ ਬਾਨੀ॥ ਕਿਸ ਨੇ ਮੂੰਡਿਆ ਕਿਸਨੇ ਮੂੰਡਾਇਆ॥...

ਅੰਤ : ...ਕਨਕ ਪਤ੍ਰ ਸਦਾ ਅਰੋਗੁ॥ ਸਤਿਗੁਰ ਬਤਾਇਆ ਪੂਰਾ ਜੋਗੁ॥ ਆਈ ਭਗਤਿ ਪਤ੍ਰ ਮਹਿ ਖਾਇ॥ ਨਾਨਕ ਨਿਰਬਾਣ ਕੇ ਸਬਦ ਸਿਉ ਪਵਿਤ੍ਰ ਹੋਇ ਜਾਇ॥ ਸਿਉ ਧਰਿਆ ਸਕਤਿ ਉਠਾਇਆ॥ ਕਰਮ ਦੂ ਕਾ ਸੰਤੋਖ ਸਿਉ ਪਾਇਆ ॥ ਨਉ ਨਾਥ ਚਉਰਾਸੀ ਸਿੱਧ ਸਿਉ ਮਿਲਿ ਗੁਰੂ ਨਾਨਕ ਪੱਤ੍ਰ ਸਿਉ ਪੱਤ੍ਰ ਮਿਲਾਇਆ॥ ਆਦੇਸ ਹੋ ਸਿਧੋ ਆਦੇਸ॥੧॥ ਮਾੜ੍ਹਾ ਸ੍ਰੀ ਗੁਰੂ ਨਾਨਕ ਜੀ ਕੀ ਸੰਪੂਰਨੰ॥੨੪॥

ਹੱਥ ਲਿਖਤ ਨੰ : MS 75 ਠ

ਸਿਰਲੇਖ : ਮਾੜ੍ਹਾ ਬਾਬੇ ਸ੍ਰੀ ਚੰਦ ਜੀ ਕੀ

ਪੱਤਰੇ : 558 ਅ –563 ਓ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਦੋ ਮਾਤ੍ਰਾ ਹਨ। ਪਹਿਲੀ ਨੂੰ 25 ਅੰਕ ਪਾਇਆ ਹੈ ਪਰ ਅੰਤਮ ਮਾਤ੍ਰਾ ਨੂੰ ਕੋਈ ਅੰਕ ਨਹੀਂ ਪਾਇਆ ਅਤੇ ਇਸ ਦੀ ਕਾਨੀ ਅਤੇ ਸਿਆਹੀ ਵੀ ਅਲਗ ਹੈ। ਪੱਤਰਾ ਨੰਬਰ ਵੀ ਨਹੀਂ ਪਾਇਆ ਹੋਇਆ, ਬਾਅਦ ਵਿਚਵ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀ ਲਿਖਜਤੇ॥ ਓਅੰ ਦੇਵਲ ਧਰਤੀ ਦੇਵਲ ਅਕਾਸ॥ ਦੇਵਲ ਦੇਵ ਭਇਆ ਪ੍ਰਕਾਸ॥ ਅਉਧੂ ਸੁਰਤਿ ਨਿਰਤ ਕਰ ਬੋਲਉ॥ ਗਿਆਨ ਰਤਨ ਕੀ ਕੋਠੜੀ ਕਿਸੈ ਪਾਰਖੂ ਆਗੈ ਖੋਲਉ॥ ਪ੍ਰਥਮੈ ਗੁਰ ਕੇ ਪੂਜਹੁ ਪਾਇ॥ ਜਿਨਿ ਗੁਰ ਆਤਮ ਦੀਆ ਬਤਾਇ॥…

ਅੰਤ : …ਉਦਾਸ ਰੂਪ ਪਾਣੀ ਅਰ ਪਵਣ॥ ਜਾਕੇ ਬਧੇ ਤ੍ਰੈ ਲੋਕ ਭੌਣ ॥ ਉਦਾਸ ਰੂਪ ਸਬਦ ਪ੍ਰਕਾਸ॥ ਗੁਰ ਕਾ ਸਬਦ ਭਏ ਪ੍ਰਕਾਸ॥ ਗੁਰ ਕਾ ਸਬਦ ਅਮਰ ਹੋਰ ਸਭ ਨਾਸ॥ ਗੁਰ ਕੀ ਉਸਤਤਿ ਜੋ ਜਨ ਕਰੇ॥ ਕਹੁ ਨਾਨਕ ਜੂਨੀ ਕਬਹੁ ਨਾ ਪਰੇ ॥ ਬੋਧ ਮਾਤ੍ਰਾ ਉਦਾਸ ਮਾਤ੍ਰਾ ਬਾਬੇ ਸ੍ਰੀ ਚੰਦ ਸਾਹਿਬ ਜੀ ਕਾ ਸੰਪੂਰਣ ਹੂਆ॥ ਨਮਸਤੰ ਨਮਸਤੇ॥ ਸੰਤ ਬਾਵਾ ਸੇਵਾ ਦਾਸ ਜੀ ਨੇ॥

ਹੱਥ ਲਿਖਤ ਨੰ : MS 77 ਸੰਗ੍ਰਹਿ

ਸਿਰਲੇਖ : ਮਹਿਮਾ ਪ੍ਰਕਾਸ਼

ਪੱਤਰੇ : 4 ਓ–5,17-25,32,65-72,81-112, 137-160,184-254,251-289,379-394, 404-409, 431 ਓ

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਜਿਲਦ ਬਗੈਰ, ਹਾਸ਼ੀਏ ਬਗੈਰ; ਸਤਰਾਂ ਪ੍ਰਤੀ ਪੰਨਾ– 24

ਆਮ ਵੇਰਵਾ : ਪੋਥੀ ਅਖੀਰ ਵਿਚ ਭਿੱਜੀ ਹੋਈ ਹੈ॥ ਪੱਤਰਾ ਨੰਬਰ 4 ਅਤੇ 409 ਤੋਂ 415 ਤਕ ਫਟੇ ਹੋਣ ਕਾਰਣ ਪੂਰੀ ਤਰ੍ਹਾਂ ਪੜ੍ਹਨ ਜੋਗ ਨਹੀਂ ਹਨ॥ਪੋਥੀ ਕਿਤੇ ਕਿਤੇ ਕਿਰਮ ਖੁਰਦਾ॥251-254 ਪੱਤਰਾ ਨੰਬਰ ਦੋ ਵਾਰੀ ਲਿਖਿਆ ਹੋਇਆ ਹੈ, 279-289 ਦੋ ਵਾਰੀ ਲਿਖੇ ਹਨ, ਇਸ ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ॥

ਅਰੰਭ : …..ਸੰਕਾ ਨਿਵਾਰਨ ਉਤ੍ਰੂ॥ ਗੁਰ ਨਾਨਕ ਨਾਮ ਇਕੁ ਅੰਕ ਨਿਧ ਭਗਤ ਲਗੀ ਤਿਹ ਸੁੰਨ॥ ਭਗਤ ਸੁਨ ਲਾਗਤ ਬਢੈ ਨਾਮ ਰੂਪ ਦਸ ਗੁਨ॥੧੩॥ ਕਰ ਆਸ ਖਗਮ ਨੇ ਸਰਬ ਬਡਭਾਗੀ ਸਭ ਸੰਤ॥ ਸਾਂਤ ਭਈ ਸਭ ਜਗਤ ਮੋ ਫੂਲੀ ਭਗਤ ਬਸੰਤ॥੧੪॥…

ਅੰਤ : …ਸਾਖੀ ਪੂਰਨ ਹੋਈ ॥ ਏਹ ਬੰਦੇ ਕੀ ਕਥਾ ਸਛੋਪ ਕਹੀ ਜੋ ਸੁਨੀ॥ ਆਗੇ ਸਾਖੀ ਦਸ ਮਹਲਾ ਕੀ ਅਰ ਬੰਦੇ ਉਨਕੇ ਕੀ ਸੰਪੁਰਨ ਹੋਈ॥ ॥ ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰਲੇ ਓਧਾਰ॥

ਹੱਥ ਲਿਖਤ ਨੰ : MS 77 ਅ

ਸਿਰਲੇਖ : ਦਸਾਂ ਮਹਲਾਂ ਕੀ ਉਸਤਤ

ਲੇਖਕ : ਸੁਰਤ ਰਾਮ

ਪੱਤਰੇ : 413 ਓ–414 ਅ

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਦਸਾਂ ਮਹਲਾਂ ਕੀ ਉਸਤਤ॥ ਭਾਈ ਸੁਰਤ ਰਾਮ ਨੇ ਕੀਤੀ॥ ਜਪੈ ਨਉ ਖੰਡ ਪ੍ਰਿਥਮੀ ਸਪਤ ਸਾਗਰਾ ਜਪੈ ਆਕਾਸ ਪਾਤਾਲ ਸਾਂਨਕਾ॥ ਜਪੈ ਸਾਮੀਰ ਅਰੁ ਮੀਰ ਬੈਸੰਤ੍ਰੋ ਜਪੈ ਕੈਲਾਸ ਸੁਮੇਰ ਥਾਨਕਾ॥ ਜਪੈ ਬ੍ਰਹਮਾਦ ਬਿਸਨਾਦ ਰੁਦ੍ਰਾਦ ਫੁਨ ਜਪੈ ਨਕਾਦ ਇਦਾਦ ਭਾਨਕਾ ॥ ਸ੍ਰਿਸ੍ਰੂ ਜਪ ਜਪ ਤਰੈ ਸਕਲ ਜੈ ਜੈ ਕਰ ਪ੍ਰਗਟਿ ਪਾਰਬ੍ਰਹਮ ਗੁਰਦੇਵ ਨਾਨਕਾ॥੧॥...

ਅੰਤ : ...ਦਸ ਅਵਤਾਰ ਲੀਏ ਕਲ ਭੀਤਰ ਗੁਰ ਨਾਨਕ ਅੰਗਦ ਨਾਮ ਧਰਾਇਆ॥ ਅਮਰ ਦਾਸ ਰਾਮ ਦਾਸ ਗੁਰੂ ਅਰਜੁਨ ਰੂਪ ਆਪ ਧਰਾਇਆ॥ ਹਰਿ ਗੋਬਿੰਦ ਹਰਿ ਰਾਇ ਗੁਰੁ ਹਰਿ ਕ੍ਰਿਸ਼ਨ ਭੀ ਨਾਮ ਆਪ ਕਹਾਵਾਇਆ॥ ਗੁਰੂ ਤੇਗ ਬਹਾਦਰ ਗੁਰੂ ਗੋਬਿੰਦ ਸਿੰਘ ਅਪਨਾ ਖੇਲ ਆਪ ਪ੍ਰਗਟਾਇਆ॥ ਦਸ ਅਉਤਾਰ ਕੀਏ ਗੁਰ ਨਾਨਕ ਜੀ ਭਿੰਨ ਭਿੰਨ ਥਪਕਰ ਦਿਖਰਾਇਆ॥੧੩॥ ਬੋਲਹੁ ਭਾਈ ਜੀ ਵਾਹਿਗੁਰੂ॥ ਦਸਾਂਦ ਮਹਲਾ ਕੀ ਉਸਤਤ ਸੰਪੂਰਨ ਹੋਈ॥ ॥

ਹੱਥ ਲਿਖਤ ਨੰ : MS 77 ਏ

ਸਿਰਲੇਖ : ਸਵਯੇ ਉਸਤ ਗੁਰੂ ਬਾਬੇ ਜੀ ਕੀ

ਲੇਖਕ : ਬਦਲ ਸਿੰਘ ਆਜ਼ਮਗੜ੍ਹ ਵਾਸੀ

ਪੱਤਰੇ : 414 ਅ-415

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੱਤਰੇ ਫਟੇ ਹੋਣ ਕਾਰਣ ਲਿਖਤ ਪੂਰੀ ਤਰ੍ਹਾਂ ਪੜ੍ਹਨ ਜੋਗ ਨਹੀਂ॥

ਅਰੰਭ : ੧ੴ ਸ੍ਰੀ ਵਾਹਗੁਰੂ ਜੀ॥ ਸਵਯੇ ਉਸਤ [ਉਸਤਤ] ਗੁਰੂ ਬਾਬੇ ਜੀ ਕੀ ਬਦਲ ਸਿੰਘ ਸਿਖ ਅਜਮਗੜ ਬਾਸੀ ਨੇ ਕੀਏ॥ ਕ੍ਰਿਪਾ ਕੇ ਨਿਧਾਨ ਪੁਨ ਪੂਰਨ ਪ੍ਰਧਾਨ ਪਭੂ [ਪ੍ਰਭੂ] ਪਤਿਤਨ ਕੇ ਪਾਪ ਪਲ ਮੇ ਬਿਦਾਰੇ ਹੈ॥...

ਅੰਤ : ...ਕਰੋ ਰਛਾ ਨਬੇ ਨਰਕ ਤੇ ਨਿਕਾਰ ਤਾਰੇ ਲਜਿਤ ਭਏ ਜਮਰਾਜ ਉਟ ਦੇਖੇ ਸਰਨ ਕੀ॥ ਚਾਰ ਮੁਖ ਪਾਚ ਮੁਖ ਹਾਰੇ ਕੈਹ ਚਾਰ ਮੁਖ ਉਰਮਾ ਰਹੀ ਨ ਜਾਹਿ ਨਾਨਕ ਚਰਨ ਕੀ॥੩॥

ਹੱਥ ਲਿਖਤ ਨੰ : MS 78

ਸਿਰਲੇਖ : ਗੁਰਬਾਣੀ-ਸ਼ਬਦ ਸੰਗ੍ਰਹਿ

ਪੱਤਰੇ : 1 ਓ-272

ਆਕਾਰ : 13X17 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ, ਕਪੜਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ; ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ, ਅਤੇ 2 ਓ ਪੱਤਰੇ ਤੇ ਪਹਿਲੇ ਹਾਸ਼ੀਏ ਵਿਚ ਚੁਪਾਸੀਂ ਇਕ ਹੋਰ ਉਸੇ ਤਰ੍ਹਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ- 10

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਹਾਸ਼ੀਏ ਵਾਲਾ ਇਕ ਪੱਤਰਾ, 1 ਅ ਖਾਲੀ ਹੈ।ਅੰਤ ਤੇ ਪਾਠ ਅਧੂਰਾ ਹੈ। ਇਕ ਹੋਰ ਪੱਤਰਾ , ਜੋ ਇਸ ਪੋਥੀ ਤੋਂ ਅਡ ਹੈ, ਗੁਰਬਾਣੀ ਲਿਖੀ ਹੋਈ ਹੈ। ਇਸ ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ॥

ਅਰੰਭ : ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥...

ਅੰਤ : …ਮਹਲਾ ੫ ॥ਫਰੀਦਾ ਕੰਤੁ ਰੰਗਾਵਲਾ ਵਡਾ ਵੇ ਮੁਹਤਾਜੁ॥ ਅਲਹੁ ਸੇਤੀ ਰਤਿਆ ਏਹੁ ਸਚਾਵਾ ਸਾਜੁ॥ ੧●੯ ਮ: ੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਦੇ ਲਾਹਿ ਵਿਕਾਰੁ॥ ਅਲਹੁ ਭਾਵੈ ਸੋ ਭਲਾ…..

ਹੱਥ ਲਿਖਤ ਨੰ : MS 79
ਸਿਰਲੇਖ : ਗੁਰਬਾਣੀ-ਸ਼ਬਦ ਸੰਗ੍ਰਹਿ
ਪੱਤਰੇ : 1-10 ੳ
ਆਕਾਰ : 12 X 15.5 ਸ. ਮ. ਲਿਖਤ: 8 X 12 ਸ. ਮ.
ਵੇਰਵਾ : ਬਿਨਾਂ ਜਿਲਦ, ਬਿਨਾਂ ਹਾਸ਼ੀਆ ; ਸਤਰਾਂ ਪ੍ਰਤੀ ਪੰਨਾ- 8
ਆਮ ਵੇਰਵਾ : ਪੱਤਰਾ 10 ਫੱਟਿਆ ਹੋਇਆ ਹੈ। ਪਾਠ ਅਧੂਰਾ ਹੈ।
ਅਰੰਭ : ੧ ਓਅੰ॥ ਸੋਰਠਿ ਮਹਲਾ ॥੫॥ ਮੇਰਾ ਸਤਿ ਗੁਰ ਰਖਵਾਲਾ ਹੋਆ॥ ਧਾਰ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਾਰਿ [ਹਰਿ] ਗੋਵਿਦੁ ਨਵਾ ਨਿਰੋਆ॥੧॥…
ਅੰਤ : …ਸ੍ਵੈਯਾ॥ ਮਾਸ ਅਸੂ ਹਮ ਕਾਨਰ ਕੇ ਸੰਗ ਖੇਲਤ ਚਿਤ ਹੁਲਾਸ ਬਢਾਈ॥ ਕਾਨ ਤਹਾ ਪੁਨ ਗਾਵਤ ਥੋ ਅਤ ਸੁੰਦਰ ਰਾਗਨ ਤਾਨ ਬਸਾਈ॥ ਗਾਵਤ ਥੀ ਹੁਮਹੂ ਸੰਗ ਤਾਹੀਕੈ ਤਾ ਛਬ ਕੋ ਬਰਨਿਯੋ ਨਹੀ ਜਾਈ॥ ਤਾ ਸੰਗ ਮੈ ਸੁਖ ਦਾਇਕ ਥੀ ਚਿਤ ਸਿਯਾਮ ਬਿਨਾ ਅਬ ਭੀ ਦੁਖਦਾਈ॥੮॥ ਸ੍ਵੈਯਾ॥ ਕਾਤਕ ਕੀ ਸਖੀ ਰਾਸ ਬਿਖੈਰਤ ਖੇਲਤ ਤੀ ਹਰਿ ਸੋ ਚਿਤ ਲਾਈ॥ ਸੇ ਤਹ ਧਾਰ ਗ੍ਵਰਨਕ…..

ਹੱਥ ਲਿਖਤ ਨੰ : MS 80
ਸਿਰਲੇਖ : ਗਿਆਨ ਸੁੱਦੇ
ਪੱਤਰੇ : 1 ਅ -33 ਅ
ਆਕਾਰ : 12X16 ਸ.ਮ. ਲਿਖਤ: 11X13 ਸ.ਮ.
ਵੇਰਵਾ : ਬਿਨਾਂ ਜਿਲਦ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਸਤਰਾਂ ਪ੍ਰਤੀ ਪੰਨਾ- 9
ਆਮ ਵੇਰਵਾ : 1 ੳ ਪੱਤਰੇ ਤੇ ਫਿਕੀ ਜਿਹੀ ਲਿਖਤ ਨੂੰ ਲਕੀਰਾਂ ਮਾਰ ਕੇ ਕਟਿਆ ਹੋਇਆ ਹੈ। ਪੋਥੀ ਅਧੂਰੀ ਹੈ।
ਅਰੰਭ : ੧ੳ॑ ਸਤਿਗੁਰ ਪ੍ਰਸਾਦਿ॥ ਰਾਗੁ ਰਾਮ ਕਲੀ ਗਿਆਨ ਸੁਰੋਦੇ॥ ਮਹਲਾ ੧ ॥ ਪ੍ਰਸੋਤੁਮ ਪ੍ਰਮਾਤਮਾ ਪੂਰਨ ਬਿਸ੍ਵੇ ਬੀਸ ਆਦਿ ਪੁਰਖ ਅਬਿਚਲੁ ਤੁਹੀ ਤੋਹਿ ਨਿਵਾਉ ਸੀਸ॥੧॥…
ਅੰਤ : …ਅਗਨ ਤਤ ਜਬ ਚਲਤ ਹੀ ਕਹੀ ਗ੍ਰਭ ਰਹਿ ਜਾਇ॥ ਗ੍ਰਭ ਗਿਰੈ ਮਾਤਾ ਦੁਖੀ ਹੋਤਾ ਹੀ ਮਰ ਜਾਇ॥੨੨੨॥ ਬਾਇ ਤਤ ਸੁਰ ਦਹਨੋ ਕਰੈ ਪੁਰਖ ਜੋ ਭੋਗੁ॥ ਗ੍ਰਭ ਰਹੈ ਜੋ ਤਾ ਸਮੈ ਦੇਹੀ ਆਵੈ ਰੋਗੁ॥੨੨੩॥…..

ਹੱਥ ਲਿਖਤ ਨੰ : MS 81
ਸਿਰਲੇਖ : ਚੌਬੀਸ ਇਕਾਦਸ਼ੀ ਕਾ ਮਹਾਤਮ (ਪਦਮ ਪੁਰਾਨ ਵਿਚੋਂ)
ਰਚਨਾ ਕਾਲ: ਸੰਮਤ 1826
ਸਮਾਂ : ਸੰਮਤ 1856
ਪੱਤਰੇ : 1 ੳ-125 ੳ
ਆਕਾਰ : 10X14 ਸ.ਮ. ਲਿਖਤ: 7X10 ਸ.ਮ.

ਵੇਰਵਾ : ਜਿਲਦ ਕਪੜਾ ਗੱਤਾ, ਉਖੜੀ ਹੋਈ। ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ॥ ਸਤਰਾਂ ਪ੍ਰਤੀ ਪੰਨਾ- 6-7

ਆਮ ਵੇਰਵਾ : ਹਾਸ਼ੀਏ ਵਾਲੇ ਦੋ ਪੱਤਰੇ ਸ਼ੁਰੂ ਵਿਚ ਅਤੇ ਚਾਰ ਪੱਤਰੇ ਅੰਤ ਤੇ ਖਾਲੀ ਹਨ। ਆਖਰੀ ਪੰਨੇ ਤੇ ਗੁਰੂ ਤੇਗ ਬਹਾਦਰ ਜੀ ਦਾ ਸਲੋਕ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਚੌਉਬੀਸ ਇਕਾਦਸੀ ਕਾ ਮਹਾਤਮ ਲਿਖਤੇ॥ਦੋਹਰਾ॥ ਸ੍ਰੀ ਗੁਰ ਚਰਣ ਗਣੇਸ ਪਾਦ ਮਾਤਾ ਸਰਸ੍ਵਤੀ ਧਿਆਇ॥ ਇਕਾਦਸੀ ਮਹਾਤਮ ਗ੍ਰੰਥ ਕੀ ਭਾਖਾ ਰਚੋ ਬਨਾਇ॥੧॥...

ਅੰਤ : ...ਸਹੰਸ੍ਰਕ੍ਰਿਤ ਦੇਖਿਓ ਨਾਹਿ ਪਾਰਸੀ ਤੇ ਭਾਖਾ ਕਰੀ॥ ਊਚ ਨੀਚ ਅਖਰ ਪ੍ਰਭ ਖਿਮੋ ਕ੍ਰਿਪਾ ਧਾਰਿ ਕੈ॥੧੯੮॥ =॥ ਇਤਿ ਸ੍ਰੀ ਪਦਮ ਪੁਰਾਣੇ ਸ੍ਰੀ ਕ੍ਰਿਸਨਾਰਜੁਨ ਸੰਬਾਦੇ ਕਾਤਕ [ਕਤਕ] ਸੁਦੀ ਇਕਾਦਸੀ ਮਹਾਤਮ ਸੰਪੂਰਨੰ॥੨੪॥ਸੰਬਤ ਅਠਾਰਾ ਸੈ ਇਕਬੰਜਾ [ਇਕਬੰਜਾ ਤੇ ਹੜਤਾਲ ਫੇਰੀ ਹੋਈ ਹੈ] ॥੧੯੫੬॥ ਮਾਘ ਸੁਦੀ॥ ਤ੍ਰਿਤੀਆ ਮੰਗਲਵਾਰ॥ ਪੋਥੀ ਸੰਪੂਰਨ ਹੋਈ॥ ਗੁਰ ਪ੍ਰਸਾਦਿ॥=॥=॥=॥

ਹੱਥ ਲਿਖਤ ਨੰ : MS 82

ਸਿਰਲੇਖ : ਜਨਮਸਾਖੀ ਮਹਲਾ ੧ (ਅਮਰ ਕਥਾ ਕੀ ਪੋਥੀ)

ਸਮਾਂ : ਸੰਮਤ 1928

ਪੱਤਰੇ : 1-14 +1 ਅ -667 ੳ

ਆਕਾਰ : 24X33 ਸ.ਮ. ਲਿਖਤ: 16X22 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ; ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਨੀਲੀਆਂ ਲਕੀਰਾਂ ਵਿਚ ਵਖਰੇਵੇਂ ਲਈ ਪੀਲੀ ਮੋਟੀ ਲਕੀਰ ਦੇ ਹਾਸ਼ੀਏ ਦੇ ਬਾਹਰਲੇ ਪਾਸੇ ਇਕ ਨੀਲੀ ਲਕੀਰ ਹੈ। ਸਤਰਾਂ ਪ੍ਰਤੀ ਪੰਨਾ-16

ਆਮ ਵੇਰਵਾ : 1 ੳ ਤੋਂ 14 ੳ ਤਕ ਪੋਥੀ ਦੇ ਪਾਠ ਦਾ ਤਤਕਰਾ ਹੈ। ਫਿਰ ਇਕ ਪੱਤਰਾ ਹਾਸ਼ੀਏ ਵਾਲਾ ਖਾਲੀ ਹੈ। ਅਗਲਾ 1 ੳ ਹਾਸ਼ੀਏ ਵਾਲਾ ਖਾਲੀ ਹੈ।1 ਅ ਪੱਤਰਾ ਜਿਥੋਂ ਪਾਠ ਸ਼ੁਰੂ ਹੁੰਦਾ ਹੈ ਹਾਸ਼ੀਆਂ ਨਾਲ ਸਜਾਇਆ ਹੋਇਆ ਹੈ। 2 ਅ ਤੇ ਵੀ ਚੁਪਾਸੀਂ ਦੋਹਰਾ ਹਾਸ਼ੀਆ ਹੈ। ਪਾਠ ਦੇ ਅੰਤ ਤੇ ਟੋਡੀ ਮਹਲਾ 5 ਦੇ ਦੋ ਦੁਪਦੇ ਦਿੱਤੇ ਹਨ।

ਅਰੰਭ : ੧ੴ ਸਤਿਨਾਮ ਕਰਤਾ ਪੁਰਖੁ ... ਗੁਰ ਪ੍ਰਸਾਦਿ॥ਜਨਮ ਸਾਖੀ ਮਹਲਾ ੧ ॥ ਅਮਰੁ ਕਥਾ ਕੀ ਪੋਥੀ ਜੋ ਕੋਈ ਹਿਤਿ ਚਿਤਿ ਲਾਇ ਕੇ ਪੜੈਗਾ ਸੁਣੇਗਾ ਲਿਖੇਗਾ ਲਿਖਾਵੇਗਾ ਤਿਸ ਕੀ ਮੁਕਤਿ ਹੋਵੇਗੀ॥ ਤਾ ਸ੍ਰੀ ਨਿਰੰਕਾਰ ਜੀ ਕਾ ਬਚਨ ਹੋਇਆ ॥ ਜੋ ਹੇ ਨਾਨਕ ਭਗਤ ਜੀ ਜੋ ਕੋਈ ਤੇਰੇ ਨਾਮ ਕੀ ਅਮਰ ਕਥਾ ਪੜੇਗਾ ਸੁਣੇਗਾ ਲਿਖੇਗਾ ਲਿਖਾਵੇਗਾ ਸੋ ਤਿਸੁ ਕਾ ਦੁਖ ਦਲਿਦ੍ਰ ਦੂਰਿ ਹੋਇ ਜਾਵੈਗਾ॥...

ਅੰਤ : ...ਜਨਮਪਤ੍ਰੀ ਸ੍ਰੀ ਗੁਰੂ ਬਾਬੇ ਨਾਨਕ ਜੀ ਸਮਾਪਤੁੰ ਮਸਤੁ ਸੁਭ ਮਸਤੁ ॥੧॥੧ ਅਖਰੁ ਵਾਧਾ ਘਾਟਾ ਸੋਧਿ ਕਰਿ ਪੜਨਾ॥ ਭੁਲਿਆ ਚੁਕਿਆ ਸ੍ਰੀ ਗੁਰੂ ਬਾਬਾ ਨਾਨਕ ਜੀ ਬਖਸੰਦ ਹੈ॥੧॥ ॥ਸੰਮਤੁ ੧੯੨੯ ਮਿਤੀ ਹਾੜ ਦਿਨੇ ੧੫॥ ਮਿਤੀ ਹਾੜ ਸੁਦੀ ਦਸਮੀ ਕੇ ਦਿਨੁ ੧ ਸਮਾਪਤਿ ਕੀਤੀ ॥੧॥ ਪੋਥੀ ਲਿਖਵਾਈ॥

ਹੱਥ ਲਿਖਤ ਨੰ : MS 83

ਸਿਰਲੇਖ : ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਪੋਥੀ ਸਚ ਖੰਡ)

ਲੇਖਕ : ਸੋਢੀ ਮਿਹਰਬਾਨ

ਪੱਤਰੇ : 1 ੳ-10ੳ + 1 ੳ-404 ੳ

ਆਕਾਰ : 24.5X34.5 ਸ. ਮ. ਲਿਖਤ: 18.5X24.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। 1 ੳ ਤੋਂ 10 ੳ ਤਕ ਪਹਿਲੇ ਹਾਸ਼ੀਏ ਦੇ ਵਿਚ ਵਿਚ ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 15

ਆਮ ਵੇਰਵਾ : 1 ੳ ਤੋਂ 10 ੳ ਤਕ ਤਤਕਰਾ ਸਚਖੰਡ ਪੋਥੀ ਦਾ ਲਿਖਿਆ ਹੈ। ਸ਼ੁਰੂ ਵਿਚ ਇਕ ਹਾਸ਼ੀਏ ਵਾਲਾ ਅਤੇ ਇਕ ਬਿਨਾ ਹਾਸ਼ੀਏ ਦੇ ਖਾਲੀ ਹਨ ਅਤੇ ਤੇ ਅੰਤ ਤੇ ਹਾਸ਼ੀਏ ਵਾਲੇ 5 ਪੱਤਰੇ ਖਾਲੀ ਹਨ।

ਅਰੰਭ : ੧ੑ। ਸ੍ਰੀ ਸਤਿਗੁਰੂ ਕੇ ਪਰਸਾਦਿ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਸਚੁ ਨਾਮੁ ਕਰਤਾ ਪੁਰਖੁ॥ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੰਭੋ ਸਤਿਗੁਰੂ ਕੇ ਪ੍ਰਸਾਦਿ॥ ਪਤਿਤ ਪਾਵਨ ॥ ਭਗਤ ਵਸਿਚਲੁ॥ ਅਨਾਥਹੁ ਕੇ ਨਾਥ ... ਸਚਖੰਡੁ ਪੋਥੀ ਲਿਖਣੇ ਕਾ ਅਰੰਭੁ ਭੈਆ॥ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਾ ਸੇਵਕੁ ਸ੍ਰੀ ਸਤਿਗੁਰੂ ਮਿਹਰਵਾਨੁ ਜੀ ਪੋਥੀ ਲਿਖੀ ਲਿਖਾਈ॥ ...

ਅੰਤ :...ਪਾਕੀ ਨਾਈ ਪਾਕੁ ਤੂ ਆਪਿ ਰਾਮੁ ਰਹਿਮਾਨੁ॥ ਸਭ ਕਿਛੁ ਤੇਰੈ ਵਸਿ ਹੈ ਦਾਸ ਨਾਨਕ ਕੇ ਮਿਹਰਵਾਨ॥੧੫੩॥ ਬੋਲਹੁ ਭਾਈ ਵਾਹੁ ਗੁਰੂ ਧੰਨੁ ਗੁਰੂ ਸਤਿਗੁਰੂ॥ ਰਾਮੁ ਸਤਿਗੁਰੂ ਸਤਿ ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ॥੧੫੩॥ ਏਹੀ ਪੋਥੀ ਸਚ ਖੰਡ ਇਕੁ ਸਓ ਤਿਵੰਜਹ ੧੫੩ । ਗੋਸਟੀ॥ ਹੈਨਿ ਇਕੁ ਸਓ ਸਤਾਹਟਿ ਗੋਸਟੀ ਚੌਦਹ ਗੋਸਟੀ ਘਾਟੇ ਹੈਨਿ॥ ਇਸ ਤੇ ਆਗੇ ਹਰ ਜੀ ਪੋਥੀ ਹੈ॥੬੧॥ ਇਕਾਹਠਿ ਗੋਸਟੀ ਹੈਨਿ॥ ਤਿਸੁ ਤੇ ਆਗੇ ਚਤ੍ਰਭੋਜ ਪੋਥੀ ਹੈ॥੭੪॥ ਚਉਹਤਰਿ ਗੋਸਟੀ॥ ਤਿਸੁਤੇ ਕੇਸੋ ਰਾਇ ਪੋਥੀ ਹੈ॥ ਤਿਸੁ ਤੇ ਆਗੇ ਅਭੇ ਪਦ ਪੋਥੀ ਹੈ॥ ਤਿਸੁ ਤੇ ਆਗੇ ਪ੍ਰੇਮ ਪਦ ਪੋਥੀ ਹੈ॥ ਏਹਿ ਛਿ ਪੋਥੀਆ ਹੈਨਿ ਤਿਨਾ ਦਾ ਜੋੜੁ॥ ਪੰਜ ਸੈ ਪਚਹਤਰਿ॥੫੭੫॥ਗੋਸਟੀ ਬਾਬੇ ਨਾਨਕ ਦੀ ਜਨਮ ਸਾਖੀ ਦੀਆ ਹੈਨਿ॥ ਛਿਆਂ ਹੀ ਪੋਥੀਆਂ ਓਤੇ ਵਾਹੁਗੁਰੂ ਜੀ॥੧॥॥॥

ਹੱਥ ਲਿਖਤ ਨੰ : MS 84

ਸਿਰਲੇਖ : ਨੀਤਿ ਮਾਰਤੰਡ ਗ੍ਰੰਥ

ਲੇਖਕ : ਗੋਕਲ ਪ੍ਰਸਾਦਿ ਕਾਯਸਥ

ਸਮਾਂ : ਸੰਮਤ 1926

ਪੱਤਰੇ : 1 ੳ–135 ੳ

ਆਕਾਰ : 17X11 ਸ.ਮ. ਲਿਖਤ: 12X7 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਚੁਪਾਸੀਂ ਦੋਹਰਾ ਹਾਸ਼ੀਆ ਹੈ। ਪਹਿਲਾਂ ਨੀਲੀ ਤੇ ਲਾਲ ਲਕੀਰ; ਅਤੇ ਅੰਦਰਵਾਰ ਇਕ ਨੀਲੀ , ਦੋ ਲਾਲ ਅਤੇ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 13

ਆਮ ਵੇਰਵਾ : ਪਹਿਲੇ ਪੰਨੇ ਤੇ ਹਰਾ ਹਾਸ਼ੀਆ ਹੈ। ਸ਼ੁਰੂ ਵਿਚ ਇਕ ਹਾਸ਼ੀਏ ਵਾਲਾ ਪੱਤਰਾ ਖਾਲੀ ਹੈ। ਪੋਥੀ ਦੀ ਆਮ ਹਾਲਾਤ ਠੀਕ ਹੈ ਪਰ ਅੰਤਮ ਪੱਤਰਾ ਫਟਿਆ ਹੋਇਆ ਹੈ। ਅੱਧੇ 'ਜ' ਦੀ ਵਰਤੋਂ ਕੀਤੀ ਗਈ ਹੈ।

ਅਰੰਭ : ੧ੑ ਸਤਿਗੁਰ ਪ੍ਰਸਾਦਿ ਅਥ ਰਾਜਨੀਤ ਕ੍ਰਿਤ ਗੋਕੁਲ ਪ੍ਰਸਾਦਿ ਕਵੀ ਕੀ॥ਦੋਹਰਾ॥ ਗਣਨਾਯਕ ਦਾਯਕ ਸਕਲ ਲੰਬੋਦਰ ਯਕਦੰਤ॥ ਭਰੇ ਗਜਾਨ ਗੁਣ ਜੇਹਿ ਭਜਤ ਭਜਤ ਭਾਵ ਭਯਵੰਤ॥੧॥ ...

ਅੰਤ :...ਸਗਲ ਫਸਾਦਿ ਨ ਪਰ ਡਰ ਪਹੁਚੈ ਯਹੀ ਹੇਤ ਅਨੁਮਾਨਿ॥ ਤਜ ਫਸਾਦਿ ਮਰਜਾਦ ਤਜਾਗਕੈ ਸੀਧ ਚਲੈ ਮਨਮਾਨਿ॥੧੫੩॥ ਇਤਿ ਸ੍ਰੀ ਨੀਤਿ ਮਾਰਤੰਡ ਗ੍ਰੰਥ ਨਵਸੇਰਵਾ ਨਰੇਸ ਨੀਤਿ ਵਰਨਨੰ

ਗੋਕਲ ਕਾਯਸਯ ਲਵਿਰਚਿਤੇ ਪ੍ਰਸੋਨਤ੍ਰ ਮਹਿਪਾਲ ਮੰਤ੍ਰੀ ਕੀ ਸੰਪੂਰਣੰ ਤ੍ਰਿਤੀਯ ਪ੍ਰਕਾਸ: ॥੩॥ ਸਾਵਣ ਕ੍ਰਿਸਨ॥ ਸੰਮਤ ੧੯੨੬ ਸਨ ੧੨੭੬ ਸਾਲ ਮੇ॥

ਹੱਥ ਲਿਖਤ ਨੰ : MS 85 ਸੰਗ੍ਰਹਿ
ਸਿਰਲੇਖ : ਤਰਨਤਾਰਨ ਦਰਬਾਰ ਦੀਪਕਾ
ਲੇਖਕ : ਹਜੂਰਾ ਸਿੰਘ
ਸਮਾਂ : ਸੰਮਤ 1945 ਬਿਕ੍ਰਮੀ
ਸਥਾਨ : ਤਰਨਤਾਰਨ
ਪੱਤਰੇ : 1–11
ਆਕਾਰ : 18X27 ਸ. ਮ. ਲਿਖਤ: 14X21 ਸ. ਮ.
ਵੇਰਵਾ : ਜਿਲਦ ਗੱਤਾ ਸਿਆਹੀ ਕਾਲੀ, ਹਾਸ਼ੀਆਂ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਖੜੇ ਰੁਖ, ਸਤਰਾਂ ਪ੍ਰਤੀ ਪੰਨਾ– 13
ਆਮ ਵੇਰਵਾ : ਪਹਿਲੇ ਪੰਨੇ ਤੇ ਕਵੀ ਨੇ ਬੰਦਨਾ ਲਿਖੀ ਹੋਈ ਹੈ । ਪਿਛਲੇ ਤਿੰਨ ਪਤਰੇ ਖਾਲੀ ਹਨ। ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲੀ ਹੋਈ ਹੈ। ਪਿਛਲੇ ਚਾਰ ਪਤਰੇ ਖਾਲੀ ਹਨ।
ਅਰੰਭ : ਤੋ ਨਸ: ੧ੴਸਤਿਗੁਰ ਪ੍ਰਸਾਦਿ॥ ਸ੍ਰੀ ਪਾਰਥ ਗੁਰੁ ਭਯੋ ਨਮ: ਅਥ ਸ੍ਰੀ ਤਰਨਤਾਰਨ ਦਰਬਾਰ ਦੀਪਕਾ ਸ੍ਰੀਪਤਿ ਹਰਿ ਸਾਧੂ ਕ੍ਰਿਤ ਲਿਖਯਤੇ॥ ਦੋਹਰਾ॥ ਸਾਰਦ ਮਾਤਾ ਸਾਰਦਾ ਬਾਰਿਧਿ ਬੁੱਧਿ ਵਿਚਾਰ॥ ਵੰਦੋ ਪਦ ਅਰਵਿੰਦ ਦ੍ਵੈ ਸ੍ਵੇਤ ਵਰਣ ਸੁਖਕਾਰ॥੧॥ ਗਣਪਤਿ ਗੌਰੀ ਗਰੁੜ ਧ੍ਵਜ ਪਸੁਪਤਿ ਵੇਦ ਵਿਰੰਚਿ॥ ਵੰਦੋਪਦ ਬ੍ਰਿਜਰਾਜ ਯੁਗ ਹਰੋ ਦੋਖ ਪ੍ਰਪੰਚ॥੨॥ਕਬਿੱਤ॥ ਦੈਹੈਂ ਨਾਮ ਨਾਨਕ ਜੀ ਅੰਗਦ ਜੀ ਅੰਸਾਦੇਤਾ ਅਮਰ ਅਮਰ ਕਰੈਂ ਰਾਜ ਰਾਮ ਦਾਸ ਜੂ॥…
ਅੰਤ :…ਹਰਿ ਮਲੂਕ ਕੀ ਚੂਕ ਸਭਿ ਵਖਸੋ ਆਪ ਕਵਿੰਦ॥ ਛੰਦ ਵੰਦ ਕੋ ਗਯਾਨ ਨਹਿ ਵਰਣਾਰਥ ਨਹਿ ਵਿੰਦ॥੮੭॥ ਸੰਮਤ ਦੋ॥ ਪਾਂਡਵ ਵਿਧਿ ਮੁਖ ਨਾਥ ਸਸਿ ਗੁਨਿ ਸੰਬਤ ਪਹਿਚਾਨ॥ ਸ੍ਰਾਵਣ ਮਾਸ ਪਾਵਸ ਰਿਤੁ ਸਸਿ ਜਵਾਰ ਸੁਖਦਾਨ॥੮੮॥ ਇਤਿ ਸ੍ਰੀਮਤ ਪੰਡਿਤ ਹਜੂਰਾ ਹਰਿ ਸਖਿਯੇਣ ਨਾਰਾਯਨਣ ਸਿੰਘਨ ਕਵਿ ਨ੍ਰਿਮਲੇਨ ਤਰਨਤਾਰਨ ਨਿਵਾਸਿਨਾ ਵਿਰਚਿਤੰ ਗੁਰੂ ਅਰਜਨ ਦਰਬਾਰ ਦੀਪਕਾ ਸੁਭੰ॥

ਹੱਥ ਲਿਖਤ ਨੰ : MS 85 ਅ
ਸਿਰਲੇਖ : ਸ੍ਰੀ ਗੁਰੂ ਗ੍ਰੰਥ ਲਹਿਰੀ
ਲੇਖਕ : ਨਰਾਇਣ ਸਿੰਘ ਨਿਰਮਲੇ
ਲਿਕਾਰੀ : ਹਜੂਰਾ ਸਿੰਘ
ਸਮਾਂ : ਸੰਮਤ 1948
ਪੱਤਰੇ : 1–10
ਆਕਾਰ : 18X27 ਸ.ਮ. ਲਿਖਤ: 14X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਸ੍ਰੀ ਗੁਰੂ ਗ੍ਰੰਥ ਲਹਰੀ ਲਿਖਯਤੇ॥ ਦੋਹਰਾ॥ ਸ੍ਰੀ ਗੁਰੂ ਨਾਨਕ ਆਦਿ ਨਮੁ ਨਮੁ ਸ੍ਰੀ ਗੋਵਿੰਦ ਸਿੰਘ॥ ਭਗਤ ਪ੍ਰਹਲਾਦ ਉਧਾਰ ਹਿਤੁ ਪ੍ਰਗਟਿ ਗ੍ਰੰਥ ਨਰਸਿੰਘ॥੧॥ ਕਬਿਤ॥

ਵੰਦੇ ਗੁਰੂ ਨਾਨਕ ਜੀ ਅੰਗਦ ਅਮਰਦਾਸ ਰਾਮਦਾਸ ਅਰਜਨ ਹੀ ਪੁੰਜ ਪਾਪ ਪੱਟਿਕੇ॥ ਹਰਿ ਗੋਵਿੰਦ ਹਰਿ ਰਾਯ ਵੰਦਿਯੇ ਪਦਾਰਵਿੰਦ॥ ਸ੍ਰੀ ਹਰਿ ਕ੍ਰਿਸਨ ਜੋ ਵਿਆਪੀ ਸਭਿ ਘੱਟਿ ਕੇ॥...

ਅੰਤ :...ਹਰਿ ਮਲੂਕ ਕੀ ਚੂਕ ਕੋ ਛਿਮਿ ਹੈ ਸੰਤ ਸਲੂਕ॥ ਸੁੱਧਿ ਅਸੁੱਧਿ ਪ੍ਰਬੁੱਧਿ ਨਹਿ ਲੇਖਿਕ ਮਤਿ ਹੈ ਮੂਕ॥ਪ●॥ਇਤਿ ਸ੍ਰੀ ਮਤ ਪੰਡਿਤ ਹਜੂਰਾ ਹਰੀ ਸਿਖਜੇਣ ਨਾਰਾਯਣ ਸਿੰਘੇਨ ਕਵਿ ਨਿਰਮਲੇਨ ਤਰਨਤਾਰਣ ਨਿਵਾਸਿਨਾ ਵਿਚਚਿਤੰ ਸ੍ਰੀ ਗੁਰੂ ਗ੍ਰੰਥ ਲਹਿਰੀ ਸਤੋਤ੍ਰ ਸੁਭੰ॥

ਹੱਥ ਲਿਖਤ ਨੰ : MS 85 ਏ

ਸਿਰਲੇਖ : ਵਿਨੈ ਪਤ੍ਰ ਪਚੀਸਾ

ਲਿਖਾਰੀ : ਹਜੂਰਾ ਸਿੰਘ

ਸਮਾਂ : ਸੰਮਤ 1976

ਪੱਤਰੇ : 1–4

ਆਕਾਰ : 18 X 27 ਸ. ਮ. ਲਿਖਤ : 14 X 21 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਇਸ ਦੇ ਅੰਤ ਵਿਚ ਤਿੰਨ ਖਾਲੀ ਹਨ।

ਅਰੰਭ : ਤੋ ਨਸ: ੧ੑ ਸਤਿਗੁਰ ਪਰਸਾਦਿ॥ਓ ਸ੍ਰੀ ਦਸਮੇਸ੍ਵਰ ਗੁਰੂ ਭਯੋ ਨਮ ਸੂਮੇ ਅਥ ਸ੍ਰੀ ਗੁਰੂ ਗੋਵਿੰਦ ਸਿੰਘਾ ਗ੍ਰੋਗੁਹਾਰ ਵਿਨੈ ਪਤ੍ਰ ਪਚੀਸਾ ਲਿਖਯਤੇ॥ਦੋਹਰਾ॥ ਸ੍ਰੀ ਗੁਰੁ ਕਲਿ ਮਲ ਦਲ ਦਰਨ ਸਰਨ ਪਰਨ ਦੁਖ ਦੂਰ॥ ਚੂਰ ਕਰਣ ਦੁਰਜਨ ਦੁਖਦ ਸੁਰ ਜਨ ਸੁਖਦ ਜਰੂਰ॥

ਅੰਤ :...ਰਸ ਮੁਨਿ ਗ੍ਰਹ, ਸਸਿ ਸੰਬਤੰ ਸੁਕਲ ਸੁਮਗ੍ਰ ਮਾਸ॥ ਗੁਰੂਵਾਸਰ ਤਿਖੀ ਦ੍ਵਾਦਸੀ ਭੁਲ ਛਮੋ ਨਿਜ ਦਾਸ॥ ਇਤਿ ਮਤ ਮਹਾਰਾਜ ਪੰਡਿਤ ਹਜੂਰਾ ਹਰੀ ਸਿਸਯੇਣ ਨਾਰਾਯਣ ਸਿੰਘੇਨ ਕਵਿ ਨਿਰਮਲੇਨ ਤਰਨ ਤਾਰਣ ਨਿਵਾਸਿ ਨਾਵਿ ਰਚਿਤੰ ਸ੍ਰੀ ਦਸਮੇਸ੍ਵਰ ਗੁਰੂ ਪ੍ਰਤਿ ਵਿਨਯ ਪਤ੍ਰ ਪਚੀਸਾ ਸੁਭੰ॥ ॥

ਹੱਥ ਲਿਖਤ ਨੰ : MS 86

ਸਿਰਲੇਖ : ਜਨਮਪਤ੍ਰੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ

ਲਿਖਾਰੀ : ਦੂਲਾ ਸਿੰਘ ਮਿਰਾ

ਸਮਾਂ : ਸੰਮਤ 1867 ਬਿ /1810 ਈ.

ਪੱਤਰੇ : 1 ੳ – 610

ਆਕਾਰ : 17X14 ਸ.ਮ. ਲਿਖਤ: 13.5X10.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਫਟੀ ਹੋਈ। ਦੁਪਾਸੀਂ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਸ਼ੁਰੂ ਵਿਚ ਦੋ ਤੇ ਅੰਤ ਤੇ ਇਕ ਬਿਨਾ ਹਾਸ਼ੀਆ ਪੱਤਰੇ ਖਾਲੀ ਹਨ। ਸਤਰਾਂ ਪ੍ਰਤੀ ਪੰਨਾ– 10

ਆਮ ਵੇਰਵਾ : ਸਾਖੀਆਂ ਦੇ ਅੰਕ ਨਹੀਂ ਦਿੱਤੇ ਹੋਏ।

ਅਰੰਭ : ਵਾਹਗੁਰੂ ਜੀ ਸਾਖੀ ਬੇਦ ਲੈ ਆਵਣੇ ਕੀ॥ ੧ੑ ਸਤਿਗੁਰ ਪ੍ਰਸਾਦਿ॥ਬਾਬੇ ਨਾਨਕ ਕਉ ਹੁਕਮੁ ਹੋਇਆ॥ ਕਰਨਿਹਾਰ ਕਾ॥ ਸਤਿਜੁਗਿ ਮਹਿ ਤਦਹੁ ਬਾਬਾ ਸਾਹਿਬ ਮਿਹਰਵਾਨੁ ਥਾ॥ ਇਕਿ ਦਿਨਿ ਆਗਿਆ ਹੋਈ ਨਿਰੰਕਾਰ ਕੀ॥ ਜੇ ਨਾਨਕ ਚਾਰ ਜੁਗ ਕੀਤੇ ਹੈਨਿ। ਚਾਰਿ ਬੇਦ ਭੀ ਕੀਤੇ ਲੋੜੀਅਨ॥...

ਅੰਤ :...ਫੇਰਿ ਚਾਉਥੇ ਦੀ ਸਮਗ੍ਰੀ ਲੈ ਗਏ ਜਾ ਜਾਇਕੇ ਸਿਵਾ ਦੁਧੁ ਨਾਲ ਤ੍ਰਉਕ ਕੈ ਜ ਵੇਖਨਿ ਤਾ ਚਿਖਾ ਵਿਚਿ ਫਲ ਹਸ ਕਿਹੁ ਨਾਹੀ॥ ਲਕੜੀਆ ਬੈਸੰਤ੍ਰਿ ਸਭ ਦੇਖਿ ਰਹੇ॥ ਕੋਇਲੇ ਮੇਲਿ ਕੈ ਨਦੀ ਵਿਚਿ ਪਾਏ॥ ਸਭ ਪਛੋਤਾਵਣ ਲਗੇ ਕਿਨੇ ਨਾ ਜਾਤੋ ਛਲ ਗਇਆ॥ ਸਮਤ॥੧ਪ੯ਪ॥ ਵਰਖੇ ਮਾਂਹੇ ਅਸੂ

ਸੁਦੀ ।੧੧॥ ਸੰਮਤ ॥੧੮੬੭॥ ਹਾੜ ਸੁਦੀ ॥ ਪ੍ਰਵਿਸ॥੨੧॥ ਦੂਲਾ ਸਿੰਘ ਮਿਰਾ ਲਹੋਰੀ ਦ੍ਰਆਜੇ ਬੈਠ ਕੇ ਲੇਖੀ ਦੂਸਰੀ ਪੋਥੀ ॥ ਗੁਰੂ ਨਾਨਕ ਜੀ ਕੀ ਜਨਮਪਤ੍ਰੀ॥

ਹੱਥ ਲਿਖਤ ਨੰ : MS 87
ਸਿਰਲੇਖ : ਅਸ੍ਵਮੇਧ ਭਾਖਾ
ਲੇਖਕ : ਟਹਿਕਣ ਕਵੀ (ਵਾਸੀ ਜਲਾਲ ਪੁਰ)
ਸਮਾਂ : ਸੰਮਤ 1879
ਪੱਤਰੇ : 1 – 542
ਆਕਾਰ : 22X28 ਸ.ਮ. ਲਿਖਤ: 15.5X17 ਸ. ਮ.
ਵੇਰਵਾ : ਜਿਲਦ ਗੱਤਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 15
ਆਮ ਵੇਰਵਾ : ਕਿਤੇ ਕਿਤੇ ਕਿਰਮ ਖੁਰਦਾ ਹੈ। ਪੋਥੀ ਦੇ ਸ਼ੁਰੂ ਵਿਚ 5 ਪੱਤਰੇ ਖਾਲੀ ਹਨ ।ਫੇਰ ਇਕ ਪੱਤਰੇ ਤੇ ਤਤਕਰਾ ਹੈ,ਅਗੇ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਅੰਤ ਤੇ 7 ਪੱਤਰੇ ਖਾਲੀ ਹਨ। ਪੱਤਰਾ ਨੰਬਰ 541 ਅ ਅਤੇ 542 ਅ ਤੇ ਇਕ ਸਤਰ ਲਾਲ, ਇਕ ਕਾਲੀ ਸਿਆਹੀ ਨਾਲ ਲਿਖੀ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੇ। ਕਿਤੇ ਕਿਤੇ ਹਾਸ਼ੀਏ ਵਿਚ ਵੀ ਸੁਧਾਈ ਕੀਤੀ ਹੋਈ ਹੈ। ਇਸ ਕਵੀ ਨੇ ਨੰਦ ਲਾਲ (ਭਾਈ) ਦਾ ਨਮਸਕਾਰ ਕੀਤਾ ਹੈ ਜਿਹੜੀ ਕਿ ਮਿਸਾਲ ਆਮ ਨਹੀਂ ਮਿਲਦੀ॥
ਅਰੰਭ : ੧ੴ ਸਤਿਗੁਰ ਪਰਸਾਦਿ॥ਅਥ ਅਸ੍ਵਮੇਧ ਭਾਖਾ ਲਿਖਤੇ ॥ਓਅੰ ਗਣੇਸਾਇ ਨਮਹ॥ ਸ੍ਰੀ ਕਾਲਿਕਾਇ ਨਮਹ॥ ਓਅੰ ਸ੍ਰੀ ਨੰਦ ਲਾਲੋ ਜਯਤ॥ ਕ੍ਰਿਤ ਟਹਿਕਨ ਕੀ॥ ਚਉਪਈ। ਪ੍ਰਿਥਮੇ ਪ੍ਰਣਵੋ ਗਿਰਜਾ ਨੰਦਨ ॥ ਸੰਕਰ ਤਨਿ ਗਨਿ ਬਿਘਨਿ ਨਿਕੰਦਨਿ॥ ਲੰਬੋਦਕ ਸੁਖ ਹਰਿ ਸੁਖਦਾਇਕ॥ ਏਕ ਰਦਨ ਗਜ ਬਦਨ ਬਿਨਾਇਕ॥ ਬੁਧ ਸਦਨ ਅਘ ਅਉਧ ਬਿਨਾਸਨ॥ ਮੰਗਲ ਰੂਪੁ ਅਮੰਗਲ ਨਾਸਨ ॥ ਅਸਰਨ ਸਰਨ ਸਕਲ ਜਗ ਬੰਧਨ॥ ਸੇਵਤਿ ਸੁਰ ਨਰ ਸ੍ਰੀ ਧਰ ਚੰਦਨ।...
ਅੰਤ :...ਦੋਹਰਾ॥ ਇਤਿ ਸ੍ਰੀ ਭਾਰਥ ਪਰਬਨੇ ਅਸ੍ਵਮੇਧ ਬਖਾਨ॥ ਕਬਿ ਟਹਕਨ ਧੰਾਇ ਤ੍ਰਿਹਤਰੋ ਹੈ ਕ੍ਰਿਤ ਪੂਰਨ ਜਾਨ ॥੬੧॥ ਦੋਹਰਾ ॥ ਇਤ ਸ੍ਰੀ ਮਹਾਭਾਥ ਪੁਰਾਣੇ ਧਰਮ ਜਗ ਬੰਖਾਣੇ ਕ੍ਰਿਸਨ ਕਉਤਕ ਜਗ ਸਪੂਰਣ ਸਿਧ ਕਾਰਜ ਧਰਮ ਸਫਲ ਨਾਮੇ ਤ੍ਰਿਹਤਰੋ ਧਿਆਇ॥੬੨॥੧੩॥ ਸੰਮਤ ਬਿਕ੍ਰਮ ਸੈਨ ਕੋ ਲਿਖਿਓ ਮਹਾਤਮ ਜਾਨ॥ਸਹੰਸ ਅਠਾਰਹ ੧੮੭੯॥ ਉਨਾਸੀ॥ ਪੋਥੀ ਪੂਰਨ ਜਾਨਿ॥੧॥ ਸ੍ਰੀ ਵਾਹੁਗੁਰੂ ਜੀ ਕਾ ਖਾਲਸਾ ਸ੍ਰੀ ਵਾਹੁਗੁਰੂ ਜੀ ਕੀ ਫਤੇ॥ ਅਖਰ ਵਧ ਘਟ ਭੁਲਿਆ ਚੁਕਿਆ ਬਖਸਣਾ ਵਾਸਤੇ ਆਪਣੇ ਨਾਮ ਦੇ ਬਿਰਦ ਦੀ ਪੈਜ ਰਖਣੀ ॥ ਮਿਤੀ ਹਾਰਵਡੀ ੮ ਦਿਨ ਸੰਗ੍ਰਾਦ ਦੀ ੧॥ ਵਾਰ ਸੁਭ ਵਾਰ ਬੁਧਵਾਰ ਲਿਖੀ ਭੋਗ ਪਾਤਾ॥ਵਾ॥ਹੁ॥ਗੁ॥ਰੂ॥ ਵਾ॥ਹੁ॥ਗੁ॥ਰੂ॥ਜੀ॥.....ਰਾ॥ ਮ॥ਰਾ॥ ਮ॥ਰਾ॥ਮ॥

ਹੱਥ ਲਿਖਤ ਨੰ : MS 88
ਸਿਰਲੇਖ : ਰਾਮਾਇਣ ਭਾਖਾ
ਲੇਖਕ : ਠਾਕੁਰ ਦਾਸ
ਲਿਖਾਰੀ : ਰਣ ਸਿੰਘ
ਸਮਾਂ : ਸੰਮਤ 1829
ਪੱਤਰੇ : 1 – 395
ਆਕਾਰ : 18X31 ਸ.ਮ. ਲਿਖਤ: 12X22 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ।; ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ਦਾ ਹਾਸ਼ੀਆ । ਸਤਰਾਂ ਪ੍ਰਤੀ ਪੰਨਾ- 12

ਆਮ ਵੇਰਵਾ : ਪੋਥੀ ਕਿਰਮ ਖੁਰਦਾ । 330 ਪੱਤਰੇ ਤੋਂ ਅਗਲੇ ਪੰਨੇ ਧੂਆਂਖੇ, ਖਾਧੇ ਅਤੇ ਖਸਤਾ ਹਾਲਤ ਵਿਚ ਹਨ। ਪਹਿਲੇ ਪੱਤਰੇ ਦੇ ਉਤਲੇ ਖੱਬੇ ਕੋਨੇ ਵਿਚ ਬਾਕੀ ਪਾਠ ਤੋਂ ਅਲਗ ਦੋਹਾ ਲਿਖਿਆ ਹੈ। "ਦੋਹਾ ਰਮਾਇਣ ਪੁਸਤਕ ਲਿਖਤ ਹੋ ਸ੍ਰੀ ਗੁਰ ਕੇ ਓਨੁਸਾਰ। ਧੰਨਜ ਧੰਨਜ ਗੁਰ ਦੇ [ਦੇਵ] ਜੂ ਕੀਨੀ ਕ੍ਰਿਪਾ ਅਪਾਰ॥"

ਅਰੰਭ : ਓਅੰ ਸਤਿਗੁਰ ਪ੍ਰਸਾਦ॥ਸ੍ਰੀ ਗਣੇਸਾਇ ਨਮਹਿ॥ ਰਾਮ ਚਰਤਰਾਇ ਨਮਹਿ॥ ਓਅੰ ਸ੍ਰੀ ਗੁਰ ਭਿਓਇਨਮਹ॥ ਓਅੰ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤ ਅਨੰਦ ਰੂਪ॥ ਮੰਗਲ ਨਿਧ ਪ੍ਰਮੋਦਘਨ ਦਸਰਥ ਸੁਤ ਜਗ ਰੂਪ॥ ...

ਅੰਤ :...ਇਤਿ ਸ੍ਰੀ ਰਮਾਇਣ ਸੰਖੇਪ ਬਿਧ ਸੰਪੂਰਨੰ॥ ਸੁਭ ਦੋਹਰਾ॥ ਗ੍ਰੰਥ ਰਮਾਇਣ ਕੋ ਲਿਖਿਓ ਸ੍ਰੀ ਰਾਮ ਕ੍ਰਿਪਾ ਅਨੁਸਾਰ॥ ਸ੍ਰੀ ਰਾਮ ਸਰਨ ਜੋ ਜਨ ਪਰੇ ਭਵ ਨਿਧ ਉਤਰੇ ਪਾਰ॥ ਠਾਕੁਰ ਦਾਸੁ ਹੈ ਸਾਧ ਤਿਸ ਕੇ ਦਸਖਤਿ ਜਾਨ॥ ਫੱਗਣ ਮਾਸ ਤਿਥ ਪੰਚਮੀ ਗ੍ਰੰਥ ਸੰਪੂਰਨ ਮਾਨ॥ ਚੌਪਈ॥ ਵਾਰ ਛਨਿਛੱਰ ਪੂਰਨ ਹੋਆ॥ ਸੁਧਾ ਪ੍ਰੀਤ ਅਧਕ ਅਤਿ ਭੋਆ॥ ਰਾਮ ਚਰਨ ਮੈ ਰਹੈ ਧਿਆਨ॥ ਸਰਨ ਰਾਮ ਕੀ ਜੋ ਜਨ ਪਰੇ॥ ਦੁਖ ਭੂਖ ਰਾਮ ਤਿਸ ਕੀ ਹਰੇ॥ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਣ ਸਿੰਘ ਤਰੀ [ਤੇਰੀ] ਸਰਣ॥ ●●●॥=॥=॥=॥=॥=

ਹੱਥ ਲਿਖਤ ਨੰ : MS 89 ਸੰਗ੍ਰਹਿ

ਸਿਰਲੇਖ : ਮਾਝਾਂ

ਲੇਖਕ : ਸੰਤ ਦਾਸ

ਪੱਤਰੇ : 1ੳ–10 ਅ

ਆਕਾਰ : 13X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ; ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ- 9

ਆਮ ਵੇਰਵਾ : ਪਹਿਲੇ ਪੱਤਰੇ ਤੇ ਨੰਬਰ 1 ਕਾਲੀ ਸਿਆਹੀ ਨਾਲ ਲਿਖਿਆ ਹੈ, ਅਗੋਂ ਨੀਲੀ ਸਿਆਹੀ ਨਾਲ ਪੱਤਰਾ ਨੰਬਰ ਪਾਇਆ ਹੈ। ਪੱਤਰਾ ਨੰਬਰ 10 ਤੋਂ ਬਾਅਦ ਪੱਤਰਾ ਨੰਬਰ 12 ਲਿਖਿਆ ਹੈ, ਨੰਬਰ 11 ਪੱਤਰਾ ਨਹੀਂ ਹੈ ਪਰ ਪਾਠ ਪੂਰਾ ਹੈ। 16 ਅਤੇ 17 ਨੰਬਰ ਪੱਤਰਿਆਂ ਤੋਂ ਬਾਅਦ ਇਕ ਪੱਤਰਾ ਨੰਬਰ ਨਹੀਂ ਲਿਖਿਆ ਹੋਇਆ। ਇਸ ਪੋਥੀ ਵਿਚ ਦੋ ਕ੍ਰਿਤੀਆਂ ਹਨ ਅਤੇ ਦੋਹਾਂ ਦੀ ਕਾਨੀ ਅਲਗ-ਅਲਗ ਹੈ।

ਅਰੰਭ : ੧ੴਸਤਿਗੁਰ ਪ੍ਰਸਾਦਿ॥ ਸੰਤ ਦਾਸ ਭਗਤ ਜੀ ਕੀਆ ਮਾਝਾ ॥ ਅਜਬ ਤੂ ਅਜਾਇਬ ਤੂਹੇ ਤੇਰੇ ਅਜਬ ਤਮਾਸੇ॥ ਇਕ ਘਰਿ ਬੈਠਿਆ ਨੋ ਮਧਿ ਪੀਲਾਵਹਿ ਇਕ ਨਦੀਓ ਫਿਰਨ ਪਿਆਸੇ॥੧॥ ...

ਅੰਤ :...ਅਠੂਹੇ ਦਾ ਮੰਦ ਜਾਣੇ ਨਾਹੀ ਸਪਾ ਨੋ ਹਥਿ ਪਾਵੈ॥ ਪਲੇ ਕਉਡੀ ਹੋਵੈ ਨਾਹੀ ਸਾਹੂਕਾਰਿ ਸਦਾਵੈ॥ ਟੋਭੇ ਉਤੇ ਜਾਇ ਨ ਸਕੈ ਗੰਗਾ ਕਿਥੋ ਜਾਵੈ। ਸੰਤ ਦਾਸ ਜੋ ਬਿਖਯ ਬੀਜੈ ਅੰਮ੍ਰਿਤ ਕਿਥਹੁ ਪਾਵੈ॥੪●॥ ਗੁਰੂ ਜੀ ॥ ਧੰਨ ਗੁਰੂ ਜੀ

ਹੱਥ ਲਿਖਤ ਨੰ : MS 89 ਅ

ਸਿਰਲੇਖ : ਸਾਖੀ ਬਾਬੇ ਕੇ ਚਲਾਣੇ ਕੀ

ਪੱਤਰੇ : 13ੳ– 23 ਅ

ਆਕਾਰ : 13X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ; ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ-7

ਆਮ ਵੇਰਵਾ : ਓਹੀ, ਲਿਖਾਈ ਸੁੰਦਰ ਹੈ॥

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਸਾਖੀ ਬਾਬੇ ਕੇ ਚਲਣੇ ਕੀ॥ ਸਵਾ ਪਹੁਰ ਰਾਤਿ ਰਹਦੀ ਨੂੰ ਬਾਬਾ ਚਲਾਣਾ ਕਰਦਾ ਹੈ॥ ਦਰਗਾਹ ਨੂ॥ ਤਬ ਬਲਵੰਡ ਢਾਡੀ ਨੂ ਬਚਨ ਹੋਇਆ ਬਲਵੰਡਾ ਮੈ ਦਰਗਾਹ ਨੂ ਵਿਦਿਆ ਹੋਦਾ ਹਾ ॥ ਤਬ ਬਲਵੰਡ ਢਾਡੀ ਅਰਦਾਸਿ ਕੀਤੀ॥ ਜੀ ਸਚੇ ਪਾਤਿਸਾਹੁ ਸੰਗਤਿ ਦਾ ਹੀਲਾ ਕੀ ॥ ਤਾਂ ਅਗੇ ਤੇ ਬਚਨ ਹੋਇਆ ਸੰਗਤਿ ਨੂ ਗਿਰੰਥੁ ਜੀ ਬਖਸਿਆ॥...

ਅੰਤ :...ਤਾਂ ਭਾਈ ਮਰਦਾਨੇ ਪਾਸਿ ਇਕ ਰਬਾਬੁ ਸੀ ਜਾ ਬਾਬਾ ਚਿਤੰਨ ਕਰਦਾ ਤਾ ਭਾਈ ਮਰਦਾਨਾ ਡੇਰੇ ਹੋਦਾ॥ ਤਾ ਬਾਬੇ ਦੇ ਚਿਤ ਕਰਨੇ ਰਬਾਬੁ ਦੀਆਂ ਤਾਰਾ ਬੋਲ ਉਠਦੀਆ॥ ਤਾ ਮਰਦਾਨਾ ਆਖਦਾ ਭਾਈ ਰਬਾਂਬੁ ਮੈ ਤੇ ਤੂੰ ਚਿਤ ਹੋਇ ਹੈ ਚਲੁ॥ ਤਾ ਅਗੇ ਤੇ ਰਬਾਬੁ ਬੋਲਦਾ ਜੁ ਮੇਰੀ ਦੁਆਲੀ ਗਲ ਵਿਚ ਘਤੁ॥ ਜਿਥੇ ਬਾਬਾ ਹੈ ਉਥੈ ਉਡਾਇ ਕੈ ਤੈਨੁ ਲੈ ਚਲਾ ॥ ਤਾ ਚਾਰਿ ਪਹਿਰ ਰਾਤਿ ਸਮੂਹ ਇਕਠੇ ਹੋਦੇ॥ ਕੀਰਤਨੁ ਕਰ ਕੈ ਖੁਸੀ ਲੈਕੇ ਮੁੜ ਡੇਰੇ ਆਵਦੇ॥

ਹੱਥ ਲਿਖਤ ਨੰ : MS 90

ਸਿਰਲੇਖ : ਸੀਹਰਫੀ

ਲੇਖਕ : ਗੁਪਾਲ ਸਿੰਘ

ਪੱਤਰੇ : 1– 19

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨੀ ਹੋਈ ਹੈ॥ ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ– 8

ਆਮ ਵੇਰਵਾ : 16 ਤੋਂ 19 ਪੱਤਰਿਆਂ ਤੱਕ ਸਜੇ ਪਾਸੇ ਉਪਰ ਦੇ ਕੋਨੇ ਭੁਰੇ ਹੋਣ ਕਾਰਣ ਪੱਤਰਾ ਨੰਬਰ ਬਾਅਦ ਵਿਚ ਨੀਲੀ ਸਿਆਹੀ ਨਾਲ ਪਾਇਆ ਹੋਇਆ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ।

ਅਰੰਭ : ੧॥ਓ॥ ਸਤਿਗੁਰ ਪ੍ਰਸਾਦਿ॥ ਅਲਫ ਅਜ ਨ ਮੰਗਦੀ ਸੰਗਦੀ ਮੈ ਰੱਬਾ ਦੇਹੁ ਦੀਦਾਰ ਦੁਲਾਰਿਆਂ ਦਾ॥ ਕਦੇ ਮਨ ਸੀ ਨੀ ਸੁਣੋ ਰਬ ਸਜੋ ਕਹਿਆ ਆਜਦਾਂ ਅਸਾਂ ਵਿਚਾਰਿਆਂ ਦਾ॥ ਇਸ ਜੀਵਣੇ ਥੀਂ ਦੇਈ ਮੌਤ ਰਬਾ ਰਿਹਾ ਦਿਸਨੋ ਮੁਖ ਪਿਆਰਿਆਂ ਦਾ॥ ਕੀ ਆਵਸੀ ਹਥ ਗੁਪਾਲ ਸਿੰਘਾ ਅਸਾਂ ਇਸਕ ਦੇ ਮੁਇਆਂ ਨੂੰ ਮਾਰਿਆਂ ਦਾ॥੧॥...

ਅੰਤ :...ਅਲਫ ਅਜ ਆਇਆ ਸਈਓ ਮੇਰੀਓ ਨੀ ਚੇਤਾ ਗਲ ਚਿਰੋਕਣੀ ਵੀਸਰੀ ਦਾ॥ ਲਗਾ ਸੰਗ ਦਾ ਰੰਗ ਨਿਸੰਗ ਮੈਨੂੰ ਡਿਠ ਸੰਗ ਸਦਾ ਰੰਗੀਸਰੀ ਦਾ॥ ਹੁਣ ਹੋਰ ਨਾ ਭਾਂਵਦਾ ਕੁਝ ਸਾਨੂੰ ਗੁਰਾਂ ਦਸਿਆ ਰਾਹ ਮੁਨੀਸਰੀ ਦਾ॥ ਗਈ ਭੁਲ ਸਤਾਰ ਗੁਪਾਲ ਸਿੰਘਾ ਪਿਆ ਭੋਗ ਭੀ ਨਾਲ ਕਵੀਸਰੀ ਦਾ॥੩●॥

ਹੱਥ ਲਿਖਤ ਨੰ : MS 91 ਸੰਗ੍ਰਹਿ

ਸਿਰਲੇਖ : ਸਿਖਾਂ ਦੀ ਭਗਤਮਾਲਾ

ਲਿਖਾਰੀ : ਮਨੀ ਸਿੰਘ

ਲਿਖਾਰੀ : ਆਤਮਾ ਰਾਮ

ਪੱਤਰੇ : 1 ੳ– 145

ਆਕਾਰ : 17.5 X 25 ਸ. ਮ. ਲਿਖਤ : 13 X 19 ਸ. ਮ.

ਵੇਰਵਾ : ਜਿਲਦ ਗੱਤਾ, ਉਖੜੀ ਹੋਈ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆਂ ਹੈ। ਵਿੱਚ-ਵਿਚ ਕੁਝ ਪੱਤਰਿਆਂ ਤੇ ਸਿਰਫ ਦੋ ਕਾਲੀਆਂ ਲਕੀਰਾਂ (ਖੜ੍ਹੇ ਰੁਖ) ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 14, ਲਿਖਤ ਸਾਧਾਰਣ ਪਰ ਸਾਫ ਪੜਨ ਯੋਗ ਹੈ।

ਆਮ ਵੇਰਵਾ : ਪੋਥੀ ਖਸਤਾ ਹਾਲਤ ਵਿਚ ਹੈ। ਪਹਿਲੇ ਅਤੇ ਆਖਰੀ ਕੁਝ ਪੱਤਰੇ ਫਟਦੇ ਜਾਂਦੇ ਹਨ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਵਿਚ ਵੀ ਸੁਧਾਈ ਕੀਤੀ ਹੋਈ ਹੈ। ਪੋਥੀ ਕਿਰਮ ਖੁਰਦਾ ਹੈ। ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ।

ਅਰੰਭ : ੧ੴ ਸਤਿਨਾਮੁ ਕਰਤਾ ਪੁਰਖ ਗੁਰ ਪ੍ਰਸਾਦਿ...॥ ਨਾਮ ਸਭ ਦੇਵਾ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਵਦਾ ਹੈ॥ ਕੋਈ ਸਿਵਨੂੰ ਕੋਈ ਗਣੇਸ ਨੂੰ ਕੋਈ ਹੋਰ ਦੇਵਤਿਆ ਨੂ॥ ਗੁਰੂ ਕੇ ਸਿਖ ਸਤਨਾਮੁ ਨੂੰ ਅਰਾਧਤੇ ਹੈਨ॥ ੧ੴ ਸਤਿਗੁਰ ਪਰਸਾਦਿ॥ ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰਵੀ ਸਿਖਾ ਦੀ ਭਗਤ ਮਾਲਾ॥ ਏਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾ ਅਰਦਾਸ ਕੀਤੀ ॥ ਜੋ ਭਾਈ ਗੁਰਦਾਸ ਜੀ ਨੇ ਜੋ ਸਿਖਾ ਦੇ ਪਰਥਾਇ ਵਾਰ ਕੀਤੀ ਹੈ॥ ਸੋ ਸਭ ਦੇਸ ਦੇਸ ਦੇ ਸਿਖਾ ਦੇ ਨਾਮ ਲਿਖੇ ਹੈਨਿ॥ ਉਨਾ ਦੀਆ ਰਹਿਤਾ ਤੇ ਕਰਤੂਤਾ ਅਸਾਨੋ ਮਾਲੂਮ ਕਰਾਵੋ ਜੋ ਅਸੀ ਭੀ ਜਾਣੀਏ॥...

ਅੰਤ :...ਤੇ ਵਾਸਤਵ ਬੀੜਾ ਜੁ ਹੁੰਦਾ ਹੈ॥ ਸੋ ਪਾਨ ਕਥਾ ਸੁਪਾਰੀ ਚੂਨਾ ਆਪਣੇ ਰੰਗ ਨੂ ਛਡਦਾ ਹੈ। ਤਾ ਲਾਲ ਰੰਗ ਉਸ ਦਾ ਹੁੰਦਾ ਹੈ॥ ਤੈਸੇ ਜੋ ਸਿਖ ਆਪਣਾ ਅਭਮਾਨ ਕਿਰਿਆ ਦਾ ਛਡਦੇ ਹੈਨਿ ਸੋਈ ਗੁਰਮੁਖ ਹੁੰਦੇ ਹੈਨਿ॥ ੧੬੩ ॥ ਬੋਲਹੁ ਭਾਈ ਜੀ ਵਾਹਗੁਰੂ ਸਾਖੀਆ ਪੂਰੀਆ ਹੋਈਆ ਸਮਾਪਤ ਮਸਤ ਸੁਭ ਮਸਤ ਇਕ ਸਉ ਤੇ ਤ੍ਰੇਹਠ ਸਾਖੀਆ ਪੂਰੀਆ ਹੋਈਆ॥

ਹੱਥ ਲਿਖਤ ਨੰ : MS 91 ਅ

ਸਿਰਲੇਖ : ਸਾਖੀ ਮਹਲੇ ਦੂਜੇ ਕੀ (ਸੁੰਨ ਸਮਾਧੀਆ ਦੀ)

ਲਿਖਾਰੀ : ਆਤਮਾ ਰਾਮ

ਪੱਤਰੇ : 145 ੳ– 149 ੳ

ਆਕਾਰ : 17.5X25 ਸ.ਮ. ਲਿਖਤ: 13X19 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ... ੧ੴ ਸਤਿਗੁਰ ਪ੍ਰਸਾਦਿ॥ ਸਾਖੀ ਮਹਲੇ ਦੂਜੇ ਕੀ ॥=॥ ਗੁਰੂ ਨਾਨਕ ਜੀ ਮਿਹਰ ਕੀਤੀ ਬਚਾ ਅੰਗਦਾ ਤੂੰ ਕਛੁ ਮੰਗ ਕਛੁ ਤੁਹਿ ਮੰਗਿਓ ਨਹੀਂ॥ ਟਹਿਲ ਸੇਵਾ ਤੁਹਿ ਬਹੁਤ ਕੀਤੀ ਹੈ॥ ਤਾ ਗੁਰੂ ਅੰਗਦ ਜੀ ਕਹਿਆ ਜੇਹੜੀ ਕਾਈ ਲੋੜੀਦ ਆਹੀ ਸੋ ਤੁਸਾ ਮਿਟਾਇ ਛਡੀ ਹੈ॥ ਤਾ ਭਾਈ ਲਹਿਣੇ ਕਹਿਆ ਤੁਸਾ ਮਿਹਰਿ ਕੀਤੀ ਹੈ॥ ਤਾ ਸੁੰਨ ਸਮਾਧੀਏ ਜੋ ਸੁਣੀਦੇ ਹੈਨਿ ਤਿਨਾ ਦਾ ਦੀਦਾਰ ਹੋਵੈ॥...

ਅੰਤ :...ਤਾ ਭਾਈ ਲਹਿਣੇ ਨੇਤ੍ਰ ਮੀਟੇ॥ ਦੇਖੇ ਤਾ ਗੁਰੂ ਨਾਨਕ ਜੀ ਦੇ ਪਾਸ ਹਾਂ॥ ਆਇ ਚ੍ਰਣੀ ਲਗਾ॥ ਤਾ ਗੁਰੂ ਨਾਨਕ ਜੀ ਪੁਛਿਆ ਭਾਈ ਲਹਿਣਿਆ ਸੁੰਨ ਸਮਾਧੀਆ ਦਾ ਦੀਦਾਰ ਕਰ ਆਇਆ ਹੈ॥ ਤਾ ਭਾਈ ਲਹਣੇ ਕਹਿਆ ਜੀ ਤੁਸਾਡਾ ਸਦਕਾ ਦੀਦਾਰ ਕਰ ਆਇਆ ਹਾਂ॥

ਹੱਥ ਲਿਖਤ ਨੰ : MS 91 ਏ

ਸਿਰਲੇਖ : ਪੰਜਾ ਪਿਆਰਿਆਂ ਦੇ ਪੂਰਬਲੇ ਜਨਮ

ਲਿਖਾਰੀ : ਆਤਮਾ ਰਾਮ

ਪੱਤਰੇ : 149 ੳ– 150 ੳ

ਆਕਾਰ : 17.5X25 ਸ.ਮ. ਲਿਖਤ: 13X19 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸੇਤਿਗੁਰ ਪ੍ਰਸਾਦਿ॥ ਸ੍ਰੀ ਗੋਬਿੰਦ ਸਿੰਘ ਜੀ ਸੋਢੀ॥ ਜਨਮ ਪਟਣੇ ਦਾ ਵਾਸੀ ਅਨੰਦਪੁਰ ਜੀ ਦੀ॥ ਦਇਆ ਸਿੰਘ ਸੋਫਤੀ ਲਹੌਰ ਦੀ ਵਾਸੀ ਪਿਛਲੇ ਜਨਮ ਲਉ ਦੇ ਅਵਤਾਰ ਥਾ॥੨॥...

ਅੰਤ : …ਵਾਹਗੁਰੂ ਕਾ ਮੰਤ੍ਰ ਜਪ ਆਨ ਮੰਤ੍ਰ ਦੇ ਤਿਆਗ॥ ਮੁਕਤ ਜੁਗਤ ਬਾਛਤ ਫਲਤ ਸਤਿਗੁਰ ਚਰਨੀ ਲਾ [ਲਾਗ] ॥੫॥ ਬੋਲਹੁ ਭਾਈ ਜੀ ਵਾਹਗੁਰੂ …ਸ੍ਰੀ ਵਾਹਗੁਰੂ ਜੀ॥

ਹੱਥ ਲਿਖਤ ਨੰ : MS 91 ਸ
ਸਿਰਲੇਖ : ਸਾਖੀ ਭਾਈ ਗੁਰਦਾਸ ਭਲੇ ਜੀ ਕੀ
ਲਿਖਾਰੀ : ਆਤਮਾ ਰਾਮ
ਪੱਤਰੇ : 150 ੳ– 163 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴ ਸਤਿਗੁਰ ਪ੍ਰਸਾਦਿ॥ਸਾਖੀ ਭਾਈ ਗੁਰਦਾਸ ਭਲੇ ਜੀ ਕੀ ॥ ਸੋਰ ਠਾ ॥ ਸਿਖ ਹੈ ਪਰਮ ਸੁਜਾਨ ਗੁਰਦਾਸ ਨਾਮ ਗੁਰ ਚਰਨ ਰਤ॥ ਪਾਇਆ ਆਤਮ ਗਿਆਨ ਸਤਿਗੁਰ ਕ੍ਰਿਪਾ ਕਟਾਛ ਤੇ॥ ਕਬਿਤੁ ॥ ਭਲਿਓ ਕੀ ਕੁਲ ਵਿਖੇ ਕੀਓ ਹੈ ਪ੍ਰਕਾਸ ਜਿਸੇ ਗੁਰਦਾਸ ਨਿਜ ਨਾਮ ਧਾਰ ਗੁਰ ਕੀ ਸਰਨ ਗਹੀ ਹੈ॥ ਸਤਿਗੁਰ ਪੂਰਨ ਬ੍ਰਹਮ ਗੁਰੂ ਸ੍ਰੀ ਰਾਮ ਦਾਸ ਜੀ ਆਤਮ ਗਿਆਨ ਬੋਧ ਭਲੀ ਬਿਧ ਕਹੀ ਹੈ॥…
ਅੰਤ :…ਕਬਿਤੁ ॥ ਮਹਖੀ ਬਹੁਤ ਲੈ ਕੈ ਸੌਦਾਗਰ ਚੜਾਇ ਨਾਉ ਬੀਚ ਗੰਜ ਭੀ ਆਕਾਸ ਮਾਤ ਬੇੜੀ ਮਧ ਆਇਯੋ ਹੈ॥ ਕਹਾ ਪੁਨ ਧਨੀ ਜੋ ਨ ਸੀਸ ਕੋ ਖਨੂ ਹੈ ਤਾਤੇ ਨਦੀ ਪਾਰ ਏਕ ਝੋਟ ਦਾਨ ਤੁਝਹਿ ਦਿਵਾਇਯੋ ਹੈ॥ ਪ੍ਰਥਮੋ ਮਾਨ ਕਰ ਬਹੁਰ ਖੁਰਕਨ ਲਾਗੋ ਝੋਟ ਏਕ ਘਸੇ ਕਾ ਮੋਲ ਕਹਿ ਸੁਨਾਯੋ ਹੈ॥ ਤਾਤੇ ਮੁਹਿ ਭਾਖਾ ਕੀ ਜੁ ਪ੍ਰੀਤ ਅਤਿ ਅਧਕ ਭਈ ਤਾ ਤੇ ਗੁਰ ਪ੍ਰਮਾਨ ਨੀਚ ਬੁਧ ਮੇ ਸੁ ਗਾਇਯੋ ਹੈ॥੧੩੨॥

ਹੱਥ ਲਿਖਤ ਨੰ : MS 91 ਹ
ਸਿਰਲੇਖ : ਸਾਖੀ ਭਾਈ ਨੰਦ ਲਾਲ ਜੀ ਕੀ
ਲਿਖਾਰੀ : ਆਤਮਾ ਰਾਮ
ਰਚਨਾ ਕਾਲ: ਸੰਮਤ 1752
ਪੱਤਰੇ : 163 ੳ–178 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਵਿਚ ਦੋ ਸਾਖੀਆਂ ਹਨ।
ਪਹਿਲੀ ਸਾਖੀ ਪੱਤਰਾ ਨੰਬਰ 163 ੳ – 172 ਅ
ਦੂਜੀ ਸਾਖੀ ਪੱਤਰਾ ਨੰਬਰ 173 ੳ – 178 ੳ
ਅਰੰਭ :੧ੴਸਤਿਗੁਰ ਪ੍ਰਸਾਦਿ ॥ਸਾਖੀ ਭਾਈ ਨੰਦ ਲਾਲ ਜੀ ਕੀ॥ਦੋਹਰਾ॥ਸਤਿਗੁਰ ਕੈ ਸਰਨਨ ਰਹੈ ਪਰਮ ਹੰਸ ਸਿਖ ਜਾਨ॥ ਨੰਦ ਲਾਲ ਜੀ ਨਾਮ ਤਿਸ ਗੁਰ ਚਰਨਨ ਰਤ ਮਾਨ ॥੧॥ ਬਿਨੁ ਗੁਰ ਆਨ ਪ੍ਰਪੰਚ ਜਗ ਮਿਥਿਆ ਜਾਨ ਤਿਆਗ॥ ਸਤ ਚਿਤ ਅਨੰਦ ਚਰਨ ਗੁਰ ਮਾਨ ਕੀਆ ਅਨੁਰਾਗ॥੨॥…
ਅੰਤ :…ਸੰਮਤ ਸਤ੍ਰਹ ਸਹਸ ਸੁ ਬਾਵਨ ॥ ਮੰਘਰ ਸੁਦੀ ਨੌਮੀ ਸੁਖ ਦਾਵਨ॥ ਸੁਰ ਗੁਰਵਾਰ ਸਤਦ੍ਰਵ ਤੀਰ॥ ਬਚਨ ਕਹੇ ਨੰਦ ਲਾਲ ਸੁਧੀਰ॥੭੬॥ ਦੋਹਰਾ॥ ਵਾਹਿਗੁਰੂ ਗੁਰ ਜਾਪੀਏ ਵਾਹਿਗੁਰੂ ਕਰਿ ਧਿਆਨ॥ ਮੁਕਤ ਲਾਭ ਸੁ ਹੋਇ ਹੈ ਗੁਰ ਸਿਖ ਰਿਦ ਮੈ ਮਾਨ॥੭੭॥

ਹੱਥ ਲਿਖਤ ਨੰ : MS 91 ਕ
ਸਿਰਲੇਖ : ਗੋਸਟਾਂ ਬਾਬੇ ਨਾਨਕ ਜੀ ਦੀਆਂ
ਲਿਖਾਰੀ : ਆਤਮਾ ਰਾਮ
ਪੱਤਰੇ : 178 ੳ– 199 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਬਾਬੇ ਦੀਆਂ ਗੋਸਟਾ :-

ਸਿੱਧਾਂ ਨਾਲ	ਪੱਤਰਾ ਨੰਬਰ 178 ਅ
ਸੇਖ ਬ੍ਰਹਮ ਨਾਲ	ਪੱਤਰਾ ਨੰਬਰ 181 ੳ - 192 ਅ
ਮਰਦਾਨੇ ਨਾਲ	ਪੱਤਰਾ ਨੰਬਰ 192 ਅ - 195 ੳ
ਆਪਣੀ ਆਤਮਾ ਨਾਲ	ਪੱਤਰਾ ਨੰਬਰ 195 ੳ - 199 ੳ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ਫੇਰ ਦਸਾ ਮਹਲਾ ਕੀਆ ਸਾਖੀਆ ਲਿਖੀਆਂ॥ ਪ੍ਰਿਥਮੇ ਸਾਖੀ ਪਹਿਲੇ ਮਹਿਲ ਕੀ ਤੁਰੀ॥ ਜਬ ਗੁਰੂ ਨਾਨਕ ਜੀ ਪਹਿਲੇ ਮਹਿਲ ਰਮਤੇ ਸੁਮੇਰ ਪਰਬਤਿ ਊਪਰ ਜਾਇ ਖੜੇ ਹੋਏ॥ ਤਬ ਉਹਾ ਨਉ ਨਾਥ ਚਉਰਾਸੀ ਸਿਧ ਥੇ॥ਅਰਿ ਛਿਆ ਜਤੀ ਥੇ॥ ਸਭਨਾ ਮਹਿ ਮੁਖੀ ਗੁਰੂ ਗੋਰਖ ਨਾਥ ਥਾ॥ ਉਨਹ ਕੈ ਸਾਥਿ ਮੇਲਾ ਗੁਰੂ ਬਾਬੇ ਜੀ ਜਾਇ ਕੀਆ॥ ਅਰੁ ਸਰਬ ਸਿਧ ਮੰਡਲੀ ਕਉ ਅਦੇਸ ਅਦੇਸ ਅਦੇਸ ਕਹਿ ਬੁਲਾਇਆ॥...

ਅੰਤ :...ਸਲੋਕ ॥ਗੁਰੂ ਗੁਰੂ ਜਪੁ ਰੇ ਮਨਿ ਜਿਸ ਮਿਲਿ ਪਾਈਅ ਸੋਇ॥ਕਲ ਕਲੇਸ ਪਾਪ ਹਿਰੇ ਅਤਿ ਸਹਾਈ ਹੋਇ॥ ਜਨ ਨਾਨਕ ਦਾਸ ਬਿਚਾਰਿਆ ਗੁਰ ਬਿਨ ਮੁਕਤਿ ਨ ਪਾਵੈ ਕੋਇ॥੯੭॥ ਬੋਲਹ ਭਾਈ ਜੀ ਵਾਹਿਗੁਰੂ ਵਾਹਗੁਰੂ... ਸਤਿ ਜੀ ਧੰ [ਧੰਨ] ਗੁਰੂ ਜੀ ਪੋਥੀ ਆਤਮਾ ਰਾਮ ਲਿਖੀ ॥ ਲਿਖਾਈ ਭਾਈ ਸੂਰਾ ਸਿੰਘ ॥ ਭੁਲ ਚੁਕ ਬਥਵੀ [ਬਖਸ਼ਵੀ]॥

ਹੱਥ ਲਿਖਤ ਨੰ : MS 91ਖ
ਸਿਰਲੇਖ : ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ
ਲੇਖਕ : ਸੇਵਾ ਦਾਸ ਉਦਾਸੀ
ਲਿਖਾਰੀ : ਆਤਮਾ ਰਾਮ
ਪੱਤਰੇ : 1 ੳ–67 ਅ
ਆਕਾਰ : 17.5X25 ਸ. ਮ. ਲਿਖਤ: 13X19 ਸ.ਮ.
ਵੇਰਵਾ : ਓਹੀ, ਸਤਰਾਂ ਪ੍ਰਤੀ ਪੰਨਾ- 12
ਆਮ ਵੇਰਵਾ : ਹਾਸ਼ੀਏ ਵਿਚ ਲਿਖਤ ਹੈ। ਇਸ ਕ੍ਰਿਤੀ ਦੇ ਪੱਤਰਾ ਅੰਕ ਬਾਕੀ ਪੋਥੀ ਨਾਲੋ ਵਖਰੇ ਹਨ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਪਾਤਿਸਾਹੀ ਦਸਵੀਂ ਮਹਲ॥੧●॥ ਪ੍ਰਥਮੇ ਦਸਾਂ ਮਹਲਾ ਕੇ ਨਾਮ ਲੀਖੇ ॥ ਫੇਰ ਦਸਾ ਮਹਲਾ ਕੀ ਉਸਤਤ ਕੇ ਸਲੋਕ ਲੀਖੇ॥ ਫੇਰਿ ਦਸਾਂ ਮਹਲਾ ਕੀਆ ਸਾਖੀਆ ਲਿਖੀਆ॥ ਗੁਰੂ ਨਾਨਕ ਜੀ॥੧॥...

ਅੰਤ :...ਫੁਨਹਾ॥ ਸੇਵਾ ਦਾਸ ਉਦਾਸੀ ਕੀਨੀ ਪਰਚਰੀ॥ ਗੁਰ ਉਸਤਤਿ ਕੀ ਪੋਥੀ ਪ੍ਰੇਮ ਕੇ ਸਰਿ ਚਰਚਰੀ॥ ਗੁਰੁ ਉਸਤਤਿ ਬੇਅੰਤ ਅਗੰਮ ਅਪਾਰ ਜੀ॥ ਕਛੁ ਅਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ॥ ਇਤਿ ਪਰਚੀ [ਗੁਰੂ ਗੋਬਿੰਦ ਸਿੰਘ] ਜੀ ਕੀ ਸੰਪੂਰਣੰ ਸਮਾਪਤਮ॥੧॥ ਸਾਖੀਆ ਪੰਜਾਹ [ਹੋਈਆਂ] ॥ਪ●॥

ਹੱਥ ਲਿਖਤ ਨੰ : MS 92 ਸੰਗ੍ਰਹਿ

ਸਿਰਲੇਖ : ਬਸੰਤ ਬਹਾਰ ਰਾਜਨੀਤ
ਪੱਤਰੇ : 1
ਆਕਾਰ : 22X15 ਸ.ਮ. ਲਿਖਤ: 19X11 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ, ਸਤਰਾਂ ਪ੍ਰਤੀ ਪੰਨਾ- 17
ਆਮ ਵੇਰਵਾ : ਗ੍ਰੰਥ ਦੀ ਹਾਲਤ ਮਾੜੀ, ਬੁਰੀ ਤਰ੍ਹਾਂ ਕਿਰਮ ਖੁਰਦਾ ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੈ।
ਅਰੰਭ : ੧ੴ ਸੇਤਿਗੁਰ ਪ੍ਰਸਾਦਿ॥ ਅਥ ਬਸੰਤ ਬਹਾਰ ਰਾਜਨੀਤ ਲਿਖਯਤੇ॥ਕਬਿਤੁ॥ ਮੰਗਲ ਕਰਨ ਦੁਖ ਦਾਰਿਦ ਹਰਨ ਜਾ ਕੇ ਚਰਨ ਸਰਨ ਅਭਿਲਖ ਅਲਿਕੇਸ ਕੇ॥ ਖੰਡਨ ਖਲਨ ਕੇ ਪ੍ਰਬਲ ਭੁਜ ਦੰਡ ਚੰਡ ਕੁੰਡਲ ਕਰਨ ਜਨ ਮੰਡਲ ਦਿਨੇਸ ਕੇ॥...
ਅੰਤ :...ਸ੍ਰੀ ਗੁਰੂ ਗੋਬਿੰਦ ਸਿੰਘ ਕੇ ਪੰਥ ਖਾਲਸੇ ਮਾਂਹਿ॥ ਪ੍ਰਬਲ ਨਰੇਦ੍ਰ ਮ੍ਰਿਗੇਸ ਜੂ ਪ੍ਰਗਟੇ ਸ੍ਰੀ ਨਰ ਨਾਹਿ॥ ਦਿਨ ਕਬ ਪਾਣੀ ਉਸ ਕੇ ਸੀਧਾ ਕਰਨੇ ਕੇ ਤਰਦ ਮੇਂ ਲਗ ਜਾਤੀ ਹੈ॥ ਜੈਸੇ ਆਗੇ ਲਿਖੇਂਗੇ॥ ਕਿ ਸਿਹਤ ਕਾ ਕਯਾ ਲਖਨਂ ਹੈ। ਸੇਹਤ ਸੁਖ ਕੋ ਕਹਤੇ ਹੈ ਓਸ ਕਾ ਲਛਨ ਏਹ ਹੈ॥

ਹੱਥ ਲਿਖਤ ਨੰ : MS 92 ਅ
ਸਿਰਲੇਖ : ਪੋਥੀ ਵੇਦਾਂਤ ਅਤੇ ਜੋਤਿਸ
ਪੱਤਰੇ : 3-10
ਆਕਾਰ : 22X15 ਸ.ਮ. ਲਿਖਤ: 19X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ਜਬ ਗੈਰਤ ਬਈ ਕ੍ਰਿਯਾ ਹੁਈ ਉਸੀ ਕੋ ਸੁਖ ਕਹਤੇ ਹੈ। ਵਹ ਤਬੀਯਤ ਸੇ ਬਰੁਧ ਹੈ ਬਰੁਧ ਜਾਂਨ ਕੇ ਉਸ ਕੋ ਤੋੜਨੇ ਮੇਂ ਲਗਤੀ ਹੈ। ਯਹ ਨਹੀਂ ਜਾਨਤੀ ਜੋ ਮੈ ਇਸ ਮ੍ਰਜ ਕੇ ਤੋੜਨੇ ਕਾ ਇਰਾਦਾ ਕਰੂ ਨ ਉਸ ਕਾ ਸਭਾ ਵਸੁਤੈ ਹੀ ਹੈ।...
ਅੰਤ :... ਸੂਛਮ ਕੇ ਅਰਥ ਏਹੇ ਹੈ ਜੋ ਸਭਾਵਕ ਉਪ੍ਰ ਕੀ ਇਛਾ ਰਖੈ॥ ਇਸ ਸੇ ਬਰੁੱਧ ਕੋ ਅਸਥੂਲ ਕਹਤੇ ਹੈ॥ ਔਰ ਹਰ ਏਕ ਤਤ ਦੋ ਕੈਫੀਯਤ ਰਖਤਾ ਹੈ। ਸੋ ਕੈਫੀਯਤਚਾਰ ਹੈ
(੪) ਗ੍ਰੁਮ (੧) ਸਰਦ (੨) ਤਰ (੩) ਖੁਸਕ (੪) ਜੈਸੇ ਅਗਨੀ ਗਰਮ ਵ ਖੁਸਕ ਹੈ॥ ਸਵਾਧਾ ੧

ਹੱਥ ਲਿਖਤ ਨੰ : MS 93
ਸਿਰਲੇਖ : ਮੋਖ ਪੰਥ ਪ੍ਰਕਾਸ਼ ਗ੍ਰੰਥ
ਲਿਖਾਰੀ : ਗੁਲਾਬ ਸਿੰਘ
ਸਮਾਂ : ਸੰਮਤ 1835
ਪੱਤਰੇ : 1-125
ਆਕਾਰ : 17X28 ਸ.ਮ. ਲਿਖਤ: 12X18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆ ਲਕੀਰਾਂ, ਸਤਰਾਂ ਪ੍ਰਤੀ ਪੰਨਾ- 12
ਆਮ ਵੇਰਵਾ : ਇਸ ਪੋਥੀ ਵਿਚ ਪੰਨਾ ਨੰ: 1 ਤੋਂ 59 ਅਤੇ 64 ਤੋ 65 ਪੱਤਰੇ ਤੇ ਦੋਵੇਂ ਪਾਸੇ ਹਾਸ਼ੀਆ ਖੜ੍ਹੇ ਰੁਖ ਦੋ-ਦੋ ਕਾਲੀਆਂ ਲਕੀਰਾਂ ਅਤੇ ਬਾਕੀ ਪੱਤਰਿਆਂ ਤੇ ਹਾਸ਼ੀਆ ਨਹੀਂ ਹੈ। ਪੱਤਰਿਆਂ ਦੀ ਗਿਣਤੀ 1 ਤੋਂ 59 ਤੱਕ ਹੈ ਫਿਰ ਦੁਬਾਰਾ 50 ਤੋਂ ਸ਼ੁਰੂ ਹੁੰਦੀ ਹੈ ਫਿਰ 125 ਤਕ ਹੈ। ਕਿਤੇ-ਕਿਤੇ ਲਿਖਤ ਵਿਚ ਵੀ ਫਰਕ ਹੈ। ਪੋਥੀ ਦੇ ਸ਼ੁਰੂ ਵਿਚ 3 ਪੱਤਰੇ ਖਾਲੀ ਹਨ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮਹ: ਸ੍ਰੀ ਰਾਮਯਨਮ: ਅਥ ਮੋਖ ਪੰਥ ਪ੍ਰਕਾਸ਼ ਗ੍ਰੰਥ ਲਿਖਯਤੇ॥ ਸ੍ਵੈਯਾ॥ ਯਾ ਜਗ ਮੈ ਜਿਨ ਕੇ ਪਦ ਪੰਕਜ ਸੇਵਤ ਨੀਤ ਸ੍ਵਰੇਸਰ ਭਾਰੀ॥ ਔਰ ਸੁਰਾਗਨ ਸੇਵਤ ਹੈ ਅਰ ਜਾਂਹਿ ਭਜੈ ਭਵ ਮੈ ਮੁਖਚਾਰੀ॥ ਤਾਤ ਭਜੇ ਜਗ ਮਾਤ ਭਜੇ ਪੁਨਿ ਜਾਂਹਿ ਮਨਾਇ ਜਿਤੇ ਤ੍ਰਿਪੁਰਾਰੀ॥ ਸੋ ਗਣ ਨਾਇਕ ਹੋਇ ਪ੍ਰਸੰਨ ਗਹੇ ਪਦ ਬੰਦਨ ਭੇਦ ਹਮਾਰੀ॥ ...

ਅੰਤ :... ਕਰ ਜੋਰ ਭਲੀ ਬਿਧ ਦੰਡ ਸਮੰਪਦ ਪੰਕਜ ਮੈ ਵਹੁ ਬੰਦ ਹਮਾਰੇ॥ ਇਤ ਸ੍ਰੀ ਮਤ ਮਾਨ ਸਿੰਘ ਚਰਣ ਸਿੰਘਯਤ ਗੁਲਾਬ ਸਿੰਘੇਨ ਗੌਰੀ ਰਾਏ ਆਤਮ ਜੇਨ ਵਿਰਚਤੇ ਮੋਖ ਪੰਥ ਪ੍ਰਕਾਸ ਵਿਦੇਹ ਮੁਕਤ ਨ੍ਰਿਨਯੋ ਨਾਮ ਪੰਚਮੋ ਨਿਵਾਸ॥ ਸ਼ੁਭ ਮਸਤੁ ਅਨੰਦ ਮਸਤੁ॥ ਸੰਮਤ ੧੯੧੬ ਮਹੀਨਾ ਮਾਗ ਦਾ॥ ਸੰਪੂਰਣ ਰਾਸੀ ਕਰਆ॥ ਦਿਨ ਬੀਰਵਾਰਪ੍ਰਾਤਕਾਲ॥=॥=॥=॥=॥=॥=॥

ਹੱਥ ਲਿਖਤ ਨੰ : MS 94

ਸਿਰਲੇਖ : ਪੋਲ ਮਤ ਰਾਧਾ ਸੁਆਮੀ ਭਾਗ 2

ਲੇਖਕ : ਹੁਕਮ ਸਿੰਘ

ਸਥਾਨ : ਲੇਖਕ ਚੱਕ ਨੰਬਰ 290 ਲਾਇਲਪੁਰ (ਪਾਕਿਸਤਾਨ) ਦਾ ਰਹਿਣਵਾਲਾ ਹੈ।

ਪੱਤਰੇ : 128

ਆਕਾਰ : 26X21 ਸ.ਮ. ਲਿਖਤ: 21X17 ਸ.ਮ.

ਵੇਰਵਾ : ਜਿਲਦ ਗੱਤਾ ਸਿਆਹੀ ਕਾਲੀ ਤੇ ਨੀਲੀ; ਬਗੈਰ ਹਾਸ਼ੀਏ ਤੋਂ

ਆਮ ਵੇਰਵਾ : ਲੇਖਕ ਅਨੁਸਾਰ ਇਸਦਾ ਪਹਿਲਾ ਭਾਗ ਛੱਪ ਚੁੱਕਾ ਹੈ। ਪੰਨਾ 118 ਤੋਂ ਬਾਅਦ ਕਿਸੇ ਵਲੋਂ ਛੋਟੇ ਆਕਾਰ ਵਿਚ ਲਾਇਨਾਂ ਵਾਲੇ ਕਾਗਜ ਤੇ ਨੀਲੀ ਸਿਆਹੀ ਨਾਲ ਭਾਈ ਹੁਕਮ ਸਿੰਘ ਨੂੰ ਪੋਲ ਮਤ ਰਾਧਾ ਸੁਆਮੀ ਭਾਗ ਦੂਜਾ ਦੀਆਂ ਜਰੂਰੀ ਸੋਧਾਂ ਲਈ ਬੇਨਤੀ ਕੀਤੀ ਗਈ ਹੈ। ਇਹ ਪੋਥੀ 75 ਪੰਨੇ ਤੱਕ ਕਾਲੀ ਸਿਆਹੀ ਨਾਲ ਲਾਈਨਾਂ ਵਾਲੇ ਮਸ਼ੀਨੀ ਕਾਗਜ ਤੇ ਪੰਨੇ 75 ਤੋਂ ਪੰਨਾ 128 ਤੱਕ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ। ਪੱਤਰਾ ਨੰ:121 ਤੋਂ 126 ਤੱਕ ਨਹੀਂ ਹਨ ਫਿਰ 127 ਤੇ ਪਤਰਾ ਨੰ:128 ਲਗਿਆ ਹੋਇਆ ਹੈ।

ਅਰੰਭ : ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ। ਉਘੜਿ ਗਿਆ ਜੈਸੇ ਖੋਟਾ ਢਭੂਆ ਜਾ ਨਦਰ ਸਰਾਫਾ ਆਇਆ॥ਪੋਲ ਮਤ ਰਾਧਾ ਸੁਆਮੀ ਭਾਗ ਦੁਜਾ ਕ੍ਰਿਤ ਭਾਈ ਹੁਕਮ ਸਿੰਘ ਚੱਕ ਨੰਬਰ ੨੯● ਲਇਲਪੁਰ।...

ਅੰਤ :...ਕਿਓਂ ਭਾਈ ਹੁਣ ਦੇਖ ਲਈ ਜੇ ਸਾਰ ਬਚਨ ਦੀ ਥਾਂਹ ਏਹ ਸੰਤਾ ਦੀ ਬਾਣੀ ਨਾਹੀਂ ਏਹ ਹੈ ਨਸ਼ੇ ਕਹਾਣੀ ਏਹ ਖੰਗਾਰ ਕਹਾਣੀ ਭਾਈ ਤਨ ਦੀ ਸੇਵਾ ਕਹਿੰਦੇ॥ ਵਿਚੇ ਲਿਖਆ ਟੱਟੀ ਫਿਰਨਾ ਸਾਰ ਬਚਨ ਨੇ ਕਹਿੰਦੇ। ਜਾ ਹੈ ਸਿਫਤ ਸੁਆਮੀ ਜੀ ਦੀ ਜੋਇ ਅਗਿਰੇਵਾਲਾ॥ ਅਖਰ ਅਖਰ ਅੰਦਰ ਫਿਰਦੀ ਸੁਆਮੀ ਜੀ ਦੀ ਮਾਲਾ॥ ਜਾਂ ਰਾਧਾਂ ਦਾ ਨਿਰੰਜਨ ਇਟ ਖੜਿਕਾ ਲਿਖਆ॥ ਏਨਾ ਨਾਲ ਹੈ ਪੋਥਾ ਭਰਿਆ ਹੋਰ ਬਚਨ ਨ ਪਿਖਆ॥ ਸਿਫਤ ਰੱਬ ਦੀ ਕਿਦੇ ਨ ਡਿਠੀ ਨ ਮਨ ਦਾ ਸਮਝਾਣਾ॥ ਦੁਨੀਆਂ ਦੇ ਫਮਾਂਵਣ ਵਾਲਾ ਸਾਰਾ ਤਣਿਆਂ ਤਾਂਣਾ॥

ਹੱਥ ਲਿਖਤ ਨੰ : MS 95

ਸਿਰਲੇਖ : ਸ੍ਰੀ ਰਾਮ ਚਰਿਤ੍ਰ ਮਾਨਸ ਭਾਖਾ

ਲੇਖਕ : ਨਥਲ ਬ੍ਰਾਹਮਣ

ਪੱਤਰੇ : 498

ਆਕਾਰ : 20X25 ਸ.ਮ. ਲਿਖਤ: 13X17 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 13

ਆਮ ਵੇਰਵਾ : ਗ੍ਰੰਥ ਦੀ ਹਾਲਤ ਖਸਤਾ ਪੱਤਰੇ ਫਟੇ ਹੋਏ। ਪੋਥੀ ਦੇ ਸ਼ੁਰੂ ਵਿਚ ਬਿਨਾਂ ਹਾਸ਼ੀਏ ਤੋਂ ਪੰਜ ਪਤਰੇ; ਸੰਸਕ੍ਰਿਤ ਲਿਖੀ ਹੋਈ ਹੈ। ਪੱਤਰਾ ਨੰ: 2 ਓ ਤੇ ਨੁਸਖੇ ਲਿਖੇ ਹੋਏ ਹਨ। ਅੰਤ ਵਿਚ ਦੋ ਪੱਤਰੇ ਖਾਲੀ ਹਨ, ਆਖਰੀ ਪੰਨੇ ਉਤੇ ਗੁਰਮੁਖੀ ਤੇ ਦੇਵਨਾਗਰੀ ਲਿਖੀ ਹੋਈ ਹੈ।ਅਖੀਰ ਤੇ ਰਾਣਾ-ਭਾਈ ਰਾਮ ਸਿੰਘ ਦਾ ਜ਼ਿਕਰ ਹੈ ਅਤੇ ਉਸ ਉਪਰ ਹੜਤਾਲ ਫੇਰੀ ਹੋਈ ਹੈ। ਹੋਰ ਕਾਨੀ ਨਾਲ ਲਿਖਿਆ ਹੋਇਆ ਹੈ "ਬਾਨਵੇਂ ਸਮੇਂ ਦੀ ਲਿਖੀ ਨਥਲ ਬ੍ਰਾਹਮਣ॥"

ਅਰੰਭ : ੧ਓ ਸ੍ਰੀ ਗਣੇਸਾਇ ਨਮ:। ਨਮ: ਕਮਲ ਦਲ ਵਿਪੂਲ ਨਯਨਾਭਿ ਰਾਮਾਇ॥ ਸ੍ਰੀ ਰਾਮੋ ਜਪਤ॥ਸ੍ਰੀ ਰਾਮਚੰਦ੍ਰਾਇਨਮਾ॥ ਸ੍ਰੀ ਗੁਰਵੇ ਨਮ॥ ਓ ਵਰਣਾਨਾ ਮਥ ਸੰਘਾਨਾਂ ਰਸਾਨਾਂ ਛਦਸਾਮਪਿ॥ ਮੰਗਲਾਨਾਂ ਚ ਕੁਤਾਰੌ ਬੰਦੇ ਬਾਣੀ ਵਿਨਾਯਕੰ॥...

ਅੰਤ : ...ਇਤਿ ਸ੍ਰੀ ਰਾਮ ਚਰਿਤ੍ਰ ਮਾਨਸੇ ਸਕਲ ਕਲਮ ਵਿਧੂਸਨੇ ਵਿਮਲ ਵਿਗ੍ਰਾਨ ਸੰਪਾਦਿਨੀ ਨਾਮ ਸਪਤ ਮਾਸੋਪਾਨਾ ਉਤ੍ਰਕਾਂਡ ਸਮਾਪਤ॥ਸੁਭ ਮਸਤ ਸ੍ਰਬ ਜਗਤਾਂ॥ਸ਼ੁਭ ਮਸਤੁ ਸ੍ਰਬ ਜਗਤਾਂ॥ ਓਂ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਓਂ ॥॥॥ਸ਼ੁਧ੍ਹ॥॥ ਬਾਨਵੇ ਸਮੇਂ ਦੀ ਲਿਖੀ॥ ਨਥਲ ਬ੍ਰਹਮਣ॥ ਰੁਮੀ॥॥॥॥

ਹੱਥ ਲਿਖਤ ਨੰ : MS 96

ਸਿਰਲੇਖ : ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ

ਲੇਖਕ : ਸੋਢੀ ਮਿਹਰਬਾਨ

ਪੱਤਰੇ : 142 ਓ-160 ਅ

ਆਕਾਰ : 17X12 ਸ.ਮ. ਲਿਖਤ: 13X7.5 ਸ.ਮ.

ਵੇਰਵਾ : ਜਿਲਦ ਬਾਅਦ ਵਿਚ ਬੰਨ੍ਹੀ ਹੋਈ ਹੈ ਅਤੇ ਉਖੜੀ ਹੋਈ ਹੈ।ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ- 14

ਆਮ ਵੇਰਵਾ : ਲਿਖਤ ਆਮ ਪਰ ਪੜ੍ਹਨਯੋਗ। ਪੱਤਰਾ ਨੰਬਰ 147-149 ਨਹੀਂ ਹਨ। 151 ਅੰਕ ਦੋ ਪੱਤਰਿਆਂ ਤੇ ਲਿਖਿਆ ਹੋਇਆ। ਪੋਥੀ ਦੀ ਹਾਲਤ ਖਸਤਾ, ਕੁਝ ਪੱਤਰੇ ਕਿਰਮ ਖੁਰਦਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਇਕੁ ਦਿਨੁ ਗੁਰੂ ਬਾਬਾ ਨਾਨਕੁ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰਪੁਰਿ ਬੈਠਾ ਥਾ॥ ਅਰੁ ਇਕ ਗੋਵਿੰਦ ਲੋਕੁ ਗੁਰੂ ਬਾਬੇ ਨਾਨਕ ਜੀ ਪਾਹਿ ਆਏ॥...।

ਅੰਤ : ...ਅਲਫ ਅਲਾਹੀ ਤੇ ਨ ਲਿਹੈ ਜਪਿਓ ਕਿਉ ਨਾ ਆਜਾਨਿ॥ ਗੁਰ ਸੇਵਾ ਤੂੰ ਕਰਿ ਮਨਾ ਛੁਟਹਿ ਅੰਤਿ ਨਿਦਾਨਿ॥ ੨੯॥ ਯੇ ਯਾਰੀ ਕਰਿ ਰਬ ਸਿਉ ਜਿਸ ਕਾ ਨਿਹਚਲ ਰਾਜ॥ ਇਕੁ ਇਕਲਾ ਨਾਨਕਾ ਨਾਹਿ ਕਿਸੈ ਮੁਹਤਾਜੁ॥੩●॥

ਹੱਥ ਲਿਖਤ ਨੰ : MS 97

ਸਿਰਲੇਖ : ਵਿਚਾਰ ਸਾਗਰ

ਲੇਖਕ : ਨਿਸਚਲ ਦਾਸ

ਸਮਾਂ : ਸੰਮਤ 1915

ਸਥਾਨ : ਕਿਹੜੋਲੀ ਨਜ਼ਦੀਕ ਦਿੱਲੀ

ਪੱਤਰੇ : ਭਿੰਨ ਭਿੰਨ

ਆਕਾਰ : 17.5X33 ਸ.ਮ. ਲਿਖਤ: 14X26.5 ਸ.ਮ.

ਵੇਰਵਾ : ਲੈਮੀਨੇਸ਼ਨ ਕਰਵਾਕੇ ਬਾਅਦ ਵਿਚ ਪੱਕੀ ਜਿਲਦ ਬੰਨੀ ਹੋਈ ਹੈ। ਦੁਪਾਸੀਂ ਖੜ੍ਹੇ ਰੁਖ ਇਕ ਲਾਲ ਲਕੀਰ ਦਾ ਹਾਸ਼ੀਆ ਹੈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਸਤਰਾਂ ਪ੍ਰਤੀ ਪੰਨਾ – 12, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।

ਆਮ ਵੇਰਵਾ : ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ। ਪੋਥੀ ਖੜ੍ਹੇ ਰੁਖ ਖੁਲਦੀ ਹੈ। ਇਸ ਪੋਥੀ ਦੇ 7 ਅਧਿਆਇ ਹਨ ਜਿਨ੍ਹਾਂ ਨੂੰ ਤੁੰਗ ਲਿਖਿਆ ਹੈ। ਹਰ ਤੁੰਗ ਨੂੰ ਅਲਗ ਪੱਤਰਾ ਅੰਕ ਦਿਤਾ ਹੈ।

ਅਰੰਭ : ॥=॥੧ੴਸਤਗੁਰ ਪ੍ਰਸਾਦ॥ ਸ੍ਰੀ ਗਣੇਸਾਯ ਨਮ:॥ ਅਥ ਵਿਚਾਰ ਸਾਗਰ ਗ੍ਰੰਥ ਲਿਖਯਤੇ॥ ਅਥ ਵਸਤੂ ਨਿਰਦੇਸ ਰੂਪ ਮੰਗਲ॥ਦੋਹਰਾ॥ ਜੋ ਸੁਖ ਨਿਤਜ ਪ੍ਰਕਾਸ ਵਿਭੂ ਨਾਮ ਰੂਪ ਅਧਾਰ॥ ਮਤ ਨ ਲਖੇ ਜਹਂ ਮਤ ਲਖੇ ਸੋ ਮੈ ਸੁੱਧਾ ਅਪਾਰ॥੧॥...

ਅੰਤ : ...ਕਰਨ ਜੁ ਔਰਨਿ ਬੰਧ ਹੈ ਜਿਨ ਮੈ ਮਤਿ ਕੇ ਭੇਦ॥ ਸਰਮ ਤੈ ਅਵਗਾਹ ਨ ਕਿਜੇ ਨਿਹਚਲ ਦਾਸ ਸੁਬੇਦ॥੧●੭॥ਤਿਨ ਯਹ ਭਾਖਾ ਗ੍ਰੰਥ ਕਿਸੋਹ ਰੰਚ ਨ ਉਪਜੀ ਲਾਜ॥ ਤਾ ਮੈ ਯਹ ਇਕ ਹੇਤੁ ਹੈ ਦਜਾ ਧਰਮ ਸਿਰਤਾਜ॥੧●੮॥ ਬਿਨ ਵਿਆਕਰਨ ਨ ਪੜਿ ਸਕੈ ਗ੍ਰੰਥ ਸੰਸਾਕਿਤ ਮੰਦ॥ ਪੜੈ ਯਾਹਿ ਅਨਜਾਸ ਹੀ ਲਹੈ ਸੁ ਪਰਮਾਨੰਦ॥੧●੯॥ ਦਿੱਲੀ ਤੈ ਪਸਚਮ ਦਿਸਾ ਕੋਸ ਅਠਾਰਹ ਗ੍ਰਾਮ॥ ਤਾ ਮੈ ਯਹ ਪੂਰੋ ਭਜੋ ਕਿਹੜੋਲੀ ਤਿੱਹ ਨਾਮ॥੧੧●॥ ਗਜਾਨੀ ਮੁਕਤ ਬਿਦੇ ਮੈ ਜਾਸੈ ਹੋਜ ਅਭੇਦ॥ ਦਾਦੂ ਆਦੂ ਰੂਪ ਸੋ ਜਾਹਿ ਬਖਾਨਤ ਬੇਦ॥੧੧੧॥ ਨਾਨਾ ਰੂਪ ਵਜਾਭਿਚਾਰ ਮੈ ਅਨੁਗਤ ਏਕ ਅਨੂਪ॥ ਦਾਦੂ ਪਦ ਕੋ ਲਛਜ ਹੈ ਅਸਤ ਭਾਤ ਪ੍ਰਿਯਰੂਪ॥੧੧੨॥ ਇਤ ਸ੍ਰੀ ਵਿਚਾਰ ਸਾਗਰੇ ਜੀਵਨ ਮੁਕਤ ਬਿਦੇਹ ਮੁਕਤਿ ਬਰਣਨੰ ਨਾਮ ਸਪਤਮ ਤਰੰਗ॥ਸੰਮਤਾ॥ ੧੯੧੫ ॥ ਮਿਤੀ ਫਗਣ ਬਦੀ ੨੫ ॥ ਲਿਖਿਜਾ ਸੰਪੂਰਨੰ॥=॥=॥=॥=॥=॥=॥=॥=॥=॥=॥=॥=॥=॥=॥=॥=॥

ਹੱਥ ਲਿਖਤ ਨੰ : MS 98

ਸਿਰਲੇਖ : ਮਿਠੜੇ

ਲੇਖਕ : ਕਵੀ ਸੋਂਧਾਂ

ਪੱਤਰੇ : 1 ਅ 14 ਅ

ਆਕਾਰ : 9 X 15 ਸ. ਮ. ਲਿਖਤ : 6 X 9 ਸ. ਮ.

ਵੇਰਵਾ : ਜਿਲਦ ਗੱਤਾ । ਬਿਨਾ ਹਾਸ਼ੀਏ ਦੇ ਹੈ। ਸਤਰਾਂ ਪ੍ਰਤੀ ਪੰਨਾ–7

ਆਮ ਵੇਰਵਾ : ਪੋਥੀ ਅਧੂਰੀ ਹੈ। ਲਿਖਤ ਵਾਲਾ ਆਖਰੀ ਪੱਤਰਾ ਨੁਕਰ ਤੋਂ ਪਾਟਾ ਹੋਇਆ ਹੈ। ਉਸ ਤੋਂ ਅਗੇ ਇਕ ਪੱਤਰਾ ਖਾਲੀ ਹੈ। ਪੱਤਰਾ ਅੰਕ ਨੀਲੀ ਸਿਆਹੀ ਨਾਲ ਲਿਖਿਆ ਹੈ। ਲਿਖਾਈ ਸੁੰਦਰ ਹੈ।

ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਮਿਠੜੇ ਲਿਖਤੇ॥ ਦੋਹਿਰਾ॥ ਪ੍ਰੇਮ ਭਗਤ ਸ੍ਰੀ ਰਾਮ ਕੀ ਸਭ ਤੇ ਉਤਮ ਜਾਨ॥ ਕਰਿ ਕ੍ਰਿਪਾ ਤੁਮ ਦੇਹੁ..ਰ ਜਨ ਅਪਨੇ ਕਉ ਦਾਨ॥੧॥ਦੋਹਰਾ॥ ਪ੍ਰੇਮ ਬਾਨ ਜਾਕਉ ਲਗੈ ਸੋ ਜੀਵਤ ਮਰ ਜਾਇ॥ ਜਾਂ ਕੇ ਘਟਿ ਮਹਿ ਸੰਚਰੈ ਸੁਧ ਬੁਧ ਦੇਤ ਭੁਲਾਇ॥੨॥...

ਅੰਤ :... ਕੁਬਰੀ ਦਾ ਕੁਬ ਭੰਨ ਸੋਹਣੀ ਬਣਾਇ ਰੰਨ ਅੰਨ ਧਂਨ ਲਛਮੀ ਦੀ ਤੋਟਿ ਨਹੀ ਆਉਦੀ॥ਮੁਠੀ ਹਾਵੇ ਮੁਠੀ ਲਾਲ ਸੀਨਾ ਮੇਰਾ ਸਾੜ ਬਾਲ ਸਾਵਰੇ ਗੁਪਾਲ ਨਾਲ ਯਾਰੀਆ ਕਮਾਉਦੀ ॥ ਜਾਤਿ ਕੀ ਅਰਾਇਣੀ ਕਸਾਇਣੀ ਦੀ ਚਾਲ ਦੇਖੋ ਹੀਰਾ ਪੰਨਾ ਮੋਤੀ ਲਾਲ ਚੂੰਨੀਆ ਹੰਡਾਉਦੀ॥ ਸਾਵਰੇ ਦੀ ਪ੍ਰੀਤ ਸੰਦੀ ਇਕ ---ਮੰਦੀ ਪਾਪੀਆ ਅਪਰਾਦੀਆ ਨੂੰ ਪਾਰ ਹੈ ਲੰਘਾਵਦੀ ॥੧੪॥ ਭਲਿਣੀ ਤਰਾਈ ਨੀਚ ਜਾਤ ਬੰਨੇ ਲਾਈ ਬੇਰ ਚਖ ਕੇ ਲੈ ਆਈ ਪ੍ਰੇਮ ਨਾਲ ਸੀ ਖਵਾਉਦੀ॥ਮੀਰਾ ਬਾਈ ਤਾਰੀ ਔਰ ਧਰੋਪਤੀ ਉਧਾਰੀ .....

ਹੱਥ ਲਿਖਤ ਨੰ : MS 99

ਸਿਰਲੇਖ : ਦਸਮ ਸਕੰਧ

ਲੇਖਕ : ਕ੍ਰਿਸ਼ਨ ਦਾਸ

ਸਮਾਂ : ਸੰਮਤ 1818

ਪੱਤਰੇ : 1-449

ਆਕਾਰ : 31X20 ਸ.ਮ. ਲਿਖਤ: 20X9 ਸ.ਮ.

ਵੇਰਵਾ : ਜਿਲਦ ਗੱਤਾ, ਚਮੜਾ ।ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਦੋਵੇਂ ਪਾਸੇ ਦੋ-2 ਕਾਲੀਆਂ ਲਕੀਰਾਂ ਹਾਸ਼ੀਏ ਲਈ ਕਿਧਰੇ ਕਿਧਰੇ ਵਿਚ ਲਾਲ ਲਕੀਰ ਹੈ। ਸਤਰਾਂ ਪ੍ਰਤੀ ਪੰਨਾ-20

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ ਹੋਣ ਕਾਰਨ ਲੈਮੀਨੇਸਨ ਕੀਤੀ ਹੋਈ ਹੈ। ਪੰਨਾ ਨੰ: 44 ਲਿਖ ਕੇ ਖਾਲੀ ਛਡਿਆ ਹੋਇਆ ਹੈ। ਪੱਤਰਾ ਨੰ: 439 ਤੋਂ ਬਾਅਦ ਇਕ ਪੱਤਰਾ ਲੈਮੀਨੇਸਨ ਵਾਲਾ ਖਾਲੀ ਲਗਿਆ ਹੋਇਆ ਹੈ। ਹਾਸ਼ੀਏ ਵਿਚ ਕਿਧਰੇ-ਕਿਧਰੇ ਲਕੀਰਾਂ ਲਾਲ ਰੰਗ ਨਾਲ ਵੀ ਲਗਾਈਆਂ ਹੋਈਆਂ ਹਨ ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਸਤਿ ਸ੍ਰੀ ਗਣੇਸਏ ਨਮਹਿ॥ ਅਥ ਸ੍ਰੀ ਦਸਮ ਸਕੰਧ ਲਿਖਤੇ ਭਾਖਾ ਕ੍ਰਿਸ਼ਨ ਦਾਸ॥...

ਅੰਤ :... ਸ਼ੁਭ॥ ਜੈ ਸ੍ਰੀ ਕ੍ਰਿਸ਼ਨ ਸੁਖ ਧਾਂਮ ॥ ਸਰਬਿ ਬਿਆਪੀ ਪੂਰਨਿ ਕਾਂਮ॥ ਜੈ ਸ੍ਰੀ ਕ੍ਰਿਸਨ॥ ਸਰਬ ਬਿਆਪੀ ਪੂਰਨਿ ਬਿਸਨ॥ ਸਮਤਿ ਅਠਾਹਰਾ ਸੈ ਅਠਾਹਿਰਾ॥ ਜੇਠਿ ਪਹਲੀ ਤਿਥ ਪੰਚਮੀ॥ ਪੁਸਤਕਿ ਸਪੂਰਨਿ ਹੋਅ॥ ਸਾਵ ਮਾਤ੍ਰਿ ਕਨਾ ਸੋਧਿ ਪੜਨਾ ਕਰਿ ਬੀਚਾਰਿ॥ ਪਿਸਗਾ ਸੰਤਿ ਅੰਸਿ ਰਾਮਾ ਹੁੰਆਲਿ ਪੋਥੀ ਲਿਖੀ ਜੁਧਾਰਿ ਪੜਤੇ ਸੁਣਤੇ ਫਲਿ ਪਵੰਤੇ॥ਪੋਥੀ ਪੜਿ ਕੈ ਹਥਿ ਜੋੜਨੇ ਭਲਾ ਹੋਵੈ ਦਰਗਾਹਿ ਵਿਚੁ ॥ ਭੁਲ ਚੁਕ ਬਖਣਾ ਮੁਇ ਕੋ ਦੋਸ ਨਹੀ ਦੇਵਨਾ॥

ਹੱਥ ਲਿਖਤ ਨੰ : MS 100 ਸੰਗ੍ਰਹਿ

ਸਿਰਲੇਖ : ਸਾਹਿਤਯ ਸੁਧਾ ਨਿਧੀ

ਲੇਖਕ : ਜਗਤ ਸਿੰਘ

ਲਿਖਾਰੀ : ਨਰੈਣ ਸਿੰਘ

ਸਮਾਂ : ਸੰਮਤ 1946

ਸਥਾਨ : ਤਰਨ ਤਾਰਨ

ਪੱਤਰੇ : 1 ੳ- 37 ੳ

ਆਕਾਰ : 19X13 ਸ.ਮ. ਲਿਖਤ: 17X11 ਸ.ਮ.

ਵੇਰਵਾ : ਜਿਲਦ ਗੱਤਾ, ਹਾਸ਼ੀਏ ਤੋਂ ਬਿਨਾਂ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।ਸਤਰਾਂ ਪ੍ਰਤੀ ਪੰਨਾ-13

ਆਮ ਵੇਰਵਾ : ਵਖਰੇਵੇਂ ਲਈ ਵਰਤੀ ਲਾਲ ਸਿਆਹੀ ਬਹੁਤ ਫਿੱਕੀ ਹੈ, ਕਈ ਥਾਈ ਪੜ੍ਹਨ ਯੋਗ ਵੀ ਨਹੀਂ। 37 ਪੱਤਰੇ ਤੇ ਸਮੇਂ ਬਾਰੇ ਲਿਖਿਆ ਹੈ। 37 ਅ ਅਤੇ 38 ਪੱਤਰਾ ਖਾਲੀ ਹਨ। ਅਗਲੀ ਕ੍ਰਿਤੀ ਦਾ ਪੱਤਰਾ ਨੰਬਰ ਫਿਰ ਇਕ ਤੋਂ ਸ਼ੁਰੂ ਹੁੰਦਾ ਹੈ ਅਤੇ 32 ਤਕ ਚਲਦਾ ਹੈ। ਉਸ ਤੋਂ ਅਗੇ ਪੱਤਰਾ ਨੰਬਰ ਨਹੀਂ ਪਾਇਆ ਹੋਇਆ 33 ਪੱਤਰੇ ਤੋਂ ਪੈਨ ਨਾਲ ਲਾਲ ਸਿਆਹੀ ਨਾਲ ਪੱਤਰਾ ਅੰਕ ਲਿਖਿਆ ਹੋਇਆ ਹੈ। ਸਾਰੇ ਪੱਤਰਾ ਅੰਕ ਲਾਲ ਸਿਆਹੀ ਨਾਲ ਲਿਖੇ ਹਨ। ਸੂਚਕ ਸ਼ਬਦ ਲਾਲ ਸਿਆਹੀ ਨਾਲ ਲਿਖੇ ਹਨ।

ਅਰੰਭ : ॥੧ਓ ਸਤਿ ਗੁਰੁ ਪ੍ਰਸਾਦਿ॥੧ਓ ਸ੍ਰੀ ਗਣੇਸਾਯ ਨਮ:॥ ਅਥ ਸਾਹਿਤਜ ਸੁਧਾ ਨਿਧੀ ਲਿਂਖਯਤੇ॥ ਬਰਵੈ ਛੰਦ॥ ਸਿਵ ਸੁਤ ਏਕ ਰਦਨ ਜਯ ਛਬਿਉ ਦਜੋਤ॥ ਕਿਨ ਸਯੋ ਮਨੇ ਮੇਰੁ ਤੈ ਸੁਰ ਸਰਿਸ੍ਰੋਤ ॥੧॥ ਸੀਸ ਮੁਕਟ ਸੁਰਤ ਕੁੰਡਲ ਕੇਸਰ ਭਾਲ॥ ਪੀਤ ਬਸਨਤ ਨੁ ਮੁਰਲੀ ਕਰ ਉਰਿਮਾਲ॥੨॥...

ਅੰਤ : …ਸੰਬਤ ਪੈ ਦੋਹਾ॥ ਰਿਤੂ ਵੇਦ ਨਿਧੀ ਚੰਦ੍ਰਮਾ ਸੰਮਤ ਮਾਸ ਅਖਾਡਿ॥ ਰਵਿ ਦਿਨ ਤਿਥਿ ਇਕਾਦਸੀ ਗ੍ਰੀਖਮੁ ਕੀ ਰਿਤੁ ਡਾਡਿ॥ ਤਾਰਨ ਤ੍ਰੁਨ ਸੁ ਸੈਹਰ ਮੈ ਪ੍ਰਾਚੀ ਦਿਸ ਧ੍ਰੁਮਸਾਲ॥ ਲਿਖਜੋ ਸਾਹਿਤੱਜ ਸੁਧਾ ਨਿਧਿ ਸਿੰਘ ਨਰਾਇਨ ਭਾਲ॥੩॥=॥

ਹੱਥ ਲਿਖਤ ਨੰ : MS 100 ਅ
ਸਿਰਲੇਖ : ਕੁਸਮ ਕਿਆਰੀ
ਲਿਖਾਰੀ : ਕਵੀ ਕੁਲ
ਲੇਖਕ : ਨਰੈਣ ਸਿੰਘ
ਸਮਾਂ : ਸੰਮਤ 1946
ਸਥਾਨ : ਤਰਨ ਤਾਰਨ
ਪੱਤਰੇ : 1 ੳ- 32 ਅ
ਆਕਾਰ : 19X13 ਸ.ਮ. ਲਿਖਤ: 17X11 ਸ.ਮ.
ਵੇਰਵਾ : ਜਿਲਦ ਗੱਤਾ, ਹਾਸ਼ੀਏ ਤੋਂ ਬਿਨਾਂ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।ਸਤਰਾਂ ਪ੍ਰਤੀ ਪੰਨਾ-13
ਆਮ ਵੇਰਵਾ : ਓਹੀ
ਅਰੰਭ : ॥੧ੴ ਸਤਿ ਗੁਰੁ ਪ੍ਰਸਾਦਿ॥ ਸ੍ਰੀ ਗੁਰੂ ਚਰਨ ਕਮਲੇਯ ਨਮ:॥ ਅਥ ਕਵਿ ਕੁਲ ਕ੍ਰਿਤ ਕੁਸਮ ਕਿਆਰੀ ਗ੍ਰਥ ਲਿਖਯਤੇ॥ਦੋਹਾ॥ ਵੰਦੇਤੰ ਗੁਰੁ ਨਾਨਕੰ ਯਾ ਸੁ ਨਾਮ ਪ੍ਰਗਾਸ॥ ਫਾਸਿ ਕਾਟੰਤ ਯਮਰਾਜ ਕੀ ਦੇਤੁ ਦਾਸ ਸੁਖ ਰਾਸ॥੧॥…
ਅੰਤ : …ਰਾਗ ਵੇਦ ਨੇਭ ਨਾਥ ਆਤਮਾ ਵਖਾਨੀਯਤ ਸੰਮਤ ਅਖਾੜ ਤਿੱਥ ਦਸਮੀ ਵਿਚਾਰਭੋ ॥ ਸਨੀਵਾਰ ਪਖੱ ਸਜਾਮ ਗ੍ਰੀਖਮ ਕੋ ਅੰਤ ਭਯੋ ਸੰਤ ਮਤਿ ਵੰਤ ਭਗਵੰਤ ਨਿਰਧਾਰਯੋ ॥ ਕੁਸਮ ਕਿਆਰੀ ਨਾਮ ਗ੍ਰੰਥ ਜੁ ਪਢੇਗੇ ਨਰ ਲਹੇਗੇ ਸੁਧਿ ਤਾ ਕੋ ਦੋਖ ਨਿਰਵਾਰਭੋ॥ ਤਾਰਨ ਤਰੰਨ ਸੈਹ੍ਰ ਪੂਰਬ ਕੀ ਓਰ ਡੇਰਾ ਜਾਨੀਯੈ ਨਰੈਨ ਸਿੰਗ ਪ੍ਰਗਟ ਉਚਾਰ ਭੋ॥੧੩੩॥ਇਤਿ ਸ੍ਰੀ ਕਵ ਕੁਲ ਕ੍ਰਿਤ ਸਤ ਇਕਤੀ ਸੈ ਤ੍ਰੈ ਬ੍ਰਿਤ ਕਵਿ ਨਾਰਾਯਨ ਸਿੰਘ ਨਾਮ ਕੁਸਮ ਕਜਾਰੀ ਗ੍ਰੰਥੇ ਕ੍ਰਮ ਕਥਨੰ ਨਾਮ ਪ੍ਰਿਥਮੋ ਅਧਜਾਇ ਸੰਪੂਰਣੰ॥ ਸ੍ਰੀ ਪ੍ਰਮਾਤਮੇਣ ਭਜੋ ਨਮ:॥=॥੧

ਹੱਥ ਲਿਖਤ ਨੰ : MS 100 ਏ
ਸਿਰਲੇਖ : ਰਿਤੁ ਰਮਨੀਯ ਰਸਕ ਰੰਜਨ
ਲੇਖਕ : ਨਰੈਣ ਸਿੰਘ
ਲਿਖਾਰੀ : ਕਵਿ ਕੁਲ
ਪੱਤਰੇ : 33 ੳ- 42 ੳ + 42 ਅ- 52 ਅ
ਆਕਾਰ : 19X13 ਸ.ਮ. ਲਿਖਤ: 17X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ ਨੰਬਰ 43 ਤੇ ਇਕ ਹੀ ਸ਼ਬਦ ਹੈ। ਬਾਕੀ ਸਾਰਾ ਪੱਤਰਾ ਅਤੇ 44 ਪੱਤਰਾ ਖਾਲੀ ਹਨ। 42 ੳ ਤੇ ਰਿਤੁ ਰਮਨੀਯ ਰਸਕ ਰੰਜਨ ਦਾ ਅੰਤ ਹੈ। 42 ਅ ਅਤੇ 43 ੳ ਤੇ ਕਵਿ ਨਾਰਾਯਨ ਹਰੀ ਦੇ ਸਰਦਾਰੰ ਤੁਪੈ ਦੇ ਦੋ ਕਬਿੱਤ ਦਿੱਤੇ ਹਨ। ਪੱਤਰਾ 43 ਅਤੇ 44 , 48 ਅ-49,50, 53 ਖਾਲੀ ਹਨ। ਪੱਤਰਾ ਅੰਕ 45 ਤੋਂ 48 ਤਕ ਅਲਗ-ਅਲਗ ਕਵੀਆਂ ਦੇ ਕਬਿੱਤ ਦਿੱਤੇ ਹਨ ਜਿਨਾਂ ਵਿਚ ਲਾਲ, ਜਗਦੀਸ਼, ਸੈਨਾਪਤ, ਨਾਰਾਯਨ ਹਰੀ ਆਦਿ ਹਨ। ਪੱਤਰਾ 51 ਅਤੇ 52 ਤੇ ਸਰੁਤਿ ਸੰਗ੍ਰਹਿ ਹੈ।

ਅਰੰਭ : ੧ਓ ਸਤਿ ਗੁਰੁ ਪ੍ਰਸਾਦਿ॥ ਸ੍ਰੀ ਗੁਰੁ ਭਯੋ ਨਮ:॥ ਅਥ ਰਿਤੁ ਰਮਨੀਯ ਰਸਕ ਰੰਜਨ ਕਵਿ ਕੁਲ ਕ੍ਰਿਤ ਨ੍ਰਾਯਨ ਸਿੰਘ ਕਵਿ ਕ੍ਰਮ ਕਥਨੰ॥ ਯਥਾ ਬਸੰਤ ਪੈ ਰਤਨ ਹਰੀ ਕੋ ਕਬਿਤ॥ ਵਚਨ ਸੁਮਨ ਫੂਲੇ ਸੇਵਕ ਭਵਰ ਭੂਲੇ ਕੀਰਤਿ ਸਗੰਧਿ ਪੌਨ ਜਗ ਬਨ ਛਾਯੋ ਹੈ॥ ਕੋਕਿਲ ਸ਼ਬਦ ਸੇ ਸਬਦ ਗਾਏ ਠੌਰ ਠੌਰ ਸੁਨਿਤ ਸਨੇਹੀ ਜਨ ਮਨ ਹੁਲਸਾਯੋ ਹੈ॥ ਜੜਤ ਜੁੜਾਈ ਸੋਨ ਸਾਈ ਲੋਕ ਲੋਕ ਹੂੰ ਤੇ ਵਿਮਲ ਵਿਵੇਕ ਸੁ ਸਰੂਪ ਪ੍ਰਗਟਾਯੋ ਹੈ॥ ਸਾਧ ਕਵਿ ਰਮਾਕੰਤ ਸੰਤ ਸੁਖ ਦੈਨ ਦੇਖੋ ਭਗਵੰਤ ਨਾਨਕ ਬਸੰਤ ਬਨ ਆਯੋ ਹੈ॥੧॥...

ਅੰਤ :... ਇਕੁਸੇ ਫਿਰਤ ਚਹੁ ਘਾਈ ਤੇ ਘਿਰਤ ਘਨ ਆਵਤ ਝਰਤ ਝੀਨੇ ਝਰਸੇ ਝਪਕ ਝਪਕ॥ਸੋਰ ਮਨ ਚਾਵੈਂ ਨਚੈਂ ਮੋਰਨ ਕੀ ਪਾਂਤਿ ਚਹੂੰ ਓਰਨ ਤੇ ਚੌਂਧ ਜਾਤ ਚਪਲਾ ਚਮਕ ਚਕਮ॥ਬਿਨਾ ਪ੍ਰਾਨ ਪਜ਼ਾਰੇ ਪ੍ਰਾਨ ਨਜ਼ਾਰੇ ਹੋਤ ਦੇਵ ਕਹੈਂ ਨੈਨਨ ਤੇ ਆਸੁ ਵਾਨਿ ਜਾਤਿ ਹੈਂ ਟਪਕ ਟਪਕ॥ ਰਤਿਆ ਅੰਧੇਰੀ ਧੀਰ ਨ ਤਿਯਾਧ ਰਤਿ ਮੁਖ ਬਤਿਆ ਕਰ ਉਠੈ ਛਤਿਆ ਤਪਕ ਤਪਕ॥੧੬॥ ਇਤਿ ਸ੍ਰੀ ਰਿਤੁ ਰਮਨੀਯ ਰਸਕ ਰੰਜਨ ਕਵਿ ਕੁਲ ਕ੍ਰਿਤ ਕਵਿ ਨਾਰਾਯਨ ਸਿੰਘ ਕ੍ਰਮ ਕਥਨੰ ਨਾਮ ਤ੍ਰਿਤੀ ਰਿਤੁ ਸੰਪੂਰਨੰ॥=॥=॥=॥।=॥=॥=॥

ਹੱਥ ਲਿਖਤ ਨੰ : MS 101

ਸਿਰਲੇਖ : ਅਧਯਾਤਮ ਰਾਮਾਯਣ

ਲੇਖਕ : ਦੇਵੀ ਦਾਸ ਲਿਖਾਰੀ: ਗੁਲਾਬ ਸਿੰਘ

ਸਮਾਂ : ਸੰਮਤ 1894

ਪੱਤਰੇ : 1 ਓ - 592

ਆਕਾਰ : 11 X 18 ਸ.ਮ. ਲਿਖਤ: 8 X 12 ਸ.ਮ.

ਵੇਰਵਾ : ਜਿਲਦ ਚਮੜਾ, ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਵਖਰੇਵੇਂ ਲਈ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ ਹੈ। ਪਹਿਲੇ ਪੱਤਰੇ ਤੇ ਚੌਪਾਸੀਂ ਹਾਸ਼ੀਆ ਹੈ।

ਆਮ ਵੇਰਵਾ : ਪੋਥੀ ਕਿਰਮ ਖੁਰਦਾ ਹੈ। ਸ਼ੁਰੂ ਵਿਚ ਹਾਸ਼ੀਏ ਵਾਲੇ 6 ਅਤੇ 592 ਅ ਖਾਲੀ ਹਨ । 557 ਤੇ ਲੇਖਕ ਦਾ ਨਾਂ ਦਿਤਾ ਹੈ: –

“ ਕਬਿ ਸਿੰਘ ਗੁਲਾਬ ਸੁ ਯਾ ਬਿਧ ਸੋ ਰਿਖ ਪੁੰਗਵ ਤਾਹਿ ਕੋ ਬ੍ਰਹਮ ਜਨਾਏ”

ਆਰੰਭ : ੧ਓ॥ ਸ੍ਰੁਸਤਿ ਸ੍ਰੀ ਗਣੇਸਾਯ ਨਾਮ:॥ ਦੋਹਰਾ॥ ਦੇਵੀ ਮਾਤਾ ਸਾਰਦਾ ਸਰਦ ਇੰਦੁ ਸਮਹਾਸ॥ ਬੰਦੋ ਪਦ ਪੰਕਜ ਸਦਾ ਕਰੋ ਸੁਮਤਿ ਪ੍ਰਕਾਸ॥੧॥ ਸੰਕਰ ਛੰਦ॥ ਗਣ ਨਾਥ ਦਾਸ ਨਿਵਾਇ ਮਸਤਕ ਬੰਦਨਾ ਪਗ ਧਾਰ॥ ਕਰਯੋ ਚਹੇ ਉਰ ਰਾਮ ਕੋ ਜਸ ਦੇਹੁ ਬੁਧਿ ਉਦਾਰ॥ ਸੁਰ ਗੁਰ ਕਰੇ ਸੁਰ ਰਾਜ ਕਾਰਜ ਪਾਦਕੰਜ ਮਨਾਇ॥ ਹੇ ਰੰਭ ਨਾਥ ਅਨਾਥ ਕੇ ਮੇ ਧੀਰ ਬੀਰ ਸਹਾਇ॥੨॥...

ਅੰਤ : ...ਇਤਿ ਸ੍ਰੀਮਤ ਅਧਯਾਤਮ ਰਾਮਾਯਣੇ ਉਮਾ ਮਹੇਸੁਰ ਸੰਬਾਦੇ ਉਤਰ ਕਾਂਡੇ ਬੈਕੁੰਠ ਨਿਰਯਾਣੋ ਨਾਮ ਨਵਮੋ ਧਯਾਯਾ॥੧॥ ਦੋ॥ ਰਾਮ ਚੰਦ ਕੋ ਸੁਤ ਭਯੋ ਬੁਧੂ ਤਾਸ ਕੋ ਨਾਮ॥ ਤਾ ਸੁਤ ਦੇਵੀ ਦਾਸ ਨੈ ਲਿਖਯੋ ਗ੍ਰੰਥ ਅਭ ਰਾਮ॥ ਸੰਮਤ ਦਸ ਸੈ ਆਠ ਦਾ ਅਰੁ ਊਪਰ ਨਬੈ ਚਾਰ॥ ਕਾਤਕ ਸੁਦੀ ਥਿਤ ਪੰਚਮੀ ਬੁਧ ਜਨ ਲੇਹੁ ਬਿਚਾਰ॥ਲੇਖਕੰ ਪਾਠਕੰ ਸੁਭੰ॥ ਸ੍ਰੈਯਾ॥ ਦਾਸ ਦੇਵੀ ਦਾਸ ਲਿਖਯੋ ਉਰ ਬੀਚ ਪਰੀਤ ਮਹਾ ਅਤ ਭਾਰੀ॥ ਪੁਸਤਕ ਨਾਂਮ ਰਮਾਯਣ ਹੈ ਤਿਹ ਬੀਚ ਕਥਾ ਸਭ ਮੰਗਲ ਕਾਰੀ॥ ਕਿੰਕਰ ਪੀਰ ਹਰੋ ਰਘੁਬੀਰ ਦੇਹੋ ਤੀਰ ਦਯਾ ਬ੍ਰਤ ਧਾਰੀ॥ ਲਖੋ ਨਿਜ ਦਾਸ ਹਰੋ ਭਵ ਫਾਸ ਇਹੀ ਅਰਦਾਸ ਲਿਖਾਰ ਕੀ ਸਾਰੀ॥ ਦੋ॥ ਜੋ ਯਾਕੋ ਗਾਵੇ ਸੁਨੈ ਵਾ ਲਿਖ ਵਾਚੈ ਕੋਈ॥ ਸ੍ਰੀ ਰਘੁਬਰ ਤੁਮਰੀ ਕ੍ਰਿਪਾ ਤੁਮਰੇ ਮਦ ਰਤ ਹੋਇ॥

ਹੱਥ ਲਿਖਤ ਨੰ : MS 102
ਸਿਰਲੇਖ : ਆਤਮ ਅਨੁਭਵ ਸ਼ੱਤਕ
ਸਮਾਂ : ਸੰਮਤ 1931 (ਰਚਨਾ ਕਾਲ)
ਪੱਤਰੇ : 1 ਓ – 70 ਅ
ਆਕਾਰ : 14 X 10 ਸ.ਮ. ਲਿਖਤ: 12 X 8 ਸ.ਮ.
ਵੇਰਵਾ : ਜਿਲਦ ਗੱਤਾ। ਬਿਨਾਂ ਹਾਸ਼ੀਏ ਦੇ। ਸਤਰਾਂ ਪ੍ਰਤੀ ਪੰਨਾ 13.
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ ਹੈ। ਕਿਰਮ ਖੁਰਦਾ ਹੋਣ ਕਾਰਣ ਪੂਰਾ ਪਾਠ ਪੜ੍ਹਨ ਯੋਗ ਨਹੀਂ। ਵਿਚ-ਵਿਚ ਕਾਨੀ ਬਦਲੀ ਹੋਈ ਹੈ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਤਤ ਸਤ ਬ੍ਰਹਮ॥ ਅਥ ਆਤਮ ਅਨਭਵ ਸਤਕ। ਅਲੌਕਕ ਪਦ ਸੋਈ ਜੋਈ ਲੋਕ ਮੈ ਪ੍ਰਸਿਧ ਨਾਹਿ ਅਵੇਦੁਯ ਨਿਰ ਵਿਭਾਗ ਸੋ ਬ੍ਰਮੰਡ ਪਿੰਡ ਸੋ ਪਰੈ…
ਅੰਤ : …ਇਤਿ ਸ੍ਰੀ ਆਤਮ ਅਨਭਵ ਸਤਕ ਸਮਾਪਤੰ॥ ਓਅੰ ਤਤ ਸਤ ਬ੍ਰਮ॥ ਸਿਵੋਹੰ ਸਿਵੋਹੰ॥… ਸਿਵੋਹੰ ਸਿਵੋਹੰ॥ ਦੋ ॥ ਸਮਤ ਉਨੀ ਸੈ ਇਕਤੀਏ ਭਯੋ ਪੁਸਤਕ ਤਿਯਾਰ॥ ਕਤਕ ਸੁਦੀ ਸੁ ਸੋਲਵੀ ਕਰਕੇ ਲਿਖਯ ਵਿਚਾਰ॥

ਹੱਥ ਲਿਖਤ ਨੰ : MS 103 ਸੰਗ੍ਰਹਿ
ਸਿਰਲੇਖ : ਸੋਹਣੀ ਹਾਸ਼ਮ
ਲੇਖਕ : ਹਾਸ਼ਮ ਸ਼ਾਹ
ਸਮਾਂ : ਸੰਮਤ 1901
ਪੱਤਰੇ : 3 ਓ – 55 ਅ
ਆਕਾਰ : 10X13 ਸ.ਮ. ਲਿਖਤ: 7 X 10 ਸ.ਮ.
ਵੇਰਵਾ : ਜਿਲਦ ਗੱਤਾ, ਦੁਪਾਸੀਂ ਖੜ੍ਹੇ ਰੁਖ ਦੋ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ 8.
ਆਮ ਵੇਰਵਾ : ਪਹਿਲੇ ਦੋ ਪੱਤਰੇ ਨਹੀਂ ਹਨ। ਪੋਥੀ ਦੀ ਹਾਲਤ ਮਾੜੀ। ਕਿਰਮ ਖੁਰਦਾ। 55 ਪੱਤਰੇ ਤੋਂ ਬਾਅਦ ਇਕ ਹਾਸ਼ੀਏ ਵਾਲਾ ਪੱਤਰਾ ਖਾਲੀ ਹੈ ਜਿਸ ਨੂੰ ਕੋਈ ਅੰਕ ਨਹੀਂ ਦਿਤਾ। ਅਗਲੀ ਰਚਨਾ 56 ਪੱਤਰੇ ਤੋਂ ਸ਼ੁਰੂ ਹੁੰਦੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਿਰਮ-ਖੁਰਦਾ ਹੋਣ ਕਾਰਣ ਪਾਠ ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ।
ਆਰੰਭ : …..ਮੁਸੁਕੁਲੁ ਪਹੁਚ ਓਨਾ ਤਕ ਹੋਈ ਵਹਮੁ ਨਦੀ ਵਿਚ ਤਰਕੇ॥ ਹਾਸੁਮੁ ਮਿਲਣ ਮਹਾਲ ਸਹੀਦਾਂ ਜੋ ਮਿਲਿਆ ਸੁ ਮਰ ਕੇ॥੬॥ ਤੁਲਾ ਨਾਮ ਨਿਮ… ਆਹਾ ਬੁਜਰਗ ਨੇਕ ਸਤਾਰੇ॥ ਸੀ ਗੁਜਰਾਤ ਸੈਹਰ ਵਿਚ ਵਸਦਾ ਚੰਦਲ ਨਦੀ ਕਨਾਰੇ ॥ ਉਸਤਾਕਾਰ ਕਰੇ ਗਲ ਕੋਈ ਕਰਿ ਤਸਵੀਰ ਉਤਾਰੇ॥ ਹਾਸੁਮੁ ਨੇਕ ਜਮਾਨੇ ਅੰਦਰ ਸਾਹਾਜਾਹਾ ਦੇ ਵਾਰੇ॥੭॥…
ਅੰਤ : …ਮਿਲਿਆ ਜਾਇ ਰੂਹਾਂ ਰਲ ਮਿਲਿਆ ਵਿਚ ਦਰਗਾਹਾ ਰੁਬਾਨੀ॥ ਨੈਇ ਵਿਚ ਫੇਰ ਮਿਲੇ ਤਨ ਦੋਵੇਂ ਇਕਸੇ ਖਾਖ ਸੁਮਾਨੀ। ਪੜਿ ਆਬਿ ਹਯਾਤ ਜੰਨਾਜਾ ਦਫਨ ਕੀਤੇ ਵਿਚ ਪਾਨੀ॥ ਹਾਸੁਮੁ ਇਸਕ ਸੋਹਣੀ ਦਾ ਸੁਣਿਆ ਜੁਗਿ ਜੁਗਿ॥ ਰਹੁਗੁ ਕਹਾਣੀ॥ ੨੫੮ ॥=॥=॥ ਪੋਥੀ ਸਪੂਰਨ ਹੋਈ ਜਗ ਵਿਚ ਸਭਨਾ ਜਾਨੀ॥ ਸੰਮਤ ੧੯●੧ ਮਿਤੀ ਪੁਹੁ ਦਿਨੀ॥ ੨੩ ॥ ਵਾਰ ਛਾਨਿਛਰਿ॥=॥=॥

ਹੱਥ ਲਿਖਤ ਨੰ : MS 103 ਅ
ਸਿਰਲੇਖ : ਸੱਸੀ ਪੁੰਨੂੰ
ਲੇਖਕ : ਹਾਸ਼ਮ
ਲਿਪੀ ਕਾਲ : ਸੰਮਤ 1901

ਪੱਤਰੇ : 56 ਓ – 81

ਆਕਾਰ : 10X13 ਸ.ਮ ਲਿਖਤ: 7X10 ਸ.ਮ

ਵੇਰਵਾ : ਓਹੀ

ਆਮ ਵੇਰਵਾ : ਓਹੀ, ਕਿੱਸਾ ਅੰਤ ਵਿਚ ਅਧੂਰਾ ਹੈ।

ਆਰੰਭ : ੧ਓ ਸਤ ਗਰ ਪ੍ਰਸਾਦ॥ ਸ੍ਰੀ ਗਣੇਸਾ ਨਮ:॥ ਅਥ ਸਸੀ ਪੁਨੂ ਲਿਖਯਤੇ॥ ਹਿਕਮਤ ਉਸ ਖੁਦਾਵੰਦ ਵਾਲੀ ਮਾਲਕ ਮੁਲਖ ਮਲਕ ਦਾ॥ ਲਾਖ ਕਰੋੜ ਕਰੇ ਚਤਰਾਈ ਕੋਈ ਪਛਾਣ ਨਾ ਸਕਦਾ॥ ਕੁਦਰਤ ਨਾਲ ਰਹੇ ਸਿਰਗਰਦਾ ਦਾਇਮੁ ਚਰਕੁ ਫਿਰਕ ਦਾ॥ ਹਾਸਮੁ ਖੂਬ ਹੋਈ ਗੁਲਕਾਰੀ ਫਰਛੁ ਫਨਾਹਿ ਖਿਲਕ ਦਾ॥੧॥…

ਅੰਤ : …ਦਿਲ ਵਿਚ ਤਪਤ ਥਲਾਂ ਦੀ ਗਰਮੀ ਆਂਣ ਬਣੀ ਕਰਾਣੀ [ਕਹਾਣੀ] ॥ ਕਿਚਰਕ ਨੈਣ ਕਰਨ ਦਿਲਬਰੀਆ ਚੋਣ ਲਬਾ ਵਿਚ ਪਾਣੀ॥ ਫਿਰ ਫਿਰ ਡਾਢੇ ਕਰੇ ਹਠੁ ਡਾਡਾ ਦਰਦ ਫਿਰਾਕ ਰਜਾਣੀ॥ ਹਾਸਮ ਜਾਟ ਭਭੋਰ ਪਿਉ ਸੋ ਟੁਟਿ ਗਿਆ ਮਾਨੁ ਨਿਮਾਣੀ॥ ੧●੧ ॥ ਜੇ ਜਾਣਾ ਛਡ ਜਾਨ ਸੁ……

ਹੱਥ ਲਿਖਤ ਨੰ : MS 104

ਸਿਰਲੇਖ : ਬਿਸਨ ਪੁਰਾਨ

ਸਮਾਂ : ਸੰਮਤ 1929

ਪੱਤਰੇ : 1 ਓ – 225 ਓ

ਆਕਾਰ : 23X16 ਸ.ਮ. ਲਿਖਤ: 18X11 ਸ.ਮ.

ਵੇਰਵਾ : ਜਿਲਦ ਕੱਪੜਾ ਗੱਤਾ। ਦੁਪਾਸੀਂ ਖੜ੍ਹੇ ਰੁਖ। ਕਾਲੀ ਲਕੀਰ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–23

ਆਮ ਵੇਰਵਾ : ਪੋਥੀ ਕਿਰਮ-ਖੁਰਦਾ। ਸ਼ੁਰੂ ਵਿਚ 4 ਅਤੇ ਅੰਤ ਤੇ 6 ਪੱਤਰੇ ਬਿਨਾਂ ਹਾਸ਼ੀਏ ਦੇ ਖਾਲੀ ਹਨ। ਲਿਖਾਈ ਆਮ ਹੈ, ਪੜ੍ਹਨਯੋਗ ਹੈ ਪਰ ਕਿਤੇ ਕਿਤੇ ਸਿਆਹੀ ਦੇ ਧੱਬੇ ਅਖਰਾਂ ਤੇ ਹਨ। ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਤੇਂ । ਸਤਿ ਚਿਤ ਅਨੰਦ ਪ੍ਰਮਾਤਮਾਏ ਨਮਾ ਅਥ ਬਿਸਨ ਪੁਰਾਨ ਭਾਖਾ ਲਿਖਯਤਾ ਪ੍ਰਾਸ੍ਰੋਵਾਚ। ਪ੍ਰਾਸ੍ਰੋ ਮੈਤ੍ਰੇ ਕੋ ਕਹੈ ਕੇ ਹੇ ਮੈ ਯਹਿ ਜੋ ਤੁਝੇ ਉਪਦੇਸ ਕਰੌ ਹੋ॥ ਸੋ ਅੰਮ੍ਰਿਤ ਸਮਾਨ ਹੈ॥ ਸੋ ਮਨ ਕੇ ਪਾਤ੍ਰ ਸੌ ਪੀਓ॥ ਅਰੁ ਜੋ ਨਾਰਾਇਣ ਤੇ ਭਿੰਨ ਹੈ ਤਿਸ ਕਾ ਤਿਯਾਗ ਕਰਿ॥…

ਅੰਤ : …ਕਹਣੇ ਮਾਤ੍ਰ ਸੀ ਘਰ ਹੀ ਇਸ ਕਉ ਗਿਆਨ ਹੋਵੈਗਾ ਅਰੁ ਹਮ ਜੋ ਸਭੀ ਬੈਠੇ ਹੈ॥ ਹਮਾਰੇ ਵਿਦਮਾਨ ਇਸ ਕਉ ਗਿਆਨ ਨ ਹੋਵੇਗਾ॥ ਤਬ ਜਾਣੀਐ ਜੋ ਹਮ ਸਭੀ ਮੂਰਖ ਬੈਠੇ ਹੈ ॥ ਇਤ ਸ੍ਰੀ ਵੈਰਾਗ ਪ੍ਰਕਾਰਣੇ ਮੋਛ ਉਪਾਇ ਸਮਾ ਜੋਗ ਸਮਾਪਤੰ ਨਾਮ ਸਰਗਹਾ॥= ਪੋਥੀ ਲਿਖੀ ਵੇਦਾਂਤ ਬਿਸਨ ਪੁਰਾਨ ਲਿਖਯਤਾ ਭੋਲਾ ਚੂਕਾ ਬਖਸ ਲੈਣਾ ਸੰਤ ਜਨਾ ਬਖਸਣਹਾਰ ਹੋ ਹਮ ਤਉ ਭੂਲਣ ਹਾਰੇ ਹਾ॥ ਸਮਤ ੧੯੨੯ ਮਿਤੀ ਚੇਤ੍ਰ ਦਸ-੯

ਹੱਥ ਲਿਖਤ ਨੰ : MS 105

ਸਿਰਲੇਖ : ਮੁੰਦਰੀ (ਸਿਹਰਫੀ)

ਪੱਤਰੇ : 1 ਓ – 37

ਆਕਾਰ : 6X8 ਸ.ਮ. ਲਿਖਤ: 4X4.5 ਸ.ਮ.

ਵੇਰਵਾ : ਜਿਲਦ ਚਮੜਾ, ਦੁਪਾਸੀਂ ਖੜ੍ਹੇ ਰੁਖ ਦੋ ਦੋ ਲਾਲ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ–6

ਆਮ ਵੇਰਵਾ : ਪੋਥੀ ਕਿਰਮ-ਖੁਰਦਾ। ਸ਼ੁਰੂ ਵਿਚ ਬਿਨਾਂ ਹਾਸ਼ੀਆ ਦੇ 10 ਪੱਤਰੇ ਅਤੇ ਅੰਤ ਵਿਚ ਇਕ ਹਾਸ਼ੀਏ ਵਾਲਾ ਅਤੇ 8 ਬਿਨਾਂ ਹਾਸ਼ੀਏ ਦੇ ਖਾਲੀ ਹਨ। ਪੱਤਰਾ ਅੰਕ 20 ਓ ਤੇ ਹੜਤਾਲ ਫੇਰੀ ਹੋਈ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਮੁੰਦ੍ਰੀ ਲਿਖੀ॥ ਏਕੋ ਗਮੁ ਸਹੀ ਕਰ ਜਾਣੋ ਚਾਰੇ ਬੇਦ ਬਖਾਣੈ॥ ਤੈਥੂ ਬ੍ਰਹਮਣ ਰਹੈ ਨ ਮੁਕਰ ਮਨ ਨੂ ਰਖ ਟਿਕਾਣੇ॥ ਸੇ ਸਾਬਤ ਮਨ ਰਹਨਿ ਹਮੇਸਾ ਗਮੀ ਨ ਇਤ ਖਜਾਨੇ॥ ਵਾਰੇ ਜਾਵਾ ਫਕਰ ਸਾਂਈ ਦੇ ਕਵਤਾ ਕੀਤੀ ਦਾਨੇ॥੧॥...

ਅੰਤ : ...ਅਗਲੇ ਬਖਸ ਗੁਨਾਹਿ ਕਾਨ ਜੀ ਅਵਲ ਮਤਿ ਨ ਕਾਈ॥ ਆਸਕ ਤੇ ਮਾਸਦ ਕਾਈ ਰਬ ਆਪ ਅਦਾਲਤ ਦਾਈ॥ ਸੁਖ ਵਸੇ ਤੇਰਾ ਦੇਸ ਕਾਨ ਜੀ ਗੋਪੀਆ ਅਸੀਸਾ ਕੀਤੀ॥ ਤੇਰੀ ਤਾਰੀ ਤਰੀ ਧ੍ਰੋਪਦੀ ਧੰਨਾ ਭਗਤ ਸੁਪ੍ਰੀਤੀ ॥ ੭੪ ॥ ਵਾਹਗੁਰੂ ਜੀ॥ ਚਿਤਿ ਆਵੈ॥

ਹੱਥ ਲਿਖਤ ਨੰ : MS 106

ਸਿਰਲੇਖ : ਪਰਚੀਆਂ ਪ੍ਰੇਮ ਭਗਤਾਂ ਕੀਆ (ਪ੍ਰੇਮ ਅਬੋਧ)

ਸਮਾਂ : ਸੰਮਤ 1940 (ਰਚਨਾ ਕਾਲ)

ਪੱਤਰੇ : 1 ਓ – 242 ਓ

ਆਕਾਰ : 11X15 ਸ.ਮ ਲਿਖਤ: 7X11 ਸ.ਮ.

ਵੇਰਵਾ : ਜਿਲਦ ਗੱਤਾ। ਦੁਪਾਸੀਂ ਖੜ੍ਹੇ ਰੁਖ ਇਕ ਲਾਲ ਲਕੀਰ ਦੇ ਅੰਦਰ ਵਾਰ ਦੋ ਕਾਲੀਆਂ ਲਕੀਰਾਂ ਦੇ ਅਗੇ ਇਕ ਮੋਟੀ ਸੰਤਰੀ ਲਕੀਰ ਅਗੇ ਇਕ ਬਰੀਕ ਕਾਲੀ ਲਕੀਰ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-10. ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।

ਆਮ ਵੇਰਵਾ : ਪੋਥੀ ਕਿਰਮ ਖੁਰਦਾ। ਲਿਖਾਈ ਸੁੰਦਰ ਹੈ। ਅੰਤ ਤੇ ਬਿਨਾਂ ਹਾਸ਼ੀਏ ਦੇ ਤਿੰਨ ਪੱਤਰੇ ਖਾਲੀ ਹਨ।

ਆਰੰਭ : ੧ਓ । ੧ਓ ਸਤਿਗੁਰ ਪ੍ਰਸਾਦ । ਪਰਚੀਆ ਪ੍ਰੇਮ ਭਗਤਾਂ ਕੀਆ॥ ਪਾਤਸਾਹੀ ਦਸ। ੧● ਪ੍ਰੇਮ ਅਬੋਧ ਪੋਥੀ ਕਾ ਨਾਉ॥ ਦੋਹਰਾ॥ ਨਮੋ ਨਮੋ ਪਰਮਾਤਮਾ ਪੂਰ ਰਹਿਉ ਸਭ ਅੰਗ ਆਦਿ ਮਧ ਫੁਨ ਅੰਤ ਇਕ ਤਾਂ ਕੋ ਜਗਤ ਤਰੰਗ॥ ੧ ਸੋਰਠਾ ॥ ਪ੍ਰੀਤਮ ਪ੍ਰੇਮ ਪਰਮਾਤਮ ਪੁਰਖ ਤ੍ਰਿਕਟੀ ਜਿਨ ਰਚੀ॥ ਬਹੁ ਬਿਧ ਰਚਨਾ ਥਾਪ ਖੇਲੇ ਪ੍ਰੇਮੀ ਹੋਇ ਕੈ॥੧॥...

ਅੰਤ : ...ਸੰਮਤ ੧੯੪● ਮਿਤੀ ਜੇਠ ਸੁਦੀ ੧੮ ॥ ਸੁਕਲ ਪੰਚਮ ਹਰੀ॥ ਪੋਥੀ ਪੂਰਨਿ ਸਤਿਗੁਰ ਕਰੀ॥ ਸੰਤ ਦੁਆਰੇ ਪੂਰੀ ਪਰੀ॥ ਅਰਧ ਸਹੰਸ ਚੌਪਈਯਾ ਮੈ॥ ਤਿਸ ਤੇ ਅਧਕ ਦੋ ਰਾਤਾ ਮੈ॥ ਸੋਰਠਾ ਭੂਲਨਾ ਹੈ ਤਿਸ ਮਾਹਿ॥ ਜਿਉ ਤਿਤ ਫੂਲ ਤਰਵਰ ਕੇ ਮਾਹਿ॥ ਪ੍ਰੇਮ ਅਬੋਧ ਪੋਥੀ ਕਾ ਨਾਉ॥ ਤਤੁ ਸੁਨਤ ਲੈਹੈ ਬਿਸਰਾਮ ॥ ੬੧ ॥ ਦੋਹਰਾ॥ ਪ੍ਰੇਮ ਮਹੋਦਧ ਪੈਠ ਕੈ ਜੋ ਕੋਈ ਗੋਤਾ ਲੇਇ॥ ਹਰਿ ਜਤਨ ਅਮੋਲਕ ਹਾਥ ਤਹਿ ਸਹਜੇ ਸਤਗੁਰ ਦੇਇ ॥ ੧ ॥ ਜੁਮਲਾ ਪਰਚੀਆ ਭਗਤਾਂ ਕੀਆ ॥ ੧੬ ॥ ਸੋਲਾ ਸੰਪੂਰਨ ਹੋਈਆ ਭੁਲ ਚੁਕ ਬਖਸਣੀ॥ ॥ ॥ ॥

ਹੱਥ ਲਿਖਤ ਨੰ : MS 107

ਸਿਰਲੇਖ : ਪ੍ਰਸੰਗ ਦੇਵੀ ਕੋ ਪ੍ਰਗਟ ਕਰਕੇ ਅੰਮ੍ਰਿਤ ਛਕਣੇ ਛਕਾਣੇ ਕਾ

ਪੱਤਰੇ : 1 ਓ – 23 ਓ

ਆਕਾਰ : 7X9 ਸ.ਮ ਲਿਖਤ: 4X6 ਸ.ਮ.

ਵੇਰਵਾ : ਜਿਲਦ ਗੱਤਾ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ-6

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ। ਕਿਰਮ-ਖੁਰਦਾ। ਸ਼ੁਰੂ ਵਿਚ ਹਾਸ਼ੀਏ ਵਾਲੇ ਚਾਰ ਪੱਤਰੇ ਖਾਲੀ ਹਨ।

ਆਰੰਭ : ੧ਓ ਸਤਿਗੁਰ ਪ੍ਰਸਾਦਿ । ਪ੍ਰਸੰਗ ਦੇਵੀ ਕੋ ਪ੍ਰਗਟ ਕਰਕੇ ਅੰਮ੍ਰਿਤ ਛਕਣੇ ਛਕਾਵਣੇ ਕਾ॥ ਤਿੰਨ ਬਰਸ ਸ੍ਰੀ ਗੁਰੂ ਜੀ ਨੇ ਹੋਮ ਕੀਆ॥ ਪ੍ਰਿਥਮ ਬਰਸ ਮੋ ਸੰਗਤ ਕੋ ਕਉ ਹੁਕਮੁ ਲਿਖੇ॥ ਜੋ ਸਿਰ ਪਰ

ਕੇਸ ਧਰ ਕਰ ਦਰਸ ਕਉ ਆਵਣਾ॥ ਦੂਸਰੇ ਬਰਸ ਮੋ ਹੁਕਮ ਲਿਖੇ ਜੋ ਸਸਤ੍ਰ ਪਹਿਰ ਕਰਿ ਦਰਸਨ ਕੋ ਆਵਣਾ॥ ਇਹਿ ਦੂਇ ਬਰਸ ਹੋਮ ਨੈਣਾ ਦੇਵੀ ਕੇ ਪਰਬਤਿ ਪਰਿ ਕੀਆ॥ ਤੀਸਰੇ ਬਰਸ ਹੁਕਮ ਲਿਖਾ ਜੋ ਅਬ ਸਰਬਤਿ ਸੰਗਤਿ ਦਰਸਨ ਕਉ ਆਵਣਾ॥ ਤੀਸਰੇ ਬਰਸ ਮੋ ਹੋਮ ਅਨੰਦ ਪੁਰ ਜੀ ਮੈ ਹੁਆ॥…

ਅੰਤ : …ਜੋ ਸੂਬਤਿ ਸਿਖਹੁ ਕੇ ਚਰਨਹੁ ਪ੍ਰ ਪ੍ਰਨਾਮ ਕਰਹਿ॥ ਤਬ ਕੜਾਹੁ ਪਰਸਾਦਿ ਵਰਤਾਵਣਾ॥ ਅਰੁ ਕੜਾਹੁ ਉਨ ਪਾਹੁਲ ਲੈਨ ਵਾਲਿਓਹੁ ਸਿਖਹੁ ਆਪਸ ਮੋ ਕੜਾਹੁ ਪ੍ਰਸਾਦਿ ਮੁਖ ਮੋ ਦੇਣਾ ਉਸ ਕੇ ਮੁਖ ਮੋ ਉਸ ਨੇ ਦੇਣਾ ਉਸ ਕੇ ਮੁਖ ਮੋ ਉਸ ਨੇ ਦੇਣਾ॥ ਅਰ ਜੋ ਸ੍ਰੀ ਅੰਮ੍ਰਿਤਸਰ ਜੀ ਹੋਵੈ ਤਾ ਅੰਮ੍ਰਿਤ ਮੋ ਟੁਬੇ ਲਾਵਣੇ॥ ਅਰ ਔਰ ਜੋ ਕਹੂੰ ਹੋਹਿ ਤੌ ਕੇਸੀ ਇਸਨਾਨੁ ਕਰਹਿ॥ ਸਾਖੀ ਸੰਪੂਰਨ ਹੋਈ॥ ਬੋਲਹੁ ਭਾਈ ਵਾਹਗੁਰੂ ਜੀ ਕੀ ਫਤੇ॥

ਹੱਥ ਲਿਖਤ ਨੰ : MS 108 ਸੰਗ੍ਰਹਿ ਓ

ਸਿਰਲੇਖ : ਸਾਰ ਗੀਤਾ

ਪੱਤਰੇ : 3– 32 ਅ

ਆਕਾਰ : 5.5X8 ਸ.ਮ ਲਿਖਤ: 4X6 ਸ.ਮ.

ਵੇਰਵਾ : ਜਿਲਦ ਗੱਤਾ ਰੇਕਸੀਨ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ–5

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਕਿਰਮ-ਖੁਰਦਾ, ਸਾਰੇ ਪੱਤਰੇ ਉਖੜੇ ਹੋਏ । 40 ਅਤੇ 41 ਪੱਤਰਿਆਂ ਨੂੰ 401, 402 ਅੰਕਿਤ ਕੀਤਾ ਹੈ, 109 ਤੋਂ ਅਗਲੇ ਪੱਤਰਿਆਂ ਤੇ ਅੰਕ 110 ਦੀ ਥਾਂ ਤੇ 1010, 111 ਦੀ ਥਾਂ ਤੇ 1011 ਆਦਿ ਪਾਏ ਹਨ ।

ਆਰੰਭ : …..ਰਤੇ ਇਨ ਕੀ ਉਤਪਤਿ ਹੈ ॥ ਰਿਗਬੇਦ ਕਾ ਨੀਲ ਬਰਣ ਹੈ ॥ ਜੁਜਰ ਬੇਦ ਕਾ ਪੀਤ ਬਰਣ ਹੈ ॥ ਸਿਆਮ ਬੇਦ ਕਾ ਸੁਪੇਦ ਬਰਣੁ ਹੈ ॥ ਓਅੰਕਾਰ ਨਾਮ ਮਕਾਰ ਕੇ ਲੇਕ ਹੈ ॥ ਓਅੰਕਾਰ ਅਖਰੁ ਪ੍ਰਮ ਰੂਪੁ ਹੈ ॥ ਏ ਰਿਦੈ ਕਮਲ ਬਿਖੈ ਬਸੈ ਹੈ ॥…

ਅੰਤ : …ਸ੍ਰੀ ਕ੍ਰਿਸਨ ਅਰਜੁਨ ਸੰਬਾਦੇ ਪਰਮ ਹੰਸੁ ਸੰਹਤਾ ਗੀਤਾ ਸਾਰੁ ਸਮਾਪਤਿ ॥ ਲਿਖੰਤ ਸੁਨੰਤੇ ਕਮਾਵੈਤੇ ਪੁਨੀਤੁ ॥ ਪਰਮੇਸੁਰ ਸਤਿ ਪਰਮੇਸੁਰ ॥ ਵਾਹਿਗੁਰੂ ਵਾਹਿਗੁਰੂ ਵਾਹਿ ਜੀ ॥ ੧ ॥

ਹੱਥ ਲਿਖਤ ਨੰ : MS 108 ਅ

ਸਿਰਲੇਖ : ਚਾਣਾਕਾ ਸਾਸਤ੍ਰ ਭਾਖਾ

ਪੱਤਰੇ : 33 ਓ – 113 ਅ

ਆਕਾਰ : 5.5X8 ਸ.ਮ ਲਿਖਤ: 4X6 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਅਥ ਚਾਣਾਕਾ ਸਾਸਤ੍ਰ ਭਾਖਾ ਲਿਖਯਤੇ॥ਦੋਹਰਾ॥ ਪ੍ਰਣਵਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕੰ ਕੋ ਰਾਇ ॥ ਚਾਣਾਕੇ ਭਾਖਾ ਕਰੌ ਜੋ ਤੁਮ ਹੋਇ ਸਹਾਇ ॥ ੧ ॥…

ਅੰਤ : …ਇਤਿ ਬ੍ਰਿਧ ਚਾਣਾਕੇ ਭਾਖਾ ਖੋੜਸਮੋ ਧਿਆਇ ॥ ਸਮਾਪਤੁ ਸੁਭ ਮਸਤੁ ॥ ਸ੍ਰੀ ਰਾਮ ॥ ਸ੍ਰੀ ਕ੍ਰਿਸਨ ॥ ਗੋਵਿੰਦ ਗੋਪਾਲ ਹਰੀ ॥

ਹੱਥ ਲਿਖਤ ਨੰ : MS 109 ਸੰਗ੍ਰਹਿ
ਸਿਰਲੇਖ : ਕਵਿਤਾ
ਲੇਖਕ : ਸਾਂਈ ਦਾਸ
ਪੱਤਰੇ : 278 ਓ –290 ਅ, 1-7
ਆਕਾਰ : 7X13 ਸ.ਮ ਲਿਖਤ: 6X10 ਸ.ਮ.
ਵੇਰਵਾ : ਜਿਲਦ ਗੱਤਾ। ਬਿਨਾਂ ਹਾਸ਼ੀਏ ਦੇ। ਸਤਰਾਂ ਪ੍ਰਤੀ ਪੰਨਾ-6
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ ਹੈ। ਕਈ ਥਾਂਈ ਕਾਨੀ ਬਦਲੀ ਹੋਈ ਹੈ। 278 ਪੱਤਰੇ ਤੋਂ ਸ਼ੁਰੂ ਹੁੰਦੀ ਹੈ ਤੇ 290 ਪੱਤਰੇ ਤਕ ਪੱਤਰਾ ਅੰਕ ਅੰਕਿਤ ਹੈ। ਅਗਲੇ ਪੱਤਰਿਆਂ ਨੂੰ ਨੰਬਰ ਨਹੀਂ ਲਗੇ ਹੋਏ। ਬਾਅਦ ਵਿਚ ਨੀਲੀ ਸਿਆਹੀ ਨਾਲ ਪੱਤਰਾ ਅੰਕ ਲਗੇ ਹਨ। ਕਈ ਥਾਈਂ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। 289 ਓ ਤੋਂ ਅਗੇ ਫੁਟਕਲ ਪਾਠ ਹੈ। ਪੱਤਰਾ 2 ਅ ਤੇ ਵਾਰੀ ਵਾਰੀ ਇਕ ਲਾਈਨ ਲਾਲ ਤੇ ਇਕ ਕਾਲੀ ਹੈ ਅਤੇ 6 ਪੱਤਰੇ ਤੇ ਵਾਰੀ ਵਾਰੀ ਲਾਲ ਤੇ ਕਾਲੀ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।
ਆਰੰਭ : ੧ਓ ਸਤਿਗੁਰਿ ਪ੍ਰਸਾਦ ॥ ਸਲੋਕ ॥ ਦੀਨਾ ਨਾਥਿ ਦਆਲਿ ਪ੍ਰਭੁ ਦੂਰਿ ਕਰਨ ਵਿਸਿਵਾਸੁ ॥ ਅੁਓਗ ਮੇਟ ਗੁਣ ਕਰੇ ਗੁਰ ਪੂਰਨ ਸਂਈ ਦਾਸ॥੧॥ ਗੁਰ ਪੂਰਾ ਪੂਰੀ ਕਰੇ ਦਾਤਾਰੀ ਦਾਤਾਰ॥ ਸਂਈ ਦਾਸ ਅੰਤਰ ਹੀ ਤੇ ਪਾਈਏ ਸਾਹਿਬ ਅਲਖ ਅਪਾਰ॥੨॥...
ਅੰਤ : ...ਸਿੰਧ ਬੂਦ ਮਮਤਾ ਮਨੁ ਮਾਨਿਓ ਅਚਤ ਜਾਲਵਹੇ॥ ਨਿਕਟਿ ਦਿਵਾਨ ਗੁਰੂ ਨਹੀਂ ਬੂਝੇ ਕਿਨੀ ਨ ਪੁਕਾਰ ਕਹੇ॥ ਕਰਮ ਕਰ ਤੂ ਜਗ ਕੀ ਪੁਜੀ ਜਨਮਿ ਜਨਮ ਪਰਿਤਾਪੈ॥ ਬ੍ਰਮ ਸਜਾਨ ਸਹਿਜਿ ਘਰਿ ਸੰਚੈ ਬੀਜ ਕੀਟ ਕਾ ਮਾਪੈ॥ ਨਾਮ ਪੁਕਾਰ ਤੇਰੇ_ _ _ _ਜਲਿ ਤੇ ਨਿਕਸਾਏ॥੨॥ ਸਾਗਰ ਤੇ ਨਾਮੁ ਸਈ [ਸਾਂਈ] ਦਾਸ ਪੁੰਜੀ ਸਚੁ ਮੁਕਤਾਏ ॥ ੮ ॥

ਹੱਥ ਲਿਖਤ ਨੰ : MS 109 ਅ
ਸਿਰਲੇਖ : ਕਵਿਤਾ
ਲੇਖਕ : ਵਲੀ ਰਾਮ
ਪੱਤਰੇ : 3 ਓ –7 ਓ
ਆਕਾਰ : 7X13 ਸ.ਮ ਲਿਖਤ: 6X10 ਸ.ਮ
ਵੇਰਵਾ : ਓਹੀ
ਆਮ ਵੇਰਵਾ : ਪੱਤਰਾ 1 ਤੋਂ 4 ਅਤੇ 6-7, ਦੁਪਾਸੀਂ ਖੜ੍ਹੇ ਰੁਖ ਅਤੇ ਉਪਰ ਦੇ ਪਾਸੇ ਆਡੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ।
ਆਰੰਭ : ਸਬਦਿ॥ ਦਿਲ ਜਾਨੀ ਸ਼ਾਮ ਪਿਆਰੇ ਟੁਕ ਗਲੀ ਹਮਾਰੀ ਆਉਗੇ॥੧॥ ਰਹਾਉ॥ ਤੋਰੇ ਸਾਵਰੇ ਬਦਨ ਪਰ ਕਈ ਕੋਟਿ ਕਾਮ ਵਾਰੇ॥ ਤੇਰੀ ਜੁਲਫਿ ਮਨ ਕੀ ਕੁਲਫ ਹੈ ਦੋਊ ਨੈਨ ਹੈ ਸਿਤਾਰੇ॥ ਤੇਰੀ ਖੂਬੀ ਕੇ ਦਿਖਨ ਕੋ ਨੈਨ ਤਰਸਤੇ ਹਮਾਰੇ॥ ਘਾਇਲ ਫਿਰੋ ਦੂਸ ਕੀ ਪੀੜ ਜਾਨੇ ਨਾਹੀ ਕੋਈ॥ ਜਿਨ ਲਾਗੀ ਪ੍ਰੀਤ ਪ੍ਰੇਮ ਕੀ ਜਿਸ ਲਾਗੇ ਜਾਨੋ ਸੋਈ॥...
ਅੰਤ : ...ਤਾਰਦਾ ਤਾਰਦਾ ਤਾਰਦਾ ਇਨਂਹੀ ਗਂਲੀ ਸਾਨੂ ਤਾਰਦਾ॥ ਨੈਨਾ ਦੀ ਨਾਉ ਕਰੇ ਸੋ ਲਂਘੇ ਮੁਸਕੁਲ ਘਾਟੁ ਪਿਆਰਦਾ॥ ਕੜਿਕਨਿ ਕਪ੍ਰ ਤੇ ਸੂਨਿ ਬਿਸਅਰ ਅਰ ਮੈ ਭਰਵਾਸਾ ਯਾਰ ਦਾ॥ ਵਲੀ ਰਾਮ ਰਸਿ ਭਿਨਿੜਾ ਢੋਲਨੁ ਨਜਰੀ ਪਾਰ ਉਤਾਰਦਾ ॥ ੬ ॥ ਕਠਨ ਲਗਨ ਕੀ ਪੀਰ॥ ਘਾਇਲੁ ਹੋਇ ਸੋ ਜਾਨੇ॥ ਆਪੇ ਮੋਹਨ ਪਾਰ ਉਤ੍ਰ ਗਏ ਠਾਢੀ ਜਮਨਾ ਤੀਰ॥ ਆਵਨੁ ਕਹਿ ਗਏ ਅਜਹੁ ਨਿ ਆਏ ਆਖਰ ਜਾਤਿ ਅਹੀਰ॥ ਚਂਦ ਸਖੀ ਇਤ ਬਾਲ ਕ੍ਰਿਸਨ ਛਬ ਦਰਸਨੁ ਦੇਖਤਿ ਧੀਰ ॥ ੭ ॥

ਹੱਥ ਲਿਖਤ ਨੰ : MS 110 ਸੰਗ੍ਰਹਿ

ਸਿਰਲੇਖ : ਉਤਪਤ ਬਿਕ੍ਰਮਜੀਤ ਅਰੁ ਭਰਥਰੀ ਕੀ ਅਰੁ ਮੈਣਾਵੰਤੀ ਕੀ

ਪੱਤਰੇ : 281 ਅ –288

ਆਕਾਰ : 12X18 ਸ.ਮ. ਲਿਖਤ: 8X10 ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ, ਸਿਆਹੀ ਕਾਲੀ, ਕਿਧਰੇ-ਕਿਧਰੇ ਵਖਰੇਵੇਂ ਲਈ ਲਾਲ, ਹਾਸ਼ੀਆ ਖੜ੍ਹੇ ਰੁਖ ਦੋ-ਦੋ ਲਾਲ, ਦੋ-ਦੋ ਕਾਲੀਆਂ ਵਿਚਕਾਰ ਇਕ ਮੋਟੀ ਸੰਤਰੀ ਲਕੀਰ। ਸਤਰਾਂ ਪ੍ਰਤੀ ਪੰਨਾ 10.

ਆਮ ਵੇਰਵਾ : ਗ੍ਰੰਥ ਭਿਜਿਆ ਅਤੇ ਕਿਧਰੇ-ਕਿਧਰੇ ਫਟਿਆ ਹੋਇਆ, ਗ੍ਰੰਥ ਪੰਨਾ ਨੰ: 281 ਤੋਂ ਸ਼ੁਰੂ ਹੁੰਦਾ ਹੈ ਪਹਿਲਾ ਪੱਤਰਾ ਕਾਗਜ਼ ਨਾਲ ਚਿਪਕਾਇਆ ਹੋਇਆ ਹੈ।

ਆਰੰਭ : ੧ੴ ਸ੍ਰੀਸਤ ਸ੍ਰੀ ਗਣੇਸਾਏ ਨਮ:॥ ਉਤਪਤ ਬਿਕ੍ਰਮਜੀਤ ਅਰੁ ਭਰਥਰੀ ਕੀ ਅਰੁ ਮੈਣਾਵੰਤੀ ਕੀ ਆਗੇ ਕਥਾ ਚਲੀ॥ ਗ੍ਰੰਥ ਬਸੈਣ ਜੋਗ ਥਾ ਸੋ ਇਦ੍ਰ ਕਾ ਪੁਤ੍ਰ ਥਾ॥...

ਅੰਤ : ... ਭਰਥਰੀ ਰਾਜੇ ਨੇ ਏਹ ਗਲ ਦੇਖ ਕੇ ਬਿਸਮਾਦ ਹੋਤ ਭਇਆ॥ ਏਹ ਤਮਾਸਾ ਦੇਖ ਕਰ ਰਾਜਾ ਰਾਜ ਕਾ ਤਿਆਗ ਕੀਆ॥ ਤਬ ਰਾਜਾ ਭਰਥਰੀ ਜੋਗੀ ਹੋਇਆ। ਇਸੀ ਕਰਕੇ ਭਰਥਰੀ ਗੋਪੀ ਚੰਦ ਕਾ ਮਾਮਾ ਭਇਆ ਫੇਰ ਰਾਜ ਭਰਥਰੀ ਕਾ ਬਿਕ੍ਰਮਜੀਤ ਕੀਤਾ॥ ਕਥਾ ਪ੍ਰਥਮੀ ਪੂਰੀ ਹੋਈ॥

ਹੱਥ ਲਿਖਤ ਨੰ : MS 110 ਅ

ਸਿਰਲੇਖ : ਓਦਾਸ ਰਾਜੇ ਗੋਪੀ ਚੰਦ ਕੋ ਮੈਨਾਵੰਤੀ ਕਾ ਉਪਦੇਸ

ਪੱਤਰੇ : 288 ੳ –348 ੳ

ਆਕਾਰ : 12X18 ਸ.ਮ. ਲਿਖਤ: 8X10 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰ 290 ਫਟਿਆ ਹੋਣ ਕਰਕੇ ਸੈਲੋਟੇਪ ਨਾਲ ਜੋੜਿਆ ਹੋਇਆ ਹੈ। ਕਿਧਰੇ ਕਿਧਰੇ ਲਿਖਤ ਬਦਲੀ ਹੋਈ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਉਦਾਸ ਰਾਜੇ ਗੋਪੀਚੰਦ ਕੋ ਮੈਨਾਵੰਤੀ ਕਾ ਉਪਦੇਸ਼॥ ਏਕ ਸਮੈ ਗੋਪੀਚੰਦ ਦੇਖਿਆ ਮਜਨ ਕਰਤਾ ਮਾਈ॥ ਮਾਈ ਕੇ ਮਨ ਚਿੰਤਾ ਓਪਜੀ ਦੇਹੀ ਦੇਖ ਪਛਤਾਈ॥...

ਅੰਤ : ...ਗਗਨ ਮੰਡਲ ਕਾ ਮਾਰਗ ਲੀਆ ਨਿਰਖ ਅਗੰਮ ਅਸਥਾਨ॥ ਛੁਟ ਕਿਆ ਨਾਭ ਦੁਆਦਾਸ ਆਇਆ ਲਾਗਾ ਤੁੰਕੁਟੀ ਧਿਆਨ॥ ਉਨਮਨ ਗਤਿ ਗਗਨੰਤਰਿ ਚੜਿਆ ਬਿਸਿਆ ਦੇਹ ਪਰਾਨ॥ ਜੀਵਤ ਮਿਰਤਕ ਹੋਇ ਰਹਿਆ ਜਨ ਕਰਿ ਬਿਮਲਾ ਇਸਨਾਨ॥ ਬਾਂਦਿਤ ਗੋਰਖ ਸੁਣਿ ਮੈਣਾਵੰਤੀ ਤੇਰਾ ਅਸਥਿਰੁ ਭਇਆ ਰਜਾਨ ॥ ਸਲੋਕ ਗੋਪੀ ਚੰਦ ਸੁਧਾ॥ ॥ ਗੋਪੀ ਚੰਦ ਕੀ ਪੋੜੀਆਂ॥

ਹੱਥ ਲਿਖਤ ਨੰ : MS 111 ਸੰਗ੍ਰਹਿ

ਸਿਰਲੇਖ : ਪੰਚ ਦਸ਼ੀ ਭਾਖਾ

ਲੇਖਕ : ਦਿਆਲ ਅਨੇਮੀ

ਸਮਾਂ : ਸੰਮਤ 1815 (ਰਚਨਾ ਕਾਲ)

ਪੱਤਰੇ : 1 ੳ –4 ਅ

ਆਕਾਰ : 13X17.5 ਸ.ਮ. ਲਿਖਤ: 10X11.5 ਸ.ਮ.

ਵੇਰਵਾ : ਜਿਲਦ ਗੱਤਾ। ਦੁਪਾਸੀਂ ਖੜੇ ਰੁਖ ਦੋ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਖਰੇਵੇਂ ਲਈ ਇਕ ਮੋਟੀ ਕਿਤੇ ਪੀਲੀ ਅਤੇ ਕਿਤੇ ਸੰਤਰੀ ਲਕੀਰ ਦਾ ਹਾਸ਼ੀਆ ਹੈ॥ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਸਤਰਾਂ ਪ੍ਰਤੀ ਪੰਨਾ-12

ਆਮ ਵੇਰਵਾ : ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰਾ 221 ਬਹੁਤ ਖਸਤਾ ਹੈ ਅਤੇ ਉਪਰੋਂ ਫਟਿਆ ਹੋਇਆ ਹੈ।

ਆਰੰਭ : ੧ੳ । ਸ੍ਰੀ ਗਣੇਸਾਇ ਨਮਹ॥ਦੋ॥ ਸਰਬਾਤਮ ਸਬ ਜਾਨ ਕੈ ਬੰਦੋ ਆਪਨ ਆਪ॥ ਮਕਰੀ ਤੱਤ ਬਿਲਾਸ ਜਿਂਉ ਜਯੋਂ ਆਪਨੋ ਜਾਪ॥੧॥ਦੋ॥ ਗੁਰ ਗਣੇਸ ਬਂਦੋ ਚਰਣ ਹਰਨ ਮਹਾਂਤਮ ਜਾਨ॥ ਪਂਚ ਦਸੀ ਭਾਖਾ ਰਚੋਂ ਸੁਗਮ ਕਹੋਂ ਵਖਯਾਨ॥...

ਅੰਤ : ... ਜਪੈ ਅਭੇਦ ਜਾਪ ਕੋਂ ਮਿਟਾਵੈ ਤੀਨ ਤਾਪ ਕੋਂ ਲਖੈ ਅਨਂਤ ਆਪ ਕੋਂ ਸਂਮਾਧ ਸੁੱਧ ਕੋਂ ਗਾਹੈ॥ ਅਖਂਡ ਪਿਡ ਅਂਡ ਮੈਂ ਪ੍ਰਚਂਡ ਮਾਰਤਂਡ ਮੈਂ ਨਖਂਡ ਖਂਡ ਖਂਡ ਮੈਂ ਸੁਭੇਦ ਭਾਵ ਕੋਂਦ ਹੈ॥ ਦਿਆਲ ਕਾਲ ਕੇਲ ਤੈ ਪ੍ਰਪਂਚ ਪਂਚ ਖੇਲਤੈਂ ਸੁਦੇਹ ਮਾਨ ਮੇਲ ਤੈ ਅਕਾਸ ਬਾਸ ਕੋਂ ਚਹੈ॥

ਹੱਥ ਲਿਖਤ ਨੰ : MS 111 ਅ

ਸਿਰਲੇਖ : ਦੁਵੈਤ ਬਬੇਕ ਭਾਖਾ

ਲੇਖਕ : ਦਿਆਲ ਅਨੇਮੀ

ਪੱਤਰੇ : 4 ਅ –50 ੳ

ਆਕਾਰ : 13X17.5 ਸ.ਮ. ਲਿਖਤ: 10X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਅਥ ਕਵਿ ਕ੍ਰਿਤ ਦਿਆਲ ਅਨੇਮੀ ਦੁਵੈਤ ਬਿਬੇਕ ਭਾਖਾ ਬਰਨਤੇ॥ਦੋ॥ ਭਗਵਾਨ ਭਾਰਤੀ ਤੀਰਥ ਗੁਰ ਬਿਦਿ ਆਹਂਨ ਮੁਨੀਸ॥ ਯੁਗਮ ਚਰਨ ਬਂਦਨ ਕਰੈ ਰਾਮ ਕ੍ਰਿਸਨ ਬੁਧ ਈਸ॥ ਚੌ ਕੂਟ ਸਬ ਅਨਾਦਿ ਅਨਂਤ ਜੁ ਹੈ ਯੈ । ਗਯਾਨ ਨਂਦ ਸਤ ਚਿਤ ਕਹੀਯੈ। ਸਾਛੀ ਦੁਵੈਤ ਬਿਬੇਕ ਜੁ ਆਹ॥ ਨਮਸਕਾਰ ਕੀਜੈ ਅਬ ਤਹ॥...

ਅੰਤ : ... ਜਗਤ ਬਾਧ ਤੈਂ ਸੇਖ ਹੈ ਜੋ॥ ਪਰਮਾਰਥ ਸਂਚਿਦਾਨਂਦ ਰੂਪ ਸੋ॥ ਬ੍ਰਹਮ ਸਬਦ ਕਰ ਬਰਨਯੋ ਤਾਹ॥ ਸੁਪ੍ਰਕਾਸ ਅਦ੍ਵੈਨਿਤ ਆਹ ॥ ੧੫ ॥ ਇਤਿ ਸ੍ਰੀ ਮਤ ਪਰਮ ਹਂਸ ਪਰ ਬ੍ਰਾਜਕਾ ਚਾਰਯੋ ਪਾਸਕ ਸ੍ਰੀ ਮਤ ਦਿਆਲ ਅਨੇਮਾ ਨਂਦ ਸਰਸੁਤੀ ਮਹਾਵਾਕ੍ਯ ਬਬੇਕ ਭਾਖਾ ਬਰਨਤੇ ਨਾਮਂ ਪਂਚਮੋ ਪ੍ਰਕਰਣ ਸਮਾਪਤਂ॥

ਹੱਥ ਲਿਖਤ ਨੰ : MS 111 ਏ

ਸਿਰਲੇਖ : ਬ੍ਰਹਮਾ ਨੰਦ ਭਾਖਾ

ਲੇਖਕ : ਦਿਆਲ ਅਨੇਮੀ

ਸਮਾਂ : ਸੰਮਤ 1815

ਪੱਤਰੇ : 50 ੳ –110 ਅ

ਆਕਾਰ : 13X17.5 ਸ.ਮ. ਲਿਖਤ: 10X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਅਥ ਕਵਿ ਕ੍ਰਿਤ ਦਿਆਲ ਅਨੇਮੀ ਬ੍ਰਹਮਾ ਨਂਦ ਭਾਖਾ ਬਰਨਤੇ॥ ਦੋ ॥ ਨਮੋ ਭਾਰਤੀ ਤੀਰਥ ਗੁਰੁ ਬਿਦਿਆਰਂਨ ਸਮੇਤ॥ ਬ੍ਰਹਮਾ ਨਂਦ ਸੁ ਦੀਪਕਾ ਕਰੋਂ ਬੋਧ ਸਿਧ ਹੇਤ॥ ਦੋ ॥ ਗ੍ਰਂਥ ਕਰਨ ਅਭਿਲਾਖਾ ਮਨ ਨਿਰਬਿਘਨ ਪੂਰਨ ਸਿਂਉ ਹੋਇ ॥ ਮਂਗਲ ਤਂਤੁ ਵਿਚਾਰ ਜੋ ਤਿਸ ਕਰ ਕਲਮਖ ਖੋਇ॥...

ਅੰਤ : ... ਬ੍ਰਹਮਾ ਨਂਦ ਗ੍ਰਂਥ ਮੈ ਲਹਯੋ ਪਂਚਮ ਧਯਾਇ ਬਿਖਯਾ ਨਂਦ ਕਹਯੋ॥ ਬ੍ਰਹਮਾਂ ਨਂਦ ਦ੍ਵੈਂਰ ਹੈ ਜਾ ਕੋ॥ ਹੋਤ ਪ੍ਰਵੇਸ ਭਲੀ ਬਿਧਿ ਤਾਂ ਕੋ ॥ ੩੪ ॥ ਪਰਮ ਪ੍ਰੇਮ ਤੈਂ ਹਰਿ ਹਰ ਜੋਈ॥ ਬ੍ਰਹਮਾ ਨਂਦ ਅਭੇਦ

ਸਮੋਈ। ਅਤਿ ਨਿਰਮਲ ਮਨ ਜੋ ਪਹਾਂਚਾਨੋਂ॥ ਪ੍ਰਾਨੀ ਸਰਬ ਏਕ ਸਮ ਜਾਨੋਂ ॥ ੩੫ ॥ ਇਤਿ ਸ੍ਰੀ ਮਤ ਪਰਮ ਹਂਸ ਪਰ ਬ੍ਰਾਜਕਾਚਾਰਜੋ ਪਾਸਕ ਸ੍ਰੀ ਮਤ ਦਿਆਲ ਅਨੇਮਾ ਨਂਦ ਸਰਸੁਤੀ ਬਿਰਚਿਂਦ ਬ੍ਰਹਮਾ ਨਂਦੇ ਬਿਖਿ ਨਾਮ ਪਂਚਮੋ ਧਯਾਦਿ । ਪ ।

ਹੱਥ ਲਿਖਤ ਨੰ : MS 111 ਸ
ਸਿਰਲੇਖ : ਚਿਤ੍ਰ ਦੀਪ ਭਾਖਾ
ਲੇਖਕ : ਦਿਆਲ ਅਨੇਮੀ
ਲਿਖਾਰੀ : ਕਰਮ ਚੰਦ ਨਿਰੰਜਨੀ
ਸਮਾਂ : ਸੰਮਤ 1815
ਪੱਤਰੇ : 110 ਅ –149 ਅ
ਆਕਾਰ : 13X17.5 ਸ.ਮ. ਲਿਖਤ: 13X17.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਵਿਚ ਹਨ: –

ਚਿਤ੍ਰ ਦੀਪ	110 ਅ–149 ਅ
ਤ੍ਰਿਪਤ ਦੀਪ	149 ਅ–210 ਓ
ਧਯਾਨ ਦੀਪ	210 ਓ–237 ਓ
ਕੂਟਸਥ ਦੀਪ	237 ਓ–249 ਓ
ਨਾਟਕ ਦੀਪ	249 ਓ–254 ਓ

ਆਰੰਭ : ਅਥ ਕਵਿ ਕ੍ਰਿਤ ਦਿਆਲ ਅਨੇਮੀ ਚਿਤ੍ਰ ਦੀਪ ਭਾਖਾ ਬਰਨਤੇ॥ ਸ੍ਰੀ ਗਣੇਸਾਇ ਨਮ:॥ਦੋ॥ ਨਮੋ ਭਾਰਤੀ ਤੀਰਥ ਗੁਰ ਵਿਦਿਆ ਰੰਨ ਉਦਾਰ॥ ਚਿਤ੍ਰ ਦੀਪ ਭਾਖਾ ਕਰੌਂ ਤੱਤੁ ਬੋਧ ਵਿਸਤਾਰ॥ ਕਵਿਤ॥ ਜੈਸੈਂ ਪਟ ਏਕ ਤਾਂ ਮੈ ਚਿਤ੍ਰ ਹੈ ਅਨੇਕ ਭਾਂਤ ਚਿਤ੍ਰ ਕੇ ਚਿਹਨ ਦੇਖ ਬੇ ਕੌਂ ਦੀਪ ਚਾਹੀਯੈ॥ ਪ੍ਰਥਮੈਂ ਅਵਸਥਾ ਚਾਰ ਕਹੇਂਗੇ ਵਿਚਾਰ ਤਾਂ ਮੈ ਪਾਛੈ ਜਾ ਮੈਂ ਚਿਤ੍ਰ ਕੀ ਵਿਚਿਤ੍ਰਤਾ ਦਿਖਾਈਯੈ॥...

ਅੰਤ : ...ਇਤਿ ਸ੍ਰੀ ਮਤ ਪਰਮ ਹੰਸ ਪਰਿਬ੍ਰਾਜਕਾ ਚਾਰਜੋਪਾਸਕ ਸ੍ਰੀ ਮਤ ਦਿਆਲ ਅਨੇਮਾ ਨੰਦ ਸੁਰਸੁਤੀ ਵਿਰਚਿੰਤ ਨਾਟਕ ਦੀਪ ਭਾਖਾ ਸਮਾਪਤਮੰ ਪੰਚਮ ਪ੍ਰਕਰਣ॥ ਪ ॥ ਸੁਭ ਮਸਤੁ॥ ਸੰਮਤ । ੧੮੧੫ । ਸਾਵਣ ਵਦੀ ਇਕਾਦਸੀ ਪੂਰੀ ਹੋਈ॥ ਲੇਖਕਂ ਕਰਮ ਚੰਦ ਨਿਰੰਜਨੀ ਪਾਠਕ ਹੈ ਮਾਨ ਸਿੰਘ॥ ਪ੍ਰੀਤਯੰ ਯੁਕਤ ਵਿਚਾਤੇ ਮਿਟੈ ਦੁੱਖ ਭਵ ਸਿੱਧ॥ ਮੰਗਲੰ ਲੇਖ ਕਾ ਨਾਚ ਪਾਠ ਕਾ ਨਾਚ ਮੰਗਲੰ॥ ਮੰਗਲ ਸਰਬ ਸਾਧੂਨੰ ਭੂਮ ਭੂਪਤ ਮੰਗਲੰ॥॥॥॥॥

ਹੱਥ ਲਿਖਤ ਨੰ : MS 112
ਸਿਰਲੇਖ : ਕਿੱਸਾ ਸ਼ੀਰੀਂ ਫ਼ਰਹਾਦ
ਲੇਖਕ : ਹਾਸ਼ਮ
ਪੱਤਰੇ : 3 ਓ –76
ਆਕਾਰ : 15X11 ਲਿਖਤ: 11X6
ਵੇਰਵਾ : ਜਿਲਦ ਗੱਤਾ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ। ਵਿਚ ਇਕ ਕਾਲੀ ਲਕੀਰ ਦਾ, ਅਤੇ ਕਿਤੇ ਕਿਤੇ ਸਿਰਫ ਦੋ ਦੋ ਲਾਲ ਲਕੀਰਾਂ ਦਾ ਹਾਸ਼ੀਆ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਸਤਰਾਂ ਪ੍ਰਤੀ ਪੰਨਾ–12
ਆਮ ਵੇਰਵਾ : ਪੋਥੀ ਵਿਚ ਕਿਤੇ ਕਿਤੇ ਉਲੀ ਲਗੀ ਹੋਈ ਹੈ। ਹਾਸ਼ੀਏ ਵਿਚ ਕਿਤੇ ਕਿਤੇ ਉਰਦੂ ਅਤੇ ਗੁਰਮੁਖੀ ਵਿਚ ਲਿਖਤ ਹੈ। ਪੋਥੀ ਪੱਤਰਾ ਅੰਕ 3 ਤੋਂ ਸ਼ੁਰੂ ਹੁੰਦੀ ਹੈ ਅਤੇ ਅੰਤ ਵੀ ਅਧੂਰਾ ਹੈ।

ਆਰੰਭ : .....ਫਸ ਛੁਰੀ ਮੁਹ ਧਰ ਕੇ॥ ਹਰ ਇਕ ਸੁਖਨ ਲਿਆਵਨ ਬਾਹਰਿ, ਖੂਨ ਅਲੂਦਾ ਕਰਿਕੇ ॥ ਫਿਰ ਉਹ ਦਸਤੁ ਸਰਾਫਾ ਪੈਦੇ, ਹੀਰੇ ਸੁਖਨ ਪਰੋਤੇ॥ ਉਹ ਸਰਾਫ ਜਿਨਾ ਹਥ ਅਪਨੇ, ਜਾਨ ਜਹਾਨੋ ਧੋਤੇ॥...

ਅੰਤ : ... ਅਗੇ ਦਫਨ ਦਿਵਾਨਾ ਆਹਾ, ਸਾਬਤੁ ਕਬਰੁ ਬਣਾਈ॥ ਮਗਰੋਂ ਜਾਇ ਹਜੂਮੀ ਮੇਲੇ, ਉਵੇਂ ਫੇਰੁ ਖੁਲਾਈ॥ ਕੀਤਾ ਕਬਰੁ ਚੁਫੇਰੇ ਪੜਦਾ, ਖਲਕਤਿ ਦੂਰਿ ਹਟਾਈ॥ ਖਾਸੇ ਲੋਕ ਗਏ ਅੰਦਰਾਂਹਾ, ਨਜਰੁ ਹਕੀਕਤ ਆਈ ॥ ੨੫੯ ॥ ਆਵੇ ਮੁਸਕ ਬਹਿਸਤੀ ਬਾਹਰਿ ਜਲ.....

ਹੱਥ ਲਿਖਤ ਨੰ : MS 113 ਸੰਗ੍ਰਹਿ
ਸਿਰਲੇਖ : ਗਿਆਨ ਮੰਜਰੀ
ਲੇਖਕ : ਮਨੋਹਰ ਦਾਸ ਨਿਰੰਜਨੀ
ਸਮਾਂ : ਸੰਮਤ 1880 ਰਚਨਾ ਕਾਲ: ਸੰਮਤ 1716
ਪੱਤਰੇ : 1 ਅ –51 ਅ
ਆਕਾਰ : 13X18 ਸ.ਮ. ਲਿਖਤ: 9X12 ਸ.ਮ.
ਵੇਰਵਾ : ਜਿਲਦ ਗੱਤਾ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਵਖਰੇਵੇਂ ਲਈ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ–9, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ।
ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ। ਲਿਖਾਈ ਸੁੰਦਰ ਹੈ। 1 ਅ ਪੱਤਰੇ ਨੂੰ ਕਈ ਤਰਾਂ ਦੇ ਹਾਸ਼ੀਆਂ ਨਾਲ ਸਜਾਇਆ ਹੋਇਆ ਹੈ। ਇਸ ਪੋਥੀ ਵਿਚ ਤਿੰਨ ਕ੍ਰਿਤੀਆਂ ਹਨ, ਜਿਨਾਂ ਦੇ ਪੱਤਰਾ ਅੰਕ ਭਿੰਨ ਭਿੰਨ ਹਨ। ਸਮੇਂ ਬਾਰੇ ਪੱਤਰਾ 50 ਅ ਤੇ ਇਉਂ ਦਿੱਤਾ ਹੈ: – "ਸੰਬਤ ਸਤ੍ਰਹ ਸੈ ਮਹੀ ਵਰਖ ਸੋ ਰਹੇ ਮਾਂਹਿ॥ ਵੈਸਾਖ ਮਾਸ ਹੈ ਸੁਕਲ ਪਖ ਥਿਤਿ ਪੁੰਨਯੋ ਹੈ ਤਾਹਿ॥" ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ।
ਆਰੰਭ : ੧ਓ ਸ੍ਰੀ ਪਾਰਬ੍ਰਹਮਨੇ ਨਮ:॥ ਅਥ ਗਿਆਨ ਮੰਜਰੀ ਲਿਖਯਤੇ॥ ਦੋਹਰਾ॥ ਆਤਮ ਕੈ ਅਗਿਆਨ ਤੈ ਸਬੈ ਉਪਜੈ ਜਾਂਨ॥ ਗਿਆਨ ਭਏ ਤੈ ਲੀਨ ਸਬ ਨਮਸਕਾਰ ਤਿਹ ਮਾਂਨ॥੧॥ ਕਬਿੱਤ॥ ਪ੍ਰਿਥਮ ਮੁਕਤਿ ਕਹਿ ਦੂਸਰੋ ਮੁ ਮੁਖੀ ਸੋਊ ਤੀਸਰੋ ਬਿਖਈ ਚੌਥੋ ਪਾਂਮਰ ਬਿਚਾਰੋ ਹੈ॥ ਚਾਰ ਪੁਰਖ ਸੰਸਾਰ ਮਾਂਝ ਕਹੈ ਨਿਰਧਾਰ ਬੰਧਨ ਮੁਕਤਿ ਡਾਰ ਮੁਕਤਿ ਤੋਂ ਨਿਯਾਰੋ ਹੈ॥...
ਅੰਤ : ... ਦੋਹਰਾ॥ ਤੂੰ ਪਦ ਦੇਵ ਤ੍ਰਿਯੰਚ ਰਿਖਿ ਨਰ ਕਿੰਨਰ ਸਬ ਜਾਂਨ॥ ਤਤ ਪਦ ਈਸ੍ਵਰ ਦੇਖ ਸਬ ਤੂੰ ਤਤ ਤਤ ਤੂੰ ਭਾਂਨ ॥ ੪●● ॥ ਮਨੋਹਰ ਦਾਸ ਨਿਰੰਜਨੀ ਸੋ ਸ੍ਵਾਮੀ ਸੋ ਦਾਸ॥ ਸ੍ਵਾਮੀ ਦਾਸ ਭਯੋ ਏਕ ਸੋ ਮਹਾਕਾਸ ਘਟਾਕਾਸ ॥ ੪●੧ ॥ ਇਤਿ ਸ੍ਰੀ ਗਜਾਨ ਮੰਜਰੀ ਨਾਮ ਭਾਖਯਾ ਗ੍ਰੰਥ ਕਥਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਨ ਸਮਾਪਤੰ ॥

ਹੱਥ ਲਿਖਤ ਨੰ : MS 113 ਅ
ਸਿਰਲੇਖ : ਸਤ ਪ੍ਰਸ਼ਨੋਉਤਰੀ ਭਾਖਾ
ਲੇਖਕ : ਮਨੋਹਰ ਦਾਸ ਨਿਰੰਜਨੀ
ਲਿਪੀ ਕਾਲ : ਸੰਮਤ 1880
ਪੱਤਰੇ : 51 ਅ –117 ਓ
ਆਕਾਰ : 13X18 ਸ.ਮ. ਲਿਖਤ: 9X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ

ਆਰੰਭ : ...੧ੴ ਸ੍ਰੀ ਪਰਮਾਤਮਨੇ ਨਮਹ ॥ ਅਥ ਗ੍ਰੰਥ ਸਤ ਪ੍ਰਸ੍ਨੋਤਰੀ ਲਿਖਿਤੇ॥ ਸੋਰਠਾ॥ ਵਾਚ ਲਖ ਕਰਿ ਜਾਂਨ ਨਿਰਗੁਣ ਸਰਗੁਣ ਯੌ ਕਹਿਯੋ॥ ਕਰਿ ਨਮਸਕਾਰ ਵਖਾਂਨ ਵਾਚਯ ਤਜਾਰਾ ਕਰਿ ਲਖ ਕੌ॥੧॥...

ਅੰਤ : ... ਸੋਰਠ॥ ਹੋਮੈ ਹੋ ਤੂੰ ਨਾਹਿ ਹੌਮੈ ਹੋ ਤੂੰ ਹੈ ਕਹੀ॥ ਸਬ ਹੈ ਹੌ ਤੂੰ ਹੌ ਤੂੰ ਏਕ ਹੀ॥੧੩॥ ਇਤਿ ਸ੍ਰੀ ਸਤ ਪ੍ਰਸ੍ਨੋਤਰੀ ਭਾਖਾ॥ ਮਨੋਹਰ ਦਾਸ ਨਿਰੰਜਨੀ ਕਬਿਤੇ ਨਵਮੋ ਖੰਡਹ ॥ ੯ ॥

ਹੱਥ ਲਿਖਤ ਨੰ : MS 113 ਏ

ਸਿਰਲੇਖ : ਵੇਦਾਂਤ ਮਹਾਵਾਕਯ ਭਾਖਾ ਗ੍ਰੰਥ

ਲੇਖਕ : ਮਨੋਹਰ ਦਾਸ ਨਿਰੰਜਨੀ

ਰਚਨਾ ਕਾਲ: ਸੰਮਤ 1716

ਪੱਤਰੇ : 1–30

ਆਕਾਰ : 13X18 ਸ.ਮ. ਲਿਖਤ: 9X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਵਿਚ ਵਿਚ ਕਾਨੀ ਬਦਲੀ ਹੋਈ ਹੈ।

ਆਰੰਭ : ੧ੴ ਸ੍ਰੀ ਗੁਰੁ ਭਯੋ ਨਮਹ॥ ਅਥ ਵੇਦਾਂਤ ਪ੍ਰਭਾਖਾ ਲਿਖਤੇ॥ ਕਰਤਾ ਗ੍ਰੰਥ ਕਰਿਬੇ ਮੈ ਨਿਰ ਬਿਘਨ ਸੁਖ ਚਾਹੇ ਹੈ॥ ਮੰਗਲ ਦੇ ਮੋਹਿ ਦੇਵ ਗਣੇਸ॥ ਮੰਗਲ ਦੇ ਮੋਹਿ ਸਰਸ੍ਵਤੀ॥ ਮੰਗਲ ਦੇ....ਪਾਰਬਤੀ॥੧॥ ਗ੍ਰੰਥ ਕੋ ਪ੍ਰਯੋਜਨ ਅਰੁ ਵਿਖਯ ਕਹਿਯੈ ਹੈ॥...

ਅੰਤ : ... ਦੋਹਰਾ॥ ਸੰਬਦ ਸਤ੍ਰਾ ਹੈ ਮਹੀ ਸੋਰਹ ਵਰਖ ਵਤੀਤਿ॥ ਵਰਖ ਸਤ੍ਰਹ ਮਹਿ ਕਰੀ ਖਟ ਮਾਸ ਤਾਹਿ ਵਤੀਤਿ ॥ ੯੧ ॥ ਆਸੋਜ ਵਦਿ ਹੈ ਚਤੁਰ ਦਸੀ ਕ੍ਰਿਸ੍ਨ ਪਖ ਸਨਿਵਾਰ॥ ਭਾਖਾ ਪੂਰਣ ਸਭ ਭਈ ਮਾਸ ਏਕ ਕ੍ਰਿਤਕਾਰ ॥ ੨੯੨ ॥ ਇਤਿ ਸ੍ਰੀ ਵੇਦਾਂਤ ਮਹਾ ਵਾਕਜ ਭਾਖਾ ਗ੍ਰੰਥ ਕਬਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਣੰ ਸਮਾਪਤੰ॥ ਸੁਭੰ ਮਸਤੁ ਸਰਵ ਜਗਤੰ॥ ਸ੍ਰੀ ਗਣੇਸ ਜੀ॥ ਰਾਮਾਯ ਨਮੋ ਨਮ:॥

ਹੱਥ ਲਿਖਤ ਨੰ : MS 113 ਸ

ਸਿਰਲੇਖ : ਖਟ ਪ੍ਰਸ਼ਨੀ

ਲੇਖਕ : ਮਨੋਹਰ ਦਾਸ ਨਿਰੰਜਨੀ

ਸਮਾਂ : ਸੰਮਤ 1880

ਪੱਤਰੇ : 1–105

ਆਕਾਰ : 13X18 ਸ.ਮ. ਲਿਖਤ: 9X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴ ਸ੍ਰੀ ਪਰਮਾਤਮਨੇ ਨਮ:॥ ਅਥ ਗ੍ਰੰਥ ਖਟ ਪ੍ਰਸਨੀ ਅਰੰਭ ਤੇ ਪ੍ਰਥਮ ਗ੍ਰੰਥ ਕੋ ਕਰਤਾ ਗ੍ਰੰਥ ਕੀ ਆਦਿ ਇਸ੍ਟ ਦੇਵ ਤਾ ਕੋ ਸ੍ਵਰੂਪ ਦਿਖਾਵਤ ਹੈ॥ ਅਰੁ ਤਾ ਗ੍ਰੰਥ ਕੀ ਨਿਰਤਿਘਨ ਤਾ ਸਿਧ ਕਰਿਬੇ ਕੋ ਰਿਦੇ ਮਾਝ ਤਾ ਕੋ ਸ੍ਵਰੂਪ ਚਿਤਵਨ ਕੀਰ ਕੈ ਨਮਸਕਾਰ ਕਰਤੁ ਹੈ॥ ਦੋਹਰਾ ॥ ਦ੍ਰਿਸ੍ਟਾ ਏਕ ਸਵਰੂਪ ਹੈ॥ ਜੀਵੇਸ੍ਵਰ ਨਹਿ ਭੇਦ॥ ਸੋ ਸਵਰੂਪ ਉਰ ਬਾਂਧਿ ਕੈ ਬਿਘਨ ਸਬੇ ਤਜਿ ਖੇਦ॥੧॥...

ਅੰਤ : ... ਦੇਵਸ੍ਵ ਪ੍ਰਕਾਸ ਸ੍ਵਰੂਪ ਹੈ ਸਾਖੀ ਦੇਵੈ ਸੋਇ॥ ਔਰ ਦੇਵ ਅਦੇਵ ਸਬ ਸਾਖੀ ਜਿਨਾ ਨ ਹੋਇ ॥ ੯੧ ॥ ਇਤਿ ਸ੍ਰੀ ਸਾਖੀ ਸਵਰੂਪ॥ ਇਤਿ ਸ੍ਰੀ ਖਟ ਪ੍ਰਸ੍ਨੀ ਨਿਰਨੇ ਨਾਮ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਿਤੇ ਸੰਪੂਰਣੰ ਸਮਾਪਤੰ ਸੁਭੰ ਮਸਤੁ ਸਰਵ ਜਗਤੰ॥ ਸ੍ਰੀ ਰਾਮ ਚੰਦ੍ਰਾਯ ਨਮ:॥ਸੱ॥

੧੮੮● ਮਿਤੀ ਜੇਠ ਵਦੀ । ੬ । ਖਟ ਪ੍ਰਸ੍ਨੀ ਸੰਪੂਰਣੰ ਸਮਾਪਤੰ ਯਾਦ੍ਰਸੰ ਪੁਸ੍ਤਕੰ ਦ੍ਰਿਸ੍ਟਾਤਾ ਦ੍ਰਸੰ ਲਿਖਤੰ ਮਯਾਯ ਦਿਸ੍ਟੁਧ ਮਸ੍ਤੁਂਣ ਵਾਮਮ॥

ਹੱਥ ਲਿਖਤ ਨੰ : MS 114
ਸਿਰਲੇਖ : ਪ੍ਰਬੋਧ ਚੰਦ ਨਾਟਕੰ ਸੁਬੋਧ ਗਰੰਥ
ਲੇਖਕ : ਗੁਲਾਬ ਸਿੰਘ
ਲਿਖਾਰੀ : ਹਰਦਿਤ ਸਿੰਘ
ਲਿਪੀ ਕਾਲ : 1931 ਮਹੀਨਾ ਭਾਦੋਂ ਰਚਨਾ ਕਾਲ: ਸੰਮਤ 1846
ਸਥਾਨ : ਕੁਰੁਕਸ਼ੇਤਰ
ਪੱਤਰੇ : 1 –73
ਆਕਾਰ : 24.5X16.5 ਸ.ਮ. ਲਿਖਤ: 20X12.5 ਸ.ਮ.
ਵੇਰਵਾ : ਜਿਲਦ ਗੱਤਾ, ਉਖੜੀ ਹੋਈ ਹੈ। ਸਤਰਾਂ ਪ੍ਰਤੀ ਪੰਨਾ 20 । ਬਗੈਰ ਹਾਸ਼ੀਆ।
ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ। 225 ਸਲੋਕ ਹਨ, ਕਿਧਰੇ-2 ਹਾਸ਼ੀਏ ਵਿਚ ਸੁਧਾਈ ਕੀਤੀ ਹੋਈ ਹੈ। ਪੋਥੀ ਕਿਰਮ ਖੁਰਦਾ ਹੈ। ਪੱਤਰਾ 72 ਅ ਖਾਲੀ ਹੈ। ਸ਼ੁਰੂ ਵਿਚ ਦੋ ਪੱਤਰੇ ਅਤੇ ਅੰਤ ਵਿਚ ਤਿੰਨ ਪੱਤਰੇ ਖਾਲੀ ਹਨ। ਕਿਧਰੇ ਕਿਧਰੇ ਕਾਨੀ ਬਦਲੀ ਹੋਈ ਹੈ। ਕੁਲ 225 ਦੋਹਰੇ ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮਹਾ:॥ ਦੋਹਰਾ ॥ ਗੌਰੀ ਪੁਤ੍ਰ ਗਣੇਸ ਪਦ ਬੰਦੋ ਬਾਰੰਬਾਰ॥ ਕਾਰਜ ਕੀਜੈ ਸਿਧ ਮਮ ਦੇਹ ਸੁਬੁਧ ਉਦਾਰ॥...
ਅੰਤ : ਇਤਿ ਸ੍ਰੀਮਤਿ ਮਾਨ ਸਿੰਘੇ ਚਰਨ ਸਿਖਤ ਗੁਲਾਬ ਸਿੰਘੇ ਨਗੌਰੀ ਰਾਏ ਆਤ ਜੇਨ ਵਿਚਰ ਤੇ ਪ੍ਰਬੋਧ ਚੰਦ੍ਰ ਨਾਟਕੇ ਜੀਵਨ ਮੁਕਤ ਪ੍ਰਾਪਤ ਕੋ ਨਾਮ ਖਸਟਮੋ ਅੰਕ॥੬॥=॥=॥=॥= ਪ੍ਰਬੋਧ ਚੰਦ੍ਰਨਾਦ ਸੰਪਰਣੰ॥ ਬਕਲ ਮਹਰਦਿਤ ਸਿੰਘਾਂ ਸਮਤਾ 1931 ਮਹੀਨਾ ਭਾਦੋਂ 515

ਹੱਥ ਲਿਖਤ ਨੰ : MS 115 ਸੰਗ੍ਰਹਿ
ਸਿਰਲੇਖ : ਰਾਮ ਬਿਨੋਦ ਗ੍ਰੰਥ
ਲੇਖਕ : ਰਾਮ ਚੰਦਰ
ਲਿਖਾਰੀ : ਪੰਡਤ ਪਦਮ ਰੰਗ ਭਾਖਾਕਾਰ
ਪੱਤਰੇ : 1 –213 ਓ
ਆਕਾਰ : 13X18 ਸ.ਮ. ਲਿਖਤ: 8X12 ਸ.ਮ.
ਵੇਰਵਾ : ਜਿਲਦ ਗੱਤਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਪੋਥੀ ਬਿਨਾਂ ਹਾਸ਼ੀਏ ਦੇ ਹੈ। ਸਤਰਾਂ ਪ੍ਰਤੀ ਪੰਨਾ 10.
ਆਮ ਵੇਰਵਾ : ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ। ਪੋਥੀ ਦੇ ਸ਼ੁਰੂ ਵਿਚ ਅਤੇ ਅੰਤ ਤੇ ਦੋ ਦੋ ਖਾਲੀ ਪੱਤਰੇ ਹਨ। 213 ਓ ਦੇ ਅੰਤ ਤੇ 'ਸੁਭ ਸੰਮਤ' ਲਿਖਿਆ ਹੈ ਪਰ ਸੰਮਤ ਬਾਰੇ ਕੋਈ ਵੇਰਵਾ ਨਹੀਂ। 213 ਅ ਤੇ ਫਿਕੀ ਕਾਲੀ ਸਿਆਹੀ ਨਾਲ ਦੋ ਜੰਤਰ ਬਣੇ ਹੋਏ ਹਨ। ਇਸ ਪੋਥੀ ਵਿਚ ਚਾਰ ਕ੍ਰਿਤੀਆਂ ਹਨ। ਪਹਿਲੀਆਂ ਦੋ ਕ੍ਰਿਤੀਆਂ ਦੇ ਪੱਤਰਾ ਅੰਕ ਲਗਾਤਾਰ ਚਲਦੇ ਹਨ ਅਤੇ ਅਗਲੀ ਦੋ ਕ੍ਰਿਤੀਆਂ ਦੇ ਅੰਕ ਇਕ ਤੋਂ ਸ਼ੁਰੂ ਹੋਕੇ ਲਗਾਤਾਰ ਚਲਦੇ ਹਨ।
ਆਰੰਭ : ੧ਓ ਸਤਿਗੁਰ ਪ੍ਰਸਾਦਿ॥੧॥ ਸ੍ਰੀ ਗਣੇਸਾਯ ਨਮ:। ਦੋਹਰਾ॥ ਸਿਧਿ ਬੁਧਿ ਦਾਯਕ ਲਹੀਯੇ ਗਵਰੀ ਪੁਤ੍ਰ ਗਣੇਸ॥ ਵਿਘਨ ਵਿਦਾਰਣ ਸੁਖ ਕਰਣ ਹਥਧਰੀ ਪ੍ਰਮੇਸ॥੧ ਦੋ॥ ਸ੍ਰੀ ਧਨੰਤ੍ਰ ਚਰਣ ਯੁਗ ਪ੍ਰਣ ਮਧੁਰ ਆਨੰਦ॥ ਰੋਗਨ ਸੈ ਉਸ ਨਾਮ ਕੀ ਸਬਜ ਕੂੰ ਸੁਖ ਕੰਦ॥...

ਅੰਤ : …ਏ ਮਾਨ ਤਣੋ ਪ੍ਰਮਾਣ ਸਾਰੰਗ ਧਰ ਹੂੰ ਸਾਰੀਓ ॥ ਕਹਿਓ ਜੁਏ ਅਨੁਮਾਨ ਰਾਮ ਬਿਨੋਦ ਬਿਨੋਦ ਸੂ ॥ ੫੮ ॥ ਇਤਿ ਸ੍ਰੀ ਰਾਮ ਬਿਨੋਦ ਸੰਪੂਰਨੰ ਸਮਾਪਤੰ॥ ਸੁਭ ਸਮਤ

ਹੱਥ ਲਿਖਤ ਨੰ : MS 115 ਅ
ਸਿਰਲੇਖ : ਯੋਗ ਸਤੁ ਗ੍ਰੰਥ ਟੀਕਾ
ਪੱਤਰੇ : 214 ੳ –232 ਅ
ਆਕਾਰ : 13X18 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰੇ ਭੁਰੇ ਹੋਣ ਕਾਰਣ ਪੱਤਰਾ ਅੰਕ ਪੜ੍ਹਨ ਯੋਗ ਨਹੀਂ। ਬਾਅਦ ਵਿਚ ਨੀਲੀ ਸਿਆਹੀ ਨਾਲ ਪੱਤਰਾ ਅੰਕ ਅੰਕਿਤ ਕੀਤੇ ਹੋਏ ਹਨ।
ਆਰੰਭ : ੧ੳ ਸ੍ਰੀ ਸਾਰਦਾਯਨਮ: ॥ ਅਥੋ ਯੋਗ ਸਤੁ ਗ੍ਰੰਥ ਟੀਕਾ ਲਿਖਯਤੇ॥ ਟੀਕਾ ਅਥੁ ਜੁਰ ਚਿਕਤਸਯ ਛਿਨੋ ਵਾਗਿ ਲੋਇ॥ ਅੰਬੁਧਰ॥ ਮੁਸ੍ਯਾ॥ ਧਨਯ॥ ਵਾਧਮਾਹ॥ ਵਿਸਵਾ ਸੁੰਠਿ॥ ਏਤੇ ਔਖਦ ਸਮ ਮਾਤ੍ਰਾ ਕੁ ਆਥਿ ਕਰਿ ਦੀਜੈ॥ ਵਾਯੁ ਜੁਰਿ ਸਾਂਤ ਹੋਇ॥੧॥…
ਅੰਤ : …ਜੁਲਾਬ॥ਟੀਕਾ॥ ਹਰੀੜ ਕੁਆਥ ਕਰਿ ਸੁਰਮਦਿਤੀ ਚਿਤ੍ਰਾ ਪਿਪਲੀ ਵਿੜ ਲੂਣ ਚੂਰਣ ਕਰਿ ਕਾਢੇ ਵਿਚ ਪਾਇ ਦੀਜੈ॥ ਘ੍ਰਿਤ ਸੇਤੀ॥ ਵਿਰੋਚ ਹੋਇ ਪਿਤ ਜਾਹਿ॥95॥ ਇਤ ਯੋਗ ਸਤਕੰ ਬਾਲਾ ਬੋਧ ਸਪੂਰਣੰ ਸਮਾਪਤੰ॥ ਸ੍ਰੀ ਰਾਮ ਜੀ ਤੇਰੀ ਸਰਨ

ਹੱਥ ਲਿਖਤ ਨੰ : MS 115 ਏ
ਸਿਰਲੇਖ : ਸਮੁੰਦਰਕ ਭਾਖਾ
ਲੇਖਕ : ਰਾਮ ਚੰਦ
ਲਿਖਾਰੀ : ਪੰਡਤ ਪਦਮਰੰਗ ਭਾਖਾਕਾਰ ਰਚਨਾ ਕਾਲ: ਸੰਮਤ 1722
ਪੱਤਰੇ : 1 ੳ –18 ੳ
ਆਕਾਰ : 13X18 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ 18 ੳ ਤੇ ਪਾਠ ਦੀ ਸਮਾਪਤੀ, ਪੱਤਰੇ ਦੇ ਚਾਰੋ ਪਾਸੇ ਲਾਲ ਲਿਖਤ ਨਾਲ ਕੀਤੀ ਹੈ। ਕਿਰਮ ਖੁਰਦਾ ਹੋਣ ਕਾਰਣ ਕੁਝ ਅਖਰ ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ ਹਨ। ਇਸ ਕ੍ਰਿਤੀ ਤੋਂ ਪੱਤਰਾ ਅੰਕ ਫੇਰ ਇਕ ਤੋਂ ਸ਼ੁਰੂ ਹੁੰਦੇ ਹਨ। 18 ਅ ਖਾਲੀ ਹੈ:
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਅਥ ਸਮੁੰਦਰਕ ਲਿਖਯਤੇ॥ ਸ੍ਰੁਸੁਤ ਸਿਮਰੁ ਚਿਤ ਧਰ ਸਰਬ ਬਚਨ ਦਾਤਾਰ॥ ਨਰ ਨਾਰੀ ਲੋਛਨ ਕਹੌ ਸਾਮੁੰਦ੍ਰਕ ਅਨਸਾਰ ੧ ਯਾ ਸਮੰਦ੍ਰਕ ਗ੍ਰੰਥ ਮੈ ਕਹੇ ਅਗਮ ਕੀ ਬਾਤ॥ ਇਸੇ ਜਾਨ ਜੋ ਨਰ ਵਹੈ ਤੌ ਹੋਇ ਜਗ ਵਿਖਯਾਤ ੨ ਆਦਿ ਅੰਤ ਨਰਿ ਨਾਰ ਕੀ ਸੁਖ ਦੁਖ ਬਾਤ ਸਰੂਪ॥ ਕਹੋ ਅਨੇਕ ਪ੍ਰਕਾਰ ਬਿਧ ਸੁਣਿਉ ਇਕੰਤ ਅਨੂਪ ੩…
ਅੰਤ : ਸਮਤਿ ਸਤ੍ਰੈ ਸੈ ਬਾਵੀਸਾ॥ ਮਾਗ ਕ੍ਰਿਸ੍ਨ ਪਖ ਛਠ ਤਿਥ ਜੁਗੀਸਾ॥ ੯● ॥ ਗਿਰਵਰ ਮਾਂਹ ਸੁਮੇਰ ਬਿਰਾਜੈ॥ ਜੋਤਿਖ ਚੱਕ੍ਰ ਜਿਮ ਸੂਰਜ ਰਾਜੈ॥ ਗਛ ਮਾਹ ਰਿਗਛ ਰਾਜਾ॥ ਜਥੈ ਦਿਨ ਗੂੰ ਅਧਕਿ ਦਿਵਾਜਾ॥ ਸ੍ਰੀ ਨਿਜ ਸ੍ਰੀਹ ਸੂਰ ਸੁਖਕਾਰੀ॥ ਨਾਮ ਜਪੈ ਜਿਸ ਸੁਰ ਨਰ ਨਾਰੀ॥ ਜਾਕੇ ਸਿਖ ਸਿਰੋਮਣ ਕਹੀਏ॥ ਪਦ ਕੀਰਤ ਗੁਰ ਵਰ ਜਸ ਲਹੀਏ ॥ ੯੨ ॥ ਵਿਦਯਾ ਚਾਰ ਦਸ ਕੰਠ ਪਛਾਣੈ॥ ਬੇਦ ਤਾਰਕੋ ਅਰਥ ਪਛਾਣੈ। ਪਦਮਰੰਗ ਮੁਨਵਰ ਸੁਖਦਾਈ ਮਹਿਮਾ ਤਾਕੀ ਕਹੀ ਨ ਜਾਈ ਰਾਮਚੰਦ ਮੁਨਇਣ ਪ੍ਰਭਾਖਿਯੋ ਸਮੁੰਦ੍ਰਕ ਭਾਖਾ ਕਉ ਦਾਖਿਯੋ॥ ਜਲਗਿ ਰਹਿਯੋ ਸੂਰਜ ਚੰਦਾ॥ ਪਢ ਪੰਡਤ ਜੂ

ਲਹੋ ਅਨੰਦਾ ॥ ਇਤ ਸ੍ਰੀ ਸਮੁੰਦ੍ਰਕ ਨਖ ਸਿਖ ਤਿਲਾਦਕ ਵਰਣਨੋ ਨਾਮ ਦੁਤੀਯ ਸਮਦੇਸ ਸਮਾਪਤੰ ਰਾਮ ਰਾਮ....ਰਾਮ ਜੀ ਸ੍ਰੁਨ।

ਹੱਥ ਲਿਖਤ ਨੰ : MS 115 ਸ
ਸਿਰਲੇਖ : ਸਰੋਦ ਵਿਚਾਰ
ਪੱਤਰੇ : 19 ਓ –22 ਓ
ਆਕਾਰ : 13X18 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸ੍ਵਸਤ ਸ੍ਰੀ ਗਣੇਸਾਇ ਨਮ: ਅਥ ਸਰੋਦਾ ਬੀਚਾਰ ਲਿਖਯਤੇ॥ ਸੁਰਪ੍ਰਿਛਾਲਿ॥ ਚੰਦ ਸੂਰਜ ਨਾਕ ਕੇ ਸੂਲਕ ਹੈ ਦਾਹਿਣੀ ਤਰਫ ਸੂਰਜ ਹੈ ਅਰ ਬਾਵੀ ਤਰਫ ਚੰਦ ਹੈ ਦਮ ਦਾਹਿਣੇ ਕਾ ਬਬੇਕ ਹੈ ਕਬ ਦਾਹਿਣੇ ਸੁਰਜਾ ਚਾਹੈ ਜਬੀ ਬਾਵੇ ਸੂਰਜਾ ਦਾ ਹੈ॥...
ਅੰਤ : ...ਜੇ ਨਾਵੈ ਸੁਰ ਭੋਗ ਕਰੈ ਤਾ ਬੇਟੀ ਹੋਵੈ ਜੇ ਦਾਹਿਣੇ ਸੁਰ ਭੋਗ ਕਰੈ ਤਾ ਬੇਟਾ ਹੋਵੈ ਤ੍ਰੀਆ ਪੁਰਖ ਕੋ ਖਿਚੈ ਪੁਰਖ ਤ੍ਰੀਆ ਕੋ ਖਿਚੈ ਬਾਰ ਅਕੀਸ ਭੋਗ ਕਰੈ ਤੇ ਪ੍ਰੀਤ ਹੋਇ ਜੇ ਬਾਵਾ ਸੁਰ ਚਲਦਾ ਹੋਇ ਤਾ ਬੌਹਤ ਭੋਗ ਕਰੈ ਦੋਈ ਬਾਰੀ॥ ਨਾ ਕਰੈ ਠੰਤਾ ਬਲ ਹੋਇ॥ ਤੇ ਦੇਹੀ ਛੀਨ ਹੋਇ ਜੇ ਦਾਹਿਣੇ ਸੁਰ ਹੋਵੈ ਤਾ ਡਰ ਨਾਂਹੀ ਜੇ ਬਾਵੈ ਹੋਵੈ ਤਾ ਡਰ ਹੈ॥ ਪੁਰਾਣ ਸਰੋਦ ਕਾ ਪੂਰਾ ਲਿਖਯਾ

ਹੱਥ ਲਿਖਤ ਨੰ : MS 117 ਸੰਗ੍ਰਹਿ
ਸਿਰਲੇਖ : ਮੁਕਤਿ ਮਾਰਗ ਗ੍ਰੰਥ ਪਾਤਸ਼ਾਹੀ 10
ਪੱਤਰੇ : 1–279
ਆਕਾਰ : 10X15 ਸ.ਮ. ਲਿਖਤ: 8X11 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ, ਸਤਰਾਂ ਪ੍ਰਤੀ ਪੰਨਾ 7
ਆਮ ਵੇਰਵਾ : ਗ੍ਰੰਥ ਕਿਰਮ-ਖੁਰਦਾ, ਲਿਖਤ ਸੁੰਦਰ, 268-279 ਤਕ ਪਤਰਿਆਂ ਦਾ ਹੇਠਲਾ ਹਿੱਸਾ ਬੁਰੀ ਤਰਾਂ ਖਾਧਾ ਹੋਇਆ ਹੈ। ਪਹਿਲੇ 7 ਪੱਤਰੇ ਕਾਗਜ਼ ਲਾ ਕੇ ਜੋੜੇ ਹੋਏ ਹਨ। ਪੰਨਾ ਨੰ 92 ਓ ਤੇ ਇਕ ਲਾਈਨ ਲਿਖ ਕੇ ਬਾਕੀ ਪੰਨਾ ਖਾਲੀ ਛਡਿਆ ਹੋਇਆ ਹੈ। ਅੰਤ ਵਿਚ ਇਕ ਪਤਰਾ ਖਾਲੀ ਛਡਿਆ ਹੋਇਆ ਹੈ।
ਆਰੰਭ : ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਅਥ ਮੁਕਤਿ ਮਾਰਗ ਗ੍ਰਿੰਥ ਲਿਖਯਤੇ॥ ਪਾਤਸ਼ਾਹੀ ੧● ਏਕ ਸਮੈ ਸ੍ਰੀ ਗੁਰੂ ਜੀ ਕੇ ਪਾਸ ਸਿਖ ਸਰਬ ਬੈਠਤ ਕਿਰਤ ਭਏ ਅਬਿ ਚਲਾ ਨਗਰ ਵਿਖੇ ਜੋ ਹੇ ਸਤਿਗੁਰੂ ਜੀ ਵੈ ਹਮ ਕੋ ਸਭ ਬਿਧ ਕਹੋ ਜੋ ਇਸ ਜੀਵ ਕੋ ਸੰਸਾਰ ਸਾਗਰ ਤਰਣ ਕਾ ਜਤਨ ਕਵਨ ਹੈ ਕਿਸ ਪ੍ਰਕਾਰ ਕਰਮ ਕਰੈ ਮੰਗਲਾਚਾਰ ਅਰੁ ਸੁਤਕ ਕਰਮ ਪ੍ਰਯੰਤ ਸੋ ਸਭ ਵਿਧ ਸੋਂ ਕਹੋ॥...
ਅੰਤ : ...ਰੰਗ ਮਿਟਾਇਆ ਆਪ ਪ੍ਰਭੂ ਨੀਲੀ ਟੱਲੀ ਨੂੰ ਅੱਗ ਲਗਾਵੈ ਉਸ ਨਾਲ ਪੜ ਪੜ ਲੂਤ ਝਾੜੇ॥ ਇਸ ਗ੍ਰੰਥ ਕੇ ਪਾਠ ਕਰਨੇ ਤੇ ਫਲ ਹੈ ਮੁਕਤਿ ਭੁਗਤਿ ਕਾ ਮਾਰਗ ਹੈ। ਇਤਿ ਸ੍ਰੀ ਮੁਕਤਿ ਮਾਰਗ ਗ੍ਰਿੰਥ ਗ੍ਰੰਥ ਜੀ ਕਾ ਪ੍ਰਕਾਸ ਸਰਬ ਕਰਮ ਨਿਰੂਪਣ ਸ੍ਰੀ ਗੁਰੂ ਮੁਖਾਤ ਧਰਮ ਅਰਥ ਕਾਮ ਮੋਖ ਸੰਪੂਰਣੰ॥ ਅੰਮੁਕਤਿ ਕੋ ਪੰਥ ਜਨਮ ਮ੍ਰਿਤਕ ਪ੍ਰਯੰਤ ਸਰਬ ਬਾਸਨਾ ਪੂਰਨ ਸਮਾਪਤੰ॥੧॥ਸੁਭ ਮਸਤੁ॥

ਹੱਥ ਲਿਖਤ ਨੰ : MS 118
ਸਿਰਲੇਖ : ਵਾਰ ਹਕੀਕਤ ਰਾਏ
ਲੇਖਕ : ਅਗਰਾ ਕਵੀ
ਪੱਤਰੇ : 1–55
ਆਕਾਰ : 13X16.5 ਸ.ਮ. ਲਿਖਤ: 7.5X10 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਕਾਲੀ ਸਿਆਹੀ ਨਾਲ ਦੋ ਦੋ ਲਕੀਰਾਂ, ਸਤਰਾਂ ਪ੍ਰਤੀ ਪੰਨਾ 8.
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਪੋਥੀ ਭਿਜੀ ਹੋਣ ਕਰਕੇ ਉੱਲੀ ਲੱਗੀ ਹੋਈ ਹੈ, ਕਿਰਮ ਖੁਰਦਾ, ਇੰਜ ਲਗਦਾ ਹੈ ਪੱਤਰੇ ਜ਼ਿਆਦਾ ਖਰਾਬ ਹੋਣ ਕਰਕੇ ਕੋਈ ਹੋਰ ਕਾਗਜ਼ ਲੈ ਕੇ ਉਸ ਤੇ ਚਿਪਕਾਏ ਹੋਏ ਹਨ।
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਵਾਰ ਹਕੀਕਤਿ ਰਾਇ ਧਰਮੀ ਕੀ ਲਿਖਯਤੇ॥ਦੋਹਰਾ॥ ਪ੍ਰਥਮੇ ਗਨਪਤਿ ਪ੍ਰਜੀਏ ਪਾਛੇ ਕਰੀਏ ਕਾਜ॥ ਸਭਾ ਦੇ ਅੰਦਰੁ ਬੈਠਿਆ ਰਾਖ ਲਾਜ ਮਹਾਰਾਜ॥...
ਅੰਤ : ...ਵਾਰ ਹਕੀਕਤਿ ਰਾਇ ਕੀ ਲਿਖੀ ਬਹੁਤ ਅਪਾਰੁ॥ ਰਾਮ ਚੰਦੁ ਜੀ ਬਖਸ ਲੈ ਹਮ ਪਾਪੀ ਵਡ ਗੁਨਗਾਰੁ॥ ਹਕੀਕਤ ਰਾਇ ਦੀ ਵਾਰ ਸੰਪੂਰਨੰ ਭੁਲ ਚੁਕ ਬਖਸਣੀ॥

ਹੱਥ ਲਿਖਤ ਨੰ : MS 119
ਸਿਰਲੇਖ : ਦਸਮ ਗ੍ਰੰਥ
ਲੇਖਕ : ਗੁਰੂ ਗੋਬਿੰਦ ਸਿੰਘ
ਪੱਤਰੇ : 1–8,1-604
ਆਕਾਰ : 34X37 ਸ.ਮ. ਲਿਖਤ: 28X25 ਸ.ਮ.
ਵੇਰਵਾ : ਸਤਰਾਂ ਪ੍ਰਤੀ ਪੰਨਾ–21, ਦੁਪਾਸੀਂ ਦੋ ਲਾਲ ਲਕੀਰਾਂ ਦਾ ਖੜ੍ਹੇ ਰੁਖ ਹਾਸ਼ੀਆ, ਵਖਰੇਵੇਂ ਲਈ ਕਾਲੀ ਲਕੀਰ। ਪੋਥੀ ਕਿਰਮ-ਖੁਰਦਾ ਹੈ। ਹੜਤਾਲ ਫੇਰ ਕੇ ਸੋਧ ਕੀਤੀ ਹੋਈ ਹੈ। ਵਿਚ ਵਿਚ ਕਾਨੀ ਬਦਲੀ ਹੋਈ ਹੈ ਜਿਲਦ ਚਮੜਾ ਉਪਰ ਕਪੜੇ ਦਾ ਕਵਰ ਚੜ੍ਹਿਆ ਹੋਇਆ ਹੈ।
ਆਮ ਵੇਰਵਾ : ਪਹਿਲੇ ਅੱਠ ਪੱਤਰਿਆਂ ਤੇ ਤਤਕਰਾ ਦਿਤਾ ਹੈ। ਇਨ੍ਹਾਂ ਪੱਤਰਿਆਂ ਦਾ ਰੰਗ ਬਾਕੀ ਗ੍ਰੰਥ ਨਾਲੋਂ ਵਖਰਾ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। 19 ਵੀਂ ਸਦੀ ਦੀ ਲਿਖਤ ਲਗਦੀ ਹੈ।
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਜਾਪੁ ਸ੍ਰੀ ਮੁਖ ਵਾਕ ਪਾਤਿਸ਼ਾਹੀ ॥ ੧● ॥ ਛਪੈ ਛੰਦ॥ ਤ੍ਵ ਪ੍ਰਸਾਦਿ॥ ਚੱਕ੍ਰਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਹਿ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹ ਸਾਹਾਣਿ ਗਣਿਜੈ। ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ॥...
ਅੰਤ : ...ਕਬਿਯੋ ਬਾਚ ਸਵੈਯਾ॥ ਕਾਗਤ ਦੀਪ ਸਭੈ ਕਰਹੋ ਅਰ ਸਾਤ ਮਹਾਰਣ ਵ ਕੀ ਮਸ ਕੈ ਹੋ॥ ਨਾਦ ਬਨਾਸਪਤੀ ਸਿਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੇ ਹੋ॥ ਸਾਰਸੁਤੀ ਬਕਤ ਕਰ ਕੈ ਜਗ ਚਾਰ ਗਨੇਸ ਕੇ ਹਾਥ ਲਿਖੈ ਹੋ॥ ਕੋਟਿ ਕਬਿਤਾਨ ਜੋ ਕਰ ਹੌ ਤੁਮ ਕੌ ਨ ਤਉ ਪ੍ਰਭੁ ਨੈਕ ਕਿਝੇ ਹੋ॥ ੪੯ ॥ ॥ ਸਮਾਪਤੰ ਸੁਭ ਮਸਤ॥ ਸਤ ਸ੍ਰੀ ਅਕਾਲ॥

ਹੱਥ ਲਿਖਤ ਨੰ : MS 120
ਸਿਰਲੇਖ : ਵਸ਼ਿਸ਼ਟ ਪੁਰਾਣ
ਲਿਪੀ ਕਾਲ : ਸੰਮਤ 1866
ਪੱਤਰੇ : 1–555
ਆਕਾਰ : 23X33 ਸ.ਮ. ਲਿਖਤ: 16X24 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਦੁਪਾਸੀਂ ਖੜ੍ਹੇ ਰੁਖ ਦੋ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ–16
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਸ਼ੁਰੂ ਵਿਚ ਤਿੰਨ ਅਤੇ ਅੰਤ ਤੇ ਛੇ ਬਿਨਾਂ ਹਾਸ਼ੀਏ ਦੇ ਖਾਲੀ ਪੱਤਰੇ ਹਨ। ਪੋਥੀ ਖਸਤਾ ਹੈ ਅਤੇ ਕਿਰਮ–ਖੁਰਦਾ ਹੈ।
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਸ੍ਰੀ ਪ੍ਰਮਾਤਮਾਏ ਨਮਹ॥ ਅਥ ਨਿਰਬਾਣ ਪ੍ਰਕਰਣ ਲਿਖਤੇ॥ ਓਅੰ ਬਾਲਮੀਕੋ ਵਾਚ॥ ਹੇ ਭਾਰਦੁਆਜ ਉਪਸਮ ਪ੍ਰਕਰਣ ਕੇ ਅਨੰਤਰ ਤੂੰ ਨਿਰਬਾਣ ਪ੍ਰਕਰਣ ਸੁਣ॥ ਜਿਸ ਕੇ ਜਾਣੇ ਤੇ ਨਿਰਬਾਣ ਪਦ ਕਉ ਪ੍ਰਾਪਤ ਹੋਵਹਿ॥ ਬਡੇ ਉਤਮ ਬਚਨ ਜੋ ਮੁਨ ਨਾਇਕ ਰਾਮ ਜੀ ਪ੍ਰਤਿ ਕਹੈ ਹੈ॥…
ਅੰਤ : …ਮਹਾ ਰਮਾਇਣ ਬ੍ਰਿਧ ਵਸਿਸ੍ਰ ਸੰਪੂਰਨ ਹੁਆ॥ ਮਿਤੀ ਪੋਹੁ ਦੀ ੨੨ ਸੰਮਤ ੧੮੬੬ ॥ ਥਿਤ ਇਕਾਦਸੀ ਸੁਰ ਗੁਰਵਾਰ॥ ਸ੍ਰੀ ਰਾਮ ਸ੍ਰੀ ਰਾਮ॥ ਪੋਥੀ ਸਪੂਰਨ ਹੋਈ॥ ਦੋਹਰਾ॥ ਸ੍ਰੀ ਸਤਿਗੁਰ ਗੋਬਿੰਦ ਸਿੰਘ ਜਗ ਭਾਖਤ ਤੁਮ ਦਾਸ॥ ਨਾਮ ਲਾਜ ਸਤਿਗੁਰ ਰਖੋ ਦੀਜੇ ਨਿਜ ਬਿਸ੍ਵਾਸ ॥ ੧ ॥ ਸੋਰਠਾ ॥ ਦੀਜੇ ਨਿਜ ਬਿਸ੍ਵ ਆਨ ਚੁਕਾਈਏ ਆਸ ਸਭ॥ ਪੁਰਵੋ ਮਨ ਕੀ ਆਸ ਇਨਦ੍ਰਿਗ ਦਰਸ ਦਿਖਾਈਏ॥2॥=॥=॥=॥=॥

ਹੱਥ ਲਿਖਤ ਨੰ : MS 121
ਸਿਰਲੇਖ : ਸੂਰ ਸਾਗਰ
ਲੇਖਕ : ਸੂਰਦਾਸ
ਲਿਖਾਰੀ : ਉਤਮ ਸਿੰਘ ਰਾਮਗੜ੍ਹੀਆ
ਲਿਪੀ ਕਾਲ : ਸੰਮਤ 1895
ਸਥਾਨ : ਅੰਮ੍ਰਿਤਸਰ
ਪੱਤਰੇ : 1–420
ਆਕਾਰ : 24.5X34 ਸ.ਮ. ਲਿਖਤ: 17X24 ਸ.ਮ.
ਵੇਰਵਾ : ਜਿਲਦ ਚਮੜਾ, ਉਖੜੀ ਹੋਈ। ਦੁਪਾਸੀਂ ਖੜ੍ਹੇ ਰੁਖ ਤਿੰਨ ਲਕੀਰਾਂ, ਦੋ ਲਾਲ ਅਤੇ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ 15, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ ।
ਆਮ ਵੇਰਵਾ : ਪੋਥੀ ਸਾਰੀ ਉਖੜੀ ਹੋਈ ਹੈ। ਕਿਤੇ ਕਿਤੇ ਕਿਰਮ ਖੁਰਦਾ ਹੈ। ਹਾਸ਼ੀਏ ਦੇ ਬਾਹਰ ਸੋਧ ਕੀਤੀ ਹੋਈ ਹੈ। ਪੱਤਰੇ ਉਖੜੇ ਹੋਏ ਅਤੇ ਫਟੇ ਹੋਏ ਹਨ ਅਤੇ ਖਾਧੇ ਹੋਏ ਹਨ। ਪੱਤਰਾ ਨੰ ਇਕ ਤੋਂ ਪਹਿਲਾਂ ਇਕ ਰੰਗੀਨ ਵਡੇ ਆਕਾਰ ਦੀ ਵਿਸ਼ਨੂੰ ਜੀ ਦੀ ਫੋਟੋ ਚਿਪਕਾਈ ਹੋਈ ਹੈ। ਸ਼ੁਰੂ ਵਿਚ ਅਤੇ ਅੰਤ ਤੇ 10-10 ਪਤੱਰੇ ਖਾਲੀ ਹਨ।
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮ:॥ ਅਥ ਸ੍ਰੀ ਭਾਗਵਤ ਦ੍ਵਾਸਇ ਸਕੰਧ ਸੂਰਦਾਸ ਕ੍ਰਿਤ ਸੂਰ ਸਾਗਰ ਲਿਖਯਤੇ॥ ਰਾਗ ਕਲਿਯਾਨ॥ ਬੰਦੋ ਚਰਨ ਕਵਲ ਚਿਤਲਾਇ॥ ਜਾਨੀ ਕ੍ਰਿਪਾ ਕਟਾਛ ਅਰਾਧੇ ਕੋ ਸਭ ਕਛੁ ਦਰਸਾਇ॥ ਬਹਿਰੈ ਸਬਦ ਮੂਨ ਪੁੰਨ ਬੋਲੇ ਰੰਕ ਚਲੇ ਸਿਰ ਛੱਤ੍ਰ ਢਰਾਇ॥ ਸੂਰ ਦਾਸ ਸ੍ਵਾਮੀ ਕਰੁਣਾ ਮੈ ਵਾਰ ਵਾਰ ਬੰਦੋ ਤਿਹਿ ਪਾਇ॥…

ਅੰਤ : ... ਸੋਰਠਾ ॥ ਸਾਤ ਤੀਨ ਪੁਨ ਬੇਂਦ ਛੰਦ ਯਾਹਿ ਮਧ ਬਰਨ ਕਰ ॥ ਅਧ ਕਊਨ ਜਨ ਹੋਇ ਛਮੀਯੇ ਸੁ ਕਬ ਪ੍ਰਾਧਮਮ ੨੩੪ ॥ ਇਤ ਸ੍ਰੀ ਗੁਨਸਾਗਰ ਗ੍ਰੰਥ ਸਮਾਪਤੰ ॥ ਸੁਭੰ ॥ ਭਵੇਤ ॥ ਹਰੇ ॥ ਪੋਥੀ ਨਰੈਣ ਸਿੰਘ ਘੁਮਿਆਰ ਦੀ ਕਾਲੇਟਾਂ ਸੰਮੁਦਰੀ ਚੰਡੀ ਗੋਗਾ ਮਡਲੀ ਸੰਮਤ ੧੯੧੮ ਮਤੀ ਮਾਗ ਦੀ ੧੭ ॥

ਹੱਥ ਲਿਖਤ ਨੰ : MS 224 ਘ

ਸਿਰਲੇਖ : ਚੰਡੀ ਚਰਿਤ੍ਰ ਉਕਤ ਬਿਲਾਸ

ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ

ਲਿਖਾਰੀ : ਨਰੈਣ ਸਿੰਘ

ਪੱਤਰੇ : 1 - 55

ਆਕਾਰ : 16X12.5 ਸ.ਮ. ਲਿਖਤ: 12.5X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, 55 ਅ ਤੇ ਲਿਖਾਰੀ ਅਤੇ ਸਮੇਂ ਬਾਰੇ ਹੋਰ ਕਾਨੀ ਨਾਲ ਲਿਖਿਆ ਹੈ । ਪੱਤਰਾ 1 ਅ ਤੇ ਸਿਰਫ ਇਕ ਲਾਈਨ ਲਿਖੀ ਹੈ ਬਾਕੀ ਪੱਤਰਾ ਖਾਲੀ ਹੈ । 1 ਅ ਦੀ ਲਾਈਨ ਹੀ 2 ਓ ਤੇ ਲਿਖੀ ਹੈ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਚੰਡੀ ਚਰਿਤ੍ਰ ਉਕਤ ਬਿਲਾਸ ॥ ਸ੍ਵੈਯਾ ॥ ਆਦਿ ਅਪਾਰ ਅਲੇਖ ਅਨੰਤੁ ॥ ਅਕਾਲ ਅਭੇਖ ਅਲਖ ਅਨਾਸਾ ॥ ਕੈ ਸਿਵ ਸਕਤਿ ਦਏ ਸੁਤਿ ਚਾਰ ਰਜੋ ਤਮਸ ਤਿਤਿ ਹੂੰ ਪੁਰਬਾਸਾ ॥...

ਅੰਤ : ... ਦੋਹਰਾ ॥ ਗ੍ਰੰਥ ਸਤਿ ਸੈਇਆ ਕੋ ਕਰਿਓ ਜਾਸਮ ਅਵਰ ਨ ਕੋਇ ॥ ਜਿਹ ਨਮਿਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਹੋਇ ॥ ੨੩੩ ॥ ਪੋਥੀ ਨਰੈਣ ਸਿੰਘ ਘੁਮਿਆਰ ਦੀ ਸੰਮਤ ੧੯੧੮ ਮਤੀ ਮਾਗ ਦੀ ੧੭ ॥

ਹੱਥ ਲਿਖਤ ਨੰ : MS 225

ਸਿਰਲੇਖ : ਬ੍ਰਹਮ ਖਾਨੀ ਤਰਕੀਬ [ਨੁਸਖੇ]

ਲੇਖਕ : ਮੰਨੀ ਰਾਮ

ਪੱਤਰੇ : 1 - 54

ਆਕਾਰ : 9.5X16 ਸ.ਮ. ਲਿਖਤ: 6.5X11.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 7

ਆਮ ਵੇਰਵਾ : ਪੋਥੀ ਉੱਖੜੀ ਹੋਈ, ਪੰਨਾ ਨੰ. ਸਾਫ ਨਹੀ ਪੜ੍ਹਿਆ ਜਾਂਦਾ ਪੰਨਿਆਂ ਦੀ ਗਿਣਤੀ ਤਰਤੀਬਵਾਰ ਨਹੀਂ । ਕਿਤੇ ਕਿਤੇ ਕਾਨੀ ਬਦਲੀ ਹੋਈ ਹੈ । ਅੰਤ ਵਿਚ ਉਰਦੂ ਦੇ ਸ਼ਬਦ ਲਿਖੇ ਹਨ ।

ਆਰੰਭ : ੧ਓ ਸਤਿਗੁਰ ਪ੍ਰਸਾਦਿ "ਅਥ ਬ੍ਰਹਮਖਾਨੀ ਤਰਕੀਬ" ਚਾਹੇ ਚ ਤਫਾਨਨ ਕੀ ਜਾਕੋ ਤਾਕੋ ਦਾਰੂ ਦੇਤਾ ਹੈ ॥ ਮੰਨੀ ਰਾਮ ਆਸਕ ਜਬ ਪਹਿਲੈ ਦਮੜੈ ਗਿਨ ਕੇ ਲੇਤਾ ਹੋ ॥ ਪੋਸਤੁ ਏਕ ਸੇਰ ਜਬ ਲਭੀ ਤਰਕੁਟੀ ਕਰ ਕੈ ਡਾਰਤ ਹੋ ॥...

ਅੰਤ : …ਆਗੇ ਤਿਲ ਕੀ ਬਿਧ “ ੨ ਮਾਸੇ ਮਿਠਾ ਤਿਲੀਆ, ੨ ਮਾਸੇ ਜਰਦ ਸੰਖੀਆ, ੨ ਮਾਸੇ ਸੁਪੇਦ ਸੰਖੀਆ, ੨ ਮਾਸੇ ਰਤਕਾ ਚਿਟੀਆ, ੨ ਮਾਸੇ ਹਫੀਮ, ੨ ਮਾਸੇ ਕੇਸਰ, ੨ ਮਾਸੇ ਹਰਤਾਲ, ੨ ਮਾਸੇ ਚੀਚ ਵਰਟੀਆ, ੨ ਮਾਸੇ ਮਨਛੜ, ੨ ਮਾਸੇ ਹਰਮਲ, ੨ ਮਾਸੇ ਮਾਲਕੰਕਣੀ ॥ ੪ ਮਾਸੇ ਸਿਮਰਖ ॥ ੨ ਮਾਸੇ ਜਾਫਲ, ੨ ਮਾਸੇ ਲੋਗ, ੨ ਪੈਸਾ ਭਰ ਚਰਬੀ ਸਾਨੇਆ ਦੀ ॥ ੬ ਟਕੇ ਤੇਲ, ੨ ਪੈਸਾ ਭਰ ਸਾਨੇ ਕੀ ਚਰਬੀ ॥

ਹੱਥ ਲਿਖਤ ਨੰ : MS 226 ਸੰਗ੍ਰਹਿ
ਸਿਰਲੇਖ : ਚਣਾਕੇ ਕੇ ਭਾਖਾ
ਲੇਖਕ : ਸੈਨਾਪਤਿ, ਕਵੀ
ਪੱਤਰੇ : 1 – 25 ੳ
ਆਕਾਰ : 10X17 ਸ.ਮ. ਲਿਖਤ: 7X11.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 8
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਲਿਖਤ ਬਦਲੀ ਹੋਈ, ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ ਹੈ । ਪੰਨਾ ਨੰ ਅੰਕਿਤ ਨਹੀਂ ਹੈ । ਪੋਥੀ ਦਾ ਪਹਿਲਾ ਅਧਿਆਇ ਪੂਰਾ ਨਹੀਂ ਹੈ ।
ਆਰੰਭ : ਤਲਹੀ ਬਾਧਵ: ਦੇਸ ਕੋ ਤਿਆਗੀਏ ਬ੍ਰਿਤ ਉਪਦ੍ਰਵੀ ਤਿਆਗ, ਕ੍ਰਿਪਨ ਕ੍ਰਿਤਘਨੀ ਤਿਆਗ ਪ੍ਰਭ ਰਹੇ ਨਤਿਨ ਸੋ ਲਾਗ ॥…
ਅੰਤ : …ਗੁਨ ਗੋਬਿੰਦ ਕੀ ਸਭਾ ਮੇ ਲੇਖਕ ਪ੍ਰਮ ਸੁਜਾਨ ॥ ਚਣਾਕੇ ਕੇ ਭਾਖਾ ਕਰੋ ਕਵਿਤ ਸੈਨਾਪਤਿ ਨਾਮ ॥ ਇਤ ਸ੍ਰੀ ਬਰਧ ਚਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ਸ੍ਰੀ ਗੰਗਾ ਰਾਮ ਜੀ ਤੁਹੀ ਹੈ ॥

ਹੱਥ ਲਿਖਤ ਨੰ : MS 226 ਅ
ਸਿਰਲੇਖ : ਕੋਕਸਾਰ
ਪੱਤਰੇ : 23
ਆਕਾਰ : 10X17 ਸ.ਮ. ਲਿਖਤ: 7X11.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : “ ੧ੳ ਸਤਗੁਰ ਪ੍ਰਸਾਦਿ ” ਅਥ ਕੋਕਸਾਰ ਲਿਖਯਤੇ “ ਦਹੋਰਾ ” ਕਾਮਦੇਵ ਕੀ ਕੈਸੀ ਜੁਗਤ ਹੈ ॥ ਕੈਸੇ ਕਾਮ ਦੇਵ ਜੀ ਹੈ ਰਤਕਾ ਸੁਗੰਧ ਤਿਸ ਕੇ ਸਮੁੰਦ੍ਰ ਹੈ ॥ ਬਹੁੜ ਕੈਸੇ ਹੈ ਕਾਮ ਦੇਵ ਜੀ ਇਸਤ੍ਰੀ ਕ੍ਰੀੜਾ ਕੇ ਬੰਧ ਹੈ ।…
ਅੰਤ : …੧ੳ ਆਗੇ ਮੰਤ੍ਰ ਹਥਆਰ ਬੰਦ ਕਰਨੇ ਕਾ ॥ ਓ ਨਮੋ ਹਨੂਮਾਨ “ ਚਲ ਅੰਜਨੀ ਕੇ ਪੂਤ ॥ ਧਾਰ ਬੰਧ ॥ ਤਰਵਾਰ ਬੰਧ ॥ ਤੀਰ ਬੰਧ ॥ ਨੇਜਾ ਬੰਦ ॥ ਬਦੂਕ ਬੰਦ ॥ ਕੁਹਕ ਬਾਣ ਬੰਦ ॥ ਦਲਬਾਦ ਫੌਜ ਬੰਦ ॥ ਸਗਲੇ ਹਥਆਰ ਬੰਦ ॥ ਹਾਕਨੀ ਡਾਕਟੀ ਬੰਦ ॥ ਖਵੀਸ ਬੰਦ ॥ ਸਿਹਰੀ ਖੁਹਾਰੀ ਬੰਦ ॥ ਪੀੜਾ ਬੰਦ ॥ ਸਰਵਾਹਿ ਬੰਦ ॥ ਸੂਲ ਅਰਬੀਲਾ ਬੰਦ ॥ ਮੇਰੀ ਭਗਤ ਗੁਰੂ ਕੀ ਸਕਤਾ ॥ ਫੁਰ ਹੋ ਮੰਤ੍ਰ ਈਸਰ ਮਹਾਦੇਵ ਤੇਰੀ ਵਾਚਾ ਫੁਰੇ ॥ ਵਾਰੀ ਸਤ ਪੜਨਾ ॥

ਹੱਥ ਲਿਖਤ ਨੰ : MS 227 ਸੰਗ੍ਰਹਿ
ਸਿਰਲੇਖ : ਵਵੇਕ ਬੋਧ
ਲੇਖਕ : ਦਿਆਲ ਦਾਸ, ਬਾਵਾ

ਲਿਪੀ ਕਾਲ : ਸੰਮਤ 1923

ਪੱਤਰੇ : 1-16 ੳ

ਆਕਾਰ : 11X14.5 ਸ.ਮ. ਲਿਖਤ: 9X11.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ 13

ਆਮ ਵੇਰਵਾ : ਪੋਥੀ ਦੀ ਜਿਲਦ ਪੱਕੀ, ਹਾਲਤ ਚੰਗੀ, ਲਿਖਤ ਸੁੰਦਰ, ਪੋਥੀ ਦਾ ਆਰੰਭ ਅਤੇ ਅੰਤ ਲਾਲ ਸਿਆਹੀ ਨਾਲ ਦਿਤਾ ਹੋਇਆ ਹੈ । ਕਿਤੇ-ਕਿਤੇ ਪੰਨਾ ਨੰ: ਵੀ ਲਾਲ ਸਿਆਹੀ ਨਾਲ ਦਿਤੇ ਹੋਏ ਹਨ । ਵਵੇਕ ਬੋਧ ਤੋਂ ਬਾਅਦ 'ਦੋਹਰੇ' ਸੋਰਠੇ ਅਤੇ ਸਵੈਯਾ ਦਿਤੇ ਹੋਏ ਹਨ ।

ਆਰੰਭ : ੧ੳ ਸ੍ਰੀ ਗਣੇਸ਼ਾਯ ਨਮ: ੧ੳ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਵਵੇਕ ਬੋਧ ਗ੍ਰੰਥ ਕਵਿ ਕ੍ਰਿਤ ਬਾਵਾ ਦਿਆਲ ਦਾਸ ਨਾਰਾਇਣ ਪ੍ਰਮਹੰਸ ਸਾਧ ਲਿਖਯਤੇ ॥ ਆਦਿ ਮੰਗਲਾ ਚਰਨ ॥...

ਅੰਤ : ...ਯਾਹਿ ਗ੍ਰੰਥ ਕੋ ਜੋ ਪਰੇ ਪਾਵੈ ਬੋਧ ਸਰੂਪ ॥ ਹੋਵਤ ਤਾਕੋ ਸਾਂਤਿ ਸੁਖ ਨਿਸਚਲ ਗਿਆਨ ਅਨੂਪ ॥ ੮੫ ॥ ਓਸਾਰ ਪੁਰਾ ਪੁਰ ਸੁੰਦਰ ਅਤਿਰ ਹੱਤ ਸੰਤ ਤਹਿਆਨ ॥ ਤਾਸ ਨਗਰ ਮੈ ਦਿਆਲ ਕਵਿ ਰਹਿਓ ਸਾਦ ਸੁਖਮਾਨ ॥ ੮੬ ॥ ਦੋਹਰਾ ॥ ਸਤ ਸੰਮਤਿ ਨਉ ਦਸ ਪ੍ਰਗਟਤਾ ਊਪਰ ਤ੍ਰੁਈ ਦੇਵ ॥ ਮਾਰਾ ਮਾਸ ਸਸ ਵਾਰ ਹੈ ਨਿਸਚੈ ਸਮਝੋ ਭੇਵ ॥ ਇਤਿ ਸ੍ਰੀ ਕਵਿ ਕ੍ਰਿਤ ਬਾਵਾ ਦਿਆਲ ਦਾਸ ਨਾਰਾਇਣ ਭਗਤ ਪ੍ਰਮਹੰਸ ਵਿਰਚਿਤੰ ਸਿਖ ਪ੍ਰਿਤ ਭਗਤ ਪ੍ਰੇਮ ਵਈਰਾਗ ਗਿਆਨ ਵਰਨਨੰ ਸ੍ਰੀ ਵਵੇਕ ਬੋਧ ਗ੍ਰੰਥ ਅਨੁਭੈ ਸਾਰ ਮਤਿ ਸਿਧਾਂਤਿ ਨ ਰੂਪਨੰ ਸਮਾਪਤੰ ਸੁਭ ਮਸਤ ॥

ਹੱਥ ਲਿਖਤ ਨੰ : MS 227 ਅ

ਸਿਰਲੇਖ : ਵਿਸਨਪ

ਲੇਖਕ : ਦਿਆਲ ਦਾਸ, ਬਾਵਾ

ਪੱਤਰੇ : 17 ਅ -18 ਅ

ਆਕਾਰ : 11X14.5 ਸ.ਮ. ਲਿਖਤ: 9X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਸ੍ਰੀ ਲਖਮੀ ਨਾਰਾਇਣ ਵਿਸਨਵਿਸ੍ਵੇਸੁਰ ਪ੍ਰਮੇਸਰ ਜੀ ਸ੍ਰੀ ਗੁਰ ਨਮੋ ਨਮਾ: ੧ੳ ਸਤਿਗੁਰ ਪ੍ਰਸਾਦਿ ॥ ਅਥ ਸਬਦ ਵਿਸਨ ਪਦ ਕ੍ਰਿਤ ਕਵਿ ਬਾਵਾ ਦਿਆਲ ਦਾਸ ਨਾਰਾਇਣ ਭਗਤ ਲਿਖਯਤੇ ਰਾਗ ਮਲਾਰ ॥...

ਅੰਤ : ...ਰਾਗ ਬਿਲਾਵਲ ॥ ਅਵਗਤ ਗਤ ਨਹੀ ਜਾਨ ਪਰੇ ॥ ਊਚ ਨੀਚ ਨੀਚ ਕੋ ਊਚਾ ਕਹਿਤੇ ਨਾ ਡਰੇ ॥ ਗਿਆਨੀ ਤੇ ਆਗੇ ਗਿਆਨੀ ਕਰਹ ਅਗਿਆਨੀ ਗਿਆਨ ਧਰੈ ॥ ਮੀਤ ਨ ਕੋ ਵੈਰੀ ਕਰ ਡਾਰੇ ਵੈਰੀ ਮੀਤ ਸਰੈ ॥ ਬੇਮੁਖ ਤੇ ਸਨਮੁਖ ਹੀ ਕਰ ਹੀ ਨਿਸਚੈਵਾਨ ਟਰੈ ॥

ਹੱਥ ਲਿਖਤ ਨੰ : MS 228

ਸਿਰਲੇਖ : ਗੋਸਟ ਕਬੀਰ ਕੀ ਤੇ ਰਵਿਦਾਸ ਕੀ

ਪੱਤਰੇ : 1 -24 ਅ

ਆਕਾਰ : 8.5X14 ਸ.ਮ. ਲਿਖਤ: 5X10 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਹਾਸ਼ੀਏ ਤੋਂ ਬਿਨ੍ਹਾਂ, ਸਤਰਾਂ ਪ੍ਰਤੀ ਪੰਨਾ - 6

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, 25 ਪੱਤਰਾ ਖਾਲੀ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਗੋਸਟਿ ਕਬੀਰ ਕੀ ਨਾਲੇ ਰਵਿਦਾਸ ਕੀ ॥ ਤਥਾ ਭਵਾਨੀ ਤਥਾ ਮਹਾਦੇਵ ਨਾਲਿ ਹੋਈ ॥ ਨਿਰਗੁਣ ਸਰਗੁਣ ॥ ਆਪੋ ਜੀ ਨਾਹਿ ਨਾਹਿ ਕੋ ਹਿਤ ਮੇਰੋ॥ ਕੈਸੇ ਕੈ ਦਰਸਨ ਪਾਵਉ ਤੇਰੋ ॥ ਰਵਿਦਾਸ ਵਾਚ ॥ ਸੁਨਿ ਕਬੀਰ ਜੀ ਰਵਿਦਾਸੁ ਕਹਤੁ ਹੌ ਤੁਮ ਕਹੀਅਤ ਬ੍ਰਹਮ ਗਿਆਨੀ ॥ ਬ੍ਰਹਮ ਬ੍ਰਹਮ ਕਰਿ ਭਰਮਿ ਭੁਲਾਨੇ ਤਤ ਬਸਤੁ ਨਹੀ ਜਾਨੀ ਤਤ ਹਮਾਰੋ ਨੰਦ ਕੋ ਨੰਦਨੁ ਪ੍ਰਗਟ ਭਇਆ ਜਗ ਮਾਹੀ ॥ ਤੁਮਰਾ ਬ੍ਰਹਮ ਕਿਨਹੂ ਹੈ ਦੇਖਿਆ ਲਾਜ ਮਰਤ ਕਿਉ ਨਾਹੀ ॥ ੧ ॥...

ਅੰਤ : ...ਕਬੀਰ ਬਾਚ ॥ ਪੂਰਬ ਤੇ ਜੋ ਪਛਮ ਆਵੈ ਚੰਚਲ ਮਤਿ ਗਹਿ ਰਾਖੈ ॥ ਉਪਜਤ ਵੇਖੈ ਗਗਨ ਸਮਾਵੈ ਜਾ ਕਉ ਪੇਡ ਨ ਸਾਖਾ ॥ ਕਾਲ ਗਹੈ ਕਲਪਤ ਬਿਨ ਹੋਵੈ ਤਾ ਤੂ ਦੇਹਿ ਸਗਲ ਕਲੇਸਾ ॥ ਕਹਤ ਕਬੀਰ ਸੁਨਹੁ ਰਵਿਦਾਸਾ ਏਹੀ ਭਗਤਿ ਉਪਦੇਸਾ ॥ ੬੨ ॥

ਹੱਥ ਲਿਖਤ ਨੰ : MS 229 ਸੰਗ੍ਰਹਿ

ਸਿਰਲੇਖ : ਚਾਣਾਕੇ ਭਾਖਾ (ਅਧੂਰੀ)

ਲੇਖਕ : ਸੈਨਾਪਤਿ, ਕਵੀ

ਪੱਤਰੇ : 5 ੳ - 27 ਅ

ਆਕਾਰ : 10X17 ਸ.ਮ. ਲਿਖਤ: 7X11 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 8

ਆਮ ਵੇਰਵਾ : ਪੋਥੀ ਦਾ ਆਰੰਭ ਪੰਜਵੇਂ ਪੱਤਰੇ ਤੋਂ ਹੁੰਦਾ ਹੈ, ਨੌਂ ਨੰਬਰ ਪੱਤਰਾ ਅੱਧਾ ਫਟਿਆ ਹੋਇਆ ਹੈ, ਦੱਸ ਨੰਬਰ ਪੱਤਰਾ ਨਹੀਂ ਹੈ, ਪੋਥੀ ਕਿਤੇ ਕਿਤੇ ਕਿਰਮ-ਖੁਰਦਾ

ਆਰੰਭ : ..... ਤਹਿ ਜਾਨੁ ਚਰਿਤ੍ਰ ॥ ੧੧ ॥ ਸਤ੍ਰ ਹੋਇ ਕੈ ਜੁ ਕਰੈ ਮਿਤ੍ਰਾਈ ਕੀ ਬਾਤ ॥ ਤਿਹ ਬਿਸ੍ਵਾਸ ਨ ਕੀਜੀਐ ਅੰਤ ਕਰੈ ਵਹ ਘਾਤ ॥ ੧੨ ॥ ਸਾਸਤ੍ਰ ਪਾਨ ਸ੍ਰਿੰਗੀ ਨਖੀ ਨਦੀ ਨ੍ਰਿਪਤਿ ਅਰੁ ਨਾਰ ॥ ਇਨ ਕਾ ਕਿਆ ਇਤਬਾਰੁ ਹੈ ਰਹੀਐ ਆਪੁ ਸੰਭਾਰ ॥ ੧੩ ॥...

ਅੰਤ : ... ਛੰਦ ॥ ਬੀਣਾ ਬਣੀ ਮਨ ਮਥ ਏਕ ॥ ਚੰਦਨ ਬ੍ਰਹਮਣ ਚੰਦ ਬਿਬੇਕ ॥ ਅਸੁ ਖੜਗੁ ਛਤ੍ਰੀ ਇਕ ਜਾਤ ॥ ਗਿਆਨੀ ਗਿਆਨ ਹਰਿ ਜਨ ਹਰਿ ਬਾਤ ॥ ੯ ॥ ਸਾਸਤ੍ਰ ਸਕਲ ਬਿਚਾਰ ਕੈ ਮਥ ਕਾਢਿ ਯਹ ਸਾਰ ॥ ਨਾਰਾਇਣ ਭਜੀਐ ਸਦਾ ਕਰੀਐ ਪਰਉਪਕਾਰ ॥ ੧● ॥ ਗੁਰ ਗੁਬਿੰਦ ਕੀ ਸਭਾ ਮੈ ਲੇਖਕ ਪਰਮ ਸੁਜਾਨ ॥ ਚਣਾਕਾ ਭਾਖਾ ਕੀਏ ਕਵ ਸੈਨਾਪਤਿ ਨਾਮ ॥ ੧੧ ॥ ਇਤਿ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ੧੬ ॥ ਸੁਭੰ ਮਸਤੁ ॥

ਹੱਥ ਲਿਖਤ ਨੰ : MS 229 ਅ

ਸਿਰਲੇਖ : ਕੋਕ ਮੰਜਰੀ ਭਾਖਾ

ਪੱਤਰੇ : 27 ਅ - 63 ੳ

ਆਕਾਰ : 10X17 ਸ.ਮ. ਲਿਖਤ: 7X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, 63 ਅ ਖਾਲੀ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਕੋਕ ਮੰਜਰੀ ਭਾਖਾ ਲਿਖਤੇ ॥ ਦੋਹਰਾ ॥ ਲਲਤ ਸੁਪਨ ਧਨ ਅਲਪ ਨੀਚ ਤਨ ਛਬ ਅਭਨਵ ਕੰਤ ॥ ਮਧ ਰਿਤ ਹਿਤ ਅਤਿ ਰਤਿ ਰਵਨਿ ਜੈਯ ਜੈਯ ਮਦਨ ਅਨੰਦ ॥ ੧ ॥ ਬਰਨ ਕਾਮ ਅਭਿਰਾਮ ਛਬਿ ਬਰਨੋ ਭਾਮਨ ਭੋਗ ॥ ਸਕਲ ਕੋਕ ਦਧਿ ਮਥਨ ਕਰਿ ਗੰਚਓ ਸਾਰ ਸੁਖ ਜੋਗ ॥ ੨ ॥...

ਅੰਤ : … ਚਤਰ ਦਸ ਖੰਡ ਜੁ ਅਤਿ ਸਰਸ ਰਚੇ ਜੁ ਬਹੁ ਬਿਧਿ ਛੰਦ ॥ ਪੜਤ ਬਢੇ ਰਤਿ ਰੰਗ ਅਤਿ ਬਿਬਿ ਚਿਤ ਹਿਤ ਅਨੰਦ ॥ ੧੭੬ ॥ ਇਤਿ ਕੋਕ ਸਾਰੇ ਅਨੰਦ ਕ੍ਰਿਤੇ ਆਸਨ ਬਰਨਨੰ ਨਾਮ ਚਤਰ ਦਸ ਖੰਡ : ॥ ੧੪ ॥ ਕੋਕ ਸਾਰ ਸਮਾਪਤੰ ॥

ਹੱਥ ਲਿਖਤ ਨੰ : MS 229 ਏ
ਸਿਰਲੇਖ : ਕੋਕ ਪੰਚਸਾਇਕਾ (ਅਧੂਰਾ)
ਪੱਤਰੇ : 1 - 81 ਅ
ਆਕਾਰ : 10X17 ਸ.ਮ. ਲਿਖਤ: 7X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਅੰਤ ਨਹੀ ਹੈ, ਅੰਤ ਤੇ 4 ਪੱਤਰੇ (78-81) ਬਹੁਤ ਖਸਤਾ ਹਾਲਤ ਵਿਚ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਪੋਥੀ ਕੋਕ ਪੰਚਸਾਇਕਾ ਕੀ ਲਿਖਯਤੇ ॥ ਕਾਂਮ ਦੇਵ ਜੀ ਕੀ ਜੈਸੀ ਜੁਗਤਿ ਹੈ ॥ ਕੈਸੇ ਹੈ ਕਾਂਮ ਦੇਵ ਜੀ ਰਤ ਕਾ ਸੁਗੰਧ ਤਿਸ ਕੇ ਸਮੁੰਦ੍ਰ ਹੈ ॥ ਬਹੁੜ ਕੈਸੇ ਹੈ ਕਾਂਮ ਦੇਵ ਜੀ ਇਸਤ੍ਰੀ ਕ੍ਰੀੜਾ ਕੇ ਬੰਧ ਹੈ ॥ ਬਹੁੜ ਕੈਸੇ ਹੈ ਕਾਂਮਦੇਵ ਜੀ ਕੀਆ ਹੈ ਸੰਸਾਰ ਕਾ ਅਨੰਦ ਜਿਸਨੇ ॥ ਬਹੁੜ ਕੈਸੇ ਹੈ ਕਾਂਮਦੇਵ ਜੀ ਰਸੀਏ ਜੋ ਮਨੁਖ ਹੈ ਤਿਨ ਕੌ ਸੁਖ ਦੇਣੇ ਹਾਰੇ ਹੈ ॥…
ਅੰਤ : … ਮੰਤ੍ਰ ਨਜਰ ਕਾ ॥ ਬਜਲੀ ਬਜਲੀ ਬਰਜਕੁ ਆਰ ॥ ਬਜਲੀ ਬੱਾਧਉ ਦਸੇ ਦੁਆਰੁ ॥ ਦੇਉ ਪਿੰਡ ਕਉ ਸਾਧੈ ॥ ਉਲਟ ਬਾਣ ਤਾਹੂ ਕੌ ਲਾਗੈ ॥ ਘੋਲ ਪੀ ਲਵਹੁ ਸਰਬ ਰਸ ਬਾਂਣ ਨ ਲਾਗੈ ॥ ਏਕੁ ਹੂ ਅਣ ਜੋਊ ਸਾਧੈ ਸੋਈ ਮਰੈ ॥ ਇਸ ਦੇਹ ਪਿੰਡ ਕੀ ਰਖਿਆ ਸ੍ਰੀ ਬਜ੍ਰ ਜੋਗਨੀ …..

ਹੱਥ ਲਿਖਤ ਨੰ : MS 230 ਸੰਗ੍ਰਹਿ
ਸਿਰਲੇਖ : ਜ਼ਿੰਦਗੀ ਨਾਮਾ
ਲੇਖਕ : ਨੰਦ ਲਾਲ, ਭਾਈ
ਪੱਤਰੇ : 1 ਅ - 65 ਅ
ਆਕਾਰ : 14X9.5 ਸ.ਮ. ਲਿਖਤ: 11.5X6 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉੱਖੜੀ ਹੋਈ, ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 12
ਆਮ ਵੇਰਵਾ : ਕਿਤੇ ਕਿਤੇ ਸ਼ਬਦਾਂ ਦੇ ਅਰਥ ਲਾਲ ਸਿਆਹੀ ਅਤੇ ਪੈਨਸਿਲ ਨਾਲ ਦਿੱਤੇ ਹੋਏ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਜਿੰਦਗੀ ਨਾਮਹ ॥ ਭਾਈ ਨੰਦ ਲਾਲ ਜੀ ॥ ਆਂ ਖੁਦਾਵੰਦੇ ਜਿਮੀਨੋ ਆਸਮਾਂ ॥ ਜਿੰਦਗੀ ਬਖਸੇ ਵਜੂਦੇ ਇਨਸੁ ਜਾਂ ॥ ੧ ॥…
ਅੰਤ : … ਤਾ ਨਗੀਰਦ ਗੈਰ ਨਾਮੇ ਜਿਕਰ ਹਕ ॥ ਤਾ ਨਗੋਇਦ ਗੈਰ ਹਰਫ ਅਜ ਫਿਕਰ ਹਕ ॥ ੪੯੮ ॥ ਦੀਦਹ ਅਜ ਦੀਦਾਰਿ ਹਕ ਪੁਰ ਨੂਰ ਕੁਨ ॥ ਗੈਰ ਹਕ ਅਜ ਖਾਤਰੇ ਦਿਲ ਦੂਰ ਕੁਨ ॥ ੪੯੯ ॥ ਬੈਤ ਭਾਈ ਨੰਦ ਲਾਲ ਜੀ ਕੇ ਸੰਪੂਰਨ ਹੋਏ ॥

ਹੱਥ ਲਿਖਤ ਨੰ : MS 230 ਅ
ਸਿਰਲੇਖ : ਦੀਵਾਨ ਗੋਯਾ
ਲੇਖਕ : ਨੰਦ ਲਾਲ, ਭਾਈ
ਪੱਤਰੇ : 66 ਓ - 129 ਅ
ਆਕਾਰ : 14X9.5 ਸ.ਮ. ਲਿਖਤ: 11.5X6 ਸ.ਮ.
ਵੇਰਵਾ : ਓਹੀ

ਆਮ ਵੇਰਵਾ : ਓਹੀ, 66 ਪੱਤਰੇ ਤੇ ਸ਼ਬਦਾਂ ਦੇ ਅਰਥ ਦੇ ਕੇ ਉਤੇ ਹੜਤਾਲ ਫੇਰੀ ਹੋਈ ਹੈ । 119 ਪੱਤਰਾ ਖਾਲੀ ਹੈ, 123 ਪੱਤਰੇ ਤੋਂ 129 ਤੱਕ ਭਾਈ ਨੰਦ ਲਾਲ ਜੀ ਦੀਆਂ ਰੁਬਾਈਆਂ ਹਨ । 130 ਪੱਤਰਾ ਖਾਲੀ ਹੈ । ਅੰਤ ਤੇ 7 ਪੱਤਰੇ ਬਿਨ੍ਹਾਂ ਨੰਬਰ ਹਨ ਜਿਨਾਂ ਤੇ ਸਵੈਯੇ ਦਿਤੇ ਹਨ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਤਸਨੀਫ ਭਾਈ ਨੰਦ ਲਾਲ ਜੀ ॥ ਦੀਵਾਨ ਗੋਯਾ ॥ ਹਵਾਇ ਬੰਦਗੀ ਆਵਰਦ ਦਰ ਵਜੂਦ ਕੇ ਮਰਾ ॥ ਵਗਰਨਹ ਜੋਂਕਿ ਚੁਨੀ ਆਮਦਨ ਨਬੁਦ ਮਰਾ ॥ ੧ ॥...

ਅੰਤ : ... ਬਜੇਰਿ ਸਾਯਹ ਭੂ ਮੁਰਾਦਹਾ ਯਾਬੀ ॥ ਬਜੇਰਿ ਸਾਯਰੇ ਮਰਦਾਨਿ ਗੋਯਾ ਖੁਦਾ ਯਾਬੀ ॥ ੪●੪ ॥ ਪ ॥ ਤਮਾਮ ਸੁਦ ਦੀਵਾਨ ਗੋਯਾ

ਹੱਥ ਲਿਖਤ ਨੰ : MS 231

ਸਿਰਲੇਖ : ਬਿਸਨ ਪੁਰਾਣ

ਲੇਖਕ : ਬਿਆਸ, (ਰਿਖੀ)

ਲਿਪੀ ਕਾਲ : ਸੰਮਤ 1877

ਪੱਤਰੇ : 1 - 346 ਅ

ਆਕਾਰ : 13X15 ਸ.ਮ. ਲਿਖਤ: 10X11.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 12

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸਤਿ ਚਿਤ ਅਨੰਦਿ ਪਰਮਾਤਮਾਇ ਮਹਿ [ਨਮਹਿ] ॥ ਅਥਿ ਬਿਸਨ ਪੁਰਾਣ ਭਾਖਾ ਲਿਖਿਤੇ ॥ ਪਰਾਸਰੋ ਵਾਚ ॥ ਪਰਾਸਰ ਮੈਤ੍ਰੋ ਕਉ ਕਹੇ ਹੈ ॥ ਕਿ ਹੇ ਮੈਤ੍ਰੋ ਯਹਿ ਜੋ ਤੁਝੈ ਉਪਦੇਸ ਕਰੋ ਹੋ ॥ ਸੋ ਅੰਮ੍ਰਿਤ ਸਮਾਨ ਹੈ ॥ ਸੋ ਮਨ ਕੇ ਪਾਤ੍ਰ ਸੋ ਪੀਉ ॥...

ਅੰਤ : ... ਇਤਿ ਸ੍ਰੀ ਬਿਸਨ ਪੁਰਾਣੇ ਸਮਾਪਤੰ ਪੋਥੀ ਸਪੂਰਨ ਹੋਈ ॥ ਸਮਤ ਅਠਾਰਾ ਸੈ ਸਤਤ੍ਰੈ ॥ ਭੂਲ ਚੂਕ ਬਖਸ ਲੈਣੀ ॥ ਲਗ ਕਨਾ ਸੋਧਿ ਪੜਨਾ ॥ ਸਾਧ ਸੰਤ ਦਾਸ ਸਾਧਾਂ ਸੰਤਾਂ ਕੇ ਟਹਲੀਏ ਨਫਰ ਹੈ ਦਇਆ ਰਖਣੀ ॥ ਬਾਧਾ ਘਾਟਾ ਵਗਸ ਲੈਣੈ ॥ ਵਾਹਿਗੁਰੂ ਜੀ ਕਾ ਭਜਨ ਕਰਨਾ ਸਾਧ ਸੰਤਾਂ ਕੀ ਟਹਲ ਕਰਨੀ ॥ ਬਾਰ ਬੁਧਵਾਰ ਦਿਨ ਪੂੰਨਮ ਚੇਤ੍ਰ ਪ੍ਰਵਿਸਟੇ ॥ ੧੯ ॥ ਪੋਥੀ ਸੰਪੂਰਨ ਸਤਿਗੁਰੂ ਕਰੀ ਵਾਹਗੁਰੂ ਕਾ ਭਜਨ ਕਰਨਾ ॥

ਹੱਥ ਲਿਖਤ ਨੰ : MS 232 ਸੰਗ੍ਰਹਿ

ਸਿਰਲੇਖ : ਕ੍ਰਿਸਨ ਅਵਤਾਰ

ਪੱਤਰੇ : 1 – 128

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ, ਹਾਸ਼ੀਆਂ ਦੋਵੇਂ ਪਾਸੇ ਖੜੇ ਰੁਖ, ਦੋ-ਦੋ ਕਾਲੀਆਂ ਲਕੀਰਾਂ, ਵਖਰੇਵੇਂ ਲਈ ਲਾਲ ਸਿਆਹੀ, ਸਤਰਾਂ ਪ੍ਰਤੀ ਪੰਨਾ 8

ਆਮ ਵੇਰਵਾ : ਲਿਖਤ ਸੁੰਦਰ, ਪਹਿਲੇ ਪੱਤਰੇ ਤੇ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹੀ ਦਸਮੀ ਦੀ ਮਹਿਮਾ ਬਾਰੇ ਦਸਿਆ ਗਿਆ ਹੈ । ਪੋਥੀ ਦਾ ਇਹ ਹਿੱਸਾ ਅਧੂਰਾ ਹੈ ।

ਆਰੰਭ : ੧ ॥ ੴ ॥ ਸਤਿਨਾਮ ਕਰਤਾ ਪੁਰਖ ਸ੍ਰੀ ਕ੍ਰਿਸ੍ਨਾਇ ਨਮਹਿ ॥ ਸ੍ਰੀ ਵਾਸੁਦੇਵਇ ਨਾਮਹਿ ॥ ਸ੍ਰੀ ਪ੍ਰਮਾਤਮਾਇ ਨਮਹਿ ॥ ਸ੍ਰੀ ਭਗਵਾਨਇ ਨਰ ਨਿਧਿ ਜਹਾ ॥ ਕਾਲ ਪੁਰਖ ਇਸਥਿਤਬੇ ਤਹਾਂ ॥ ਕਹਿਯੋ ਬਿਸਨ ਕਹੁ ਨਿਕਟਿ ਬਲਾਈ ॥ ਕ੍ਰਿਸਨ ਅਵਤਾਰ ਧਰੋ ਤੁਮ ਜਾਈ ॥ ੨ ॥...

ਅੰਤ : …ਹੈ ਸਭ ਲੋਗਨ ਕੋ ਕਰਤਾ ਬ੍ਰਿਜ ਭੀ ਹੈ ਕਰਤਾ ਇਹ ਲੀਲਾ ॥ ਸੰਧਿਯਾਨ ਕੋ ਬਰਤਾਹ ਰਹੈ ਇਹ ਸਾਧਨ ਕੋ ਕਰਤਾ ਨ ਹੀਂਲਾ ॥ ਰਖ ਲਈ ਇਨ ਹੀ ਸੀਅ ਕੀ ਪਤਿ ਰਾਖਿ ਲਯੋ ਤ੍ਰੀ ਪਾਰਬ ਸੀਲਾ ॥ ਗੋਪਕ ਹੈ ਪਤ ਸੋ ਸੁਨੀਐ ਇਹ ਹੈ ਕ੍ਰਿਸਨੰ ਬਰ ਬੀਰੁ ਹਠੀਲਾ ॥ ੩੯੬ ॥ ਦਿਨ ਬੀਤ ਗਏ ਚਕ…..

ਹੱਥ ਲਿਖਤ ਨੰ : MS 232 ਅ
ਸਿਰਲੇਖ : ਰਾਮ ਜੀ ਕਾ ਮੰਤ੍ਰ
ਪੱਤਰੇ : 3
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰਿਆਂ ਤੇ ਪੱਤਰਾ ਨੰ. ਅੰਕਿਤ ਨਹੀਂ
ਆਰੰਭ : ੧ਓ ਅੰ ਰਾਮ ਜੀ ਕਾ ਮੰਤ੍ਰ ॥ ਰਾਮ ਰਛਿਆ ਲਿਖਤੇ ਆਦਿ ਸੁਖੁ ਅੰਤ ਸੁਖ ॥ ਹੋ ਸੀ ਸਭ ਸੁਖ ॥ ਧੰਨਿ ਧੋਰੀ ਗ੍ਰਿਹਮੰਡਲਿ ਸੁਖੁ ॥ ਜਿਸ ਬਾਸਰਹੁ ਹਰਿ ਸਤਿ ਸੁਖ ॥ ਜਾਗਤੇ ਸੁਵਤੇ ਪੋਹੈ ਨਾਹੀ ਕਾਲ ਬਾਟ ਘਾਟੇ ਰਾਖੇ ਹਰਿ ਦਇਆਲ ॥…
ਅੰਤ : ਨਉ ਨਾਥ ਚਉਸੀ ਸਿਧਿ ਚਓਸਠਿ ਜੋਗਣੀ ਵਵੰਜਾ ਬੀਰ ॥ ਇਸ ਮੰਤ੍ਰ ਕੀ ਆਗਿਆ ਚਲਦੇ ਹੈਨਿ ॥ ਜਿਸ ਗੁਣਹ ਚਲਾਏ ਤਿਸੈ ਗੁਣ ਚਲੇ ਰਾਮ ਜੀ ਤੇਰੀ ਸ੍ਰੂਨਿ ਰਾਖਿਆ ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ = ॥ =

ਹੱਥ ਲਿਖਤ ਨੰ : MS 232 ਏ
ਸਿਰਲੇਖ : ਚੰਡੀ ਜੀ ਸਹਾਇ
ਪੱਤਰੇ : 3
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕੁਲ 13 ਦੋਹਰੇ ਹਨ । ਪੰਨਾ ਨੰ ਅੰਕਿਤ ਨਹੀਂ ਕਾਨੀ ਬਦਲੀ ਹੋਈ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ । ਸ੍ਰੀ ਦੇਵੀ ਜੀ ਸਹਾਇ । ਚੰਡੀ ਜੀ ਸਹਾਇ । ਪ੍ਰਿਥਮੇ ਚੰਡੀ ਅਕਲ ਕੁਆਰੀ ।…
ਅੰਤ : …ਲੰਕੜਬੀਰ ਤੇਰੀ ਦੁਹਾਈ । ਸਭਿ ਬੀਰ ਚੰਡੀ ਮਾਤਾ ਤੈ ਨਉ ਲੋਹਾ ਬਰਨਾ ॥ ਚੰਡੀ ਸ੍ਰੀ ਭਗਉਤੀ ਜੀ ਸਹਾਇ ।

ਹੱਥ ਲਿਖਤ ਨੰ : MS 232 ਸ
ਸਿਰਲੇਖ : ਜਾਪ ਸਾਹਿਬ
ਪੱਤਰੇ : 1 – 21 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਸਿਆਹੀ ਕਾਲੀ ਵਖਰੇਵੇਂ ਲਈ ਲਾਲ, 21 ਓ ਨੰ ਪਤਰੇ ਤੇ ਇਕ ਵਾਰ ਅੰਤ ਕਰਕੇ ਦੋਹਰਾ ਨੰ 198 ਤੇ ਨਮੂਨੇ ਨਾਲ ਅੰਤ ਕੀਤਾ ਹੋਇਆ ਹੈ ।

ਆਰੰਭ : ੧ੴ ਸਤਿਗੁਰੂ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸਾਹੀ ॥ ੧● ॥ ਛਪੈ ਛੰਦ ॥ ਤ੍ਵ ਪ੍ਰਸਾਦਿ ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਤਹ ॥...

ਅੰਤ : ...ਚਤ੍ਰ ਚਕ੍ਰਵਰਤੀ ਚਤ੍ਰ ਚਕ੍ਰ ਭੁਗਤੇ ॥ ਸੁਯੰਵ ਸੁਭੰ ਸਰਬਦਾ ਸਰਬ ਜੁਗਤੇ ॥ ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥ ਸਦਾ ਅੰਗ ਸੰਗੇ ਅਭੰਗ ਬਿਭੂਤੇ ॥

ਹੱਥ ਲਿਖਤ ਨੰ : MS 232 ਹ

ਸਿਰਲੇਖ : ਬਿਹੰਗਮ ਨਿਰੰਕਾਰ ਕੀ ਕਥਾ

ਪੱਤਰੇ : 23 ਅ – 126 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੰਨਾ ਨੰ 126 ਤੇ ਇਕ ਲਾਈਨ ਵਿਚ ਵੀ ਨਮੂਨੇ ਨਾਲ ਕਥਾ ਖਤਮ ਕੀਤੀ ਹੈ । ਕਿਧਰੇ-2 ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਸ਼ੁਰੂ ਕਰਨ ਵੇਲੇ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ । ਵਖਰੇਵੇਂ ਲਈ ਕਿਤੇ-2 ਲਾਲ ਸਿਆਹੀ ਦੀ ਵਰਤੋਂ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਰਾਗਰਾਮਕਲੀ ਮਹਲਾ ੧ ॥ ਧਿਆਉ ਬਿਹੰਗਮ ਨਿਰੰਕਾਰ ਕੀ ਕਥਾ । ਤਦ ਬਾਬਾ ਨਾਨਕੁ ਬਿਹੰਗਮ ਪੰਖੀ ਕੈ ਰੂਪਿ ਥਾ ।...

ਅੰਤ : ...ਕਰਮ ਬਿਕਰਮੁ ਪੇਖਿਆ ਜਰੁ ਜਰਗ ਹੋਇ ਨਿਰਮਲ ਸਬਦੁ ਕਮਾਵਹੁ ਜਨੁ ਨਾਨਕ ਤਤਾ ਬਿਹੰਗਮੁ ਪਾਵਹੁ ॥ ਗੋਸਟਿ ਸਪੂਰਨਿ ਹੋਈ ॥ ਵਾਹਗੁਰੂ ਜੀ ਵਾਹਗੁਰੂ ਜੀ । ਧੰਨ ਗੁਰੂ ਧੰਨ ਗੁਰੂ ਜੀ । ਸਤਿਗੁਰੂ ਜੀ ਸ੍ਰੀ ਵਾਹੁਗੁਰੂ ਜੀ ।

ਹੱਥ ਲਿਖਤ ਨੰ : MS 232 ਕ

ਸਿਰਲੇਖ : ਗੋਸਟ ਗੁਰੂ ਬਾਬੇ ਨਾਨਕ ਜੀ ਕੀ

ਪੱਤਰੇ : 126 ਅ – 239 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ, ਹਾਸ਼ੀਆ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਸਤਰਾਂ ਪ੍ਰਤੀ ਪੰਨਾ 8

ਆਮ ਵੇਰਵਾ : ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ । ਕਿਧਰੇ-2 ਕਾਨੀ ਬਦਲੀ ਹੋਈ ਹੈ ।

ਆਰੰਭ : ੧ੴ ਸਤਿ ਨਾਮ ਗੁਰੂ ਪ੍ਰਸਾਦਿ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਗੁਰ ਅਕਾਲਿ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਆਸਾ ਜਪੁ ਆਰਧਨਾਲਿ ਮਹਲਾ ਅਨੂਪ ਮੰਤ੍ਰ ਅਪਰ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ।...

ਅੰਤ : ...ਈਹਾ ਸੁਖੀ ਆਗੇ ਮੁਕਤਾ ਹੋਇ ਜਪੁ ਗੁਰੂ ਬਾਬੇ ਨਾਨਕ ਜੀ ਕਾ ਹੈ । ਉਸਤਤਿ ਪਰਮੇਸਰ ਕੀ ਵਾਹਗੁਰੂ ਵਾਹਗੁਰੂ ਸਤਿਗੁਰੂ ਬੇਅੰਤ ਗੁਰੂ ਜੀ

ਹੱਥ ਲਿਖਤ ਨੰ : MS 232 ਖ

ਸਿਰਲੇਖ : ਸ਼ਬਦ ਗੁਰਬਾਣੀ

ਪੱਤਰੇ : 240 ੳ – 269 ੳ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : 1. ਸ੍ਰੀ ਰਾਗ 2. ਮਾਰੂ ਰਾਗ 3. ਮਲਹਾਰ 4. ਆਸਾ 5. ਰਾਗ ਗਉੜੀ ਵਿਚੋਂ ਚੋਣਵੇਂ ਸ਼ਬਦ, ਰਾਗ ਦੇਵ ਗੰਧਾਰੀ, ਰਾਗ ਬਿਹਗੜਾ, ਰਾਗ ਸੋਰਠਿ, ਧਨਾਸਰੀ ਅਤੇ ਜੈਂਤਸਰੀ ਵਿਚੋਂ ਚੋਣਵੇਂ ਸ਼ਬਦ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀ ਰਾਗੁ ਮਹਲਾ "੧" ਚਉਪਦੇ " ਘਰ ੧ " ਮੋਤੀ ਤ ਮੰਦਰ ਉਸਰੇਹਿ ਰਤਨੀ ਤ ਹੋਜਾਹਿ ਜੜਾਉ ਕਸਤੂਰੋ ਕੰਗੂ ਅਗਰ ਚੰਦਨਿ ਲੀਪਿ ਆਵੈ ਚਾਉ ॥...

ਅੰਤ : ...ਪਵਨ ਨਾਮ ਜਗਤ ਮੈ ਹਰਿ ਕੋ ਕਬਹੂ ਨਾਰਿ ਸੰਭਾਗ । ਨਾਨਕ ਸਰਨਿ ਪਰਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥ ੩੩ ॥

ਹੱਥ ਲਿਖਤ ਨੰ : MS 232 ਗ

ਸਿਰਲੇਖ : ਧਨਾਸਰੀ ਧੰਨੇ ਕੀ ਗੋਸਟਿ

ਪੱਤਰੇ : 269 ਓ – 273 ਓ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਧਨਾਸਰੀ ਧਨੇ ਕੀ ਗੋਸਟਿ ॥ ਧੰਨਾ ਕਲਰਿ ਚਾਰੇ ਗਾਈ ਬ੍ਰਹਮਣ ਨਿਕਸ਼ਆ ਆਇ ॥ ਨਾਇ ਧੋਇ ਪੂਜਾ ਬਿਸਥਾਰੀ ਬੈਠਾ ਧਿਆਨ ਲਗਾਇ ॥ ਧੰਨਾ ਆਖੈ ਸੁਣਿ ਮੇਰਾ ਦਾਦਾ ਆਪਣੀ ਚਰਣੀ ਲਾਇ ॥ ਧੰਨੇ ਕਾ ਹਰਿ ਸਿਉ ਬਢਿਆ ਸਨੇਹੁ ॥ ਪ੍ਰਾਬ੍ਰਹਿਮ ਪੂਰਨ ਅਬਿਨਾਸੀ ਨਿਹਚਲੁ ਲਾਇ ਅਨੇਹੁ ॥ ੧ ॥...

ਅੰਤ : ...ਬ੍ਰਹਮਣ ਨੋ ਹਰਿ ਦਰਸਨੁ ਹ ਹੋਆ ਧੰਨੇ ਗਰੂ ਤਰਾਇਆ ॥ ਗੋਰਖ ਨਾਥਿ ਮੁਛੰਦ੍ਰ ਉਧਾਰਿਆ ਕਾਢਿ ਸੰਘਲ ਦੀਪ ਲੈ ਆਇਆ ॥ ਭਗਤਿ ਕਾ ਹਿਤਕਾਰੀ ਠਾਕੁਰ ਧੰਨੇ ਧੰਨੁ ਕਹਾਇਆ ॥ ੧ ॥ ਬੋਲਹੁ ਵਾਹਗੁਰੂ ਜੀ ਧੰਨ ਗੁਰੂ ਜੀ ॥ = ॥ = ॥

ਹੱਥ ਲਿਖਤ ਨੰ : MS 232 ਘ

ਸਿਰਲੇਖ : ਵਾਰ ਸੂਹੀ ਕੀ

ਪੱਤਰੇ : 273 ਅ – 303 ਓ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕ ਨਾਲਿ ਮਹਲਾ ॥ ੩ ॥ ਸਲੋਕੁ ॥ ਸੂਹੇ ਵੇਸ ਦੁਹਾਗਣੀ ਪਰ ਪਿਰੁ ਰਾਵਿਣ ਜਾਇ ॥ ਪਿਰ ਛੋਡਿਆ ਘਰ ਅਪਣੈ ਮੋਹੀ ਦੂਜੇ ਭਾਇ ॥...

ਅੰਤ : ਹਉ ਕਿਆ ਸਾਲਾਹੀ ਕ੍ਰਿਮ ਜੰਤੁ ਵਡੀ ਤੇਰੀ ਵਡਿਆਈ ॥ ਤੂ ਅਗੰਮੁ ਦਿਆਲੁ ਆਗੁੰਮ ਹੈ ਆਪ ਲੈਹ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤੁ ਸਖਾਈ ॥ ਜੋ ਤੇਰੇ ਸਰਣਾਗਤੀ ਤਿਨਿ ਲੈਹੈ ਛਡਾਈ॥ ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ੨● ॥ = ॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਙ

ਸਿਰਲੇਖ : ਮੰਤ੍ਰ ਬਾਬੇ ਨਾਨਕ ਜੀ ਕਾ

ਪੱਤਰੇ : 303 ਓ – 306 ਅ

ਆਕਾਰ : 13X17 ਸ.ਮ. ਲਿਖਤ: 9.5X11 ਸ.ਮ.

ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਮੰਤ੍ਰ ਬਾਬੇ ਨਾਨਕ ਜੀ ਕਾ ਲਿਖਿਆ ਵਾਰੀ ਤ੍ਰਿਹੁ ਪੜਿਨਾ...
ਅੰਤ : ...ਅਵ ਘਟੈਸੀ ਗੁਰ ਨਿਰੰਕਾਰ ਜੀ ਨਾਨਕ ਜੀ ਰਛਿਆ ਕਰੈ ਅਕਾਲ ਪੁਰਖ ਜੀ ਤੇਰੀ ਸਾਰਿਣਿ ॥ = ॥ = ॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਚ
ਸਿਰਲੇਖ : ਵਾਰ ਭਗਉਤੀ ਜੀ ਕੀ ਪਾਤਸ਼ਾਹੀ 10
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 306 ਅ – 328 ਅ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਸ ਵਿਚ 55 ਦੋਹਰੇ ਹਨ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ਵਾਹਗੁਰੂ ਜੀ ਕੀ ਫਤੇ । ਸ੍ਰੀ ਭਗਉਤੀ ਜੀ ਸਹਾਇ । ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧●...
ਅੰਤ : ...ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ਫੇਰ ਨ ਜੂਨੀ ਆਇਆ ਜੇਨਾ ਇਹ ਗਾਇਆ ।

ਹੱਥ ਲਿਖਤ ਨੰ : MS 232 ਛ
ਸਿਰਲੇਖ : ਪਖਿਆਨ ਚਰਿਤ੍ਰ
ਪੱਤਰੇ : 328 ਅ – 333 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : 331 ਪੰਨੇ ਤੋਂ ਕਾਨੀ ਬਦਲੀ ਹੋਈ ਹੈ । ਇਸ ਵਿਚ ਪੰਨਾ ਨੰ 330 ਆਪਣੀ ਕ੍ਰਮ ਵਿਚ ਨਹੀਂ ਹੈ ਉਹ ਪੰਨਾ 334 ਤੋਂ ਬਾਅਦ ਲੱਗਿਆ ਹੋਇਆ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ਸ੍ਰੀ ਭਗਉਤੀਏ ਨਮਹਾ । ਅਥ ਪਖਿਆਨ ਚਰਿਤ੍ਰ ਲਿਖਤੇ । ਪਾਤਸ਼ਾਹੀ ॥ ੧● ॥...
ਅੰਤ : ...ਇਤ ਸ੍ਰੀ ਦੇਵੀ ਜੂ ਕੀ ਉਸਤਤ ਸਮਾਪਤੰ ॥ ਅਫਜੂ ॥

ਹੱਥ ਲਿਖਤ ਨੰ : MS 232 ਜ
ਸਿਰਲੇਖ : ਗੁਰਬਾਣੀ ਸ਼ਬਦ
ਪੱਤਰੇ : 333 ਅ – 337 ਓ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਸੁਲਤਾਨ ਪੂਛੈ ਸੁਨ ਵੇ ਨਾਮਾ ॥ ਦੇਉਖ [ਦੇਖਉ] ਰਾਮ ਤੁਮਾਰੇ ਕਾਮਾ ॥ ਨਾਮਾ ਸੁਲਤਾਨੇ ਬਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੫ ॥ ਰਹਾਊ ॥...
ਅੰਤ : ਓਇ ਪਰਮ ਪੁਰਖ ਦੇਵਾਧਿ ਦੇਵ ॥ ਭਗਤਿ ਹੇਤ ਨਰ ਸਿੰਘ ਭੇਵ ॥ ਕਹਿ ਕਬੀਰ ਕੋ ਲਖੈ ਨ ਪਾਰ॥ ਪ੍ਰਹਲਾਦ ਉਧਾਰੇ ਅਨਿਕ ਬਾਰ ॥

॥ = ॥ = ॥ = ॥ = ॥ = ॥ = ॥

ਹੱਥ ਲਿਖਤ ਨੰ : MS 232 ਝ
ਸਿਰਲੇਖ : ਵਾਰਿ ਧੁਰੂ ਭਗਤਿ ਕੀ
ਲਿਪੀ ਕਾਲ : 1888
ਪੱਤਰੇ : 337 ਓ – 353 ਅ
ਆਕਾਰ : 13X17 ਸ.ਮ. ਲਿਖਤ: 9.5X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰਿ ਧੂਰੂ ਭਗਤਿ ਕੀ ॥ ਧਰੂ ਹਸਦਾ ਘਰ ਆਇਆ ॥ ਕਰਿ ਪਿਆਰੁ ਪਿ [ਪਿਉ] ਕੁਛੜ ਲੀਤਾ ॥ ਬਾਹੁ ਪਕੜ ਉਠਾਲਿਆ ਮਨਿ ਵਿਚ ਰੋਸੁ ਮਤਿਰੇਈ ਕੀਤਾ ॥…
ਅੰਤ : …ਅਠਾਰਾ ਸੈ ਅਠਾਸੀਆ ॥ ਮਿਤੀ ਬੇਸਾਖੁ ਸੁਦੀ ਪਰਵਿਸਟੀ ਸਤਾਈਐ ॥ ਪੋਥੀ ਸਾਹਿਬੁ ਪੂਰੀ ਹੋਈ ॥ ਸਦਾ ਕਾ ਸਾਧ ਸੰਗਿਤਿ ਕਾ ਸਾਧ ਸੰਗਤਿ ਜੀ ਭੁਲਿ ਚੁਕਿ ਵਖਸਿ ਲੈਣੀ ਗੋਲਾਮ ਦੀ ॥ ਸਾਧ ਸੰਗਤਿ ਵਖਸਣਿ ਜੋਗੁ ਹੈ ॥ ਵਾਹਗੁਰੂ ਜੀ ਕਾ ਖਾਲਸਾ ਵਾਹੁਗੁਰੂ ਜੀ ਕੀ ਫਤੇ ॥ ਸਚੇ ਪਾਤਿਸਾਹਿ ਗੁਰੂ ਰਾਮਦਾਸ ਜੀ ਭੁਲ ਚੁਕ ਵਖਸ ਲੈਣੀ ॥ ਸਚੇ ਪਾਤਿਸਾਹ ਤੂ ਵਖਸਣਿ ਜੋਗ ਹੈ ॥ ਗੋਲਾਮੁ ਤੇਰੀ ਸਰਨਿ ਹੈ ਸਰਨਿ ਪਰੇ ਕੀ ਰਾਖਿ ਲੇਹੁ ॥ ਦਿਨੀ ਬੀਰਬਾਰੁ ਪੋਥੀ ਪੂਰੀ ਹੋਈ ॥

ਹੱਥ ਲਿਖਤ ਨੰ : MS 233
ਸਿਰਲੇਖ : ਸਿਖਾਂ ਦੀ ਭਗਤਮਾਲਾ (ਸਾਖੀਆਂ)
ਲੇਖਕ : ਮਨੀ ਸਿੰਘ
ਲਿਖਾਰੀ : ਕੁੰਦਨ
ਸਮਾਂ : ਸੰਮਤ 1874
ਸਥਾਨ : ਲਾਹੌਰ
ਪੱਤਰੇ : 1– 683
ਆਕਾਰ : 15X27 ਸ.ਮ. ਲਿਖਤ: 10X20 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਨ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁੱਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -10
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਪੱਤਰਾ 14 ਤੋਂ ਬਾਅਦ ਕਾਨੀ ਬਦਲੀ ਹੋਈ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਾਖੀ ਭਾਈ ਗੁਰਦਾਸ ਜੀ ਕੀ ॥ ਵਾਰ ਯਾਰਵੀ ਸਿਖਾ ਦੀ ਭਗਤ ਮਾਲਾ ॥ ਏਕ ਸਮੇ ਭਾਈ ਮਨੀ ਸਿੰਘ ਜੀ ਥੀ ਸਿਖਾ ਅਰਦਾਸ ਕੀਤੀ ॥ ਜੁ ਭਾਈ ਗੁਰਦਾਸ ਜੀ ਨੇ ਜੁ ਸਿਖਾਂ ਦੇ ਪਰੁਥਾਇ ਵਾਰ ਕੀਤੀ ਹੈ ॥ ਤੇ ਸਭੁ ਦੇਸਾਂ ਦੇ ਸਿਖਾ ਦੇ ਨਾਮ ਲਿਖੇ ਹੈਨਿ ॥ ਓਨਾ ਦੀਆ ਰਹਿਤਾ ਤੇ ਕਰਤੂਤਾ ਅਸਾਨੂ ਮਲੂਮ ਕਰਾਹੋ ਜੁ ਅਸੀ ਭੀ ਜਾਣੀਏ ਜੁ ਸਿਖਾ ਦੀਆ ਐਸੀਆ ਵਰਤਣਾ ਹੋਦੀਆ ਹੈਨ ॥…
ਅੰਤ : …ਕਬਿਤ ॥ ਸੰਮਤਿ ਬਖਾਨ ਰਾਇ ਬ੍ਰਿਕਮ ਨਰੇਸ ਜੂ ਕੋ ਬਿਦਿ ਆਪੁਨਿ ਬੇਦ ਸਤ ਮਨ ਮੈ ਬਿਚਾਰੀਯੋ ॥ ਅਰਧ ਸਤ ਆਠ ਔਰ ਅਧਕ ਗਨੀਲੀ ਜੋ ਤਾ ਪੈ ਭਾਦ੍ਰਵ ਕੋ ਕ੍ਰਿਸਨ ਪਖ ਪਰਵਾਨਿ ਹਾਰੀਯੋ ॥ ਬਾਸ੍ਰਮਿ ਅੰਕ ਆਦ ਜਾਮ ਸੰਪੂਰਨ ਲਿਖ ਨਾਨਕ ਗੁਰ ਸਾਖੀ ਭਗਤਿਮਾਲ ਉਰਧਾਰੀਯੋ ॥ ਕੁੰਦਨ ਬਖਾਨੇ ਅੰਕ ਮਾਤ੍ਰਾ ਮੈ ਚੁਕ ਕਹੂੰ ਬਖਸੋ ਸਭ ਗੁਨੀ ਜਨ ਰੋਸ ਨਾਹਿ ਧਾਰੀਯੋ ॥ ਸੋਰਠਾ ॥

ਦਸਖਤ ਕੁੰਦਨ ਜਾਨ ਲਵ ਪੁਰਖੋ ਕਹਯੋ ॥ ਬਖਸੋ ਗੁਨੀ ਸੁਜਾਨ ਅੰਕ ਮਾਤ੍ਰਾ ਜੋ ਕਹੂੰ ॥ ਪੋਥੀ ਸਪੂਰਣ ਹੋਈ ॥ ਸੰਮਤ ੧੮੭੪ ਕਤਕ ਦਿਨ ੭ ਭੁਲਿਆ ਚੁਕਿਆ ਬਖਸਣਾ ॥ ਵਾਹ ਗੁਰੂ ਬਖਸਿੰਦ ਹੈ ॥ ਵਾਹਗੁਰੂ ॥ ਵਾਹਗੁਰੂ ॥ ਵਾਹਗੁਰੂ ॥ ਵਾਹਗੁਰੂ ॥

ਹੱਥ ਲਿਖਤ ਨੰ : MS 234 ਸੰਗ੍ਰਹਿ
ਸਿਰਲੇਖ : ਜਪ ਪਰਮਾਰਥ
ਪੱਤਰੇ : 1– 119 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਜਿਲਦ ਗੱਤਾ, ਸਤਰਾਂ ਪ੍ਰਤੀ ਪੰਨਾ – 8
ਆਮ ਵੇਰਵਾ : ਦੁਪਾਸੀਂ 80 ਪੱਤਰੇ ਤਕ ਦੋ ਕਾਲੀਆਂ ਲਕੀਰਾਂ ਦਾ ਖੜ੍ਹੇ ਰੁਖ ਹਾਸ਼ੀਆ ਹੈ, ਅਤੇ ਕਾਨੀ ਵੀ ਬਦਲੀ ਹੋਈ ਹੈ । 108 ਪੱਤਰੇ ਤੋਂ ਫੇਰ ਕਾਨੀ ਬਦਲੀ ਹੋਈ ਹੈ । ਲਿਖਾਈ ਸੁੰਦਰ ਹੈ । ਕਿਧਰੇ-ਕਿਧਰੇ ਕਿਰਮ ਖੁਰਦਾ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਿਧਰੇ-ਕਿਧਰੇ ਸੁਧਾਈ ਹਾਸ਼ੀਏ ਵਿਚ ਕੀਤੀ ਹੋਈ ਹੈ । ਆਖਰੀ ਪੱਤਰਾ ਬਹੁਤ ਹੀ ਖਸਤਾ ਹਾਲਤ ਵਿਚ ਹੈ । ਪੂਰੇ ਅਖਰ ਪੜ੍ਹੇ ਨਹੀਂ ਜਾਂਦੇ । ਪੋਥੀ ਅਧੂਰੀ ਲਗਦੀ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਰਾਗ ਆਸਾ ਮਹਲਾ ੧ ਅਨੂਪ ਮੰਤ੍ਰ ਅਪਾਰ ਗੋਸਟ ਗੁਰੂ ਬਾਬੇ ਨਾਨਕ ਜੀ ਕੀ ॥...
ਅੰਤ : ...ਬਾਬਾ ਨਾਨਕ ਜੀ ਅਠਤਰੀ ਪਉੜੀਆ ਸਪੂਰਨ ਲਿਖੀਆ ॥ ਭੁਲਿਆ ਚੁਕਿਆ ਬਖਸਣਾ ॥ ਗੁਰੂ ਕਾ ਬੋਲਣਾ ਗੁਰੂ ਜਾਣੇ ॥ ਵਾਹਗੁਰੂ ਵਾਹਗੁਰੂ ॥

ਹੱਥ ਲਿਖਤ ਨੰ : MS 234 ਅ
ਸਿਰਲੇਖ : ਮੰਤ੍ਰ ਗੁਰੂ ਬਾਬੇ ਨਾਨਕ ਜੀ ਕਾ
ਪੱਤਰੇ : 119 ਅ - 122 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਤਿਨਾਮ ਕਰਤਾ ਪੁਰਖ ॥ ਨਿਰਭਉ ਨਿਰਵੈਰ ॥ ਅਕਾਲ ਮੂਰਤ ਅਜੂਨੀ ਸੈਭੰਗ ਗੁਰ ਪ੍ਰਸਾਦਿ ॥ ਮੰਤ੍ਰ ਗੁਰੂ ਬਾਬੇ ਨਾਨਕ ਜੀ ਕਾ ਮਹਲਾ ੧ ॥...
ਅੰਤ : ...ਦੀਨ ਦੁਨੀਆ ਕੇ ਪਾਤਸਾਹ ਤੇਰੀ ਪਨਾਹ ॥ ਸ੍ਰੰਕਰ ਮਾਤਾ ਸ੍ਰੰਕਰ ਪਿਤਾ ਸੰਕ੍ਰ ਰਾਖੋ ਚਾਰੋ ਦਿਸਾ ॥ ਤਾਂਬੇ ਕਾ ਕੋਟਿ ਸਮੁੰਦ੍ਰ ਸੀ ਖਾਹੀ ॥ ਚਾਰੋ ਤਰਫ ਨਾਨਕ ਸਾਹੁ ਕੀ ਦੁਹਾਈ ।

ਹੱਥ ਲਿਖਤ ਨੰ : MS 234 ਏ
ਸਿਰਲੇਖ : ਵਾਰ ਭਾਈ ਪ੍ਰੇਮ ਦਾਸ ਕੀ
ਪੱਤਰੇ : 123 - 133
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰ ਭਾਈ ਪ੍ਰੇਮ ਦਾਸ ਕੀ ॥ ਪਉੜੀ ॥ ਅੰਨੇ ਕੋਹੜੇ ਨਾਲ ਲਏ ਖੜ ਅੰਮ੍ਰਤਸਰ ਨਵਾਵੈ ॥ ਸਭਸੇ ਛਾਦਨੁ ਭੋਜਨੁ ਦੇਕਰੁ ਅੰਮ੍ਰਿਤ ਨਾਮ ਪੜਾਵੈ ॥...

ਅੰਤ : …ਏਹੀ ਵਪਾਰ ਬੇਈ ਕਾਰਨ ਹੀ ਕੀਉ ਪਰਮੇਸਰ ਸਿਉ ਖਾਤਾ ਹੈ ॥ ਕੇਤੇ ਆਤੇ ਲੇ ਲੇ ਆਤੇ ਕੇਤੇ ਲੈ ਲੈ ਜਾਤਾ ਹੈ ॥ ਜਿਵੇ ਸਮੁਦ੍ਰ ਦਿਸੇ ਸਰਭਿ ਆਤਿ ਓਹੀ ਨਦਰੀ ਆਤਾ ਹੈ । ਸੁਣ ਸਿੰਘਾ ਭਰੇ ਭੰਡਾਰ ਗ੍ਰੰਗ ਫਿਰ ਕਦ ਹੀ ਨ ਨਿਖਟਾਤਾ ਹੈ ॥ ੩੨ ॥ ਵਾਰ ਸੰਪੂਰਨ ਹੋਈ ਪਉੜੀਆਂ ੩੨ ਸੰਪੂਰਨੰ ॥ ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ॥ ਚਿਤ ਆਵੇ ਭੁਲਿਆ ਚੁਕਿਆ ਗੁਰੂ ਬਖਸੇ ॥

ਹੱਥ ਲਿਖਤ ਨੰ : MS 234 ਸ
ਸਿਰਲੇਖ : [ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ]
ਪੱਤਰੇ : 133 – 213 ਅ
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪਤਰਾ 133 ਦਾ ਇਕ ਕੋਨਾ ਭੁਰਿਆ ਹੋਇਆ ਹੈ, ਇਸ ਕਰਕੇ ਲਿਖਤ ਪੂਰੀ ਨਹੀਂ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਬ ਤੀਜੀ ਗੋਸਟ ਮਾਰਕੰਡੇ ਰਖੀਸਰੁ ਜੀ ਕੀ ॥ ਪਹਿਲੀ ਚਲੀ ॥ ਜਦ ਚਾਰੇ ਜੁਗ ਬੀਤੇ ਫੇਰ …. ਰਚੈ ॥ ਅਗਲਿਆ ਜੁਗਾ ਕਾ ਕਿਆ ਪ੍ਰਮਾਣ ਹੋਤਾ ਹੈ ॥…
ਅੰਤ : …ਤਾਂ ਗੁਰੂ ਅੰਗਦ ਆਖਿਆ ਧੰਨ ਗੁਰੂ ਨਾਨਕ ਹੈ ॥ ਜਿਸ ਐਸੇ ਪਾਪੀ ਤਾਰਾ ॥ ਅਤੇ ਧੰਨ ਭਾਈ ਬਾਲਾ ਜਿਸ ਇਹੁ ਸਾਖੀਆ ਸੁਣਾਇ ਕੈ ਅਸਾਡਾ ਉਧਾਰ ਕੀਤਾ ॥ ਸਾਖੀ ਸੰਪੂਰਨ ਹੋਈ ॥ ਬੋਲਹੁ ਭਾਈ ਵਾਹਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਗੁਰੂ, ਬਾਬਾ ਨਾਨਕ ਜੀ ॥

ਹੱਥ ਲਿਖਤ ਨੰ : MS 234 ਹ
ਸਿਰਲੇਖ : ਸਾਖੀਆ ਸ਼ੇਖ ਫ਼ਰੀਦ ਜੀ
ਪੱਤਰੇ : 213 ਅ – 245
ਆਕਾਰ : 12X15 ਸ.ਮ. ਲਿਖਤ: 9.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਸਾਖੀਆਂ ਅਧੂਰੀਆਂ ਹਨ । ਅੰਤ ਕਿਰਮ ਖੁਰਦਾ ਹੋਣ ਕਾਰਣ, ਪੂਰੀ ਤਰ੍ਹਾਂ ਪੜਿਆ ਨਹੀ ਜਾਂਦਾ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਾਖੀਆ ਸ਼ੇਖ ਫਰੀਦ ਜੀ ਕੀਆ ਲਿਖੀਆ ॥ ਸ਼ੇਖ ਫਰੀਦ ਅਗਲੇ ਜਨਮ ਕੁਰੇਸ੍ਰੀ ਆਹਾ ॥ ਜੰਗਲ ਵਿਚ ਵਸਦਾ ਆਹਾ ॥…
ਅੰਤ : …ਤਾ ਉਹ ਗਰੀਬ ਸਿਰ ਬੋਲਿਆ ਜੁ ਖਰਬੂਜਿਆ ਤੂ ਸਿਰ ਹੋਆ ਆਹਾ ॥ ਜੋ ਬਖੀਲ…..ਸੀ ਜੋ ਆਹੇ ਖਰਬੂਜੇ ਸੋਹਨੇ ਜੀਉ ਆਹੇ ਫਿਰਦੈ…..ਹੈ ॥ ਇਹ ਜੋ ਆਹਾ ਸੋ ਖੁਦਾਇ ਦਾ ਪਿਆ…..

ਹੱਥ ਲਿਖਤ ਨੰ : MS 235
ਸਿਰਲੇਖ : ਗਿਆਨ ਚਰਖਾ
ਸਮਾਂ : ਸੰਮਤ 1933
ਪੱਤਰੇ : 1– 4
ਆਕਾਰ : 12X15 ਸ.ਮ. ਲਿਖਤ: 8.5X10.5 ਸ.ਮ.
ਵੇਰਵਾ : ਜਿਲਦ ਕਾਗਜ਼, ਬਾਅਦ ਵਿਚ ਬੰਨੀ ਹੋਈ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਤਿੰਨ-ਤਿੰਨ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 9
ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਤ ਸੁੰਦਰ, ਹਾਸ਼ੀਏ ਤੋਂ ਬਾਹਰ ਸੋਧ ਕੀਤੀ ਹੋਈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥਿ ਗਿਆਨ ਚਰਖਾ ਲਿਖਯਤੇ ॥ ਨਿਤਿ ਮਤੀ ਦੇਦੀ ਮਾਉ ਧੀਏ ॥ ਕਿਉ ਫਿਰਨੀ ਹੈ ਵਾਹੋ ਦਾਹੁ ਧੀਏ ॥ ਮੈ ਹਾਰੀ ਸਿੱਖ ਸਿਖਾਇ ਧੀਏ ॥...

ਅੰਤ : ...ਜਦ ਧਾਮ ਬਿਗਾਨੇ ਜਾਵੈਗੀ ॥ ਮੁੜ ਵਤ ਨਾ ਏਥੇ ਆਵੇਗੀ ॥ ਓਥੈ ਜਾ ਕੈ ਪਛੋਤਾਵੈਗੀ ਕੁਛ ਅਗਲੀ ਕਰ ਸਮਿਆਨ ਕੁੜੇ ॥ ਕਰ ਕਤਨ ਵਲ ਧਿਆਨ ਕੁੜੇ ॥ = ॥ = ॥ ਸੰਮਤੁ ੧੯੩੩ ਜੇਠ ਪ੍ਰ ੧੪ ਸੰਪੂਰਨਨੰ ਦਿਨ ਵੀਰਵਾਰ ॥ ਸਮਾਪਤੰ ਮਸਤ ਸੁਭ ਮਸਤ ॥ =

ਹੱਥ ਲਿਖਤ ਨੰ : MS 236

ਸਿਰਲੇਖ : ਸੌ ਸੰਮਤੀ ਗ੍ਰੰਥ

ਲੇਖਕ : ਹ੍ਰਿਦੇ ਰਾਮ (ਦਾਦੂ ਪੰਥੀ)

ਸਮਾਂ : ਸੰਮਤ 1953

ਪੱਤਰੇ : 1 – 10 ੳ

ਆਕਾਰ : 14X16.5 ਸ.ਮ. ਲਿਖਤ: 9.5X12 ਸ.ਮ.

ਵੇਰਵਾ : ਜਿਲਦ ਮੋਟਾ ਕਾਗਜ਼, ਬਾਅਦ ਵਿਚ ਬੰਨ੍ਹੀ ਹੋਈ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 11

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸੌ ਸੰਮਤੀ ਗ੍ਰੰਥ ਲਿਖਿਯਤੇ ॥ ੧੯●੧ ॥ ਏਕ ਸਮਾ ਇਕੋਤਰੋ ਮੁਕਤਾ ਬਰਸੇ ਮੇਹਿ ॥ ਖਰਾ ਜਮਾਨਾ ਆਵਸੀ ਖਟ ਹਾਲ ਖੇਹਿ ॥ ੧੯●੨ ॥ ਬਾਰਾ ਮਾਸ ਬੀ ਰੋਤੜੋ ਪ੍ਰਭੂ ਆਇਓ ਭਾਇ ॥ ਸੌ ਰੁਪੈਆ ਸਰੜੋ ਬਿਕੈ ਮਹਿਗੀ ਹੋਸੀ ਗਾਇ ॥...

ਅੰਤ : ... ੧੯੯੮ । ਅਠਾਣਵੋ ਨੀਨਾਣਵੋ ਇਹੈ ਦੋਨੋ ਸੁਨ ਭਿਖ ਨਦੀਆਂ ਨੀਰ ॥ ਬਹੈ ਘਣਾ ਪਰਜਾ ਪਾਵੈ ਸੁਖਿ ॥ ੧●● ਸਈ ਕਸਮੋ ਦੋਊ ਘਰਾਂ ਹਥਿਆਰਾ ਦੀ ਮਾਰ ॥ ਹੂਆ ਮਲੋਛ ਪ੍ਰਲੈ ਕੀਆ ਦਿੱਲੀ ਤੈਂ ॥ ਇਤੀ ਪੁਸਤਕਿ ਸੌ ਸੰਮਤੀ ਸੰਪੂਰਣੰ ਮਸਤਿ ਸੁਭ ਮਸਤਿ ॥ ਸੰਨ ੧੯੫੩ ਮਿਤੀ ਮਘ੍ਰ ਸੁਦੀ ੧੨ ਦਿਨ ਬੁਧਵਾਰ ॥ ਬਕਲਮ ਖਾਸ ਮਹੰਤ ਹ੍ਰਿਦੈ ਰਾਂਮ ਦਾਦੂ ਪੰਥੀ ਨਿਵਾਸੀ ਅਜ ਮੁਕਾਂਮ ਖਾਸ ਰਾਜਧਾਨੀ ਸ੍ਰੀ ਨਾਭਕੌਲ ।

ਹੱਥ ਲਿਖਤ ਨੰ : MS 237 ਸੰਗ੍ਰਹਿ

ਸਿਰਲੇਖ : ਗਿਆਨ ਰਤਨਾਵਲੀ (ਵਾਰਾਂ)

ਲੇਖਕ : ਭਾਈ ਗੁਰਦਾਸ

ਪੱਤਰੇ : 1 – 407 ਅ

ਆਕਾਰ : 11X16.5 ਸ.ਮ. ਲਿਖਤ: 7X12.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਪੱਕੀ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁੱਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 8-9

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਈ ਥਾਈਂ ਕਾਨੀ ਬਦਲੀ ਹੋਈ, ਪੋਥੀ ਦੀ ਜਿਲਦ ਉਤੇ ਮੀਨਾਕਾਰੀ ਕੀਤੀ ਹੋਈ; ਸ਼ੁਰੂ ਵਿਚ ਅਤੇ ਅੰਤ ਤੇ ਦੋ-ਦੋ ਹਾਸ਼ੀਏ ਵਾਲੇ ਖਾਲੀ ਪੱਤਰੇ, ਕਿਤੇ-ਕਿਤੇ ਹਾਸ਼ੀਆ ਲਿਖਤ ਹਿੱਸੇ ਦੇ ਵਿਚਕਾਰ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਵਾਰਾਂ ਗਿਆਨ ਰਤਨਾਵਲੀ ॥ ਭਾਈ ਗੁਰਦਾਸ ਭਲੇ ਕਾ ਬੋਲਣਾ ॥ ਨਮਸਕਾਰੁ ਗੁਰਦੇਵ ਕਉ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ ॥ ਭਵਜਲੁ ਵਿਚੋ ਕਢਿ ਕੈ ਮੁਕਤਿ ਪਥਾਰਥ ਮਾਹਿ ਸਮਾਇਆ ॥ ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਜੋਗੁ ਮਿਟਾਇਆ ॥ ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ ॥ ਜਮ ਡੰਡੁ ਸਿਰੋ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ ॥ ਚਰਨ ਗਹੇ ਗੁਰਦੇਵ ਕੇ ਸਤ ਸਬਦ ਦੇ ਮੁਕਤਿ ਕਰਾਇਆ ॥ ਭਾਇ ਭਗਤਿ ਗੁਰਪੁਰਬਿ ਕਰਿ ਨਾਮ ਦਾਨ ਇਸਨਾਨੁ ਦ੍ਰਿੜਾਇਆ ॥ ਜੇਹਾ ਬੀਉ ਤੇਹਾ ਫਲੁ ਪਾਇਆ ॥ ੧ ॥...

ਅੰਤ : … ਵੈਦ ਨ ਪੁਜਨੀ ਵੈਦਗੀ ਸਤਿਗੁਰ ਹਉਮੈ ਰੋਗੁ ਮਿਟਾਈ ॥ ਦੇਵੀ ਦੇਵ ਨ ਸੇਵ ਤੁਲਿ ਸਤਿਗੁਰ ਸੇਵ ਸਦਾ ਸੁਖਦਾਈ ॥ ਸਾਇਰ ਰਤਨ ਨ ਪੁਜਨੀ ਸਾਧ ਸੰਗਤਿ ਗੁਰ ਸਬਦੁ ਸੁਭਾਈ ॥ ਅਕਥ ਕਥਾ ਵਡੀ ਵਡਿਆਈ ॥ ੨੧ ॥ ੩੯ ॥ ਉਣਤਾਲੀ ॥

ਹੱਥ ਲਿਖਤ ਨੰ : MS 237 ਅ
ਸਿਰਲੇਖ : ਬਾਣੀ ਭਾਈ ਗੁਰਦਾਸ
ਲੇਖਕ : ਗੁਰਦਾਸ, ਭਾਈ
ਪੱਤਰੇ : 408 ਉ – 677 ਉ
ਆਕਾਰ : 11X16.5 ਸ.ਮ. ਲਿਖਤ: 7X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਬਾਣੀ ਭਾਈ ਗੁਰਦਾਸ ਭਲੇ ਜੀ ਕੀ ॥ ਸੋਰਠਾ ॥ ਆਦਿ ਪੁਰਖ ਆਦੇਸੁ ਓਨਮ ਸ੍ਰੀ ਸਤਿਗੁਰ ਚਰਨ ॥ ਘਟ ਘਟ ਕਾ ਪਰਵੇਸ ਏਕ ਅਨੇਕ ਬਿਬੇਕ ਸਸਿ ॥ ੧ ॥…
ਅੰਤ : … ਜੈਸੇ ਅਨਿਕ ਫਨੰਗ ਫਨੰਗ ਭਾਰ ਧਰਨਿ ਧਾਰੀ ਤਾਹਿ ਗਿਰਵਰਧਰ ਕਹੈ ਕਉਨ ਬਰਾਈ ਹੈ ॥ ਜਾਕੋ ਏਕ ਬਾਵਰੋ ਬਿਸੁ ਨਾਮੁ ਨਾਥ ਕਹਾਵੈ ਤਾਹਿ ਬ੍ਰਿਜਨਾਥ ਕਹੈ ਕਉਨ ਅਧਿਕਾਈ ਹੈ ॥ ਅਨਿਕ ਅਕਾਰ ਓਅੰਕਾਰ ਕੇ ਬਿਥਾਰੇ ਤਾਹਿ ਨੰਦ ਨੰਦਨ ਕਉਨ ਸੋਭਤਾਈ ਹੈ ॥ ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ ॥ ੫੫੬ ॥

ਹੱਥ ਲਿਖਤ ਨੰ : MS 238 ਸੰਗ੍ਰਹਿ
ਸਿਰਲੇਖ : ਚੰਡੀ ਚਰਿਤ੍ਰ ਉਕਤਿ ਬਿਲਾਸ
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 1 – 124 ਅ
ਆਕਾਰ : 7X9 ਸ.ਮ. ਲਿਖਤ: 3.5X6 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਦੁਪਾਸੀਂ ਖੜ੍ਹੇ ਰੁੱਖ, 110 ਪੱਤਰੇ ਤੱਕ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਬਾਅਦ ਵਿਚ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 6
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਪੋਥੀ ਦੀ ਜਿਲਦ ਮੀਨਾਕਾਰੀ ਵਾਲੀ, 199 ਪੰਨੇ ਤੋਂ ਬਾਅਦ 200 ਲਿਖਣ ਦੀ ਥਾਂ ਫਿਰ 100 ਲਿਖਿਆ ਹੈ 200 ਤੋਂ 220 ਤਕ 100 ਤੋਂ 120 ਲਿਖਿਆ ਹੈ ।
ਆਰੰਭ : ੧ਓ ਵਾਹਗੁਰੂ ਜੀ ਕੀ ਫਤੇ ॥ ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ॥ ਸ੍ਵੈਯਾ ॥ ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲਖ ਅਨਾਸਾ ॥ ਕੈ ਸਿਵ ਸਕਤ ਦਏ ਸੁਤਿ ਚਾਰ ਰਜੋ ਤਮਸ ਤਤਿ ਹੂ ਪੁਰਬਾਸਾ ॥…
ਅੰਤ : … ਦੋਹਰਾ ॥ ਗ੍ਰੰਥ ਸਤਿ ਸੈਇਆ ਕੋ ਕਰਿਓ ਜਾ ਸਮ ਅਵਰੁ ਨ ਕੋਈ ॥ ਜਿਹ ਨਮਿਤ ਕਵਿ ਨੇ ਕਹਿਓ ਸੁਦੇਹ ਚੰਡਕਾ ਸੋਇ ॥ ੨੩੩ ॥

ਹੱਥ ਲਿਖਤ ਨੰ : MS 238 ਅ
ਸਿਰਲੇਖ : ਚੰਡੀ ਚਰਿਤ੍ਰ
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 125 ਉ – 220 ਅ

ਆਕਾਰ : 7X9 ਸ.ਮ. ਲਿਖਤ: 3.5X6 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, 118 ਅ ਤੋਂ 120 ਅ ਤਕ ਗੁਰੂ ਜੀ ਦੇ ਚਾਰ ਸਵੈਯੇ ਦਿੱਤੇ ਹਨ ।
ਆਰੰਭ : ੧ਓ ਅਥ ਚੰਡੀ ਚਰਿਤ੍ਰ ਲਿਖਯਤੇ ॥ ਨਿਰਾਜ ਛੰਦ ॥ ਮਹਿੱਖ ਦਈਤ ਸੂਰਯੰ ॥ ਬਢਿਯੋ ਸੁ ਲੋਹ ਪੂਰਯੰ ॥ ਸੁ ਦੇਵ ਰਾਜ ਜੀਤਯੰ ॥ ਤ੍ਰਿਲੋਕ ਰਾਜ ਕ੍ਰੀਤਯੰ ॥ ੧ ॥...
ਅੰਤ : ... ਦੋਹਰਾ ॥ ਜੇ ਜੇ ਤੁਮਰੇ ਧਿਆਨ ਕੋਂ ਨਿਤ ਉਠਿ ਧਿਐ ਹੈਂ ਸੰਤ ॥ ਅੰਤ ਲਹੈਂਗੇ ਮੁਕਤ ਫਲੁ ਪਾਵਹਿਗੇ ਭਗਵੰਤ ॥ ੬ ॥ ੨੬੨ ॥ ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡੀ ਚਰਿਤ੍ਰ ਉਸਤਤ ਬਰਨਨੰ ਨਮ ਅਸਟਮੋ ਧਿਆਯਾ ਸੰਪੂਰਣ ਮਸਤੁ ਸੁਭ ਮਸਤੁ ॥ ੮ ॥ ਅਫਜੂ ॥

ਹੱਥ ਲਿਖਤ ਨੰ : MS 239 ਸੰਗ੍ਰਹਿ
ਸਿਰਲੇਖ : ਕਥਾ ਸੁਖਦੇਵ ਜੀ ਕੀ (ਅਧੂਰੀ)
ਪੱਤਰੇ : 1– 54 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 9
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਕਥਾ ਸੁਖਦੇਵ ਜੀ ਕੀ ॥ ਏਕ ਸਮੇ ਪਾਰਬਤੀ ਮਹਾਦੇਵ ਕਉ ਕਹਨੇ ਲਾਗੀ ਜੋ ਬਲਿਹਾਰ ਜਾਉ ਤੇਰੇ ਗਲਿ ਜੋ ਮਾਲਾ ਹੈ ਸੋ ਕੈਸੀ ਹੈ ॥ ਤਬ ਮਹਾਦੇਵ ਕਹਿਆ ਜੋ ਪਾਰਬਤੀ ਏਹੁ ਮਾਲਾ ਜੋ ਹੈ ਸੋ ਤੇਰੇ ਸਿਰਿ ਹੈਨਿ ॥...
ਅੰਤ : ... ਪੀੜੀ ਆਗ ਜੁ ਜੋਗੁ ਭਗਤਿ ਚਲਾਈ ॥ ਅਬਿ ਮੈ ਕਲਜੁਗ ਕੇ ਵਿਖੈ ॥ ੨੧ ॥ ਇਕੀਹ ਪਉੜੀਆ ॥ ਤੇਰੀ ਆਗ ਜੁ ਜੋਗੁ ਚਲਾਵਣਾ ਹੈ ॥ ਅਬ ਤੁਮ ਸਿਧਾਵਹੁ ॥ ਸੁਖਦੇਉ ਕੋ ਭੀ ਭੇਜਉ .....

ਹੱਥ ਲਿਖਤ ਨੰ : MS 239 ਅ
ਸਿਰਲੇਖ : ਸਾਖੀ ਰਾਜੇ ਜਨਕ ਕੀ
ਪੱਤਰੇ : 55 ਓ – 70 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸਤਿਨਾਮੁ ਕਰਤਾ ਪੁਰਖੁ ... ਗੁਰਪ੍ਰਸਾਦਿ ॥ ਸਾਖੀ ਰਾਜੇ ਜਨਕ ਜੀ ਕੀ ਲਿਖੀ ॥ ਸਾਖੀ ਰਾਜੇ ਜਨਕ ਕੀ ॥ ਰਾਜਾ ਜਨਕ ਭਗਤ ਜੀ ਸਚ ਖੰਡ ਕੰਉ ਚਲੇ ॥ ਤਬ ਰਾਹ ਊਹਾ ਤੇ ਜੋ ਮੁਕਤਿ ਕਾ ਰਾਹੁ ਥਾ ॥ ਉਸਤੇ ਬਾਂਵੀ ਤਰਫ ਗੁਹਾਰ ਪੜਤੀ ਥੀ ॥...
ਅੰਤ : ... ਸ੍ਰੀ ਪਾਰਬ੍ਰਹਮ ਜੀ ਆਗਿਆ ਕੀਤੀ ਹੈ ॥ ਜਨਕ ਭਗਤ ਕਂਉ ॥ ਜੋ ਕਲਜੁਗ ਮਹਿ ਜਾਉ ॥ ਜੀਆ ਕਂਉ ਨਾਮ ਜਪਾਵਹਿਉ ॥ ਜੋ ਜੀ ਮੁਕਤਿ ਹੋਵਹਿ ॥ ੧ ॥ ਸਲੋਕ ॥ ਜੁਗੁ ਜੁਗ ਮਹਿ ਗੁਰੂ ਆਇਆ ਤਿਨ ਅਚਿੰਤ ਨਾਮ ਧਿਆਇਆ ॥ ਜਿਨ ਸੇਵਿਆ ਤਿਨ ਫਲ ਪਾਇਆ ॥ ਦਾਸ ਨਾਨਕ ਪੰਥ ਚਲਾਇਆ ॥ ਗੁਰੂ ਨਾਨਕ ਜੀ ॥

ਹੱਥ ਲਿਖਤ ਨੰ : MS 239 ਏ
ਸਿਰਲੇਖ : ਵਾਰਾਂ ਗਿਆਨ ਰਤਨਾਵਲੀ
ਲੇਖਕ : ਗੁਰਦਾਸ, ਭਾਈ
ਪੱਤਰੇ : 1– 96 ਅ
ਆਕਾਰ : 12.5X15 ਸ.ਮ. ਲਿਖਤ: 7.5X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਵਾਰਾਂ ਗਿਆਨ ਰਤਨਾਵਲੀ ॥ ਭਾਈ ਗੁਰਦਾਸ ਭਲੇ ਕਾ ਬੋਲਣਾ ॥ ਨਮਸਕਾਰ ਗੁਰਦੇਵ ਕਉ ਸਤਿਨਾਮ ਜਿਸੁ ਮੰਤ੍ਰ ਸੁਣਾਇਆ ॥ ਭਵਜਲ ਵਿਚੋ ਕਢਿ ਕੈ ਮੁਕਤਿ ਪਥਾਰਥ ਮਾਹਿ ਸਮਾਇਆ ॥ ਜਨਮ ਮਰਣ ਭਉ ਕਟਿਆ ਸੰਸਾ ਰੋਗਿ ਵਿੰਜੋਗ ਮਿਟਾਇਆ ॥…
ਅੰਤ : … ਭਗਤ ਵਡਾ ਰਾਜਾ ਜਨਕੁ ਗੁਰਮੁਖ ਮਾਇਆ ਵਿਚਿ ਉਦਾਸੀ ॥ ਦੇਵ ਲੋਕ ਨੂ ਚਲਿਆ ਗਣ ਗੰਧਰਬ ਸਭਾ ਸੁਖਵਾਸੀ ॥ ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ ॥ ਧਰਮ ਰਾਇ ਨੋ ਆਖਿਉਨ ਸਭਨਾਂ ਦਾ ਕਰਿ ਬੰਦ ਖਲਾਸੀ ॥ ਕਰੇ ਬੇਨਤੀ ਧਰਮ ਰਾਇ ਹਉ ਸੇਵਕ ਠਾਕੁਰ ਅਬਿਨਾਸੀ ॥ ਗਹਣੇ ਧਰਿਅਨੁ ਇਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ ॥ ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ ॥ ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ ॥ ਮੁਕਤਿ ਜੁਗਤਿ ਨਾਵੈ ਦੀ ਦਾਸੀ ।

ਹੱਥ ਲਿਖਤ ਨੰ : MS 240
ਸਿਰਲੇਖ : ਇਕਾਦਸੀ ਮਹਾਤਮ
ਪੱਤਰੇ : 1 – 133 ਅ
ਆਕਾਰ : 10.5X15.5 ਸ.ਮ ਲਿਖਤ: 8X11 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਵਿਚ ਇਕ ਲਾਲ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 9
ਆਮ ਵੇਰਵਾ : ਪੋਥੀ ਅਧੂਰੀ ਹੈ, ਪੋਥੀ ਖਸਤਾ ਅਤੇ ਕਰਮ-ਖੁਰਦਾ, ਲਾਲ ਸਿਆਹੀ ਦੀ ਵਰਤੋਂ ਸਿਰਫ ਪਹਿਲੇ ਪੰਨੇ ਤੇ ਕੀਤੀ ਗਈ ਹੈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਪੱਤਰਾ 16 ਤੇ 17 ਭਿਜੇ ਹੋਣ ਕਾਰਣ ਸਿਆਹੀ ਫੈਲੀ ਹੋਈ
ਆਰੰਭ : ੧ਓ ॥ ਸ੍ਰੀ ਓਨਮੋ ਭਗਵਤੇ ਵਾਸੁਦੇਇ ਅਥਿ ਇਕਾਦਸੀ ਮਹਾਤਮ ਲਿਖਤੇ ॥ ਅਰਜਨ ਸ੍ਰੀ ਕ੍ਰਿਸਨ ਜੀ ਪਹਿ ਪੁਛਤਾ ਹੈ ॥ ਹੇ ਕ੍ਰਿਸਨ ਭਗਵਾਨ ਜੀ ਇਕਾਦਸੀ ਕੈਸੇ ਉਤਪਤਿ ਭਈ ਹੈ ॥ ਕਿਸ ਕਾਰਨ ਤੇ ਪੁੰਨ ਦੇ ਦੇਵਣ ਵਾਲੀ ਹੈ ॥ ਹੇ ਦੇਵ ਭਗਵਾਨ ਕੈਸੇ ਕਰਿ ਪਵਿਤਰ ਹੈ ॥ ਕਿਆ ਕਰਮੁ ਹੈ ॥ ਕੈਸੇ ਤੁਝ ਕੌ ਪਿਆਰੀ ਹੈ ॥…
ਅੰਤ : … ਅਰੁ ਤਿਸੀ ਨਰਾਇਨ ਕਾ ਧਿਆਨ ਕਰਤ ਭਈ ॥ ਅਰੁ ਬਰਮਾ ਕੀ ਕਾਮਨਾ ਭੀ ਤਿਆਗ ਦਈ ॥ ਬ੍ਰਹਮਚਰਜ ਹੀ ਹੋਇ ਰਹੀ ॥ ਜਬ ਦੁਆਪਰਿ ਬਿਖੈ ਸ੍ਰੀ ਕ੍ਰਿਸਨ ਭੀ ਅਉਤਾਰ ਲੇਤਿ ਭਏ ॥ ਅਰੁ ਬ੍ਰਹਮਾ ਜੀ ਸਰਬਤ੍ਰ ਦੇਵਤਾ ਇਸਤ੍ਰੀਆ ਕੌ ਆਗਿਆ ਕਰਤਿ…..

ਹੱਥ ਲਿਖਤ ਨੰ : MS 241
ਸਿਰਲੇਖ : ਭਾਖਾ ਨਿਦਾਨ
ਲੇਖਕ : ਗੰਗਾ ਰਾਮ ਜਤੀ
ਲਿਖਾਰੀ : ਬਾਲ ਮੁਕੰਦ

ਸਮਾਂ : ਸੰਮਤ 1878

ਸਥਾਨ : ਅੰਮ੍ਰਿਤਸਰ

ਪੱਤਰੇ : 1– 155

ਆਕਾਰ : 14X23 ਸ.ਮ. ਲਿਖਤ: 9.5X18 ਸ.ਮ.

ਵੇਰਵਾ : ਜਿਲਦ ਗੱਤਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 13

ਆਮ ਵੇਰਵਾ : ਪੋਥੀ ਵਿਚੋਂ ਤੇਲ ਨਾਲ ਭਿੱਜੀ ਹੋਈ, ਹਾਸ਼ੀਏ ਤੋਂ ਬਾਹਰ ਲਿਖਤ, ਪੋਥੀ ਖੜ੍ਹੇ ਰੁਖ ਖੁਲ੍ਹਦੀ ਹੈ
ਵਿਸ਼ੇਸ: ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਲਿਖੀ ਗਈ ਪੋਥੀ ਕਿਹਾ ਗਿਆ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਜਗਦੰਬਾਯ ਨਮ: ॥ ਸ੍ਰੀ ਜਨੇਦ੍ਰਾਯ ਨਮ: ॥ ਅਥ ਭਾਖਾ ਨਿਦਾਨ ਲਿਖਜਤੇ ॥ ਦੋਹਰਾ ॥ ਪ੍ਰਣਵਤ ਸ੍ਰੀ ਪ੍ਰਭ ਜੈਂਨ ਪਤਿ ਰਿਖਤ ਨਾਥ ਅਰਹੰਤ ॥ ਕੇਵਲ ਗਜਾਂਨ ਪ੍ਰਕਾਸ ਨਿਤ ਮੰਗਲ ਕਰਨ ਮਹੰਤ ॥ ੧ ॥ ਪਦਮਾਵਤਿ ਬੰਦਤ ਚਰਨ ਪੂਰਨ ਸੁਖ ਕੇ ਕੰਦ ॥ ਪ੍ਰਭ ਪਾਰਸ ਪਾਰਸ ਕਰੋ ਸਜਲ ਨੀਲ ਛਬਿਕੰਦ ॥ ੨ ॥...

ਅੰਤ : ... ਅਚਲ ਅਲਖ ਗਤ ਪਰਮ ਪਦ ਸਤ ਚਿਤ ਬ੍ਰਹਮ ਸਰੂਪ ॥ ਕਹਿਬੇ ਕੋ ਕਵਿ ਗੰਗ ਮੁਨਿ ਨਿਸਚੇ ਪਦ ਨਿਜ ਰੂਪ ॥ ੯੪ ॥ ਇਤ ਸ੍ਰੀ ਗਛਾ ਸਿਰੋਮਨਿ ਗਛਨਿ ਗੌਰੀ ਮੈ ਸ੍ਰੀ ਮੁਨਿ ਰਾਜ ਸੰਗਤ ਰਿਖ ਤਤ ਸਿੱਖ ਸ੍ਰੀ ਪੰਡਿਤ ਪੂਜ ਸੂਰਤ ਰਾਮ ਤਤ ਸਿੱਖ ਕਵਿ ਗੰਗਾ ਰਾਮ ਜਤੀ ਬਿਰਚਤੇ ਜਤੀ ਨਿਦਾਂਨੇ ਸੰਖਜਾਦਿ ਕਥਨੰ ਪੰਚ ਬਿੰਸਤਮੋ ਪ੍ਰਕਾਸ : ॥ ੨੫ ॥ ਇਤਿ ਰੋਗ ਬਿਨਿਸਚਯ ਜਦੀ ਨਿਦਾਂਨ ਸੰਮਤ ੧੮੭੮ ॥ ਬੈਸਾਖ ਮਾਸੇ ਸੁਕਲ ਪਖੇ ਦੁਤੀਆ ਦਿਨੇ ਸੁਰ ਗੁਰਬਾਰੇ ਸੁਧਾਸਰ ਸਿਪੁਰੇ ਰਨਜੀਤ ਸਿੰਘ ਰਾਜਜਾਤ ॥ ਸੁਭੰ ਭਵੇਤਿ ॥ ਸੰਮਤ ਸਸਿ ਨਵ ਬ੍ਰਹਮ ਜੋ ਬੇਦ ਜਾਨ ਸੁਭ ਭੇਦ ॥ ਮਾਘ ਮਾਸ ਤਮ ਪੱਖ ਮੈਂ ਖਸ੍ਰੀ ਤਿਥ ਬਿਭੇਦ ॥ ੧ ॥ ਸੁਰ ਗੁਰ ਦਿਨ ਨਿਦਾਂਨ ਜੋ ਪੂਰਨ ਕੀਨੋ ਮੀਤ ॥ ਪਰਜਾ ਪਤਿ ਧਰਮਸਾਲ ਪੈ ਮੁਕੰਦ ਬਾਲ ਕਰ ਪ੍ਰੀਤ ॥ ੨ ॥ ਸ੍ਰੀ ਰਾਮਯ ਨਮ: ਸ੍ਰੀ ਦਰੁਗਾਯੈ ਨਮ: ॥

ਹੱਥ ਲਿਖਤ ਨੰ : MS 242

ਸਿਰਲੇਖ : ਸਰਬ ਸੰਗ੍ਰਹਿ (ਅਰਕ, ਸ਼ਰਬਤ ਮਜੂਰ ਗ੍ਰੰਥ)

ਲੇਖਕ : ਬਾਲ ਮੁਕੰਦ

ਸਥਾਨ : ਕਟੜਾ ਲੋਹਗੜ੍ਹ ਦੀ ਧਰਮਸਾਲ

ਪੱਤਰੇ : 1– 84 ੳ

ਆਕਾਰ : 22X14 ਸ.ਮ. ਲਿਖਤ: 18.5X9.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉੱਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 24

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਲਿਖਾਈ ਸੁੰਦਰ, ਪਾਣੀ ਨਾਲ ਭਿੱਜੀ ਹੋਣ ਕਾਰਣ ਕੁਝ ਅੱਖਰ ਪੜ੍ਹਨ ਯੋਗ ਨਹੀ। 84 ਅ ਤੇ ਇਕ ਨੁਸਖਾ ਦਿੱਤਾ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਸਰਬ ਸੰਗ੍ਰਹਿ ਲਿਖਜਤੇ ॥ ਪ੍ਰਥਮ ਗੁਰ ਉਸਤਤਿ ॥ ਸ੍ਵੈਯਾ ॥ ਸਤ ਸਰੂਪ ਚਿਦਾ ਨੰਦ ਆਤਮ ਏਕ ਅਨੀ ਬਿਆਪਕ ਓਹਾ ॥ ਕਲਿ ਕਾਲ ਭਜਾਨਕ ਰੂਪ ਲਖਯੋ ਅਵਤਾਰ ਲਜੋ ਗੁਰੁ ਨਾਨਕ ਸੋਹਾ ॥ ਜੋਊ ਜੋਊ ਸਰਨਾਗਤਿ ਆਵਤ ਤਾਹੂੰ ਕੋ ਦੂਰ ਕੀਓ ਮਦ ਮੋਹਾ ॥ ਬਾਲ ਮੁਕੰਦ ਕਰੈ ਬਿਨਤੀ ਪ੍ਰਭੁ ਬਾਲਕ ਜਾਨਿ ਕਰੋ ਤੁਮ ਛੋਹਾ ॥ ੧ ॥...

ਅੰਤ : ... ਦੋਹਰਾ ॥ ਸੁਧਾ ਸਰੋਵਰੁ ਨਗਰ ਮੈ ਲੋਹਗੜ ਕਟੜਾ ਜਾਨ ॥ ਤਾ ਮੈਂ ਪ੍ਰਜਾਪਤੀ ਨਰ ਧਰਮਸਾਲ ਸੁਭ ਰਾਨ ॥ ੧੮੨ ॥ ਤਾ ਮੈਂ ਰਹਿਤੇ ਸਾਧ ਜਨ ਸੇਵਾ ਸਭ ਕੀ ਹੋਤ ॥ ਨਾਮ ਉਚਾਰਤ ਰੈਨ ਦਿਨ ਕੀਨੋ ਗ੍ਰੰਥ ਉਦੋਤ ॥ ੧੮੩ ॥ ਸਬ ਕਵਿਤਨ ਕੇ ਚਰਨ ਯੁਗ ਬਾਰੰਬਾਰ ਪ੍ਰਨਾਮ ॥ ਭੂਲ ਚੂਕ ਤੁਮ

ਬਖਸੀਏ ਬੈਦਕ ਬੁਧਿ ਗੁਣ ਧਾਮ ॥ ੧੮੪ ॥ ਇਤਿ ਸ੍ਰੀ ਸਰਬ ਸੰਗ੍ਰਹਿ ਬਾਲ ਮੁਕੰਦ ਬਿਰਚਤੇ ਅਰਕ ਸਰਬਤ ਮਜੂਨ ਗ੍ਰੰਥ ਸਮਾਪਤੰ ਨਾਮ ਪੰਚਮੋ ਕੋਸ : ੫ ॥ ਸੁਭੰ ਭੂਯਾਤ

ਹੱਥ ਲਿਖਤ ਨੰ : MS 243
ਸਿਰਲੇਖ : ਪਦਾਰਥ ਨਿਰਣਯ ਮਾਰਗ
ਪੱਤਰੇ : 1– 82 ਅ
ਆਕਾਰ : 22.5X15 ਸ.ਮ ਲਿਖਤ: 16X10 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ਦੋ ਲਾਲ ਲਕੀਰਾਂ ਦਾ ਦੂਹਰਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 21
ਆਮ ਵੇਰਵਾ : ਪੋਥੀ ਦੇ ਆਰੰਭ ਵਿਚ ਦੂਹਰੇ ਹਾਸ਼ੀਏ ਵਾਲੇ ਦੋ ਪੱਤਰੇ ਖਾਲੀ, ਅੰਤ ਤੇ ਛੇ ਪੱਤਰੇ ਖੜੇ ਰੁਖ ਦੋ ਲਾਲ ਲਕੀਰਾਂ ਵਾਲੇ ਹਾਸ਼ੀਏ ਦੇ ਖਾਲੀ, ਪੋਥੀ ਕਿਰਮ-ਖੁਰਦਾ ਅਤੇ ਭਿੱਜੀ ਹੋਈ, ਲਿਖਤ ਸੁੰਦਰ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਪੋਥੀ ਕਿਰਮ-ਖਰਦਾ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਸ੍ਰੀ ਰਾਮਾਯ ਨਮ: ॥ ਅਥ ਪਦਾਰਥ ਨਿਰਣਯ ਗ੍ਰੰਥ ਲਿਖਯਤੇ ॥ ਦੋਹਰਾ ॥ ਗੁਰ ਗਣਪਤਿ ਗਿਰਧਰ ਗਿਰਾ ਗਿਰਜਾ ਗੰਗ ਗਰੀਸ ॥ ਗਨ ਪਦਾਰਥ ਨਿਰਣਯ ਕਹੋ ਪਦ ਸਰੋਜ ਧਰ ਸੀਸ ॥ ੧ ॥ ਜੈ ਜੈ ਸ੍ਰੀ ਜਗਤ ਗੁਰ ਅਚਰਜ ਰੂਪ ਅਨੰਤ ॥ ਗਾਇ ਗਾਇ ਕੈ ਸਬ ਥਕੇ ਸਿਵ ਬ੍ਰਹਮਾਦਿਕ ਸੰਤ ॥ ੨ ॥...
ਅੰਤ : ਘਟ ਸੋ ਵਿਖੇ ਮਾਹਿ ਦੁਖ ਹੋਈ ॥ ਖਟ ਇੰਦ੍ਰੀ ਕੇ ਖਟ ਦੁਖ ਹੋਈ ॥ ਖਟ ਬੀਧੀ ਕੇ ਜਾਨਨਿ ਹਾਰੋ ॥ ਸੁਖ ਦੁਖੁ ਦ੍ਵੈ ਦੇਹ ਦੁਖ ਧਾਰੋ ॥ ਦੇਹ ਛਤੇਏ ਬਜਾਪੇ ਨਾਹੀ ॥ ਜੀਵਨ ਮੁਕਤਿ ਚਰੈ ਭਵ ਮਾਹੀ ॥ ਐਸੇ ਕਹੇ ਪਦਾਰਥ ਜੋਈ ॥ ਲਖੋ ਅਸੰਗ ਆਤਮਾ ਸੋਈ ॥ ੮੬ ॥ ਦੋ ॥ ਆਦਿ ਏਕ ਪੁਨ ਅੰਤ ਇਕ ਕਹਯੋ ਪ੍ਰਗਟ ਕਰ ਜਾਨ ॥ ਮਧ ਕਲਪਨਾ ਜੋ ਕਰੀ ਸੋ ਕਲਪਤ ਪਹਿਚਾਨ ॥ ੮੭ ॥

ਹੱਥ ਲਿਖਤ ਨੰ : MS 244 ਸੰਗ੍ਰਹਿ
ਸਿਰਲੇਖ : ਕਾਮ ਸਾਸਤ੍ਰ
ਲੇਖਕ : ਭਵਰੇਸ਼, ਕਵੀ
ਲਿਖਾਰੀ : ਕਾਲੀ ਚਰਨ
ਪੱਤਰੇ : 1– 32 ਅ
ਆਕਾਰ : 19X14 ਸ.ਮ ਲਿਖਤ: 16X9.5 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜੇ ਰੁੱਖ ਦੋ ਜਾਮਨੀ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 18
ਆਮ ਵੇਰਵਾ : ਪੋਥੀ ਦੇ ਆਰੰਭ ਵਿਚ 11 ਅਤੇ ਅੰਤ ਤੇ ਤਿੰਨ ਪੱਤਰੇ ਪੈਨਸਿਲ ਨਾਲ ਲਕੀਰਾਂ ਅਤੇ ਹਾਸ਼ੀਆ ਮਾਰਕੇ ਖਾਲੀ ਹਨ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਅੰਤਿਮ ਪੱਤਰੇ ਤੇ ਸ਼ਬਦਾਂ ਦੇ ਨਾਲ ਅਰਥ ਵੀ ਦਿੱਤੇ ਹਨ । ਪੋਥੀ ਦੀ ਹਾਲਤ ਖਸਤਾ, ਪੱਤਰੇ ਉਖੜੇ ਹੋਏ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਕਾਮ ਸਾਸਤ੍ਰ ਰਤਿ ਰਹੋਂਸਯਾ ਕੋਕ ਲਿਖਯਤੇ ॥ ਕਬਿਤੁ ॥ ਹਰ ਬਿਧਿ ਦੇਵ ਸੇਵ ਕਰਤ ਲਹਤ ਭੇਵ ਜੇਵ ਬਡੇ ਭਏ ਥੇ ਫਿਕਰ ਸਬ ਥੋਕ ਕੋ ॥ ਸੋ ਕਵ ਕੁਮਾਰ ਮਨ ਇਛਾ ਕੇ ਦਤਾਰ ਬਡੀ ਸੋਭਾ ਕੇ ਭੰਡਾਰ ਹੈ ਸੁਖਦ ਸੁਰਓਕ ਕੋ ॥ ਮੰਜੁਲ ਕਮਲ ਕਾਂਤਿ ਸੁਰਤਭ ਰੁਦਲ ਭਾਤਿ ਧਿਆਵੈ ਸੁਰ ਪਾਂਤਿ ਸਾਂਤਿਹ ਹਰੈ ਸੋਕ ਕੋ ॥ ਨਖ ਸਤ੍ਰ ਗੁਨ ਸਾਲੀ ਧਰੋਂ ਰਜੋ ਗੁਨ ਲਾਲੀ ਐਸੇ ਕਾਲੀ ਚਰਨ ਸਰਨ ਤਿੰਹੂ ਲੋਕ ਕੋ ॥ ੧ ॥...

ਅੰਤ : … ਸਾਲੂਰ ਛੰਦ ॥ ਅਧਿਕ ਲਾਂਬੇਓਨ ਜਾਂਕੇ ਗਹਿਰ ਪੀਰੇ ਨੈਨ ॥ ਕਰ ਚਰਨ ਛੁਵਤ ਕਠੋਰ ਰੋਏ ਹਸੈ ਸੋਏ ਚੈਂਨ ॥ ਭੋਜਨ ਕਰੈ ਅਤਿ ਹੀ ਸਿਥਲ ਕੁਚਪਾਤ ਠੋਡੀ ਬਾਰ ॥ ਕਾਨ ਸੂਪ ਸਮਾਨ ਕੁਰਨ ਦਨ ਬਦਨ ਦੀਰਘ ਭਾਰ ॥ ੨੭੯ ॥ ੫ ॥ ਇਤਿ ਕੋਕ ਸੰਪੂਰਨੰ ਮਸਤ ਸੁਭ ਮਸਤ ॥

ਹੱਥ ਲਿਖਤ ਨੰ : MS 244 ਅ
ਸਿਰਲੇਖ : ਪ੍ਰਸਨਾਵਲੀ
ਪੱਤਰੇ : 33 ਉ – 34 ਉ
ਆਕਾਰ : 19X14 ਸ.ਮ ਲਿਖਤ: 16X19.5 ਸ.ਮ
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਪ੍ਰਸਨਾਵਲੀ ਲਿਖਯਤੇ ॥ ਦੋਹਰਾ ॥ ਸੁਰਸਨੇਸਿ ਵਿਚਾਰਦਾ ਸੂਰ ਆਦਿਕ ਗ੍ਰਿਹ ਸਿਧਿ ॥ ਨਮਸਕਾਰ ਸਬ ਕੋ ਕਰੌ ਮਨ ਬਾਛਤ ਫਲ ਸਿਧਿ ॥ ੧ ॥ ਕੀਓ ਪ੍ਰਸਨ ਹਨੂਮਾਨ ਕੌ ਰਾਮ ਚੰਦ ਸੀਯਾ ਹੇਤ ॥ ਅਸੁਰਨਿ ਕੰਦਨ ਦੇਵ ਹਿਤ ਭਗਤਿਨ ਕੋ ਸੁਖ ਦੇਤ ॥ ੨ ॥…
ਅੰਤ : … ਮਨ ਮੈ ਨਿਸਚਾ ਰਾਖ ਕੈ ਬਚਨ ਲੇਹ ਚਿਤ ਧਾਰ ॥ ਪੂਰਨ ਕਰੇ ਮੁਰਾਰ ਜੀ ਭਾਵਨ ਹੈ ਸੁਖ ਸਾਰ ॥ ੨੨ ॥ ਇਤਿ ਪ੍ਰਸਨਾਵਲੀ ਸੰਪੂਰਨੰ ॥ = ॥

ਹੱਥ ਲਿਖਤ ਨੰ : MS 244 ਏ
ਸਿਰਲੇਖ : ਬਿਲਾਈ ਪ੍ਰਸ਼ਨ
ਪੱਤਰੇ : 234 ਅ
ਆਕਾਰ : 19X14 ਸ.ਮ ਲਿਖਤ: 16X9.5 ਸ.ਮ
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਬਿਲਾਈ ਪ੍ਰਸਨ ॥ ਚੌਪਈ ॥ ਕਤਕ ਮਘਰ ਕਲਹਿ ਕਰਾਵਹਿ ॥ ਪੋਖ ਮਾਂਹਿ ਮਿਤ੍ਰ ਮਿਲਵਹਿ ॥ ਫਗਣ ਹੋਇ ਡਰ ਕੀ ਆਸਾ ॥ ੧ ॥ ਚੇਤ੍ਰ ਬੋਲੈ ਚਿੰਤਾ ਧਰੈ ॥ ਰਾਜ ਵਿਗ੍ਰਹ ਵੈਸਾਖੈ ਕਰੈ ॥ ਜੇਨ ਬਿਲਾਈ ਦੁਖ ਸੋਂ ਬੋਲੈ ॥ ਹੋਇ ਮੂਨਾ ਜਾਂ ਗ੍ਰਿਵਰ ਡੋਲੈ ॥ ੨ ॥…
ਅੰਤ : … ਦੋਹਰਾ ॥ ਐਸੋ ਦੁਵਾਦਸ ਮਾਸਾ ਬਿਚਾਰ ਕੈ ਸਦਨ ਪ੍ਰ ਬੈਠ ॥ ਲੀਜਹੁ ਚਤ੍ਰ ਬਿਚਾਰ ਮਨ ਸਮਝ ਬਤਾਂਊ ਐਸ ॥ ੫ ॥ ਇਤਿ ਬਿਲਾਈ ਪ੍ਰਸਨ ॥

ਹੱਥ ਲਿਖਤ ਨੰ : MS 244 ਸ
ਸਿਰਲੇਖ : ਸੁਪਨਾ ਵਿਚਾਰ
ਲੇਖਕ : ਗੌਰੀ ਰਾਇ
ਪੱਤਰੇ : 35 ਉ - 41 ਉ
ਆਕਾਰ : 19X14 ਸ.ਮ ਲਿਖਤ: 16X9.5 ਸ.ਮ
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਸੁਪਨਾ ਵੀਚਾਰ ॥ ਦੋਹਰਾ ॥ ਸੂਕਰ ਕੂਕ ਮਾਹਿ ਚਢ ਜਾਇ ਦਖਣ ਦਿਸ ਜੋਇ ॥ ਗਾਵਤ ਹਸਤ ਸੋਇਯੋ ਮਰੈ ਉਠੈ ਨ ਬਹੁਰੋ ਸੋਇ ॥ ੧ ॥ ਸੋਰਠਾ ॥ ਬਹਰੌ ਕਰੌਂ ਬਖਾਨ ਮਰਣ ਅਵਧ ਲਖਣ ਕਛੂ ॥ ਕਰੇ ਭਲੇ ਜਪ ਦਾਨ ਜਾਂਤੇ ਨਰਕ ਨ ਜਾਇ ਨਰ ॥ ੨ ॥…

ਅੰਤ : ... ਤਹ ਉਪਜੇ ਬਨਾਰਸੀ ਪੜੇ ਬਿਦਿਯਾ ਜਾਇ ॥ ਭਵਿਖਤ ਅਰਥ ਪ੍ਰਕਾਸ ਯਹ ਕਰਿਯੋ ਗ੍ਰੰਥ ਸੁਖਦਾਇ ॥ ੫੯ ॥ ਇਤਿ ਸ੍ਰੀ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘੇਨ ਗੌਰੀ ਰਾਇ ਆਤਮ ਜੇ ਨਿਵਿਰਚਤੇ ਭਵਿਖਤ ਅਰਥ ਪ੍ਰਕਾਸੇ ਕੇਵਲ ਸੁਪਨ ਨਿਰਨਿਯੋ ਨਾਮ ਦੁਤੀਯੋ ਧਿਆਇ ॥ ੨ ॥ ੬● ॥ ਇਤਿ ਸੁਪਨਾ ਵਿਚਾਰ ਸਮਾਪਤੰ ਮਸਤ ਸੁਭ ਮਸਤ ॥

ਹੱਥ ਲਿਖਤ ਨੰ : MS 245

ਸਿਰਲੇਖ : ਮੁਕਤ ਮਾਰਗ ਗ੍ਰੰਥ (ਪਾਤਸ਼ਾਹੀ ਦਸਵੀਂ)

ਪੱਤਰੇ : 1 ਅ - 299 ਅ

ਆਕਾਰ : 15X17.5 ਸ.ਮ. ਲਿਖਤ: 9.5X12.5 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਨ, ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਤੇ ਕਾਲੀ ਸਿਆਹੀ ਮਿਲਾ ਕੇ ਵਰਤੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਕਾਲੀ ਮਿਕਸ ਅਤੇ ਵਿਚਕਾਰ ਇਕ ਕਾਲੀ ਸਿਆਹੀ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ–8

ਆਮ ਵੇਰਵਾ : ਪੋਥੀ ਦੇ ਆਰੰਭ ਵਿਚ 'ਤਤਕਰਾ ਦਿੱਤਾ ਹੈ, ਇਸ ਤੋਂ ਬਾਅਦ ' ਪੈਂਤੀ ਅੱਖਰੀ ' ਲਿਖੀ ਹੈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਆਰੰਭ ਵਿਚ ਦੋ ਬਿਨਾਂ ਹਾਸ਼ੀਆ ਅਤੇ ਦੋ ਹਾਸ਼ੀਏ ਵਾਲੇ ਪੱਤਰੇ ਅਤੇ ਅੰਤ ਵਿਚ ਇਕ ਬਿਨ੍ਹਾਂ ਹਾਸ਼ੀਏ ਤੋਂ ਖਾਲੀ ਹਨ ।

ਆਰੰਭ : ੧ੴ ਸਤਿਨਾਮ ਕਰਤਾ ਪੁਰਖ ... ਗੁਰ ਪ੍ਰਸਾਦਿ ॥ ਅਥ ਮੁਕ੍ਰ ਮਾਰਗ ਗ੍ਰੰਥ ਲਿਖਸਤੇ ॥ ਪਾਤਸ਼ਾਹੀ ੧● ॥ ਏਕ ਸਮੈ ਸ੍ਰੀ ਗੁਰੂ ਜੀ ਕੇ ਪਾਸ ਸਿਖ ਸਰਬ ਬੇਨਤੀ ਕਰਤ ਭਏ ॥ ਅਬਚਲ ਨਗਰ ਵਿਖੇ ਜੇ ਹੇ ਸਤਿਗੁਰੂ ਜੀ ਵੈਹ ਹਮਕੋ ਸਬ ਬਿਧ ਕਹੋ ਜੋ ਇਸ ਜੀ ਕੌ ਸੰਸਾਰ ਸਾਗਰ ਤਰਣ ਕਾ ਜਤਨ ਕਵਨ ਹੈ ॥...

ਅੰਤ : ... ਬਿਲਾਵਲ ਮ: ੫ ਰੋਗ ਮਿਟਾਯਾ ਆਪ ਪ੍ਰਭ ਨੀਲੀ ਟਲੀ ਨੂ ਅਗ ਲਗਾਵੈ ਉਸ ਨਾਲ ਪੜ ਪੜ ਲੂਤ ਝਾੜੈ । ਇਸ ਗ੍ਰੰਥ ਕੇ ਪਾਠ ਕਰਨੇ ਤੇ ਫਲ ਹੈ ਮੁਕਤਿ ਭੁਗਤ ਕਾ ਮਾਰਗ ਹੈ । ਇਤਿ ਸ੍ਰੀ ਮੁਕਤ ਮਾਰਗ ਗ੍ਰੰਥ ਗ੍ਰੰਥ ਜੀ ਕਾ ਪ੍ਰਕਾਸ ਸਰਬ ਕਰਮ ਨਿਰੂਪਣ ਸ੍ਰੀ ਗੁਰੂ ਮੁਖਾਤ ਧਰਮ ਅਰਥ ਕਾਂਮ ਮੋਖ ਸੰਪੂਰਣ ॥ ਔ ਮਕ੍ਰ ਕੋ ਪੰਥ ਜਨਮ ਮ੍ਰਿਤਕ ਪ੍ਰਯੰਤ ਸਰਬਾਸਨਾ ਪੂਰਣ ਸਮਪਤੰ ॥ ਸ੍ਰੀ ਵਾਹਗੁਰੂ ਜੀ ਕੀ ਫਤੇ ।

ਹੱਥ ਲਿਖਤ ਨੰ : MS 246

ਸਿਰਲੇਖ : ਅਸ੍ਵਮੇਧ ਭਾਖਾ

ਲੇਖਕ : ਟਹਕਣ, ਕਵੀ

ਪੱਤਰੇ : 1 ਅ - 514

ਆਕਾਰ : 20X28 ਸ.ਮ. ਲਿਖਤ: 13X19 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀਂ ੭ ਲਕੀਰਾਂ ਦਾ ਹਾਸ਼ੀਆ, ਤਿੰਨ ਕਾਲੀਆਂ, ਦੋ ਕੇਸਰੀ, ਇਕ ਨੀਲੀ, ਵਿਚਕਾਰ ਮੋਟੀ ਸੰਤਰੀ ਲਕੀਰ, ਸਤਰਾਂ ਪ੍ਰਤੀ ਪੰਨਾ – 15

ਆਮ ਵੇਰਵਾ : ਲਿਖਤ ਸੁੰਦਰ, ਪੋਥੀ ਦਾ ਆਰੰਭ ਸੁਨਹਿਰੀ ਅਖਰਾਂ ਨਾਲ, ਪਹਿਲਾਂ ਦੋ ਪੱਤਰਿਆਂ ਤੇ ਦੂਹਰਾ ਹਾਸ਼ੀਆ, ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੈ, ਪੋਥੀ ਸਜਾਵਟ ਵਾਲੀ ਹੈ । 334 ਤਕ ਪੱਤਰਾ ਅੰਕ ਲਿਖਤ ਵਾਲੀ ਕਾਨੀ ਦੇ ਹਨ ਅਗੋਂ ਪੱਤਰਾ ਅੰਕ ਹੋਰ ਕਾਨੀ ਨਾਲ ਲਿਖੇ ਹਨ । ਚਾਰ ਚਾਰ ਪੱਤਰੇ ਹਾਸ਼ੀਏ ਵਾਲੇ ਸ਼ੁਰੂ ਵਿਚ ਅਤੇ ਅੰਤ ਤੇ ਖਾਲੀ ਹਨ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਓਅੰ ਸ੍ਰੀ ਗਣੇਸਾਯ ਨਮਹ ॥ ਸ੍ਰੀ ਕਾਲਕਾਇ ਨਮਹ ॥ ਓਅੰ ਸ੍ਰੀ ਨੰਦ ਲਾਲੋ ਜਯਤ ॥ ਅਥ ਸ੍ਰੀ ਅਸਮੇਧ ਭਾਖਾ ਲਿਖਤੇ ॥ ਕ੍ਰਿਤ ਕਵ ਟਹਕਨ ਕੀ ॥ ਚਉਪਈ ॥ ਪ੍ਰਿਥਮੇ ਪ੍ਰਣਵੋ ਗ੍ਰਿਜਾ ਨੰਦਨ ॥ ਸੰਕ੍ਰਤ ਨਗਨ ਬਿਘਨ ਨਿਕੰਦਨ ॥ ਲੰਬੋਦਰ ਦੁਖ ਹਰ ਸੁਖ ਦਾਇਕ ॥ ਸੰਕ੍ਰਤਨ ਗਜ ਬਦਨ ਬਿਨਾਇਕ ॥ ਸੁਧ ਸਦਨ ਅਘ ਅਉਧ ਬਿਨਾਸਨ ॥ ਮੰਗਲ ਰੂਪ ਅਮੰਗਲ ਨਾਸਨ ॥ ਸਰਨ ਅਸਰਨ ਸਕਲ ਜਗ ਬੰਦਨ ॥ ਸੇਵਤ ਸੁਰ ਨਰ ਸੇ ਧੂਰ ਅਰ ਚੰਦਨ ॥ ਸ੍ਰੀ ਭਾਰਥ ਕੇ ਪ੍ਰਬ ਅਸਟ ਦਸ ॥ ਤਿਨ ਮੈ ਅਸ੍ਵਮੇਧ ਅਦਭੁਤ ਰਸ ॥ ਕੀਜੈ ਕ੍ਰਿਪਾ ਦਾਸ ਟਹਕਨ ਪਰ ਸੰਪੂਰਨ ਭਾਖਾ ਬਰਨੋ ਸੁਭ ਬਰ ॥ ੧ ॥...

ਅੰਤ : ... ਦੋਹਰਾ ॥ ਸ੍ਰੀ ਨੰਦ ਲਾਲ ਕੀ ਕ੍ਰਿਪਾ ਤੇ ਹੈ ਕ੍ਰਿਤ ਕੀ ਭਾਖਿਆ ਕਰੀ ॥ ਕਵ ਟਹਕਨ ਕੋ ਛਿਮੋ ਤੁਮ ਜਹਾਂ ਚੂਕ ਬਰਨਤ ਪਰੀ ॥ ੬੯ ॥ ਇਤ ਸ੍ਰੀ ਭਾਰਥ ਪਰਬਣੇ ਅਸਮੇਧ ਬਖਿਆਨ ॥ ਕਵ ਟਹਕਣ ਪੂਰਨ ਭਏ ਤ੍ਰਿਹਤ੍ਰਮੋ ਧਿਆਇ ਪ੍ਰਮਾਨ ॥ ਇਤ ਸ੍ਰੀ ਭਾਰਥ ਪਰਬਣੇ ਮਹਾ ਪੁਰਾਣੇ ਜੈਮਨ ਜਨਮੇਜੇ ਸੰਬਾਦੇ ਤ੍ਰਿਹਤਰਮੋ ਧਿਆਇ ਸ੍ਰੀ ਰਾਮ ਕ੍ਰਿਸਨਾ ਅਰਪਣੰ ਮਸਤ ਸੁਭ ਮਸਤ ॥ ਸੰਪੂਰਨ ਸਮਾਪਤੰ ॥ ਹੈ ਕ੍ਰਿਤ ਪੂਰਨ ਜਾਨ ॥

ਹੱਥ ਲਿਖਤ ਨੰ : MS 247

ਸਿਰਲੇਖ : ਰਾਮ ਦੀਪਕਾ

ਲੇਖਕ : ਭਨਿ ਸਿੰਘ [ਭਾਨ ਸਿੰਘ]

ਸਮਾਂ : ਸੰਮਤ 1914

ਪੱਤਰੇ : 1 – 9

ਆਕਾਰ : 15X26 ਸ.ਮ. ਲਿਖਤ: 10.5X19.5 ਸ.ਮ.

ਵੇਰਵਾ : ਖੁਲ੍ਹੇ ਪੱਤਰੇ, ਦੋ ਗਤਿਆਂ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁੱਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 13

ਆਮ ਵੇਰਵਾ : ਪੱਤਰਿਆਂ ਦੀ ਹਾਲਤ ਖਸਤਾ, ਲਿਖਤ ਸੁੰਦਰ, ਕਿਤੇ ਕਿਤੇ ਕਿਰਮ-ਖੁਰਦਾ, ਪੋਥੀ ਖੜੇ ਰੁਖ ਖੁਲਦੀ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯ ਨਮ: ॥ ਦੋਹਰਾ ॥ ਸ੍ਰੀ ਰਘਬਰ ਪ੍ਰਦ ਕਮਲ ਜੁਗੁ ਬੰਦ ਗੁਰਹਿ ਸਿਰ ਨਾਇ ॥ ਰਾਮ ਚਰਿਤ ਕੇ ਸਹੰਸ ਕ੍ਰਿਤਿ ਸਲੋਕੁ ਕਹੇ ਬਜਾਖਜਾਇ ॥ ੧ ॥ ਜੋ ਨਹਿ ਜਾਨਤ ਸੰਸਕ੍ਰਿਤ ਭਾਖਾ ਮਾਹਿ ਪ੍ਰਬੀਨ ॥ ਤਾਹਿ ਤਯਹਿ ਬਜਾਖਜਾ ਕਰੀ ਪ੍ਰਤ ਪਦ ਪਰਮ ਨਵੀਨ ॥ ੨ ॥...

ਅੰਤ : ... ਦੋਹਰਾ ॥ ਬਹੁ ਸਾਧਨ ਕੇ ਹੀਯੇ ਕੋ ਪਰਮ ਪ੍ਰੇਮ ਪਹਿਚਾਨ ॥ ਬਾਲ ਬੋਧ ਹਿਤ ਯਹਿ ਕਿਯੋ ਵਰਨ ਮਾਤ੍ਰ ਬਖਯਾਂਨ ॥ ੧ ॥ ਸਭੈ ਸਲੋਕਨ ਕੇ ਅਰਥ ਹੀਯ ਮੈ ਆਵੈ ਧਾਇ ॥ ਰਾਮ ਦੀਪਕਾ ਨਾਮ ਅਸ ਟੀਕਾ ਕਰੀ ਬਨਾਇ ॥ ੨ ॥ ਮਤ ਅਨੁਸਾਰ ਭਲੀ ਕਰੀ ਨੂ ਨ ਅਧਿਕ ਜੋ ਹੋਇ ॥ ਖਿਮਾ ਕਰੌ ਬੁਧ ਜਨ ਸਕਲ ਬਾਲ ਜਾਨ ਕਰ ਸੋਇ ॥ ੩ ॥ ਇਤ ਸ੍ਰੀ ਮਤ ਗੁਰੁ ਨਾਨਕ ਬ੍ਰਹਮ ਅਚਲ ਚਰਨ ਕਮਲ ਭ੍ਰਿੰਗਰ ਭਨਿ ਸਿੰਘ ਵਿਰਚਤੇ ਰਾਮ ਦੀਪਕਾ ਸਮਾਪਤੰ ॥੪॥ ਲਿਖੀ ਫਗਣੇ ੩● ਸੰਮਤ ੧੯੧੪ ॥

ਹੱਥ ਲਿਖਤ ਨੰ : MS 248

ਸਿਰਲੇਖ : ਸੂਰਜ ਪ੍ਰਕਾਸ਼ (ਗੁਰ ਪ੍ਰਤਾਪ ਸੂਰਜ ਗ੍ਰੰਥ)

ਲੇਖਕ : ਸੰਤੋਖ ਸਿੰਘ, ਭਾਈ

ਲਿਖਾਰੀ : ਰਾਮ ਕੌਰ

ਪੱਤਰੇ : 1 – 684

ਆਕਾਰ : 24X33 ਸ.ਮ. ਲਿਖਤ: 18X23 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ,ਉਪਰ ਕਪੜਾ ਚੜ੍ਹਿਆ ਹੋਇਆ, ਪਰ ਉੱਖੜੀ ਹੋਈ, ਵਖਰੇਵੇਂ ਲਈ ਸੰਤਰੀ ਰੰਗ ਦੀ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁਖ 6-6 ਲਕੀਰਾਂ (ਦੋ ਲਾਲ, ਤਿੰਨ ਨੀਲੀਆਂ ਵਿਚਕਾਰ ਮੋਟੀ ਪੀਲੀ ਲਕੀਰ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 19

ਆਮ ਵੇਰਵਾ : ਲਿਖਤ ਸੁੰਦਰ, ਪਹਿਲਾ ਪੱਤਰਾ ਸਜਾਵਟ ਵਾਲਾ, ਥਾਂ ਥਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸੂਰਜ ਪ੍ਰਕਾਸ ਲਿਖਤੇ ॥ ਅਥ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਲਿਖਯਤੇ ॥ : ॥ ਅਥ ਪ੍ਰਥਮ ਰਾਸ ਲਿਖਜਤੇ ॥ ਕਵਿ ਭਾਈ ਸੰਤੋਖ ਸਿੰਘ ਕੀ ॥ : ਦੋਹਰਾ ॥ ਤੀਨੋ ਕਾਲ ਸੁ ਅਚਲ ਰਹਿ ਅਲੰਬ ਸਕਲ ਜਗ ਜਾਲ ॥ ਜਾਲ ਕਾਲ ਲਖਿਮੁ ਚਿਤ ਜਿਸਿ ਕਰਤਾ ਪੁਰਖ ਅਕਾਲ ॥ ੧ ॥ ਦੋਹਰਾ ॥ ਛੋਨੀ ਸੂਰਜ ਅਗਨਿ ਜਮ ਬਾਯੁ ਤ੍ਰਾਸ ਜਿਸਿ ਪਾਯ ॥ ਨਿਜ ਸੁਭਾਵ ਮਹਿ ਥਿਤਿ ਰਹਤਿ ਅਸ ਬ੍ਰਹਮ ਰਿਦ ਬਿਦਤਾਯ ॥ ੨ ॥…

ਅੰਤ : … ਅਬਿ ਰਾਸ ਚਤੁਰਥੀ ਪੂਰਨ ਕੀਨਿ ॥ ਗੁਰ ਕ੍ਰਿਪਾ ਧਾਰਿ ਉੱਦਮ ਸੁਦੀਨ ॥ ਸੁੰਦ੍ਰ ਬਿਲਾਸ ਕੀਨੇ ਪ੍ਰਕਾਸ ॥ ਜਿਸਿ ਪਾਇ ਪਰਤ ਸਭ ਪਾਪ ਨਾਸਿ ॥ ੪੭ ॥ ੧ ॥ ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਚਤੁਰਥ ਰਾਸੇ ਸ੍ਰੀ ਹਰ ਗੋਬਿੰਦ ਦੁਰਗ ਨਿਕਸਨ ਕੋ ਪ੍ਰਸੰਗ ਬਰਨਨੰ ਨਾਮੁ ਖਸਟਮ ਸਠੀ ਅੰਸੂ ਸਮਾਪਤੰ ਮਸਤੁ ਸੁਭ ਮਸਤ ॥ ੬੬ ॥ ੧ ॥ ॥ ਇਤ ਸ੍ਰੀ ਚਤੁਰਥੁ ਰਾਸ ਸਮਾਪਤੰ ॥ ੪ ॥ ੧ ॥ ਬੋਲਹੁ ਵਾਹਗੁਰੂ ਜੀ ਕੀ ਫਤੇ ॥

ਹੱਥ ਲਿਖਤ ਨੰ : MS 249

ਸਿਰਲੇਖ : ਗੁਰ ਪ੍ਰਤਾਪ ਸੂਰਜ ਗ੍ਰੰਥ

ਲੇਖਕ : ਸੰਤੋਖ ਸਿੰਘ, ਭਾਈ

ਲਿਖਾਰੀ : ਜਵਾਹਰ ਸਿੰਘ ਅਲਘ

ਲਿਪੀ ਕਾਲ : ਸੰਮਤ 1949

ਸਥਾਨ : ਪੰਜਾ ਸਾਹਿਬ

ਪੱਤਰੇ : 1 – 417

ਆਕਾਰ : 25X34 ਸ.ਮ. ਲਿਖਤ: 16.5X23 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਉਪਰ ਕਪੜਾ ਚੜ੍ਹਿਆ ਹੋਇਆ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁੱਖ ਦੋ ਲਾਲ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 16

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਆਰੰਭ ਵਿਚ 7 ਅਤੇ ਅੰਤ ਤੇ 5 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ, ਪਹਿਲਾ ਅਤੇ ਅੰਤਲਾ ਪੱਤਰਾ ਸਜਾਵਟ ਵਾਲੇ ਹਨ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਇਸ ਪੋਥੀ ਵਿਚ ਪ੍ਰਥਮ ਰੁਤੇ ਤੋਂ ਚਤਰਥ ਰੁਤੇ ਤਕ ਹੈ

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ੧ੴ ਸ੍ਰੀ ਵਾਹ ਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥ ਅਥ ਕਲਗੀਧਰ ਪ੍ਰਬੰਧ ਕਥਨੰ ॥ ਦੋਹਰਾ ॥ ਤੀਨੋ ਕਾਲ ਅਲਿਪਤ ਰਹਿ ਖੋਜਹਿ ਜਾਹਿ ਪ੍ਰਬੀਨ ॥ ਬੀਨਤਿ ਸਚਤਾਨੰਦ ਤ੍ਰੈ ਜਾਨਹਿ ਮਰ ਮਰ ਤੀਨ ॥ ੧ ॥ ਤਾਰਤ ਮਹਿਰਮ ਇਕ ਸਮਹਿ ਪਾਰਬ੍ਰਹਮ ਬਿਸਤਾਰ ॥ ਤਾਰਤ ਗੁਰੂ ਜਨਾਇ ਜਿਸ ਮੋਹ ਬਿਸਜਾ ਬਿਸਤਾਰ ॥ ੨ ॥…

ਅੰਤ : … ਦਸ ਪਤਿ ਸਾਹੁ ਨ ਸੁਭ ਚਰਨ ॥ ਧਰ ਕਰ ਧਯਾਨ ਬਿਘਨ ਕਿਯ ਹਰਨ ਅਭਿਲਾਖਾ ਨਿਜ ਪੂਰਨ ਕਰੀ ॥ ਦੁਸਟਨ ਕੀ ਮਤਿ ਕਛ ਨਹਿ ਅਰੀ ॥ ੪੯ ॥ ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਚਤਰਥ ਰੁਤੇ ਸਤਿਗੁਰ ਕਥਾ ਬਿਚਰਤਾਯਾ ਭਾਖਾਯਾ ਕਵਿ ਸੰਤੋਖ ਸਿੰਘ ਜਥਾ ਮਤਿ ਬਰਨਨੰ ਨਾਮ

ਇਕ ਪੰਚਾਸਤ ਅੰਸੂ ॥ ੫੧ ॥ ਚਤਰਥ ਰੁਤ ਸਮਾਪਤੰ ॥ ਸੁਭ ਮਸਤ ॥ ਦੋਹਰਾ ॥ ਸੰਮਤ ਸਸ ਗ੍ਰਹ ਦਿਸਾ ਹੈ ਨਾਥਹਿ ਔਰ ਮਿਲਾਇ ॥ ਚੇਤਰ ਦਿਨ ਬਿੰਸਤ ਗਏ ਖਸਟਮ ਥਿਤ ਗਿਨਾਇ ॥ ੧ ॥ ਛਨਿਛਰਵਾਰ ਪੂਰਨ ਭਈ ਚਤਰਥ ਰੁਤਿ ਪਛਾਨ ॥ ਬਖਸੀਏ ਸਤਿਗੁਰ ਕ੍ਰਿਪਾ ॥ ਕਰਿ ਜਹਾ ਚੂਕ ਮਮ ਜਾਨ ॥ ੨ ॥ ਦਸਖਤ ਭਾਈ ਜਵਾਹਰ ਸਿੰਘ ਅਲਘ ॥ ਭੂਲ ਚੂਕ ਸਾਧ ਸੰਗਤਿ ਬਖਸਿੰਦ ਹੈ ॥ ਸੂਰਜ ਪ੍ਰਕਾਸ ਗ੍ਰੰਥ ਲਿਖਵਾਇਆ ਮੂਲੇ ਕੁ ਭਾਰ ਵਾਸੀ ਪੰਜੋ ਸਾਹਿਬ ਜੀ ਕੀ ਲਿਖਿਆ ਜਵਾਹਰਿ ਸਿੰਘ ਵਾਸੀ ਨੀਲੇ ਸਹਿਰ ਕੀ ॥ ਧ੍ਰਾਭੀ ਵਿਚ ਧਰਮਸਾਲ ਕੋ ਸੰਪੂਰਨ ਹੋਇਆ ॥ ਸਾਧ ਸੰਗਤ ਕੀ ਕ੍ਰਿਪਾ ਤੇ ॥

ਹੱਥ ਲਿਖਤ ਨੰ : MS 250
ਸਿਰਲੇਖ : ਗੁਰ ਪ੍ਰਤਾਪ ਸੂਰਜ ਪ੍ਰਕਾਸ਼
ਲੇਖਕ : ਸੰਤੋਖ ਸਿੰਘ, ਭਾਈ
ਲਿਪੀ ਕਾਲ : ਸੰਮਤ 1931
ਸਥਾਨ : ਪੰਜਾ ਸਾਹਿਬ
ਪੱਤਰੇ : 1 – 254+ 1-141+4-154=546
ਆਕਾਰ : 24.5X32 ਸ.ਮ. ਲਿਖਤ: 17.5X22.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਪੱਕੀ ਬੰਨ੍ਹੀ ਹੋਈ, ਵਖਰੇਵੇਂ ਲਈ ਸੰਤਰੀ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ 6 ਲਾਲ ਲਕੀਰਾਂ (ਦੋ ਲਾਲ, ਦੋ ਕਾਲੀਆਂ, ਇਕ ਨੀਲੀ, ਵਿਚਕਾਰ ਮੋਟੀ ਪੀਲੀ ਲਕੀਰ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 18
ਆਮ ਵੇਰਵਾ : ਲਿਖਤ ਸੁੰਦਰ, ਪਹਿਲਾ ਅਤੇ 139 ਪੱਤਰਾ ਸਜਾਵਟ ਵਾਲੇ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ,
ਆਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥ ਸਵੈਯਾ ॥ ਅਥ ਸੂਰਜ ਪ੍ਰਕਾਸ਼ ਗ੍ਰੰਥ ਨਵਮ ਰਾਸ ਲਿਖਯਤੇ ॥ ਕਵਿਤਾ ਭਾਈ ਸੰਤੋਖ ਸਿੰਘ ਕੀ ॥ : ॥ : ॥ ਸ੍ਰੀ ਪੁਰਸੋਤਮ ਪੂਰਨ ਹੈ ॥ ਪਰਮਾਤਮ ਪਾਲਕ ਲੇਪਨ ਮਾਯਾ ॥ ਸ੍ਰੀ ਪਰਮੇਸ੍ਵਰ ਮਾਧਵਨ ਪੋਖਕ ਪ੍ਰੇਰਕ ਪਾਰ ਨ ਪਾਯਾ ॥ ਜੈ ਕਹਤਾ ਜਗਦੀਸ ਜ ਜੇ ਜਗ ਜੀਵਨ ਜੋਨ ਬਿਨਾ ਜਸ ਛਾਯਾ ॥ ਸ੍ਰੀ ਪਤਿ ਜੋਤਿ ਸਰੂਪ ਅਨੂਪਮ ਭੂਪਨ ਭੂਪ ਨਮੋ ਹਰਿ ਰਾਯਾ ॥ ੧ ॥...
ਅੰਤ : ... ਸਾਰਦ ਚੰਦ ਬਦਨ ਬਰ ਸਾਰਦ ॥ ਬੰਦੋ ਪਦ ਅਰ ਬਿੰਦ ਨਿਸਾਰਦ ॥ ਪਾਰਬ੍ਰਹਮ ਸਤਿਗੁਰ ਦਸ ਯਜਾਇ ॥ ਬੰਦੋ ਬਾਰਿ ਬਾਰਿ ਸਿਰ ਨਜਾਇ ॥ ੪੧ ॥ ੧ ॥ ਇਤ ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ ਗ੍ਰੰਥੇ ਦੁਯਾਦਸ ਰਾਸੇ ਕਵਿ ਸੰਤੋਖ ਸਿੰਘ ਵਿਚਰਤਾਯੰ ਭਾਖਾਯੰ ਨਵ ਗੁਰ ਸ੍ਰੀ ਤੇਗ ਬਹਾਦਰ ਜੀ ਕਥਾ ਪ੍ਰਸੰਗ ਬਰਨਨੰ ਨਾਮੁ ਅਸਟਮ ਸਠੀ ਅੰਸੂ ॥ ੬੮ ॥ ੧ ॥ ਇਤ ਸ੍ਰੀ ਦੁਯਾਦਸ ਰਾਸ ਸਮਾਪਤੁ ਮਸਤੁ ਸੁਭ ਮਸਤ ॥ ੧੨ ॥ ੧ ॥ ਸ੍ਰੀ ਵਾਹਿਗੁਰੂ ਜੀ ਤੇਰੀ ਸਹਾਇਤਾ ਸਰਨ ਤੇਰੀ ॥ ੧੨ ॥ ੧ ॥ ॥ ॥ ॥

ਹੱਥ ਲਿਖਤ ਨੰ : MS 251
ਸਿਰਲੇਖ : ਗੁਰ ਪ੍ਰਤਾਪ ਸੂਰਜ ਗ੍ਰੰਥ
ਲਿਖਾਰੀ : ਸੰਤੋਖ ਸਿੰਘ, ਭਾਈ
ਪੱਤਰੇ : 1-507
ਆਕਾਰ : 24X32 ਸ.ਮ. ਲਿਖਤ: 18X 21 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਪੱਕੀ ਬੰਨੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀ ਖੜੇ ਰੁਖ 6 ਲਕੀਰਾਂ (ਦੋ ਲਾਲ, ਦੋ ਕਾਲੀਆਂ, ਇਕ ਨੀਲੀ, ਵਿਚ ਮੋਟੀ ਪੀਲੀ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ 18

ਆਮ ਵੇਰਵਾ : ਲਿਖਤ ਸੁੰਦਰ ਪਹਿਲਾ ਅਤੇ 379 ਪੱਤਰਾ ਸਜਾਵਟ ਵਾਲਾ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਕਿਤੇ ਕਿਤੇ ਹਾਸ਼ੀਏ ਤੋ ਬਾਹਰ ਲਿਖਤ।

ਆਰੰਭ : ੧ੴਸਤਿਗੁਰ ਪ੍ਰਸਾਦਿ॥ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥੧॥ਸ੍ਰੀ ਭਗਵਤੀ ਜੀ ਸਹਾਇ॥ਅਥ ਪ੍ਰਥਮ ਰੁਤਿ ਬਰਨਨੰ ਲਿਖਤੇ॥ਅਥ ਕਲਗੀਧਰ ਅਵਤਾਰ ਕਥਨੰ॥ਦੋਹਰਾ।ਤੀਨੋ ਕਾਲ ਅਲਿਪਤ ਰਹਿ ਖੋਜਹਿ ਜਾਹਿ ਪ੍ਰਬੀਨ॥ਬਿਨਤੀ ਸਚਿਦਾਨੰਦ ਤ੍ਰੈ ਜਾਨਹਿ ਮਰੁ ਮਰੁ ਤੀਨ॥੧॥ਤਾਰਤ ਮਹਿਰਮ ਇਕਸ ਮਹਿ ਪਾਰਬ੍ਰਹਮ ਬਿਸਤਾਰੁ॥ ਤਾਰਤ ਗੁਰੂ ਜਨਾਇ ਜਿਸ ਮੋ ਬਿਸਯ ਬਿਸਤਾਰ॥੨॥...

ਅੰਤ : ...ਦਸ ਪਤਿ ਸਾਹਨਿ ਕੇ ਸੁਭ ਚਰਨ॥ਧਰ ਕਰ ਧਜਾਂਨ ਬਿਘਨ ਕਿਯ ਹਰਨ॥ਅਭਿਲਾਖਾ ਨਿਜ ਪੂਰਨ ਕਰੀ॥ਦੁਸਟਨਿ ਕੀ ਮਤਿ ਕਿਛੁ ਨ ਹੀਅਰੀ॥੪੯॥੧॥ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਚਤੁਰਥੁ ਰੁਤੇ ਸਤਿਗੁਰ ਕੋ ਕਥਾ ਬਿਚਰਤਾਯਾ ਭਾਖਯੰ॥ਕਵਿ ਸੰਤੋਖਿ ਸਿੰਘ ਜਥਾਮਤ ਬਰਨਨੰ ਨਾਮੁ ਇਕਵੰਜਵੋ ਅੰਸੁ ਧਿਆਇ ਸਮਾਪਤੰ ਮਸਤੁ ਸੁਭ ਮਸਤੁ ॥੫੧॥੧॥ ਇਤੀ ਚਤੁਰਥੁ ਰੁਸੁ ਸਮਾਪਤੰ॥੪॥੧॥ਸੁਭੰ॥ਹਰੇ॥

ਹੱਥ ਲਿਖਤ ਨੰ : MS 252

ਸਿਰਲੇਖ : ਸ੍ਰੀ ਨਾਨਕ ਪ੍ਰਕਾਸ਼

ਲੇਖਕ : ਸੰਤੋਖ ਸਿੰਘ, ਭਾਈ

ਲਿਪੀ ਕਾਲ : ਸੰਮਤ 1931

ਪੱਤਰੇ : 1 ਅ-581

ਆਕਾਰ : 24X33 ਸ.ਮ. ਲਿਖਤ: 17X21 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ,ਪੱਕੀ ਬੰਨੀ ਹੋਈ, ਵਖਰੇਵੇਂ ਲਈ ਸੰਤਰੀ ਰੰਗ ਦੀ ਸਿਆਹੀ ਦੀ ਵਰਤੋਂ, ਦੁਪਾਸੀ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ – 18

ਆਮ ਵੇਰਵਾ : ਲਿਖਤ ਸੁੰਦਰ, ਪੋਥੀ ਦੀ ਹਾਲਤ ਖਸਤਾ, ਪਹਿਲੇ ਦੋ ਪੱਤਰਿਆਂ ਤੇ ਦੋਹਰਾ ਹਾਸ਼ੀਆ, ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਤ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ॥

ਆਰੰਭ : ੧ੴਸਤਿਗੁਰ ਪ੍ਰਸਾਦਿ॥ਅਥ ਸ੍ਰੀ ਨਾਨਕ ਪ੍ਰਕਾਸ਼ ਗ੍ਰਿੰਥ ਲਿਖਜਤੇ॥ਦੋਹਰਾ॥ ਏਕੋਂਕਾਰ ਸਤਿਗੁਰੂ ਤਿਹ ਪ੍ਰਸਾਦਿ ਸਚੁ ਹੋਇ॥ਵਾਹਿਗੁਰੂ ਜੀ ਕੀ ਫਤੇ॥ਬਿਘਨ ਬਿਨਾਸਨਿ ਸੋਇ॥੧॥ਕਬਿਤੁ॥ਤੀਨੋ ਲੋਕ ਬਰਦਾਨੀ ਤੀਨੋ ਜਾਂਚੈ ਮਹਾਂਰਾਂਨੀ ਤੀਨੋ ਤਾਪ ਹਾਨੀ ਆਦਿ ਤੀਨੋ ਗੁਨ ਮੰਤ੍ਰਿਕਾਂ॥ ਤੀਨੋ ਕਾਲ ਮਾਨੀ ਤੀਨੋ ਸਕਤਿ ਪ੍ਰਧਾਨੀਤਵ ਤੀਨੋ ਕ੍ਰਿਤਵਾਨੀ ਤੀਨੋ ਗਾਨੀ ਬਰ ਬੰਡਿਕਾ॥ ਦੀਨੀ ਰਜਧਾਨੀ ਬਜ੍ਰ ਪਾਨੀ ਕੋ ਕ੍ਰਿਪਾਲ ਪਾਨੀ ਜਾਨੀ ਮੈ ਭਵਾਨੀ ਸੁਖ ਖਾਨੀ ਖਲ ਖੰਡਿਕਾ ॥ ਨਮੋ ਨਮੋ ਬਾਕ ਬਾਨੀ ਜੋਤ ਬਿਦ ਤਾਨੀ ਦਾਸ ਰਸਨਾ ਬਸਾਨੀ ਜੈਤ ਜੈਤ ਮਾਤ ਚੰਡਿਕਾ॥੨॥...

ਅੰਤ : ...ਕਬਿਤ॥ਬੰਦਨਾ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਤਿਂਹ ਪ੍ਰੀਤਿ ਲੇਤ ਦੇਤਿ ਹੈ ਪ੍ਰਤੀਤਿ ਸੁਖ ਸੇਤ ਹੈ॥ ਭਾਉ ਓਰਲੇਤਿ ਹੀ ਪ੍ਰਭਾਉ ਬਡੋ ਦੇਤ ਆਪਿ ਨਿਰਗੁਨ ਪਦ ਦੇਤਿ ਗੁਨ ਦੇਖ ਲੇਤਿ ਹੈ॥ ਥੋਰੀ ਜੈਸੀ ਭੇਟ ਲੇਤਿ ਜਮਕੀ ਅਭੇਟ ਦੇਤਿ ਸਤਿ ਗੁਰੂ ਨਾਨਕ ਜੀ ਕਰਨਾ ਨਿਕੇਤ ਹੈ॥ਹੰਤਾ ਲੇਤਿ ਦਾਸਨਿ ਕੀ ਅਹੰ ਬ੍ਰਹਮ ਦੇਤਿ ਤਿਹ ਮਨ ਲੇਤਿ ਚਰਨ ਮੇ ਮੁਕਤਿ ਕੋ ਦੇਤਿ ਹੈ॥੧੧੩॥੧॥ ਇਤ ਸ੍ਰੀ ਗੁਰ ਪ੍ਰਤਾਪ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੋ ਸਚੁ ਖੰਡ ਪ੍ਰਸਥਾਨੁ ਬਰਨਨੰ ਨਾਮੁ ਸਪਤ ਪੰਚਾਸਮੋ ਧਿਜਾਇ

ਸਮਾਪਤੰ ਮਸਤੁ ਸੁਭ ਮਸਤੁ ॥੫੧॥੧॥ਇਤ ਸ੍ਰੀ ਨਾਨਕ ਪ੍ਰਕਾਸ਼ ਸਮਾਪਤੰ ॥੧॥੧॥ਸੰਮਤੁ ੧੯੩੧ ਮਿਤੀ ਵਿਸਾਖੁ ਦਿਨੇ ਚੌਦਵੀ ੧੪ ਹਰੀ ਹਰਿ॥ਸਤਿਗੁਰੂ ਬਾਬਾ ਨਾਨਕ ਜੀ ਸਹਾਇ ਹੋਵੈ ਜੀ॥

ਹੱਥ ਲਿਖਤ ਨੰ : MS 253
ਸਿਰਲੇਖ : ਪੰਚਦਸੀ ਭਾਸ਼ਾ ਵਾਰਤਿਕ
ਲੇਖਕ : ਆਤਮ ਸ੍ਵਰੂਪ ਉਦਾਸੀ
ਲਿਖਾਰੀ : ਸੰਧੂ ਸਿੰਘ
ਸਮਾਂ : ਸੰਮਤ 1920
ਪੱਤਰੇ : 315
ਆਕਾਰ : 14.5X35 ਸ.ਮ. ਲਿਖਤ: 10X29 ਸ.ਮ.
ਵੇਰਵਾ : ਪੋਥੀ ਖੁਲ੍ਹੇ ਪੱਤਰਿਆਂ ਵਿਚ ਹੋਣ ਕਾਰਣ-ਗੱਤਿਆਂ ਵਿਚ ਬੰਨੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਹਾਸ਼ੀਏ ਤੋਂ ਬਿਨਾ, ਸਤਰਾਂ ਪ੍ਰਤੀ ਪੰਨਾਂ -11
ਆਮ ਵੇਰਵਾ : 6 ਪੱਤਰੇ ਤੇ ਲੇਖਕ ਅਤੇ ਸਮੇਂ ਬਾਰੇ ਲਿਖਿਆ ਹੈ, ਪੋਥੀ ਖੜ੍ਹੇ ਰੁਖ ਖੁਲ੍ਹਦੀ ਹੈ, ਅਲਗ ਅਲਗ ਭਾਗ ਨੂੰ ਅਲਗ ਅਲਗ ਪੱਤਰਾ ਅੰਕ ਦਿੱਤਾ ਹੈ। ਪੰਜ ਦੀਪ –57 ਚਿਤ੍ਰ, ਦੀਪ-47 (ਅਧੂਰਾ), ਨਾਟਕ ਦੀਪ-7, ਤ੍ਰਿਪਤੀ ਦੀਪ-61, ਕੂਟਸਥ ਦੀਪ-33, ਧਯਾਨ ਦੀਪ-33 (ਅਧੂਰਾ), ਬ੍ਰਹਮਾ ਨੰਦ-40, ਆਤਮ ਨੰਦ-20, ਅਦ੍ਵੈਤ ਨੰਦ-21, ਵਿਦਿਆ ਨੰਦ-8 (6-8 ਪੱਤਰੇ ਅੱਧੇ ਤੋਂ ਵੱਧ ਭੁਰੇ ਹੋਏ), ਵਿਖਿਆ ਨੰਦ-6, ਇਸ ਵਿਚ ਸਿਰਫ 11 ਅਧਿਆਇ ਹਨ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ॥
ਆਰੰਭ : ੧ੴਸਤਿਗੁਰ ਪ੍ਰਸਾਦਿ॥ਦੋਹਰਾ॥ ਸ੍ਰੀ ਗੁਰੂ ਨਾਨਕ ਚਰਨ ਰਜ ਭਜ ਮਨ ਬਾਰੰਬਾਰ॥ ਜਾਸ ਭਜਨ ਕਰ ਜਾਨਿਯੋ ਅਦ੍ਵੈ ਬ੍ਰਹਮ ਅਪਾਰ॥ਦੋਹਰਾ॥ਸ੍ਰੀ ਮਤਿ ਗੰਗਾ ਰਾਮ ਗੁਰ ਚਰਨ ਕਮਲ ਕੀ ਸੇਵ॥ਸੰਸੈ ਤਿਮਰ ਮਿਟਾਇ ਕੈ ਦਰਸਿਉ ਆਤਮ ਦੇਵ॥ ਅਥ ਪੰਚ ਦਸੀ ਭਾਸਾ ਵਾਰਤਕ ਲਿਖਜਤੇ॥ ਇਸ ਪੰਚ ਦਸੀ ਕੇ ਪੰਦਰਾ ਗ੍ਰੰਥ ਹੈਨਿ॥..
ਅੰਤ : ...੧ੴਸਤਿਗੁਰ ਪ੍ਰਸਾਦਿ॥ਅਮਰ ਹਰੀ ਗੁਰੁ ਆਗਿਯਾ ਕਰੀ ਲਿਖੋ ਪੰਚ ਦਸਿ ਗ੍ਰੰਥ॥ ਤਾਂ ਆਗਿਯਾ ਪ੍ਰਮਾਨਤੇ ਲਿਖਜੋ ਮੋਛ ਕੋ ਪੰਥ॥੧॥ਪੰਚ ਦਸੀ ਜੋ ਗ੍ਰੰਥ ਹੈ ਭਾਸਾ ਮਾਝ ਨਿਹਾਰਿ॥ਸੰਧੁ ਸਿੰਘ ਲਿਖ ਕਰ ਪਢਜੋ ਅਮਰ ਹਰੀ ਗੁਰੁ ਧਾਰਿ॥੨॥ਬਾਲ ਬੁਧ ਕਛੁ ਸਮਝ ਨਹਿ ਲਿਖਨ ਪੜਨ ਰੁਚ ਨਾਹਿ॥ਜਬ ਸਤਿਗੁਰ ਕ੍ਰਿਪਾ ਕਰੀ ਪ੍ਰਗਟ ਭਈ ਘਟ ਮਾਹਿ॥੩॥ਅਨਿਜਾਂਨਪਨੇ ਮਹ ਗੁਰ ਕੀਏ ਕਈਕ ਸੰਤ। ਭੇਦ ਨਾ ਕਿਨਹੂ ਭਾਖਜੋ ਔਰ ਦਿੜਾਵੈ ਮੰਤ॥੪॥ਸਹਜ ਮਾਂਹਿ ਸਤਿਗੁਰ ਮਿਲੇ ਸਹਜ ਦਿੜਾਈ ਬਾਤਿ॥ਸੁਨਤੇ ਹੀ ਭ੍ਰਮ ਸਭ ਮਿਟੇ ਆਗਿਜਾ ਨ ਸਹਿਤ ਤ੍ਰਯਤਾਪਿ॥੫॥ਰਾਮ ਰਾਮ॥ਕਤਕ ਵਦੀ ਚਤਰਥੀ ਥਿਤ ਵਾਰਸੁ ਸੁਕਰ ਜਾਨ। ਸੰਮਤ ਉਨੀ ਸੈ ਬੀਸ ਮੇ ਗ੍ਰੰਥ ਸਪੁਰਨ ਮਾਨ॥੬॥ ਸੰਮਤ ੧੯੨● ਕਤਕ ਵਦੀ ੪ ਦਸਖਤ ਸੰਧੁ ਸਿੰਘ।

ਹੱਥ ਲਿਖਤ ਨੰ : MS 254
ਸਿਰਲੇਖ : ਨਿਰਬਾਣ ਪ੍ਰਕਰਣ
ਲਿਪੀ ਕਾਲ : ਸੰਮਤ 1888
ਪੱਤਰੇ : 1-707
ਆਕਾਰ : 24.5X31 ਸ.ਮ. ਲਿਖਤ: 16X22.5 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਪੱਕੀ ਬੰਨੀ ਹੋਈ, ਉਪਰਲਾ ਕਪੜਾ ਫਟਿਆ ਹੋਇਆ,ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚਕਾਰ ਮੋਟੀ ਪੀਲੀ ਲਕੀਰ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾਂ -16

ਆਮ ਵੇਰਵਾ : ਲਿਖਤ ਸੁੰਦਰ, ਪੋਥੀ ਕਿਰਮ-ਖੁਰਦਾ,ਕਿਤੇ ਕਿਤੇ ਕਾਨੀ ਬਦਲੀ ਹੋਈ, ਆਰੰਭ ਵਿਚ ਅੱਠ ਅਤੇ ਅੰਤ ਤੇ ਦੋ ਹਾਸ਼ੀਏ ਵਾਲੇ ਪੱਤਰੇ ਖਾਲੀ, 707 ਪੱਤਰੇ ਤੋਂ ਬਾਅਦ ਇਕ ਪੱਤਰਾ ਖਾਲੀ ਛਡ ਕੇ ਦੋ ਪੰਨਿਆਂ ਤੇ ਭਾਗਵਤੇ ਮਹਾਪੁਰਾਣੇ ਦਾ ਅੰਤ ਦਿੱਤਾ ਹੈ।

ਆਰੰਭ : ੧ੴ॥ਅਥ ਨਿਰਬਾਣ ਪ੍ਰਕਰਣ ਲਿਖਸਤੇ॥ਬਾਲਮੀਕੋ ਵਾਚ॥ ਹੇ ਭਾਰਦੁਆਜ ਉਪਸਮ ਪ੍ਰਕਰਣਿ ਕੇ ਨਿਰੰਤਰਿ ਤੂੰ ਨਿਰਬਾਣ ਪ੍ਰਕਰਣਿ ਸੁਣਿ॥ਜਿਸ ਕੇ ਜਾਣੇ ਤੇ ਨ੍ਰਿਬਾਣ ਪਦ ਕਉ ਪ੍ਰਾਪਤਿ ਹੋਵਹਿ॥ ਬਡੇ ਉਤਮ ਬਚਨ ਜੇ ਮੁਨ ਨਾਇਕ ਰਾਮ ਜੀ ਪ੍ਰਤਿ ਕਹੇ ਹੈ॥ਸੋ ਰਾਮ ਜੀ ਕੈਸੇ ਹੋ॥...

ਅੰਤ : ...ਅਰੁ ਜੋ ਉਸ ਸਭਾ ਵਿਖੇ ਜਗਆਸੀ ਥੇ॥ਸੋ ਭੀ ਕ੍ਰਿਤ ਕ੍ਰਿਤ ਜੀਵਨ ਮੁਕਤਿ ਹੂਏ ਵਿਚਰਣੇ ਲਾਗੇ॥ ਤਿਸ ਨਿਸਚੈ ਕੋ ਧਾਰ ਕਰਿ ਤੂੰ ਭੀ ਜੀਵਨ ਮੁਕਤਿ ਹੂਆ ਵਿਚਰੁ॥ਅਰੁ ਅਪਣਾ ਜੋ ਕਛੁ ਪ੍ਰਕ੍ਰਿਤ ਅਚਾਰ ਹੈ॥ ਤਿਸ ਕੌ ਕਰੁ॥ ਮੈ ਜਾਣਤਾ ਹੌ ਜੋ ਤੂ ਪਰਮ ਬੋਧ ਕੌ ਪ੍ਰਾਪਤ ਭਯਾ ਹੈ॥੧੫॥ ਇਤ ਸ੍ਰੀ ਨਾਨਕ ਪ੍ਰਸਨੇ ਮੋਖ ਉਪਾਏ ਸੰਖ੍ਰਾ ਵਰਨਨੰ ਨਾਮ ਸਰਗਹ॥ ਸੰਪੂਰਨ ਮੋਖ ਉਪਾਇ ਕੇ ਇਸ ਸਰਗ ਵਿਖੇ ਕਥਾ ਕੇ ਸਾਰ ਕਹੇ ਹੈ॥ਤਾਂ ਤੇ ਇਸ ਕਾ ਨਾਮ ਸੰਖ੍ਰਾ ਹੈ॥ ਨਿਰਬਾਣ ਗ੍ਰੰਥ ਸੰਪੂਰਣੇ॥ ਸੰਮਤ ੧੯੯੯॥ ਪੋਹ ਸੁਦੀ ਥਿਤ ਦੂਜਿ ਵਾਰ ਸੁਕ੍ਰ ੭॥ ਪ੍ਰਵਸ੍ਰਿਟ ॥ ੨੯ ॥

ਹੱਥ ਲਿਖਤ ਨੰ : MS 255 ਸੰਗ੍ਰਹਿ

ਸਿਰਲੇਖ : ਅਧਿਯਾਤਮ ਰਾਮਾਇਣ [ਰਾਮ ਗੀਤਾ]

ਲੇਖਕ : ਗੁਲਾਬ ਸਿੰਘ

ਪੱਤਰੇ : 1 ੳ-62 ੳ

ਆਕਾਰ : 8.5X14.5 ਸ.ਮ. ਲਿਖਤ: 4.5X11.5 ਸ.ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾਂ -5

ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਅੰਤ ਤੇ ਦੋ ਹਾਸ਼ੀਏ ਵਾਲੇ ਪੱਤਰੇ ਖਾਲੀ।

ਆਰੰਭ : ੧ੴ ਸਤਿਗੁਰ ਪ੍ਰਸਾਦਿ॥ਸਵੈਯਾ॥ਸੂਰਯ ਵੰਸ ਬਿਖੇ ਤਨੁ ਮਾਨੁਖ ਜਾਹਿ ਲਯੋ ਹਰਿ ਜੀ ਅਬਿਨਾਸੀ॥ ਅਵਨੀ ਬਹੁ ਭਾਰ ਨਿਵਾਰਨ ਕੋ ਸੁਰ ਬ੍ਰਿੰਦ ਸਭੈ ਬਿਨਵੈ ਸੁਖਰਾਸੀ॥ਸਭ ਰਾਖਸ ਮੰਡਲ ਕੋਹਨਿ ਕੈ ਜਿਹ ਪਾਵਨ ਕੀਰਤਿ ਭੂਮ ਪ੍ਰਕਾਸੀ॥ਵੈਜਨ ਕਾ ਤਮ ਜਾਪਤਿ ਕੌ ਉਰ ਮਾਹਿ ਭਜੋ ਪ੍ਰਬ੍ਰਹਮ ਬਿਲਾਸੀ॥੧॥ਚੌਪਈ॥ਜਗ ਉਤਪਤਿ ਪਾਲਨ ਸੰਹਾਰ॥ਮਾਇਆ ਆਸ੍ਰੈ ਹੈਅ ਵਿਕਾਰ॥ਅਚਿੰਤ ਰੂਪ ਅਨੰਦ ਸਰੂਪ॥ ਸੀਤਾਪਤਿ ਨਿਜ ਬੋਧ ਅਨੂਪ॥੨॥...

ਅੰਤ : ...ਗਾਨ ਅਖਿਲ ਸੁਤਿ ਸਾਰ ਭ੍ਰਾਤ ਮੈ ਤੋਹ ਸੁ ਗਾਇ॥ਬੇਦਾਂਤਿ ਵੇਦ ਸੁਭ ਚਰਣ ਸੁ ਮੇਰੇ ਬੇਦ ਬਤਾਏ॥ਜੋ ਸਰਧਾ ਕਰ ਪਢੇ ਕਰੇ ਗੁਰ ਭਗਤਿ ਨਿਰੰਤਰ॥ ਸੋ ਮਮ ਰੂਪ ਸਮਾਇ ਰਹੇ ਨਹ ਰੰਚ ਸੁ ਅੰਤਰ॥ਸੁਨ ਜੌ ਮਮ ਵਚਨਨ ਮਾਹਿ ਪੁਨਿ ਭਗਤ ਹੋਇ ਜਗ ਤਾਂਹਿ ਉਰ॥ਗੁਲਾਬ ਸਿੰਘ ਨਿਜ ਭ੍ਰਾਤ ਕੋ ਰਾਮ ਬਖਾਨਜੋ ਔਧਿਪੁਰ॥੧੩੩॥ਇਤਿ ਸ੍ਰੀ ਮਤ ਅਧਜਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਉਤਰ ਕਾਂਡੇ ਰਾਮ ਗੀਤਾ ਪੰਚਮੋ ਧਿਆਇ॥ ●॥●॥●॥●॥●॥

ਹੱਥ ਲਿਖਤ ਨੰ : MS 255 ਅ

ਸਿਰਲੇਖ : ਸੰਕਛਟ ਅਸਤੋਤ੍ਰ

ਪੱਤਰੇ : 62 ੳ - 64 ੳ

ਆਕਾਰ : 8.5X14.5 ਸ.ਮ. ਲਿਖਤ: 4.5X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ :ਓਨਮ: ॥ ਸੁਰਸ੍ਵਤਈ ॥ਨਮੋ ਕਾਸਿਨੀ ਬਾਸਿਨੀ ਗੰਗ ਤੀਰੇ ਸਦਾ ਅਰਚਿਤੰ ਚੰਦ ਨੰਰਕ ਤਪੁਸਮੇ॥ਸਦਾ ਪੂਜਿਤੰ ਬੰਦਿਤੰ ਸ੍ਰਬ ਦੇਵੰ ਨਮੋ ਸੰਕਟਾਕਛਟ ਹਰਣੀ ਭਵਾਨੀ॥੧॥ ਨਮੋ ਮੋਹਿਨੀ ਮੋਹਿਤੰ ਭੂਤ ਸੈਨੰ ਸਦਾ ਚੰਦ ਬਦਨੀ ਹਸੇ ਬਿਕਰਾਲੰ॥ਸਦਾ ਮ੍ਰਿਗ ਨਯਨੀ ਗੁਣਾ ਰੂਪ ਬਰਣੀ ਨਮੋ ਸੰਕਟਾਕਛਟ ਹਰਣੀ ਭਵਾਨੀ॥੨॥...

ਅੰਤ : ...ਇਦੰ ਪੰਚ ਰਤਨੰ ਪਠੇ ਪ੍ਰਾਤ ਕਾਲੰ ਹਰਤ ਪਾਪ ਤਨ ਕੇ ਬਡੇ ਧ੍ਰਮ ਗਿਯਾਨੰ॥ ਸਦਾ ਦੁਖ ਮੈਂ ਕਛਟ ਮੈਂ ਰਛਪਾਲੰ ਨਮੋ ਸੰਕਟਾਕਛਟ ਹਰਣੀ ਭਵਾਨੀ॥੭॥ਇਤਿ ਸ੍ਰੀ ਕਾਸੀ ਖੰਡੇ ਸੰਕਛਟ ਅਸਤੋਤ੍ਰ ਸੰਪੂਰਣੰ॥ ●●●●●

ਹੱਥ ਲਿਖਤ ਨੰ : MS 255 ਏ

ਸਿਰਲੇਖ : ਗੁਰਬਾਣੀ

ਪੱਤਰੇ : 64 ਅ –78 ਓ

ਆਕਾਰ : 8.5X14.5 ਸ.ਮ. ਲਿਖਤ: 4.5X11.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ਧਨਾਸਰੀ ਮਹਲਾ ੧ ਘਰ ੧ ਚਉਪਦੇ॥੧ੴ ਸਤਿਨਾਮ ਕਰਤਾਪੁਰਖੁ---ਗੁਰ ਪ੍ਰਸਾਦਿ॥ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥੧॥ਸਾਹਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥...

ਅੰਤ : ...ਸੋਰਠਿ ਗੋਡ ਮਲਾਰੀ ਧੁਨੀ॥ਪੁੰਨਿ ਗਾਂਵਹਿ ਆਸਾ ਗੁਨ ਗੁਨੀ॥ ਊਚੈ ਸੁਰਿ ਸੂ ਹਉ ਪੁਨਿ ਕੀਨੀ॥ਮੇਘ ਰਾਗ ਸਿਉ ਪਾਂਚਉ ਚੀਨੀ॥੧॥ ਬੈਰਾਧਰ ਜਗਧਰ ਕੇਦਾਰਾ॥ਜਬਲੀ ਧਰ ਨਟ ਅਉ ਜਲਧਾਰਾ॥ਪੁਨਿ ਗਾਵਹਿ ਸੰਕਰ ਅਉ ਸਿਆਮਾ॥ਮੇਘ ਰਾਗ ਪੁਤ੍ਰਨ ਕੇ ਨਾਮਾ॥੧॥ਖਸਟ ਰਾਗ ਉਨਿ ਗਾਇ ਸੰਗ ਰਾਗਨੀ ਤੀਸ॥ਸਭੈ ਪੁਤ੍ਰ ਰਾਗੰਨ ਕੇ ਅਠਾਹ ਦਸ ਬੀਸ॥੧॥੬॥

ਹੱਥ ਲਿਖਤ ਨੰ : MS 256

ਸਿਰਲੇਖ : ਉਪਦੇਸ ਬਿਲਾਸ

ਪੱਤਰੇ : 12 ਓ-547

ਆਕਾਰ : 10X15 ਸ.ਮ. ਲਿਖਤ: 6X10 ਸ.ਮ.

ਵੇਰਵਾ : ਜਿਲਦ ਗੱਤਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ 6 ਲਕੀਰਾਂ (ਦੋ ਲਾਲ, ਤਿੰਨ ਨੀਲੀਆਂ ਵਿਚਕਾਰ ਇਕ ਮੋਟੀ ਪੀਲੀ ਲਕੀਰ) ਦਾ ਹਾਸ਼ੀਆਂ; ਸਤਰਾਂ ਪ੍ਰਤੀ ਪੰਨਾ-6

ਆਮ ਵੇਰਵਾ : ਆਦਿ, ਅੰਤ ਅਧੂਰਾ, ਵਿਚ ਵਿਚ ਪੱਤਰਿਆਂ ਦਾ ਨੰ. ਫਰਕ ਹਨ, 49 ਤੋਂ ਬਾਅਦ ਪੱਤਰਾ ਅੰਕ 10 ਹੈ ਅਗੋਂ 51 ਤੋਂ ਪੱਤਰਾ ਅੰਕ ਚਲਦਾ ਹੈ। ਪੱਤਰਿਆਂ ਦਾ ਰੰਗ ਅਸਮਾਨੀ।

ਆਰੰਭ : ..... ਮ ਇੰਦ੍ਰੀ ਯਹ ਜਲ ਕੀ ਹੈਂ॥ ਅਰ ਘ੍ਰਾਨ ਗਜਾਨ ਇੰਦ੍ਰੀ ਅਰ ਗੁਦਾ ਕਰਮ ਇੰਦ੍ਰੀ ਯਹ ਪ੍ਰਿਥੀ ਕੀ ਹੈਂ॥ ਅਰੁ ਏਤੇ ਵਵੇਕ ਮੋ ਜੀਵ ਕਾ ਨਾਮ ਰੂਪ ਕ੍ਰਤਵ ਕਹੂੰ ਨਿਕਸਾਨ ਹੀ ਹੈ॥ ਅਰ ਤੁਮ ਇਸ ਦੇਹ ਮੋ ਹਉਮੇ ਕਾਂ ਕੀ ਕਰ ਹੈ ਸੋ ਕਹੋ॥...

ਅੰਤ : ...ਸੋ ਜਗਨ ਨਾਥ ਅਰੁ ਮਕਾ ਮਦੀਨਾ ਭੀ ਆਪ ਹੀ ਹੌਂ॥ ਅਰੁ ਪੰਡੇ ਹਾਜੀਆ ਕੀ ਠਵਰ ਰਹੌਂ ਹੀ ਹੋਇ ਕਰ ਅਬ ਸਰਬ ਵਰਤਾਰਾ ਊਹਾਂ ਕਾਉਨੋ ਨੇਤ੍ਰੋਂ ਕਰ ਦੇਖ ਹੌਂ॥ ਅਰੁ ਉਨ ਕੇ ਚਿਤੋ ਥਾਨੀ ਹੋਇ ਕਰ ਸਭ ਕਛੁ .....

ਹੱਥ ਲਿਖਤ ਨੰ : MS 257
ਸਿਰਲੇਖ : ਪ੍ਰਾਨ ਸੰਗਲੀ ਬੈਦੰਗ (ਅਧੂਰੀ)
ਪੱਤਰੇ : 1-332
ਆਕਾਰ : 12.5X20 ਸ.ਮ. ਲਿਖਤ: 7X14 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਨ, ਬਾਅਦ ਵਿਚ ਬੰਨ੍ਹੀ ਹੋਈ, ਵਖਰੇਵੇਂ ਲਈ ਸੰਤਰੀ ਰੰਗ ਦੀ ਸਿਆਹੀ, ਚੁਪਾਸੀਂ 6 ਲਕੀਰਾਂ (ਦੋ ਲਾਲ, ਤਿੰਨ ਕਾਲੀਆਂ, ਵਿਚਕਾਰ ਇਕ ਮੋਟੀ ਸੰਤਰੀ ਦਾ ਹਾਸ਼ੀਆਂ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : 110 ਅ ਤਕ ਹਾਸ਼ੀਆ ਚਾਰੋਂ ਪਾਸੇ ਹੈ ਅਗੋਂ ਦੁਪਾਸੀ ਖੜ੍ਹੇ ਰੁਖ ਹੈ ਆਰੰਭ ਵਿਚ ਦੋ ਅਤੇ ਅੰਤ ਤੇ ਤਿੰਨ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਅੰਤ ਅਧੂਰਾ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥॥ਧਿਜਾਉ ਪ੍ਰਾਨ ਸੰਗਲੀ ਬੈਦੰਗ ਕਾ॥ਬਾਬੇ ਕਾ ਬੋਲਣਾ॥ਗੋਸਟ ਕੇਸੋ ਸਰੇਵੜੇ ਨਾਲ ਹੋਈ॥ਰਾਗ ਰਾਮਕਲੀ ਵਿਚਿ॥੧॥ਸਲੋਕ॥ਨਾੜੀ ਪ੍ਰੀਛਿਆ॥ਕ੍ਰ ਅੰਗੁਸ੍ਰ ਅਤਿ ਮੂਲ ਹੀ ਦੇਖਹੁ ਨਿਸਾ ਅਕਾਰੁ॥ਜਾਨਹੁ ਦੁਖੁ ਸੁਖੁ ਜੀਅ ਕਾ ਪੰਡਤ ਕਰਹੁ ਬੀਚਾਰ॥੧॥…
ਅੰਤ : … ਖੀਰ ਪਭੈ ਗਾੜੀ ਹੋਵੈ ਤਾ ਉਤਾਰਣੇ॥ ਇਹ ਅਉਖਦ ਪਾਵਣੇ॥ਲੌਂਗ ਟੰਕ॥੧● ਚਿਰੋਲੀ ਟੰਕ॥੧●॥ਸੋਠਿ ਟੰਕ ੧●॥ਪਿਪਲੀ ਟੰਕ ੧●॥ ਅ੍ਰਚਾ ਟੰਕ ੧●॥ਅਸਗੰਧ ਟੰਕ ੧●॥ਖ੍ਰਹਟੀ ਕੇ ਬੀਜ ਟੰਕ॥੧●॥ਏਤਨੀਆ ਬਸਤੂ ਕਪੜਛਾਣ ਕ੍ਰਣੀ॥ਖੀਰ ਵਿਚ ਰਲਾਵਣੀ॥ਗੋਲੀ ਟੰਕ॥੮॥ਕੀ ਬੰਧਣੀ ਗੋਲੀ ਖਾਣੀ॥੧॥ਭਲਕੇ ਇਕ ਖਾਣੀ॥ਇਕ ਸੰਝੈ ਖਾਣੀ॥ਪ….

ਹੱਥ ਲਿਖਤ ਨੰ : MS 258
ਸਿਰਲੇਖ : ਵੈਦਕ ਨੁਸਖਾ ਜਾਤ
ਪੱਤਰੇ : 1-125
ਆਕਾਰ : 13.5X18.5 ਸ.ਮ. ਲਿਖਤ: 9X 13 ਸ.ਮ.
ਵੇਰਵਾ : ਜਿਲਦ ਗੱਤਾ ਉਖੜੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : ਪੋਥੀ ਕਿਤੇ ਕਿਤੇ ਕਿਰਮ-ਖੁਰਦਾ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਅੰਤ ਅਧੂਰਾ ਜਾਪਦਾ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ਦਾਰੂ ਬਾਦਿ ਫਰੰਗ ਦਾ॥ਡੂਢੁ ਮਾਸਾ ਦਾਲਚੀਨੀ॥੩॥ਤਿਨਿ ਮਾਸੇ ਕਥੁ॥੩॥ਤਿਨਿ ਮਾਸੇ ਲਾਇਚੀਆ॥ਤੋਲਾ ਗੁਲਕੰਦ ਵਿਚਿ ਗੋਲੀਆ ਕਰਨੀਆ॥੭॥ਸਤਿ ਇਕ ਰੋਜ ਖਵਾਵਣੀ॥ਮੂਗਾ ਦੀ ਦਾਲ ਫੁਲਕਾ ਘਿਉ ਖਵਾਵਣਾ॥ਜੰਤ੍ਰ ਪਿਪਲ ਦੇ ਪਤ ਪਰ ਲਿਖਣਾ ਨਿਤ ਤਾਪਵਾਲੇ ਨੂ ਬੰਧਨ॥ਰਾਮ ਜੀ॥…
ਅੰਤ : …ਸੰਬਰੁ ਲੂਣ ਤੋਲੇ ੨ ਸੋਚਰੁ ਲੂਣ ਤੋਲੇ ੨ ਪੰਸਸੁ ਲੂਣ ਤੋਲੇ॥੨ ਆਉਲੇ ਤੋਲੇ ੨॥ਸੰਬੁ ਚੀਜਾ ਕੰਠੀਆ ਕੋਟ ਕੇ ਪੰਜੁ ਮਾਸੇ ਦੀ ਵੰਜਨੁ ਫੰਕਾ ਉਨੀਗੋ ਕੀ ਛਾਹ ਨਾਲ॥ਅੰਨਾਰੁ ਦਾਣਾ ਜੋਦਾ ਕੁਟ ਕੇ ਵੇਚ ਰਲਾਉਨਾ॥…..

ਹੱਥ ਲਿਖਤ ਨੰ : MS 259
ਸਿਰਲੇਖ : ਬਦਰੇ ਮੁਨੀਰ (ਕਿੱਸਾ)
ਲੇਖਕ : ਬਿਸ਼ਨ ਸਿੰਘ
ਸਮਾਂ : ਸੰਮਤ 1923
ਪੱਤਰੇ : 1-220

ਆਕਾਰ : 17X12 ਸ.ਮ. ਲਿਖਤ: 11.5X7 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆਂ; ਸਤਰਾਂ ਪ੍ਰਤੀ ਪੰਨਾ-13

ਆਮ ਵੇਰਵਾ : ਪੋਥੀ ਭਿੱਜੀ ਹੋਈ, ਆਰੰਭ ਵਿਚ ਤਿੰਨ ਅਤੇ ਅੰਤ ਤੇ ਪੰਜ ਹਾਸ਼ੀਏ ਵਾਲੇ ਪੱਤਰੇ ਖਾਲੀ, ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ.

ਆਰੰਭ : ੧ੴ ਸਤਿਗੁਰ ਪ੍ਰਸਾਦਿ॥ਅਥ ਬਦਰੇ ਮੁਨੀਰ ਲਿਖਜਤੇ॥ਬੈਤ॥ਕਰੂੰ ਪਹਿਲੇ ਤੌਹੀ ਦਯ ਯਜ ਦਾ ਰਕਮ॥ ਝੁਕਾ ਜਿਸ ਕੇ ਸਿਜਦੇ ਮੇ ਲੌਹੋ ਕਲੱਮਂ ॥੧॥ ਸਰੇ ਲੌਹ ਪਰ ਰਖ ਬਯਾ ਜੇ ਜਬੀ॥ ਕਹਾ ਦੂਸਰਾ ਕੋਈ ਤੁਝਸਾ ਨਹੀ॥੨॥...

ਅੰਤ : ...ਸੰਮਤ ੧੯੨੩ ਮਿਤੀ ਮਾਘ ਦੀ ੨॥ ਪੋਥੀ ਬਦਰੇ ਮੁਨੀਰ ਦੀ ਪੋਰੀ ਹੋਈ॥ਦਸਖਤ ਬਿਸਨ ਸਿੰਘ॥ ਰੁਬਾਈ॥ਦਿਲ ਗਿਆ ਦਿਲਬਰ ਗਿਆ ਦਾਰਾ ਅਲਮ ਮੈ ਸਰ ਗਿਆ॥ ਅਬ ਕੌਨ ਦਿਲਦਾਰੀ ਕਰੇ ਦਿਲਦਾਰ ਹੀ ਜਬ ਫਿਰ ਗਿਆ॥੧॥ਵਹਸੀ ਹੂਆ ਆਹੂ ਖੁਤ ਨ ਜਾਤਾ ਰਿਹਾ ਵੁਹ ਗੁਲਬਦਨ॥ਬੁਲਬੁਲ ਨ ਗੂ ਕਰ ਸਿਰ ਦਈ ਹਬ ਸਾਖ ਸੇਂ ਗੁਲ ਗਿਰ ਗਿਆ॥੨॥

ਹੱਥ ਲਿਖਤ ਨੰ : MS 260

ਸਿਰਲੇਖ : ਭਾਗਵਤੇ ਮਹਾਪੁਰਾਣ-ਦਸਮ ਸਕੰਧ

ਲੇਖਕ : ਚਤੁਰ ਦਾਸ

ਸਮਾਂ : ਸੰਮਤ 1858

ਪੱਤਰੇ : 1-378 ਅ

ਆਕਾਰ : 11X16 ਸ.ਮ. ਲਿਖਤ: 7.5X11.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਫਟੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾ-9

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ, ਲਿਖਤ ਸੁੰਦਰ, ਆਰੰਭ ਵਿਚ 8 ਹਾਸ਼ੀਏ ਤੋਂ ਬਿਨ੍ਹਾਂ ਅਤੇ ਅੰਤ ਤੇ ਦੋ ਹਾਸ਼ੀਏ ਵਾਲੇ ਪੱਤਰੇ ਖਾਲੀ।

ਆਰੰਭ : ੧ੴ ਸੁਅਸਤਿ ਸ੍ਰੀ ਗਣੇਸਾਯ ਨਮ:॥ ਸ੍ਰੀ ਗੁਰੁ ਭਜੋ ਨਮ:॥ਸ੍ਰੀ ਪਰਮਾਤਮਨੇ ਨਮ: ॥ਅਥ ਸ੍ਰੀ ਭਾਗਵਤ ਇਕਾਦਸ ਭਾਖਾ ਲਿਖਜਤੇ॥ਗੁਰ ਉਸਤਤਿ॥ਚੌਪਈ॥ਸੰਤ ਦਾਸ ਸਤਿਗੁਰ ਕੇ ਚਰਣਾ॥ ਤਿਨ ਕੀ ਗਹੋਂ ਸੁ ਦਿਢ ਕਰਿ ਸਰਣਾ॥ ਜਾਂ ਤੇ ਉਪਜੈ ਗਿਆਨ ਬੀਚਾਰ॥ ਛੂਟੈ ਭਰਮ ਕਰਮ ਬਿਵਹਾਰ॥੧॥...

ਅੰਤ : ...ਦੋਹਰਾ॥ਪਰਮ ਗਿਆਨ ਪਰਗਟ ਕਰਿਯੋ ਮਮ ਘਟ ਹ੍ਵੈ ਨਿਜ ਦੇਵ॥ਤੇ ਮੇਰੇ ਉਰ ਨਿਤ ਬਸੈਂ ਸੰਤ ਦਾਸ ਗੁਰਦੇਵ॥੬੧॥ਇਤਿ ਸ੍ਰੀ ਭਾਗਵਤੇ ਮਹਾਂਪੁਰਾਣੇ ਏਕਾਦਸ ਸਕੰਧੇ ਸ੍ਰੀ ਸੁਕ ਪਰੀਖਤ ਸੰਬਾਦੇ ਭਾਖਾ ਯਾਂ ਸ੍ਰੀ ਕ੍ਰਿਸ੍ਨ ਬੈਕੁੰਠ ਪਯਾਣੋ ਨਾਮ ਏਕਤ੍ਰਿੰਸੋ ਧਿਯਾਇ॥੩੧॥ਏਕ ਦਸ ਸਕੰਧ:ਸੰਪੂਰਣੰ ਸਮਾਪਤ:॥ਸਕਲ ਗ੍ਰੰਥ ਕੀ ਸੰਖਿਆ ੨੩੭੯॥ਸੰਬਤੁ ੧੮੫੮॥

ਹੱਥ ਲਿਖਤ ਨੰ : MS 261

ਸਿਰਲੇਖ : ਦਸਮ ਗ੍ਰੰਥ

ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ

ਸਮਾਂ : ਸੰਮਤ 1917

ਪੱਤਰੇ : 1-6, 1-694

ਆਕਾਰ : 32X35 ਸ.ਮ. ਲਿਖਤ: 24X 23.5 ਸ.ਮ.

ਵੇਰਵਾ : ਜਿਲਦ ਗੱਤਾ, ਦੁਪਾਸੀਂ ਖੜ੍ਹੇ ਰੁਖ ਪੰਜ ਲਕੀਰਾਂ ਦਾ ਹਾਸ਼ੀਆਂ (ਦੋ ਲਾਲ, ਦੋ ਕਾਲੀਆਂ,ਵਖਰੇਵੇਂ ਲਈ ਮੋਟੀ ਸੰਤਰੀ ਰੰਗ ਦੀ ਲਕੀਰ) ਸ਼ੁਰੂ ਵਿਚ 8 ਪੱਤਰੇ ਖਾਲੀ ਹਨ।ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਕਿਤੇ ਕਿਤੇ ਹਾਸ਼ੀਏ ਵਿਚ ਵੀ ਸੁਧਾਈ ਕੀਤੀ ਹੋਈ ਹੈ। ਨੀਲੀ ਕਲਮ ਨਾਲ ਕਿਸੇ ਵਿਦਵਾਨ ਨੇ ਸਮੇਂ ਬਾਰੇ ਲਿਖਿਆ ਹੈ 694 ਪਤਰੇ ਤੇ। ਸਤਰਾਂ ਪ੍ਰਤੀ ਪੰਨਾ-21

ਆਮ ਵੇਰਵਾ : ਪਹਿਲੇ ਛੇ ਪੱਤਰਿਆਂ ਤੇ ਤਤਕਰਾ ਹੈ।ਫਿਰ ਤਿੰਨ ਪੱਤਰੇ ਖਾਲੀ ਹਨ। ਪਹਿਲੇ ਪੱਤਰੇ ਨੂੰ ਰੰਗੀਨ ਫੁਲ ਬੂਟਿਆਂ ਨਾਲ ਸਜਾਇਆ ਹੋਇਆ ਹੈ।

ਆਰੰਭ : ੧ੴਸਤਿਗੁਰ ਪ੍ਰਸਾਦਿ॥ਜਾਪੁ॥ਸ੍ਰੀ ਮੁਖ ਵਾਕ ਪਾਤਸਾਹੀ।੧●॥ਛਪੈ ਛੰਦ॥ਤ੍ਵ ਪ੍ਰਸਾਦ॥ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ॥ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥ ਅਚਲ ਮੂਰਤ ਅਨਭਉ ਪ੍ਰਕਾਸ ਅਮਿਤੋਜ ਕਹਿਜੈ॥ਕੋਟ ਇੰਦ੍ਰ ਇੰਦਦ੍ਰਾਣਿ ਸਾਹ ਸਹਾਣਿ ਗਣਿਜੈ॥ਤ੍ਰੀਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਣ ਤ੍ਰਿਣ ਕਹਿਤ॥ਤ੍ਵ ਸਰਬ ਨਾਮ ਕਥੇ ਕਵਨ ਕਰਮ ਨਾਮ ਬਰਨਤ ਸੁਮਤਿ॥

ਅੰਤ : ...ਕਬਿਯੋਬਾਚ॥ਸ੍ਵੈਯਾ॥ਕਾਗਦ ਦੀਪ ਸਭੈ ਕਰਿਹੋ ਅਰੁ ਸਾਂਤਿ ਮਹਾਂਰਣਵ ਕੀ ਮਸੁ ਕੈ ਹੋ॥ਕੋਟ ਬਨਾਸਪਤੀ ਸਿਗਰੀ ਲਿਖਬੇ ਹੂ ਕੋ ਲੇਖਨ ਕਾਜ ਬਨੈ ਹੌ॥ਸਾਰਸੁਵਤੀ ਬਕਤਾ ਕਰਿ ਕੈ ਜਗ ਚਾਕ ਗਨੇਸ ਕੇ ਹਾਥ ਲਿਖੈ ਹੌ॥ ਕੋਟ ਕਬਿਤਨ ਜੌ ਕਰਿ ਹੌ ਤੁਮ ਕੌ ਨ ਤਊ ਪ੍ਰਭ ਨੈਕ ਰਿਝੈ ਹੋ॥੫●॥ਜੋ ਕਿਛੁ ਲੇਖਿ ਲਿਖਿਯੋ ਬਿਧਨਾ ਸੋਊ ਪਾਈਯਤ ਮਿਸਰ ਜੂ ਸੋਕ ਨਿਵਾਰੋ॥ ਮੋਕੋ ਕਛੂ ਅਪਰਾਧ ਨਹੀ ਗਯੋ ਯਾਦਤੇ ਭੂਲਿ ਨ ਕੋਪ ਚਿਤਾਰੋ॥ ਬਾਗੋ ਨਿਹਾਲੀ ਪਠੈ ਦੈਹੋ ਆਜੁ ਭਲੇ ਤੁਮ ਕੋ ਨਿਹਚੈ ਜੀਅ ਧਾਰੋ॥ ਛੋਤ੍ਰੀ ਸਭੈ ਕ੍ਰਿਤ ਬਿਪਨ ਕੋ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥੫੧॥ਜੁਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੋ ਦਾਨ ਕਰੇ॥ਅਘ ਓਘ ਟਰੈ ਇਨਹੀ ਕੇ ਪ੍ਰਸਾਦ ਕ੍ਰਿਪਾ ਇਨ ਕੀ ਫੁਨਿ ਧਾਮ ਭਰੇ॥ ਇਨ ਹੀ ਕੇ ਪ੍ਰਸਾਦ ਸੁਬਿਦਿਜਾ ਲਈ ਇਨ ਹੀ ਕੀ ਕ੍ਰਿਪਾ ਸਭੁ ਸਤ੍ਰ ਮਰੇ॥ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੋ ਗਰੀਬ ਕਰੋਰ ਪਰੇ॥੫੨॥ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸ ਅਉਰ ਦਯੋ ਸਭ ਫੀਕੋ॥ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨੁ ਹੈ ਸਭ ਹੀ ਇਨਹੀ ਕੋ॥੫੩॥ਦੋਹਰਾ॥ਚਟ ਪਟਾਇ ਚਿਤ ਮੈ ਜਰਿਯੋ ਤ੍ਰਿਣ ਜਿਯੋ ਕੂਧਿਤ ਹੋਇ ॥ ਖੋਜ ਰੋਜ ਕੇ ਹੇਤ ਲਗਿ ਦਯੋ ਮਿਸਰ ਜੂ ਰੋਇ । ੫੪ ॥ ●

ਹੱਥ ਲਿਖਤ ਨੰ : MS 262

ਸਿਰਲੇਖ : ਬੈਰਾਗ ਸਤਕ ਪ੍ਰਸ਼ਨੋਤਰੀ

ਲੇਖਕ : ਗਯਾਨ ਦਾਸ

ਲਿਖਾਰੀ : ਜੀਵਣ ਸਿੰਘ

ਸਮਾਂ : ਸੰਮਤ 1854

ਸਥਾਨ : ਆਨੰਦਪੁਰ ਸਾਹਿਬ

ਪੱਤਰੇ : 1-17

ਆਕਾਰ : 12.5X23 ਸ.ਮ. ਲਿਖਤ: 9.5X19 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਨ,ਲੈਮੀਨੇਸ਼ਨ ਕਰਨ ਤੋਂ ਬਾਅਦ ਬੰਨ੍ਹੀ ਹੋਈ,ਬਿਨ੍ਹਾ ਹਾਸ਼ੀਆਂ। ਸਤਰਾਂ ਪ੍ਰਤੀ ਪੰਨਾ-11

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਖਸਤਾ, ਪਹਿਲੇ ਪੱਤਰੇ ਦੇ ਇਕ ਕੋਨੇ ਤੇ ਸਿਆਹੀ ਡੁੱਲੀ ਹੋਈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ।

ਆਰੰਭ : ਸ੍ਰੀ ਗਣੇਸਾਯ ਨਮ:॥ਅਥ ਬੈਰਾਗ ਸਤ ਭਾਖਾ ਲਿਖਜਤੇ॥ਛਪੈ॥ਪ੍ਰਣਮਹੁ ਗਿਰਜਾ ਤਨਯ ਬਿਨਯ ਜੁਤ ਅੰਜੁਲਿ ਜੋਰੀ॥ਦੇਹਿ ਸੁਭ ਗਵਰਦਨ ਜਾਨਿ ਅੰਤਰੁ ਰੁਚਿ ਮੋਰੀ॥ਬੰਦਹੁ ਸਭ ਜਗ ਮਾਤ ਦਾਤ ਸੇਵਕ ਯਹਿ ਦੀਜਹਿ॥ਬਾਣੀ ਸੰਤ ਸਮਾਜ ਸਾਜ ਜਸ ਸਫਲ ਕਰੀਜਹਿ॥ਬੈਰਾਗ ਸਤਕ ਭਾਖਾ ਕਰੋ ਸਭ ਸਜਨ ਆਦਰ ਕਰਹੁ॥ਲਿਖ ਪਠਤ ਸੁਨਤ ਸੁਖ ਹੋਇ ਜਿਮ ਪਰਮ ਸਕ੍ਰਿਯਾਮਹਿ ਧਰਹੁ॥੧॥ …

ਅੰਤ : …ਦੋਹਰਾ॥ਇਤਿ ਸ੍ਰੀ ਸੁਕ ਸਭ ਜਗਤ ਹਿਤ ਕ੍ਰਿਤ ਪ੍ਰਸ੍ਨੋਤਰ ਨਾਮਾ॥ਗਜਾਨ ਦਾਸ ਭਾਖਾ ਕਰੀ ਨਿਜ ਮਤਿ ਲਖਿ ਅਭਿਰਾਮ॥੩੧॥ਇਤਿ ਸ੍ਰੀ ਸੁਕ ਜਿਤਦ੍ਰਯ ਬਿਰਚਤਾ ਪ੍ਰਸ੍ਨੋਤਰੀ ਭਾਖਾ ਗਜਾਨ ਦਾਸ ਕ੍ਰਿਤ ਸਮਾਪੰ॥ ਲਿਖਤੰ ਜੀਵਣ ਸਿੰਘ ਸੰਗਤਿ ਸਿੰਘ ਵਾਰਾਮ ਸਿੰਘ ਅਨੰਦਪੁਰ ਲਿਖੀ॥ ਸਮਤ ੧੮੫੪॥ਮਹੀਨਾ ਭਾਦਵ ਪ੍ਰਵਿਸ੍ਟੇ ਤ੍ਰਿਤੀਯੇ॥ ਸੁਭ ਦਿਨ ਜਨਮਅਸ੍ਟਮੀ॥ ਪੋਥੀ ਪੂਰੀ ਹੋਈ ਵੈਰਾਗ ਸਤਵਾ ਪ੍ਰਸ੍ਨੋਤ੍ਰੀ॥=॥

ਹੱਥ ਲਿਖਤ ਨੰ : MS 263

ਸਿਰਲੇਖ : ਪਤਿ ਪੋਥੀ

ਲੇਖਕ : ਰਾਮ ਦਾਸ

ਲਿਖਾਰੀ : ਰਾਮ ਦਿਆਲ ਸੰਗਤਪੁਰੀਆ

ਸਮਾਂ : ਸੰਮਤ 1864

ਸਥਾਨ : ਪਟਿਆਲਾ

ਪੱਤਰੇ : 5 ੳ-7 ੳ +1 ੳ-159

ਆਕਾਰ : 19X23 ਸ.ਮ. ਲਿਖਤ: 15X15.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਡਿਜਾਈਨ ਵਾਲੀ ਉਖੜੀ ਹੋਈ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆਂ। ਸਤਰਾਂ ਪ੍ਰਤੀ ਪੰਨਾ-16

ਆਮ ਵੇਰਵਾ : ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, 153 ਪੱਤਰੇ ਤੱਕ ਪਾਠ ਚਲਦਾ ਹੈ ਅਗੋਂ 6 ਪੱਤਰੇ ਖਾਲੀ ਛਡੇ ਹੋਏ ਹਨ। ਪਹਿਲੇ 3 ਪੱਤਰਿਆਂ ਤੇ (5-6 ੳ) ਤਤਕਰਾ ਦਿੱਤਾ ਹੈ, ਇਉਂ ਲਿਖਿਆ ਹੈ :- "ਤਤਕਰਾ ਸੂਚੀ ਪਤਿ ਪੋਥੀ ਜੀ ਕਾ," ਕਈ ਥਾਂਈਂ ਕਾਨੀ ਬਦਲੀ ਹੋਈ ਹੈ। 6 ਅ ਤੇ ਸਮੇਂ, ਬਾਰੇ ਲਿਖਿਆ ਹੈ :" ॥ਦੋਹਰਾ॥ਸੰਬਤ ਠਾਰਾ ਸੈ ਚੌਹਟੈ ਕ੍ਰਿਸਨ ਪਖ ਚੰਦ ਵਾਰ॥ਬੈਸਾਖ ਬਦੀ ਥਿਤਿ ਦੁਆਦਸੀ ਪੋਥੀ ਲਿਖੀ ਸਵਾਰ॥" 7 ਅ ਖਾਲੀ ਹੈ॥

ਆਰੰਭ : ਰਾਗ ਬਸੰਤ ਮਹਲਾ ੧ ਘਰ ੧॥ਚਉਪਦੇ॥ਦੁਤੁਕੇ॥੧ੴਸੇਤਿਨਾਮ…ਗੁਰ ਪ੍ਰਸਾਦਿ॥ ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥ਪਰ ਫੜ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥੧॥ਭੋਲਿਆ ਹਉਮੈ ਸੁਰਤਿ ਵਿਸਾਰਿ॥ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥੧॥…

ਅੰਤ : …ਬਿਆਪਕ ਸਗਲ ਬ੍ਰਹਮ ਜਗ ਸੋਈ॥ਉਤਪਤ ਪਰਲੌ ਜਿਸ ਤੇ ਹੋਈ॥ਸਾਜ ਸਵਾਰੈ ਬਹੁਰਿ ਸੰਘਾਰੈ॥ ਕੋਟ ਬ੍ਰਹਮੰਡ ਪਲਕ ਮਹਿ ਧਾਰੈ॥ਤਾਂ ਕਾ ਅੰਤ ਨ ਜਾਂਨੈ ਕੋਈ॥ ਦੂਸਰ ਹੋਇ ਤ ਸੋਝੀ ਹੋਈ॥ਰਾਂਮ ਦਾਸ ਕਿਆ ਆਖਿ ਬਖਾਨੈ॥ਸਾਸਤ੍ਰ ਸਿਮ੍ਰਿਤ ਬੇਦ ਨ ਜਾਂਨੈ॥੬॥ਦੋਹਰਾ॥ਊਚਾ ਅਗਮ ਅਪਾਰ ਪ੍ਰਭ ਭੇਦ ਨ ਜਾਂਨੈ ਕੋਇ॥ਰਾਂਮ ਦਾਸ ਸੋਈ ਲਖੈ ਜਾਂ ਪਰਿ ਕਿਰਪਾ ਹੋਇ॥੧॥

ਹੱਥ ਲਿਖਤ ਨੰ : MS 266

ਸਿਰਲੇਖ : ਰਾਮ ਅਸ੍ਵਮੇਧ ਭਾਖਾ

ਲੇਖਕ : ਸੰਤ ਸਿੰਘ, ਗਿਆਨੀ

ਸਮਾਂ : ਸੰਮਤ 1877

ਸਥਾਨ : ਅੰਮ੍ਰਿਤਸਰ

ਪੱਤਰੇ : 1 ਅ – 198 ਓ

ਆਕਾਰ : 18X33.5 ਸ.ਮ. ਲਿਖਤ: 13X24 ਸ.ਮ.

ਵੇਰਵਾ : ਖੁੱਲ੍ਹੇ ਪੱਤਰੇ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾ–13

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਪੋਥੀ ਦਾ ਪਹਿਲਾ ਪੰਨਾਂ ਸਜਾਵਟ ਵਾਲਾ, ਆਖਰੀ ਪੱਤਰੇ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਬਰੀਕ ਕਾਨੀ ਨਾਲ ਹਾਸ਼ੀਏ ਵਿਚ ਸ਼ਬਦਾਂ ਦੇ ਅਰਥ ਦਿੱਤੇ ਹੋਏ, ਪੱਤਰਾ 197 ਓ ਤੇ ਸਮੇ ਅਤੇ ਲੇਖਕ ਬਾਰੇ ਲਿਖਿਆ ਹੈ:– ‘‘ਸ੍ਰੀਮਤ ਸੂਰਤ ਸਿੰਘ ਜੀ ਗਜ਼ਾਨੀ ਸੰਗਯਾ ਜਾਂਹਿ॥ ਸੰਤ ਸਿੰਘ ਤਿਨ ਕੌ ਸੁਵਨ ਸ੍ਰੀ ਅੰਮ੍ਰਿਸਰ ਮਾਂਹਿ’’, ‘‘ਦ੍ਵੀਪ ਦ੍ਵੀਪ ਗਜ ਸਸਿ ਵਰਖ ਮਿਥਨ ਸੁਕਲ ਵਿਥ ਦੂਜ’’॥

ਆਰੰਭ :ੴ ਸੇਤਿਗੁਰ ਪ੍ਰਸਾਦਿ ॥ਸ੍ਰੀ ਰਾਮਾਯ ਨਮ: ਸ੍ਰੀ ਹਨੁਮਤੇ ਨਮ:॥ਅਥ ਰਾਮਾਸ੍ਵਮੇਧ ਭਾਖਾ ਲਿਖਜਤੇ ॥ ਪ੍ਰਥਮ ਵਿਨਾਯਕ ਵਿਘਨ ਹਰਵਰ ਦਾਤਾ ਪਦਵੰਦ॥ਪੁਨ ਸੁਭ ਦਾਨਿ ਸਰਸ੍ਵਤਿਹ ਪ੍ਰਨਮੋ ਆਨੰਦ ਕੰਦ ॥ ੧ ॥ ਪਰਮ ਹੰਸ ਸ੍ਵਾਦਿਤ ਚਰਨ ਸਰ ਰੁਹ ਚਿਨ ਪਕਰੰਦ॥ਵਸੋ ਮੋਰ ਹਿਯ ਰਾਮ ਸਿਯ ਜਯਤਿ ਸੱਚਿਦਾਨੰਦ॥੨॥…

ਅੰਤ : …ਸਿਯ ਰਘੁਵਰ ਲਛਮਨ ਭਰਤ ਰਿਪੁ ਸੂਦਨ ਹਨੁਮਾਨ॥ਸਭ ਹੀ ਹੋਇ ਕ੍ਰਿਪਾਲ ਮੁਹਿ ਦੇਹਿ ਭਕ੍ਰਿ ਵਰਦਾਨ॥੪੪॥ਦੋ:॥ਪ੍ਰੀਤਿ ਹੋਇ ਸਤਸੰਗ ਮਹ ਅੰਤ ਮਿਲੈ ਹਰਿ ਧਾਮ॥ਮਨ ਬਚ ਕ੍ਰਮਕ ਰਹਿਤ ਸਹਤ ਸਦ ਸੁਮਿਰੌਂ ਸ੍ਰੀ ਰਾਮ॥੪੫॥ਇਤਿ ਸ੍ਰੀ ਪਦਮ ਪੁਰਾਣੇ ਪਾਤਾਲ ਖੰਡੇ ਸੇ ਸਵਾਤਸਾਯਨ ਸੰਬਾਦੇ ਰਾਮ ਅਸ੍ਵਮੇਧ ਭਾਖਾ ਵਿਰਚਿਤਾਯੰ ਰਾਮ ਚੰਦ੍ਰ ਅਸ੍ਵਮੇਧ ਸਮਾਪਤੰ ਸੁਭੰ ਨਾਮ ਅਸਟ ਖਸਟਿਮੋ ਧਜਾਇ॥ ੬੯॥

ਹੱਥ ਲਿਖਤ ਨੰ : MS 267 ਸੰਗ੍ਰਹਿ

ਸਿਰਲੇਖ : ਉਪਦੇਸ ਬਿਲਾਸ

ਲੇਖਕ : ਗੁਲਾਬ ਦਾਸ

ਪੱਤਰੇ : 1 ਓ – 221

ਆਕਾਰ : 16X18 ਸ.ਮ. ਲਿਖਤ: 13X14 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾ–13

ਆਮ ਵੇਰਵਾ : ਕੁਝ ਪੱਤਰਿਆਂ ਦੇ ਰੰਗ–ਪੀਲੇ ਪਏ ਹੋਏ, ਕਿਤੇ ਕਿਤੇ ਲਿਖਤ ਪੱਤਰਿਆ ਦੇ ਆਰ–ਪਾਰ ਦਿਸਦੀ ਹੈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ, ਕਿਤੇ ਕਿਤੇ ਕਾਨੀ ਬਦਲੀ ਹੋਈ , ਕੁਝ ਪੱਤਰਿਆਂ ਤੇ ਸਿਆਹੀ ਫੈਲੀ ਹੋਈ, ਪੋਥੀ ਕਿਤੇ ਕਿਤੇ ਕਿਰਮ–ਖੁਰਦਾ, 4 ਅ ਤੇ 5 ਓ ਤੇ ਭਿੱਜਾ ਹੋਣ ਕਾਰਣ ਸਿਆਹੀ ਬਹੁਤ ਜਿਆਦਾ ਫੈਲੀ ਹੋਣ ਕਾਰਣ ਪੂਰੀ ਤਰ੍ਹਾਂ ਪੜ੍ਹਨਯੋਗ ਨਹੀਂ, 7 ਅ ਅਤੇ ੯ਅ ਖਾਲੀ ਹਨ, ਇਨ੍ਹਾਂ ਪੱਤਰਿਆਂ ਤੇ ਦੂਜੇ ਪਾਸੇ ਦੀ ਲਿਖਤ ਦੀ ਸਿਆਹੀ ਫੈਲੀ ਹੋਈ ਹੈ 48 ਪੱਤਰੇ ਤੱਕ ਦਾ ਆਕਾਰ ਬਾਕੀ ਪੋਥੀ ਨਾਲੋਂ ਕੁਝ ਛੋਟਾ ਹੈ। ਇਸ ਪੋਥੀ ਵਿਚ ਤਿੰਨ ਕ੍ਰਿਤੀਆਂ ਹਨ; ਪਹਿਲੀ ਕ੍ਰਿਤੀ ਤੋਂ ਬਾਅਦ ਦੋ ਪੱਤਰੇ ਬਿਨਾਂ ਨੰ:ਦੇ ਖਾਲੀ ਹਨ, ਅਗੋ ਫੇਰ ਪੱਤਰਿਆਂ ਦੇ ਅੰਕ ਇਕ ਤੋਂ ਸ਼ੁਰੂ ਹੁੰਦੇ ਹਨ ।

ਆਰੰਭ : ੧ੴ ਸੇਤਿਗੁਰ ਪ੍ਰਸਾਦਿ॥ ੧ੴ ਐਂ ਸ੍ਰੀ ਪ੍ਰਮਾਤਮਾਇ ਨਮਹਾਂ॥ਅਥ ਉਪਦੇਸ਼ ਬਲਾਸ ਗੁਰ ਗੁਲਾਬ ਦਾਸ ਜੀ ਕਾ ਅਰ ਹਰਿ ਗੁਬਿੰਦ ਸੁਤੁ ਕਾ ਪ੍ਰਸ਼ਨੋਤ੍ਰ ਲਿਖਯਤੇ॥ ਹਰਿ ਗੁਬਿੰਦੋ ਵਾਚ॥ਦੋ॥ਵਾਰੰਵਾਰ ਪ੍ਰਨਾਮ ਗੁਰ ਜੋਰ ਕਰੌਂ ਸਿਰ ਨਾਂਇ॥ਸਰਨ ਪੜੇ ਕੀ ਹੇ ਗੁਰੋ ਤੁਮਂ ਹੀ ਕਰਤ ਸਂਰਾਇ ।ਸਹਾਇ॥ ॥੧॥…

ਅੰਤ : …ਮੁਕਤਾਦਕ ਇੱਛਾ ਸਭੇ ਰਹੇ ਨ ਜੋ ਇਸ ਖੋਜ॥ਮਸਤ ਹੋਇ ਹਰ ਹਾਲ ਮੋ ਹੋਸੀ ਸਦਾ ਨਿਰੋਜ॥੩੬॥ਇਤ ਸ੍ਰੀ ਉਪਦੇਸ ਬਿਲਾਸ ਕੋ ਅਸ੍ਰਮੋ ਵਿਸ੍ਰਾਮ ਸਮਪੂਰਨੰ॥ਸਮਾਪਤੰ॥=॥=॥=

ਹੱਥ ਲਿਖਤ ਨੰ : MS 267 ਅ
ਸਿਰਲੇਖ : ਹਸਤ ਦੂਖ ਨਿਵਾਰਨ
ਪੱਤਰੇ : 1 ਓ
ਆਕਾਰ : 16X18 ਸ.ਮ. ਲਿਖਤ: 13X14 ਸ.ਮ.
ਵੇਰਵਾ : ਉਹੀ, ਸਤਰਾਂ ਪ੍ਰਤੀ ਪੰਨਾ-10
ਆਮ ਵੇਰਵਾ : ਓਹੀ, ਕਿਸੇ ਹੋਰ ਪੋਥੀ ਵਿਚੋਂ ਕੇਵਲ ਇਕ ਪੱਤਰਾ ਨਕਲ ਕੀਤਾ ਜਾਪਦਾ ਹੈ।
ਆਰੰਭ : ॥ ਅਥ ਹਸਤ ਦੂਖੇਂ ਨਿਵਾਰਨੰ ॥ ਦੋ ॥ ਬਚਨ ਰਾਜ ਪੀਪਰ ਤੁਰਗ ਗੰਧਏ ਔਖਦ ਸਮ ਜੋਇ ॥ ਮਹਿਖੀ ਘ੍ਰਿਤ ਸੋ ਲੇਪੀਐ ਲਿੰਗ ਮੂਸਲੀ ਹੋਇ ॥ ੨੪ ॥…
ਅੰਤ : …ਸੂਕਰ ਪੁਰੀਖ ਤੋਲ ਮੁਧੁ ਲੀਜੈ ਚਾਰ ਭਲੈ ਪੀਸ ਕੈ ਬਨਾਇ ਲੇਪੁ ਧੁਜਾ ਹੂੰ ਸਵਾਰਿਯੈ ॥ ਕਰੈ ਸੁ ਪੂਰਬ ਕਾਜ ਸੁਨੋ ਰਸ ਸਿਰਤਾਜ ਸੋਵਤ ਜਗਾ ਧੁਜਾ ਕਾਮਨੀ ਬਿਹਾਰਿਯੈ ॥

ਹੱਥ ਲਿਖਤ ਨੰ : MS 267 ਏ
ਸਿਰਲੇਖ : ਧਾਤੂ ਪ੍ਰਕਾਸ਼
ਪੱਤਰੇ : 1 ਅ-9 ਅ
ਆਕਾਰ : 16X18 ਸ.ਮ. ਲਿਖਤ: 13X14 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ਓ ਸੋਤਿਗੁਰ ਪ੍ਰਸਾਦਿ॥ਅਥ ਧਾਤੂ ਪ੍ਰਕਾਸ਼ ਲਿਖਜਤੇ॥ਹਜਾਰ ਦਾਣਾ ਦੋਧਕ ਦਾ ਨੁਗਦਾ ਕਰਕੇ ਰੁਪਜਾ ਧਰੇ ਵਡੀਆਂ ਪਾਥੀਆਂ ਦੀ ਅੱਗ ਦੇਵੈ ਸਤ ਅੱਗਾਂ ਮੈ ਸੁਧ ਹੋਵੇਗਾ॥ ਹਰਿ ਰੋਗ ਪਰ ਦੇਵੈ ਅਨੁਪਾਨ ਸਿਉ॥੧॥…
ਅੰਤ : …ਜੌ ਲੌ ਜੀਤਾ ਰਹਾ ਤੌ ਲੌ ਧਾਤ ਨਾ ਗਈ॥ ਬਵਾਸੀਰ ਕੇ ਵਾਸਤੇ ਸਾਢੇ ਤੀਨ ਮਾਸੇ ਜੌਖਾਰ॥ ਅਰ ਤੋਲਾ ਪੁਰਾਣਾ ਗੁੜ ਮਿਲਾ ਕਰ ਦੇਵੇ॥ਆਖ ਫੀੜ ਕੋ ਘਿਉ ਸਾਥ ਖਵਾਵਣਾ॥ਜੇਕਰ ਸ੍ਰਦੀ ਹੋਵੇ ਤਾਂ ਗ੍ਰਮ ਸੇ ਦੇਵੇ॥ਜੇਕ੍ਰ ਗ੍ਰਮੀ ਹੋਵੇ ਤਾਂ ਸ੍ਰਦੀ ਸੇ ਦੇਵੇ॥

ਹੱਥ ਲਿਖਤ ਨੰ : MS 268
ਸਿਰਲੇਖ : ਗੁਰਬਾਣੀ
ਲਿਪੀ ਕਾਲ : ਸੰਮਤ 1836
ਸਥਾਨ : ਅੰਮ੍ਰਿਤਸਰ, ਨ੍ਰਿਬਾਨ ਅਖਾੜਾ
ਪੱਤਰੇ : 1-16+1-869 ਅ
ਆਕਾਰ : 10.5X16 ਸ.ਮ. ਲਿਖਤ: 7.5X10 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਪੱਕੀ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁਖ ਪੰਜ-ਪੰਜ ਲਕੀਰਾਂ (ਦੋ ਲਾਲ, ਦੋ ਕਾਲੀਆਂ, ਵਿਚਕਾਰ ਮੋਟੀ ਪੀਲੀ ਲਕੀਰ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾਂ-7.
ਆਮ ਵੇਰਵਾ : ਲਿਖਤ ਸੁੰਦਰ, 1-16 ਪੱਤਰਿਆਂ ਤੇ ਪੋਥੀ ਦਾ ਵੇਰਵਾ ਦਿੱਤਾ ਹੈ ਜਿਸ ਦੇ ਅੰਤ ਤੇ ਸਮੇਂ ਅਤੇ ਸਥਾਨ ਬਾਰੇ ਲਿਖਿਆ ਹੈ:-"ਸਮਤ ਅਠਹਰੇ ਸੈ ਬਰਸ ਬੀਤੇ ਜਬ ਛਤੀਸ॥ ਪੋਹ ਵਦੀ ਏਕਮ ਸੁ ਥਿਤ ਵਿਸਪਤੀਵਾਰ ਸੁ ਰੀਸ॥੧॥ ਅੰਮ੍ਰਿਤਸਰ ਛੇਤਰ ਜਹਾਂ ਨਿਬਾਂਨ ਅਖਾੜੇ ਮਾਹ॥ਭੰਡਾਰੀ ਬ੍ਰਹਮ

ਬੈਰਾਟ ਜੋ ਯਹ ਪੁਸਤਕ ਹੈ ਤਾਹ॥੨॥" ਤਤਕਰੇ ਤੋਂ ਬਾਅਦ ਤਿੰਨ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ, ਅਗਲੇ ਪੱਤਰੇ ਤੇ ਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਦਾ ਬਹੁਤ ਹੀ ਸੁੰਦਰ ਚਿੱਤਰ ਬਣਿਆ ਹੈ, ਫਿਰ ਇਕ ਪੱਤਰਾ ਖਾਲੀ ਹੈ। ਪੋਥੀ ਦਾ ਪਹਿਲਾ ਪੱਤਰਾ ਬਹੁਤ ਹੀ ਸਜਾਵਟ ਵਾਲਾ ਹੈ। ਪੋਥੀ ਦੇ ਅੰਤ ਵਿਚ ਦਿੱਤੀ ਬਾਣੀ ਅਧੂਰੀ ਹੈ। ਵਿਚ ਵਿਚ ਕਾਨੀ ਬਦਲੀ ਹੋਈ ਹੈ॥

ਆਰੰਭ : ੧ੴ ਸਤਿਨਾਮ ਕਰਤਾਂ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ਆਦਿ ਸਚੁ॥ਜੁਗਾਦਿ ਸਚ॥ਹੈ ਭੀ ਸਚੁ॥ਨਾਨਕ ਹੋਸੀ ਭੀ ਸਚੁ॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥

ਅੰਤ : …ਆਪ ਹਾਥ ਦੇ ਮੁਝੈ ਉਬਰੀਐ॥ ਮਰਣ ਕਾਲ ਕਾ ਤ੍ਰਾਸਿ ਨਿਵਰੀਐ॥ਹੂਜੋ ਸਦਾ ਹਮਾਰੇ ਪਛਾ॥ਸ੍ਰੀ ਅਸਧੁਜ ਜੂ ਕਰੀਅਹੁ ਰਛਾ॥੫॥ਰਾਖਿ ਲੇਹੁ ਮੁਹਿ ਰਾਖਨਹਾਰੇ॥ਸਾਹਿਬ ਸੰਤ ਸਹਾਇ ਪਿਆਰੇ॥ਦੀਨ ਬੰਧ ਦੁਸਟਨ ਕੇ…..

ਹੱਥ ਲਿਖਤ ਨੰ : MS 269 ਸੰਗ੍ਰਹਿ
ਸਿਰਲੇਖ : ਕੋਕ ਸਾਰ
ਲੇਖਕ : ਅਨੰਦ ਚੰਦ
ਪੱਤਰੇ : 1-44 ਅ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਸਤਰਾਂ ਪ੍ਰਤੀ ਪੰਨਾਂ-9, ਦੁਪਾਸੀਂ ਖੜ੍ਹੇ ਰੁਖ ਦੋ ਬਰੀਕ ਲਕੀਰਾਂ ਦਾ ਹਾਸ਼ੀਆ, ਜਿਲਦ ਚਮੜਾ ਉੱਖੜੀ ਹੋਈ।
ਆਮ ਵੇਰਵਾ : ਪੱਤਰਾ 19 ਅ ਖਾਲੀ ਛੱਡਿਆ ਹੋਇਆ ਹੈ। ਕਿਤੇ-ਕਿਤੇ ਕਾਨੀ ਬਦਲੀ ਹੋਈ ਹੈ। ਲਾਈਨਾਂ ਦੇ ਵਿਚ-ਵਿਚ ਸੁਧਾਈ ਕੀਤੀ ਹੋਈ ਹੈ।ਹਾਸ਼ੀਏ ਦੇ ਬਾਹਰ ਵੀ ਸੁਧਾਈ ਕੀਤੀ ਹੋਈ ਹੈ।ਇਸ ਪੋਥੀ ਦੇ ਪੱਤਰੇ 1 ਤੋਂ 240 ਅਤੇ 1 ਤੋਂ 97 ਤਕ ਹਨ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥॥ਸ੍ਰੀ ਵਾਹਗੁਰੂ ਜੀ ਕੀ ਫਤੈ ਹੈ॥ਭਗੌਤੀ ਜੂ ਨਮ: ਅਥ ਕੋਕ ਸਾਰ ਲਿਖਜਤੇ॥ ਅਨੰਦ ਚੰਦ ਕ੍ਰਿਤ॥ਦੋਹਰਾ॥ਲਲਿਤ ਸੁਮਨ ਧਨ ਅਲਿਪ ਨਚ ਤਨ ਛਬਿ ਅਭਿ ਨਵ ਕੰਦ॥ਮਧੁਰਿਤ ਹਿਤ ਚਿਤ ਰਤਿ ਰਮਨ ਜਯ ਜਯ ਮਦ ਅਨੰਦ॥੧॥…
ਅੰਤ : …ਦੋਹਰਾ॥॥ਖੰਡ ਚਤੁਰ ਦਸ ਅਤਿ ਸਰਸ ਰਚੇ ਜੁ ਬਹੁ ਬਿਧਿ ਛੰਦ॥ ਪੜ੍ਹਤ ਚੜ੍ਹਤ ਚਿਤ ਚੌਪ ਅਤਿ ਬਢਤ ਅਧਿਕ ਆਨੰਦ॥ ੩●੭ ॥ ਇਤ ਸ੍ਰੀ ਕੋਕ ਸਾਰ ਚਰ ਦਸਮ ਖੰਡ ਸਮਾਪਤ ਮਸਤੁ ਸੁਭ ਮਸਤੁ॥੧੪॥

ਹੱਥ ਲਿਖਤ ਨੰ : MS 269 ਅ
ਸਿਰਲੇਖ : ਪੰਚਦਸੀ
ਲੇਖਕ : ਅਨੰਦ ਚੰਦ
ਪੱਤਰੇ : 45-50 ਅ
ਆਕਾਰ : 11X15 ਸ.ਮ. ਲਿਖਤ: 8X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਹਾਸ਼ੀਏ ਵਿਚ ਸੁਧਾਈ ਕੀਤੀ ਗਈ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਪੰਚਦਸੀ ਬਿਧ ਉਚਰਤੇ॥ ਪਾਰਬਤੀ-ਓ ਵਾਚ॥ਗਵਰੀ ਸੰਕਰ ਸੋ ਕਹਿਯੋ ਸਿਖਰ ਸਿਧਾ ਕੈਲਾਸ॥ਪੰਚ ਦਸੀ ਬਿਧ ਭਗਤ ਹਿਤ ਬਿਲਾਸ॥ਸੰਕਰੋਵਾਚ॥…

ਅੰਤ : ... ਵਸੰਭਵ ਤਿਸੋ ਬੀਰ ਪ੍ਰਿਯ ਪਾਣ ਦਰਬ ਕਰਿ ਜਾਨ॥ਸਰਬਸੁ ਕਾਰਜ ਸਿਧਿ ਹ੍ਵੈ ਸੰਸਯ ਨਾਹਿ ਸੁਆਨਿ ॥ ੪੨ ॥ ਇਤ ਸ੍ਰੀ ਸਿਵ ਕਾਡੇ ਗੌਰੀ ਹਰ ਸੰਬਾਦੇ ਸਮਾਪਤ ਮਸਤ ਸੁਭ ਮਤ॥੪੩॥

ਹੱਥ ਲਿਖਤ ਨੰ : MS 269 ਏ
ਸਿਰਲੇਖ : ਹਿਸਾਬ ਯਦ ਕਿਤਾਬ ਦਾ
ਲਿਖਾਰੀ : ਅਨੰਦ ਚੰਦ
ਪੱਤਰੇ : 51-59 ਓ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ, ਹਾਸ਼ੀਏ ਵਿਚ ਸੁਧਾਈ ਕੀਤੀ ਗਈ ਹੈ ।
ਆਮ ਵੇਰਵਾ : ਇਹ ਪੋਥੀ ਜੰਤਰਾਂ ਬਾਰੇ ਹੈ। ਕਿਤੇ ਕਿਤੇ 'ਯਦ' ਦੀ ਥਾਂ 'ਜਦ' ਅੱਖਰ ਦੀ ਵਰਤੋਂ ਕੀਤੀ ਗਈ ਹੈ। ਪੋਥੀ ਦੇ ਸ਼ੁਰੂ ਵਿਚ ਨੌਂ ਖਾਨਿਆਂ ਦੇ ਵਰਗਾਕਾਰਾਂ ਵਿਚ ਗਿਣਤੀ ਲਿਖਕੇ ਅਲੱਗ ਅਲੱਗ ਜੰਤ੍ਰ ਬਣਾਏ ਹਨ॥ 57 ਪੱਤਰੇ ਤੇ ਵੀ ਉਸੇ ਤਰਾਂ ਦੇ ਜੰਤ੍ਰ ਬਣੇ ਹਨ ॥ ਪੋਥੀ ਦੇ ਅੰਤ ਤੇ ਵੀ ਪੱਤਰਾ ਨੰ: 59 ਕੁਝ ਜੰਤ੍ਰ ਬਣਾਏ ਹਨ। ਲਾਇਨਾਂ ਦੇ ਵਿਚ-ਵਿਚ ਅਤੇ ਹਾਸ਼ੀਏ ਵਿਚ ਸੁਧਾਈ ਕੀਤੀ ਹੋਈ ਹੈ।
ਆਰੰਭ : ੧ਓ ਸਿਤਿਗੁਰ ਪ੍ਰਸਾਦਿ॥ ॥ਅਥ ਹਿਸਾਬ ਅਬ ਯਦ ਕਿਤਾਬ ਦਾ॥ਵਿਧ ਜੰਤ੍ਰ ਬਣਾਵਣੇ ਦੀ॥ਅਥਵਾ ਸਤਾਰੇ ਸਹੀ ਕਰ ਹਿਸਾਬ ਕਿਤਾਬ ਅਬ ਜਦ ਕਹੇਨੇ ਦੀ॥ਅਬ ਪ੍ਰਥਮੇ ਅਖਰ ਗਣਨੇ ਕੀ ਬਿਧ ਕਹਤਾ ਹੋ॥...
ਅੰਤ : ... ਆਗੇ ਕਾਲ ਚਕ੍ਰ ਕਾ ਵੀਚਾਰ॥ ਛਨਛਰ ਵਾਰ ਤੇ ਸੋਮਵਾਰ ਲਾਕ ਚਕ੍ਰ ਪੂਰਬ ਦਿਸਾ॥ਵੀਰਵਾਰ ਦਖਣ ਦਿਸਾ॥ਸੁਕ੍ਰਵਾਰ ਤੇ ਆਇਤਵਾਰ ਪਸਚਮ ਦਿਸਾ॥ ਮੰਗਲਵਾਰ ਤੇ ਬੁਧ ਵਾਰ ਉਤਰਿ ਦਿਸਾ॥ਇਤ ਕਾਲ ਚਕ੍ਰ ਸਮਾਪਤੰ॥

ਹੱਥ ਲਿਖਤ ਨੰ : MS 269 ਸ
ਸਿਰਲੇਖ : ਵਾਰ ਕਸਟਾਵਲੀ
ਪੱਤਰੇ : 59 ਅ-80 ਅ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਕਿਤੇ ਕਿਤੇ ਸੁਧਾਈ ਕਰਨ ਲਈ ਅੱਖਰ ਦੇ ਉਤੇ ਹੀ ਗੂੜ੍ਹੀ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਕਿਤੇ ਕਿਤੇ ਲਾਈਨਾਂ ਦੇ ਵਿਚਕਾਰ ਹੀ ਸੋਧ ਕੀਤੀ ਹੋਈ ਹੈ। ਵਿਚ ਵਿਚ ਕਾਨੀ ਬਦਲੀ ਹੋਈ ਹੈ। ਇਹ ਪੋਥੀ ਜੰਤ੍ਰ, ਮੰਤ੍ਰ ਅਤੇ ਤਵੀਤਾਂ ਸੰਬੰਧਿਤ ਹੈ।59 ਅ ਤੋਂ 64 ਓ ਤਕ ਵਾਰ ਕਸ਼ਟਾਵਲੀ ਹੈ, 64 ਓ - 68 ਓ ਤਕ ਬਾਲ ਕਸ੍ਰਾਵਲੀ ਹੈ, 68 ਓ -70 ਅ ਤਕ ਵਰਖ ਕਸ਼ਟਾਵਲੀ ਹੈ, 70 ਅ-77 ਅ ਤਕ ਦੇਵ ਨਾਮਾ ਹੈ। 78 ਓ -80 ਅ ਤਕ ਕਾਗ ਭਾਖਾ ਹੈ।
ਆਰੰਭ : ੧ਓ ਸਿਤਿਗੁਰ ਪ੍ਰਸਾਦਿ॥ਅਥ ਵਾਰ ਕਸਟਾਵਲੀ ਲਿਖਤੇ॥ਜੇ ਆਇਤਵਾਰ ਕੀ ਰਾਤ ਕਸਟ ਥੀਵੇ ਤਾ ਨਿਸਾਨੀ॥ ਸੀਨਾ ਭਾਰੀ ਥੀਵੇ ਅਥਵਾ ਦਿਲ ਤਪਤ ਥੀਵੇ ਅਥਵਾ ਅਚਵੀ ਥੀਵੇ॥ਤਾ ਤਿਸਨੋ ਨਜਰ ਲਗੀ ਹੈ॥ਅਥਵਾ ਦਿਸਟ ਭਈ ਹੈ॥ਅਥਵਾ ਦਿਸਟ ਭਈ ਹੈ ਪ੍ਰਿੰਤ੍ਰੀ ਕੀ॥ ਸੋ ਤਿਸਕਾ ਇਲਾਜ ਇਹ ਪੂਜਾ ਕਰਨੀ॥...
ਅੰਤ : ... ਈਸਾਨ ਕੋਣ ਪਹਿਲੇ ਪਹਿਰ ਬੋਲੇ ਤੋ ਦਿਨਾ ਦੇ ਚੋਰੀ ਦੀ ਬਾਰਤਾ ਸੁਣੇ॥ਅਰੁ ਚੋਰੁ ਮਿਲੇ ਮੁਹਿ ਪਰਬ ਚਿਰ ਹੀਏ॥ ਦੁਤੀਏ ਪਹਿਰ ਬੋਲੇ ਤੋਂ ਅਰਥ ਕੀ ਚਾਹਨਾ ਸੋ ਲਾਭਤਾ ਕਰੈ॥ਤ੍ਰਿਤੀਏ ਪਹਰ ਬੋਲੇ ਤੋ ਸੰਤੋ ਤੋ ਸੰਤੋਖ ਪ੍ਰਾਪਤਿ ਹੋਵੈ॥ਦਿਨਆ ਦੇ ਚੌਥੇ ਪਹਿਰ ਬੋਲੇ ਤੋ ਸੁਖ ਪ੍ਰਿਥਮੇ ਸੁਖ ਦੁਤੀਏ ਪੁਤ੍ਰ ਤ੍ਰਿਤੀਏ ਯਾਰ ਮਿਲੇ ॥ ਚੌਥੇ ਪਹਿਰ ਬੋਲੇ ਤੋ ਪੁਤ੍ਰ ਮਿਲੇ॥ਮਣੇ ਉਪਰਿ ਬੋਲੇ ਤਾ ਰਾਜੇ ਕੀ ਬਾਤ

ਕਹੈ॥ਜੋ ਰਾਜਾ ਆਵਤਾ ਹੈ ॥ ਤ੍ਰਿਤੀਏ ਕੋਈ ਝਗੜਾ ਗਲਿ ਪਵੇ॥ ਚੌਥਾ ਕੋਈ ਜੀਉ ਆਪਣੇ ਕੋਲੋ ਦੁਖਤਾ ਹੋਵੈ॥ ਇਤ ਸ੍ਰੀ ਕਾਗ ਭਰੇ ਸੰਪੁਰਾਣੇ ਸਮਾਪਤੰ॥੧॥

ਹੱਥ ਲਿਖਤ ਨੰ : MS 269 ਹ
ਸਿਰਲੇਖ : ਅਦਭੁਤ ਬਿਲਾਸਿ
ਲੇਖਕ : ਅਨੰਦ ਚੰਦ
ਪੱਤਰੇ : 81 ੳ-128 ੳ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਦੋਹੇ 154 ਹਨ।ਵਿਚ ਵਿਚ ਕਾਨੀ ਬਦਲੀ ਹੋਈ ਹੈ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ॥
ਆਰੰਭ : ੧ੴ ਸ੍ਰੀ ਗਣੇਸਾਇ ਨਮ:। ਅਥ ਅਦਭੁਤਬਿਲਾਸਿ ਲਿੱਖੱਤੇ॥ਦੋਹਰਾ॥ਜੈਸੇ ਜੈਸੇ ਪੁਹਪ ਸੰਗ ਧਰਹਿ ਜੁ ਤਿਲ ਕੋ ਤੇਲੁ॥ਤੈਸੇ ਤੈਸੇ ਬਾਸਿ ਗੁਨਿ ਕਹੀਐ ਨਾਮ ਫੁਲੈਲੁ॥ਚੌਪਈ॥ ਕੋਈ ਬ੍ਰਹਿਮ ਚ੍ਰਜ ਦਿਖਰਾਵੈ॥ਕੋਈ ਨਟਿ ਚੇਟਕ ਕਹਿਲਾਵੈ॥ ਕੋਈ ਇੰਦ੍ਰ ਜਾਲ ਲੈ ਆਇਆ॥ ਕੋਈ ਕਾਇਆ ਕਲਪੁ ਦਿਖਲਾਇਆ॥ਕੋਈ ਲੁਕਾਵ ਕੁ ਅੰਜਨ ਕਹੈ॥ ਕੋਈ ਚਿਤ੍ਰ ਕੀ ਸੁਰਤਿ ਹਰੈ॥ ਕੋਈ ਰੂਪ ਪਲਟਕੈ ਹਰੈ॥ਦੇਖੈ ਔਰੁ ਔਰੁ ਕੁਛ ਕਰੈ॥...ਕੋਈ ਫਲੁ ਅਨੁਰਤ ਹੀ ਫਲੈ॥ਕੋਈ ਜਲ ਪੈਠ ਹੋਵੈ ਜਲਿ ਬਾਸੀ ॥...
ਅੰਤ : ...ਛੰਦ॥ਇਤੇ ਗੁਨ ਬੰਦਾਵਲ ਬ੍ਰਨੈ ਕਰੈ ਜੁ ਕੋਈ ਜਾਨੈ॥ਤਾ ਹਰ ਜਬ ਲਗ ਜੀ ਮੈ ਜਗਤ ਮੈ ਭੋਗਿ ਬਿਲਾਸਹਿ ਮਾਨੈ॥ਬੰਦਾਵਲੀ ਸਮਾਪਤੰ॥

ਹੱਥ ਲਿਖਤ ਨੰ : MS 269 ਕ
ਸਿਰਲੇਖ : ਆਤਸਬਾਜੀ ਕੀ ਬਿਧ
ਪੱਤਰੇ : 128 ੳ -138 ੳ
ਆਕਾਰ : 11X15 ਸ.ਮ. ਲਿਖਤ: 8X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਅਲਗ ਅਲਗ ਤਰ੍ਹਾਂ ਦੀ ਆਤਸਬਾਜੀ ਦੀਆਂ ਵਿਧੀਆ ਦਿਤੀਆਂ ਹਨ। ਪੰਗਤੀਆਂ ਦੇ ਵਿਚਕਾਰ ਹੀ ਸੋਧ ਕੀਤੀ ਹੋਈ ਹੈ।
ਆਰੰਭ : ਅਥ ਆਤਸਬਾਜੀ ਕੀ ਬਿਧ ਕਥਨੰ॥ਅਥ ਹੌ ਖੇਲੁ ਅਗਨ ਕਾ ਬ੍ਰਨੋ ਆਤਸਬਾਜੀ ਕਰੀਏ॥ਖੇਲਹਿ ਖੇਲ ਮਲੂਕ ਸਿਆਨੇ ਮਨੁ ਹੁਲਾਸ ਕੈ ਕਹੀਏ॥ਪਾਤਸਾਹ ਕੇ ਦਲ ਮੋ ਪਿਆਰੀ ਜਹਾਂ ਜਹਾਂ ਜਸੁ ਪਾਵੈ॥ਜਬ੍ਰ ਜੰਗ ਭਰ ਸੁ ਰੰਗ ਉਡਾਵੈ॥ਦਾਰੂ ਏਕ ਚਾਰ ਘਰ ਬ੍ਰਤੈ ਭਰੈ ਬਦੂੰਕ ਹਵਾਈ॥ਭਰਹੁ ਪਟਾਕਾ ਔਰ ਚੰਚੂ ਧ੍ਰਹਿ ਕੀਮਤ ਬ੍ਰਨ ਸੁਨਾਈ॥ਲੀਜਹੁ ਤੋਲ ਸਮਝਕੈ। ਮਨ ਮੋ ਜੈਸੇ ਧਰੈ ਨਾ ਧੋਖਾ॥ਜੌ ਪੀਸੇ ਸੋ ਹੋਇ ਨ ਕਾਹਲ ਕਾਮ ਸਵਾਰੈ ਚੋਖਾ॥
ਅੰਤ : ... ਅਥ ਹਵਾਈ ਗੁਲਰੇਜ ਕੀ ਬਿਧ॥ਬਾਰਹਿ ਭਰਿ ਕੈ ਸੋਗ ਲੀਜੈ ਦੁਇ ਭਰਿ ਕੋਇਲਾ ਆਨੈ॥ਦੇਗਚੂਨ ਅਰੁ ਗੰਧਕ ਦੋਨੋ ਡੇਢ ਡੇਢ ਕਰਿ ਸਾਨੈ॥ਬਹੁਤ ਜਤਨੁ ਸੋ ਪੀਸ ਮਿਹੀ ਕਰਿ ਤਬ ਵਹਿ ਭਰੈ ਹਵਾਈ॥ਬ੍ਰਸਹਿ ਫੂਲ ਸੁ ਰਗ ਸੋ ਤਾਰੇ ਗੁਰ ਕੀ ਕਰੋ ਦੁਹਾਈ॥੩੩॥॥ਅਥ ਆਸਬਾਜੀ ਸਮਾਪਤੰ॥

ਹੱਥ ਲਿਖਤ ਨੰ : MS 269 ਖ
ਸਿਰਲੇਖ : ਅੱਗਿ ਬੰਧਨੀ
ਲੇਖਕ : ਅਨੰਦ ਛੰਦ
ਪੱਤਰੇ : 138 ਉ-162 ਉ
ਆਕਾਰ : 11X15 ਸ.ਮ. ਲਿਖਤ: 8X 12 ਸ.ਮ.
ਵੇਰਵਾ : ਓਹੀ
ਆਮ ਵੇਰਵਾ : 159 ਪੱਤਰੇ ਤੋਂ ਅਗੇ ਪੱਤਰਿਆਂ ਤੇ ਕੋਈ ਹਾਸ਼ੀਆਂ ਨਹੀਂ। ਅਲਗ ਅਲਗ ਬਿਮਾਰੀਆਂ ਦੇ ਨੁਸਖੇ ਦਿੱਤੇ ਹੋਏ ਹਨ। ਅੰਤ ਨਹੀਂ ਦਿੱਤਾ ਹੋਇਆ, ਦਵਾਈਆਂ ਨਾਲ ਹੀ ਅੰਤ ਕੀਤਾ ਹੋਇਆ ਹੈ। 162 ਅ ਤੋਂ 164 ਅ ਤੱਕ ਪੱਤਰੇ ਖਾਲੀ ਹਨ। ਵਿਚ ਵਿਚ ਕਾਨੀ ਬਦਲੀ ਹੋਈ ਹੈ।
ਆਰੰਭ : ਅਥ ਅੱਗਿਬੰਧਨੀ॥ ਕਾਮਨਿਰਕਤ ਪੁਹਪ ਜੋ ਹੋਇ॥ਗੱਦੇ ਮੂਤ ਜੁ ਆਨੋ ਕੋਇ॥ਮੈਡਕ ਕੀ ਚਰਬਿ ਲੈ ਆਵੇ ਕੋਇ॥ਤਾਂ ਸੋ ਹਾਥ ਮਲੈ ਜੋ ਦੋਇ॥ਕੋਈ ਤੇਲ ਘੀਉ ਔਟਾਵੈ ਜਲੈ ਨਹੀ ਸਾਚਾ ਹੁਇ ਆਵੈ॥
ਅੰਤ : … ਹੋਰ ਕੁਰੇ ਦੀ ਦਵਾਇ॥ਦਾਲ ਚਿਕਨਾ ਮਾਸੇ ੬, ਦਾਲਚੀਨੀ ਮਾਸੇ ੬,ਜਾਮਨੂ ਨਿਕੇ ਟਿਰੇ ਹੋਏ ਪਾਉ ਕਚੇ। ਵਰਚ ਮਾਸੇ ੬, ਕਲਮੀ ਸੋਰਾ ਮਾਸੇ ੬, ਖੰਡੁ ਡੂਢ ਪਾਉ॥ਫਕੀ ਦੋ ਤੋਲੇ ਦੁਧ ਨਾਲ॥ਦੁਧ ਚਾਵਲ ਖਾਣੇ॥ਚੰਗਾ ਹੋਵੇ॥

ਹੱਥ ਲਿਖਤ ਨੰ : MS 269 ਗ
ਸਿਰਲੇਖ : ਖੇਮ ਕੰਤੂਹਲ
ਲੇਖਕ : [ਖੇਮ ਸ਼ਰਮਾ]
ਲਿਖਾਰੀ : ਅਨੰਦ ਚੰਦ
ਪੱਤਰੇ : 165 ਉ-239 ਉ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਬਿਨਾਂ ਹਾਸ਼ੀਆ ਦੇ।
ਆਮ ਵੇਰਵਾ : ਕੋਈ ਹਾਸ਼ੀਆ ਨਹੀਂ ਹੈ। ਇਹ ਭਾਗ ਅਧੂਰਾ ਜਾਪਦਾ ਹੈ । ਇਹ ਹਿਕਮਤ ਨਾਲ ਸੰਬੰਤ ਹੈ। 239 ਅ, 240 ਅ ਪੱਤਰੇ ਖਾਲੀ ਹਨ॥
ਆਰੰਭ : ੧ੴਸਤਿਗੁਰ ਪ੍ਰਸਾਦਿ॥ ॥ਅਥ ਖੇਮ ਕੰਤੂਹਲ ਲਿਖਜਤੇ॥ਮਹਾਦੇਵ ਪੁਤ੍ਰ ਤੁਮਾਰੇ ਪਾਪ ਕਉ ਦੂਰ ਕਰੈ॥ਗਣੇਸ ਕੈਸੇ ਹੈ ਸਕਲ ਸਿਧ ਕੇ ਸਮੁਦ੍ਰ ਹੇ॥ ਤਿਲ ਕੇ ਲਾਂਡੂ ਕੇ ਖਵਯਾਹੈ।ਬਹੁਰਿ ਕੈਸੇ ਹੈ ਸਗਲ ਕੇ ਗੁਰ ਹੈ॥ਬਹੁਰ ਕੈਸੇ ਹੈ ਕਪੋਲਨ ਚੁਚੀ ਨਦੀ ਹੈ ਮਦ ਕੀ ਧਾਰਾ ਤਿਸ ਕੇ ਉਪ੍ਰ ਬੈਠੇ ਹੈ॥…
ਅੰਤ : … ਜੇ ਘੀਉ ਦਾ ਅਜੀਰਣ ਹੋਇ ਤਾ ਮਿਠਾਈ ਦੇ ਅਜੀਰਣ ਨੋ ਨਾ ਰਗੀ॥ਮਛੀ ਦੇ ਅਜੀਰਣ ਨੋ ਕਾਂਜੀ ਪੀਵੈ ॥ ਸ੍ਰਬਤ ਦੇ ਅਜੀਰਣ ਨੂ ਚਿਤ੍ਰਾ ਪਿਪਲੀ ਲੂਣ ਕੁਟ ਕੈ ਚੂਰਨ ਕ੍ਰ ਖਾਏ॥ਇਕ ਟੰਕ ਖਾਣਾ॥

ਹੱਥ ਲਿਖਤ ਨੰ : MS 269 ਘ
ਸਿਰਲੇਖ : ਮੰਤ੍ਰ ਗੁਰੂ ਬਾਬੇ ਨਾਨਕ ਕਾ
ਪੱਤਰੇ : 1 ਉ-58 ਉ
ਆਕਾਰ : 11X15 ਸ.ਮ. ਲਿਖਤ: 8X12 ਸ.ਮ.
ਵੇਰਵਾ : ਦੁਪਾਸੀਂ ਖੜ੍ਹੇ ਰੁਖ ਦੋ-ਕਾਲੀਆਂ ਲਕੀਰਾਂ ਦਾ ਹਾਸ਼ੀਆਂ ਦਿੱਤਾ ਹੈ। ਸਤਰਾਂ ਪ੍ਰਤੀ ਪੰਨਾਂ 11.
ਆਮ ਵੇਰਵਾ : ਹਾਸ਼ੀਏ ਵਿਚ ਸੁਧਾਈ ਕੀਤੀ ਹੋਈ ਹੈ। ਕਿਤੇ-ਕਿਤੇ ਹੜਤਾਲ ਫੇਰ ਕੇ ਵੀ ਸੁਧਾਈ ਕੀਤੀ ਹੋਈ ਹੈ।ਵਿਚ-ਵਿਚ ਕਾਨੀ ਬਦਲੀ ਹੋਈ ਹੈ। ਪੱਤਰਾ ਨੰ: 13 ਉ ਤੋਂ 15 ਓ ਤਕ ਖਾਨੇ ਅਤੇ ਤਾਰੇ ਵਾਹ ਕੇ

ਵੱਖ ਵੱਖ ਜੰਤ੍ਰ ਬਣਾਏ ਹੋਏ ਹਨ। 43 ਅ ਪੱਤਰਾ ਖਾਲੀ ਹੈ। ਇਸ ਮੰਤ੍ਰ ਦਾ ਵਿਧਿ-ਵਿਧਾਨ ਦੱਸ ਕੇ ਕਈ ਹੋਰ ਮੰਤ੍ਰ ਦਿੱਤੇ ਹਨ।

ਆਰੰਭ : ੧ੴ ਸਤਿਗੁਰ ਪ੍ਰਸਾਦਿ॥ ॥ ਸਤਿਨਾਮਿ ਕਰਤਾ ਪੁਰਖੁ ਨਿਰਭੌ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਮੰਤ੍ਰ ਗੁਰੂ ਬਾਬੇ ਨਾਨਕਾ ਕਾ ਮਹਲਾ ੧ ਆਪ ਤੇਜ ਬਾਇ ਪ੍ਰਿਥਮੀ ਅਕਾਸੁ ਏਹੈ॥ ਉਤਪਤ ਪਵਨ ਏਹੈ॥ਇਸ ਕਾ ਬਲੁ ਇਕ ਲਖ ਅਸੀ ਹਜਾਰ ਭੂਤ ਪ੍ਰੇਤ ਮਨ ਅੰਦਰ ਰਹੈਦਾ ਏਹੈ॥ਇਸ ਪਿੰਡ ਮਾਹਿ ਸਾਸਿ ਸੁਰਤ ਦੋਨੋ ਏ ਹੈ॥ਇਸ ਕਾ ਬਲੁ ਏਹੈ॥ਬਾਧੋ ਸੁਰਤ ਮਨ ਚਿਤੁ ਲਾਇ॥ਤ੍ਰੂਈ ਲੋਅ ਬਾਧੋ ਮਨ ਚਿਤ ਲਾਇ॥ਰਾਜਾ ਪ੍ਰਜਾ ਬਾਧੋ ਮਨੁ ਚਿਤੁ ਲਾਇ॥ਨਾਨਕ ਪੜਿ ਬਾਧੇ ਦੇਵਤੇ ਮਸਾਣ॥...

ਅੰਤ : ... ਓ ਮਹਲਾ ੩॥ਛਨਿਵਾਰ ਜੇ ਕੋਈ ਕੇਸੀ ਨਾਵੈ ਤਿਸ ਕੀ ਉਮਰ ਬਹੁਤੀ ਹੁਇ ਜਾਵੈ॥ਆਇਤਵਾਰ ਜੇ ਕੋਈ ਨਾਵੈ ਤਿਸ ਕੀ ਉਮਰ ਘਟ ਹੁਇ ਜਾਵੈ॥ਸੋਮਵਾਰ ਜੇ ਕੋਈ ਨਾਵੈ ਤਿਸ ਨੂੰ ਜਹਮਤ ਤੁਰਿਤ ਹੁਇ ਜਾਵੈ॥ਮੰਗਲ ਵਾਰ ਜੇ ਕੋਈ ਨਾਵੈ ਤਿਸ ਦੀ ਜਹਮਤ ਕਦੇ ਨ ਜਾਵੈ॥ਬੁਧਵਾਰ ਜੇ ਕੋਈ ਨਾਵੈ ਤਿਸ ਦੇ ਘਰ ਦੌਲਤ ਹੁਇ ਜਾਵੈ॥ ਵੀਰਵਾਰ ਜੇ ਕੋਈ ਨਾਵੈ ਤਿਸ ਦਾ ਨੁਕਸਾਨ ਤੁਰਤ ਹੁਇ ਜਾਵੈ ॥ ਸ਼ੁਕਰਵਾਰ ਜੇ ਕੋਈ ਨਾਵੈ ਸੁਖ ਸੇ ਗੁਜਰੇ ਉਸ ਕੇ ਨੇੜੇ ਕੋਈ ਨ ਆਵੈ॥੭॥

ਹੱਥ ਲਿਖਤ ਨੰ : MS 269 ਛ

ਸਿਰਲੇਖ : ਭਡਲੀ ਪੁਰਾਣ

ਪੱਤਰੇ : 58 ਅ - 93 ਅ

ਆਕਾਰ : 11X15 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਕਾਨੀ ਅਤੇ ਸਿਆਹੀ ਕਿਤੇ-ਕਿਤੇ ਬਦਲੀ ਹੋਈ ਹੈ।ਪੋਥੀ ਨਕਸ਼ਤਰਾਂ ਨਾਲ ਸੰਬੰਧਤ ਹੈ।

ਆਰੰਭ : ੧ੴ॥ਸਤਿਗੁਰ ਪ੍ਰਸਾਦਿ॥ ਅਥ ਭਡਲੀ ਪੁਰਾਣ ਲਿਖਯਤੇ॥ਸੁ ਕਾਲ ਦੁਕਾਲ ਲਿਖਯਤੇ॥ਦੋਹਰਾ॥ਸੈ ਤੁਝ ਆਗੇ ਸਭ ਕਹੋ ਗ੍ਰਹਿ ਨਖਤ੍ਰ ਚਬਿਤ੍ਰ॥ਮਹਿਲਹਿ ਵਨਿ ਸੁਤ ਧਨ ਭਡਲੀ ਥ੍ਰਿਕ ਰਚਿਤ॥...

ਅੰਤ : ...ਅਥ ਨਿਖਤ੍ਰ ਲਿਖਯਤੇ॥ਅਸੁਨੀ ੧, ਭਣੀ ੨, ਕ੍ਰਿਤਕਾ ੩, ਰੋਹਣੀ ੪, ਮਿਰਗ ਸਿਰ ੫, ਆਦ੍ਰਾ ੬, ਪੁਨਰਬਸ ੭, ਪੁਖੁ ੮, ਸਲੇਖਾ ੯, ਮਘਾ੧●, ਪੂਰਬਾ ਫਾਲ ਗੁਨ ੧੧, ਉਤ੍ਰਾਂ ਫਲ ਗੁਨ ੧੨, ਹਸਤ ੧੩, ਚਿਤ੍ਰਾ ੧੪, ਸੁਆਤੀ ੧੫, ਵਿਸਾਖਾ ੧੬, ਅਨੁਰਾਧਾ ੧੭, ਜੇਸਟਾ ੧੮, ਮੂਲਾ ੧੯, ਪੂਰਬਾ ਖਾੜਾ ੨●, ਉਤ੍ਰਾ ਖਾੜਾ ੨੧, ਸ੍ਰਵਨ ੨੨, ਧਨੇਸਟਾ ੨੩, ਸਤਭਿਖਾ ੨੪, ਪੂਰਬਾ ਭਾਦ੍ਰ ਪਦਾ ੨੫, ਉਤ੍ਰਾ ਭਦ੍ਰ ਪਦਾ ੨੬, ਰੇਵਤੀ ੨੭ ॥

ਹੱਥ ਲਿਖਤ ਨੰ : MS 269 ਚ

ਸਿਰਲੇਖ : ਮੰਤ੍ਰ ਸਪਾਂ ਕਾ

ਪੱਤਰੇ : 94 ਓ - 96 ਅ

ਆਕਾਰ : 11X15 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਆਖਰੀ ਪੱਤਰੇ ਤੇ ਕੁਝ ਹੋਰ ਮੰਤ੍ਰ ਵੀ ਦਿਤੇ ਹਨ।

ਆਰੰਭ : ੧ੴ ਸਤਿਗੁਰ ਪ੍ਰਸਾਦਿ॥ਕੰਤ੩੧੫.੩●੧॥ਓਨਮੋ ਅਦੇਸ॥ਗੁਰ ਸਤਗੁਰ ਗੁਰ ਸਤਗੁਰ ਗੁਰਨੀਰ ਗੁਰ ਸਾਇਰ ਸੰਚੋ ਗੁਰ ਲਖਮੀਰ ਗੁਰ ਤਤ ਮੰਤ ਗੁਰ ਅਲਖ ਨਿਰੰਜਨ ਗੁਰ ਬਿਨ ਜਾਤ ਨ ਕਿਝੈ॥ਗੁਰ ਸਰ ਜੀਤ ਦੀਏ ਬਿਨ ਲਿਝੇ॥...

ਅੰਤ : ... ਸੂ ਅਸਾਰ ਕਾ ਸੇਲੀ ਬਾਲ ਕੀਰੇ ਥੰਮ ਕੇ ਨਾਗ ਤੁਜੇ ਨਾਥ ਜੀ ਸਿਬ ਜੀ ਸੋ ਬਾਂਧੋ ਵਣ ਘਡੀ ਮੋ ਗਰੜ ਜਤੀ ਪੁਕਾਰੇ ਲਲੇ ਕਰੇਸ ਉਸਗ ਆਸ ਉਸਗਸੀਸਿ ਸਵਨਾਥ ਬਸ ਤੁਮ ਗਰੁਬੁ ਨਾ ਕਰੋ ਨਿਰਬਸ ਭਏ ਦੁਹਾਈ ਨਓ ਨਾਥ ਭਾਰ ਜਾ ਕੀ ਦੁਹਾਈ ਖੁਆਜ ਖਿਦ੍ਰੀ ਦੀ ਦੁਹਾਈ ਹਾਜੀ ਰਤਨ ਦੀ॥ਦੋਹਰਾ॥ਬਚਨ ਸਤਿ ਕਰ ਮੰਨੀਐ ਮੀਤ॥ਏਹੁ ਸੰਸਾ ਨ ਕੀਏ ਅਚਿਤ ਲਾਏ ਪ੍ਰੀਤ॥

ਹੱਥ ਲਿਖਤ ਨੰ : MS 270 ਸੰਗ੍ਰਹਿ
ਸਿਰਲੇਖ : ਦੇਵੀ ਪ੍ਰੀਛਾ
ਪੱਤਰੇ : 1 ੳ - 6 ੳ
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆਂ, ਸਤਰਾਂ ਪ੍ਰਤੀ ਪੰਨਾ -8.
ਆਮ ਵੇਰਵਾ : ਲਿਖਤ ਸੁੰਦਰ, ਆਰੰਭ ਵਿਚ 16 ਖਾਨੇ ਵਾਹ ਕੇ ਵਿਚ 1 ਤੋਂ 16 ਤੱਕ ਗਿਣਤੀ ਲਿਖੀ ਹੈ, 6 ਅ ਖਾਲੀ ਹੈ। ਪੱਤਰਾ 63 ਤੋਂ ਬਾਅਦ 17 ਪੱਤਰਿਆਂ ਤੇ ਪੱਤਰਾ ਅੰਕ ਨਹੀਂ ਪਾਇਆ ਹੋਇਆ।
ਆਰੰਭ : ੧ੴਸਤਿਗੁਰ ਪ੍ਰਸਾਦਿ॥ਜਬ ਪ੍ਰੀਛਾ ਪੁਰਖ ਪਾਵੇ ਤਾਂ ਏਨਾ ਅੰਗਾ ਮੈ ਉੰਗਲ ਧਰੇ ॥ ਜੋ ਮਨ ਦੀ ਚਿਤਵਨੀ ਹੋਵੇਗੀ ਸ੍ਰੀ ਭਵਾਨੀ ਜੀ ਸੰਪੂਰਨ ਕਰੇਗੀ॥ ੮ ਅਠ ਵਾਰੀ ਸ੍ਰੀ ਦੇਵੀ ਜੀ ਕਾ ਜਾਪ ਕਰਕੇ ਮਨੋਰਥ ਮਨ ਮੈ ਧਾਰਿ ਕੇ ਪ੍ਰੀਛਾ ਪਾਨਾ॥...
ਅੰਤ : ... ਉਤਮ॥ਏਹੁ ਜੋ ਤੈਨੇ ਕਾਰਜ ਚਿਤਵਿਆ ਹੈ ਸੋ ਭਲਾ ਹੋਇਗਾ॥ ਤੂੰ ਰਾਜੁ ਦੁਆਰੇ ਮਾਨ ਪਾਵੇਗਾ ਤੈਨੂ ਧੰਨ ਪ੍ਰਾਪਤ ਹੋਇਗਾ। ਲਾਭ ਬਹੁਤ ਹੋਇਗਾ॥ ਤੂੰ ਮਾਤਾ ਭਵਾਨੀ ਅਸਟਭੁਜੀ ਕੀ ਪੂਜਾ ਕਰਿਆ ਕਰਿ ਜੋ ਤੇਰੇ ਸਥਲ ਪਰਤਿਲ ਹੈ॥ਤੂੰ ਸਰੀ ਕਰ ਜਾਣ ਸਤ ਕਰ ਮੰਨਣਾ॥੧੭॥ਅਥ ਦੇਵੀ ਪ੍ਰੀਛਾ ਸਮਾਪਤੰ॥੧॥

ਹੱਥ ਲਿਖਤ ਨੰ : MS 270 ਅ
ਸਿਰਲੇਖ : ਕੋਕ ਸਾਰ
ਲੇਖਕ : ਧਰਮ ਸਿੰਘ
ਪੱਤਰੇ : 1 ੳ - 59 ਅ
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪਹਿਲਾ ਪੰਨਾ ਸਜਾਵਟ ਵਾਲਾ ।
ਆਰੰਭ : ੧ੴਸਤਿਗੁਰ ਪ੍ਰਸਾਦਿ॥ਸ੍ਰੀ ਗੁਰੋ ਨਮਾ:॥ਸ੍ਰੀ ਗਣੇਸਾ ਨਮ:॥ਅਥ ਕੋਕ ਸਾਰ ਗ੍ਰੰਥ ਕ੍ਰਿਤ ਕਵ ਧਰਮ ਸਿੰਘ ਲਿਖਜਤੇ॥੧॥ਸਵੈਯਾ॥ਹੋਇ ਕ੍ਰਿਪਾ ਤੁਮਾਰੀ ਹਮ ਪੈ ਤਾ ਸਭੈ ਗੁਨ ਸੰਗ ਨਵਹੋ ਧਰਹੌਂ॥ਜੀ ਅਧਾਰ ਬਿਚਾਰ ਤਬੈ ਬਰ ਬੁਧ ਮਹਾਂ ਅਗਨੈ ਗੁਨ ਕੋ ਹਰਿਹੋ॥ਬਿਨ ਚੰਡ ਕ੍ਰਿਪਾ ਤੁਮਾਰੀ ਕਬਹੂ ਮੁਖ ਤੇ ਅਛਰ ਹਉ ਕਰਹੌਂ॥ਤੁਮਰੋ ਕਰਿ ਨਾਮ ਕਿਥੋ ਤੁਲ ਹਾਂ ਜਿਮ ਬਾਕ ਸਮੁੰਦ੍ਰ ਬਿਥੈ ਤਰਹੋ॥੧॥...
ਅੰਤ : ... ਛੰਦ॥ਪੰਡਿਤ ਗੁਨੀ ਸੁਜਾਨ ਬਿਨਤੀ ਕਰੋ ਨ ਹੋਰ॥ਸੀਸ ਨਵਾਇ ਉਸਤਤਿ ਕਰੋ ਹੀਏ ਹਾਥਿ ਦੋਇ ਜੋਰਿ॥ਹੀਏ ਹਾਥਿ ਜੁਗਿ ਜੋਰਿ ਸੁਰਤ ਰਸ ਬਰਨਨ ਕੀਨੀ॥ਵੇਦੁ ਭੇਦ ਕੁਛ ਪਾਇ ਚਾਰਿ ਚਿਤ ਉਪਮਾ ਦੀਨੀ॥ਕਵ ਤੁਮ ਲੇਹੁ ਸਵਾਰ ਜਹਾ ਤੁਮ ਜਾਨੋ ਖੰਡਤ॥ਮੋਹ ਦੋਸ ਮਤ ਦੇਹੁ ਪ੍ਰਮ ਗਿਆਨੀ ਪੰਡਤ॥੭●॥ਕੋਕ ਸਾਰ ਭਾਖਾ ਰਚੀ ਹੈ ਯੈਹਿ ਗ੍ਰੰਥ ਸੁਖਸਾਰ॥ਸੁਖ ਪਾਵੈ ਏਹ ਸੁਨੇ ਤੇ ਸਭੈ ਪੁਰਖ ਹੋਇ ਜੁ ਨਾਰਿ॥੭੧॥

ਹੱਥ ਲਿਖਤ ਨੰ : MS 270 ਏ
ਸਿਰਲੇਖ : ਦਵਾਦਾਰੂ
ਲੇਖਕ : ਧਰਮ ਸਿੰਘ
ਪੱਤਰੇ : 59 ਅ – 64 ਅ
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਦਾਰੂ ਸੁਜੁਖ ਕੀ ਪਚਕਾਂਰੀ॥ਮੈਹਦੀ ਗੇਰੂ ਧਣੀਆ ਕਥੁ॥ਗੁਲਾਬੀ ਹਰੜਾ ਤੋਲੇ ੨॥ਰਸੌਤ ਮਾਸੇ ੬ ਨੀਲਾ ਥੋਥਾ ਮਾਸਾ ੧ ਰਾਤ ਨ ਭੇਉ ਰਖੇ ਦਿਨੇ ਛਾਨ ਕੇ ਤਿਸ ਕੀ ਪਿਚਕਾਰੀ ਕਰੇ॥…
ਅੰਤ : … ਸੁਫੈਦ ਅਭ੍ਰਕ ਮਹੀਨ ਕਰਕੇ ਕੰਹ ਦੀ ਕਟੋਰੀ ਮੈ ਡਾਲੇ॥ਹਾਥੀ ਸੁੰਡੀ ਬੂਟੀ ਕਾ ਰਸ ॥ਸਾਤ ਰੋਜ ਧੂਪ ਮੈ ਰਖੇ ਸੁਧ ਹੋਇਗਾ ਖੁਰਾਕ ਦੋਇ ਰਤੀ ਖਾਏ ਸੇ ਬਰ ਜੈਹਰ ਚਲੀ ਜਾਤੀ ਹੈ॥ ਅਰ ਤਾਪ ਕੋ ਦੂਰ ਕਰਤਾ ਹੈ ॥ ਹੋਰ ਅਭਰਕ ਕੀ ਬਿਧ…..

ਹੱਥ ਲਿਖਤ ਨੰ : MS 270 ਸ
ਸਿਰਲੇਖ : ਵਸੀਕ੍ਰਾ (ਵਸੀਕਰਨ)
ਪੱਤਰੇ : 65 ੳ–69 ਅ
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਅਥ ਵਸੀਕ੍ਰਾ॥ ਫੂਲ ਹਸੇ ਫੂਲ ਬਸੇ ਫੂਲ ਬੀਚ ਬੀਰ ਬੈਤਾਲ ਬਸੇ ਜੇ ਕੋਈ ਲਵੇ ਫੂਲ ਕੀ ਬਾਂਸ॥ ਰੂਮੋ ਸਾਮੋ ਚਲਿ ਆਵੈ ਮੇਰੇ ਪਾਸ॥ ਔਰ ਕੋਈ ਦੇਖੇ ਤੋਂ ਸੜੇ ਬਲੇ ਮੇਰੇ ਕੋ ਦੇਖੈ ਪਾਉ ਪੜੇ॥…
ਅੰਤ : … ਦਾਰੂ ਡਲਕੇ ਦਾ ਫੇਲੇ ਕਾ ਧੁੰਧ ਕਾ॥ਫਟਕੜੀ ਪੈਸਾ ਭਰ ੧॥ ਜੀਰਾ ਚਿੱਟਾ ਦੋ ਪੈਸ ਭਰ॥੨॥ਮੈਹਦੀ ਦੋ ਪੈਸਾ ਭਰੁ॥੨॥ਜੀਰਾ ਮਹਦੀ ਕੁਟਕੇ ਭੇਂਵ ਛਡੇ ਕੋਰੇ ਕੁਜੇ ਵਿਚ ਜਲ ਪਾਇ ਕੇ ਪਰੂ ਛਡੇ ॥ ਸ੍ਵੇਰੇ ਫਟਕਰੀ ਕਾ ਫੁਲ ਕਰਕੇ ਖ੍ਰਲ ਵਿਚ ਪਾਇ ਕੇ ਉਪਰਲੇ ਜਲ ਨਾਲ ਕਰਨਾ ਪੈਰਹ ੧੨ ਜਾਂ ਹਰੇ ਰੰਗ ਕਾ ਹੋਵੈ ਤਾ ਸੁਰਮੇ ਵਤ ਕਰਨਾ ਫ੍ਰੇ ਅਖੀ ਪਾਵਨਾ ਫੋਲਾ ਛੋੜ ਧੁੰਧ ਜਾਇ॥ ਖਟਾ ਮਿਠਾ ਮਨਹਿ॥

ਹੱਥ ਲਿਖਤ ਨੰ : MS 270 ਹ
ਸਿਰਲੇਖ : ਕਾਮ ਬਿਲਾਸ ਗੁਟਕਾ
ਪੱਤਰੇ : 70 ੳ
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਅਥ ਕਾਮ ਬਿਲਾਸ ਗੁਟਕਾ॥ਕੁੰਕਮ ਸਿੰਗ੍ਰਫ ਜਾਇਫਲੁ ਰਾਲ ਮਖਾਨਾ ਪਾਇ॥ਕਉਚ ਬੀਜ ਤਜ ਮਸਤਕੀ ਅਕਰਕ੍ਰਾ ਸੁ ਰਲਾਇ॥ਤੁੰਬਰ ਲੌਗੁ ਤਮਾਲ ਪਤ੍ਰ ਅਜਵਾਇਨ ਖੁਰਾਸਾਨੀ॥ਤੀਨ ਭਾਗੁ ਏਹੁ ਲੀਜੀਏ ਏਕੁ ਅਫੀਮ ਪਰਮਾਨ ਰਸਬਿ ਜੀਆਂ ਕੂੰ ਗੁਟਕਾ ਕਰਹੁ ਪਾਰਮ੍ਰਿਤ ਟੰਕ ਸੁ ਏਕ॥…

ਅੰਤ : … ਮੰਤ੍ਰ ਦਾੜਕਾ ੭ ਵਾਰੀ ਪੜਕੇ ਥੰਭ ਤੇ ਕਿਲ ਠੋਕੋ॥ਮੰਤ੍ਰ॥ਜੈ ਹਨਵੰਤ ਬ੍ਰੀ ਚੌੜੇ ਪੀੜ ਭਾਗੇ ਪੀੜ ਜਹਾ ਜਾਇ ਪੀੜ ਤਹਾ ਮਾਰੀ ਮੇਖ॥ ਮੇਰੀ ਭਗਤਿ ਗੁਰ ਕੀ ਸਕਤ ਫੁਰਹੋ ਮੰਤ੍ਰ ਈਸ੍ਰੋ ਵਾਚਾ॥ਮੰਤ੍ਰ ਕਾਲਾ ਕੀੜਾ ਕਜਲ ਵੰਨੀ ਬਤੀਸਾਂ ਦੰਦਾ ਕੇ ਵਿਚ ਚਰੇ॥ਦੋਹਾਈ ਗੋਰਖ ਨਾਥ ਕੀ ਕੀੜਾ ਵਿਚ ਮਰੇ॥੧॥

ਹੱਥ ਲਿਖਤ ਨੰ : MS 270 ਕ
ਸਿਰਲੇਖ : ਸਿਲੇਮਾਨੀ
ਪੱਤਰੇ : 1 ਉ- 8
ਆਕਾਰ : 12.5X16 ਸ.ਮ. ਲਿਖਤ: 7.5X12.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ॥੧ਓ ਸਤਿਗੁਰ ਪਰਸਾਦਿ॥ਅਥ ਸਿਲੈਮਾਨੀ ਲਿਖਜਤੇ॥ਇਕ ਸਮੇ ਸਾਰੀਆਂ ਇਸਤ੍ਰੀਆਂ ਨੇ ਰਲ ਕੇ ਫਰਆਦ ਕੀਤੀ ਕੇ ਹੇ ਪੀਰ ਜੀ ਸਾਂਨੂੰ ਸੰਤਾਨ ਨਹੀ ਹੁੰਦੀ ਸੋ ਸਾਡੇ ਵਿਚ ਕੀ ਦੋਖ ਹੈ॥…
ਅੰਤ : …ਹੋਰ ਦਾਰੂ ਛਾਯਾ ਕਾ॥ਕੂੀ ਰੂੀ ਮੁੰਡੀ ਟੰਕ॥ ਤਿਸ ਵਿਚ ਖੰਡ ਪਾਵਣੀ ਪੁੜੀਆਂ ੧੪ ਕਰਨੀਆਂ॥ਏਕ ਪੁੜੀ ਰੋਜ ਖਾਏ ਪ੍ਰਾਤਕਾਲ ਖਾਏ ਤਉ ਛਾਇਆ ਦੂਰ ਹੋਵੇਗੀ॥ ਗਰਭ ਠਹਰੇਗਾ॥

ਹੱਥ ਲਿਖਤ ਨੰ : MS 271
ਸਿਰਲੇਖ : ਬਾਣੀ ਪਾਤਸ਼ਾਹੀ 10
ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ
ਪੱਤਰੇ : 1 - 246
ਆਕਾਰ : 5.5X7.5 ਸ.ਮ. ਲਿਖਤ: 3.5X5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਪੱਕੀ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ,ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -6
ਆਮ ਵੇਰਵਾ : ਪਾਠ ਪੱਤਰਾ ਨੰ: ਦੋ ਤੋਂ ਸ਼ੁਰੂ ਕੀਤਾ ਗਿਆ ਹੈ ਜੋ ਸਜਾਵਟ ਵਾਲਾ ਹੈ, ਲਿਖਤ ਸੁੰਦਰ, ਕਿਤੇ ਕਿਤੇ ਕਿਰਮ-ਖੁਰਦਾ, ਆਰੰਭ ਵਿਚ ਅਤੇ ਅੰਤ ਵਿਚ ਦੋ ਦੋ ਪੱਤਰੇ ਬਿਨ੍ਹਾਂ ਹਾਸ਼ੀਆ ਦੇ ਖਾਲੀ, ਵਿਚ ਵਿਚ ਕਾਨੀ ਬਦਲੀ ਹੋਈ।
ਆਰੰਭ : ॥੧ਓ ਸਤਿਗੁਰ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖ ਵਾਕ ਪਾਤਿਸ਼ਾਹੀ ੧● ॥ ਛਪੈ ॥ ਛੰਦ ॥ ਤ੍ਵਪ੍ਰਸਾਇ ॥ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥…
ਅੰਤ : … ਦੂਖ ਰੋਗ ਸੋਗ ਭੈ ਮਿਟੈ ਕਲੇਸਾ॥ਬਹੁ ਸੁਖੁ ਉਪਜੈ ਅਨੰਦ ਪ੍ਰਵੇਸਾ॥ਇਤ ਬਿਧਿ ਦੁਰਗੇ ਕ੍ਰਿਪਾ ਧਾਰੀ॥ਤਹ ਅਪਨ ਦਾਸ ਕਉ ਲੀਯੋ ਉਬਾਰੀ ॥ ੫ ॥ ਇਤਿ ਸ੍ਰੀ ਗੋਬਿੰਦ ਸਿੰਘ ਬਿਚਰਤੰ ਭਗਵਤੀ ਛੰਦ ਖਸਟਕੰ ਸਮਾਪਤੰ ਸੁਭੰ ॥ ੬ ॥

ਹੱਥ ਲਿਖਤ ਨੰ : MS 272 ਸੰਗ੍ਰਹਿ
ਸਿਰਲੇਖ : ਗਿਆਨ ਮੰਜਰੀ
ਲੇਖਕ : ਮਨੋਹਰਦਾਸ ਨਿਰੰਜਨੀ
ਸਮਾਂ : ਸੰਮਤ 1769
ਪੱਤਰੇ : 1 ਅ – 34

ਆਕਾਰ : 13X24 ਸ.ਮ. ਲਿਖਤ: 9X17 ਸ.ਮ.

ਵੇਰਵਾ : ਜਿਲਦ ਗੱਤਾ, ਪੱਕੀ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ,ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -9

ਆਮ ਵੇਰਵਾ : ਲਿਖਤ ਸੁੰਦਰ,ਪੋਥੀ ਦੀ ਹਾਲਤ ਚੰਗੀ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਪੋਥੀ ਖੜ੍ਹੇ ਰੁਖ ਖੁਲਦੀ ਹੈ।

ਆਰੰਭ :੧ੴ ਸੇਤਿਗੁਰਪ੍ਰਸਾਦਿ ॥ ਸ੍ਰੀ ਪਰਮਾਤਮਨੇ ਨਮ:॥ਅਥ ਗਿਆਨ ਮੰਜਰੀ ਲਿਖਸਤੇ॥ਦੋਹਰਾ॥ਆਤਮ ਕੇ ਅਗਜਾਨ ਤੈ ਸਬੈ ਊਪਜੈ ਜਾਨ॥ਗਜਾਨ ਭਏ ਤੇ ਲੀਨ ਸਬ ਨਮਸਕਾਰ ਤਿਹ ਮਾਨ॥੧॥...

ਅੰਤ : ... ਤ੍ਰਿ ਪਦ ਦੇਵ ਤ੍ਰਿਯੰਚ ਰਿਖਿ ਨਰ ਕਿੰਨਰ ਸਬ ਜਾਨ॥ਤਤ੍ਵ ਪਦ ਈਸ੍ਵਰ ਦੇਖ ਸਬ ਤ੍ਵੰਤ ਤਤ ਤਤ੍ਵੰ ਭਾਨ॥੪●●॥ਮਨੋਹਰ ਦਾਸ ਨਿਰੰਜਨੀ ਸੋ ਸ੍ਵਾਮੀ ਸੋ ਦਾਸ॥ ਸ੍ਵਾਮੀ ਦਾਸ ਭਯੋ ਏਕ ਸੋ ਮਹਾ ਕਾਸ ਘਟਾ ਕਾਸ॥੪●੧॥ਇਤ ਸ੍ਰੀ ਗਜਾਨ ਮੰਜਰੀ ਨਾਮ ਭਾਖਾ ਗ੍ਰੰਥ ਕਬਿਤੇ ਮਨੋਹਰ ਦਾਸ ਨਿਰੰਜਨੀ ਸਪੂਰਨ ਸਮਾਪਤੰ॥੧॥=॥

ਹੱਥ ਲਿਖਤ ਨੰ : MS 272 ਅ

ਸਿਰਲੇਖ : ਵੇਦਾਂਤ ਪਰਭਾਖਾ

ਲੇਖਕ : ਮਨੋਹਰ ਦਾਸ ਨਿਰੰਜਨੀ

ਸਮਾਂ : ਸੰਮਤ 1769

ਪੱਤਰੇ : 1 ਅ – 33 ਓ

ਆਕਾਰ : 13X24 ਸ.ਮ. ਲਿਖਤ: 9X17 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ :੧ੴ ਸ੍ਰੀ ਗੁਰ ਭਯੋ ਨਮਹ ॥ ਅਥ ਵੇਦਾਂਤ ਪਰਭਾਖਾ ਲਿਖਯਤੇ ॥ ਕਰਤਾਗ੍ਰੰਥ ਕਰਿਬੇ ਮੈ ਨਿਰਵਿਘਨ ਸੁਖ ਚਾਹੈ ਹੈ ॥ ਚੌਪਈ ॥ ਮੰਗਲ ਦੇਹਿ ਮੋਹਿ ਸ੍ਰੀ ਦੇਵ ਗਣੇਸ॥ਮੰਗਲ ਦੇਹ ਮੋਹਿ ਸਰਸ੍ਵਤੀ॥ਮੰਗਲ ਦੇ ਮੋਹਿ ਦੇਵ ਮਹੇਸ॥ਮੰਗਲ ਦੇ ਮੋਹਿ ਪਾਰਬਤੀ॥ਗ੍ਰੰਥ ਕੋ ਪਰਯੋਜਨ ਅਰੁ ਵਿਖਜ ਕਹਿਜੈ ਹੈ॥...

ਅੰਤ :... ਦੋਹਰਾ॥ਸੰਬਤ ਸਤ੍ਰ ਸੈ ਮਹੀ ਸੋਰਹ ਬਰਖ ਬਿਤੀਤ॥ਵਰਖ ਸਤ੍ਰੁਹੇ ਮਹਿ ਕਰੀ ਖਟ ਮਾਸ ਤਾਹਿ ਵਤੀਤ ॥ ੨੯● ॥ ਅਸੂ ਵਦਿ ਹੈ ਚਤੁਰ ਦਸੀ ਕ੍ਰਿਸਨ ਪਖ ਸਨਿਵਾਰ॥ਭਾਖਾ ਪੂਰਨ ਸਭ ਭਈ ਮਾਸ ਏਕ ਕ੍ਰਿਤਕਾਰ॥੨੯੧॥ਇਤ ਸ੍ਰੀ ਵੇਦਾਂਤ ਵਾਕਯਾ ਭਾਖਾ ਨਾਮ ਕ੍ਰਿੰਥ ਕਬਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਣ ਸਮਪਤ:ਗ੍ਰੰਥ॥ ਪੰਚ ਭਾਸ ਸੰਪੂਰਨੰ॥

ਹੱਥ ਲਿਖਤ ਨੰ : MS 272 ਏ

ਸਿਰਲੇਖ : ਸਤ ਪ੍ਰਸਨ ਉਤਰੀ

ਲੇਖਕ : ਮਨੋਹਰ ਦਾਸ ਨਿਰੰਜਨੀ

ਸਮਾਂ : ਸੰਮਤ 1769

ਪੱਤਰੇ : 1 ਅ – 36 ਓ

ਆਕਾਰ : 13X24 ਸ.ਮ. ਲਿਖਤ: 9X17 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ :੧ੴ ਸ੍ਰੀ ਗਣੇਸਾਯ ਨਮ:।ਅਥ ਸਤ ਪ੍ਰਸ੍ਨੋਤਰੀ ਲਿਖਿਤੇ ॥ ਸੋਰਠਾ ॥ ਵਾਚਯ ਲਖ ਕਰਿ ਜਾਨ ਨਿਰਗੁਣ ਸਰਗੁਣ ਯੋ ਕਹਯੋ॥ਕਰਿ ਨਮਸਕਾਰ ਬਖਾਂਨ ਵਾਚਯ ਤਯਾਗ ਕਰਿ ਲਖ ਕੋ॥੧॥ਚੌਪਈ॥ਅਗਜਾਂਨ ਸਕਤਿ ਆਤਮ ਕੀ ਕਹਿਯੇ॥ਉਭੈ ਅਨਾਦਿ ਮਿਲੇ ਹੀ ਲਹਿਯੇ॥ਅਗਜਾਂਨ ਅਮਿਲ ਰਹਯੋ ਸੁਂਧ ਬਖਾਂਨਾ॥ਤਾਂ ਕੋ ਬ੍ਰਹਮ ਕਰਿ ਕੈ ਸੋ ਜਾਂਨਾ॥੨॥...

ਅੰਤ : ...ਫਲ ਸੋਚਿ ਦਾ ਭਾਸ ਪਰਮਾਤਾ॥ਅਹੰ ਬ੍ਰਹਮ ਫਲ ਕਹਯੋ ਬਿਖਜਾਤਾ॥ਸ੍ਵਰੂਪ ਮਾਝ ਦ੍ਵੈ ਫਲ ਏ ਨਾਹੀ॥ਵਿਕਲਪ ਰਹਿਤ ਰਹੈ ਸੋ ਤਾਹੀ॥੧੨॥ਸੋਰਠਾ॥ਇਤਿ ਸ੍ਰੀ ਸਤ ਪ੍ਰਸ੍ਨੋਤਰੀ ਭਾਖਾ ਮਨੋਹਰ ਦਾਸ ਨਿਰੰਜਨੀ ਕਥਿਤੇ ਨਵਮ ਖੰਡਹ॥੯॥ਹੌ ਮੈ ਹੌ ਤੂੰ ਨਾਹਿ॥ਹੌ ਤੂੰ ਤੌ ਮੈ ਹੈ ਕਹੀ॥ ਸਬ ਹੈ ਹੌ ਤੂੰ ਮਾਹਿ॥ਹੌ ਤੂੰ ਤੂੰ ਤੌ ਏਕ ਹੈ ॥ ੧੩ ਸੰਬਤ ੧੭੬੯॥ਬਰਖ ਸਾਵਣ ਵਦਿ॥੧੨॥ਸ੍ਰੀ ਰਵਿਦਾਸ ਰੇ ਨਵਿਨਪੁਰੇ ਲਿਖਿਤਮਿ ਤਿਹ॥ਸੁਭੰ ਭਵਤੁ॥ਇਤਿ ਪ੍ਰਸ੍ਨੋਤਰੀ ਭਾਖਾ॥●॥=॥=॥

ਹੱਥ ਲਿਖਤ ਨੰ : MS 275

ਸਿਰਲੇਖ : ਮਾਰਕੰਡੇ ਪੁਰਾਣ

ਲੇਖਕ : ਕਾਨ,ਕਵੀ

ਲਿਪੀ ਕਾਲ : ਸੰਮਤ 1894

ਪੱਤਰੇ : 1-76,78-164, 167-250,261-304

ਆਕਾਰ : 17.5X29 ਸ.ਮ. ਲਿਖਤ: 13.5X23 ਸ.ਮ.

ਵੇਰਵਾ : ਸਤਰਾਂ ਪ੍ਰਤੀ ਪੰਨਾ ਵੱਖੋ ਵੱਖ।

ਆਮ ਵੇਰਵਾ : ਪੱਤਰੇ ਬਿਨਾ ਹਾਸ਼ੀਆ ਤੋਂ। ਪੱਤਰੇ ਖੁਲ੍ਹੇ ਹਨ। ਪੋਥੀ ਖੜ੍ਹੇ ਰੁਖ ਖੁਲ੍ਹਦੀ ਹੈ। ਹਾਲਤ ਖਸਤਾ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਥਾਂਈ ਕਾਨੀ ਬਦਲੀ ਹੋਈ ਹੈ। 181 ਤੋਂ 250, 127, 273 ਪੱਤਰੇ ਤੇ ਦੁਪਾਸੀਂ ਖੜੇ ਰੁਖ ਪੰਜ ਲਕੀਰਾਂ (ਦੋ ਲਾਲ ਦੋ ਕਾਲੀਆਂ ਅਤੇ ਸੰਤਰੀ ਰੰਗ ਦੀ ਵਖਰੇਵੇਂ ਲਈ ਮੋਟੀ ਲਕੀਰ) ਦਾ ਹਾਸ਼ੀਆ ਹੈ ।

ਆਰੰਭ :੧ੴ ਅੰ ਸਤਿਗੁਰੁ ਪ੍ਰਸਾਦਿ॥ ਅਥ ਮਾਰਕੰਡੇ ਪੁਰਾਣ ਭਾਖਾ ਲਿਖਤੇ॥

ਅੰਤ : ਇਤਿ ਸ੍ਰੀ ਮਾਰਕੰਡੇ ਪੁਰਾਣੇ ਕ੍ਰੋਸ੍ਟੁਕ ਸੰਬਾਦੇ ਦਮਨ ਰਿਤ੍ਰੇ ਪੁਰਾਨ ਸੰਪੂਰਨ ਸਮਾਪਤੰ ਸੁਭੰਅਸਤ ॥ ਸਤਾਰਮੋ ਧਿਆਇ ਚਤ੍ਰਥ ਖੰਡ ਸਮਾਪਤੰ ਸੰਪੂਰਨੰ ॥

ਹੱਥ ਲਿਖਤ ਨੰ : MS 276

ਸਿਰਲੇਖ : ਪੰਥ ਪ੍ਰਕਾਸ਼

ਲੇਖਕ : ਰਤਨ ਸਿੰਘ ਭੰਗੂ

ਲਿਖਾਰੀ : ਸਿਆਮ ਸਿੰਘ

ਲਿਪੀ ਕਾਲ : ਸੰਮਤ 1894

ਪੱਤਰੇ : 1-331

ਆਕਾਰ : 22.5X15.5 ਸ.ਮ. ਲਿਖਤ: 19X11 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਪਰ ਫਟੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ -19

ਆਮ ਵੇਰਵਾ :ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਪੱਤਰਿਆਂ ਤੇ ਸਿਆਹੀ ਡੁਲ੍ਹੀ ਹੋਈ, ਪਤਰਾ 201 ਤੋਂ ਬਾਅਦ ਲਾਲ ਸਿਆਹੀ ਦੀ ਵਰਤੋਂ ਨਹੀਂ ਕੀਤੀ ਗਈ।

ਆਰੰਭ :੧ੴਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥ ਅਕਾਲ ਸਹਾਇ ॥ ਤ੍ਵਪ੍ਰਸਾਦਿ॥ਅਥ ਸਾਖੀ ਸ੍ਰੀ ਖਾਲਸੇ ਕੀ ਉਤਪਤੀ ਕੀ ਉਥਾਨਕਾ ਕੋ ਪ੍ਰਸੰਗ ਤੁਰਜੋ॥ਦੋਹਰਾ॥ਸ੍ਰੀ ਗੁਰ ਨਾਨਕ ਚਰਨ ਬੰਦ ਔਰ ਗੁਰਿੰਨ ਸਿਰ ਨਿਆਇ॥ਲਿਖੋ ਉਤਪੱਤੀ ਖਾਲਸੈ ਸਭਿ ਮੁਹਿ ਕਰੌ ਸਹਾਇ॥...

ਅੰਤ : ...ਦਸਿ ਪਿੰਡਿਉ ਨੈ ਨਿਜ ਬੇਟੀ ਦਏ॥ਕਿਛੁ ਮੀਰਾ ਕੋਟਿ ਸੰਗਿ ਕਿਛੁ ਪਾਰ ਸਤਿ ਦਏ ॥ ਹੁਤਿ ਸ੍ਰੀ ਅੰਮ੍ਰਿਤਸ੍ਰ ਬੁੰਗੈ ਉਸ ਤੀਨੈ॥ਨਿਜ ਮਧ ਰਖ ਦੁਇ ਘੋੜਿ ਚੜਿਅਨਿ ਦੀਨੈ॥੫॥ਦੋ॥ਬਾਂਏ ਬਿਹਾਰੇ ਸਿੰਘ ਕੁ ਸੰਧੂ ਛਿਦਨੀ ਵਾਲਿ॥੬॥ਦੋ॥ਗਿਰਿਯੋ ਪੁਰਾਣੋ ਹੁਇ ਬੁੰਗੋ ਜੋ ਸਿਆਮ ਸਿੰਘ ਹੁਤਿ ਸ੍ਰਿਦਾਰ ਤਿਹ ਗੁਰ ਪੰਥਿ ਪ੍ਰਕਾਸਿ ਗ੍ਰੰਥ ਲਿਖ ਦੋਊ ਕੀਏ ਸੁਧਾਰ॥

ਹੱਥ ਲਿਖਤ ਨੰ : MS 277

ਸਿਰਲੇਖ : ਫਾਜ਼ਲ ਅਲੀ ਪ੍ਰਕਾਸ

ਲੇਖਕ : ਫਾਜ਼ਲ ਅਲੀ

ਲਿਖਾਰੀ : ਦਯਾ ਹਰੀ

ਸਮਾਂ : 1733 ਬਿਕਰਮੀ

ਸਮਾਂ : ਸੰਮਤ 1901 (ਰਚਨਾ ਕਾਲ) ਸੰਮਤ 1733

ਪੱਤਰੇ : 1-64

ਆਕਾਰ : 24.5X17 ਸ.ਮ. ਲਿਖਤ: 19X10.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਉਖੜੀ ਹੋਈ, ਹਾਸ਼ੀਏ ਤੋਂ ਬਿਨਾਂ, ਸਤਰਾਂ ਪ੍ਰਤੀ ਪੰਨਾ -17

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਬਰੀਕ ਕਾਨੀ ਨਾਲ ਸ਼ਬਦਾਂ ਦੇ ਅਰਥ ਦਿਤੇ ਹੋਏ, 40 ਤੋਂ 64 ਪੱਤਰੇ ਤੱਕ ਕੀੜਿਆਂ ਨੇ ਇਕ ਵਡੀ ਮੋਰੀ ਕੀਤੀ ਹੋਈ ਹੈ ਜਿਸ ਕਾਰਨ ਪੱਤਰੇ ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ।

ਆਰੰਭ :੧ੴਸ੍ਰੀ ਗਣੇਸਾਯ ਨਮ:॥ਅਥ ਫਾਜਲ ਅਲੀ ਪ੍ਰਕਾਸ ਲਿਖਜਤੇ॥ਕਾਮਦ ਕੇਸਵ ਕੰਜ ਕਰ ਕੇਸੀ ਕੰਸ ਕਰਾਲ॥ ਕਮਲ ਨਯਨ ਕਵਿਰਾਜ ਕੌ ਕੀਜੈ ਕ੍ਰਿਪਾ ਕ੍ਰਿਪਾਲ ॥ ੧ ॥...

ਅੰਤ : ...ਦੋਹਰਾ॥ਸੰਬਤ ਸੱਤ੍ਰਹਿ ਸੈ ਬਰਸ ਤੈਂਤਿਸ ਕਾਤਕ ਮਾਸ ॥ ਦਸਮੀ ਰਵਿ ਪੂਰਨ ਭਜੋ ਫਾਜਿਲ ਅਲੀ ਪ੍ਰਕਾਸਿ॥੯●॥ਛਪੈ॥ਜਬ ਲਗੁ ਬੇਦ ਪੁਰਾਨ ਪੁਰਖੁ ਪੂਰਨ ਨਾਰਾਇਣ॥ਜਬ ਲਗਿ ਭੂ ਧਰਿ ਭੂਮਿ ਭਾਨਿ ਸਸਿ ਧਰ ਧਰਾਯਨ॥ਜਬ ਲਗਿ ਗੌਰਿ ਗਨੇਸ ਸੇਸ ਸੁਰਪ ਤਹਿ ਸੁਨਿਏ॥ਜਬ ਲਗ ਗੰਗ ਸਮੁੰਦ੍ਰ ਰੁਦ੍ਰ ਬਜਾਸਾਦਿਕ ਮੁਨਿਏ॥-॥ਕਵਿਰਾਜ ਰਾਜ ਫਾਜਿਲ ਅਲੀ ਸੁਚਿਰੰ ਜੀਵ ਤਬ ਲਗਿ ਰਹੋ॥੯੧॥ਇਤ ਸ੍ਰੀ ਨਬਾਬ ਇਨਾਇਤ ਖਾਨਾ ਤਮ ਫਾਜਲ ਅਲੀ ਬਿਰਚਤੇ ਫਾਜਲ ਅਲੀ ਪ੍ਰਕਾਸ ਸੰਪੂਰਨੰ ਪੰਚਮੋ ਲਾਸ॥੫॥ਦੋ॥ ਸੰਬਤ ਚੰਦੁ ਸੁ ਨਾਥ ਪੁਨ ਸੂਨ ਕਲਪੁਤਰ ਜਾਨ॥ਪੋਥੀ ਲਿਖੀ ਦਯਾ ਹਰੀ ਸਿਵ ਸਥਾਨ ਪਹਿਚਾਨ॥

ਹੱਥ ਲਿਖਤ ਨੰ : MS 278 ਸੰਗ੍ਰਹਿ

ਸਿਰਲੇਖ : ਫੁਟਕਲ ਸੰਗ੍ਰਹਿ

ਪੱਤਰੇ : 1 ੳ – 1 ਅ

ਆਕਾਰ : 31.5X22 ਸ.ਮ. ਲਿਖਤ: 25X18 ਸ.ਮ.

ਵੇਰਵਾ : ਜਿਲਦ ਗੱਤਾ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ।ਸਤਰਾਂ ਪ੍ਰਤੀ ਪੰਨਾ -23 ।ਚੁਪਾਸੀਂ ਤਿੰਨ ਲਕੀਰਾਂ ਦਾ ਹਾਸ਼ੀਆ (ਦੋ ਲਾਲ, ਵਖਰੇਵੇਂ ਲਈ ਨੀਲੀ ਲਕੀਰ) ਇਕੋ ਪੱਤਰਾ ਹੈ।

ਆਮ ਵੇਰਵਾ :ਅਧੂਰਾ ਹੈ ਇਕ ਜਿਲਦ ਵਿਚ ਵੱਖ ਵੱਖ ਹਥ ਲਿਖਤਾਂ ਬਝੀਆਂ ਜਾਪਦੀਆਂ ਹਨ। ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰੇ ਨੰ: ਉਲਟ ਪੁਲਟ ਲਗੇ ਹਨ । ਇਸ ਲਈ ਪੈਂਸਿਲ ਨਾਲ ਨੰਬਰ ਲਗਾਏ ਹਨ । ਅੰਤਲੇ 45 ਤੋਂ 58 ਪੱਤਰਿਆਂ ਤੇ ਫੁਟਕਲ ਕਾਵਿ ਹੈ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਚਲਿਤੁ ਜੋਤੀ ਜੋਤਿ ਸਮਾਵਣ ਕਾ॥ਸੰਮਤ॥੧੫੯੬ ਅਸੂ ਵਦੀ॥੧●॥ਸ੍ਰੀ ਬਾਬਾ ਨਾਨਕ ਦੇਉ ਸਮਾਣੇ॥੧॥ਸੰਮਤ।੧੬●੯॥ਚੇਤੁ ਸੁਦੀ॥੪॥ਸ੍ਰੀ ਸਤਿਗੁਰੂ ਸਮਾਣੇ ਅੰਗਦ ਜੀ ਸਮਾਣੇ॥੨॥...

ਅੰਤ : ...ਦੋਹਰਾ॥॥ ਸਭਿ ਘਟਿ ਬ੍ਰਹਮੁ ਬਿਰਾਜਈ ਜਤਿ ਦੇਖੋ ਤਤਿ ਪੀਆ। ਬਿਨੁ ਸਮਝੈ ਨਹੀ ਜਾਨੀਐ ਦੁਖਤੁ ਹੋਤ ਇਹੁ ਜੀਉ॥ਸਵਯਾ॥ਕਹੁੰ ਭਛਨ ਭਛ ਅ ਭਛ.....

ਹੱਥ ਲਿਖਤ ਨੰ : MS 278 ਅ

ਸਿਰਲੇਖ : ਕਥਾ ਸਤਿਜੁਗ ਕੀ

ਪੱਤਰੇ : 2 ੳ – 9 ਅ

ਆਕਾਰ : 31.5X22 ਸ.ਮ. ਲਿਖਤ: 25X18 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਦੁਪਾਸੀਂ ਤਿੰਨ ਲਕੀਰਾਂ (ਦੋ ਲਾਲ ਅਤੇ ਇਕ ਕਾਲੀ ਲਕੀਰ ਵਖਰੇਵੇਂ ਲਈ) ਦਾ ਹਾਸ਼ੀਆ ਖੜ੍ਹੇ ਰੁਖ ਹੈ।ਕਾਨੀ ਬਦਲੀ ਹੋਈ ਹੈ। ਪੱਤਰਿਆਂ ਦੇ ਦੋਹੀਂ ਪਾਸੀਂ ਨੰਬਰ ਹੈ।ਅਧੂਰਾ ਜਾਪਦਾ ਹੈ।

ਆਰੰਭ :੧ੴ॥ਸ੍ਰੀ ਸਤਿਗੁਰਿ ਪ੍ਰਸਾਦਿ॥ ॥ ਕਥਾ ਸਤਿਜੁਗਿ ਕੀ ਪੁਰਾਤਨ ਸਨਾਤਨ ਜਬ ਰਾਜੇ ਜਨਮੇਜੇ ਕਉ ਅਠਾਰਹਿ ਕੁਸੁਟ ਭਏ ਥੇ ਬ੍ਰਹਮਣ ਕੇ ਮਾਰਣੇ ਤੇ॥...

ਅੰਤ : ...ਸੋ ਕਿਉ ਜੋ ਆਨਤ ਗੁਣਾ ਜੋ ਭਗਵਾਨ ਹੈ ਤਿਸਿ ਭਗਵਾਨ ਕੇ ਨਿਮਿਤੁ ਨਾਮੁ ਜਪਿਆ ਹੈ ਅਰ ਅੰਨ ਦਾਨ ਕੀਆ ਹੈ ਤਿਨ ਕਾ ਦਾਨ ਅੰਤ ਗੁਣਾ ਹੋਇ ਫਲਤਾ ਹੈ ਏ ਹਰਿ ਜਨਹਮੈ ਏ ਅਚਰਜੁ ਦੇਖਿ ਆਇਆ ਹੋ ਨਾਸੁ ਕੁੰਤੁ ਤਿਨ ਪੁਛਣ ਹਾਰਿਉ ਕਉ ਕਹਤਾ ਹੈ।

ਹੱਥ ਲਿਖਤ ਨੰ : MS 278 ਏ

ਸਿਰਲੇਖ : ਕਬ ਬਹੁਲਾਕੀ

ਲੇਖਕ : ਦੇਵੀ ਦਾਸ

ਪੱਤਰੇ : 10 ੳ

ਆਕਾਰ : 31.5X22 ਸ.ਮ. ਲਿਖਤ: 25X18 ਸ.ਮ.

ਵੇਰਵਾ : ਦੁਪਾਸੀਂ ਤਿੰਨ ਲਕੀਰਾਂ ਦਾ ਹਾਸ਼ੀਆ ਹੈ (ਦੋ ਲਾਲ ਰੰਗ ਦੀਆਂ ਅਤੇ ਵਖਰੇਵੇਂ ਲਈ ਕਾਲੇ ਰੰਗ ਦੀ) ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ।

ਆਮ ਵੇਰਵਾ : 26 ਤੋਂ 28 ਦੋਹਰੇ ਹਨ।ਸਿਰਫ ਅੰਤਲਾ ਪਤਰਾ ਹੀ ਹੈ।

ਆਰੰਭ :.....ਕੁਕਾ ਤਿਆਗਿ ਕਰਾਇਓ॥ਚਢਿ ਸੁਰਿ ਲੋਕੁ ਸਿਘ ਤਜੇ ਪਰਾਨਾ॥ਮਨਿ ਮਹਿ ਕਰਤਿ ਬਿਚਾਰਿ ਬਿਰਾਨਾ॥੨੬॥ਦੋਹਰਾ॥ਜੀ ਪਿਥਮੈ ਗਊ ਉਧਾਰੀਐ॥ਧਰਮਿ ਨਿਆਉ ਹੈ ਏਹੁ॥ ਯਾ ਕਉ ਤਿਆਗਨ ਜਾਈਐ ਨਿ ਚਾ ਹਮਾਰਾ ਏਹੁ॥...

ਅੰਤ : ...ਦੇਵੀ ਦਾਸੁ ਉਸ ਪਰਿ ਬਲਿਹਾਰੀ॥ਆਪੁ ਤਰਾਓ ਅਵਰਉ ਕਉ ਤਾਰੀ॥ ਕਬ ਬਹੁਲਾਕੀ ਪੂਰਨ ਭਈ॥ਗੁਰਿ ਪ੍ਰਸਾਦਿ ਦਰਿਮਤਿ ਉਠਿ ਗਈ॥੨੮॥ਦੋਹਰਾ॥ਦਇਆ ਬਚਨ ਜਾ ਕਾ ਰਹੈ ਸੋ ਬੈਕਂਠੇ ਜਾਇ॥ਸਾਧ ਸਂਗ ਮਨਿ ਤ੍ਰਿਪਤੀਐ ਆਦਿ ਆਤੁ ਸੁਖਿ ਪਾਇ॥.....

ਹੱਥ ਲਿਖਤ ਨੰ : MS 278 ਸ
ਸਿਰਲੇਖ : ਸ੍ਰੀ ਠਾਕਰਿ ਨਿਧ ਪ੍ਰੇਮਿ ਪ੍ਰਗਾਸ ਪੋਥੀ
ਪੱਤਰੇ : 10 ਅ - 28 ਅ
ਆਕਾਰ : 31.5X22 ਸ.ਮ. ਲਿਖਤ: 22X16.5 ਸ.ਮ.
ਵੇਰਵਾ : ਜਿਲਦ ਗੱਤਾ, ਸਤਰਾਂ ਪ੍ਰਤੀ ਪੰਨਾ-22 ।ਚੁਪਾਸੀਂ ਤਿੰਨ ਲਕੀਰਾਂ (ਦੋ ਲਾਲ ਅਤੇ ਵਖਰੇਵੇਂ ਲਈ ਕਾਲੀ ਲਕੀਰ) ਦਾ ਹਾਸ਼ੀਆ ਹੈ।ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ।
ਆਮ ਵੇਰਵਾ :147 ਰੇਖਤੇ ਹਨ।
ਆਰੰਭ :॥੧ੴ॥ ਸਤਿਗੁਰਿਪ੍ਰਸਾਦਿ॥ ॥ ਸ੍ਰੀ ਠਾਕਰਿ ਨਿਧ ਪ੍ਰੇਮਿ ਪ੍ਰਗਾਸ ਪੋਥੀ॥ ਸਮਤਿ ਛਿਆਹਿਠਾ॥ਸ੍ਰੀ ਵਾਹਿਗੁਰੁ ਜੀ ਕੀ ਫਤੇ॥॥ਸਲੋਕ॥ਨਿਮਸਿਕਾਰ ਗੁਰਿ ਦੇਵਿ ਕਉ ਸਤਿ ਸੁਰਤਿ ਧਰਿ ਧਿਆਨ॥ਤਾਂ ਤੇ ਅਭੈ ਪਦੁ ਪਾਈਐ ਸ੍ਰੀ ਪੂਰਣ ਪਤਿ ਭਗਵਾਨ॥...
ਅੰਤ : ...॥ਰੇਖਤਾ॥ਸਤਿਗੁਰਿ ਕਾ ਬਨਾਉ ਉਸਤਤਿ ਵਾਹਿਗੁਰੂ ਜੀ ਕੀ ਕਲਿ ਗੁਰਿ ਕੀ ਰਹਿਤਿ ਸੁ ਖਾਲਸਾ ਭੇਖ ਚਾਰੀ ਹੈ॥ਗਿਰੰਥ ਪੋਥੀ ਬੈਠਿ ਪੜਹਿ ਅਰੁ ਸਮਝਹ ਨਹੀਂ ਹਿਰਦੈ ਇਹੈ ਬਾਤਿ ਮਾਨੀ ਜੁ ਸਭੈ ਕੇ ਸਿਧਾਰੀ ਹੈ॥ਸੋ ਡਰਤੇ ਹੈ ਜਹਾਨਿ ਸਿਉ ਫਿਰੁਨ ਭਏ ਗੁਰੂ ਪਾਸਿ ਖੇਚਰੇ ਪੁਕਾਰੀ ਧੂਮ ਡਾਰੀ ਬਜਾਰੀ ਹੈ॥ ਮਨਿ ਮਹਿ ਪਾਖੰਡ ਝੂਠੇ ਅਰੁ ਬਾਹਰ ਕੀਯੂ ਸਿਯਾਮਿ ਸਾਚ ਕਉ ਨ ਸਮਝਹਿ ਅਨਚਾਰੀ ਬਿਕਾਰੀ ਹੈ।

ਹੱਥ ਲਿਖਤ ਨੰ : MS 278 ਹ
ਸਿਰਲੇਖ : ਪਰਿਥਾਇ ਗੁਰਿਦਾਸ ਤੁਣਿਤੁਣੀਆ
ਲੇਖਕ : ਗੁਰਦਾਸ
ਪੱਤਰੇ : 28 ਅ - 42 ਅ
ਆਕਾਰ : 31.5X22 ਸ.ਮ. ਲਿਖਤ: 23X16.5 ਸ.ਮ.
ਵੇਰਵਾ : ਓਹੀ
ਆਮ ਵੇਰਵਾ :ਕੁੰਡਲੀ,ਝੂਲਣਾ, ਸਲੋਕ, ਰੇਖਤਾ ਅਤੇ ਦੋਹਰੇ ਦੀ ਵਰਤੋਂ ਕੀਤੀ ਗਈ ਹੈ। ਪੰਨਾ 62 ਅ ਤੋਂ ਮਾਝਾ ਸ਼ੁਰੂ ਹੁੰਦਾ ਹੈ। ਕਿਧਰੇ-ਕਿਧਰੇ ਕਾਨੀ ਬਦਲੀ ਹੋਈ ਹੈ। 68 ਪੱਤਰੇ ਤੋਂ ਅਗੇ ਪੱਤਰਾ ਨੰ 248 ਤੋਂ 252 ਤਕ ਕਾਨੀ ਬਦਲੀ ਹੈ, ਹਾਸ਼ੀਆ ਵੀ ਦੁਪਾਸੀਂ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ :ਪਰਿਥਾਇ ਗੁਰਿਦਾਸ ਤੁਣਿਤੁਣੀਆਂ ॥ ਕੁੰਡਲੀ ॥ ਸੁਨੁ ਹੋ ਮਿਤੁ ਕੁਮਿਤੁ ਹਿਤੁ ਤਿਆਗਹੁ ਮਨਿ ਬਚਿ ਤਿਤਿ॥ਇਆ ਮਹਿ ਅਉਗਨ ਬਡੋ ਹੈ ਗਤਿ ਨਹੀ ਪਾਵਹੁ ਜਿਤੁ॥ਗਤਿ ਨਹੀਂ ਪਾਵਤਿ ਜਿਤਿ ਸੋਭਿਤੇ ਹੀ ਨਾ ਮਾਗਰੀ॥ਜੈ ਨਾਹੀ ਜਾਂ ਕੈ ਮਾਹਿ ਲਗੈ ਸੋਈ ਜਾਰੀ ਹਾਗਿਰੀ॥ ਏ ਸਾਧਉ ਕਉਨ ਬਨੈ ਨਿਦਿਕ ਰਤਿ ਸੈਸਾਰਿ॥ਪ੍ਰਿਥਮੈ ਤ੍ਰੈ ਗੁਨਿ ਮੇਟ ਕੈ ਪਾਛੈ ਤਿਆਗੈ ਨਾਰਿ॥੧॥...
ਅੰਤ : ...॥ਝੂਲਣਾ॥ਪੰਚਿ ਤਤਿਕ ਬਾਧ ਨੂੰ ਬੰਧਿ ਲਿਆਏ ਕਦਮੀ ਅਰੁ ਆਦਿਮੀ ਹੋਇ ਆਇਆ॥ਕਹੀ ਹੋਇ ਆਇਆ ਕਹੀ ਹੋ ਨਿਚਲਿ ਕਹੀ ਹੋ ਇਕੈ ਫੇਰਿਆ ਗਮ ਸਿਧਾਇਆ।ਕਹੀ ਕਰਮ ਆਕਰਮ ਬੇਕਰਮੁ ਮਾਨੇ॥ ਕਹੀ ਸਮਝ ਕੇ ਮੁਕਤਿ ਕਾ...ਪਾਇਆ॥ਇਸੀ ਆਇਨੇ ਮੈ ਇਹੀ ਮਾਇਨਾ ਹੈ ਕਹੀ ਆਪਨਾ ਆਪ ਹੀ ਗੀਤ ਗਾਇਆ॥

ਹੱਥ ਲਿਖਤ ਨੰ : MS 278 ਕ
ਸਿਰਲੇਖ : ਗਉੜੀ ਕੀ ਵਾਰ
ਪੱਤਰੇ : 42 ਅ-44 ੳ

ਆਕਾਰ : 31.5X 22 ਸ.ਮ. ਲਿਖਤ: 23X16.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ :੧ੴ ਸਤਿਗੁਰ ਪ੍ਰਸਾਦਿ॥ਗਉੜੀ ਥਿਤੀ ਮਹਲਾ॥੫॥ਸਲੋਕੁ॥ਜਲਿ ਥਲਿ ਮਹੀਅਲ ਪੂਰਿਆ ਸੁਆਮੀ ਸਿਰਿਜਿਣਹਾਰ॥ਅਨਕ ਭਾਤਿ ਹੋਇ ਪਸਿਰਿਓ ਨਾਨਕ ਏਕੰਕਾਰਿ॥੧॥...
ਅੰਤ : ...ਕਿਲਿ ਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲ ਜਾਇ॥ਹਲਤ ਪਲਤ ਮੁਖਿ ਊਜਲਾ ਨਾ ਪੋ ਹੈਤਿ ਸੁਮਾਇ॥ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥ਸੋਥੁਰਾ ਕੁਲਵੰਤੁ ਸੋ ਜਿਨਿ ਭਜਿਆ ਭਗਵੰਤ॥ਖਤ੍ਰੀ ਬ੍ਰਹਮਣ ਸੂਦ੍ਰ ਬੈਸੁ ਉਧਰੇ ਸਿਮਰਿ ਚੰਡਾਲਿ॥ ਜਿਨਿ ਜਾਨਿਉ ਪ੍ਰਭ ਆਪਨਾ ਨਾਨਕ ਤਿਸ ਹਰ ਵਾਲਿ॥੧੭॥

ਹੱਥ ਲਿਖਤ ਨੰ : MS 278 ਖ
ਸਿਰਲੇਖ : ਗਉੜੀ ਕੀ ਵਾਰ ਮਹਲਾ ॥੪॥
ਪੱਤਰੇ : 44 ੳ-44 ਅ
ਆਕਾਰ : 31.5X22 ਸ.ਮ. ਲਿਖਤ: 23X16.5 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ :॥੧ੴ॥ ਸਤਿਗੁਰ ਪ੍ਰਸਾਦਿ॥ਗਉੜੀ ਕੀ ਵਾਰਿ ਮਹਲਾ॥੪॥ਸਲੋਕੁ॥ਮ:੪॥ਸਤਿਗੁਰ ਪੁਰੁਖੁ ਦਿਆਲ ਹੈ ਜਿਸ ਨੋ ਸਿਮਰਤੁ ਸਭੁ ਕੋਇ॥ਏਕ ਦਿਸਟਿ ਕਰਿ ਦੇਖਤਾ ਮਨਭਾਵਨੀ ਤੇ ਸਿਧਿ ਹੋਇ॥ਸਤਿਗੁਰ ਵਿਚਿ ਅੰਮ੍ਰਤ ਹੈ ਹਰਿ ਉਤਮੁ ਹਰਿ ਪਦਿ ਸੋਇ॥ਨਾਨਕ ਕਿਰਿਪਾ ਤੇ ਹਰਿ ਧਿਆਈਐ ਗੁਰੁ ਮੁਖਿ ਪਾਵੈ ਕੋਇ॥੧॥...
ਅੰਤ : ...ਝੂਲਣਾ॥ਤੇਰੇ ਨਾਮ ਅਨੇਕ ਆਨੰਤੁ ਹੈ ਜੀ ਕਉਨ ਜਾਨਤਾ ਭੇਵ ਅਰੁ ਨੇਹੁ ਤੇਰਾ॥ਤੀਨ ਮਹਿ ਮੀਨ ਤਰਫੰਤਿ ਬਿਨਾ ਪਾਨੀ ਐ ਆਵਨਾ ਜਾਨਾ ਨਹੀ ਮਿਟਿਤ ਫੇਰਾ॥ਭਜਨ ਕੇ ਕਾਰਨੇ ਦੇਹਿ ਧਾਰੀ ਈਹਾ ਆਇ ਕਟੰਭੁ ਨੇ ਪ੍ਰਗਟ ਘੇਰਾ॥ਹੰਕਾਰ ਕੀ ਫਾਸ ਅਜਾਨ ਭਲਾ ਨਹੀ ਸਮਝਤਾ.....

ਹੱਥ ਲਿਖਤ ਨੰ : MS 279
ਸਿਰਲੇਖ : ਭਾਈ ਸਾਹਿਬ ਚੰਦ੍ਰਿਕਾ
ਲੇਖਕ : ਮੇਘ ਸਿੰਘ
ਲਿਪੀ ਕਾਲ : ਸੰਮਤ
ਸਮਾਂ : ਸੰਮਤ (ਰਚਨਾ ਕਾਲ) ਸੰਮਤ 1889
ਪੱਤਰੇ : 1-144 ੳ
ਆਕਾਰ : 7X 9.5 ਸ.ਮ. ਲਿਖਤ: 4X5.5 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਪੱਕੀ ਬੰਨ੍ਹੀ ਹੋਈ, ਦੁਪਾਸੀ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ ਵਿਚਕਾਰ ਇਕ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ
--ਆਮ ਵੇਰਵਾ :ਪੋਥੀ ਦੀ ਹਾਲਤ ਕਿਰਮ-ਖੁਰਦਾ, ਪੱਤਰੇ ਰੰਗ ਬਿਰੰਗੇ, ਲਿਖਤ ਸੁੰਦਰ। ਆਰੰਭ ਵਿਚ ਤਿੰਨ ਹਾਸ਼ੀਏ ਵਾਲੇ ਅਤੇ ਅੰਤ ਵਿਚ ਪੰਜ ਬਿਨ੍ਹਾਂ ਹਾਸ਼ੀਏ ਦੇ ਖਾਲੀ ਪੱਤਰੇ ।
ਆਰੰਭ :੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਨਪਤਿ ਚਰਨੋ ਭਜੋ ਨਮ:॥ਅਥ ਭਾਈ ਸਾਹਿਬੁ ਚੰਦ੍ਰਿਕਾ ਵਰਨਨੰ॥ਦੋ॥ਗੁਰੁ ਗਨਪਤਿ ਪਦ ਪਦਮ ਮੋ ਬਸਿ ਮੋਮਨ ਮਕਰੰਦ॥ਜਿਹ ਪਰਾਗ ਅਨੁਰਾਗ ਪਰਵਾਰੋ ਬ੍ਰਹਮਾ ਨੰਦ॥੧॥...

ਅੰਤ : …ਦੋਹਰਾ॥ਗ੍ਰਹ ਬਸੁ ਬਸੁ ਸਸਿ ਦੂਜ ਦੀ ਵਦੀ ਭਾਦ੍ਰਵ ਦਿਵਿ ਸਨਿ ਸੇਸ॥ਭਾਈ ਸਾਹਿਬ ਚੰਦ੍ਰ ਕਾ ਵਰਨੀ ਮੇਘ ਮ੍ਰਿਗੇਸ ੧੨੯ ॥ ਇਤਿ ਸ੍ਰੀ ਭਾਈ ਸਾਹਿਬ ਚੰਦ੍ਰਕਾਯੰ ਮੇਘ ਸਿੰਘ ਚਿਤ ਚਕੋਰ ਆਨੰਦਦੰ॥ਮਸਤੁ ਸੁਭ ਮਸਤੁ ॥ਸ੍ਰੀ ਰਾਮਾਯਨਮ:॥

ਹੱਥ ਲਿਖਤ ਨੰ : MS 283
ਸਿਰਲੇਖ : ਯੋਗ ਵਸਿਸ਼ਟ ਭਾਖਾ
ਸਮਾਂ : ਸੰਮਤ 1928
ਪੱਤਰੇ : 1 ੳ - 385 ੳ (ਚਿੱਤਰ) 4
ਆਕਾਰ : 34X28 ਸ.ਮ. ਲਿਖਤ: 27X20 ਸ.ਮ.
ਵੇਰਵਾ : ਜਿਲਦ ਗੱਤਾ,ਚਮੜਾ ਉਪਰ ਕਪੜਾ ਚੜਿਆ ਹੋਇਆ,ਜਿਲਦ ਪੱਕੀ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਚੁਪਾਸੀ ਇਕ ਨੀਲੀ ਲਕੀਰ, ਫਿਰ ਦੋ ਲਾਲ ਲਕੀਰਾਂ ਦਾ ਹਾਸ਼ੀਆ , ਸਤਰਾਂ ਪ੍ਰਤੀ ਪੰਨਾ-25
ਆਮ ਵੇਰਵਾ :ਪੋਥੀ ਦੀ ਹਾਲਤ ਠੀਕ, ਲਿਖਾਈ ਆਮ ਪਰ ਪੜ੍ਹਨਯੋਗ, ਆਰੰਭ ਵਿਚ ਦੋ ਅਤੇ ਅੰਤ ਤੇ ਤਿੰਨ ਹਾਸ਼ੀਏ ਵਾਲੇ ਪੱਤਰੇ ਖਾਲੀ, 385 ਪੱਤਰੇ ਤੋਂ ਬਾਅਦ 6 ਪੱਤਰੇ ਖਾਲੀ ਫਿਰ ਦੋ ਪੱਤਰਿਆਂ ਤੇ ਲਿਖਤ, ਆਰੰਭ ਵਿਚ ਅਤੇ ਅੰਤ ਤੇ ਖਾਲੀ ਪੱਤਰੇ ਤੇ ਕੇਸਰ ਨਾਲ ਸਵਾਸਤਿਕ ਬਣਾਇਆ ਹੈ ।
ਆਰੰਭ :੧ੴ ਸਤਿਗੁਰ ਪ੍ਰਸਾਦਿ॥ਸ੍ਰੀਸੁ ਸ੍ਰੀ ਗਣੇਸਾਇ ਨਮ॥ਅਥ ਜੋਗ ਬਸਸ੍ਰ ਭਾਖਾ ਸ੍ਰਵਨ ਸ੍ਰਿਮ੍ਰਿਤ ਵੈਰਾਗ ਪਰਕਰਣ ਲਿਖਤੇ॥ਸਤਿ ਚਿਤ ਆਨੰਦ ਰੂਪ ਜੋ ਆਤਮਾ ਹੈ ਤਿਸ ਕਉ ਨਮਸਕਾਰ ਹੈ॥ਕੈਸਾ ਹੈ ਸਤਿ ਚਿਤ ਆਨੰਦ ਰੂਪ ਜੋ ਆਤਮ ਸੋ ਕਹਤੇ ਹੈ॥…
ਅੰਤ : …ਝੂਲਣਾ॥ਸੁਨ ਧਾਰ ਵਿਚਾਰ ਜੋ ਸਾਰ ਹੈ ਜੀ ਸਤਸਂਗ ਉਮਗ ਕੇ ਕੀਜੀਐ ਜੀ॥ਹੈ ਅੰਡ ਬ੍ਰਹਮਡ ਪਤ ਜੋਈ ਹਂਰ ਤਿਆਗ ਕੈ ਤਿਸ ਕੋ ਲੀਜੀਐ ਜੀ॥ਅਦ੍ਵੈਤ ਨ ਜਗ ਕੀ ਸੇਸ ਕੋਈ ਮਧੋ ਬ੍ਰਿਤ ਮੈ ਬ੍ਰਿਤ ਕੋ ਪੀਜੀਐ ਜੀ॥ਰਹੇ ਆਪ ਮੈ ਆਪ ਹੀ ਆਪ ਸਦਾ ਲਖ ਆਪ ਮੈ ਆਪ ਨੂ ਜੀਜੀਐ ਜੀ॥ਦੋਹਰਾ॥ਸਮਤ ਉਨੀਸ ਬੀਸ ਅਸ੍ਰ ਹਾੜ ਦਿਨ ਖਸ੍ਰ ਪਰਵਾਨ॥ ਵਾਰ ਰਵ ਪੂਰਨ ਭਉਠਾਠ॥ਭੂਲ ਚੂਕ ਕੇ ਬਖਸ ਕਰਿ ਪੜੀਉ ਅਖਰ ਸੋਧ॥ਲੇਖਾਰੀ ਕੀ ਤੁਛ ਬੁਧ ਨਹੀ ਸਮਕਛ ਬੋਧੁ॥ ਸਮਤ ੧੯੨੯ ਵਿਚ ਮਿਤੀ ਹਾੜੇ ਦਿਨ ੬ ਵਾਰ ਰਵ ਸੰਪੂਰਨ ਸਮਪਤ ਸੁਭ ਮਸਤ ਕਰ ਲਿਆ ਬ੍ਰਹਮ ਅਰਪਨ ਬ੍ਰਹਮ ਰਾਮ ਬ੍ਰਹਮ…ਬ੍ਰਹਮ।

ਹੱਥ ਲਿਖਤ ਨੰ : MS 284
ਸਿਰਲੇਖ : ਪਖਯਾਨ ਚਰਿਤ੍ਰ ਟੀਕਾ
ਲੇਖਕ : ਨਰੈਣ ਸਿੰਘ, ਗਿਆਨੀ
ਸਮਾਂ : ਸੰਮਤ 1963 (ਰਚਨਾ ਕਾਲ) ਸੰਮਤ 1753 ਬਿ.
ਸਥਾਨ : ਪਾਉਂਟਾ ਸਾਹਿਬ
ਪੱਤਰੇ : 1-626 ੳ
ਆਕਾਰ : 28X18 ਸ.ਮ. ਲਿਖਤ: 24X15 ਸ.ਮ.
ਵੇਰਵਾ : ਬਿਨਾਂ ਜਿਲਦ, ਸਾਦੇ ਕਾਗਜ਼ ਤੇ ਪੈਨ ਨਾਲ ਲਿਖਿਆ ਹੋਇਆ, ਬਿਨਾਂ ਹਾਸ਼ੀਆ, ਨੀਲੀ ਸਿਆਹੀ ਨਾਲ ਲਿਖਿਆ ਹੋਇਆ। ਸਤਰਾਂ ਪ੍ਰਤੀ ਪੰਨਾ-ਵਖੋ ਵੱਖ।
ਆਮ ਵੇਰਵਾ :ਲਿਖਤ ਸੁੰਦਰ, ਅੰਤ ਵਿਚ ਦੋ ਪੱਤਰੇ ਪੰਨਾਂ ਨੰ.ਅੰਕਿਤ ਕੀਤੇ ਹੋਏ ਖਾਲੀ ਛੱਡੇ ਹੋਏ, ਪੋਥੀ ਵਿਚ 405 ਚਰਿੱਤਰ ਅੰਕਿਤ ਹਨ।

ਆਰੰਭ :੧ੴ ਵਾਹਿਗੁਰੂ ਜੀ ਕੀ ਫਤੇ ਹੈ॥ਸ੍ਰੀ ਭਗੌਤੀਏ ਨਮਹ॥ਅਥ ਪਖਯਾਨ ਚਰਿਤ੍ਰ ਲਿਖਯਤੇ॥ ਪਾਤਸਾਹੀ ੧●॥ਭੁਜੰਗ ਛੰਦ॥ਤ੍ਵ ਪ੍ਰਸਾਦਿ॥ਦਸਵੇਂ ਗੁਰੂ ਜੀ ਦੀ ਉਚਾਰੀ ਹੋਈ ਕਵਿਤਾ ॥ ਤੇਰੀ ਕ੍ਰਿਪਾ ਹੋਵੈ॥ਤੁਹੀ ਖੜਗ ਧਾਰਾ ਤੁਹੀ ਬਾਢਵਾਰੀ ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ॥ਜਿਹਾਰੌ ਜਹਾਂ ਆਪ ਠਾਢੀ ਵਹੀ ਹੈ॥੧॥ਹੇ ਸ਼ਕਤੀ! ਤੂੰਹੀ ਸਿੱਧੀ ਤਲਵਾਰ ਹੈ, ਤੂੰਹੀ ਦਾਤ੍ਰੀ ਵਰਗੀ ਟੇਢੀ ਤਲਵਾਰ ਹੈ।...

ਅੰਤ : ...ਸੰਮਤ ਬਿਕ੍ਰਮੀ ਸਤਾਰਾਂ ਸੌ ਕਿਹਾ ਜਾਂਦਾ ਹੈ॥ਅੱਧਾ ਸੌ ਤੇ ਫੇਰ ਤਿੰਨ ਹੋ ਕਹਿ ਦਿਓ॥ਭਾਦ੍ਰੋਂ ਦੇ ਮਹੀਨੇ ਦੀ ਸੁਦੀ (ਚਾਨਣੇ ਪੱਖ ਦੀ) ਅਸ੍ਟਮੀ ਤਿੱਥ ਤੇ ਦਿਨ ਐਤਵਾਰ ਹੈ॥ਸਤਲੁਜ ਦਰਿਆ ਦੇ ਕੰਢੇ ਉਤੇ ਇਹ ਗ੍ਰੰਥ ਸੁਧਾਰਿਆ ਹੈ ॥੪●੫॥ (ਅਰਥਾਤ ਸਤਲੁਜ ਦਰਿਆ ਦੇ ਕੰਢੇ ਉਤੇ ਪਾਉਂਟੇ ਨਗਰ ਵਿਚ ਸੰਮਤ ੧੮੫੩ ਬਿਕ੍ਰਮੀ, ਭਾਦ੍ਰੋਂ ਸੁਦੀ ਅਸ੍ਟਮੀ ਤੇ ਐਤਵਾਰ ਦੇ ਦਿਨ ਇਹ ਗ੍ਰੰਥ ਸਮਾਪਤ ਹੋਇਆ ਹੈ) ਇਤਿ ਸ੍ਰੀ ਚਰਿਤ੍ਰੋ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰਿ ਸੌ ਪਾਚਵੋਂ ਚਰਿਤ੍ਰ ਸਮਾਪਤ ਸੁਭ ਮਸਤੁ॥੮●੫॥੧੨੭●॥ਅਫਜੂੰ॥ ੩ ਜਨਵਰੀ ੧੯੬੩ ਬ੍ਰਹਸਪਤਿ ਦਿਨ ਪੋਹ ਸੁਦੀ ਅਸ੍ਟਮੀ।

ਹੱਥ ਲਿਖਤ ਨੰ : MS 287

ਸਿਰਲੇਖ : ਗੁਰ ਬਿਲਾਸ (ਪਾਤਸ਼ਾਹੀ ਛੇਵੀਂ)

ਲੇਖਕ : ਸੋਹਨ (ਕਵੀ)

ਸਮਾਂ : ਸੰਮਤ 1933 (ਰਚਨਾ ਕਾਲ) ਸੰਮਤ 1705 ਬਿ.

ਪੱਤਰੇ : 1 ੳ+ 1 ਅ - 503 ਅ

ਆਕਾਰ : 22X32 ਸ.ਮ. ਲਿਖਤ: 15X23 ਸ.ਮ.

ਵੇਰਵਾ :ਜਿਲਦ ਗੱਤਾ ਕਪੜਾ, ਪੱਕੀ ਬੰਨ੍ਹੀ ਹੋਈ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-14.

ਆਮ ਵੇਰਵਾ :ਪਹਿਲਾ ਪੱਤਰਾ ਦੋਵੇਂ ਪਾਸੇ ਸਜਾਵਟ ਵਾਲਾ ਹੈ, ਆਰੰਭ ਵਿਚ ਦੋ ਅਤੇ ਅੰਤ ਵਿਚ ਛੇ ਹਾਸ਼ੀਏ ਵਾਲੇ ਪੱਤਰੇ ਖਾਲੀ, ਲਿਖਤ ਸੁੰਦਰ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, 1 ਅ ਤੇ ਭਗਤਾਂ ਦੀ ਉਪਮਾ ਕੀਤੀ ਹੈ।

ਆਰੰਭ :੧ੴ ਸਤਿਗੁਰ ਪ੍ਰਸਾਦਿ ॥ਅਕਾਲ ਪੁਰਖ ਜੀ ਸਹਾਇ॥੧॥ਅਥ ਗੁਰਬਿਲਾਸ ਗ੍ਰੰਥ ਲਿਖਯਤੇ ॥ ਛਪੈ ੧॥ਪ੍ਰਿਥਮ ਬਦਨਾ ਪਾਰਬ੍ਰਹਮ ਗੁਰੂ ਨਾਨਕ ਸੁਖ ਸਾਗਰ॥ਦਸਮ ਗੁਰੂ ਕੇ ਚਰਨ ਕਮਲ ਬੰਦੋ ਗੁਣ ਆਗਰ॥ਬਹੁਰ ਬੰਦ ਸਭਿ ਸੰਤ ਨਿਤ ਅਵਤਾਰ ਧਾਰਾ ਹਰਿ॥ਅਖਰ ਦਾਤਾ ਗੁਰੂ ਗਿਰਾ ਪਗ ਪਰੋ ਜੋਰ ਕਰ॥ਇਹੀ ਦਾਨ ਦੀਜੈ ਪ੍ਰਭੂ ਹਰਿ ਗੋਬਿੰਦ ਗੁਰ ਜਸ ਕਰ ॥ ਬਿਮਲ ਬੁਧ ਦੇਹੁ ਕਿਰਪਾ ਕਰ ਪਰਿਉ ਦਾਸ ਭਵ ਤੁਮ ਸਰਨ॥੧॥...

ਅੰਤ : ...ਗੁਣਾ ਕਾ ਹੋਵੈ ਬਾਸਲਾ ਕਢਿ ਬਾਸੁ ਲਈਜੈ ॥ ਜੋ ਗੁਣ ਹੋਵਨ ਸਾਜਨਾ ਮਿਲ ਸਾਝਿ ਕਰੀਜੈ ॥ ਸਾਝਿ ਕਰੀਜੈ ਗੁਣਹਿ ਕੇਰੀ ਛੋਡਿ ਅਵਿਗੁਣ ਚਲੀਐ ॥ ਪਹਿਰੇ ਪਟੰਬਰ ਕਰ ਅਡੰਬਰ ਆਪਣਾ ਪਿੜ ਮਲੀਐ ॥ ਜਿਥੇ ਜਾਹਿ ਬਹੀਐ ਭਲਾ ਕਹੀਐ ਝੋਲ ਅੰਮ੍ਰਿਤ ਪੀਜੈ ॥ ਗੁਣਾ ਕਾ ਹੋਵੈ ਬਾਸੁਲਾ ਕਢਿ ਬਾਸ ਲਈਜੈ॥੨॥ਆਪਿ ਕਰੇ ਕਿਸ ਆਖੀਐ ਹੋਰ ਕਰੇ ਨ ਕੋਈ॥ਆਖਣ ਤਾਕਉ ਜਾਈਐ ਜੇ ਭੂਲਾ ਹੋਈ॥ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ਸੁਨੈ ਦੇਖੈ ਬਾਝਿ ਕਹੀਐ ਦਾਨ ਅਨਿ ਮੰਗਿਆ ਦੇਵੈ॥ਦਾਨ ਦੇਇ ਦਾਤਾ ਜਗ ਬਿਧਾਤਾ ਨਾਨਕਾ ਸਚ ਸੋਈ ॥ਆਪ ਕਰੈ ਕਿਸ ਆਖੀਐ ਹੋਰ ਕਰੇ ਨ ਕੋਈ॥ ਕਬੀਰ ਰਵਦਾਸ ਫਰੀਦ ਧੰਨਾ ਤ੍ਰਿਲੋਚਨ॥ਪੀਪਾ ਸੈਣਾ ਰਾਮਾਨੰਦ ਪਰਮਾਨੰਦ ਸੁਰਦਾਸ ਜੈਦੇਵ ਮੀਰਾਬਾਈ ਨਾਮਾ ਸਦਨਾ ਬੇਣੀ ਭੀਖਨ॥੧॥ਸਲੋਕ ਗੁਰ ਗੋਬਿੰਦ ਗੁਪਾਲ ਗੁਰ ਪੂਰਨ

ਨਰਾਇਣਹਿ॥ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਤ ਉਧਾਰਣਹਿ॥ਵਾਹੁ ਗੁਰੂ ਜੀ ਸਹਾਇ॥ਅਕਾਲ ਪੁਰਖ॥ :ੴਸਤਿਗੁਰ ਪ੍ਰਸਾਦਿ॥

ਹੱਥ ਲਿਖਤ ਨੰ : MS 288
ਸਿਰਲੇਖ : ਪਾਖਿਯਾਨ ਚਰਿਤ੍ਰ ਪਾਤਸ਼ਾਹੀ ਦਸ
ਸਮਾਂ : ਸੰਮਤ 1932 (ਰਚਨਾ ਕਾਲ) ਸੰਮਤ 1753
ਸਥਾਨ : ਆਨੰਦਪੁਰ
ਪੱਤਰੇ : 1+8,1-398 ਅ
ਆਕਾਰ : 21.5X 32 ਸ.ਮ. ਲਿਖਤ: 14.5X21 ਸ.ਮ.
ਵੇਰਵਾ :ਜਿਲਦ ਗੱਤਾ ਚਮੜਾ,ਉਪਰ ਕਪੜਾ ਚੜਿਆ ਹੋਇਆ,ਜਿਲਦ ਪੱਕੀ ਬੰਨ੍ਹੀ ਹੋਈ,ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ,ਦੁਪਾਸੀਂ ਖੜ੍ਹੇ ਰੁਖ ਪੰਜ ਲਕੀਰਾਂ (ਦੋ ਲਾਲ ਲਕੀਰਾਂ ਵਿਚ ਦੋ ਕਾਲੀਆਂ ਲਕੀਰਾਂ, ਵਿਚਕਾਰ ਮੋਟੀ-ਪੀਲੀ ਲਕੀਰ) ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-13.
ਆਮ ਵੇਰਵਾ :ਪੋਥੀ ਦੇ ਆਰੰਭ ਵਿਚ ਤਤਕਰਾ ਦਿੱਤਾ ਹੈ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਆਰੰਭ ਵਿਚ 6 ਅਤੇ ਅੰਤ ਵਿਚ 9 ਹਾਸ਼ੀਏ ਵਾਲੇ ਪੱਤਰੇ ਖਾਲੀ ਹਨ।ਲਿਖਤ ਸੁੰਦਰ।
ਅਰੰਭ : ੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਭਗੌਤਿਏ ਨਮਹ ॥ ਅਥ ਪਾਖਿਯਾਨ ਚਰਿਤ੍ਰ ਲਿਖਯਤੇ ॥ ਪਾਤਿਸਾਹੀ ॥ ੧● ॥ ਭੁਜੰਗ ਛੰਦ ॥ ਤ੍ਵਪ੍ਰਸਾਦਿ ॥ ਤੁੰਹੀ ਖੜਗ ਧਾਰਾ ਤੁੰਹੀ ਬਾਢਵਾਰੀ ॥ ਤੁੰਹੀ ਤੀਰ ਤਰਵਾਰਿ ਕਾਤੀ ਕਟਾਰੀ ॥ ਹਲੱਬੀ ਜੁਨੱਬੀ ਮਗਰਬੀ ਤੂਹੀ ਹੈ ॥ ਨਿਹਾਰੋਂ ਜਹਾਂ ਆਪੁ ਠਾਢੀ ਵਹੀ ਹੈ ॥੧॥...
ਅੰਤ : ...ਅੜਿਲ ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥ ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥ਹੋ ਜੋ ਯਾਕੀ ਇਕ ਬਾਰ ਚੌਪਈ ਕੋ ਕਹੈ ॥ ੪●੪ ॥ ਚੌਪਈ ॥ ਸੰਬਤ ਸਤਰਹ ਸਹੰਸ ਭਣਿ ਜੈ॥ਅਰਧ ਸਹਸ ਫੁਨਿ ਤੀਨ ਕਹਿਜੈ॥ਭਾਦਵ ਸੁਦੀ ਅਸਟਮੀ ਰਵਿਵਾਰਾ॥ਤੀਰ ਸਤੁਦ੍ਰਵ ਗ੍ਰੰਥ ਸੁਧਾਰਾ॥੪●੫॥ਇਤਿ ਸ੍ਰੀ ਚਰਿਤ੍ਰ ਪਖਿਯਾਨੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ॥੪●੫॥੧੫੫੫॥ਅਫਜੂ॥ਸੰਮਤ ੧੮੩੨॥ਚੇਤ੍ਰ ਸੁਦੀ ਥਿਤ ਦਸਮੀ ਵਾਰ ਸੋਮਵਾਰ ਪੋਥੀ ਸਪੂਰਨ ਹੋਈ॥

ਹੱਥ ਲਿਖਤ ਨੰ : MS 289
ਸਿਰਲੇਖ : ਗੋਸਟਿ ਗੁਸਾਂਈ ਕਬੀਰ ਜੀਉ ਕੀ (ਅਧੂਰੀ)
ਲੇਖਕ : ਸੋਢੀ ਮਿਹਰਵਾਨ
ਸਮਾਂ : ਸੰਮਤ 1802
ਪੱਤਰੇ : 236 ੳ -295 ਅ
ਆਕਾਰ : 29X20 ਸ.ਮ. ਲਿਖਤ: 25.5X15 ਸ.ਮ.
ਵੇਰਵਾ : ਪੋਥੀ ਖੁਲ੍ਹੇ ਪੱਤਰਿਆਂ ਵਿਚ ,ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ - 21.
ਆਮ ਵੇਰਵਾ : ਪੱਤਰਿਆਂ ਦੀ ਹਾਲਤ ਖਸਤਾ, ਕਿਰਮ-ਖੁਰਦਾ, ਪੋਥੀ ੨੩੬ ਪੱਤਰੇ ਤੋਂ ਆਰੰਭ ਹੁੰਦੀ ਹੈ;੨੬੬ ੳ, ੨੭੩ ਅ ਅਤੇ ੨੭੪ ੳ ਤੇ ਦੋ ਲਾਈਨਾਂ ਲਾਲ ਸਿਆਹੀ ਨਾਲ, ਦੋ ਲਾਈਨਾਂ ਕਾਲੀ ਸਿਆਹੀ ਨਾਲ ਲਿਖੀਆਂ ਹੋਈਆਂ ਹਨ,੨੮● ਪੱਤਰੇ ਤੋਂ ਬਾਅਦ ਲਿਖਾਈ ਵਿਚ ਲਾਲ ਸਿਆਹੀ ਦੀ ਵਰਤੋਂ ਨਹੀਂ ਕੀਤੀ ਗਈ,ਆਖਰੀ ਪੱਤਰਾ ਸਜਾਵਟ ਵਾਲਾ ਹੈ॥

ਅਰੰਭ :.....ਤਬ ਸ੍ਰੀ ਕਬੀਰ ਜੀ ਬਾਂਨੀ ਬੋਲੀ ਜੀ॥ ਕਾ ਕੋ ਮਾਤਿ ਪਿਤਾ ਸੁਤੁ ਕਾ ਕੋ ਕਵਨੁ ਪੁਰਖੁ ਕਵਨ ਜੋਈ॥ਜਬ ਘਟੁ ਬਿਨਸੈ ਤਬ ਕੋਇ ਨ ਰਾਖੈ ਕਾਢਹੁ ਕਢਹੁ ਹੋਈ॥੨॥...

ਅੰਤ : ...ਤਬ ਓਹਿ ਗੋਬਿੰਦ ਲੋਕ ਉਠਿ ਕਬੀਰ ਜੀ ਗੁਸਾਈ ਜੀ ਕੀ ਚਰਨੀ ਲਾਗੇ॥ਕਬੀਰ ਜੀ ਕੇ ਸਿਖ ਭਏ॥ਕਹਨੇ ਲਾਗੇ ਜਿ ਧੰਨੁ ਕਬੀਰ ਸਤਿ ਕਬੀਰੁ ਰਾਮ ਕਬੀਰੁ॥ਕ੍ਰਿਸਨ ਕਬੀਰੁ ਲਾਗੇ ਸਿਮਰਨੇ॥ਸਗਲੇ ਬੋਲਹੁ ਰਾਮ ਰਾਮ ਰਾਮ---ਰਾਮ ਸਤਿਗੁਰੂ ਗੁਰੂ---ਗੁਰੂ ਜੀ ਸਤਿਗੁਰ ਪ੍ਰਸਾਦਿ॥੧੩੫॥ਕਥਾ ਚਲੀਆ॥ਇਕੁ ਸੌ ਪੈਂਤ੍ਰੀ॥ਉਤਾਰਾ ਕੀਤਾ॥ਉਤਾਰਾ ਕੀਤਾ॥ਮਿਤੀ ਫਗਣਿ ਦੀ ੨੪॥ਚਵੀਹਵੀ।ਸੰਮਤੁ ਸੈਇ ਅਠਾਰਹ॥ਵਰ੍ਹ ਦੁਇ ੧੯●●੨॥ਸਤਿ ਬਾਬਾ ਨਾਨਕ ਜੀ।

ਹੱਥ ਲਿਖਤ ਨੰ : MS 290

ਸਿਰਲੇਖ : ਪੁਰਾਤਨ ਜਨਮ ਸਾਖੀ

ਲੇਖਕ : ਪੈੜਾ ਮੋਖਾ

ਲਿਖਾਰੀ : ਗੁਲਾਬ ਦਾਸ

ਸਮਾਂ : ਸੰਮਤ 1859

ਸਥਾਨ : ਪਟਿਆਲਾ

ਪੱਤਰੇ : 1 -288

ਆਕਾਰ : 18X25 ਸ.ਮ. ਲਿਖਤ: 14X20 ਸ.ਮ.

ਵੇਰਵਾ : ਜਿਲਦ ਤੋਂ ਬਿਨ੍ਹਾਂ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-੧੨.

ਆਮ ਵੇਰਵਾ : 200 ਪੱਤਰੇ ਤੋਂ ਬਾਅਦ ਬਿਨ੍ਹਾਂ ਹਾਸ਼ੀਆ, ਕਿਤੇ ਕਿਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਅੰਤ ਤੇ ਪੰਜ ਪੱਤਰੇ ਖਾਲੀ, ਗੱਤੇ ਚਮੜੇ ਦੀ ਪਹਿਲਾਂ ਪੱਕੀ ਜਿਲਦ ਬਝੀ ਸੀ ਪਰ ਹੁਣ ਜਿਲਦ ਨਹੀ ਹੈ।

ਅਰੰਭ :੧ੴ ਸਤਿਗੁਰ ਪ੍ਰਸਾਦਿ॥ਇਕ ਦਿਨ ਗੁਰੂ ਅੰਗਦ ਦੇ ਜੀ ਉਪਜੀ ਜੋ ਮੇਰਾ ਗੁਰੂ ਨਾਨਕੁ ਪੂਰਨ ਆਹਾ॥ਉਸ ਅਤੇ ਪਰਮੇਸਰ ਵਿਚਿ ਭੇਦੁ ਕਿਛੁ ਨ ਆਹਾ॥ਦੇਖ ਮੇਰੇ ਗੁਰੂ ਜਨਮੁ ਕਿਸਰ ਉਸ ਲੀਤਾ ਆਹਾ॥ਇਹੁ ਚਿਤਵਨੀ ਹੋਇ ਰਹੀ॥...

ਅੰਤ : ...ਦੋਹਰਾ॥ਸਤਿਗੁਰ ਕੇ ਗੁਨੁ ਬਹੁਤੁ ਹੈ ਕਿਤ ਮੁਖਿ ਕਹੋ ਸਲਾਹਿ॥ਦਾਸ ਗੁਲਾਬ ਕੀ ਬੇਨਤੀ ਜਨ ਨਾਨਕ ਲੇਹੁ ਮਿਲਾਇ॥ਪ੍ਰਭ ਜੀ ਤੇਰੇ ਗੁਨ ਬਹੁਤੁ ਹੈ ਕਿਤ ਮੁਖ ਕਹੋ ਸਲਾਹਿ॥ਗੁਲਾਬ ਦਾਸ ਅਧੀਨ ਕਂਉ ਲੀਜੈ ਅਪਨੀ ਲੜਿ ਲਾਇ॥ਸੰਬਤ ੧੮੫੯॥ਅਠਾਰਾ ਸੈ ਉਣਾਹਟ॥ਮਿਤੀ ਜੇਠ ਬਦੀ ਪੰਚਮੀ॥੫॥ਰਵਬਾਰ ਪੋਥੀ ਜਨਮ ਸਾਖੀ ਕੀ ਸੰਪੂਰਨੰ ਹੋਈ ਸਹਰ ਪਟਿਆਲੇ ਵਿਚਿ॥ਲਿਖੀ ਗੁਲਾਬਿ ਦਾਸ ਜੀ ਬੋਲਹੁ ਭਾਈ ਜੀ ਵਾਹੁ ਵਾਹੁ ਵਾਹੁ ਵਾਹੁ ਵਾਹੁ ਗੁਰੂ ਜੀ ਸਹੀ ਸਤਿ ਹੈ॥ਭੂਲ ਚੂਕ ਬਖਸਿ ਲੈਣੀ ਸਦਿਕਾ ਸਾਧ ਸੰਗਤਿ ਦਾ॥

ਹੱਥ ਲਿਖਤ ਨੰ : MS 292

ਸਿਰਲੇਖ : ਜ਼ਫਰ ਨਾਮਾ ਸਟੀਕ

ਲੇਖਕ : ਗੋਬਿੰਦ ਸਿੰਘ, ਸ੍ਰੀ ਗੁਰੂ

ਲਿਖਾਰੀ : ਬਿਸ਼ਨ ਸਿੰਘ, ਗਿਆਨੀ (ਭਾਈ)/(ਟੀਕਾਕਾਰ)

ਪੱਤਰੇ : 1-4+1-310

ਆਕਾਰ : 17X18 ਸ.ਮ. ਲਿਖਤ: 13X12 ਸ.ਮ.

ਵੇਰਵਾ :ਜਿਲਦ ਗੱਤਾ ਚਮੜਾ,ਉਖੜੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਜਾਮਨੀ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-11.

ਆਮ ਵੇਰਵਾ : ਪੋਥੀ ਕਿਤੇ ਕਿਤੇ ਕਿਰਮ-ਖੁਰਦਾ, ਜਿਲਦ ਅਧੂਰੀ, ਪਹਿਲੇ ਚਾਰ ਪੱਤਰੇ ਅਤੇ 306 ਅ ਤੋਂ 310 ਓ ਤੱਕ ਮੰਗਲਾਚਰਨ ਦੇ ਹਨ, ਆਰੰਭ ਵਿਚ 7 ਪੱਤਰੇ ਬਿਨ੍ਹਾਂ ਹਾਸ਼ੀਆ ਵਾਲੇ ਖਾਲੀ, ਵਿਚ ਵਿਚ ਕਾਨੀ ਬਦਲੀ ਹੋਈ, 310 ਓ ਤੇ ਬਾਬਾ ਸੁਮੇਰ ਸਿੰਘ ਦੇ ਦਸਖਤ ਹਨ । 309 ਅ ਪੱਤਰੇ ਤੇ ਸਮੇਂ ਬਾਰੇ ਲਿਖਿਆ ਹੈ:-"ਹਾਯਨ ਬੈਕ੍ਰਮ ਦਸ ਭਨ ਅਵਧਿ ਦ੍ਵਾਰ ਵਿਧੁਮਾਨ। ਊਰਜ ਮਾਸ ਸਿਤ ਦ੍ਵਾਦਸੀ ਬਾਰ ਆਂਗਰਿਸ ਠਾਨ॥੪॥ਤਾ ਦਿਨ ਪੂਰਨ ਯਹ ਭਯੋ ਜਫਰ ਨਾਮ ਮੁਖਵਾਕ"।

ਅਰੰਭ :੧ੴ ਹੁਕਮ ਸਤਿ ਸ੍ਰੀ ਵਾਹਿ ਗੁਰੂ ਜੀ ਕੀ ਫਤਹ॥ਜਫਰ ੧ ਨਾਮਹ ੨ ਪਾਤਸ਼ਾਹੀ ੧●॥੩॥ਫਤੇਕਾ ੧ ਖਤ ੨ ਦਸਵੀ ਪਾਤਸਾਹੀ ਜੀ ਕਾ ੩॥ ਕਮਾਏ ੧ ਕਰਾਮਾਤ ੨ ਕਾਯਮ ੩ ਕਰੀਮ ੪॥ਰਜਾ ੫ ਬਖਸ ੬ ਰਾਜਕ ੭ ਰਹਾਕੋ ੮ ਰਹੀਮ ੯॥ ਤਮਾਮ ੧ ਬਜੁਰਗੀ ੨ ਖੜਾ ਹੋਨੇ ਵਾਲਾ ੩ ਸਖੀ ਯਾ ਬਜ਼ੁਰਗ ੪॥...

ਅੰਤ : ...(ਹੇ ਸਾਕੀ ਮੇਰੇ ਪਜਾਲੇ ਕੋ) ਕੰਢਜਾ ਤਕ ੧ ਕਰਦੇ ੨ (ਯਾਨੇ ਪ੍ਰੇਮ ਰੂਪੀ ਪਜਾਲਾ ਅਥਵਾ ਯੇਹ ਸਿਖਜੋ ਪ੍ਰਤੀ ਆਗਜਾ ਹੈ ਕਿ ਹੇ ਸਿਖੋ ਮੇਰੇ ਪਜਾਰੇ ਸਿੰਘੋ ਪ੍ਰੇਮ ਰੂਪੀ ਪਜਾਲਾ ਕੰਢਜਾ ਤਕ ਭਰਕੇ) ਹਰਦਮ ਯਾ ਹਰਸਾਯਤ ੩ ਪੀਣਾ ਯਾ ਪਾਨ ੪ ਕਰੋ ੫॥(ਇਸ ਪ੍ਰੇਮ ਰੂਪੀ ਪਜਾਲੇ ਕੋ ਪਾਨ ਕਰਕੇ ਜਨਮ ਮਰਨ ਰੂਪੀ) ਭਯ ੬ ਦੋਨੂੰ ੭ ਲੋਕੋ ਕੇ ਕੋ ੮ (ਯਾਨੇ ਲੋਕ ਪ੍ਰਲੋਕ ਕੇ ਕੋ) ਭੁਲਾਵਣਾ ੯ ਕਰੋ ੧●॥੨੧॥ਖ● ਸਪਸ੍ਰੂ ਇਤਿ ॥ ੨੧ ॥ਇਤਿ ਸ੍ਰੀ ਜਫਰ ਨਾਮਹ ਟੀਕਾਯਾਂ ਦ੍ਵਾਦਸ ਹਕਾਯਤ ਬਿਵਰਣੰ ਸਮਾਪਤੰ ਸੁਭ ਮਸਤੁ॥੧੨॥ਅਥ ਗ੍ਰੰਥਾਂਤ ਮੰਗਲਾ ਚਰਨ ਲਿਖਜਤੇ॥...ਇਤਿ ਸ੍ਰੀ ਜਫਰ ਨਾਮਹ ਟੀਕਾਯਾਂ ਗ੍ਰੰਥਾਤ ਮੰਗਲਾ ਚਰਨ ਸਮਾਪਤ ਮਸਤੁ ॥ਸੁਭੰ ਲੇਖਕ ਪਾਠਕ ਯੋ ਦ੍ਵਯੋ॥ ਸੰ.੪੧੮ ਮ ਮਾਘ ਬਦੀ ੧੧ ਬਾਬਾ ਸੁਮੇਰ ਸਿੰਘ।

ਹੱਥ ਲਿਖਤ ਨੰ : MS 293

ਸਿਰਲੇਖ : ਯਾਦਦਾਸ਼ੁ

ਲੇਖਕ : ਗਨੇਸ ਸਿੰਘ

ਸਮਾਂ : (ਰਚਨਾ ਕਾਲ) ਸੰਮਤ 1918-1924

ਪੱਤਰੇ : 1-141

ਆਕਾਰ : 22.5X14 ਸ.ਮ. ਲਿਖਤ: 17.5X 10.5 ਸ.ਮ.

ਵੇਰਵਾ :ਜਿਲਦ ਗੱਤਾ ਉਖੜੀ ਹੋਈ; ਕਾਲੀ, ਨੀਲੀ ਅਤੇ ਜਾਮਨੀ ਸਿਆਹੀ ਦੀ ਵਰਤੋਂ, ਕੁਝ ਪੱਤਰਿਆਂ ਤੇ ਪੈਂਸਲ ਨਾਲ ਵੀ ਲਿਖਿਆ ਹੋਇਆ ਹੈ; ਬਿਨਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-ਅਲਗ ਅਲਗ.

ਆਮ ਵੇਰਵਾ :ਕੁਝ ਪੱਤਰਿਆਂ ਤੇ ਖੜ੍ਹੇ ਰੁਖ ਅਤੇ ਕੁਝ ਤੇ ਆਡੇ ਰੁਖ ਲਿਖਿਆ ਹੈ, ਕੁਝ ਪੱਤਰਿਆਂ ਤੇ ਰਚਨਾ ਦੀ ਤਾਰੀਖ ਲਿਖੀ ਹੈ ਪਰ ਤਰਤੀਬਵਾਰ ਨਹੀਂ। ਹਿੰਦੀ ਅਤੇ ਪੰਜਾਬੀ ਅਖਰਾਂ ਦੀ ਮਿਲੀ ਜੁਲੀ ਵਰਤੋਂ, ਇਸ ਪੋਥੀ ਵਿਚਲੀਆਂ ਰਚਨਾਵਾਂ ਕੁਝ ਇਸ ਤਰ੍ਹਾਂ ਹਨ:-ਸਿੰਹ ਦਰਪਨ ਵਿਲਾਸ,ਚੌਕ(ਲਾਪਨੀ ਛੰਦ ਵਿਚ),ਗਜ਼ਲ,ਸੀਕ ਪਚੀਸੀ,ਆਸੀਰਵਾਦ, ਪ੍ਰੇਮ ਮੁਹਬਤ (ਕਾਵਿ ਨਾਟਕ),ਜੈਤੋ ਦਾ ਮੋਰਚਾ, ਗੁਰ ਪ੍ਰਨਾਲੀ, ਬਿਨੇ ਪਚਾਸਾ ਅਤੇ ਪ੍ਰੇਮ ਸਾਗਰ ਆਦਿ;ਕੁਝ ਮੰਤ੍ਰ ਅਤੇ ਨੁਸਖੇ ਵੀ ਦਿਤੇ ਹਨ।ਵਿਚ-ਵਿਚ ਖਾਲੀ ਪੱਤਰੇ ਛੱਡੇ ਹੋਏ ਹਨ।

ਅਰੰਭ :੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਸ੍ਰੀ ਭਗੌਤੀ ਜੀ ਸਹਾਇ।ਸਤਿਗੁਰ ਪ੍ਰਸਾਦਿ॥ਕਬਿਤ॥ਯਾਦਦਾਸ਼ੁ ਕ੍ਰਿਤ ਗਨੇਸ ਸਿੰਘ ਉਪਨਾਮ ਸਿੰਘ॥ਕਬਿ ਬਾਸੀ ਸ੍ਰੀ ਪਟਨਾ ਸਾਹਿਬ ਜੀ॥...

ਅੰਤ : ...ਔਰ ਜੋ ਗੁਰਮੁਖ ਸੰਜੋਗ ਬਿਧ ਕਰੈ ਕਿਛ ਲੇਵੈ ਨਾਹੀ ਤਾ ਉਸ ਕੋ ਕੋਟ ਗੁਰਪ੍ਰਬ ਕੀਏ ਕਾ ਫਲ ਹੋਵੈਗਾ ਅਰ ਕਦਾਨਚ ਕਿ ਛ ਲੈਵੈ ਤਾ ਕੋਟ ਹਤਿਆ ਬਿਘਨ ਲਗੇਗਾ।ਅਥ ਸ੍ਰੀ ਪ੍ਰੇਮ ਸਾਗਰ ਗ੍ਰੰਥ ਸਮਾਪਤੰ ਸੁੰਭੰ॥

ਹੱਥ ਲਿਖਤ ਨੰ : MS 294 ਸੰਗ੍ਰਹਿ
ਸਿਰਲੇਖ : ਕਵੀਬਲਭ (ਕਵੀ ਵਲਭ)
ਲੇਖਕ : ਹਰਿਚਰਨ ਦਾਸ
ਪੱਤਰੇ : 1-164
ਆਕਾਰ : 13X17 ਸ.ਮ. ਲਿਖਤ: 8X12 ਸ.ਮ.
ਵੇਰਵਾ :ਜਿਲਦ ਗੱਤਾ ਚਮੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-13.
ਆਮ ਵੇਰਵਾ :ਪੋਥੀ ਦੇ ਪਹਿਲੇ ਪੱਤਰੇ ਭਿੱਜੇ ਹੋਏ, ਪੱਤਰਿਆਂ ਦਾ ਰੰਗ ਪੀਲਾ ਪਿਆ ਹੋਇਆ,ਕਿਤੇ-ਕਿਤੇ ਕਿਰਮ-ਖੁਰਦਾ, ਲਾਲ ਰੰਗ ਦੀ ਸਿਆਹੀ ਨਾਲ ਸੋਧ ਕੀਤੀ ਹੋਈ,ਪੱਤਰਾ 147-151 ਤੱਕ ਜੰਤਰ ਮੰਤਰ ਅਤੇ ਬੰਦ ਦਿੱਤੇ ਹੋਏ; ਪੱਤਰਾ 165 ਅਤੇ 166 ਤੇ ਕਲਿਸ੍ਰ ਦੇ ਪੰਜ ਦੋਹਰੇ ਦਿੱਤੇ ਹਨ।
ਅਰੰਭ :੧ੴ ਸ੍ਰੀ ਗਣੇਸਾਯ ਨਮ:॥ ਓ ਸ੍ਰੀ ਰਾਧਾ ਬਿਜੈਤੇ ਨਮਾਮਿ॥ਅਥ ਕਵਿ ਬੱਲਭ ਕ੍ਰਿਤ ਕਵਿ ਹਰਿਚਰਨ ਦਾਸ ਲਿਖਜਤੇ॥ਦੋਹਰਾ॥ਮੋਹਨ ਚਰਨ ਪਯੋ ਜ ਮੈ ਤੁਲਸੀ ਕੋ ਹੈ ਬਾਸ॥ਤਾਂਹਿ ਸੁਮਰਿ ਹਰਿ ਭਗਤ ਸਬ ਕਰਤ ਬਿਘਨ ਕੋ ਨਾਸ॥੧॥...
ਅੰਤ : ...ਦੋਹਾ॥ਸ੍ਰੀ ਰਾਧਾ ਪਦ ਕੰਜ ਕੀਰਜ ਨਿਜ ਨੈਨਨਿ ਲਾਇ॥ਚਕ੍ਰਾਹਤ ਕਿਯ ਮ੍ਰਿਤਜੁ ਤਬ ਕ੍ਰਿਸਨਹਿ ਕੰਠ ਲਗਾਇ॥੯●॥ਇਤਿ ਸ੍ਰੀ ਹਰਿਚਰਨ ਦਾਸ ਕ੍ਰਿਤੇ ਬ੍ਰਿਹਤ ਕਵਿ ਬਲਭ ਗ੍ਰੰਥ ਸੰਪੂਰਨ ਸਪਤਮੋ ਧਜਾਇ॥੭॥

ਹੱਥ ਲਿਖਤ ਨੰ : MS 294 ਅ
ਸਿਰਲੇਖ : ਬੁਧਿ ਪ੍ਰਕਾਸ ਦਰਪਨ
ਲੇਖਕ : ਕੇਸ਼ਵ ਦਾਸ, ਕਵੀ
ਲਿਖਾਰੀ :ਅਮਰ ਸਿੰਘ (ਲਿਖਵਾਈ ਗੁਰਬਖਸ਼ ਸਿੰਘ)
ਸਮਾਂ : ਸੰਮਤ 1890
ਸਥਾਨ :ਚੂਰੀਆਂ (ਅੰਮ੍ਰਿਤਸਰ)
ਪੱਤਰੇ : 167 ੳ-224
ਆਕਾਰ : 13X17 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ :੧ੴ ਸ੍ਰੀ ਗਣੇਸਾਯ ਨਮ:॥ਅਥ ਬੁੱਧਿ ਪ੍ਰਕਾਸ ਦਰਪਨ ਲਿਖਜਤੇ॥ਦੋ:॥ਏਕ ਰਦਨ ਗਜ ਬਦਨ ਕੇ ਗਵਰਿ ਮਾਤ ਸਿਵ ਤਾਤ॥ਲੰਬੋਦਰ ਸੁਖ ਮੁਖ ਕੀਏ ਵਿਘਨ ਵਿਮੁਖ ਹ੍ਵੈ ਜਾਤ॥੧॥...
ਅੰਤ : ...ਲਛੀ ਰਾਮ ਮਥ ਗ੍ਰੰਥ ਕੋ ਸਾਰ ਮੇਲ ਕੈ ਲੀਨ॥ਮੱਲ ਭਾਟ ਭਾਖਾ ਕਰੀ ਤਾਂਤੇ ਉਪਮਾ ਕੀਨ॥੧੭॥ਕੇਕੀ ਚਾਤ੍ਰਕ ਅਜਾ ਕੁਜ ਕੋਕਲ ਦਾ ਦਰ ਫੀਲ॥ਆਦਿ ਖਰਜ ਕ੍ਰਮ ਸੋ ਲਖੋ ਅੰਤ ਨਿਖਾਧ ਸੁਸੀਲ॥੧੮॥ਇਤਿ ਅਸ੍ਰਮੋ ਪ੍ਰਭਾਵ ੮ ਬੁਧਿ ਪ੍ਰਕਾਸ ਗ੍ਰੰਥ ਸਮਾਪਤੰ॥॥ਦੋ॥ਸੁੰਨ ਨਾਥ ਬਸੁ ਆਤਮਾ ਸੰਬਤ ਲੇਹੁ ਪਛਾਨ॥ਸਾਵਨ ਸੁਦੀ ਇਕਾਦਸੀ ਰਵਿ ਸੁਤ ਬਾਸੁਰ ਜਾਨ॥੧॥ਸੁਧਾ ਸਰੋਂ ਤੇ ਉਤ੍ਰ ਦਿਸ ਜੋ ਜਨ ਤੀਨ ਪ੍ਰਮਾਨ॥ਨਾਮ ਗ੍ਰਾਮ ਕੋ ਚੂਰੀਆਂ ਅਤਿ ਉੱਤਮ ਅਸਥਾਨ॥੨॥ਕਬਿਤੁ॥ਬਿਜੈ ਦੁਗ ਸੂਗ ਕੇ ਸਮਾਨ ਸਭ ਲੋਗ ਕਹੈ ਨੀਤ ਨਜਾਇ ਨੀਕੇ ਸੁਭ ਰੀਤ ਹੂੰ ਚਲਾਈ ਹੈ॥ ਤਾਂਹਿ ਧ੍ਰਮਸਾਲਾ ਬਿਖੈ ਰਹਤ ਗੁਰਬਖਸ ਸਿੰਘ ਆਠੋ ਜਾਮ ਬ੍ਰਿਤ ਲਿਖਬੇ ਮੈ ਠਹਿਰਾਈ ਹੈ॥ਪੋਥੀ ਕਵਿ ਬੱਲਭ ਕੀ ਔਰ ਰਾਗ ਮਾਲਾ ਭਲੀ ਬਡੋ ਹਿਤ ਧਾਰ ਅਮ੍ਰ ਸਿੰਘ ਹੂੰ ਲਿਖਵਾਈ ਹੈ॥ਪਢੈ ਸੁਨੈ ਪ੍ਰੀਤ ਲਾਇ ਚਾਰੋ ਫਲ

ਪਾਇ ਵਹੁ ਰਾਜ ਸਭਾ ਮਾਨ ਦਾਨ ਅਮਿਤ ਬਡਾਈ ਹੈ॥੩॥ਦੋਹਰਾ॥ਪੰਡਤਿ ਗੁਨੀ ਪ੍ਰਬੀਨ ਪੈ ਬਿਨਤੀ ਕਰਤ ਅਪਾਰ॥ਅੱਛਰ ਮਾਤ੍ਰਾ ਜੋ ਰਹੀ ਪਢਿਯੋ ਸਬੈ ਸੁਧਾਰ॥੪॥

ਹੱਥ ਲਿਖਤ ਨੰ : MS 295
ਸਿਰਲੇਖ ਸਾਖੀ ਗੁਰੂ ਸਿਖਨ ਕੀ
ਲੇਖਕ : ਸਾਹਿਬ ਸਿੰਘ
ਪੱਤਰੇ : 1-29 ਅ
ਆਕਾਰ : 26X 16 ਸ.ਮ. ਲਿਖਤ: 18X10 ਸ.ਮ.
ਵੇਰਵਾ :ਜਿਲਦ ਗੱਤਾ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-20
ਆਮ ਵੇਰਵਾ :ਪੋਥੀ ਦੇ ਅਰੰਭ ਵਿਚ ਅਤੇ ਅੰਤ ਤੇ 4-4 ਪੱਤਰੇ ਖਾਲੀ, ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਉੱਲੀ ਲੱਗੀ ਹੋਈ, ਪੋਥੀ ਅਧੂਰੀ ਹੈ, ਲਿਖਾਈ ਸੁੰਦਰ।
ਅਰੰਭ :੧ੴਸਤਿਗੁਰ ਪ੍ਰਸਾਦਿ॥ਅਥ ਸਾਖੀ ਗੁਰ ਸਿਖਨ ਕੀ ਲਿਖਜਤੇ॥ਦੋਹਰਾ॥ਓਅੰਕਾਰ ਅਨੰਤ ਜੋ ਸਭ ਘਟ ਸਭ ਕੇ ਸਾਥ॥ਸੋ ਗੁਰੂ ਨਾਨਕ ਰੂਪ ਕੋ ਨਮੋ ਜੋਰ ਜੁਗ ਹਾਥ॥੧॥ਚੌ:।ਪ੍ਰਿਥਮ ਪਲਟ ਵਪੁ ਦੂਸਰ ਲਯੋ॥ਗੁਰੂ ਅੰਗਦ ਜਗ ਜਾਹਰ ਭਯੋ॥...
ਅੰਤ : ...ਚੌ॥ ਕੋਊ ਚਰਨ ਕੋਊ ਕਲ ਮੈ ਮਿਲੈ॥ਅਤਿ ਅਨੰਦ ਨੈਨਨ ਜਲੁ ਢਲੈ॥ਮਾਤ ਆਯ ਗਲ ਲੀਨ ਲਗਾਈ॥ਬ੍ਰਹੋ ਤਪਤ ਛਾਤੀ ਸੁ ਬੁਝਾਈ॥ਮਸਤਿਕ ਸੂਘ ਨੈਨ ਜਲ ਛਾਵਾ॥ਧੰਨ ਦਿਵਸ ਮੁ.....

ਹੱਥ ਲਿਖਤ ਨੰ : MS 296
ਸਿਰਲੇਖ : ਕਥਾ ਮੈਣਾਵੰਤੀ, ਗੋਪੀ ਚੰਦ
ਸਮਾਂ : ਸੰਮਤ 1894
ਪੱਤਰੇ : 1-144 ੳ
ਆਕਾਰ : 9X15 ਸ.ਮ. ਲਿਖਤ: 5.5X 10.5 ਸ.ਮ.
ਵੇਰਵਾ :ਜਿਲਦ ਫਟੀ ਹੋਈ, ਬਿਨ੍ਹਾਂ ਹਾਸ਼ੀਆ, ਸਤਰਾਂ ਪ੍ਰਤੀ ਪੰਨਾ-6,ਕਿਤੇ ਕਿਤੇ ਦੁਪਾਸੀ ਖੜ੍ਹੇ ਰੁਖ ਇਕ ਕਾਲੀ ਲਕੀਰ ਦਾ ਹਾਸ਼ੀਆ, 135 ਪੱਤਰੇ ਤੋਂ ਅਗੇ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ।
ਆਮ ਵੇਰਵਾ :ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ, ਵਿਚ ਵਿਚ ਕਈ ਥਾਂਈ ਕਾਨੀ ਬਦਲੀ ਹੋਈ, 142 ਅ ਤੇ ਅੱਖਰ ਵਾਰੀ-ਵਾਰੀ ਲਾਲ ਅਤੇ ਕਾਲੀ ਸਿਆਹੀ ਨਾਲ, ਅੰਤਿਮ ਦੋ ਲਾਈਨਾਂ ਵੀ ਲਾਲ ਸਿਆਹੀ ਨਾਲ। ਆਰੰਭ ਵਿਚ ਛੇ ਅੰਤ ਵਿਚ ਵੀਹ ਪੱਤਰੇ ਖਾਲੀ।
ਅਰੰਭ :੧ੴਸ੍ਰੀ ਗਣੇਸਾਇ ਨਮ:॥ਸ੍ਰੀ ਰਾਮਾਇ ਨਮ:॥ ਮੈਣਾਂਵੰਤੀ ਭਰਥਰੀ ਬਿਕ੍ਰਮਾਜੀਤ ਇਨ ਤੀਨੋ ਕੀ ਉਤਿਪਤਿ ਕਥਾ ਆਦਿ ਥੀ ਗੋਪੀ ਚੰਦ ਕਾ ਜੋਗੁ॥ਏਕ ਸਮੇ ਰਾਜਾ ਇੰਦ੍ਰ ਆਪਣੇ ਨੰਦਨਿ ਬਨਿ ਮੋ ਨਿਰਤ ਲੀਲਾ ਪਾਤਰੋ ਸਭਿਨੋ ਸੰ ਦੇਖਤਾ ਥਾ॥...
ਅੰਤ : ...ਇਤਿ ਸ੍ਰੀ ਗੋਪੀ ਚੰਦੁ ਮਾਤਿ ਕਾ ਦਾਹੁ ਕਰਿ ਸ੍ਰੀ ਗੋਰਖ ਨਾਥ ਕੇ ਭਰਥਰੀ ਕੇ ਸਾਥਿ ਕਵਨੁ ਕਰਣੰ ਨਾਮੁ ਚਉਦਸ ਮੋ ਧਿਆਇ ੧੪। ਕਥਾ ਮੈਣਾਵੰਤੀ ਕੀ ਜਨਮ ਕਥਾ ਕੇ ਮਰਣਿ ਪ੍ਰਜੰਤ ੮੧੯ । ਅਠਿ ਸੈ ਉਨੀ ਹੋਏ ਹੈਨਿ॥ ਮੈਣਾਵੰਤੀ ਅਰੁ ਭਰਥਰੀ ਕੀ ਜਨਮ ਕਥਾ ਕੇ ਸਲੋਕ ਇਕ ਸਉ ਨਵੇ ਹੈਨਿ । ੧੯● । ਗੋਪੀ ਚੰਦ ਕਾ ਜੋਗੁ ਉਪਦੇਸੁ ਮੈਣਾਂਵੰਤੀ ਕਾ ਸਲੋਕ ਵਿ ਛਿਇ ਸੈ ਉਨੀ ਹੋਵੈ ਵੀ ੯ । ਸਭ ਸਲੋਕੁ ਮੈਣਾਂਵੰਤੀ ਕੇ ਅਠ ਸੈ ਉਨੀ ਹੋਏ ਸਭੰ। ੮੧੯। ਅਸੂ ਸੁਦੀ ਸੁਕਲ ਪਖ ਦਸਮੀ ਦਿਸਹਿਰੇ ਕਾ ਦਿਨ॥ ਸੰਮਤਿ ਅਠਾਰਾ ਸੈ ਚਉਰਾਨਵਾਂ॥ਸੰਮਤੁ ੧੮੯੪.

ਹੱਥ ਲਿਖਤ ਨੰ : MS 297

ਸਿਰਲੇਖ : ਪਰਚੀ ਗੋਬਿੰਦ ਸਿੰਘ ਜੀ ਕੀ

ਪੱਤਰੇ : 1 ੳ-139 ੳ

ਆਕਾਰ : 12X17 ਸ.ਮ. ਲਿਖਤ: 8X12 ਸ.ਮ.

ਵੇਰਵਾ :ਜਿਲਦ ਗੱਤਾ ਚਮੜਾ ਉਪਰ ਕਪੜਾ ਚੜਿਆ ਹੋਇਆ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾਂ-9

ਆਮ ਵੇਰਵਾ :1-60 ਪੱਤਰੇ ਤਕ ਲਿਖਾਈ ਸੁੰਦਰ, ਅਗੋਂ ਹੋਰ ਕਾਨੀ ਨਾਲ ਲਿਖਿਆ ਹੋਇਆ, ਲਿਖਾਈ ਆਮ ਪਰ ਪੜ੍ਹਨਯੋਗ, ਆਰੰਭ ਵਿਚ ਛੇ ਅਤੇ ਅੰਤ ਵਿਚ ਸੱਤ ਪੱਤਰੇ ਬਿਨ੍ਹਾਂ ਹਾਸ਼ੀਆ ਦੇ ਖਾਲੀ।

ਅਰੰਭ :੧ੴ ਸਤਿਗੁਰ ਪ੍ਰਸਾਦਿ॥ਅਥ ਪਰਚੀ ਗੋਬਿੰਦ ਸਿੰਘ ਜੀ ਕੀ॥ਪਾਤਸਾਹੀ ੧●॥ਪ੍ਰਥਮੇ ਦਸਾ ਮਹਲਾ ਕੇ ਨਾਮ ਲਿਖੇ॥ਫੇਰਿ ਦਸਾ ਮਹਲਾ ਕੀ ਉਸਤਤਿ ਕੇ ਸਲੋਕ ਲਿਖੇ॥ਫੇਰ ਦਸਾ ਮਹਲਾ ਕੀਆ ਸਾਖੀਆ ਲਿਖੀਆ॥੧॥...

ਅੰਤ : ...ਉਸ ਅਸਥਾਨ ਕੋ ਦੇਖ ਕਰ ਸ੍ਰੀ ਗੁਰੂ ਜੀ ਚਿਤ ਆਵਦਾ ਹੈ॥ਅਰੁ ਜੋ ਜੀ ਊਹਾ ਜਾਤਾ ਹੈ॥ਸੋ ਸਰਬ ਪ੍ਰਕਾਰ ਕਰ ਪ੍ਰਸੰਨ ਤਾ ਕੋ ਪਾਵਤਾ ਹੈ॥ਇਤ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪ੍ਰਚੀ ਸਮੇਤ ਸਾਖੀਆਂ ਪੰਜਾਹਿ ਸੰਪੂਰਣ ਹੋਈਆਂ॥ਪ●॥

ਹੱਥ ਲਿਖਤ ਨੰ : MS 298

ਸਿਰਲੇਖ : ਸਾਖੀ ਮੱਕੇ ਮਦੀਨੇ ਕੀ

ਪੱਤਰੇ : 1-252

ਆਕਾਰ : 13 X 16 ਸ.ਮ. ਲਿਖਤ: 8X12 ਸ.ਮ.

ਵੇਰਵਾ :ਜਿਲਦ ਗੱਤਾ ਕਪੜਾ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ, ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾਂ-10

ਆਮ ਵੇਰਵਾ :ਪੋਥੀ ਦੀ ਹਾਲਤ ਖਸਤਾ, ਕਿਰਮ-ਖੁਰਦਾ, ਆਰੰਭ ਵਿਚ ਸੱਤ ਅਤੇ ਅੰਤ ਵਿਚ 9 ਬਿਨ੍ਹਾਂ ਹਾਸ਼ੀਆ ਦੇ ਪੱਤਰੇ ਖਾਲੀ, ਪਹਿਲੇ ਪੰਨੇ ਤੇ ਚਾਰੋ ਪਾਸੇ ਹਾਸ਼ੀਆ 165 ਅ ਅਤੇ 252 ਅ ਡਿਜ਼ਾਈਨਾ ਨਾਲ ਸਜਾਇਆ ਹੋਇਆ ਹੈ।

ਅਰੰਭ :੧ੴ ਸ੍ਰੀ ਸਤ ਗੁਰੁ ਪ੍ਰਸਾਦਿ॥ਸਾਖੀ ਮੱਕੇ ਕੀ ਸਾਹ ਸਰਫ ਨਾਲਿ॥ਤਥਾ ਰੁਕਨਦੀਨ ਨਾਲਿ ਮਕੇ ਮਦੀਨੇ ਦੇ ਰਾਹਿ ਵਿਚ ਹੋਈ॥ਰਾਗੁ ਤਿਲੰਗ ਮਹਲਾ ੧੧ ॥ਬਾਬਾ ਨਾਨਕ ਤਮਾਮ ਆਲਮ ਤਾਰਿਨੇ ਨਮਿਤ ਭੇਖ ਉਦਾਸੀ ਦਾ ਧਾਰ ਕਰਿ ਸਭਿ ਧਰਤੀ ਕਾ ਸੈਲ ਕੀਤਾ॥...

ਅੰਤ : ...ਮੂਸਾ ਭੰਨਾ ਮਉਤ ਥੋ ਢੂਢੇ ਕਾਈ ਗਲੀਹ॥ਚਾਰੋ ਕੂੰਠਾ ਢੂਢੀਆ ਸਰ ਤੇ ਮੌਤ ਖਲੀ॥ਫਰੀ ਸਿਰਿ ਇਨਾ ਦੇ ਵਿਹਾਣੀਆ ਅਸਾ ਦੀ ਕੀ ਚਲੀ ॥ ੬੭ ॥ਗੋਸਟਿ ਮਕੇ ਮਦੀਨੇ ਦੀ ਪੂਰੀ ਹੋਈ॥ਪੂਰੀ ਗੁਰੂ ਕਰੀ ਧਨ ਗੁਰੂ ਸਤਿਗੁਰੂ ਵਾਹੁਗੁਰੂ।

ਹੱਥ ਲਿਖਤ ਨੰ : MS 299 ਸੰਗ੍ਰਹਿ

ਸਿਰਲੇਖ : ਆਰਤੀ ਸ੍ਰੀ ਜਗਨ ਨਾਥ

ਪੱਤਰੇ : 4 ਅ-6 ਅ

ਆਕਾਰ : 7X11 ਸ.ਮ. ਲਿਖਤ: 5X7 ਸ.ਮ.

ਵੇਰਵਾ :ਜਿਲਦ ਗੱਤਾ ਬਾਅਦ ਵਿਚ ਬੰਨ੍ਹੀ ਹੋਈ, ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ, 4 ਤੋਂ 10 ਪੱਤਰੇ ਤੱਕ, 11 ਤੋਂ 17 ਤੱਕ ਇਕ ਲਕੀਰ ਦਾ ਹਾਸ਼ੀਆ, ਅਗੋਂ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ, ਸਤਰਾਂ ਪ੍ਰਤੀ ਪੰਨਾਂ-7

ਆਮ ਵੇਰਵਾ :ਪੋਥੀ ਦੀ ਹਾਲਤ ਖਸਤਾ, ਕਿਤੇ ਕਿਤੇ ਕਿਰਮ-ਖੁਰਦਾ, 17 ਅ, 38 ਅ ਖਾਲੀ ਹਨ।

ਅਰੰਭ :ੴ ਆਰਤੀ ਸ੍ਰੀ ਜਗੰਨਾਥ ਮੰਗਲਾ ਕਰੀ॥ਪਰਸਤ ਚਰਣਾਰਬਿੰਦ ਆਪਦਾ ਹਰੀ॥੧॥ਰਹਾਉ॥ ਘਨਨ-ਘਨਨ ਘੰਟਾ ਬਾਜੈ ਬੇਨ ਬਾਸੁਰੀ॥ਬਾਚਤ ਮ੍ਰਿਦੰਗ ਤਾਲ ਨਾਦ ਖੰਜਰੀ।॥੨॥...

ਅੰਤ : ...ਰਾਜਾ ਜੁਧਸਟਰ ਕਰਤ ਉਸਤਤ ਸ੍ਰੀ ਬਦ੍ਰੀ ਨਾਥ ਬਿਸੰਭਰੰਸੀ ਸ੍ਰੀ ਬਦ੍ਰੀ ਨਾਥ ਜੀ ਕੇ ਪੰਚ ਰਤਨ ਪੜਤ ਪਾਪ ਬਿਨਾਸਤੰ॥ਕੋਟ ਤੀਰਥ ਭਏ ਪੁੰਨਿ ਪ੍ਰਾਪਤੇ ਫਲ ਦਾਇਕੰ॥

ਹੱਥ ਲਿਖਤ ਨੰ : MS 299 ਅ

ਸਿਰਲੇਖ : ਬਾਰਾ ਮਾਹ

ਪੱਤਰੇ : 6 ਅ-17 ਓ

ਆਕਾਰ : 7X11 ਸ.ਮ. ਲਿਖਤ: 5X7 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ :ਤੁਖਾਰੀ ਮਹਲਾ ਛੰਤ॥ਬਾਰਾਮਾਹਾ॥ :ੴ ਸਤਿਗੁਰ ਪ੍ਰਸਾਦਿ॥ਤੂ ਸੁਣਿ ਕਿਰਤ ਕਰੰਮ ਪੁਰਬਿ ਕਮਾਇਆ॥ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹੁਰਿ ਬਿਨੁ ਘੜੀ ਨ ਜੀਵਾ॥ਪ੍ਰਿਅ ਬਾਝ ਦੁਹੇਲੀ ਕੋਇ ਨ ਬੇਲੀ ਗੁਰ ਮੁਖਿ ਅੰਮ੍ਰਿਤ ਪੀਵਾ॥ ...

ਅੰਤ : ...ਘਰਿ ਸੇਜ ਸੁਹਾਵੀ ਜਾ ਪਿਰ ਰਾਵੀ ਗੁਰਮੁਖਿ ਮਸਤਕਿ ਭਾਗੋ॥ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥੧॥

ਹੱਥ ਲਿਖਤ ਨੰ : MS 299 ਏ

ਸਿਰਲੇਖ : ਤੀਰਥ ਉਸਤਤ (ਉਸਤਤ ਸ੍ਰੀ ਹਰਿਮੰਦਰ ਸਾਹਿਬ ਜੀ)

ਲੇਖਕ : ਸੋਂਧਾ, ਕਵੀ

ਪੱਤਰੇ : 1 ਓ-16 ਅ

ਆਕਾਰ : 7 X 11 ਸ.ਮ. ਲਿਖਤ: 5X7 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੴ ਸਤਿਗੁਰ ਪ੍ਰਸਾਦਿ॥ਅਥ ਤੀਰਥ ਉਸਤਤ॥ਦੋ।ਛੰਦ॥ਤੀਨ ਲੋਕ ਮੈ ਤਾਲ ਨ ਐਸਾ ਜੈਸਾ ਦੇਖਿਆ ਅੰਮ੍ਰਿਤਸਰ॥ਤਾਲ ਮਧ ਹਰਿਮੰਦਰੁ ਨੀਕਾ ਮਾਨਹੁ ਸ੍ਰੀ ਰਾਮ ਕਾ ਘਰੁ॥ਮੋਤੀ ਚੂਨੀ ਹੀਰਾ ਪੰਨਾ ਤਾ ਮਹ ਲਾਗੀ ਹੈ ਬਹੁ ਜਰ॥...

ਅੰਤ : ...ਦੋਹਰਾ॥ਉਸਤਤਿ ਜੋ ਗੁਰਦੁਆਰ ਕੀ ਸੋਂਧੇ ਕਹੀ ਬਨਾਇ॥ਸੁਨ ਕਰ ਆਦਰ ਕੀਜੀਐ ਸਤਿਗੁਰ ਹੋਇ ਸਹਾਇ॥

ਹੱਥ ਲਿਖਤ ਨੰ : MS 299 ਸ

ਸਿਰਲੇਖ : ਉਸਤਤ ਬਾਬੇ ਨਾਨਕ ਜੀ ਕੀ

ਲੇਖਕ : ਸੋਂਧਾ, ਕਵੀ

ਸਥਾਨ : ਕਾਲੇ ਗ੍ਰਾਮ (ਅੰਮ੍ਰਿਤਸਰ)

ਪੱਤਰੇ : 16 ਅ-23 ਅ

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਛੰਦ ਰਤਨਾਵਲੀ ਲਿਖਯਤੇ ॥ ਦੋਹਰਾ॥ ਗੁਰ ਗਨਪਤਿ ਗੋਬਿੰਦ ਕੋ ਨਾਖ ਸੀਸ ਹਰ ਰਾਮ॥ ਪਿੰਗਲ ਮਤ ਭਾਖਾ ਬਿਖੈ ਰਚਤ ਰੁਚਰ ਪਰਕਾਮ॥੧॥...
ਅੰਤ : ...ਗ੍ਰੰਥ ਛੰਦ ਰਤਨਾਵਲੀ ਸਾਰਥ ਯਾ ਕੋ ਨਾਮ॥ ਭੂਖਨ ਭਰਤੀ ਤੈਂ ਭਯੋ ਕਹੈ ਦਾਸ ਹਰਿ ਰਾਮ॥੧●੯॥ ਸੰਬਤ ਸਰ ਨਵ ਮੁਨਿ ਸਸੀ ਨਭ ਨਵ ਨਵਮੀ ਗੁਰੁ ਮਾਨਿ॥ ਡਿਡਵਾਨ ਦ੍ਰਿਢ ਕੂਪ ਤਹਿ ਗ੍ਰੰਥ ਜਨਮ ਬਲ ਜਾਨਿ॥੧੧●॥ ਇਤਿ ਸ੍ਰੀ ਹਰਿ ਰਾਮ ਦਾਸ ਨਿਰੰਜਨੀ ਕ੍ਰਿਤਾ ਛੰਦ ਰਤਨਾਵਲੀ ਸਪੂਰਣੰ॥

ਹੱਥ ਲਿਖਤ ਨੰ : MS 26 ਹ
ਸਿਰਲੇਖ : ਪਿੰਗਲ ਸਾਰ
ਲੇਖਕ : ਸਸਿਜਿ ਮ੍ਰਿਗਿੰਦ, [ਬੁਧ ਸਿੰਘ]
ਪੱਤਰੇ : 58 ਓ – 60 ਅ
ਆਕਾਰ : 10X13.5 ਸ.ਮ. ਲਿਖਤ: 7X9 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਅਗਲੀ ਕ੍ਰਿਤ ਸ਼ੁਰੂ ਕਰਨ ਤੋਂ ਪਹਿਲਾਂ ਦੋ ਪੱਤਰੇ ਖਾਲੀ ਛੱਡੇ ਹਨ। ਦੂਜੇ ਪੱਤਰੇ ਤੇ ਡਾ. ਪਿਆਰ ਸਿੰਘ ਨੇ ਲਿਖਿਆ ਹੈ ‘‘ਅਗੇ ਮਾਨ ਮੰਜਰੀ ਨਾਮ ਮਾਲਾ ਦੇ ਰੱਦ ਕੀਤੇ ਹੋਏ ਪੱਤਰੇ ਹਨ। ਅਗਲੇ ਦੋ ਪੱਤਰਿਅਆਂ ਤੇ ਅਧੂਰੀ ਜਿਹੀ ਲਿਖਤ ਹੈ। ਅੰਤ ਵਿਚ 7 ਹਾਸ਼ੀਏ ਵਾਲੇ ਖਾਲੀ ਪੱਤਰੇ ਹਨ॥
ਆਰੰਭ : ੧ਓ ਸ੍ਰੀ ਭਗਵਤੀ ਜੂ ਸਹਾਇ॥ ਅਥ ਪਿੰਗਲ ਸਾਰ ਲਿਖਤੇ॥ ਸਸਿਜਿ ਮ੍ਰਿਗਿੰਦ ਕ੍ਰਿਤ॥ਦੋਹਰਾ॥ ਮਾਤ ਪਿਛੌਰੀ ਅੰਕੁਰਾ ਕੇਵਲ ਵਰਨੁ ਜੁ ਜਾਨ॥ ਏਤੀ ਨੋ ਲਘੁ ਕਹਿਤ ਕਵਿ ਅਵਰ ਸਕਲ ਗੁਰ ਮਾਨ॥੧॥...
ਅੰਤ : ਜਗਨ ਕੀ ਬਰਛੀ ਅਜਬ ਨੋਕਦਾਰ ਬਨੀ ਸਗਨ ਕੋ ਸਰਸੋ ਨਿਕਸ ਜਾਤ ਪਾਰ ਹੈ॥ ਤਗਨ ਕੀ ਤੜਤਾਤ ਮੋ ਗੁਨਸੀ ਤਮਕ ਤੇਗ ਗਗਨ ਰੁਝਾਊ ਲੁੱਥ ਜੁੱਥ ਕਟਾਰ ਹੈ॥ ਅਗਨ ਦਦੱਛਰ ਚਲਾਈ

ਅਤਿ ਜਾਕੋ ਐਸੇ ਜਾਤ ਜਮ ਲੋਕ ਸੋ ਸਮੇਤ ਪਰਵਾਰ ਹੈ॥ ਕਹੈ ਕਬਿ ਦੀਨ ਮਾਨੋ ਮੀਨ ਕੋ ਸਨੀਚਰ ਏਸੇਸ ਕੇ ਉਦੇਸ ਬੇਸ ਐਸੇ ਹਥਿਆਰ ਹੈ॥੮॥=॥=॥

ਹੱਥ ਲਿਖਤ ਨੰ : MS 27 ਸੰਗ੍ਰਹਿ
ਸਿਰਲੇਖ : ਬਾਰਾਮਾਂਹ ਹਕੂਮਤ (ਬਾਰਾਮਾਹਾ)
ਲੇਖਕ : ਹਕੂਮਤ
ਪੱਤਰੇ : 41 – 62 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਜਿਲਦ ਗੱਤਾ, ਕਿਧਰੇ ਕਿਧਰੇ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ । ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾ। ਸਤਰਾਂ ਪ੍ਰਤੀ ਪੰਨਾਂ 7 ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ॥
ਆਮ ਵੇਰਵਾ : ਅੰਕ ਨੰਬਰ ਤੇ ਵੀ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ॥ ਪੱਤਰੇ ਕਿਧਰੇ ਕਿਧਰੇ ਭੁਰੇ ਹੋਏ ਅਤੇ ਕਿਰਮ ਖੁਰਦਾ ਹਨ। ਲਿਖਾਈ ਸੁੰਦਰ ਹੈ॥ ਗ੍ਰੰਥ ਦੀ ਹਾਲਤ ਆਮ ਕਰਕੇ ਠੀਕ । ਗ੍ਰੰਥ 40 ਪੰਨਾ ਨੰਬਰ ਤੋਂ ਸ਼ੁਰੂ ਹੁੰਦਾ ਹੈ॥
ਆਰੰਭ : ਰਬ ਦੀ ਦਰਗਾਹ॥ ਜੇ ਕਰਿ ਸੁਣੀਐ ਮੇਰੀ ਭਾਹ॥ ਇਸ ਕਾਬਲ ਨੂੰ ਲਾਵਾਂ ਭਾਹ॥ ਆਵਣ ਜਾਣਾ ਕਰਾ ਮਣਾਹ॥ ਸੇਜਾ ਮਾਣਨ ਵੇ-ਪਰਵਾਹ॥ ਗਲ ਲਗ ਯਾਰ ਕੇ॥੩॥...
ਅੰਤ : ...ਰਲਿ ਮਿਲ ਅਖੀਆਂ ਸੇਜ ਵਛਾਈ ॥ ਹਮ ਸਾਏ ਸਭ ਦੇਨ ਵਧਾਈ॥ ਮੰਗਲ ਗਾਵੈ ਸਭ ਲੁਕਾਈ॥ ਕਹਿ ਕੇ ਰਾਮ ਸੇਜ ਪਰ ਆਈ॥ ਪਕੜਿ ਸਿਤਾਬੀ ਸੀਨੇ ਲਾਈ ॥ ਏਕ ਪਲਕ ਮੋ ਨਉ ਨਿਧ ਪਾਈ॥ ਰਲਿ ਕੇ ਸਈਆਂ ਮੰਗਲ ਗਾਈ ॥ ਰਬ ਨੇ ਮੇਰੀ ਆਸ ਪੁਜਾਈ॥ ਮੈ ਗਲੇ ਲਗਾਵਦਾ ॥੪ ॥ ਹਕੂਮਤ ਕਾ ਬਾਰਾਮਾਹਾ ਸਮਾਪਤੰ॥

ਹੱਥ ਲਿਖਤ ਨੰ : MS 27 ਅ
ਸਿਰਲੇਖ : ਬਾਰਾਮਾਂਹ
ਲੇਖਕ : ਕੇਸੋਦਾਸ
ਪੱਤਰੇ : 63 ੳ – 82 ੳ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਬਾਰਾਮਾਂਹਾਂ ਕੇਸੋਦਾਸ ਜੀ ਕਾ ਲਖਿਜਤੇ॥ ਦੋਹਰਾ॥ ਚੇਤ੍ਰ ਚੜਿਓ ਸਾਮ ਜੀ ਰਾਧੇ ਭਈ ਬਿਹਾਲ॥ ਹਾਥ ਜੋਰ ਬੇਨਤੀ ਕਰੈ ਕਿਉ ਜਾਂਦੇ ਨੰਦ ਲਾਲ॥ ਛੰਦ॥ ਕਿਸਨ ਜੀ ਚੜਦੇ ਚੇਤ੍ਰ ਚੜੇ॥ ਕਿ ਰਾਧੇ ਵਾਗ ਕ੍ਰਿਸਨ ਦੀ ਫੜੇ॥ ਕਿ ਬਿਦ੍ਰਾ ਬਨਿ ਤੁਰਦੇ ਛੜੇ॥ ਕਿ ਕਿਤਨੇ ਗਵਾਲ ਗੋਪੀਆਂ ਲੜੇ॥ ਕਿ ਸਿਰਪਰ ਬਿਰਹੁ ਨਿਗਾਰੇ ਕੜੇ॥ ਕਿ ਤੈਨੂ ਕੇਹੜੀ ਗੋਪੀ ਲੜੇ ॥ ਦਸ ਖਾਂ ਲਾਲ ਜੀ॥੧॥
ਅੰਤ : ਫੁਲ ਹਰਿ ਸੁਨ ਹਰ ਕਿਉ ਵੇ ਦੇਸੋ॥ ਅਜ ਦਿਨ ਆਇਆ ਮੈਨੂੰ ਭਾਗੀ ਭਰਿਆ॥ ਸਾਨੁ ਚੰਦ ਸੁਖ ਦਾ ਚੜ੍ਹਿਆ॥ ਮਹਿਲੀ ਆਇ ਕ੍ਰਿਸਨ ਜੀ ਵੜਿਆ ॥ ਰਾਧੇ ਪਕੜਿ ਕਲਾਵੇ ਕਰਿਆ॥ ਚਾਰੇ ਨੈਨ ਗਡਾਵਡ ਅੜਿਆ॥ ਰਾਧੇ ਕ੍ਰਿਸਨ ਵਿਚੋਂ ਹਰਿਆ॥ ੪॥ ੧੨॥ ਦੋਹਰਾ॥ ਸੁਖ ਸੁਤੀ ਰਾਧੇ ਰੁਕਮਨੀ॥ ਘਰਿ ਆਇਆ ਕਿਸਨ ਗੁਪਾਲਿ ॥ ਬਾਰਾਮਾਂਹ ਸੰਪੂਰਣੰ ਮਿਟਿ ਗਯੋ ਸਰਬ ਜੰਜਾਲ॥ ੧॥ ਇਤ ਬਾਰਾਮਾਹਾ ਕੇਸੋਦਾਸ ਜੀ ਕਾ ਸੰਪੂਰਣੰ॥

ਹੱਥ ਲਿਖਤ ਨੰ : MS 27 ਏ
ਸਿਰਲੇਖ : ਬਾਰਾਂਮਾਹ
ਲੇਖਕ : ਖੇਰੇਸ਼ਾਹ
ਪੱਤਰੇ : 83 ੳ – 108 ੳ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਥੇ ਆ ਕੇ ਲਖਾਈ ਪੋਥੀ 'ਓ' ਵਾਲੀ ਪੋਥੀ ਨਾਲੋਂ ਬਦਲ ਗਈ ਹੈ, ਕਿਸੇ ਹੋਰ ਹੱਥ ਦੀ ਹੋ ਗਈ ਹੈ । ਸਿਆਹੀ ਵੀ ਮੱਧਮ ਹੈ। ਹਾਸ਼ੀਆ ਵੀ ਦੋ ਤੋਂ ਤਿੰਨ ਲਾਈਨਾਂ ਦਾ ਹੋ ਗਿਆ ਹੈ। ਦੋ ਲਾਲ ਲਾਈਨਾਂ ਵਿਚਲੀ ਇਕ ਕਾਲੀ ਲਾਈਨ ਹੈ॥ ਪੱਤਰੇ ਦੇ ਥੱਲੇ ਭਾਵ 6 ਸ.ਮ. ਛੱਡ ਕੇ ਦੋ ਲਾਈਨਾਂ ਕਿਤੇ ਲਾਲ ਤੇ ਕਿਤੇ ਕਾਲੀਆਂ ਲਗਾਈਆਂ ਗਈਆਂ ਹਨ ਜਿਨ੍ਹਾਂ ਉਤੇ ਲਿਖਤ ਕਰ ਦਿੱਤੀ ਗਈ ਹੈ॥ਇੰਜ ਪ੍ਰਤੀਤ ਹੁੰਦਾ ਹੈ ਕਿ ਕਿਸੇ ਵੱਡੀ ਪੋਥੀ ਲਈ ਤਿਆਰ ਕੀਤਾ ਕਾਗਜ਼ ਇੱਥੇ ਵਰਤ ਲਿਆ ਗਿਆ ਹੈ। ਇਸ ਲਿਖਤ ਦੇ ਆਖਰੀ ਪੱਤ੍ਰਿਆਂ ਤੇ ਕਲਮ ਮੋਟੀ ਹੋ ਗਈ ਹੈ ਹਰੇ ਕ ਪੱਤਰੇ ਤੇ 7 ਪੰਗਤੀਆਂ ਹਨ॥
ਆਰੰਭ : ੧ੴ ਬਾਰਾਮਾਹ ਖੇਰੇ ਸਾਹ ਕਾ ਲਿਖਯਤੇ॥ ਦੋਹਰਾ॥ ਅਸਾਢ ਸਮੇਂ ਬਿਨਤੀ ਕਰੈ ਖੇਰਾ ਸਾਹਿ ਅਧੀਨ॥ ਤੁਮ ਬਿਨ ਬਯਾਕਾਲ ਨੈਨਿ ਹੈ ਜੈਸੇ ਜਲੁ ਬਿਨ ਮੀਨ॥੧॥ਰੇਖਤਾ ਛੰਦ ॥ ਅਸਾਢ ਮੇ ਸੋਵੈ ਪਰੀ ਸਭ ਖਾਬ ਦੇਖੈ ਕਾਂਮਨੀ ਅੰਬਰ ਲਵੈ ਬਿਜਲੀ ਖਿਵੈ ਦੁਖ ਦੇਹਿ ਦੁਨਾ ਦਾਮਨੀ॥...
ਅੰਤ : ...ਦੋਹਰਾ॥ ਕਹੈ ਖੇਰਾ ਇਹ ਬੇਨਤੀ ਸੁਨਿ ਨੇਹੁ ਬਾਰਹਿ ਮਾਸ॥ ਆਸ ਦ੍ਰਸਨ ਲਾਗ ਰਹੈ ਜਬ ਲਗ ਘਟ ਮਹਿ ਸਾਸ॥ ਖੈਰ ਕਾ ਬਾਰਾਮਾਹਾਂ ਸਪੂਰਣੰ॥੧॥

ਹੱਥ ਲਿਖਤ ਨੰ : MS 27 ਸ
ਸਿਰਲੇਖ : ਬਾਰਾਂਮਾਹ ਹੀਰ ਕਾ
ਲੇਖਕ : ਸੁੱਖਾ ਸਿੰਘ
ਪੱਤਰੇ : 108 ੳ – 130 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਬਾਰਾਮਾਹਾਂ ਹੀਰ ਕਾ ਲਿਖਯਤੇ ਕਬਿ ਸੁਖਾ ਸਿੰਘ॥ਦੋਹਰਾ॥ ਚੇਤ ਮਾਸ ਆਇਓ ਚੂਚਕ ਦੀਓ ਬਿਵਾਹਿ॥ ਹੀਰ ਪੀਰ ਤਨ ਬ੍ਰਿਹੁ ਕੀ ਖੇੜੇ ਮਨਹਿ ਉਚਾਰਿ॥੧॥ਛੰਦ॥ ਜੀ ਜਬ ਚੇਤ ਮਹੀਨਾ ਆਇਆ ॥ ਬਾਬਲ ਚੂਚਕ ਕਾਜ ਰਚਾਇਆ॥ ਖੇੜਾ ਜੰਵ ਬਣਾਇ ਲਿਆਇਆ ॥ ਸਾਕੰ ਡੋਲੀ ਚਾਇ ਸੁਪਾਇਆ ਇਸ਼ਕੇ ਸੀਨਾ ਆਣ ਤਪਾਇਆ॥ ਬਿਰਹੋ ਕਢਿ ਛੁਰੀ ਹੁਣ ਧਾਇਆ ਮੇਰੇ ਮਾਰਣੇ॥...
ਅੰਤ : ਦੋਹਰਾ ॥ ਲੀਨਾ ਪਲਘ ਵਿਛਾਇ ਖੁਸੀਆਂ ਮਾਣਨ ਆਪ ਸੋ ਹੀਰ ਪੀੜ ਤਨ ਜਾਇ ਸੁਖ ਆਇਆ ਜੀਅ ਰਾਮ ਸੋ॥ ਅਬ ਬਾਰਾਮਾਹਾਂ ਹੀਰ ਕਾ ਸਪੂਰਣੰ ਕ੍ਰਿਤ ਸੁਖਾ ਸਿੰਘ॥੧॥

ਹੱਥ ਲਿਖਤ ਨੰ : MS 27 ਹ
ਸਿਰਲੇਖ : ਬਾਰਾਂ ਮਾਹ (ਭਾਈ ਬੁੱਧ ਸਿੰਘ)
ਲੇਖਕ : ਭਾਈ ਬੁੱਧ ਸਿੰਘ
ਪੱਤਰੇ : 131 – 150
ਆਕਾਰ : 9X12 ਸ.ਮ. ਲਿਖਤ: 5X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੋਥੀ ਸ਼ੁਰੂ ਕਰਨ ਤੋਂ ਪਹਿਲਾਂ 3 ਸਤਰਾਂ ਲਿਖ ਕੇ ਕਟੀਆਂ ਹੋਈਆਂ ਹਨ॥

ਆਰੰਭ : ੧ੴ ਬਾਰਾਮਾਹਾਂ ਭਾਈ ਬੁੱਧ ਸਿੰਘ ਜੀ ਕਾ ਲਿਖਯਤੇ ॥ ਰਬਾ ਚੜਿਆ ਚੇਤ ਮਹੀਨਾ ਇਸਕੇ ਜੋਰ ਤਪਾਇਆ ਸੀਨਾ ਮੈਡਾ ਦਿਲ ਮਾਹੀ ਨੇ ਲੀਨਾ ਖੇੜਾ ਹੁੰਦਾ ਕੌਣ ਕਮੀਨਾ ਮੌਲਾ ਮੇਲੀ ਯਾਰ ਨਗੀਨਾ ਮੈਂ ਤਾ ਹੋਈਆ ਬਹੁਤ ਅਧੀਨਾ ਬਾਝੋ ਯਾਰ ਦੇ॥...

ਅੰਤ : ...ਬੁੱਧ ਸਿੰਘ ਹੀਰ ਸੁ ਹੀਰਾ ਪਾਇਆ ਬਿਰਹੋ ਦਾਰਦ ਦੁਖ ਵੰਞਾਇਆ ਮੋਲੇ ਮੁਲਖ ਸੁ ਸੁਖਿ ਵਸਾਇਆ ਸੀਨੇ ਸਚੁ ਸਲੇਟੀ ਆਇਆ ਹੰਭੇ ਹਾਰ ਸੀਗਾਰ ਸੁਹਾਇਆ ਦੂਜਾ ਭਾਉ ਕੁਦਾਉ ਮਿਟਾਇਆ ਸੁਲਖਣੀ ਇਹੁ ਘੜੀ॥੧੨੧॥੧॥

ਹੱਥ ਲਿਖਤ ਨੰ : MS 27 ਕ

ਸਿਰਲੇਖ : ਅਬਗਤ ਹੁਲਾਸ ਕੇ ਛਪਯ ਦੋਹਰੇ

ਲੇਖਕ : ਦਿਆਲ

ਪੱਤਰੇ : 151 – 163 ਅ

ਆਕਾਰ : 9X12 ਸ.ਮ. ਲਿਖਤ: 5X8 ਸ.ਮ.

ਵੇਰਵਾ : ਹਾਸ਼ੀਆਂ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਸਤਰਾਂ ਪ੍ਰਤੀ ਪੰਨਾਂ 8 ॥

ਆਮ ਵੇਰਵਾ : ਅੰਕ ਨੰਬਰ ਤੇ ਵੀ ਹੜਤਾਲ ਫੇਰੀ ਹੋਈ ਹੈ। 11 ਨੰਬਰ ਛੰਦ ਤੱਕ ਕਬਿੱਤ ਅਤੇ 12 ਤੋਂ ਬਾਅਦ ਸਵਯਾ ਛੰਦ ਦਾ ਪ੍ਰਯੋਗ ਕੀਤਾ ਹੈ। 21 ਤੋਂ ਬਾਅਦ ਫੇਰ ਕਬਿੱਤ ਦਾ ਪ੍ਰਯੋਗ ਕੀਤਾ ਹੈ । ਪੱਤਰਾ ਨੰਬਰ 163 ਦੀ ਕਾਨੀ ਅਤੇ ਸਿਆਹੀ ਦੋਵੇਂ ਬਦਲੇ ਹੋਏ ਹਨ।

ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਅਬਗਤ ਹੁਲਾਸ ਕੇ ਛਪਯ ਦੋਹਰੇ ਲਿਖਯਤੇ॥ ਦੋਹਰਾ॥ ਨੀਲ ਬਰਨ ਤਨ ਦੁਤਲ ਸਤਮੁੱਖ ਕਬਾਹ ਨ ਜਾਸ॥ ਕੰਰ ਕੁਠਾਰ ਸੁਭ ਕਾਰ ਨਿਤੁ ਜੈ ਜੈ ਬਿਘਨੁ ਬਿਨਾਸ ॥੧॥ਛਪੈਯ॥ ਸਿਵ ਸੁਤ ਚਰਨ ਵਸੇਖ ਕਮਲ ਮਾਲਾ ਕ੍ਰਿਤ ਬਾਧਤ ॥ ਬੰਦਨਾ ਸੁਰ ਨਰ ਸਿਧ ਸਾਧ ਜਸ ਮਾਥ ਅਗਾਧਤ ॥ ਕਦਲੀ ਮੂਲ ਅਨਕੂਲ ਜੰਘ ਰਾਜ ਤਰੈ ਜਿਹ॥ ਲੰਬੋ ਦਰ ਨਿਧ ਵਾਸ ਜਾਨ ਆਜਾਨੇ ਬਾਹੁ ਤਿਹੁ॥...

ਅੰਤ : ...॥੨੩॥ ਚੰਡਕਾ ਸੁ ਦੇਵੀ ਉਚੇ ਗਿਰ ਪਰ ਸੁਜਾਨੋ ਤੁਮ ਤਲੇ ਜਲ ਧਾਰਾ ਦੋਇ ਬੇੜੀ ਬੂਡ ਗਈ ਹੈ॥ ਪਾਂਚ ਸੈ ਮਨੁਖ ਬਡਾ ਗਯੋ ਬੇੜੀ ਦੋਇ ਬੀਚ॥ ਯਾ ਮੈਂ ਝੂਠ ਨਾਹਿ ਬਾਤ ਸਾਚ ਸਭੈ ਕਹੀ ਹੈ॥ ਵਿਸਾਖੀ ਕੁੰਭ ਮੇਲੇ ਜਿਸ ਰੋਜ ਹਰਿਦਵਾਰ ਭਯੋ ਚਾਰ ਘੜੀ ਰਾਤ ਰਹੇ ਮੌਤ ਬਡੀ ਭਈ ਹੈ॥ ਸਾਢੈ ਆਠ ਸੈ ਮਨੁਖ ਮਰਿਓ ਹਰਿਦਵਾਰ ਬੀਚ ਘੜੀ ਏਕ ਦੋਇ ਧਾਰ ਕਾਲ ਹੂੰ ਕੀ ਵਹੀ ਹੈ॥੨੪॥

ਹੱਥ ਲਿਖਤ ਨੰ : MS 27 ਖ

ਸਿਰਲੇਖ : ਬੈਤ (ਫੁਟਕਲ)

ਪੱਤਰੇ : 163 ਅ – 166 ਓ

ਆਕਾਰ : 9X12 ਸ.ਮ. ਲਿਖਤ: 5X8 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਤਿੰਨ ਪੱਤਰਿਆਂ ਤੇ ਛੇ ਬੰਦ ਦਿੱਤੇ ਹਨ॥

ਆਰੰਭ : ਬੈਂਤ ਜੂਏ ਦਾ॥ ਜੋਇ ਜੁਆਰੀਏ ਜੂਏ ਨੂ ਖੇਡਦੇ ਨੀ ਰੁਪਏ ਕੌਡੀਆਂ ਟਕੇ ਲਿਆਵਦੇ ਨੀ॥ ਜਦੋ ਨਕੀ ਪੂਰਤ੍ਰਿ ਚੋਕ ਦਾਉ ਲਾਵਨ ਮਾਲ ਜਿਤਕੇ ਤਾਉ ਲਗਾਦੇ ਨੀ॥ ਜਦੋ ਹਾਰ ਆਵੈ ਚਪ ਖਾਇ ਕੇ ਸਿਰ ਦੀ ਪਗੜੀ ਦਾਉ ਲਗਾਵਦੇ ਨੀ॥ ਕਰਜ ਚੜੇ ਸਿਰ ਤੇ ਗੁਸਾ ਖਾਇ ਕੇ ਜੀ ਬਡੇ ਘੁਲਨ ਤੇ ਡੰਡ ਮਚਾਉਦੇ ਨੀ॥੧॥...

ਅੰਤ : …ਬੈਂਤ ਮਾਝੋ ਕਾ॥ ਚਾਲ ਮਾਝੇ ਦੇ ਸਹਿਰਾਂ ਦੀ ਅਜਬ ਡਿਠੀ॥ ਉਚਕੇ ਠਗਾਂ ਵਾਂਗੂ ਠਗ ਜਾਂਵਦੇ ਨੀ॥ਰਾਤੀ ਚੋਰ ਬਣਕੇ ਝੁਗੇ ਭੰਨਦੇ ਨੀ॥ ਦਿਨੇ ਧਾੜਵੀ ਲੁਟ ਮਚਾਵਦੇ ਨੀ॥ ਕੋਈ ਆਵੇ ਮੁਸਾਫਰ ਚਲ ਕੇ ਜੀ॥ ਧਤੂਰਾ ਦੇ ਇਕੇ ਮਾਲ ਉਡਾਵਦੇ ਨੀ॥ ਦਿਨ ਦਿਹਾਰ ਨੂ ਜੇ ਮੇਲਾ ਬਡਾ ਹੋਵੇ॥ ਗਹਿਣੇ ਬੁਢੀਆ ਤੋੜ ਕੇ ਖਾਵਦੇ ਨੀ॥੬॥

ਹੱਥ ਲਿਖਤ ਨੰ : MS 27 ਗ
ਸਿਰਲੇਖ : ਦੋਹਰੇ-ਹਾਸ਼ਮ ਦੇ (ਸੋਹਣੀ ਵਿਚੋਂ)
ਲੇਖਕ : ਹਾਸ਼ਮ
ਪੱਤਰੇ : 166 ਅ – 170 ਓ
ਆਕਾਰ : 9X12 ਸ.ਮ. ਲਿਖਤ : 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਦੋਹਰੇ ਹਾਸ਼ਮ ਦੇ॥ ਕਚੀ ਪੈਰ ਸੰਭਾਲ ਨ ਧਰਿਆ ਸੀਰ ਪੀਤਾ ਸੀ ਕਚਾ॥ ਕਚੇ ਵਹਿਣ ਪਈ ਜਾਇ ਕਚੀ ਤੇ ਤੁਲਹਾ ਵਿਹਾਝਿਆ ਕਚਾ॥ ਡੁਬਦੀ ਤੇ ਜਾਇ ਜਿਧਰ ਹਥ ਘੜਦੀ ਸੋ ਹਥ ਪਾਵੈ ਕਚਾ ਹਾਸ਼ਮ ਜਾਨ ਗਵਾਊਗ ਸੋਹਣੀ ਪਰ ਪ੍ਰੇਮ ਨ ਕਰਸੀ ਕਚਾ॥੧॥…
ਅੰਤ : …ਢੋਰਾਂ ਵਾਂਗ ਘਰੋ ਚਾਇ ਤਾਇਆ ਜਾਹਿ ਮੀਆ ਹੋ ਤੁਰਦਾ ॥ ਮਿਲਿਆ ਦੇਸ ਨਿਕਾਲਾ ਆਜਜ ਤੁਰਿਆ ਹੋਇ ਅਜੁਰਦਾ॥ ਲਹੂ ਮਾਸ ਲਇਆ ਚਰ ਬਿਰਹੋਂ ਹਾਲ ਬੁਰੇ ਜਿਉ ਮੁਰਦਾ ॥ ਹਾਸ਼ਮ ਕੌਣ ਮਿਟਾਵੈ ਉਸਨੂੰ ਲਿਖਿਆ ਲੇਖ ਜੁ ਧੁਰਦਾ॥੧੧॥

ਹੱਥ ਲਿਖਤ ਨੰ : MS 27 ਘ
ਸਿਰਲੇਖ : ਸੱਸੀ (ਦੋਹਰੇ)
ਲੇਖਕ : ਹਾਸ਼ਮ
ਪੱਤਰੇ : 170 ਅ – 172 ਓ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਇਸ ਵਿਚ ਸਿਰਫ 6 ਦੋਹਰੇ ਹਨ। 173 ਪੰਨੇ ਤੇ ਲਕੀਰਾਂ ਮਾਰੀਆਂ ਹੋਈਆਂ ਹਨ। ਇਸ ਤੋਂ ਪਹਿਲੇ ਪੱਤਰੇ ਤੇ ਦੋਨਾਂ ਪਾਸੇ ਲਾਲ ਲਕੀਰਾਂ ਹਨ ਅਤੇ 173 ਪੱਤਰੇ ਤੋਂ ਅੱਗੇ ਦੋਹੀ ਪਾਸੀ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ਹੈ। 173 ਓ ਤੇ ਸ਼ਿਹਰਫੀ ਦੀਦਾਰ ਬਖ਼ਸ਼ ਦਾ ਸਿਰਫ਼ ਇਕ ਪੰਨਾ ਹੈ। 170 ਪੱਤਰੇ ਦੀ ਸਿਆਹੀ ਅਤੇ ਕਾਨੀ ਬਦਲੀ ਹੋਈ ਹੈ।
ਆਰੰਭ : ੧ੴ ਦੋਹਰੇ ਹਾਸ਼ਮ ਦੇ ਸਸੀ॥ ਦਿਲ ਵਿਚ ਸੋਕ ਫਿਰਾਕ ਸਸੀ ਦਾ ਪੁਨੂੰ ਅਲਾਬਾ ਬਾਲੇ॥ ਆਤਮ ਆਪ ਆਪੇ ਭਠਿਆਰਾ ਆਪ ਜਲਿਆ ਨੂ ਜਾਲੇ॥ ਬਿਰਹੁ ਬੇਦਰਦ ਆਰਾਮ ਨ ਦੇਂਦਾ ਵਾਂਗ ਤਿਖਾ ਤਨ ਜਾਲੇ॥ਹਾਸ਼ਮ ਫੇਰ ਕੇਹਾ ਸਉਣਾ ਜਾ ਪੀਤੇ ਪ੍ਰੇਮ ਪਿਆਲੇ॥…
ਅੰਤ : …ਬਹੁਤ ਲਾਚਾਰ ਹੋਆ ਸਹਿਜਾਦਾ ਖਿਚੀ ਪਕੜ ਕਟਾਰੀ ॥ ਜਿਸ ਤਨ ਚਮਕਿ ਲਗੀ ਤੋੜਿ ਜਾਵੈ ਸੋ ਜਮਰੂਪ ਦੁਲਾਰੀ॥ ਛੋਡਿ ਮੁਹਾਰ ਸੁ ਦਿਤੀ ਭਿਰਾਵਾਂ ਟੁਟਦਿਆਂ ਜਾਨ ਪਿਆਰੀ॥ ਹਾਸ਼ਮ ਕੌਣ ਫੜੇ ਜਿਦ ਬਾਜਾ ਜਿਨਾ ਜਾਨ ਇਸਕ ਵਿਚ ਹਾਰੀ ॥੬॥

ਹੱਥ ਲਿਖਤ ਨੰ : MS 27 ਛ
ਸਿਰਲੇਖ : ਬੰਸਰੀ-ਕਿਸਨ ਕੀ
ਲੇਖਕ : ਸੂਰਦਾਸ
ਪੱਤਰੇ : 173 ਅ – 182 ਓ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਸਤਰਾਂ ਪ੍ਰਤੀ ਪੰਨਾਂ ਕਿਧਰੇ ਕਿਧਰੇ 6 ਆਮ 7 ॥ ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਕਿਧਰੇ ਦੋ ਦੋ ਲਕੀਰਾਂ ਤੇ ਕਿਧਰੇ 4-4 ॥
ਆਮ ਵੇਰਵਾ : 177 ਅ ਪੱਤਰਾ ਖਾਲੀ ਹੈ॥
ਆਰੰਭ : ੧ੴ ਅਥ ਬੰਸਰੀ ਸੂਰਦਾਸ ਕ੍ਰਿਤ ਕਵਿ ॥ ਬਿਸਨ ਪਦ॥ ਏਕ ਦਿਨ ਬੰਸੀ ਹਰ ਕੀ ਤਟ ਪੈ ਬਿਸਰਾਨੀ॥ ਵਾਟਯੋ ਲੰਘੀ ਆਇ ਸੂਤਾਂ ਬ੍ਰਿਖ ਭਾਂਨ ਸੁਜਾਨੀ॥ ਬੰਸੀ ਲੀਨੀ ਰਾਧਕਾ ਹੋਈ ਅਧਕ ਪ੍ਰਸੰਨ॥ ਇਸ ਪਾਛੈ ਮਿਲੇ ਸਯਾਮ ਜੀ ਚੜਯੋ ਅੰਧੇਰੇ ਚੰਦ॥੧॥...
ਅੰਤ : ...ਲੀਨੀ ਕੰਠ ਲਗਾਇ ਹਰਿ ਕੇ ਬਾਰ ਸਬਾਗੀ॥ ਮਨ ਮੈਂ ਹੋਈ ਪ੍ਰਸੰਨ ਸਖੀ ਤੂੰ ਹੈ ਵਡਭਾਗੀ॥ ਬਾਰਸ ਬਾਗੀ ਲੀਤੀਆਂ ਹਰਿ ਹਰਿ ਬ੍ਰਿਜ ਕੀ ਨਾਰਿ ॥ ਸੂਰਦਾਸ ਬਿਨਤੀ ਕਰੈ ਕਿਰਪਾ ਕਰੀ ਮੁਰਾਰਿ ॥੨੪॥ ਸੂਰਦਾਸ ਕਵਿ ਬੰਸਰੀ ਕ੍ਰਿਸਨ ਦੀ ਸੰਪੂਰਣੰ॥

ਹੱਥ ਲਿਖਤ ਨੰ : MS 27 ਚ
ਸਿਰਲੇਖ : ਬਾਰਾਮਾਂਹ ਸ੍ਰੀ ਰਾਮ ਜੀ ਕਾ
ਲੇਖਕ : ਗੁਰਦਾਸ ਸਿੰਘ
ਪੱਤਰੇ : 182 ਅ – 209 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਹਾਸ਼ੀਆ, ਲਿਖਾਈ, ਸਤਰਾਂ ਵਖਰੀ ਵਖਰੀ ਸਿਆਹੀ ਨਾਲ ਜਿਸ ਤੋਂ ਮਾਲੂਮ ਹੁੰਦਾ ਹੈ ਲਿਖਾਰੀ , ਕਾਨੀ ਅਤੇ ਸਰੋਤ ਪੁਸਤਕ ਵੀ ਵੱਖਰੇ ਵੱਖਰੇ ਹੋਣ। ਪੱਤਰਾ ਨੰਬਰ 203-206 ਤਕ ਹੇਠਲੇ ਪਾਸੇ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ॥
ਆਰੰਭ : ੧ੴ ਬਾਰਾਮਾਂਹਾ ਸ੍ਰੀ ਰਾਮ ਜੀ ਦਾ ਲਿਖਯਤੇ॥ਦੋਹਰਾ॥ ਚੇਤ੍ਰ ਮਿਟ ਗਈ ਚਿਤਵਨੀ ਫੁਲ ਰਹੀ ਬਨਰਾਇ॥ ਦਸਰਥ ਕਾ ਮਨ ਮੌਲਿਆ ਰਾਮ ਸਿੰਘਾਸਨ ਪਾਇ॥ ੧॥...
ਅੰਤ : ...ਦੋਹਰਾ॥ ਜਾਚਕ ਭਏ ਭੁਮੇਰ ਸਮ ਰੰਚ ਕਰਹਿ ਓਨ ਕੋਇ॥ ਗੁਰਦਾਸ ਸਿੰਘ ਕੀ ਬੇਨਤੀ ਦਰਸ ਤਿਹਾਰੋ ਹੋਇ॥ ਰਾਮ ਜੀ ਕਾ ਬਾਰਾਮਾਹਾ ਸੰਪੂਰਣੰ॥

ਹੱਥ ਲਿਖਤ ਨੰ : MS 27 ਛ
ਸਿਰਲੇਖ : ਸ੍ਰੀ ਬਿਸ਼ਨ ਅਸਤੋਤ੍ਰ
ਪੱਤਰੇ : 209 ਅ – 212 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ਸ੍ਰੀ ਬਿਸ਼ਨ ਅਸਤੋਤ੍ਰ ॥੧ੴ ਗੀਆ ਛੰਦ॥ ਕਵਲ ਨੇਤ੍ਰ ਕਟਪੀਤੰਬਰ ਅਧਰ ਮੁਰਲੀ ਗਿਰਧਰੰ॥ ਮੁਕਟ ਕੁੰਡਲ ਕਰ ਲਕੁਟੀਆ ਸਾਵਰੇ ਰਾਧੇ ਬਰੰ॥ ਕੂਲ ਜਪ ਨਾਧੇਨ ਅ●ਗੇ ਸਗਲ ਗੁਪੀਅਨ ਮਨ ਹਰੰ ॥ ਪੀਤ ਬਸਤ੍ਰ ਗਰਣ ਬਾਹਨ ਚਰਨ ਨਿਤ ਸੁਖ ਸਾਗਰੰ॥

ਅੰਤ : …ਸ੍ਰੀ ਕ੍ਰਿਸਨ ਕਲਮਲ ਹਰਨ ਜਨਕੇ ਜੁ ਭਜੇ ਹਰਿ ਹਰ ਚਰਨ ਕੋ ॥ ਭਗਤ ਆਪਨੀ ਦੇਹ ਮਾਧੋ ਭਵ ਸਾਗਰ ਕੇ ਤਰਨ ਕੋ ॥

ਹੱਥ ਲਿਖਤ ਨੰ : MS 27 ਜ
ਸਿਰਲੇਖ : ਗੰਗਾ ਅਸਤੋਤਰ
ਪੱਤਰੇ : 212 ਅ – 214 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਹਾਸ਼ੀਆ ਦੋਵੇਂ ਪਾਸੀਂ ਦੋ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਪੱਤਰਾ ਨੰਬਰ 213 ਓ ਉਤੇ ਆਡੇ ਰੁਖ ਵਿਚਕਾਰ ਦੋ ਕਾਲੀਆ ਲਕੀਰਾਂ ਖਿਚੀਆਂ ਹੋਈਆਂ ਹਨ।
ਆਮ ਵੇਰਵਾ : ਓਹੀ
ਆਰੰਭ : ਓ ਗੰਗਾ, ਅਸਤੋਤਰ ਲਿਖਯਤੇ॥ ਭੁਜੰਗ ਛੰਦ॥ ਸੁਵਭੂੰ ਸੁਤੈ ਸਿਧ ਸਰਬੰ ਪ੍ਰਕਾਸੀ ॥ ਮਹਾਂ ਸਕਤ ਅਪਨੀ ਸੁ ਆਪੇ ਨਿਕਾਸੀ॥ ਮਹਾਂ ਜੋਤ ਜਲ ਕੋ ਧਰਯੋ ਦੇਹ ਅੰਗੇ॥ ਪਰਮ ਜੋਤ ਕੀ ਸਕਤ ਸ੍ਰੀ ਮਾਤ ਗੰਗੇ॥੧॥…
ਅੰਤ : …ਸੁਨੈ ਦਿਆਲ ਅਸਟਕ ਮਹਾਂ ਪਾਪ ਜਾਵੈ॥ ਪੜੇ ਚਿਤ ਮੋ ਨਿਤ ਗੰਗਾ ਹੀ ਨਾਵੈ॥ ਜਪੈ ਜਾਪ ਜਾ ਕੋ ਅਨੰਤੇ ਅਨੰਗੇ॥ ਪਰਮ ਜੋਤਿ ਕੀ ਸਤਿ ਸ੍ਰੀ ਮਾਤ ਗੰਗੇ॥ ਇਤਿ ਸ੍ਰੀ ਗੰਗਾ ਜੀ ਕਾ ਅਸਤੋਤਰ ਸਮਾਪਤੰ॥੧॥

ਹੱਥ ਲਿਖਤ ਨੰ : MS 27 ਝ
ਸਿਰਲੇਖ : ਚੰਡੀ ਕਾ ਬਾਰਾਮਾਂਹ
ਪੱਤਰੇ : 214 ਅ – 220 ਓ
ਆਕਾਰ : 9X12 ਸ.ਮ. ਲਿਖਤ: 5X8 ਸ.ਮ.
ਵੇਰਵਾ : ਓਹੀ
ਆਮ ਵੇਰਵਾ :ਪੰਨਾ ਨੰਬਰ 219 ਅ ਤੇ ਕਾਨੀ ਬਦਲੀ ਹੋਈ ਹੈ। 215 ਤੋਂ 220 ਤੱਕ ਸਾਰੇ ਪੱਤਰਿਆਂ ਤੇ ਆਡੇ ਰੁਖ ਦੋ ਕਾਲੀਆਂ ਲਕੀਰਾਂ ਲਗਾਈਆਂ ਹੋਈਆਂ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਕਿਸੇ ਵੱਡੀ ਪੋਥੀ ਦਾ ਹਾਸ਼ੀਆ ਹੋਵੇਗਾ, ਛੋਟੇ ਪੱਤਰਿਆਂ ਕਰਕੇ ਹਾਸ਼ੀਆਂ ਹੇਠ ਉਤੇ ਆ ਗਿਆ ਹੈ॥
ਆਰੰਭ : ੧ਓ ਚੰਡੀ ਕਾ ਬਾਰਾਮਾਂਹਾ ਲਿਖਯਤੇ॥ ਭਵਾਨੀ ਛੰਦ॥ ਜੈ ਜੈ ਮਯਾ ਐਥੇ ਹੈਸੀਆ ਜਿਸ ਦੀ ਭਲੀ ਕਮਾਈ॥ ਕਰਣ ਫੁਲ ਸੁਇਨੇ ਕੇ ਲਾਟੂ ਜੈ ਜੈ ਕਰੇ ਲੁਕਾਈ॥ ਚੇਤਰ ਬੋਲੇ ਬਾਕ ਬਾਨੀਆਂ ਸਭ ਘਟ ਬੋਲੇ ਮਈਆ॥ ਕਬਿਤ ਛੰਦ ਤੋਂ ਮਾਝ ਤੁਖਾਰ ਉਥਾਲ ਬਜੇਤਾ ਥਈਆਂ॥ ਸਿੰਘ ਚੜੀ ਸਿਰ ਛਤ੍ਰ ਬਿਰਾਜੈ ਕਰ ਤ੍ਰਿਸੂਲ ਰਸੀਈਆ ॥ ਮਨਸਾ ਪਰ ਦੇਵੀ ਦਿਆਲ ਸਦਾ ਜੈ ਆਸ ਪੂਰਣੀ ਮਈਆ॥ ੧੧॥
ਅੰਤ : ਫਾਗਣ ਫੁਲੇ ਫਲ ਵਾੜੀਆਂ ਜਾਂ ਮਈਆ ਬਾਗ ਲਵਾਯਾ ਚੰਬਾ ਮਰੂਆ ਤੇ ਗੁਲ ਨਰਗਸ ਦਿਨ ਦਿਨ ਫੂਲ ਸਵੱਯਾ॥ ਉਪਰ ਖੇਡਨ ਕਾਨ ਗੋਪੀਆਂ ਅਤਰ ਗੁਲਾਬ ਉਡਯਾ॥ ਮਨਸਾ ਪਰ ਦੇਵੀ ਦਿਆਲ ਸਦਾ ਜੈ ਆਸ ਪੂਰਣੀ ਮੱਯਾ॥ ੧॥ ਚੰਡੀ ਦਾ ਬਾਰਮਾਂਹਾ ਸੰਪੂਰਣੰ॥੧॥

ਹੱਥ ਲਿਖਤ ਨੰ : MS 27 ਞ
ਸਿਰਲੇਖ : ਬਾਰਾਮਾਂਹ ਗੁਰੁ ਗੋਬਿੰਦ ਸਿੰਘ ਜੀ
ਪੱਤਰੇ : 220 ਓ – 238 ਅ
ਆਕਾਰ : 9X12 ਸ.ਮ. ਲਿਖਤ: 5X8 ਸ.ਮ.

ਵੇਰਵਾ : ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ ੮, ਕਿਧਰੇ ਕਿਧਰੇ ਹਾਸ਼ੀਆ ਤਿੰਨ ਪਾਸੀਂ ਸੱਜੇ ਤੇ ਖੱਬੇ ਦੋ ਦੋ ਲਾਲ ਲਕੀਰਾਂ ਅਤੇ ਦੋ ਦੋ ਕਾਲੀਆਂ ਲਕੀਰਾਂ, ਕਿਧਰੇ ਕਿਧਰੇ ਤਿੰਨ ਤਿੰਨ ਲਕੀਰਾਂ ਵੀ ਹਨ।

ਆਮ ਵੇਰਵਾ : ਓਹੀ

ਆਰੰਭ : ੧ੴ ਬਾਰਾਮਾਹਾ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਕਾ ਲਿਖਯਤੇ॥ ਦੋਹਰਾ॥ ਤੇਰਾ ਨਾਮ ਅਕਾਲੁ ਜੀ ਜਪ ਸੁ ਹਿਤ ਚਿਤ ਲਾਇ॥ ਗਣਪਤਿ ਗੌਰੀ ਸਾਰਦਾ ਯਾ ਤੇ ਹੋਤਿ ਸਹਾਈ ॥੧॥ ਦੋਹਰਾ॥ ਚੇਤਰ ਸ੍ਰੀ ਅਕਾਲ ਜੀ ਚਲੇ ਸੁਮੇਰ ਸਿਧਾਇ॥ ਤਪ ਕਰਦਾ ਗੁਰੂ ਗੋਬਿੰਦ ਸਿੰਘ ਭੇਜਿਆ ਆਪ ਚੜਾਇ॥੨॥ਅਦਭੁਤ ਛੰਦ ॥ ਜਬ ਹੀ ਚੜੇ ਚੇਤ ਨਿਰਬਾਣਿ ਗੋਬਿੰਦ ਸਿੰਘ ਫੜੀ ਦਸਤ ਕ੍ਰਿਪਾਣ ਨੌ ਰੰਗਾ ਘਤਿਆ ਦਰਦ ਰੰਝਾਣਿ ਦਿਨ ਦਿਨ ਭਈ ਤੁਰਕ ਨੂ ਹਾਣਿ ਗੁਰੂ ਨੂ ਬਖਸ ਭਗੌਤੀ ਤਾਣ । ਤੁਰਕ ਦੇ ਖਾਲੀ ਕੀਏ ਪਲਾਣੁ ਸੁ ਰੋਸਿ ਚਿਤਾਰ ਕੈ॥...

ਅੰਤ : ...ਫੁਲਹਰੀ ॥ ਅਦਭੁਤ ਛੰਦ ॥ ਚੜਿਆ ਫਗਣ ਭਾਗ ਪਵਿਤ੍ਰ ਮੌਲੇ ਆਬ ਡਾਲ ਫਲ ਪਤ੍ਰ ਕਹੇ ਕਬੀਸਰ ਬਾਲ ਬਚਿਤ੍ਰ ਭਇਆ ਸਪੂਰਨ ਜੁਧ ਚਰਿਤ੍ਰ ਹੀਰਯਾ ਤਖਤ ਜੜਾਇਨ ਛਤ੍ਰ ਜੜਿਆ ਖਚਤ ਕਰਿ ॥ ਸਿੰਘਾਸਨ ਸਤਗੁਰ ਭਲੇ ਬਿਰਾਜੇ ਵਾਜਨ ਭਾਂਤ ਭਾਂਤ ਦੇ ਵਾਜੇ ਗੁਬਿੰਦ ਸਿੰਘ ਤੀਨ ਲੋਕ ਪਤਿ ਰਾਜੇ ਸਵਾਰੇ ਸਭ ਸਿਖਾ ਦੇ ਕਾਜੇ ਬਖਸਿਆ ਉਦੇ ਅਸਤ ਲੌ ਰਾਜੇ ਗੁਬਿੰਦ ਸਿੰਘ ਆਪ ਹਰ॥ ...ਫੁਲ ਹਰੀ ਕਿ ਹਰ ਜੀ ਹਾਂ ਕਿ ਦਰਸਨ ਅੰਮ੍ਰਿਤਸਰ ਜੀ ਜਾ ਮੇਰਾ ਮਨ ਲੋਚਦਾ॥੧॥ ਬਾਰਾਮਾਹਾਂ ਗੁਬਿੰਦ ਸਿੰਘ ਜੀ ਕਾ ਸੰਪੁਰਨੰ॥

ਹੱਥ ਲਿਖਤ ਨੰ : MS 27 ਟ

ਸਿਰਲੇਖ : ਬਾਰਾਮਾਂਹ ਭਰਥ ਜੀ ਕਾ

ਪੱਤਰੇ : 238 ਅ – 255 ਅ

ਆਕਾਰ : 9X12 ਸ.ਮ. ਲਿਖਤ: 5X8 ਸ.ਮ.

ਵੇਰਵਾ : ਸਿਆਹੀ ਕਾਲੀ, ਕਿਧਰੇ ਕਿਧਰੇ ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਦੋ ਦੋ ਲਾਲ ਲਕੀਰਾਂ ਸਤਰਾਂ ਪ੍ਰਤੀ ਪੰਨਾ 7 ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੈ॥

ਆਮ ਵੇਰਵਾ :ਪੰਨੇ ਕਿਰਮ ਖੁਰਦਾ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੇ ਅਖੀਰ ਵਿਚ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ।

ਆਰੰਭ : ੧ੴ ਬਾਰਾਮਾਂਹਾ ਭਰਥ ਜੀ ਕਾ ॥ ॥ ਸੰਕਰ ਛੰਦੁ ॥ ਚੜਿ ਚੇਤ੍ਰ ਫੂਲੇ ਸਗਲ ਬਨ ਸਭੁ ਜਗਤ ਪਾਇਓ ਚੈਨ ॥ ਬਿਨੁ ਰਾਮ ਲਛਮਨ ਭਰਥ ਕੇ ਭਰਿ ਨੀਰ ਆਏ ਨੈਨਿ ॥ ਕਾਕੋ ਕਹੋਂ ਇਸ ਬਿਰਹਿ ਕੀ ਵਿਛੜੇ ਜੋ ਪ੍ਰੀਤਮ ਪ੍ਰਾਨ॥ ਦੁਖ ਦੂਰਿ ਮੇਰਾ ਕੋ ਕਰੈ ਘਰ ਨਹੀਂ ਰਘੁ ਕੁਲ ਭਾਨ॥ ਅਬ ਪੌਨ ਜਿਉ ਸੀਤਲ ਚਲੈ ਕਿਊ ਰਹੇ ਬਨੁ ਰਘੁਬੀਰ ॥ ਸੰਗਿ ਨਹੀਂ ਵਾਸ ਵਿਛਾਨੇ ਕਿਸ ਬਿਧਿ ਧਰੈ ਮਨੁ ਧੀਰ॥...

ਅੰਤ : ਫਾਗਨ ਪ੍ਰਭ ਕਾ ਦਰਸ ਕਰ ਸੁਖੀ ਭਇਓ ਸਭ ਲੋਕ ॥ ਚਿੰਤਾ ਗਈ ਸੰਪਤ ਭਈ ਮਿਟ ਗਇਓ ਦੁਖ ਅਰੁ ਸੋਕ ॥ ਢੋਲਾ ॥ ਫਾਗਨਿ ਫਾਗ ਫੁਲੀ ਫੁਲਵਾਰੀ ॥ ਮਿਲਨ ਪਿਆਰੇ ਦੁਖ ਮਿਟ ਗਏ ਭਾਰੀ ॥ ਮੈ ਓਲੇ ਘੋਲੇ ਤਨ ਵੰਞਾ ਟਾਰੀ ॥ ਕਰਨਾ ਕੀਜੈ ਮੈ ਸਰਨਿ ਤੁਹਾਰੀ ॥ ੧੨ ॥ ੧ ॥

ਹੱਥ ਲਿਖਤ ਨੰ : MS 28 ਸੰਗ੍ਰਹਿ

ਸਿਰਲੇਖ : ਪ੍ਰੀਛਾ

ਲੇਖਕ : ਜੀਵਾ ਸਿੰਘ

(ਰਚਨਾ ਕਾਲ): ਸੰਮਤ 1932

ਸਥਾਨ : ਅੰਮ੍ਰਿਤਸਰ (ਸਰਦਾਰ ਸ਼ਾਹ ਦੀ ਹਵੇਲੀ)
ਪੱਤਰੇ : 1 – 14 ੳ
ਆਕਾਰ : 12X16 ਸ.ਮ. ਲਿਖਤ: 9X13 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਆ ਦੋ ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ 10
ਆਮ ਵੇਰਵਾ : ਪੱਤਰਿਆਂ ਦੇ ਸਿਰੇ ਜੁੜੇ ਹੋਏ ਹੋਣ ਕਰਕੇ ਲਿਖਤ ਪੜੀ ਨਹੀਂ ਜਾਂਦੀ।
ਆਰੰਭ : ੧ੳ॑ ਸਤਿਗੁਰ ਪ੍ਰਸਾਦਿ॥ ਪ੍ਰੀਛਾ ਲਿਖੀ ਮਹਲਾ ॥੫॥ ਪਉੜੀ॥ ਜੋ ਜਨ ਮਨ ਮਹਿ ਚਿਤਵਨੀ ਰਖਾਵੈ॥ ਸੋ ਮਨ ਕ ਸਹਸਾ ਕਰ ਪ੍ਰਗਟਾਵੈ॥ ਗੁਰ ਪ੍ਰਸਾਦਿ ਸਹਸਾ ਭਉ ਮਿਟੈ ਹੋਇ ਆਚਿੰਤ ਚਿੰਤਾ ਸਭ ਛੁਟੈ॥ ਮਨ ਕੀ ਦੁਬਦਾ ਸਭ ਕਹਿ ਸੁਨਾਵੈ॥ ਪ੍ਰਭ ਭਾਵੈ ਸੁਖ ਪਾਵੈ ॥ ਦੁਖ ਦੂਦ ਕੁਛ ਨੇੜ ਨਾ ਆਵੈ॥ ਗੁਰੂ ਕਾ ਮੰਤ੍ਰ ਸਦਾ ਮਨ ਧਿਆਵੈ॥ ਸਿਮ੍ਰੈ ਨਾਮ ਨਹੀਂ ਦੁਖ ਕੋਇ॥ ਨਾਨਕ ਤਿਸੈ ਨ ਚਿਤਵਨੀ ਹੋਇ॥…
ਅੰਤ : …ਏਕ ਕਾਰਜ ਕਿਆ ਤੇਰੇ ਸਭੀ ਕਾਰਜ ਸੰਪੂਰਨ ਭਏ ਹੈ ਤੂ ਮਨ ਚਿੰਦੇ ਮਨ ਭਾਵਦੇ ਫਲ ਪਾਵਾਹਿਗਾ ਅਰ ਦੀਨ ਦੁਨੀਆਂ ਮਹਿ ਸੁਖ੍ਰੂ ਹੋਵਹਿਗਾ॥ ਤੇਰੇ ਉਪਰ ਪ੍ਰਮੇਸ਼੍ਰ ਜੀ ਸ੍ਰੀ ਭਗਵਾਨ ਜੀ ਕੀ ਕ੍ਰਿਪਾ ਭਈ ਹੈ॥ ਤੂੰ ਅਪਣੇ ਮਨ ਮਹਿ ਕਾਈ ॥ ਚਿੰਤਾ ਚਿਤਵਨੀ ਨਾ ਕਰ ॥ ਜਪ ਸ੍ਰੀ ਭਗਵਾਨ ਕਾਰਜ ਸੁਫਲਾ ਫਲੈਗਾ॥ ਪ੍ਰੀਛਾ ਗੁਰੂ ਅੰਗਦ ਜੀ ਕੀ ਸੰਪੁਰਨ ਹੋਈ॥ ਸੰਮਤ ੧੯੩੨ ॥ ਭਾਈ ਜੀਵਾ ਸਿੰਘ ਨੇ ਪ੍ਰੀਛਾ ਲਿਖੀ ਸਰਦਾਰ ਸਾਹਿ ਜੀ ਦੀ ਹਵੇਲੀ ਸ੍ਰੀ ਅੰਬ੍ਰਤਸਰ ਜੀ ਬੈਸਾਖ ਪ੍ਰਵਿਸ੍ਟੇ॥=॥

ਹੱਥ ਲਿਖਤ ਨੰ : MS 28 ਅ
ਸਿਰਲੇਖ : ਗੁਰਪ੍ਰਣਾਲੀ
ਲੇਖਕ : ਗਿਆਨ ਸਿੰਘ
ਸਮਾਂ : ਸੰਮਤ 1923
ਪੱਤਰੇ : 14 ਅ – 21ੳ
ਆਕਾਰ : 12X14 ਸ.ਮ. ਲਿਖਤ: 10X14 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ॑ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਦਸ ਗੁਰ ਪਦ ਬੰਦੋ ਪ੍ਰਿਥਮ ਪਾਂਚ ਦੇਵ ਪੁਨ ਬੰਦ॥ਬਰਨੋ ਗੁਰ ਪ੍ਰਨਾਲਕਾ ਸਨ ਸਿਖ ਲਹੈ ਅਨੰਦ ॥ ਕਬਿਤ ॥ ਭਰੀ ਭਾਰੀ ਭਾਰ ਭੂਮੀ ਪਾਸਰ ਪਸੂ ਸੇ ਪਾਪੀ ਮਾਰੇ ਧੇਨ ਧਰਮ॥ ਅਧਿਕਾਧਿਕ ਸਾਏ ਹੈ ਤੁਰਕ ਤਰੰਗ ਚਢੇ ਬੰਧੇ ਹੋਮ ਬੇਦ ਪਦੈ ਦੁਖੀ ਦੀਨ ਦੇਵਤਾ ਪੁਕਾਰੇ ਡਰ ਪਾਏ ਹੈ ਸੁਨ ਕੇ ਦਾਤਾਰ ਨਿਰੰਕਾਰ ਅਵਤਾਰ ਧਾਰਿਓ ਗ੍ਰਾਮ ਤਿਲਵੰਡੀ ਧਾਮ ਕਾਲੂ ਤ੍ਰਿਪਰਾਵੈ ਹੈ ਮੇਖ ਵਦੀ ਤੀਜ ਸਾਲ ਪੰਦ੍ਰਾਂ ਸੈ ਛਬੀਸੇ ਮਹਿ ਭਇਓ ਜੈ ਜੈ ਕਾਰ ਗੁਰੁ ਨਾਨਕ ਜੀ ਆਏ ਹੈ॥…
ਅੰਤ : …ਦਸੋ ਗੁਰਨ ਕੇ ਪੁਰਬ ਮੈ ਕਰ ਕਰ ਹੋ ਹਿਤ ਸੰਗ ॥ ਗੁਰ ਹਿਤ ਬਾਟੈ ਸਿਖਨ ਕੋ ਲਹੈ ਮਨ ਇਛਤ ਰੰਗ॥ ਗੁਰਪ੍ਰਨਾਲੀ ਸੰਪੂਰਨ ਸੁਭੰ ਮਸਤ ਸਤਿਯੰਨ ਮਾਹਿ॥ਕਬਿਤ॥

ਹੱਥ ਲਿਖਤ ਨੰ : MS 28 ਏ
ਸਿਰਲੇਖ : ਬਾਬਾ ਅਟੱਲ ਜੀ ਕੋ ਜਨਮ ਮਹੋਤਸ੍ਵ
ਸਮਾਂ : ਸੰਮਤ 1923
ਪੱਤਰੇ : 21 ੳ – 22 ੳ

ਆਕਾਰ : 13X14 ਸ.ਮ. ਲਿਖਤ: 11X13 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਇਸ ਪੋਥੀ ਦਾ ਪੱਤਰਾ ਨੰ: 22 ੳ ਕਾਗਜ ਖਸਤਾ ਹੋਣ ਕਰਕੇ ਇਕ ਪਾਸਿਓ ਭੁਰਿਆ ਹੋਇਆ ਤੇ ਕੁਝ ਅੱਖਰ ਸਾਫ ਪੜ੍ਹੇ ਨਹੀਂ ਜਾਂਦੇ ।

ਆਰੰਭ : ਕਬਿਤ ਮੀਰੀ ਔਰ ਪੀਰੀ ਹੂ ਕੇ ਸ੍ਵਾਮੀ ਸ੍ਰੀ ਹਰਗੁਬਿੰਦ ਤਾਕੇ ਤੀਜੇ... ਸੁ ਨਾਨਕੀ ਗਨਾਏ ਹੈ ॥ ਤਾਕੇ ਜਸ ਹੋਤ ਅਵਤਾਰ ਬਾ... ਲੀਨੋ ਆਨ ਕਾਸੀ ਅੰਨਪੂਰਨਾ ਸੋ ਸਦਾ ਬ੍ਰਤਲਾਏ ਹੈ॥... ਕੇ...ਰਬਾਰ ਦੇਖੇ ਨਸੈ ਭਖ ਦਾਰ ਦੀਕੇ ॥ ਠਾਣੇਦਾਰੀ ਪਾਈ ਗੁਰ ਪੁਰ ਕੀ ਸਹਾਏ ਹੈ ॥ ਸੋਲਾ ਸੈ ਸਤ੍ਰੁਤ੍ਰੇ ਸਾਲ ਕਤੇ ਸੁਦੀ ਪੂਨਯਾ ਬੁਧ ਬਾਜਤ ਬਧਾਈ ਬਾਬਾ ਅਟਲ ਜੀ ਆਏ ਹੈ ॥

ਅੰਤ : ...ਮ੍ਰਿੰਗੰਦ ਬੋਧ ਦੂਰ ਤੇ ਪ੍ਰਕਾਸੈ ਸ੍ਰੀ ਅਟਲ ਜੀ ਕੋ ਦੇਖ ॥ ੪ ॥ ਇਤਿ ਸ੍ਰੀ ਬਾਬੇ ਅਟਲ ਜੀ ਕੋ ਜਨਮ ਮਹੋਤਸ੍ਵ ਜੋਤੀ ਜੋਤ ॥

ਹੱਥ ਲਿਖਤ ਨੰ : MS 29 ਸੰਗ੍ਰਹਿ

ਸਿਰਲੇਖ : ਕਥਾ ਸੀਰੀ ਫਰਯਾਦ

ਲੇਖਕ : ਹਾਸ਼ਮ ਸ਼ਾਹ

ਲਿਖਾਰੀ : ਅਲੀ ਸ਼ਾਹ ਕਵੀਸਰ

ਸਮਾਂ : ਸੰਮਤ 1888 ਬਿਕਰਮੀ

ਪੱਤਰੇ : 1 – 55 ੳ

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਚਮੜਾ, ਉਖੜੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ ਦੋ ਲਾਲ ਲਕੀਰਾਂ,ਵਿਚ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 8 ।

ਆਮ ਵੇਰਵਾ : ਪੁਸਤਕ ਆਡੇ ਦਾਅ ਖੁਲਦੀ ਹੈ। ਲਿਖਤ ਬਹੁਤ ਸੁੰਦਰ ਤੇ ਸਿਆਹੀ ਵਧੀਆ ਹੈ। ਛੰਦਾਂ ਦੇ ਅੰਕ ਲਾਲ ਸਿਆਹੀ ਨਾਲ ਦਿੱਤੇ ਹਨ। ਕਾਗਜ ਸਿਆਲਕੋਟੀ ਮੋਟਾ ਹੈ। ਇਹ ਛੇ ਪੋਥੀਆਂ ਦਾ ਸੰਗ੍ਰਹਿ ਹੈ। ਜਿਨ੍ਹਾਂ ਵਿਚੋਂ ਹਰੇਕ ਵਿੱਚ ਇਕ ਤੋਂ ਵੱਧ ਰਚਨਾ ਹੈ॥

ਆਰੰਭ : ਅਥ ਕਥਾ ਸੀਰੀ ਫਰਯਾਦ ਕੀ ਲਿਖਯਤੇ॥ ੧ੳ ਸਤਿਗੁਰ ਪ੍ਰਸਾਦਿ॥ ਇਸਤਾਮੋਲ ਸਹਿਰੁ ਸਿਰ ਸਹਿਰਾ ਸੁਣਿਆ ਤਰਫ ਗਰਬ ਦੀ ਸਾਮੁ ਵਿਲਾਇਤਿ ਤਖਤ ਨਿਆਰਾ ਸਾਝੋ ਸਾਝ ਅਰਬ ਦੀ॥੧॥ ਨਾਮੁ ਅਜੀਜੁ ਸਹਿਨ ਸਹਿ ਬੇਟੀ ਸਾਹਿਬ ਤਖਤੁ ਸਹਰ ਦਾ॥ ਬਖਤ ਬੁਲੰਦ ਸਖਾ ਉਤ ਆਦੁਲ ਗਾਲਬ ਤੇਰਾ ਜਫ਼ਰ ਦਾ॥੨॥...

ਅੰਤ : ...ਆਸ਼ਕ ਤੇ ਮਾਸ਼ੂਕ ਉਨਾ ਨੂੰ ਨਜਰਿ ਉਥਾਈਏ ਆਏ॥ ਕਾਮਲ ਸਿਦਕ ਪਿਛੇ ਰਬ ਸਾਹਿਬ ਯਾਰਾ ਯਾਰ ਮਿਲਾਏ॥ ਕਿਸੇ ਛੋਡ ਦਲੀਲੀ ਹਾਸ਼ਮੁ ਨ ਕਰੁ ਐਡ ਪਸਾਰੇ ॥ ਤੂ ਕੀ ਸਿਫਤ ਉਨਾ ਦੀ ਕਰਸੇ ਜੋ ਰਬ ਆਪ ਸਵਾਰੇ॥ ॥੪੬੮॥ ਸੰਪੂਰਨੰ॥

ਹੱਥ ਲਿਖਤ ਨੰ : MS 29 ਅ

ਸਿਰਲੇਖ : ਚੰਦ੍ਰਬਦਨ (ਕਿੱਸਾ) ਤੇ ਮਿਆਰ

ਲੇਖਕ : ਅਲੀ ਸ਼ਾਹ

ਸਮਾਂ : ਸੰਮਤ 1888 ਬਿਕਰਮੀ

ਪੱਤਰੇ : 55 ੳ – 76 ਅ

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴਸਤਿਗੁਰ ਪ੍ਰਸਾਦਿ॥ ਚੰਦ੍ਰ ਬਦਨ ॥ ਯਕ ਰਾਜੇ ਕੀ ਬੇਟੀ ਥੀ ਚੰਦਰ ਬਦਨ॥ ਅਕਲ ਕੀ ਥੀ ਵਹ ਖਾਨਸੀਰੀ ਸੁਖਨ॥੧॥ ਸਭੀ ਕੇ ਦਿਲ ਬੀਚ ਥੀ ਵਹੁ ਭਾਵਤੀ॥ ਵ ਦਿਨ ਰਾਤਿ ਹਸਤੀ ਰਹੇ ਗਾਵਤੀ॥...

ਅੰਤ : ...ਇਧਰ ਰਾਜਾ ਹੋਵੇ ਉਧਰ ਹੋਵੇ ਸਾਹ॥ ਹੋਵੇ ਅੰਦਰ ਮਹਲਾ ਦੇ ਹੈ ਹਾਇ ਹਾਇ॥੨੩੬॥ ਹੂਈ ਚੰਦ੍ਰ ਬਦਨ ਮਯਾਰ ਮਸ਼ਹੂਰ॥ ਵਲਾਇਤ ਹਿੰਦ ਕੀ ਮੈ ਅਰ ਨਜੀਕ ਦੂਰ॥੨੩੭॥ ਦੋਹਰਾ॥ ਰੰਗ ਪਤ ਚੰਦ੍ਰ ਬਦਨ ਮੁਸਬਰ ਤੇ ਮਯਾਰ॥ ਸ਼ਾਹ ਕਵੀਸਰ ਹੈ ਅਲੀ ਆਦਿ ਗੁਲਾਮ ਉਚਾਰ॥੨੩੮॥ ਚੰਦ੍ਰ ਬਦਨ ਸੰਪੂਰਨੰ॥

ਹੱਥ ਲਿਖਤ ਨੰ : MS 29 ਏ

ਸਿਰਲੇਖ : ਸੁਖਨ ਫਕੀਰਾ ਸਾਈ ਲੋਕਾ ਪਕੰਬਰਾਂ ਦੇ

ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)

ਪੱਤਰੇ : 77 ੳ – 106 ਅ

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴਸਤਿਗੁਰ ਪ੍ਰਸਾਦਿ॥ ਸੁਖਨ ਫਕੀਰਾਂ ਸਾਈ ਲੋਕਾ ਪਕੰਬਰਾਂ ਦੇ ਬਚਨ ਹੈ ਹਜਰਤ ਅਲੀ ਦਾ ॥ ਜੋ ਧ੍ਰਮ ਵਾਲਿਆਂ ਦਾ ਸ੍ਰਦਾਰ ਥਾ॥ ਕਿਆ ਜੋ ਇਕ ਦਿਨ ਉਪਰ ਖਜਾਨੇ ਦਬੇ ਹੋਏ ਦੇ ਸੱਤ ਨਸੀਹਤਾਂ ਲਿਖੀਆਂ ਹੋਈਆਂ ਡਿਠੀਆਂ॥ ਕਿਆ ਜੋ ਪਹਿਲਾ ਹਮਸੋਸੁ ਇਹ ਆਉਂਦਾ ਹੈ ਮੈਨੂੰ ਉਸ ਆਦਮੀ ਤੇ ਜੋ ਜਾਣਦਾ ਹੈ ਜੋ ਮਉਤ ਸਚੁ ਹੈ॥ ਅਰ ਫੇਰ ਹਸਣੇ ਖੇਲਣੇ॥ ...

ਅੰਤ : ਇਹ ਖਸਲਤ ਮਹਾਪੁਰਖਾ ਦੀ ਹੈ।॥ ਜੋ ਦਿਲ ਵਿਚ ਕੀਨਾ ਨਹੀਂ ਰਖਦੇ ਆਦਰ ਅਨਾਦਰ ਇਕ ਸਮਾਨ ਹੈ ਜਿਸ ਕੇ॥੮॥ ਨਾਵਾ ਏਹੁ ॥ ਜੋ ਵੇਲੇ ਖਾਣੇ ਦੇ ਹਾਜਰ ਹੁੰਦਾ ਹੈ ਅਰੁ ਚੁਪ ਕਰਕੇ ਬੈਠ ਰਹਦਾ ਹੈ॥ ਏਹ ਨਿਸਾਨੀ ਗ੍ਰੀਬਾਂ ਦੀਨਾ ਦੀ ਹੈ॥੯॥ ਦਸਮੀ ਏਹ॥ ਜੋ ਕੋਈ ਉਸ ਦੀ ਵਲ ਨਜਰ ਕਰਦਾ ਹੈ॥ ਤਾਂ ਉਹ ਉਪਰ ਜਿਮੀਨ ਦੇ ਨਜਰ ਰਖਦਾ ਹੈ॥ ਏਹ ਖਸਲਤ ਮਜੂਬਾਂ ਦੀ ਹੈ॥

ਹੱਥ ਲਿਖਤ ਨੰ : MS 29 ਸ

ਸਿਰਲੇਖ : ਸਾਖੀ ਭਾਈ ਲਾਲੂ (ਲਾਲੋ) ਜੀ ਕੀ ਤੀਸਰੀ ਪਾਤਸ਼ਾਹੀ ੩

ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)

ਪੱਤਰੇ : 107 ੳ – 110 ੳ

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴਸਤਿਗੁਰ ਪ੍ਰਸਾਦਿ॥ ਸਾਖੀ ਭਾਈ ਲਾਲੂ ਜੀ ਕੀ ਤੀਸਰੀ ਪਾਤਿਸ਼ਾਹੀ ੩॥ ਗੁਰੂ ਅਮਰਦਾਸ ਜੀ ਗੋਵਿੰਦਵਾਲ ਸੇ॥ ਗੁਰੂ ਜੀ ਚੁਓਬਾਰੇ ਅੰਦਰਿ ਬੈਠੇ ਸੇ॥ ਆਪਣੇ ਰੰਗ ਵਿਚਿ ਬੈਠੇ ਸੇ॥ ਇਕਸਿ ਮਾਈ ਨੇ ਚੀਕ ਮਾਰੀ॥...

ਅੰਤ : ...ਭਾਈ ਲਾਲੂ ਨੂੰ ਵੇਖਾਲਿ ਕੇ ਖਪਰੁ ਭਰਿ ਕੇ ਲੋਹੂ ਦਾ ਪੀਤਾ ॥ ਫੇਰਿ ਧੋਬੀ ਅਛਾ ਹੋਇ ਗਇਆ॥ ਤੇਈਆ ਭਾਈ ਨਾਲਿ ਤੁਰਿਆ ॥...ਭਾਈ ਲਾਲੂ ਕਹਿਆ ਤੈਨੂੰ ਛਡਿਦੇ ਹਾਂ ਸਾਨੂੰ ਮੰਨੇਗਾ॥ਓਸ ਕਹਿਆ ਇਹੁ ਮੇਰਾ ਬਚਨੁ ਹੋਇਆ ॥ ਜਿਥੇ ਕੋਈ ਏਸਿ ਸਾਖੀ ਨੂੰ ਪੜੇਗਾ ਅਰੁ

ਜਿਸਨੂੰ ਮੈ ਚੜਿਆ ਹੋਵਾਂਗਾ ਓਸਿ ਨੂੰ ਏਹੁ ਸਾਖੀ ਸੁਣਾਵੈ ਤਿਸਨੂ ਮੈ ਛਡਿ ਜਾਆਗਾ॥ ਜਿਸ ਤਰ੍ਹਾਂ ਤੁਸਾ ਮੈਨੂੰ ਛਡਿਆ ਹੈ॥ ਤੈਸੇ ਮੈ ਭੀ ਛਡਿ ਜਾਵਾਂਗਾ ॥ ਸਾਖੀ ਸੰਪੂਰਣ ਹੋਈ॥ ਗੁਰੁ ਕਾ ਰੋਟੁ ਜਥਾ ਸਕਤਿ ਦੇਣਾ॥੧॥

ਹੱਥ ਲਿਖਤ ਨੰ : MS 29 ਹ
ਸਿਰਲੇਖ : ਰਖਿਆ ਵਾਰੀ ਦੇ ਤਾਪ ਦੀ
ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 110 ੳ – 110 ਅ
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਵਾਰੀ ਦੇ ਤਾਪ ਦੀ ਰਖਿਆ ਬਾਰੇ ਮੰਤ੍ਰ ਲਿਖਿਆ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਰਖਿਆ ਵਾਰੀ ਦੇ ਤਾਪ ਦੀ॥ ਲੋਹੇ ਕਾ ਕੋਟੁ ਬਜਰ ਕੇ ਕਿਵਾੜ ਜਾਹਾ ਬੈਠੇ ਪ੍ਰਾਣ ਪਿੰਡੁ ਜੋ ਆਵੈ ਮਾਰ ਮਾਰਿ ਕਰਤਾ ਸੋ ਆਵੈ ਪਾਇ ਪਰਤਾ ਮਾਰਨਹਾਰੇ ਕੇ ਹਾਥ ਕਲੰਕ ਕਹਿਤੇ ਕੀ ਜੀਭ ਕਲੰਕ ਸੁਨਤੇ ਕੇ ਕਾਨੁ ਕਲੰਕ ਦੇਖਤੇ ਕੀ ਆਖ ਕਲੰਕ॥...
ਅੰਤ : ...ਪਹਿਲਾ ਦੂਜਾ ਤੀਜਾ ਚਉਥਾ ਭੀ ਛਡਿ ਜਾਇ॥ ਫਲਾਨੇ ਕੇ ਸਾਸਾ ਦੀ ਸ੍ਰੀ ਨਾਨਕ ਜੀ ਸਹਾਇ ਹੋਵੇ॥

ਹੱਥ ਲਿਖਤ ਨੰ : MS 29 ਕ
ਸਿਰਲੇਖ : ਬਾਰਾਮਾਂਹ
ਲੇਖਕ : ਹਕੂਮਤ
ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 1– 19 ਓ
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਸਿਆਹੀ ਕਾਲੀ ਵਖਰੇਵੇਂ ਲਈ ਲਾਲ ਹਾਸ਼ੀਆਂ ਦੋ ਕਾਲੀਆਂ ਲਕੀਰਾਂ ਖੜੇ ਰੁਖ ਵਿਚ ਇਕ ਲਾਲ ਲਕੀਰ । ਸਤਰਾਂ ਪ੍ਰਤੀ ਪੰਨਾਂ 8 ਅਤੇ ਪੱਤਰਾ ਨੰ: 18 ੳ ਤੇ 18 ਅ, 9 ਤੇ 10 ਸਤਰਾਂ ਹਨ॥
ਆਮ ਵੇਰਵਾ : ਇਸ ਲਿਖਤ ਤੋਂ ਹੱਥ ਲਿਖਤ 29 ਦੀ ਦੂਜੀ ਪੋਥੀ ਸ਼ੁਰੂ ਹੁੰਦੀ ਹੈ।ਇਹ ਲਿਖਤ ਕਿਸੇ ਹੋਰ ਹੱਥ ਦੀ ਲਗਦੀ ਹੈ ਲਿਖਤ ਸੁੰਦਰ ਹੈ। ਸਿਆਹੀ ਬਦਲੀ ਹੋਈ ਹੈ। ਪੱਤਰਾ ਨੰਬਰ 8 ਤੇ ਲਿਖਤ ਬਿਲਕੁਲ ਬਦਲੀ ਹੋਈ ਹੈ।
ਆਰੰਭ : ਅਥ ਬਾਰਾਮਾਹਾ ਲਿਖਯਤੇ॥ਦੋਹਰਾ॥ ਚੇਤ ਚੜੇ ਮਾਏ ਫੁਲਿਆ ਵਣ ਤ੍ਰਿਣ ਸਭੈ ਬਹਾਰ ॥ ਕਾਬਲ ਪੁਰ ਧਾਈ ਕਰੀ ਮੈ ਵਾਢੀ ਦੇ ਯਾਰ॥ ਰਬਾ ਜਬ ਰੁੱਤ ਚੇਤ ਦੀ ਚੜੀ ਕਿ ਦਿਲਬਰ ਉਠ ਚਲਿਆ ਕਰ ਅੜੀ ਕਿ ਨਾ ਉਹੁ ਕੂਇਆ ਨਾ ਮੈ ਲੜੀ॥ ਕਿ ਦੇਖਣ ਉਠ ਮਹਲ ਪੁਰ ਚੜੀ ਕਿ ਜਾਂਦਾ ਡਿਠਾ ਹੈ ਮੈ ਸੜੀ ਕਿ ਰੋਦੀ ਜਾਰ ਜਾਰ ਮੈਂ ਖੜੀ ॥ ਤ੍ਰਿਮਕਦੇ ਨੈਣ ਲਾਇ ਰਹੇ ਝੜੀ ਕਿ ਰੋਦੀ ਆਇ ਮਹਲ ਵਿਚ ਵੜੀ ਕਿ ਸੁੱਨੇ ਮਹਲਿ ਹਵੇਲੀ ਪੜੀ ਜੇ ਕਰ ਰਹੋ ਅਜੋਕੀ ਘੜੀ॥ ਗੁੰਦਾਵਾ ਸੀਸ ਬੰਧਾਵਾ ਧੜੀ ਮੈ ਤਾਂ ਕਿਰਤ ਆਪਣੇ ਫੜੀ ਕਿਸੇ ਨੂੰ ਕੀ ਕਹਾਂ॥...
ਅੰਤ : ...ਤਾਂ ਕਰੋ ਹਕੂਮਤ ਏਹੁ ਵਡਿਆਈ ਹਮਰੇ ਹੋਇਗੇ । ਰਾਮ ਸਹਾਈ ਆਵਨ ਅੰਗ ਸਾਕ ਸੁਖਦਾਈ ਹਕ ਹਮਸਾਏ ਦੇਨ ਵਧਾਈ ਅੰਗ ਲਗਾਵੈ ਸਭ ਲੁਕਾਈ ਪਕੜ ਸਿਰਾਣਾ ਲੇਫ ਤੁਲਾਈ। ਜਾਇ ਕਰ ਸਈਆ ਸੇਜ ਬਛਾਈ ਜਲਨ ਚਰਾਗ ਰੰਗ ਰੁਸਨਾਈ । ਕਾਮਨ ਚੂੜੇ ਭਰੀ ਕਲਾਈ ਸਿਰਿ ਫੂਲਾ ਦੀ ਧੜੀ ਗੁੰਦਾਈ ਮਉਲੀ ਮਹਿਦੀ ਕਜਲਾ ਪਾਈ ਕਰ ਕਰ ਕਿਰਪਾ ਕੰਤ ਬੁਲਾਈ ॥ ਆਪਣੇ

ਅੰਗ ਸੰਗ ਲੈ ਲਾਈ ਮਨ ਵਿਚਿ ਚਿੰਤਾ ਰਹੀ ਨ ਕਾਈ ॥ ਏਕ ਘੜੀ ਮਹਿ ਨਉ ਨਿਧ ਪਾਈ॥ ਜੇ ਉਸ ਭਾਵਦਾ॥੧੨॥

ਹੱਥ ਲਿਖਤ ਨੰ : MS 29 ਖ
ਸਿਰਲੇਖ : ਬਾਰਾਂਮਾਹ ਸੀ ਕ੍ਰਿਸਨ ਜੀ ਕਾ
ਲੇਖਕ : ਖੈਰਾ ਸ਼ਾਹ
ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 19 ੳ– 34
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਬਾਰਾਮਾਹਾਂ ਸ੍ਰੀ ਕ੍ਰਿਸ਼ਨ ਜੀ ਕਾ॥ ਕ੍ਰਿਤ ਕਵੀ ਖੈਰਾ ਸ਼ਾਹ॥ਦੋਹਰਾ॥ ਆਖਾੜ ਸਮੇਂ ਬਿਨਤੀ ਕਰੋ ਖੈਰਾ ਸਾਹ ਅਧੀਨ॥ ਤੁਮ ਬਿਨੁ ਬਿਯਾਕੁਲ ਨੈਨ ਹੈ ਜੈਸੇ ਜਲ ਬਿਨੁ ਮੀਨ॥੧॥ ਛੰਦ ॥ ਅਸਾਢ ਮੈ ਸੋਵੇ ਪਰੀ ਸਬ ਖਵਾਬ ਦੇਖੇ ਕਾਮਨੀ ॥ ਅੰਬਰ ਲਵੈ ਬਿਜੁਲੀ ਖਿਵੇ ਦੁਖ ਦੇਹਿ ਦੂਨਾ ਦਾਮਨੀ॥ ਹਰਿ ਵਖਤ ਮਤ ਉਠਿ ਬੋਲ ਕੋਕਲ ਪੀ ਬਿਨਾ ਨੈਨਾ ਝਰੈ ਕਾਰੀ ਘਟਾ ਚਹੂ ਓਰ ਛਾਈ ਪਵਨ ਪਰਿਵਾ ਅਤਿ ਚਲੈ॥...
ਅੰਤ : ...ਤੁਮ ਤੋ ਗ੍ਰੀਬ ਨਿਵਾਜ ਸਾਰਨ ਕਾਜ ਮੇਰੇ ਅਧਮ ਕੇ॥੪੭॥੧੨॥ ਦੋਹਰਾ ਕਹੈ ਖੈਰਾ ਮੇਰੀ ਬੇਨਤੀ ਸੁਨ ਲੈ ਬਾਰਹਿ ਮਾਸ॥ ਆਸ ਦੁਸ ਲਾਗੇ ਰਹੋ ਜਬ ਲਗ ਘਟ ਮੈ ਸਾਸ॥੪੮॥ ਇਤ ਸ੍ਰੀ ਬਾਰਾਮਾਹ ਰਾਧਾ ਸ੍ਰੀ ਕ੍ਰਿਸ਼ਨ ਜੀ ਕਾ ਸਪੂਰਨ ਹੋਇਆ॥ ਕ੍ਰਿਤ ਖੈਰਾ ਸਾਹ ਕ੍ਰਿਸ਼ਨ ਜੀ ਤੇਰੀ ਸਰਨਾ॥

ਹੱਥ ਲਿਖਤ ਨੰ : MS 29 ਗ
ਸਿਰਲੇਖ : ਬਾਰਾਂਮਾਹ ਰਾਧੇ ਕ੍ਰਿਸਨ ਜੀ ਕਾ
ਲੇਖਕ : ਦਿਆਲ ਸਿੰਘ
ਸਮਾਂ : ਸੰਮਤ 1888 ਬਿਕਰਮੀ (ਤੀਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 35– 44 ਅ
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਬਾਰਾਮਾਹ ਰਾਧੇ ਕ੍ਰਿਸ਼ਨ ਜੀ ਕਾ ਕਵੀ ਸਰੀ ਦਿਆਲ ਸਿੰਘ ਜੀ ਕੀ॥ ਦੋਹਰਾ ॥ ਚੇਤ੍ਰ ਮੈ ਰਥ ਬੈਠ ਕੇ ਮਥਰਾ ਚਲਿਓ ਕਾਂਨ॥ ਸਜਣ ਜਾਂਦ ਦੇਖ ਕੈ ਲਗੇ ਕਾਲਜੇ ਬਾਨ॥੧॥॥ਛੰਦ॥ ਸੁਨੋ ਸਖੀ ਸਬ ਚੇਤ੍ਰ ਚੜਿਆ ਜਾਂਦੇ ਸਜਣ ਦਾ ਲੜ ਫੜਿਆ॥ ਕਾਲ ਨਾਗ ਕਲੇਜੇ ਲੜਿਆ ॥ ਮੈਨੂੰ ਛੋਡਿ ਨ ਜਾਈ ਅੜਿਆ ਵਿਹੁ ਗਈ ਧਾਇ ਕੈ॥...
ਅੰਤ : ਸੁਣ ਵੇ ਦਿਆਲ਼ ਸਿੰਘਾ ਤੁ ਭਾਈ॥ ਮੈ ਹੁਣ ਪ੍ਰਭ ਜੀ ਅੰਗ ਲਗਾਈ ॥ ਮੇਰੀ ਇਛ ਪੁੰਨੀ ਵਰਿਆਈ॥ ਤਨ ਵਿਚ ਪੀੜ ਨ ਰਹੀਆ ਕਾਈ ॥ ਸਭੇ ਗਵਾਈਆਂ ਦੋਹਰਾ ॥ ਜਿਉ ਸੁਖ ਰਾਧੇ ਜੀ ਲਯੋ ਤਿਯੋ ਸੁਖ ਦੀਜੇ ਸੁਜਾਂਮ॥ ਚਿੰਤ ਸਗਲ ਮਿਟਾਈਐ ਪਾਵੋ ਸੁਖ ਬਿਸ੍ਰਾਮ॥੧੩॥ ਦਿਆਲ ਸਿੰਘ ਕ੍ਰਿਤਿ ਇਤ ਰਾਧੇ ਕ੍ਰਿਸ੍ਨ ਜੀ ਕਾ ਬਾਰਾਮਾਹਾ ਸੰਪੂਰਣੰ॥

ਹੱਥ ਲਿਖਤ ਨੰ : MS 29 ਘ
ਸਿਰਲੇਖ : ਬਾਰ (ਵਾਰ)
ਲੇਖਕ : ਗੁਰਬਖਸ਼ ਸਿੰਘ
ਸਮਾਂ : ਸੰਮਤ 1888 ਬਿਕਰਮੀ (ਦੂਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 44 ਅ – 48 ਅ
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਹਫ਼ਤੇ ਦੇ ਦਿਨਾਂ (ਵਾਰ) ਬਾਰੇ ਦੱਸਿਆ ਹੋਇਆ ਹੈ॥
ਆਮ ਵੇਰਵਾ : ਓਹੀ
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਬਾਰ ਲਿਖਤੇ॥ ਆਇਤਵਾਰ ਇਸ਼ਕ ਏਹ ਆਖੇ ਸੁਣ ਲੈ ਬਾਤ ਹਮਾਰੀ ਪ੍ਰਾਣ ਪਿਆਰੀ॥ ਚਾਰੋ ਤਰਫ ਵਿਲਾਇਤਿ ਸੂਬੇ ਮੇਰੇ ਹੈ ਸਿਰਦਾਰੀ ਤੇ ਗੁਲਜਾਰੀ॥ ਸਾਬਤ ਸਿਦਕ ਜਿਨਾ ਦਾ ਹੋਏ ਬਣੇ ਮਰਾਤਬ ਭਾਰੀ ਸਿਫਤ ਸੁਆਰੀ॥ ਕਹਿ ਗੁਰਬਖਸ਼ ਸਿੰਘ ਦੇਹ ਕੁਦਰਤ ਦੇਖੋ ਨੈਨ ਪਸਾਰੀ ਖੇਲ ਲਿਖਾਰੀ॥ ਦਿਲ ਦਰਿਆ ਸਮੁੰਦ੍ਰ ਡੂੰਘਾ ਕੌਣ ਦਿਲਾਂ ਦੀਆਂ ਜਾਨੇ ਹਾਲ ਪਛਾਣੇ॥...
ਅੰਤ : ...ਡਾਢੇ ਨਾਲ ਯਰਾਨਾ ਕੇਹਾ ਕਰਦੇ ਬੇਪਰਵਾਹੀ ਸੌਕ ਸਲਾਹੀ॥ ਅਸਲੋ ਪ੍ਰੀਤਿ ਬਿਅਦਲੀ ਬੇਗਮ ਬਡੀ ਬਿ ਮੁਨਸਬ ਆਹੀ ਬੇਗਮ ਰਾਹੀ॥ ਮਿਲੇ ਤ ਜਲੇ ਪਤੰਗ ਨਸੀਹਤ ਬਿਛਰਤ ਜਿਉ ਜਲ ਮਾਹੀ ਦਰਦਾ ਫਾਹੀ॥ ਪ੍ਰੇਮ ਕੁਆਰਿ ਜੇ ਸਦਾ ਕੁਆਰੀ ਕਿਨੇ ਨ ਮੰਗੀ ਵਿਆਹੀ ਫਤੇ ਇਲਾਹੀ॥੪॥੧॥੪॥

ਹੱਥ ਲਿਖਤ ਨੰ : MS 29 ਛ
ਸਿਰਲੇਖ : ਵਾਰਾਂ ਭਾਈ ਗੁਰਦਾਸ : ਭਗਤਾ ਬਾਰੇ
ਲੇਖਕ : ਭਾਈ ਗੁਰਦਾਸ
ਸਮਾਂ : ਸੰਮਤ 1888 (ਲਿਪੀਕਾਲ) (ਦੂਜੀ ਪੋਥੀ ਦੇ ਹਵਾਲੇ ਨਾਲ)
ਪੱਤਰੇ : 1 – 13
ਆਕਾਰ : 11X16 ਸ.ਮ. ਲਿਖਤ: 8X12 ਸ.ਮ.
ਵੇਰਵਾ : ਸਿਆਹੀ ਕਾਲੀ ਪਰ ਕੁਝ ਮਧਮ ਹੈ॥ ਹਾਸ਼ੀਆਂ ਦੋ ਕਾਲੀਆਂ ਲਕੀਰਾਂ ਖੜ੍ਹੇ ਰੁਖ । ਇਥੇ ਹਾਸ਼ੀਆਂ ਬਾਕੀ ਪੋਥੀ ਨਾਲੋਂ ਵਖਰਾ ਹੈ। ਵਿਚੋਂ ਲਾਲ ਲਕੀਰ ਕੱਟ ਦਿਤੀ ਹੈ। ਸਤਰਾ ਪ੍ਰਤੀ ਪੰਨਾਂ ੮॥
ਆਮ ਵੇਰਵਾ : ਸਾਰੀ ਪੋਥੀ ਵਿਚ ਕੇਵਲ ਇਹੀ ਇੱਕ ਕ੍ਰਿਤੀ ਹੈ ਜਿਸ ਦੇ ਅੰਤ ਵਿਚ ਮਿਤੀ ਦਿੱਤੀ ਗਈ ਹੈ॥
ਆਰੰਭ : ੧ਓ ਸਤਿਗੁਰ ਪ੍ਰਸਾਦਿ॥ ਧ੍ਰੂੰ ਹਸਦਾ ਘਰਿ ਆਇਆ ਕਰਿ ਪਿਆਰ ਪਿਤਾ ਕੁਛੜਿ ਲੀਤਾ॥ ਬਾਹਹੁ ਪਕੜਿ ਉਠਾਲਿਆ ਮਨਿ ਵਿਚਿ ਰੋਸੁ ਮੜ੍ਹੋਈ ਕੀਤਾ॥...
ਅੰਤ : ...ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣ ਕੀਤਾ ਹਰਿ ਨ ਚਿਤਾਰੇ॥ ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ॥ ਭਲੇ ਭਲੇ ਕਰਿ ਮੰਨੀਅਨਿ ਬੁਰਿਆ ਦੇ ਹਰਿ ਕਾਜ ਸਵਾਰੇ॥ ਪਾਪ ਕਰੰਦੇ ਪਤਿਤ ਉਧਾਰੇ॥ ਸੰਮਤੁ 1888 ਭਾਦੋਂ ।੩।

ਹੱਥ ਲਿਖਤ ਨੰ : MS 29 ਚ
ਸਿਰਲੇਖ : ਗੁਰ ਪ੍ਰਨਾਲੀ
ਲੇਖਕ : ਸ਼ਿਵ ਦਯਾਲ ਚੋਪਦਾਰ
ਲਿਖਾਰੀ : ਹਰਦਾਸ
ਪੱਤਰੇ : 14 – 24
ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਆਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਗੁਰ ਪ੍ਰਨਾਲੀ ਲਿਖਯਤੇ॥ ਪ੍ਰਿਥਮੇ ਸੰਭੂ ਮੁਨ ਰਘੁ ਅਜੁ ਦਸਰਥ ਰਾਮ ਚੰਦ੍ਰ ਜੀ॥ ਲਵ ਕੁਸੂ ਕੀ ਅੰਸ ਮੈ ਬੇਦੀ ਚਤ੍ਰਸਾਲਾ ॥ਲੋਪਰਾਇ॥ ਰਾਮਾ ਪੁੰਜੁ ਸਾਹਿਣਾ ॥ ਕਾਲੂ ਕੇ ਘਰ ਬੇਦੀ ਬੰਸ। ਪਵਿਤ੍ਰ ਮਧ ਮਾਤਾ ਤ੍ਰਿਪਤਾ ਜੀ ਕੇ ਉਦ੍ਰ ਤੇ ਜਗਤ ਉਧਾਰ ਹੇਤ ਸ੍ਰੀ ਗੁਰੁ ਨਾਨਕ ਜੀ ਜਨਮੁ ਲੀਆ॥...

ਅੰਤ : ...ਮਾਤਾ ਸਾਹਬ ਦੇਵੀ ਕੀ ਗੋਦੀ ਖਾਲਸੇ ਜੀ ਕੋਉ ਡਾਲ ਕੈ ॥ ਪੰਜ ਪੈਸੇ ਨਲੇਰ ਗ੍ਰੰਥ ਜੀ ਅਗੇ ਮਥਾ ਟੇਕ ਕਰ ਸ਼ਬਦ ਸੁਣਤੇ ਹੋਏ ਕਮਰ ਕਸੇ ਸੰਜੁਗਤਿ ਚਿਖਾ ਪਰ ਜਾਇ ਬਰਾਜ ਜੋਤੀ ਜੋਤ ਸਮਾਏ ॥ ਸਾਰੀ ਆਯੂਰ ੪੨ ਬ੍ਰਖ ੯ ਮਾਸ ੨੯ ਦਿਨ ਭੋਗੀ ਜੋਤੀ ਜੋਤ ਸਾਮਉਣ ਕਾ ਸਥਾਨ ਸ੍ਰੀ ਅਬਚਲ ਨਗਰੁ ਹੈ॥ ਇਤਿ ਸ੍ਰੀ ਗੁਰ ਪ੍ਰਨਾਲੀ ਸੰਪੂਰਨੰ॥ ੧●॥ ਸ੍ਰੀ ਗੁਰੁ ਨਾਨਕ ਜੀ ਸਹਾਇ॥ ਸ੍ਰੀ ਗੁਰੂ ਨਾਨਕ ਆਦ ਤੇ ਦਸਮ ਗੁਰੂ ਤਕ ਜਾਨ॥ ਗੁਰ ਪ੍ਰਨਾਲੀ ਸੋਧ ਕੇ ਲਿਖੀ ਹਰਦਾਸ ਜਮਾਨ॥ ਤਥਾ ਸੰਤ ਸਹਾਇ॥ (ਗੁਰ ਪ੍ਰਨਾਲੀ ਸਿਵ ਦਯਾਲ ਚੋਪਦਾਰ) ਹੜਤਾਲ ਫੇਰ ਕੇ ਕਟਿਆ ਹੈ॥॥

ਹੱਥ ਲਿਖਤ ਨੰ : MS 29 ਛ

ਸਿਰਲੇਖ : ਭਗਤਾਵਲੀ

ਲੇਖਕ : ਮਲੂਕ ਦਾਸ

ਪੱਤਰੇ : 10 – 14 ੳ

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਸਤਰਾਂ ਪ੍ਰਤੀ ਪੰਨਾਂ 9

ਆਮ ਵੇਰਵਾ : ਇਹ ਹੱਥ ਲਿਖਤ 29 ਦੀ ਚੌਥੀ ਪੋਥੀ ਦੇ ਪਤ੍ਰਾ 10 ਤੋਂ ਸ਼ੁਰੂ ਹੁੰਦੀ ਹੈ। ਇਸ ਵਿਚ ਪਹਿਲੇ ੯ ਪੱਤਰੇ ਨਹੀਂ ਹਨ॥

ਆਰੰਭ : ਭਗਤਾਵਲੀ ਮਲੂਕ ਦਾਸ ਜੀ ਕੀ ॥ਚੌਪਈ॥ ਭਗਤਿ ਵਛਲਿ ਸੰਤਨ ਸੁਖਦਾਈ ॥ ਜਨ ਕੇ ਦੂਖ ਨਿਵਾਰੋ ਭਾਈ॥ ਜਨ ਕੇ ਦੁਖੀ ਆਪ ਦੁਖੁ ਪਾਵੇ॥ ਬਾਂਧਾ ਹੋਵੇ ਆਇ ਛਡਾਵੈ ॥ ਚੌਪਈ ॥ ਬੰਦੀ ਛੋਡੁ ਕਿਸਨ ਕਾ ਬਾਣਾ॥ ਸੋ ਤੋ ਤੀਨ ਲੋਕ ਸਭ ਜਾਣਾ॥ ਜੈਸੇ ਬਾਲਕ ਪਾਲੇ ਮਹਿਤਾਰੀ॥ ਤੈਸੀ ਰਛਿਆ ਕਰੋ ਮੁਰਾਰੀ॥੨॥...

ਅੰਤ : ...ਦੇਉ ਪਿਤਰਿ ਕੋਉ ਕਾਜ ਨ ਆਵੈ॥ ਪਾਹਨ ਪੂਜਾ ਆਪ ਡਹਕਾਵੈ॥ ਜਬ ਕੇ ਸਰਨ ਰਾਮ ਕੀ ਆਏ॥ ਦਾਸ ਮਲੂਕ ਪਰਮ ਸੁਖ ਪਾਏ॥੩੪॥ ਭਗਤਾਵਲੀ ਸਪੁਰਨ ਹੋਈ॥

ਹੱਥ ਲਿਖਤ ਨੰ : MS 29 ਜ

ਸਿਰਲੇਖ : ਸਵਯੈ ਪਾਤਸ਼ਾਹੀ 10

ਲਿਖਾਰੀ : ਦਯੋ ਮਿਸਰ

ਪੱਤਰੇ : 14 ੳ 18

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਇਸ ਰਚਨਾ ਤੋਂ ਬਾਅਦ ਇਕ ਪੱਤਰਾ ਹਾਸੀਏ ਵਾਲਾ ਖਾਲੀ ਹੈ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਮਾਰੂ ਬਜੈ ਮਹਾ ਮਾਰਿ
ਮਚੇ ਪੀਏ ਮਯਕੇ ਮਹੀਮ ਮਹਾ ਮਤਵਾਰੇ ॥

ਕਿਯੋ ਹੂੰ ਨਭਾਜਤ ਗਾਜਤ ਹੈ ਰਣ ਢੋਲ ਮ੍ਰਿੰਦੰਗ ਬਜਾਇ ਨਗਾਰੇ॥
ਮਾਰ ਹੀ ਮਾਰ ਪੁਕਾਰਿ ਸਭੈ ਭਟ ਆਨਿ ਪਰ ਹਥਿਆਰ ਉਘਾਰੇ।
ਭਾਰੇ ਪਰੇ ਅਹਿ ਮਾਰੇ ਮਹੀਪਰ ਹਾਥ ਲਗੇ ਹਨ ਵੰਤ ਤਿਹਾਰੇ॥...

ਅੰਤ : ...ਜੁਧਿ ਜਿਤੇ ਇਨ ਹੀ ਕੇ ਪ੍ਰਸਾਦਿ। ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੈ॥
.. ਦੋਹਰਾ॥ ਚਟ ਪਟਾਂਇ ਚਿਤ ਮੈ ਜਰਿਯੋ ਤ੍ਰਿਣ ਜਿਉ ਸੁਧਤ ਹੋਇ ॥ ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੁ ਰੋਇ ॥੮॥

ਹੱਥ ਲਿਖਤ ਨੰ : MS 29 ਝ
ਸਿਰਲੇਖ : ਪ੍ਰਸਨੋਤ੍ਰੀ ਧੰਨਾ ਤੇ ਤ੍ਰਿਲੋਚਣ
ਪੱਤਰੇ : 1-4 ੳ
ਆਕਾਰ : ਓਹੀ ਲਿਖਤ: ਓਹੀ
ਵੇਰਵਾ : ਸਤਰਾਂ ਪ੍ਰਤੀ ਪੰਨਾ 9 ਹਨ ।
ਆਮ ਵੇਰਵਾ : ਹ. ਲਿ. 29 ਦੀ ਇਹ ਪੰਜਵੀ ਪੋਥੀ ਹੈ। ਆਰੰਭ ਦੀ ਪਹਿਲੀ ਸਤਰ ਵਿਚ ਹੜਤਾਲ ਫੇਰੀ ਹੋਈ ਹੈ। ਕਾਨੀ ਬਦਲੀ ਹੋਈ ਹੈ। ਪਤਰਾ ਨੰ 1 ਤੋਂ ਪਹਿਲਾਂ $1^{1/2}$ ਪਤਰੇ ਹਾਸ਼ੀਏ ਵਾਲੇ ਖਾਲੀ ਛਡੇ ਹੋਏ ਹਨ।
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਰਾਗ ਧਨਾਸਰੀ॥
ਧੰਨਾ ਚਾਰੇ ਗਾਈ ਬਾਹਮਣ ਨਿਕਮਿਆਂ ਆਇ॥
ਨਾਇ ਧੋਇ ਪੂਜਾ ਬਿਸਥਾਰੀ ਬੈਠਾ ਧਿਆਨੁ ਲਗਾਇ॥
ਧੰਨਾ ਆਖੇ ਮੇਰਾ ਦਾਦਾ ਆਪਣੀ ਚਰਣੀ ਲਾਇ॥੧॥...

ਅੰਤ : ...ਬ੍ਰਹਮਣ ਨੋ ਹਰਿ ਦਰਸਨੁ ਹੋਆ ਧੰਨੇ ਗੁਰੂ ਤਰਾਇਆ॥
ਗੋਰਖਨਾਥਿ ਮਛਿੰਦ੍ਰ ਉਧਾਰਿਆ ਕਢਿ ਸਿੰਘਲਾਦੀਪੋਹ ਲਿਆਇਆ॥
ਭਗਤਨ ਕਾ ਹਿਤਕਾਰੀ ਠਾਕੁਰ ਧੰਨੇ ਧੰਨ ਕਰਾਇਆ॥੧੫॥
ਕਬੀਰੁ ਸਾਧ ਸਤੀ ਪਰਮਾਰਥੀ ਘਨ ਜਿਉ ਬਰਸੇਹਿ ਆਇ॥
ਅਗਲੇ ਕੀਤੇ ਖਾਨਿ ਵਾਰ ਤੇ ਅਪਨਾ ਪਾਰਸ ਲਾਇ॥੧੬॥

ਹੱਥ ਲਿਖਤ ਨੰ : MS 29 ਞ
ਸਿਰਲੇਖ : ਗੁਰ ਪ੍ਰਨਾਲੀ
ਪੱਤਰੇ : 4 ੳ-4 ਅ
ਆਕਾਰ : 11X6 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਪ੍ਰਿਥਮ ਬਾਬਾ ਨਾਨਕ ਜੀ ਗੁਰੂ ਤਿਨ ਕੇ ਪੁਤ੍ਰ ਦੋਇ॥ ਸ੍ਰੀ ਚੰਦ ਜੀ ਲਖਮੀਦਾਸ ਜੀ...

ਅੰਤ : ...ਗੁਰਆਈ ਗੁਰੂ ਹਰਿ ਰਾਇ ਜੋਗ ਮਿਲੀ॥ ਗੁਰੂ ਹਰਿ ਰਾਇ ਜੀ॥ ਤਿਨਕੇ ਬੇਟੇ ਦੋਇ॥ ਗੁਰੂ ਹਰਿ ਕ੍ਰਿਸ਼ਨ ਜੀ॥ ਰਾਮ ਰਾਇ ਜੀ ॥ ਫੇਰਿ ਗੁਰਿਆਈ ਗੁਰੂ ਹਰਿ ਕ੍ਰਿਸ਼ਨ.....

ਹੱਥ ਲਿਖਤ ਨੰ : MS 29 ਟ
ਸਿਰਲੇਖ : ਤਨਖਾਹਨਾਮਾ
ਲੇਖਕ : ਭਾਈ ਨੰਦ ਲਾਲ
ਪੱਤਰੇ : 1-7 ੳ
ਆਕਾਰ : ਓਹੀ ਲਿਖਤ: ਓਹੀ
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਤਨਖਾਹ ਨਾਮਾ॥ ਪ੍ਰਸ਼ਨ ਕਰਨਾ ਭਾਈ ਨੰਦ ਲਾਲ ਜੀ। ਵਾਕ ਗੁਰੂ ਗੋਬਿੰਦ ਸਿੰਘ ਜੀ ਕੇ॥੧॥ ਦੋਹਰਾ॥ ਪ੍ਰਸਨਿ ਕੀਆ ਨੰਦ ਲਾਲ ਜੀ ਗੁਰੂ ਬਤਾਈਐ ਮੋਹਿ॥ ਕਵਨ ਕਰਮ ਇਨ ਜੋਗ ਹੈ ਕਵਨ ਕਰਮ ਨਹੀਂ ਸੋਹਿ॥੨॥...
ਅੰਤ : ...ਦੋਹਰਾ॥ ਰਾਜ ਕਰੈਗਾ ਖਾਲਸਾ ਆਕੀ ਰਹੈ ਨ ਕੋਇ॥ ਖੁਆਰਿ ਹੋਇ ਸਭਿ ਮਿਲੈਗੀ ਬਚੈ ਸਰਨ ਜੋ ਹੋਇ॥ ਇਤਿ ਸ੍ਰੀ ਨਸੀਹਤਿ ਨਾਮਾ ਸਪੂਰਨੰ॥ ਪੰਡੰਤੇ ਸੁਣੰਤੇ ਮੋਖਿ ਮੁਕਤਿ ਪਾਵੇ॥੨॥

ਹੱਥ ਲਿਖਤ ਨੰ : MS 29 ਠ
ਸਿਰਲੇਖ : ਰਹਿਤਨਾਮਾ
ਲੇਖਕ : ਭਾਈ ਪਹਿਲਾਦ ਸਿੰਘ
ਪੱਤਰੇ : 7 ਅ-13 ੳ
ਆਕਾਰ : 11X16 ਸ. ਮ. ਲਿਖਤ: 8X12 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੳ ਵਾਹਗੁਰੂ ਜੀ ਕੀ ਫਤੇ॥ ਬਚਨ ਸ੍ਰੀ ਮੁਖਵਾਕ ਪਾਤਸ਼ਾਹੀ ੧●॥ ਦਰਿ ਆਈ ਉਦਾਸੀ ਕੇ ਪਰਧਾਇ ਹੋਆ॥ ਦੋਹਰਾ॥ ਅਬਚਲ ਨਗਰ ਬੈਠੇ ਗੁਰੂ ਮਨ ਮਾਹਿ ਕੀਆ ਬਿਚਾਰ॥ ਬੋਲਿਆ ਪੂਰਾ ਸਤਿਗੁਰੂ ਮੂਰਿਤ ਸ੍ਰੀ ਕਰਤਾਰ॥੨॥ ਹੁਕਮ ਹੋਆ ਪਹਲਾਦਿ ਸਿੰਘ ਬਿਖ ਜਾਤਿ ਹਸਰਾਇ॥ ਨਿਕਟ ਬੁਲਾਇਆ ਗੁਰੂ ਜੀ ਲੀਤੋ ਕੰਠ ਲਗਾਇ॥੩॥...
ਅੰਤ : ...ਰਹਿਤ ਰਹੈ ਸੋਈ ਸਿਖੁ ਮੇਰਾ॥ ਓਹਿ ਸਾਹਿਬੁ ਮੈ ਉਸ ਕਾ ਚੇਰਾ॥ ਕਰੈ ਅਕਾਲ ਪੁਰਖ ਕਾ ਆਸ॥ ਜਨਮ ਜਨਮ ਕਟਿ ਡਾਰੇ ਫਾਸ।੩੪॥ਦੋਹਰਾ॥ ਸਤਿ ਅਕਾਲ ਸ੍ਰੀ ਵਾਹਗੁਰੂ ਪਰਮ ਬੀਜਾਇਤ ਮੰਤ॥ ਸਭ ਸਿਖਨ ਕੋ ਬਚਨ ਹੈ ਇਹ ਕਹਿਓ ਆਦਿ ਅਰ ਅੰਤ॥੩੫॥ਰਹਿਤਨਾਮਾ ਪੂਰਨ ਹੋਇਆ॥

ਹੱਥ ਲਿਖਤ ਨੰ : MS 29 ਡ
ਸਿਰਲੇਖ : ਨਸੀਹਤਨਾਮਾ
ਪੱਤਰੇ : 13 ੳ - 16 ਅ
ਆਕਾਰ : 11X16 ਸ. ਮ. ਲਿਖਤ: 8X12 ਸ. ਮ.
ਵੇਰਵਾ : ਨਸੀਹਤਾਂ ਦਿੱਤੀਆਂ ਹੋਈਆਂ।
ਆਮ ਵੇਰਵਾ : ਓਹੀ
ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਰਾਗੁ ਤਿਲੰਗ ਮਹਲਾ॥੧॥ ਕੀਚੇ ਨੇਕ ਨਾਮੀ ਜੁ ਦੇਵੇ ਖੁਦਾਇ॥ ਜੋ ਦੀਸੇ ਜਿਮੀ ਪਰ ਸੁ ਹੋਸੀ ਫਨਾਹਿ॥ ਦਾਇਮ ਨ ਦਉਲਤ ਕਸੇ ਬੇਸੁਮਾਰ॥ ਨ ਰਹੇਗੇ ਕਰੋੜੀ ਨ ਰਹੇਗੇ ਹਜਾਰ॥...

ਅੰਤ : …ਤੋਬਾ ਨ ਕੀਤਿਆਂ ਕਰਦਿਆਂ ਗੁਨਾਹੁ॥ ਕਰੈ ਅਰਜ ਬੰਦਗੀ ਬਾਬਾ ਨਾਨਕ ਐਸੇ ਆਲਮ ਤੇ ਤੇਰੀ ਪਨਾਹੁ॥ ਸੰਪੂਰਨੰ॥

ਹੱਥ ਲਿਖਤ ਨੰ : MS 29 ਢ
ਸਿਰਲੇਖ : ਮੰਤ੍ਰ ਤੇ ਫਲ
ਪੱਤਰੇ : 16 ਅ -24 ਅ
ਆਕਾਰ : 11X16 ਸ. ਮ. ਲਿਖਤ: 8X12 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਸਤਿ ਸ੍ਰੀ ਗੁਰੂ ਨਾਨਕ ਚੰਦ ਜੀ ਕੋ ਨਮਸਕਾਰ॥੧॥ ਸਤਿਨਾਮੁ ਕਰਤਾ ਪੁਰਖ॥ ਓਅੰ ਆਦਿ ਨਮੈ ਅੰਤ॥੧●●●॥ਬਾਰੀ ਜਪਨਾ ਰਵਵਾਰ ਤੇ ਲੈ ਕਰ ਸੂਰਜ ਕੇ ਸਨਮੁਖ ਚੋਰਾਸੀ ਤੇ ਛੁਟੈ॥੧॥
ਅੰਤ : …ਏ ਸਭੋ ਮੰਤ੍ਰ ਕੁਸਾ ਕੀ ਮਾਲਾ ਨਾਲ ਅਥਵਾ ਮਾਲਾ ਮੋਤੀ ਮਾਲਾ ਸੁਵਰਨ ਮਾਲਾ ਰੋਮ ਮਾਲਾ ਨਾਲ ਜਪੇ॥ ਪੂਰਬ ਦਿਸਾ ਮੁਖ ਰਾਖੈ ਕਾਲੇ ਆਸਨ ਬਿਨਾਂ ਸਭੋ ਆਸਨ ਹਛੇ॥ ਇਤਿ ਸ੍ਰੀ ਜਗਤ ਗੁਰ ਨਾਨਕ ਸਾਖਾਯਾਯੰ ਜਪੁ ਪਰਭਾਖਾਯੰ ਮੰਤ੍ਰ ਫਲਦੇਵੰ ਸੰਪੂਰਣੰ॥ ਲੋਮ ਸਿਧਾ ਜਪਣਾ॥ ਬਲੋਮ ਪੁਠਾ ਜਪਣਾ॥ ਅਨਲੋਮ ਸਿੱਧਾ ਪੁਠਾ ਜਪਣਾ॥੧॥

ਹੱਥ ਲਿਖਤ ਨੰ : MS 29 ਣ
ਸਿਰਲੇਖ : ਰਾਜਨੀਤ
ਲੇਖਕ : ਦੇਵੀਦਾਸ
ਪੱਤਰੇ : 24 ਅ - 56
ਆਕਾਰ : 11X16 ਸ. ਮ. ਲਿਖਤ: 8X12 ਸ. ਮ.
ਵੇਰਵਾ : ਰਚਨਾ ਦੇ ਅਖੀਰ ਵਿਚ 4 ਪੱਤਰੇ ਹਾਸ਼ੀਏ ਵਾਲੇ ਖਾਲੀ।
ਆਮ ਵੇਰਵਾ : ਓਹੀ
ਆਰੰਭ : ੧ੴ ਗਣੇਸਾਏ ਨਮ:॥ਕਬਿਤ ਲਿਖਯਤੇ॥ ਨੀਤ ਹੀ ਤੈ ਧਰਮ ਧਰਮ ਹੀ ਤੇ ਸਭ ਸਿਧ ਨੀਤ ਹੀ ਤੇ ਆਦਰ ਸਭਨ ਬੀਚ ਪਾਈਯੈ॥ ਨੀਤ ਸੈ ਅਨੀਤ ਛੁਟੈ ਨੀਤ ਹੀ ਤੈ ਸੁਖ ਲੁੱਟੇ ਨੀਤ ਲੀਏ ਬੋਲੈ ਭਲੋ ਬਕਤਾ ਕਹਾਇਯੇ॥…
ਅੰਤ : …ਕਬਿਤੁ॥ ਜਬ ਜਬ ਗਾਢ ਪਰੀ ਦਾਸਨ ਕੌ ਦੇਵੀ ਦਾਸ ਤਬ ਤਬ ਸਹਾਇ ਹਰ ਜੂ ਨੈ ਆਪ ਕੀਨੋ ਹੈ॥ ਜੈਸੇ ਕਛੂ ਨਰ ਹਰਿ ਦੇਵ ਜੂ ਦਯਾ ਨਿਧਾਨ ॥ ਐਸੇ ਕੋਨ ਅਵਤਾਰ ਦਯਾ ਰਸ ਭੀਨੋ ਹੈ॥ ਮਾਤਾਨਕੇ ਪੇਟ ਤੈ ਸਰੂਪ ਧਰਯੋ ਠੌਰ ਠੌਰ ਸੋਤੌ ਹੈ ਉਚਤ ਐਸੋ ਔਰ ਕੋਈ ਪਰਬੀਨੋ ਹੈ॥ ਪ੍ਰਹਲਾਦ ਹੇਤ ਜਾਂਠ ਨਾਬਰ ਕੇ ਬਾਧੇ ਆਪ ਪਾਥਰ ਕੇ ਪੇਟ ਮੈ ਤੇ ਆਪ ਅਵਤਾਰ ਲੀਨੋ ਹੈ॥੧੧੮॥ ਇਤ ਸ੍ਰੀ ਦੇਵੀ ਦਾਸ ਕੁਬਿਤੁ ਕ੍ਰਿਤ ਰਾਜਨੀਤ ਸੰਪੂਰਣੰ ॥

ਹੱਥ ਲਿਖਤ ਨੰ : MS 30
ਸਿਰਲੇਖ : ਪੰਚਦਸੀ
ਲੇਖਕ : ਦੇਵੀਦਾਸ
ਪੱਤਰੇ : 229 (ਅਧੂਰੀ)
ਆਕਾਰ : 35X32 ਸ. ਮ. ਲਿਖਤ: 15X123 ਸ. ਮ.

ਵੇਰਵਾ : ਜਿਲਦ ਗੱਤਾ, ਕਪੜਾ ਟੁੱਟੀ ਹੋਈ, ਤੇ ਉਖੜੀ ਹੋਈ; ਸਿਆਹੀ ਕਾਲੀ; ਸਤਰਾਂ ਪ੍ਰਤੀ ਪੰਨਾ 18 ਬਗੈਰ ਹਾਸ਼ੀਏ ਤੋਂ ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ 5 ਪੱਤਰੇ ਅਤੇ ਬਾਅਦ ਵਿਚ 8 ਪੱਤਰੇ ਖਾਲੀ ਹਨ। ਪੋਥੀ ਕਿਰਮ ਖੁਰਦਾ ਹੈ। ਅਧੂਰੀ ਹੈ। ਪੋਥੀ ਦੇ ਸ਼ੁਰੂ ਵਿਚ ਸ੍ਰੀ ਮਹਾਂਭਾਰਤ ਸਭਾ ਦੀ ਸੁੰਦਰ ਫੋਟੋ ਲਗੀ ਹੋਈ ਕਿਤੇ- ਕਿਤੇ ਕਾਨੀ ਬਦਲੀ ਹੋਈ ਹੈ। ਲਿਖਤ ਸੁੰਦਰ, ਬਹੁਤ ਮੋਟਾ-2 ਲਿਖਿਆ ਹੈ। ਕਿਤੇ-੨ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ੧ੳ ਸ੍ਰੀ ਸਤਿਗੁਰ ਪ੍ਰਸਾਦਿ॥ ਸ੍ਰੀ ਮਤਿ ਗੰਗਾ ਰਾਮ ਗੁਰਚਰਨ ਕਮਲ ਕੀ ਸੇਵ॥ ਸੰਸੇ ਤਿਮਰ ਮਿਟਾਇਕੈ ਦਰਸਿਓ ਆਤਮਦੇਵ। ਅਥ ਪੰਚਦਸੀ ਭਾਸ਼ਾਂ ਵਾਰਤਕ ਲਿਖਯਤੇ। ਪਹਲੇ ਵਵੇਕ ਕਾ ਨਾਮ ਪ੍ਰਤ ਇਸ ਤੇ ਪੰਚਕ ਤਤ੍ਵ ਵਵੇਕ ਹੈ॥ ਤਿਸ ਕੇ ਆਂਦ ਵਿਖੇ ਟੀਕਾਕਾਰ ਕਾ ਮੰਗਲਾਚਰ ਦਸੀਂ ਪੰਸਨ ਹੈ ॥ ਸ੍ਰੀ ਭਾਰਤੀ ਤੀਰਥ ਮੁਨੀਸਰ ਅਰ ਵਿਦਯਾਰਨ ਮੁਨੀਗਰਇ ਕੇ ਪੰਦਰਾਂ ਨਾਂ ਦੋਹਾਂ ਕੋ ਨਮਸਕਾਰ ਕਰਕੇ ਪ੍ਰਤਕ ਤਤ੍ਵ ਵਵੇਕ ਨਾਮਾਂ ਗ੍ਰੰਥਕਾਅਰ ਗ੍ਰੰਥ ਹੈ।...

ਅੰਤ : ...ਤੇ ਗੀਤਾ ਵਿਖੇ ਕਥਨ ਕੀਤਾ ਹੈ॥ ਕੇਵਲ ਕ੍ਰਮਾਂਕ ਕੇ ਰਾਜਾ ਜਨਕ ਸੇਂ ਆਦ ਲੇਕ੍ਰ ਕੇ ਬਹੁਤੇ ਸੰਸਿੱਧ ਕੋ ਪ੍ਰਾਪਤ ਭਏ ਹੈ॥ ਸੰਸਿੱਧ ਨਾਮ ਮੌਖ ਕਾ ਹੈ॥ ਗਜਾਨ ਸਹਤ ਕ੍ਰਮ ਉਪਾਸ੍ਨਾ ਮੌਖ ਦਾ ਕਾਰਣ ਹੈ॥ ਇਸ ਵਿਖੇ ਭੀ ਈਸਾਂਵਾ ਉਪਨਿਖਦ ਕੀ ਸ੍ਰੁਤਿ ਪ੍ਰਮਾਣ ਹੈ॥ ਤਿਸ ਵਿਖੇ ਇਹ ਕਥਨ ਕੀਤਾ ਹੈ॥ ਵਿਦਯਾ ਨੂੰ ਤੇ ਅਵਿਦਯਾ ਨੂੰ ਵਿਦਯਾ ਦਾ ਅ੍ਰਥੁ ਬ੍ਰਹਮ ਵਿਦਯਾ ਹੈ॥ ਤੇ ਅਵਿਦਯਾਂ ਦਾ ਅ੍ਰਥ ਕ੍ਰਮ ਉਪਾਸ੍ਨਾ ਹੈ ਏਨਾਂ ਦੁਹਾਂ ਨੂ ਜੋ ਅਕੱਠਿਆਂ ਜਾਣਤਾ ਹੈ ਅ੍ਰਥ ਇਹ ਗਯਾਨ ਕੀ ਪ੍ਰਾਪਤੋਇਆਂ ਭੀ ਜੋ ਪੁਰੱਖ ਉਪਾਸਨਾ ਕੋ ਕ੍ਰਤਾ ਹੈ॥ ਸੋ ਪੁਰਖੁ ਕ੍ਰਮ ਉਪਾਸ੍ਨਾਂ ਕ੍ਰਕੇ ਪਾਪਾਂ ਨੂੰ ਤੇ ਵਿਖੇਪ ਨੂੰ ਤਰ ਜਾਤਾ ਹੈ। ਤੇ ਬ੍ਰਹਮ ਦਿਜਾ ਕ੍ਰਕੇ ਵਿਦੇ.....

ਹੱਥ ਲਿਖਤ ਨੰ : MS 40

ਸਿਰਲੇਖ : ਨਾਨਕ ਸੂਰਜੋਦੇ ਜਨਮ ਸਾਖੀ

ਲੇਖਕ : ਬੇਦੀ ਗੁਨੇਸ਼ਾ ਸਿੰਘ

ਸਮਾਂ : ਸੰਬਤ 1906 (ਉਨੀ ਸਹਸ ਪਰ ਖਟ ਬਿੰਸਤ ਜਾਨੋ (ਰਚਨਾ ਕਾਲ)

ਪੱਤਰੇ : 1-405

ਆਕਾਰ : 25X34 ਸ. ਮ. ਲਿਖਤ: 17X25 ਸ. ਮ.

ਵੇਰਵਾ : ਜਿਲਦ ਗੱਤਾ, ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਖੜੇ ਰੁੱਖ ਦੋ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 15.

ਆਮ ਵੇਰਵਾ : ਗ੍ਰੰਥ ਦੀ ਹਾਲਤ ਕੁਝ ਚੰਗੀ ਕਿਤੇ ਕਿਤੇ ਕਿਰਮ ਖੁਰਦਾ। ਗ੍ਰੰਥ ਦੇ ਸ਼ੁਰੂ ਵਿਚ 6 ਪੱਤਰੇ ਖਾਲੀ, ਫਿਰ ਦੋ ਪੱਤਰਿਆਂ ਦੇ ਗ੍ਰੰਥ ਦਾ ਤਤਕਰਾ ਦਿੱਤਾ ਹੋਇਆ ਹੈ। ਉਸ ਤੋਂ ਬਾਅਦ ਫਿਰ 5 ਪੱਤਰੇ ਖਾਲੀ ਹਨ, ਗ੍ਰੰਥ ਦੇ ਅਖੀਰ ਵਿਚ ਤਿੰਨ ਹਾਸ਼ੀਏ ਵਾਲੇ ਪੱਤਰੇ ਖਾਲੀ ਹਨ। ਜਿਨ੍ਹਾਂ ਤੇ ਪੰਨਾ ਨੰ. 406, 407, 408 ਅੰਕਿਤ ਹੈ ਉਸ ਤੋਂ ਬਾਅਦ 6 ਪੱਤਰੇ ਖਾਲੀ ਹਨ। ਅੰਤ ਵਿਚ ੫੮ ਦੀ ਥਾਂ ਤੇ ੫੮੧ ਲਿਖਿਆ ਹੈ ।

ਆਰੰਭ : ੧ੳ ਸਤਿਗੁਰ ਪ੍ਰਸਾਦਿ॥ ਅਥ ਨਾਨਕ ਸੂਰਜੋਦੇ ਜਨਮ ਸਾਖੀ ਲਿਖਯਤੇ॥ ਦੋਹਰਾ। ਗੁਰ ਗਨਪਤਿ ਗਿਰਜਾ ਗਿਗੰਬਿਧ ਹਰਿ ਹਰ ਅਭਿਬੰਦ॥ ਸ੍ਰੀ ਨਾਨਕ ਪਾਵਨ ਕਥਾ ਰਚੁਤ ਗਨੇਸ ਮ੍ਰਿਗਿੰਦ॥

ਅੰਤ : ...ਸੰਬਤ ਉਨੀ ਸਹਸ ਪਰ ਖਟ ਬਿੰਸਤ ਜਾਨੋ ॥ ਅੱਸਨ ਸੁਦਿ ਦਸਮੀ ਬਿਜੈ ਭ੍ਰਿਗਵਾਰ ਪਛਾਨੋ॥ ਭਯੋ ਸਮਾਪਤਿ ਗ੍ਰੰਥ ਯਹ ਮਗ ਮੁਕਤਿ ਸਖਾਰਾ ॥ ਵਾਹਗੁਰੂ ਮੁਖ ਤੇ ਭਨੋ ਪਾਵਹ ਸੁਖ ਸਾਰਾ॥ ਦੋਹਰਾ॥ ਪਠੈ ਸੁਨੈ ਜਤ ਪ੍ਰੇਮ ਕੇ ਸ੍ਰੀ ਗੁਰਚੁਰ ਤਜੁ ਕੋਇ॥ ਮਨ ਬਾਂਛਤ ਫਲ ਪਾਵਹੀ ਅੰਤ ਪਰਮਗਤ

ਹੋਇ॥ ੪੩ ॥ ਇਤ ਸ੍ਰੀ ਮਤ ਨਾਨਕ ਸੂਰਜੋਦੇ ਗ੍ਰੰਥੇ ਉਤਾਰਧੇ ਬੇਧੀ ਗਣੇਸ ਸਿੰਘ ਬ੍ਰਿਚਤਾਯੰ ਸ੍ਰੀ ਗੁਰੂ ਨਾਨਕ ਜੀ ਕੋ ਸਚਖੰਡਨ ਧਜ਼ਾਨ ਬਰਨਨੰ ਨਾਮ ਅਸਟ ਪੰਚਾਸਮੋ ਮਯੂਖਹ । ੫੯੧ ।

ਹੱਥ ਲਿਖਤ ਨੰ : MS 41
ਸਿਰਲੇਖ : ਅਸ੍ਵਮੇਧ ਭਾਖਾ
ਲੇਖਕ : ਟਹਿਕਣ ਕਵੀ
ਪੱਤਰੇ : 1 - 480 ਅ
ਆਕਾਰ : 24X31 ਸ. ਮ. ਲਿਖਤ: 17X21 ਸ. ਮ.
ਵੇਰਵਾ : ਜਿਲਦ ਗੱਤਾ, ਕਪੜਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ । ਹਾਸ਼ੀਆਂ ਦੋਵੇਂ ਪਾਸੇ ਖੜੇ ਰੁਖ ਦੋ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ–15
ਆਮ ਵੇਰਵਾ : ਗ੍ਰੰਥ ਦੀ ਹਾਲਤ ਆਮ ਕਰਕੇ ਚੰਗੀ, ਕਿਤੇ ਕਿਤੇ ਕਿਰਮ ਖੁਰਦਾ। ਗ੍ਰੰਥ ਦੇ ਸ਼ੁਰੂ ਵਿਚ ਇਕ ਪੱਤਰਾ ਹਾਸ਼ੀਏ ਵਾਲਾ ਅਤੇ 15 ਪੱਤਰੇ ਬਿਨਾਂ ਹਾਸ਼ੀਆ ਖਾਲੀ ਹਨ ਅਤੇ ਅੰਤ ਵਿਚ 3 ਪੱਤਰੇ ਹਾਸ਼ੀਏ ਤੋਂ ਬਗੈਰ ਅਤੇ 2 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਅੰਤ ਤੇ 16 ਪੱਤਰੇ ਬਿਨਾ ਹਾਸੀਏ ਦੇ ਅਤੇ ਸ਼ੁਰੂ ਦੇ 15 ਖਾਲੀ ਪੱਤਰੇ ਬਾਕੀ ਪੱਤਰਿਆਂ ਤੋਂ ਅਲੱਗ ਹਨ।ਆਖਰੀ ਪੰਨੇ ਤੇ 61 ਨੰਬਰ ਦੋ ਛੰਦਾਂ ਨੂੰ ਦਿਤਾ ਹੈ ਪਰ 60 ਨੰਬਰ ਨਹੀਂ ਹੈ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਅਸਵਮੇਧ ਭਾਖਾ ਲਿਖਤੇ॥ ਓਅੰ ਗਣੇਸਾਯ ਨਮਹ॥ ਸ੍ਰੀ ਕਾਲਕਾਯੈ ਨਮਹ॥ ਓਅੰ ਸ੍ਰੀ ਨੰਦ ਲਾਲੋ ਜਯਤਿ॥ ਕ੍ਰਿਤਿ ਟਹਕਨ ਕੀ ॥ਚੌਪਈ॥ ਪ੍ਰਿਥਮੇ ਪ੍ਰਣਵੌਂ ਗਿਰਜਾ ਨੰਦਨ। ਸੰਕਰ ਤਨ ਗਨ ਬਿਘਨ ਨਿਕੰਦਨ॥ ਲੰਬੋਦਰ ਦੁਖ ਹਰ ਸੁਖ ਦਾਇਕ॥ ਬੁਧਿ ਸਦਨ ਅਘ ਔਘ ਬਿਨਾਸਨ। ਮੰਗਲ ਰੂਪ ਅਮੰਗਲ ਨਾਸਨ॥ ਅਸਰ ਨਸਰ ਨਸਰ ਨ ਸਗਲ ਜਗ ਬੰਦਨ ॥ ਸੇਵਤ ਸੁਰ ਨਰ ਸੌ ਸੁਰ ਚੰਦਨ॥ ਸ੍ਰੀ ਭਾਰਥ ਕੇ ਪਰਬ ਅਸਟ ਦਸਿ॥ ਤਿਨ ਮੈ ਅਸ੍ਵਮੇਧ ਅਦਭੁਤ ਰਸਿ॥ ਕੀਜੈ ਕ੍ਰਿਪਾ ਦਾਸ ਟਹਕਨ ਪਰਿ॥ ਸੰਪੂਰਨ ਭਾਖਾ ਬਰ ਨੋ ਬਰਿ॥੧॥...
ਅੰਤ : .... ਛਪਾ ॥ ਜਥਾ ਬੁਧਿ ਅਨੁਸਰੀ ਕੀਓ ਬਰਨਨੁ ਹੀਅ ਹਰਖਤਿ ॥ ਅਸਵਮੇਧ ਗੰਭੀਰ ਗ੍ਰੰਥਕ ਬਹੁਤੀ ਅਲਪ ਮਤਿ॥ ਕਛੁ ਕਉ ਕਤਿ ਬਲੁ ਬੁਧਿ ਕਛੁ ਕ ਪਰ ਕ੍ਰਿਤ ਹਰਿ ਲੀਨੀ॥ ਬੀਨਿ ਬੀਨਿ ਅਛਰ ਪ੍ਰਬੀਨ ਪੋਥੀ ਸੁਭ ਕੀਨੀ॥ ਸ੍ਰੀ ਨੰਦ ਲਾਲ ਕੀ ਕ੍ਰਿਪਾ ਸੋਹਯ ਕ੍ਰਤ ਕੀ ਭਾਖਾ ਕਰੀ॥ ਕਵ ਟਹਕਨ ਛਿਮਿ ਅਹੁ ਬੁਧਿ ਜਨੋਹੁ ਜਹਾਂ ਚੂਕਿ ਬਰਨਤਿ ਪਰੀ॥੬੧॥ ਦੋਹਰਾ॥ ਇਤਿ ਸ੍ਰੀ ਭਾਰਥ ਪਰਬਣੇ ਅਸੁਮੇਧ ਬਖਿਆਨਿ॥ ਕਵ ਟਹਕਨ ਧਿਆਉ ਤਿਹਤਰੋਹਯ ਕ੍ਰਤ ਪੂਰਨ ਜਾਂਨਿ॥੬੧॥ ਇਤਿ ਸ੍ਰੀ ਭਾਰਥ ਪੁਰਾਣੇ ਧਰਮ ਜਗ ਬਖਿਆਨੇ ਕ੍ਰਿਸਨ ਚਰਿਤ੍ਰ ਜਗ ਸੰਪੂਰਨੁ ਸਿਧ ਕਾਰਜ ਧਰਮ ਸਫਲ ਨਾਮੇ ਤ੍ਰਿਹਤਰੋ ਧਿਆਇ ॥ ੧੩ ॥ = ॥

ਹੱਥ ਲਿਖਤ ਨੰ : MS 42 ਸੰਗ੍ਰਹਿ
ਸਿਰਲੇਖ : ਛੰਦ ਰਤਨਾਵਲੀ
ਲੇਖਕ : ਹਰੀ ਰਾਮ ਦਾਸ ਨਿਰੰਜਨੀ
ਲਿਖਾਰੀ : ਸੋਢੀ, ਵਜ਼ੀਰ ਸਿੰਘ
ਸਮਾਂ : ਸੰਮਤ 1943
ਸਥਾਨ : ਪਸ਼ਾਵਰ
ਪੱਤਰੇ : 1 - 37
ਆਕਾਰ : 18X17 ਸ. ਮ. ਲਿਖਤ: 12X13 ਸ. ਮ.

ਵੇਰਵਾ : ਜਿਲਦ ਚਮੜਾ ਗੱਤਾ, ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਦੋ ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ-11 । ਇਹ 3 ਕ੍ਰਿਤੀਆਂ ਦਾ ਸੰਗ੍ਰਹਿ ਹੈ ।

ਆਮ ਵੇਰਵਾ : ਕਿਧਰੇ ਕਿਧਰੇ ਕਿਰਮ ਖੁਰਦਾ ਹੈ, ਕਈ ਥਾਂਈ ਕਾਨੀ ਬਦਲੀ ਹੋਈ ਹੈ। ਪੱਤਰਾ ਨੰਬਰ 1 ਅ, 2 ਉ-3 ਉ ਅਤੇ ਹੋਰ ਕਈ ਪੱਤਰਿਆਂ ਵਿਚ ਬਰੀਕ ਕਾਨੀ ਨਾਲ ਛੰਦਾਂ ਦੀ ਸੁਧਾਈ ਕੀਤੀ ਹੋਈ ਹੈ। ਦੋ ਤਿੰਨ ਥਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰਾ ਨੰਬਰ 8 ਉ ਅਤੇ 8 ਅ ਤੇ ਚੁਪਾਸੀ ਦੋ ਕਾਲੀਆਂ ਲਕੀਰਾਂ ਦੇ ਦੋ ਹਾਸ਼ੀਏ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ॥ਅਥ ਛੰਦ ਰਤਨਾਵਲੀ ਲਿਖਯਤੇ॥ਦੋਹਰਾ॥ ਗੁਰੁ ਗਨਪਤਿ ਗੋਵਿੰਦ ਕੌ ਨਾਯ ਸੀਸ ਹਰਿ ਰਾਮ॥ ਪਿੰਗਲ ਮਤ ਭਾਖਾ ਬਿਖੈ ਰਚਤ ਰੁਚਿਰ ਪਰਿਕਾਮ॥੧॥ ਮਤਾ ਵਰਨ ਬਿਭੇਦ ਕਰ ਦਵੈ ਬਿਧਿ ਲੋਕਿਕ ਛੰਦ । ਪਿੰਗਲ ਆਦਿ ਅਚਾਰ ਜਨ ਕਹੇ ਬਾਂਧਿ ਪਰ ਬੰਦ॥੨॥...

ਅੰਤ : ...ਗ੍ਰੰਥ ਛੰਦ ਰਤਨਾਵਲੀ ਸਾਰਥਿ ਯਾਕੋ ਨਾਮ॥ ਭੂਖਨ ਭਰਤੀ ਤੈ ਭਯੋ ਕਹੈ ਦਾਸ ਹਰਿ ਰਾਮ॥੧●੮॥ ਸੰਮਤ ਸਰ ਨਵਂ ਮੁਨਿਂ ਸਸੀ ਨਭ ਨਵਸੀ ਗੁਰੁ ਮਾਨਿ॥ ਡਿਡਵਾਨ ਦ੍ਰਿਢ ਕੂਪ ਜਹਿ ਗ੍ਰੰਥ ਜਨਮਸਥਲ ਜਾਨਿ॥੧●੯॥ ਇਤ ਸ੍ਰੀ ਹਰਿ ਰਾਮ ਦਾਸ ਨਿਰੰਜਨੀ ਕ੍ਰਿਤ ਛੰਦ ਰਤਨਾਵਲੀ ਸੰਪੂਰਨ॥੨॥ ਸੁਭੰ ਭਵੇਤ॥ ਮਾਘ ਅਸਿਤਸਰਏ ਕਹਯਨ ਇੰਦ ਕਰ ਗ੍ਰਹ ਮਹੀ॥ ਚਿੰਤਾਮਣੀ ਬਿਬੇਕ ਭ੍ਰਿਗੂ ਵਾਰ ਪੁਸਤਕ ਲਿਖਯੋ ॥ ਸੰਮਤ ॥ ੧੯੪੩ । ਮਗਰੋ ਦਿਨ ੧੫ ਲਿਖਯਾ ਸੋਢੀ ਵਜੀਰ ਸਿੰਘ ਪਸ਼ਾਵਰ ਮੋ ॥ = ॥

ਹੱਥ ਲਿਖਤ ਨੰ : MS 42 ਅ

ਸਿਰਲੇਖ : ਭਾਖਾ ਭੂਖਣ

ਲੇਖਕ : ਰਾਜਾ ਜਸਵੰਤ ਸਿੰਘ

(ਰਚਨਾ ਕਾਲ) ਸੰਮਤ 1943

ਸਮਾਂ : ਸੰਮਤ 1943

ਸਥਾਨ : ਪਸ਼ਾਵਰ ਛਾਵਣੀ

ਪੱਤਰੇ : 1-26 ਅ

ਆਕਾਰ : 18X17 ਸ.ਮ. ਲਿਖਤ: 12X13 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਲਿਖਤ ਸੁੰਦਰ ਹੈ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਇ ਨਮ:॥ ਅਥ ਭਾਖਾ ਭੂਖਣ ਲਿਖਯਤੇ ॥ ਕ੍ਰਿਤ ਕਵਿ ਰਾਜਾ ਜਸਵੰਤ ਸਿੰਘ॥ਦੋਹਰਾ॥ ਬਿਘਨ ਹਰਨ ਤੁਮ ਹੋ ਸਦਾ ਗਣਪਤਿ ਸਦ ਸੁਖ ਹੋਇ॥ ਬਿਨਤੀ ਕਰ ਜੋਰੇ ਕਰੋ ਦੀਜੈ ਗ੍ਰੰਥ ਬਨਾਇ॥੧॥ ਜਿਹ ਕੀਨੇ ਪਰਪੰਚ ਸਬ ਅਪਨੀ ਇਛਾ ਪਾਇ ਤਾਕੋ ਹੋ ਬੰਦਨ ਕਰੋ ਹਾਥ ਜੋਰ ਸਿਰ ਨਾਇ॥੨॥...

ਅੰਤ : ...ਭਾਖਾ ਭੂਖਨ ਗ੍ਰੰਥ ਕੋ ਜੋ ਦੇਖੈ ਚਿਤ ਲਾਇ॥ ਬਿਬਿਧ ਅਰਥ ਸਾਹਿਤ ਰਸਹ ਸਮਝੈ ਸਬੈ ਬਨਾਇ॥੨੧੪॥ ਇਤਿ ਸ੍ਰੀ ਮਹਾਰਾਜ ਜਸਵੰਤ ਸਿੰਘ ਬਿਰਚਤੇ ਭਾਖਾ ਭੂਖਨ ਸਮਾਪਤੰ ॥=॥=॥=॥=॥=॥=ਪਸੌਰੇ ਮੇ ਲਿਖਾ ਛਾਵਨੀ ਸੰਮਤ ੧੯੪੩ ਪੋਹੁ (੫).

ਹੱਥ ਲਿਖਤ ਨੰ : MS 42 ਏ

ਸਿਰਲੇਖ : ਚਿਤ੍ਰ ਬਿਲਾਸ

ਲੇਖਕ : ਅੰਮ੍ਰਿਤ ਰਾਏ

ਲਿਖਾਰੀ : ਚਤਰ ਦਾਸ ਛੱਤ੍ਰੀ

ਰਚਨਾ ਕਾਲ: ਸੰਮਤ 1736

ਪੱਤਰੇ : 27 ੳ -57 ਅ

ਆਕਾਰ : 18 X 17 ਸ. ਮ. ਲਿਖਤ: 12X13 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੳ॑ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮ:॥ ਅਥ ਚਿਤ੍ਰ ਬਿਲਾਸ ਲਿਖਯਤੇ॥ਛਪੈ॥ ਸੁੰਡਾਦੰਡ ਭਸੁੰਡ ਮੰਡ ਸਿਦੂਰ ਭੂਰਿ ਬਰਿ॥ ਕੇਸ ਗੁੰਡਅਲ ਝੂੰਡਲ ਸੈ ਸਸਿ ਖੰਡ ਭਾਲ ਪਰ॥ਮੁਕਟ ਦੰਡ ਸੁ ਪ੍ਰਚੰਡ ਰੀਡ ਮਦ ਝਰਨ ਚਲਤ ਹ੍ਵੈ ॥ ਕੁੰਡਲ ਕਰਨ ਅਖੰਡ ਚਢੇ ਜਨੁ ਮਾਰਤੰਡ ਦ੍ਵੈ ॥ ਭੁਜ ਦੰਡ ਚਤੁਰ ਬਲਵੰਡ ਅਤਿ ਨਉ ਖੰਡ ਬੰਦਤ ਚਰਨ॥ ਕੰਟਕ ਬਿਹੰਡ ਸਤਿ ਖੰਡ ਕਰਿ ਲੰਬੋਦਰ ਅਸਰਨ ਸਰਨ॥੧॥…

ਅੰਤ : … ਅਥ ਬਜ ਸਤੋਤਰ ਗਤਾ ਗਤ ਲੱਛਣਂ ॥ ਦੋਹਰਾ॥ ਜੁਗ ਜੁਗ ਬਰਨ ਬਖਾਨ ਕਰਿ ਇਕ ਇਕ ਅਛਰ ਤਜਾਰਾ॥ ਉਤ੍ਰ ਬਜ ਸਤ ਗਤਾ ਗਤ ਨਿਪੁ ਨਿਸ ਮਸਤ ਇਕ ਲਾਗਾ॥120॥ਦੋਹਰਾ…..

ਹੱਥ ਲਿਖਤ ਨੰ : MS 43 ਸੰਗ੍ਰਹਿ

ਸਿਰਲੇਖ : ਜਪੁਜੀ ਟੀਕਾ

ਲੇਖਕ : [ਮਨੀ ਸਿੰਘ], ਭਾਈ

ਲਿਖਾਰੀ : ਜਵਾਹਰ ਸਿੰਘ, ਭਾਈ

ਸਮਾਂ : ਸੰਮਤ 1953

ਸਥਾਨ : ਨੀਲੇ ਧਰਮਸਾਲ ਚਠਿਆਂ ਦੀ

ਪੱਤਰੇ : 1 - 60 ੳ

ਆਕਾਰ : 14.5X17.5 ਸ. ਮ. ਲਿਖਤ: 14.5X12.5 ਸ. ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ, ਸਿਆਹੀ ਕਾਲੀ, ਕਿਧਰੇ ਕਿਧਰੇ ਵਖਰੇਵੇਂ ਲਈ ਲਾਲ, ਸਤਰਾਂ ਪ੍ਰਤੀ ਪੰਨਾ-10 । ਅਖੀਰਲੇ ਪੰਨੇ ਤੇ ਡੀਜ਼ਾਈਨ ਬਣਾ ਕੇ ਸਤਰਾਂ ਲਿਖੀਆਂ ਹੋਈਆਂ ਹਨ।

ਆਮ ਵੇਰਵਾ : ਲਿਖਾਈ ਸੁੰਦਰ, 58 ੳ 59 ੳ ਬਿਧੀ ਮੰਤਰ ਜਪੁਣ ਦੀ 59 ੳ - 60 ੳ, ਸ਼ਬਦ ਸੰਤਾਨ ਵਾਸਤੇ, ਅਖੀਰਲੇ ਪੰਨੇ ਤੇ ਹਾਸ਼ੀਏ ਵਿਚ ਦੂਜੀ ਕਾਨੀ ਨਾਲ ਲਿਖਿਆ ਹੋਇਆ ਹੈ । ਪੰਨਾ ਨੰ: 60 ੳ ਤੇ ਸਮੇਂ ਬਾਰੇ ਲਿਖਿਆ ਹੋਇਆ ਹੈ । ਸੰਮਤੰ ੧੯੫੩ ॥ = ॥ ਵਿਸਾਖ ੮॥ ਦਸਤਖਤ ਭਾਈ ਜਵਾਹਰਿ ਸਿੰਘ ॥ ਨੀਲੇ ਧਰਮ ਸਾਲ ਚਢਿਆ ਦੀ ਵਿਚਕਾਰੀ ਪੰਚਤਾਇਤੀ ਜਪੁਜੀ ਟੀਕਾ ਸਹਤ ਲਿਖਿਆ ॥

ਅਰੰਭ : ੧ੳ॑ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰੁ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾਂ ਲਿਵ ਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆਂ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੇ ਨਾਲਿ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ॥ ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥…

ਅੰਤ : …ਜਾਂ ਗੋਸਟ ਜਪੁ ਜੀ ਦੀ ਹੋ ਚੁਕੀ ਤਾਂ ਸਭਨਾਂ ਸਿਧਾਂ ਮੱਥਾ ਟੇਕਿਆ॥ ਬੋਲੋ ਭਾਈ ਜੀ ਵਾਹਗੁਰੂ ਏਹ ਸਲੋਕ ਐਤਵਾਰ ਤੋਂ ਜਪਣਾ ਪੰਜ ਸੈ ਰੋਜ ਇਕੀ ਦਿਨਾਂ ਮੈਂ ਗੁਰ ਦ੍ਰੋਹੀ ਪਾਪ ਮਿਟੈ ਇੰਦ੍ਰ ਲੋਕ ਪਾਵੈ॥

ਹੱਥ ਲਿਖਤ ਨੰ : MS 43 ਅ
ਸਿਰਲੇਖ : ਮੰਤਰ
ਸਮਾਂ : ਸੰਮਤ 1953
ਪੱਤਰੇ : 4 (ਪਰ ਅੰਕਤ ਨਹੀਂ)
ਆਕਾਰ : 14.5X17.5 ਸ. ਮ. ਲਿਖਤ: 10.5X12.5 ਸ.ਮ.
ਵੇਰਵਾ : ਜਿਲਦ ਗਤਾ, ਸਿਆਹੀ ਕਾਲੀ, ਪੱਤਰੇ ਬਗੈਰ ਹਾਸ਼ੀਏ ਤੋਂ, ਸਤਰਾਂ ਪ੍ਰਤੀ ਪੰਨਾ-10
ਆਮ ਵੇਰਵਾ : ਪੱਤਰਿਆ ਦੀ ਹਾਲਤ ਖਸਤਾ, ਪੱਤਰੇ ਬਾਅਦ ਵਿਚ ਲਗਾਏ ਹੋਏ ਹਨ। ਕਾਨੀ ਵੀ ਬਦਲੀ ਹੋਈ ਹੈ। ਲਿਖਤ ਬਹੁਤੀ ਚੰਗੀ ਨਹੀਂ।
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਦਮ ਖੁਦਿ। ਏ ਦਮ ਪੀਰ ਮੁਰਸੁਦਾ॥ ਪੀਰ ਉਸਤਾਦ॥ ਬਾ ਫਜ਼ਲ ਦ੍ਰਸਤਵਾ॥ ਅਵਲ ਨਾਮ ਖੁਦਾ ਦਾ॥...
ਅੰਤ : ...ਮੋਲਾ ਕਮ ਕਰੇਸੀ ਆਪ ਇਲਾਹੀ॥ ਇਨੀ ਦਿਤ ਟੂੰਗਰੀ ਸਹਿਜੇ ਦਿਤੀ ਬਾਗ॥ ਸੇ ਹੋ ਜਸ ਦੇ ਜਲੜੇ ਬਸ ਦੇ ਕਾਲੇ ਨਾਗ॥ ਆਪਨਾ ਸਪੜਾ ਕਹੀ ਬਪੜਾ॥ ਸਪੜਾ ਕਹੀ ਨਾ ਮੀਤਾ॥ ਜਿਸ ਮਾਰਿਆ ਧੰਨੰਤਰ ਪਾਸ ਜੈਸੀ ਚੀਯਾ ਘਤ ਬੋਲੇ ਸੈਰ ਲੜੇ। ਹਾਕ ਮਾਰ ਅਵਿਸ ਚੜੇ॥ ਬਿਸਵਾ ਤੂੰਲੂਣਾ ਚਮਿਆਰੀ॥ ਸੋਨ ਕਾ ਕੋਟ ਰੁਪੇ ਕੀ ਮਾੜੀ॥ ਜੈਸੀ ਬਲਾ ਤੈਸੀ ਝੜੈ॥ ਯਾਰੋ ਸਮੁਦਰੋ ਪਰੇ। ਧਰੋਹੀ ਖੁਆਜਾ ਮਿਸਲ ਵਾਲਦ ਨਾਲ ਝੜੇ॥ ਛੁਰਾ॥ ਝ.....

ਹੱਥ ਲਿਖਤ ਨੰ : MS 44
ਸਿਰਲੇਖ : ਜਪ ਜੀ ਟੀਕਾ
ਲੇਖਕ : ਆਨੰਦਘਣ
ਪੱਤਰੇ : 385-445
ਆਕਾਰ : 25.5X 20.5 ਸ. ਮ. ਲਿਖਤ: 18.5X 12.5 ਸ. ਮ.
ਵੇਰਵਾ : ਜਿਲਦ ਗੱਤਾ ਕੱਪੜਾ, ਪੱਕੀ ਬਣੀ ਹੋਈ , ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ , ਦੋ ਦੋ ਕਾਲੀਆਂ ਲਕੀਰਾਂ, ਵਖਰੇਵੇਂ ਲਈ ਸੰਤਰੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ-13
ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਤ ਸੁੰਦਰ। ਕਿਧਰੇ-ਕਿਧਰੇ ਕਿਰਮ ਖੁਰਦਾ, ਕਿਧਰੇ-ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੇ ਅੰਤ ਵਿਚ ਤਿੰਨ ਪੱਤਰੇ ਖਾਲੀ ਹਨ।
ਅਰੰਭ : ੧ਓ ਸਤਿਗੁਰੂ ਪ੍ਰਸਾਦਿ॥ ਗੁਰੂ ਨਾਨਕ ਰੂਪਾਂ। ਕਵਿਤਾ ਵਿਘਨ ਕੇ ਹਰੀਲੇ ਕਰੀਲੇ ਸੁਭ ਮੰਗਲ ਕੇ ਨਾਮ ਕੇ ਰਸੀਲੇ ਰੰਗੀਲੇ ਹਰਿ ਨਾਮ ਕੇ।...
ਅੰਤ : ...ਇਤਿ ਸ੍ਰੀ ਗੁਰੂ ਬਾਬਾ ਨਾਨਕ ਵੰਸ ਪ੍ਰਸ਼ੂਤ ਦਸਮ ਪੁਰਖ ਸੀ ਗੁਰੂ ਰਾਮ ਸੰਪੂਰਣ॥

ਹੱਥ ਲਿਖਤ ਨੰ : MS 45
ਸਿਰਲੇਖ : ਭਾਖਾ ਭੂਖਨ ਸਟੀਕ
ਲੇਖਕ : ਹਰਿਚਰਨ ਦਾਸ
ਰਚਨਾ ਕਾਲ: ਸੰਮਤ 1834
ਸਮਾਂ : ਸੰਮਤ 1931
ਪੱਤਰੇ : 111
ਆਕਾਰ : 23.5X15.5 ਸ. ਮ. ਲਿਖਤ: 16.5X11 ਸ. ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਕਿਧਰੇ ਕਿਧਰੇ ਲਾਲ, ਦੋਹੀਂ ਪਾਸੀਂ ਹਾਸ਼ੀਆ ਲਾਲ ਸਿਆਹੀ ਨਾਲ ਵਿਚ ਕਾਲੀ ਲਕੀਰ, ਸਤਰਾਂ ਪ੍ਰਤੀ ਪੰਨਾ-15

ਆਮ ਵੇਰਵਾ : ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰੁ ਚਰਨਕਮਲੇ ਭਯੋ ਨਮ:॥ ਅਥ ਭਾਖਾ ਭੂਖਨ ਕੀ ਟੀਕਾ ਚਮਤਕਾਰ ਚੰਦ੍ਰਕਾ ਕ੍ਰਿਤ ਕਵਿ ਹਰਿਚਰਨਦਾਸ ਲਿਖਯਤੇ॥ ਦੋਹਰਾ ॥ ਤੁਲਸੀ ਸੋਭਿਤ ਚਰਨ ਮੈ ਗਲ ਤੁਲਸੀ ਦਲ ਮਾਲ॥ ਬਿਹਰਤ ਰਾਧਾ ਸੰਗ ਮੈ ਜਮੁਨਾ ਤਟ ਨੰਦ ਲਾਲ ॥੧॥...

ਅੰਤ : ...ਤੁਲਸੀ ਹਰਿ ਪਾਇ ਪਯੋ ਜਮੈ ਸੋਹਤਿ ਜਯੋ ਕਮਲਾ ਕਮਲਾਸਨ ਮੈ ॥ ਦੋਹਾ ॥ ੮੬ ॥ ਸੰਬਤ ਅਠਾਰਹ ਸੌ ਬਿਤੇ ਤਾ ਪਰਿ ਚੌਤਿਸ ਜਾਤ॥ ਟੀਕਾ ਕੀਨੀ ਪੋਖ ਦਿਨਿ ਗੁਰੁ ਦਸਮੀ ਅਵਦਾਤ॥੮੧॥੪॥੮੮॥ ਇਤ ਸ੍ਰੀ ਹਰਿਚਰਨਦਾਸ ਕ੍ਰਿਤ ਭਾਖਾ ਭੂਖਨ ਟੀਕਾ ਚਮਤਕਾਰ ਚੰਦ੍ਰਿਕਾ ਸੰਪੂਰਣੰ॥ ਸੁਭ ਸੰਮਤ 1931 ਫਾਗੁਨ ਸੁਕਲੀ ੭ ॥ ਪੜਦੇ ਗੁਨੀ ਮਹਾਨ ॥ ਹੋਵੇ ਚਤੁਰ ਸੁਜਾਨ ॥ ਬੇਦੋ ਕੀ ਸੀਖਯਾ ॥ ਗੁਨੀਯੋ ਕੋ ਦੀਖਯਾ॥

ਹੱਥ ਲਿਖਤ ਨੰ : MS 46

ਸਿਰਲੇਖ : ਉਤਪਤ ਬਿਕਰਮਾਜੀਤ ਅਰ ਮੈਣਾਵੰਤੀ ਕੀ

ਪੱਤਰੇ : 10

ਆਕਾਰ : 14X17 ਸ.ਮ. ਲਿਖਤ: 9X12 ਸ.ਮ.

ਵੇਰਵਾ : ਜਿਲਦ ਗਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਖੜੇ ਰੁਖ , ਦੋ ਦੋ ਕਾਲੀਆਂ ਲਕੀਰਾਂ, ਸਤਰਾਂ ਪ੍ਰਤੀ ਪੰਨਾ-10

ਆਮ ਵੇਰਵਾ : ਗ੍ਰੰਥ ਦੇ ਪੱਤਰੇ ਖਸਤਾ ਹੋਣ ਕਾਰਨ ਪਾਟੇ ਹੋਏ ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਉਤਪਤ ਬਿਕਰਮਾਜੀਤ ਅਰ ਮੈਣਾਵੰਤੀ ਕੀਆ॥ ਅਰ ਭਰਥਰੀ ਕੀ ਕਥਾ ਗੰਧ੍ਰਬ ਸੈਣ ਕੀ॥ ਗੰਧ੍ਰਬ ਸੈਣ ਇਦ੍ਰ ਦਾ ਪੁਤ੍ਰ ਸੀ॥ ਸੁਰਗਾ ਬਿਚ ਰਹਦਾ ਸੀ। ਇਕ ਦਿਨ ਐਸਾ ਕੰਮ ਕੀਤਾ ਇੰਦ੍ਰ ਜੀ ਕ੍ਰੋਧ ਹੋਇ ਕਰ ਸ੍ਰਾਪ ਦਿਤਾ ॥ ਤੂ ਜੋ ਮਾਤਾ ਲੋਕ ਬਿਖੈ ਜਾਹਿਗਾ॥ ਦਿਨ ਕੌ ਗਧਾ ਹੋਹਿਗਾ ॥ ਰਾਤ ਕੋ ਮੇਰੇ ਪਾਸ ਆਓ॥ ਤਬ ਉਸ ਹਥ ਜੋੜੇ ਹੇ ਪਿਤਾ ਜੀ ਤੁਮ ਜੋ ਸ੍ਰਾਪ ਦੀਆ॥ ਅਰ ਸ੍ਰਾਪ ਕਬ ਦੂਰ ਹੋਵੇਗਾ॥...

ਅੰਤ : ...ਏਹੁ ਤਮਾਸਾ ਦੇਖਿ ਕਰ ਰਾਜਾ ਜੋਗੀ ਹੋਇਆ ਇਓ ਭਰਥਰੀ ਗੋਪੀ ਚੰਦ ਕਾ ਮਾਮਾ ਥਾ॥ ਰਾਜਾ ਮੌਜ ਗਬਿੰਦ ਗੋਪੀ ਚੰਦ ਕਾ ਪਿਤਾ ਚਲ ਗਿਆ॥ ਤਾ ਰਾਣੀ ਮੈਣਾਵੰਤੀ ਦੇਖ ਕਰ ਗੋਪੀ ਚੰਦ ਕੋ ਉਪਦੇਸ ਕਰਤ ਭਈ । ਗੋਪੀ ਚੰਦ ਧਾਰਨ ਗਿਰੀ ਕਾ ਰਾਜ ਕਰਦਾ ਥਾ॥ ਉਤਪਤ ਸੰਪੂਰਣੰ॥

ਹੱਥ ਲਿਖਤ ਨੰ : MS 47 ਸੰਗ੍ਰਹਿ

ਸਿਰਲੇਖ : ਕਾਬਯ ਚੰਦ੍ਰਕਾ ਤੇ ਕਠਨ ਸਮਸਿਆ

ਪੱਤਰੇ : 1-8 ਅ

ਆਕਾਰ : 11X15 ਸ.ਮ. ਲਿਖਤ: 7.5X10.5 ਸ.ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ, ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ, ਸਤਰਾਂ ਪ੍ਰਤੀ ਪੰਨਾ-6, ਅੰਤ ਤੇ ਸੱਤ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ॥

ਆਮ ਵੇਰਵਾ : ਗ੍ਰੰਥ ਦੀ ਹਾਲਤ ਕਿਰਮ ਖੁਰਦਾ, ਖਸਤਾ, ਵੱਖਰੀ ਕਾਨੀ ਨਾਲ ਸ਼ਬਦਾਂ ਦੇ ਅਰਥ ਦਿਤੇ ਹੋਏ ਹਨ, ਕਿਤੇ ਕਿਤੇ ਹੜਤਾਲ ਫੇਰੀ ਹੋਈ ਹੈ। ਪੋਥੀ ਦੇ ਅਰੰਭ ਤੋਂ ਪਹਿਲੇ ਪੱਤਰੇ ਤੇ "ਭਾਵ ਪੰਚਾਸਕਾ ਤੇ ਸਮਸਯਾ ਪੂਰਨ" ਅਤੇ ਨਾਲ ਫਾਰਸੀ ਅਖਰਾਂ ਵਿਚ ਲਿਖਿਆ ਹੋਇਆ ਹੈ। ਅਤੇ ਉਸ ਤੋਂ ਪਹਿਲੇ ਪੱਤਰੇ ਤੇ ਤਿੰਨ ਲਾਈਨਾ ਵਿਚ ਖਾਨੇ ਬਣਾ ਕੇ 'ਚਤੁਰ ਬਿਧਾਨ ਆਦਿਕ ਛਪੈ' ਲਿਖਕੇ ਖਾਨਿਆਂ ਵਿਚ ਕੁਝ ਨੰਬਰ ਲਿਖੇ ਹਨ।

ਅਰੰਭ : ੧ਓ ਸੀ ਗਣੇਸਾਇ ਨਮ:॥ ਅਥ ਕਾਬਜ ਚੰਦ੍ਰਕਾ ਤੇ ਕਠਨ ਸਮਸਿਆ ਪੂਰਣੋ ਪਾਇ ਲਿਖਏ ਹੈ॥ ਅਥ ਗੁਰ ਬਸਤ ਕੌ ਲਘੁ ਕਰ ਬਰਨੇ ॥ ਦੋਹਰਾ ॥ਸ੍ਰਿਸਟਿ ਕਾਲੀ ਕਲਮਾਂਤ ਮੈ ਕਹੋਇ ਦੂਰ ਅਵਲੋਕ॥੪॥ ਤੁਛ ਕਥਨ ਮੈ ॥ ਬਸਤੁ ਗੁਰ ਲਘੁ ਕਰ ਬਰਨ ਅਰੋਕ॥ ਅਥ ਸ੍ਰਿਸਟਿ ਕਾਲ॥ਦੋਹਰਾ॥ ਹਰਿ ਪ੍ਰਸਾਦਿ ਲਹਿ ਇ···ਸ੍ਰ ਕੋ ਰਚਨ ਲਗਿਓ ਕਰਤਾਰ। ਬ੍ਰਿਛ ਤੁਛ ਅਤਿ ਹੀ ਭਯੋ ਬੇਰ ਤੁਲ ਚੁਪ ਹਾਰ॥੨॥ਸਮਸਿਆ॥...

ਅੰਤ : ..ਅਥ ਵਿਤ੍ਰੋਕ॥ਦੋਹਰਾ॥ ਜਿਹ ਅਭਾਵ ਵਿਤ੍ਰੋਕ ਤਹਿ ਹ੍ਵੈ ਅਭਾਵ ਤਹਿ ਜੋਇ॥ ਆਗਿ ਕਹੈ ਅਤਿ ਬਾਲਿ ਨਹਿ ਨਹਿ ਪੁਨ ਸੋਤਾ ਹੋਇ॥੨੧॥ਲੋਕੋਕਤ॥ ਦੋਹਰਾ॥ ਸ੍ਰੀ ਰਾਮਹਿ ਪਰ ਬਾਮ ਬਸ ਨਹਿ ਭਾਖਤ ਹੈ ਕੋਇ॥ ਨਹਿ ਤਿਥ ਬਾਰਸਿ ਕੇ ਪਰੇ ਕਬ ਹੀ ਪੂਨੋ ਹੋਇ॥੨੨॥ਸਮਸਿਜਾ॥ ਸਾਚ ਮਾਚ ਤੇਰਸਿ ਕੋ ਲਾਗਤ ਗ੍ਰਹਨ ਹੈ॥ ਇਤਿ ਸਮਸਿਜਾ ਪੂਰਣੋ ਪਾਇ॥

ਹੱਥ ਲਿਖਤ ਨੰ : MS 47 ਅ

ਸਿਰਲੇਖ : ਭਾਵ ਪੰਚਾਸਕਾ

ਲੇਖਕ : ਕਵੀ ਬ੍ਰਿੰਦ

ਲਿਖਾਰੀ : ਸਾਧੂ ਸਿੰਘ

ਰਚਨਾ ਕਾਲ ਸੰਮਤ 1743

ਸਮਾਂ : ਸੰਮਤ 1877

ਪੱਤਰੇ : 9 ੳ - 40 ਅ

ਆਕਾਰ : 11X15 ਸ.ਮ. ਲਿਖਤ: 7.5X10.5 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ਓ ਸੀ ਗਣੇਸਾਇ ਨਮ:॥ ਅਥ ਭਾਵ ਪੰਚਾਸਕਾ ਕ੍ਰਿਤ ਬ੍ਰਿੰਦ ਲਿਖਯਤੇ॥ਦੋਹਰਾ॥ ਅਦਭੁਤ ਅਮਿਤ ਅਨੰਤ ਅਗਮ ਅਪਾਰ ਅਨੂਪ॥ ਬਿਜਾਪਕ ਦ੍ਰਿਸਜਾ ਦ੍ਰਿਸਜ ਮਇ ਜਯ ਜਯ ਜੋਤਿ ਸਰੂਪ॥੧॥ਦੋਹਰਾ॥ਕਵਿ ਲੋਕਨ ਕੇ ਭਾਵ ਸੁਨਿ ਕਛੁਕ ਭਯੋ ਚਿਤ ਚਾਵ॥ ਕਰੀ ਭਾਵ ਪੰਚਾਸਕਾ ਬ੍ਰਿੰਦ ਸੁ ਕਵਿ ਧਰਿ ਭਾਵ॥੨॥ ਦੋਹਰਾ॥ ਭਾਵ ਸਹਿਤ ਸੋਭਾ ਲਹੈ ਪੂਜਾ ਜਪ ਤਪ ਮਿਤ੍ਰ॥ ਯਾਤੇ ਬ੍ਰਿੰਦ ਬਿਚਾਰ ਕੈ ਕੀਨੇ ਭਾਵ ਕਬਿਤ॥੩॥ ਦੋਹਰਾ॥ ਸਤਰੈ ਤੇਤਾਲੀਸ ਸੁਦਿ ਫਾਲਗੁਨ ਮੰਗਲਵਾਰ॥ ਚੌਥ ਭਾਵ ਪੰਚਾਸਕਾ ਪ੍ਰਗਟੀ ਅਵਨ ਉਦਾਰ॥੪॥···

ਅੰਤ : ..ਦੋਹਰਾ॥ ਰਚੀ ਭਾਵ ਪੰਚਾਸਕਾ ਬ੍ਰਿੰਦ ਭਾਵ ਸੁ ਬਿਚਾਰ॥ ਭੂਲ ਚੂਕ ਕਬਿ ਕੁਲ ਸਬੈ ਲੀਜੋ ਸਮਝ ਸੁਧਾਰ॥੧੧੧॥ ਇਤ ਸ੍ਰੀ ਭਾਵ ਪੰਚਾਸਕਾ ਸਮਾਪਤੰ॥ ॥ ਸੰਮਤ ੧੮੭੭ ॥ ਲਿਖੀ ਸਾਧੂ ਸਿੰਘ ॥ ॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 47 ਏ

ਸਿਰਲੇਖ : ਦੋਖ ਨਾਮ ਔ ਦੋਖ ਲਛਨ

ਪੱਤਰੇ : 41 ੳ - 81 ੳ

ਆਕਾਰ : 11X15 ਸ.ਮ. ਲਿਖਤ: 7.5X10.5 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਅੰਧ ਬਧਰ ਆਦਿ ਦੋਖ॥ ਅਥ ਦੋਖ ਨਾਮ ਔ ਦੋਖ ਲਛਣ॥ਦੋਹਰਾ॥ ਅੰਧਬਧਰ ਔਪੰਗੁ ਤਜ ਨਗਨ ਮ੍ਰਿਤ ਕੇ ਮਤਿ ਸੁੱਧ ॥ ੧ ॥ ਦੋਹਰਾ॥ ਛੰਦ ਬਿਰੋਧੀ ਪੰਗੁਗਨਿ ਨਗਨ ਜੁ ਭੂਖਨ ਹੀਨ॥ ਮ੍ਰਿਤਕ ਕਹਾਵੈ ਅਰਥ ਬਿਨ ਕੇਸਵ ਸੁਨਹੁ ਪ੍ਰਬੀਨ॥੨॥...

ਅੰਤ : ... ਜਕਾਰ ਝਕਾਰ॥ਕਬਿਤ॥ ਜਗਪਤਿ ਜਾ ਦੋ ਰਾਇ ਜਿਨ ਜੀਤਸੋ ਸੁਰ ਰਾਇ ਜੁਗਲ ਕਸੋਰ ਜੂ ਕੋ ਧਿਆਨ ਹੀਏ ਧਰੁ ਰੇ। ਜੇਤੇ ਜੈਤਵਾਰ ਜੋਰ ਜੌਨ ਤੌਕ ਡਰੇ ਤੋਹ ਜੰਪਤ ਪਿਨਾ ਕੀ ਗੌਰਜ: ਤ ਹਰ ਰੇ॥ ਝਖਰੂਪ ਝਾਰਯੋ ਸੰਖ ਝਿਲ ਮਿਲਸੋ ਮੋਰ ਪੰਥ ਝੀਨ ਪੀਤ ਪਟ ਕਟ ਝੁਕ ਪਗ ਪਰੁ ਰੇ॥ ਝੂਠ ਗਹਿ ਝੇਰ ਡਾਰ ਝੈਗਰ ਨਗਾਰੇ ਮਾਰ ਝੋਰ ਝੋਰ ਝੰਖ ਜਿਨ ਝ: ਨਾਇ ਹਰੁ ਰੇ॥੧॥ ਐਸੇ ਹੀ ਸਭ ਜਾਨੀਏ॥ਫਾਰਸੀ ਕੇ ਅਰਬੀ ਕੇ ਤੋਰਕੀ ਕੇ ਬ੍ਰਿਜ ਭਾਖਾ ਕੇ ਸੰਸਕ੍ਰਿਤ ਕੇ ॥ ਅਨੇਕ ਚਿਤ੍ਰ ਹੈ॥ ਔਰਹੂੰ ਕਮਲ ਬਧ ਧਨੁਖ ਬੰਧ ਇਤਿਆਦਿ ਹੈ॥ ਈਹਾਂ ਥੋਰੇ ਸੇ ਲਿਖੇ ਹੈ ਸਰਬ ਨਹੀਂ ਲਿਖੇ॥

ਹੱਥ ਲਿਖਤ ਨੰ : MS 48

ਸ੍ਰੋਤ : ਮੋਖ ਪੰਥ ਪ੍ਰਕਾਸ਼

ਲੇਖਕ : ਮਾਨ ਸਿੰਘ (ਚਰਣ ਸਿੰਘ, ਗੁਲਾਬ ਸਿੰਘ ਨਗੌਰੀ ਰਾਇ ਆਤਮਜ ਵਰਿਚਤੇ ਮੋਖ ਪੰਥ ਪ੍ਰਕਾਸ਼)

ਸਮਾਂ : ਸੰਮਤ 1835

ਪੱਤਰੇ : 1 - 289

ਆਕਾਰ : 14 X 19 ਸ. ਮ. ਲਿਖਤ : 9 X 12 ਸ. ਮ.

ਵੇਰਵਾ : ਜਿਲਦ ਚਮੜਾ, ਉਖੜੀ ਹੋਈ, ਅਧੂਰੀ, ਕਿਰਮ ਖੁਰਦਾ; ਹਾਸ਼ੀਆ ਖੜੇ ਰੁਖ ਦੋਵੇਂ ਪਾਸੇ ਦੋ ਕਾਲੀਆਂ ਲਕੀਰਾਂ ਵਿਚ ਲਾਲ ਲਕੀਰ,ਤੇ ਫਿਰ ਮੋਟੀ ਪੀਲੀ ਲਕੀਰ ਤੋਂ ਬਾਅਦ ਇਕ ਕਾਲੀ ਤੇ ਇਕ ਲਾਲ ਲਕੀਰ; ਸਤਰਾਂ ਪ੍ਰਤੀ ਪੰਨਾ–10 ॥

ਆਮ ਵੇਰਵਾ : ਗ੍ਰੰਥ ਕਿਰਮ ਖੁਰਦਾ ਪਹਿਲੇ ਪੱਤਰੇ ਤੇ ਚਾਰੇ ਪਾਸੇ ਦੋਹਰਾ ਡਿਜ਼ਾਈਨਦਾਰ ਹਾਸ਼ੀਆ, ਹਾਸ਼ੀਏ ਵਿਚ ਬਹੁਤ ਥਾਈਂ ਲਿਖਤ । ਗ੍ਰੰਥ ਦੇ ਸ਼ੁਰੂ ਵਿਚ 4 ਪੱਤਰੇ ਖਾਲੀ ਜਿਨ੍ਹਾ ਉੱਤੇ ਵੀ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ। ਅੰਤ ਵਿਚ ਤਿੰਨ ਪੱਤਰੇ ਖਾਲੀ ਜਿਨ੍ਹਾਂ ਉੱਤੇ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ।

ਅਰੰਭ : ੧ੑ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਇ ਨਮ:॥ ਸ੍ਰੀ ਰਾਮਾਨੁਜਾਯ ਨਮ:॥ ਅਬ ਮੋਖ ਪੰਥ ਪ੍ਰਕਾਸ ਸੁਰਾਜ ਗ੍ਰੰਥ ਲਿਖਤੇ॥ ਸਵੈਯਾ॥ ਯਾ ਜੁਗ ਮੈ ਜਿਨ ਕੇ ਪਦ ਪੰਕਜ ਸੇਵਤ ਨੀਤ ਸੁਰੇ ਸ੍ਵਰ ਭਾਰੀ॥ ਔਰ ਸੁਰਾਂਗਨ ਸੇਵਤ ਹੈਂ ਅਰੁ ਜਾਹਿ ਭਜੈ ਭਵ ਮੈ ਮੁਖਚਾਰੀ॥ ਤਾਤ ਭਜੇ ਜਗ ਮਾਤ ਭਜੇ ਪੁਨਿ ਜਾਹਿ ਮਨਾਂਇ ਜਿਤੇ ਤ੍ਰਿਪੁਰਾਰੀ॥ ਸੋ ਗਣਯਕ ਹੋਇ ਪ੍ਰਸੰਨ ਗਹੇ ਪਦ ਬੰਦਿਨ ਭੇਟਿ ਹਮਾਰੀ॥੧॥ ਦੋਹਰਾ॥ ਉਰ ਤਮ ਕੋ ਹਰਣੀ ਸਦਾ ਕਰਣੀ ਬੁਧਿ ਅਪਾਰ॥ ਸੁਖ ਦਾਤਾ ਬਾਗੇਸ੍ਵਰੀ ਬੰਦੋ ਪਾਦ ਉਦਾਰ॥...

ਅੰਤ : ...ਸ੍ਵੈਯਾ॥ ਸਤ ਅਸ੍ਰ ਦਸੰ ਸੁਭ ਸੰਬਤ ਮੈ ਪੁਨਿ ਤ੍ਰਿੰਸਤ ਪਾਂਚ ਭਏ ਅਧਿਕਾਈ॥ ਸੁਭ ਮਾਘ ਸੁਦੀ ਸੁਭ ਸੋਮ ਸਮੇਂ ਸੁਭ ਵਾਸਰ ਸੋਮ ਮਹਾਂ ਸੁਖਦਾਈ॥ ਥਿਤਿ ਪੰਚਮ ਨਾਮ ਬਸੰਤ ਕਹੇ ਸਭ ਲੋਕਨ ਕੋ ਸੁ ਜਨੇ ਹਰਖਾਈ॥ ਦਿਨ ਤਾਹਿ ਸੰਪੂਰਣ ਗ੍ਰੰਥ ਭਯੋ ਹਰਿ ਕੇ ਪਦ ਪੰਕਜ ਭੇਟ ਚੜਾਈ॥੧॥ ...ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਯਤ ਗੁਲਾਬ ਸਿੰਘੇਨ ਗੌਰੀ ਰਾਇਆ ਆਤਮਜੇਨ ਵਿਰਚਤੇ ਮੋਖ ਪ੍ਰਕਾਸੇ ਵਿਦੇਹ ਮੁਕਤਿ ਨਿਰਣਯੋ ਨਾਮ ਪੰਚਮੋ ਨਿਵਾਸ॥5॥॥●॥=●॥●॥=●॥

ਹੱਥ ਲਿਖਤ ਨੰ : MS 49 ਸੰਗ੍ਰਹਿ

ਸਿਰਲੇਖ : ਜਲਵਾ ਮਨਸੂਰੀ

ਲੇਖਕ : ਸੁੰਦਰ ਸਿੰਘ

ਲਿਖਾਰੀ : ਮਥਰਾ ਦਾਸ ਅੱਤਾਰ

ਰਚਨਾ ਕਾਲ 1951 ਸੰਮਤ (1894 ਈ)

ਸਥਾਨ : ਚੱਕ ਭਾਈ ਤਹਿਸੀਲ ਹਾਫਜਬਾਦ ਜਿਲਾ ਗੁਜਰਾਂਵਾਲਾ (ਪਾਕਿਸਤਾਨ)

ਪੱਤਰੇ : 7 – 32+1-32

ਆਕਾਰ : 21X17 ਸ.ਮ. ਲਿਖਤ: 16X12 ਸ.ਮ.

ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ ਲਕੀਰਾਂ, ਸਤਰਾਂ ਪ੍ਰਤੀ ਪੰਨਾ–14

ਆਮ ਵੇਰਵਾ : ਕੁਲ ਲਿਖਿਤ ਪਤਰੇ 58, ਪੱਤਰਿਆਂ ਦੀ ਪਹਿਲੀ ਗਿਣਤੀ 7 ਤੋਂ ਸ਼ੁਰੂ ਹੋ ਕੇ 32 ਤਕ ਚਲਦੀ ਹੈ ਅਤੇ 32 ਤੋਂ ਪਿਛੋਂ ਫਿਰ ਨਵੇਂ ਸਿਰਿਓਂ ਸ਼ੁਰੂ ਹੋ ਜਾਂਦੀ ਹੈ। ਪੋਥੀ ਦੀ ਹਾਲਤ ਖਸਤਾ। ਕਿਤੇ ਕਿਤੇ ਕਾਨੀ ਬਦਲੀ ਹੋਈ ਹੈ। ਪੋਥੀ ਦੇ ਸ਼ੁਰੂ ਵਿਚ ਲਾਲ ਸਿਆਹੀ ਦੇ ਨਾਲ ਲਿਖਿਆ ਹੈ।ਆਰੰਭਲੇ 6 ਪੱਤਰੇ ਗੁੰਮ ਹਨ ਜਿਸ ਕਰਕੇ ਪੋਥੀ ਅਧੂਰੀ ਹੈ ॥

ਅਰੰਭ : …..ਦਸਨਾ ਨਹੀਂ ਦਰਕਾਰ ਪਯਾਰੇ॥ ਭੇਦ ਦਸ ਕੇ ਆਪਨਾ ਜਾਹਿਲਾ ਨੂੰ, ਹੋਸੇ ਜਗ ਦੇ ਵਿਚ ਖੁਵਾਰ ਪਯਾਰੇ॥ ਦਮ ਮਾਰਨੇ ਦੀ ਏਥੇ ਜਾ ਨਾਹੀ, ਕਰ ਸਾਰ ਨਾਹੀ ਦਮ ਮਾਰ ਪਯਾਰੇ॥ ਕਰ ਹੋਸ ਤੇ ਜੋਸ ਨੂੰ ਰਖ ਮੁਖਫੀ, ਹੋ ਖਮੋਸ ਫਰਾਮੋਲ ਪਯਾਰੇ॥ ਸੁੰਦਰ ਬੋਲਨੇ ਵਿਚ ਤਕਰਾਰ ਲਖਾ, ਇਕ ਚੁਪ ਤੇ ਸੁਖ ਹਜਾਰ ਪਯਾਰੇ॥

ਅੰਤ : …ਮਿਸਲ ਬੁਲਬੁਲਾ ਦੇ ਤਲਬਗਾਰ ਜੇੜੇ ਉਨਾ ਵਾਸਤੇ ਬਾਗ ਅਰਮ ਕੀਤਾ ਸੁੰਦਰ ਨਾਰ ਨੂਰੀ ਜਲਵਾ ਮਨਸੂਰੀ ਕਰਮ ਰਬ ਦੇ ਨਾਲ ਖਤਮ ਕੀਤਾ ॥ ਜਲਵਾ ਮਨਸੂਰੀ ਸਪੂਰਨ ੧੯੫੬ ਹਾੜ ੨੬ ਆਤਵਾਰ ਲਿਖਆ ਦਸੂਖਤ ਮਥਰਾ ਦਾਸ ਅਤਾਰ ॥

ਹੱਥ ਲਿਖਤ ਨੰ : MS 49 ਅ

ਸਿਰਲੇਖ : ਰਾਜਾ ਮੋਰ ਧੁੱਜ

ਪੱਤਰੇ : 1 - 38

ਆਕਾਰ : 21X17 ਸ.ਮ. ਲਿਖਤ: 14X19 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਚਤਰਾਈ ।੧। ਲੰਗੜਾ ਰਾਇ ਯੁਧਿਸਟਰ ਇਕ ਸਮੇਂ ਜਗ ਕਰੇ ਅਸਮੇਧ, ਘੋੜਾ ਜਗ ਕਾ ਛੋਡੇਆ ਕਿਸਨ ਕਹ ਸਬ ਭੇਦ, ਕਹਿ ਕੇ ਸ੍ਰੀ ਕ੍ਰਿਸਨ ਸਾਰਾ ਭੇਦ ਜੀ ਰਾਜਾ, ਅਰਜਨ ਕਹਾ ਰਾਵ ਕਰੋ ਤੁਮ ਯੇਹ ਕਾਜਾ, ਅਰਜਨ ਅਰ ਕ੍ਰਿਸਨ ਦੋਨੋ ਸਾਧ ਸਿਧਾਰੇ, ਆਗੇ ਜਾਇ ਘੋੜਾ ਪਿਛੇ ਦੋਨੋ ਜੀ ਪਿਆਰੇ।੨।

ਅੰਤ : ਸੁਨੀਯੋ ਧਿਆਨ ਲਗਾਇ ਕੇ ਵਿਸਨਾਥ ਰਘਨਾਥ, ਯਾਦਵ ਕੁਲ ਪ੍ਰਗਟ ਹੋਏ ਸਖਾ ਤੁਮਾਰੇ ਸਾਥ। ਤੁਮਾਰੇ ਸਾਥ ਜੋ ਅਰਜਨ ਪਾਂਡਵ ਜੀ ਆਏ , ਕੀਨਾ ਹਮ ਦਰਸ ਨੈਨ ਸੁਫਲ ਜੀ ਪਾਏ, ਦੀਨਾ ਤੁਮ ਦਰਸ ਬੜੇ ਭਾਗ ਹਿਮਾਰੇ ਦੇਖੇ ਮੈ …..

ਹੱਥ ਲਿਖਤ ਨੰ : MS 50 ਸੰਗ੍ਰਹਿ

ਸਿਰਲੇਖ : ਬ੍ਰਿੰਦ ਸਤਸਯਾ

ਲੇਖਕ : ਬ੍ਰਿੰਦ ਕਵੀ

ਪੱਤਰੇ : 1 - 80 ੳ

ਆਕਾਰ : 11X18 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਚੱਮੜਾ, ਉਖੜੀ ਹੋਈ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ । ਇਹ 8 ਕ੍ਰਿਤੀਆਂ ਦਾ ਸੰਗ੍ਰਹਿ ਹੈ। ਸਤਰਾਂ ਪ੍ਰਤੀ ਪੰਨਾ-8

ਆਮ ਵੇਰਵਾ : ਪੋਥੀ ਕਿਤੇ ਕਿਤੇ ਕਿਰਮ ਖੁਰਦਾ ਹੈ।ਪਤਰਾ ਨੰਬਰ 80 ਅ ਤੇ ਪ੍ਰਸ਼ਨ ਹਲ ਕਰਨ ਦਾ ਮੰਤ੍ਰ ਦਿੱਤਾ ਹੋਇਆ ਹੈ। 80 ਅ ਤੇ ਪ੍ਰਸ਼ਨ ਬੁਝਣ ਬਾਰੇ ਦਿੱਤਾ ਹੋਇਆ ਹੈ। ਪੋਥੀ ਦੇ ਸ਼ੁਰੂ ਵਿੱਚ 4 ਅਤੇ ਅੰਤ ਤੇ 7 ਹਾਸ਼ੀਏ ਵਾਲੇ ਪੱਤਰੇ ਖਾਲੀ ਹਨ। ਪੱਤਰਾ ਨੰਬਰ 80 ਅ ਤੇ ਕਾਨੀ ਬਦਲੀ ਹੋਈ ਹੈ।

ਅਰੰਭ : ੧ਓ ਸ੍ਰੀ ਅਸਿਧ੍ਵਜ ਜੀ ਸਹਾਇ॥ ॥ ਅਥ ਬ੍ਰਿੰਦ ਸਤਸਜਾ ਲਿਖਜਤੇ॥ ਦੋਹਰਾ॥ ਸ੍ਰੀ ਗੁਰ ਨਾਥ ਪ੍ਰਭਾਵ ਤੇ ਹੋਤ ਮਨੋਰਥ ਸਿੱਧ॥ ਘਰ ਤੇ ਜਜੋ ਤਰੁ ਬੇਲ ਦਲ ਫੂਲ ਫਲਨ ਕੀ ਬ੍ਰਿਧ॥੧॥ ਕਿਯੇ ਬ੍ਰਿੰਦ ਪ੍ਰਸਤਾਵ ਕੇ ਦੋਹਾ ਸੁਗਮ ਬਨਾਇ॥ ਉਕਤਿ ਅਰਥ ਦ੍ਰਿਸ੍ਟਾਂਤ ਕਰ ਦ੍ਰਿਢ ਕੈ ਦਿਯੇ ਬਤਾਇ॥੨॥---

ਅੰਤ : ...ਜਿਹ ਦੇਖੋ ਸਠ ਮਨ ਜਬਹੁ ਤਹਾ ਮੋਨ ਮੁਖ ਠਾਨ ॥ ਬਾਯਸ ਗਨ ਮੈ ਜਜੋ ਲਸੈ ਰਾਜ ਹੰਸ ਦੁਖ ਦਾਨ ॥੭●੧॥ ਪਠੈ ਸੁਨੈ ਮਨ ਮੈ ਧਰੈ ਸਰੈ ਤਾਸ ਕੇ ਕਾਜ॥ ਜੈਸੇ ਹਰਿ ਕੇ ਨਾਮ ਤੇ ਹੋਤ ਸਭੈ ਸੁਖ ਸਾਜ ॥੭●੨॥ ਇਤਿ ਸ੍ਰੀ ਬ੍ਰਿੰਦ ਸਤਸਇਯਾ ਕ੍ਰਿਤ ਬ੍ਰਿੰਦ ਸਮਾਪਤੰ॥ਦੋ॥ ਸੰਬਤ ਨਿਸ ਪਤਿ ਨੈਨ ਨਿਧਿ ਮਹੀ ਜੇਠ ਸੁਭ ਮਾਸਾ॥ ਆਦਿਤ ਤਨਜ ਪਤਿ ਹਰ ਲਿਖਜੋ ਤ੍ਰੈ ਦਸ ਸੁਕਲਾ ਪਾਖਾ॥੧॥

ਹੱਥ ਲਿਖਤ ਨੰ : MS 50 ਅ

ਸਿਰਲੇਖ : ਤਿਲ ਸਤਕ

ਸਥਾਨ : ਅਗਿਆਤ

ਪੱਤਰੇ : 81 ੳ - 92 ਅ

ਆਕਾਰ : 11X8 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਤਿਲ ਸਤਕ ਲਿਖਯਤੇ॥ ਅਥ ਤਿਲ ਵਰਨਨੰ॥ ਦੋਹਰਾ॥ ਗੋਰੇ ਮੁਖ ਪਰ ਤਿਲ ਲਸੈ ਤਾਹਿ ਕਰੋ ਪਰਨਾਮ॥ ਮਾਨੋ ਸਸਿ ਲੈ ਅੰਕ ਮੈ ਰਾਖਜੋ ਸਾਲਗ੍ਰਾਮ॥੧॥...

ਅੰਤ : ...ਚਿਬਕ ਸਿੰਘਾਸਨ ਪਰ ਲਸੈ ਤਿਲ ਧੌ ਸਾਲਿਗਿਰਾਮ॥ ਬਾਂਨੀ ਪੁਖਪਾਂਜੁਲ ਕੀਏ ਕਰੋ ਤਾਹਿ ਪ੍ਰਣਾਮ॥੧●●॥ ਗੋਰੇ ਮੁਖ ਪਰ ਤਿਲ ਲਸੈ ਦੀਏ ਜਾਤ ਹੈ ਸੇਲ॥ ਵਾ ਘਾਯਲ ਕੌ ਚਾਹੀਏ ਵਾਹੀ ਤਿਲ ਕੋ ਤੇਲ॥101॥

ਹੱਥ ਲਿਖਤ ਨੰ : MS 50 ਏ

ਸਿਰਲੇਖ : ਅਨੰਗ ਸੇਖਰ ਛੰਦ

ਲੇਖਕ : ਗੁਲਾਬ ਸਿੰਘ ਕਵੀ

ਪੱਤਰੇ : 93 ੳ - 103 ਅ

ਆਕਾਰ : 11 X 18 ਸ. ਮ. ਲਿਖਤ : 8 X 12 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਨੰਗ ਸੇਖਰ ਛੰਦ ॥ ਤਿਨੇ ਨਮੋ ਸਦਾ ਮੁਦਾ ਬਿਸਾਲ ਬਾਹੁ ਰਾਮ ਜੋ ਸੁ ਭੀਲਨੀ ਉਧਾਰ ਕੈ ਕਪੀ ਸਕੇ ਸਖਾ ਬਣੇ॥ ਜਿਨੇ ਕੁ ਦੰਡ ਧਾਰ ਕੈ ਸੁ ਸੇਤ ਬਾਂਧ ਸਾਗਰੰ ਸਿਲੀ ਮੁਖੀ ਬਿਦਾਰ ਦੈਤ ਸੰਖ ਪੂਰਿਓਰਣੇ॥...

ਅੰਤ : ...ਦੋ: ॥ ਸੁਪਨ ਅਮੰਗਲ ਰੂਪ ਬਨ ਦਾਵਾਨਲਿ ਜਿਹ ਨਾਮ॥ ਸੀਤਾ ਵਰ ਉਰ ਮੈ ਭਜੋ ਘਨ ਅਨੰਦ ਸ੍ਰੀ ਰਾਮ॥੭੩॥ ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘੇਨ ਗੌਰੀ ਰਾਏ ਆਤਮਜੇਨ ਵਿਰਚਤੇ ਭਵਿਖਤ ਅਰਥ ਪ੍ਰਕਾਸੇ ਕਾਲ ਪ੍ਰੀਖਾ ਨਾਮ ਪ੍ਰਿਥਮੋ ਧਿਯਾਯ॥

ਹੱਥ ਲਿਖਤ ਨੰ : MS 50 ਸ
ਸਿਰਲੇਖ : ਸੁਪਨ ਬਿਚਾਰ
ਲਿਖਾਰੀ : ਮਾਨ ਸਿੰਘ
ਸਮਾਂ : ਸੰਮਤ 1931
ਪੱਤਰੇ : 104 ੳ – 110 ਅ
ਆਕਾਰ : 11X18 ਸ.ਮ. ਲਿਖਤ: 8X12 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ ॥ ਸੋਰਠਾ॥ ॥ ਬੰਦੋ ਸ੍ਰੀ ਭਗਵਾਨ ਪਾਦ ਕਮਲ ਸੁਖ ਕਰ ਸਦਾ॥ ਭਾਵੀ ਫਲ ਕੋ ਗਿਆਨ ਜਾਂ ਕਿਰਪਾ ਤੇ ਹੋਇ ਜਗਾ॥੧॥ਦੋ॥ ਸੁਰਪਤ ਕੇ ਗੁਰ ਜੋ ਕਹਯੋ ਸੁਪਨਨ ਕੋ ਬੀਚਾਰ॥ ਸੋ ਬੀਚਾਰਨੀ ਕੇ ਕਹੋ ਸੁਨੋ ਭ੍ਰਾਂਤਿ ਨਿਰਧਾਰ॥੨॥...
ਅੰਤ : ...ਤਹਿ ਉਪਜੇ ਬਾਨਾਰਸੀ ਪੜ੍ਹੇ ਸੁ ਵਿਦਯਾ ਜਾਇ॥ ਭਵਿਖਤ ਅਰਥ ਪ੍ਰਕਾਸਯੋ ਕਰਯੋ ਗ੍ਰੰਥ ਸੁਖ ਦਾਇ॥੫੯॥ ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘੇਨ ਗੌਰੀ ਰਾਏ ਆਤਮਜੇਨ ਵਿਰਚਤੇ ਭਵਿਖਤ ਅਰਥ ਪ੍ਰਕਾਸੇ ਕੇਵਲ ਸੁਪਨ ਨਿਰਣਯੋ ਨਾਮ ਦੁਤੀਯੋ ਧਿਜਾਯ ਸਮਾਪਤੰ ਸੁਭੰ ਭੂਆਤ॥ ਸੰਮਤ ੧੯੩੧ ਕਤਕ ਪ੍ਰ ੮ ਪੋ. ੧ ॥

ਹੱਥ ਲਿਖਤ ਨੰ : MS 50 ਹ
ਸਿਰਲੇਖ : ਅੰਮ੍ਰਿਤਸਰ ਮਹਾਤਮ
ਲੇਖਕ : ਸੰਤ ਦਾਸ (ਟੀਕਾਕਾਰ)
ਪੱਤਰੇ : 111 ੳ – 141 ੳ
ਆਕਾਰ : 11X18 ਸ.ਮ. ਲਿਖਤ: 8X12 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਇਹ ਕ੍ਰਿਤ ਭਵਿਖਤ ਪੂਰਾਨ ਉਮਾ ਮਹੇਸ਼ਵਰ ਸੰਬਾਦ ਦਾ ਟੀਕਾ ਹੈ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਦੋਹਰਾ॥ ਗੁਰ ਗਣੇਸ ਅਰ ਸਾਰਦਾ ਬੰਦਉ ਹਿਤ ਚਿਤ ਲਾਇ॥ ਜਾਕੀ ਕ੍ਰਿਪਾ ਬਿਲਾਸ ਤੇ ਉਤਮ ਮਤਿ ਕੋ ਪਾਇ॥੧॥ਦੋ॥ ਜੇ ਗਣੇਸ ਕਿਰਪਾ ਕਰੇ ਮੂਕ ਹੋਇ ਵਾਚਾਲ॥ ਪਿੰਗ ਚਰੇ ਪਰਬਤ ਅਮਿਤ ਪਾਵੇ ਬੁਧਿ ਬਿਲਾਸ॥੨॥...
ਅੰਤ : ...ਦੋਹਰਾ॥ ॥ ਸਹਸ ਕ੍ਰਿਤ ਪਹਲੇ ਸਨਯੋ ਭਾਖਾ ਕਰੀ ਬਨਾਇ॥ ਭੂਲ ਚੂਕ ਕਬ ਕੀ ਛਿਮਹੁ ਸੰਤ ਸੁਨਹੁ ਮਨ ਲਾਇ॥੨੯॥ ਸਿਵ ਗੌਰੀ ਸੰਬਾਦ ਇਹ ਗਿਰ ਕੈਲਾਸ ਪਰ ਹੋਇ॥ ਸੰਤ ਦਾਸ ਸੰਤਨ ਸੁਨਯੋ ਭਾਖਾ ਕਰੀ ਸੁ ਸੋਇ॥੩●॥ ਇਤਿ ਸ੍ਰੀ ਭਵਿਖਤ ਪੁਰਾਣੇ ਉਮਾ ਮਹੇਸੁ ਸੰਬਾਦੇ ਅੰਮ੍ਰਿਤਸ੍ਰ ।ਅੰਮ੍ਰਿਤਸਰ॥ ਮਹਾਤਮੇ ਅਸ੍ਰਮ ਧਜਾਯ ਸੰਪੂਰਨ ਮਸਤੁ ਸੁਭ ਮਸਤੁ॥੯॥

ਹੱਥ ਲਿਖਤ ਨੰ : MS 50 ਕ
ਸਿਰਲੇਖ : ਵਾਕ ਸੰਗ੍ਰਹਿ
ਪੱਤਰੇ : 141 ਅ – 162 ੳ
ਆਕਾਰ : 11X18 ਸ.ਮ. ਲਿਖਤ: 8X12 ਸ. ਮ.
ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰਬਰ 141 ਅ ਤੋਂ ਅਗਲੇ 10 ਪੱਤਰਿਆਂ ਤੇ 142 ਤੋਂ 149 ਦੀ ਥਾਂ 152 ਤੋਂ 159 ਪੱਤਰਾ ਨੰਬਰ ਪਾਇਆ ਹੋਇਆ ਹੇ ਅਗੋਂ ਫੇਰ 150 ਪੱਤਰਾ ਨੰਬਰ ਤੋਂ ਗਿਣਤੀ ਸ਼ੁਰੂ ਹੋ ਗਈ ਹੈ। ਪੱਤਰਾ ਨੰਬਰ 162 ਅ ਖਾਲੀ ਹੈ ਅਤੇ ਉਸ ਤੋਂ ਅਗਲੇ ਦੋ ਹਾਸ਼ੀਏ ਵਾਲੇ ਪੱਤਰੇ ਖਾਲੀ ਹਨ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਵਾਕ ਸੰਗ੍ਰਹਿ ਲਿਖਸਤੇ॥॥ ਜੀਵ ਕੀ ਪਹਿਚਾਨ ਭਗਵਤ ਕੇ ਪਹਚਾਨ ਕੀ ਕੂੰਜੀ ਹੈ॥●॥ ਔਰੁ ਮਹਾਰਾਜ ਨੇ ਭੀ ਕਹਾ ਹੈ॥ ਕੇ ਮੈਨੇ ਆਪਨੇ ॥ ਲੱਛਣ ਜੀਵ ਕੇ ਮਨ ਮੈ ਪ੍ਰਗਟ ਕੀਏ ਹੈ॥●॥ ਔਂ ਜੋ ਕਛੁ ਰਚਨਾ ਹੈ ਸੋ ਉਸ ਹੀ ਕਾ ਅਨੁਭਵ ਹੈ॥●॥...

ਅੰਤ : ...ਔਰ ਭੀ ਕਹਾ ਹੈ॥ ਕੇ ਸਮਰਥਤਾ ਔਰੁ ਬਡਾਈ ਮੁਝ ਹੀ ਕੋ ਸੋਭਤੀ ਹੈ॥ ਕਾਹੇ ਤੇ ਜੋ ਮੈ ਕਿਸੀ ਕੇ ਪ੍ਰਾਧੀਨ ਨਹੀ ॥ ਪਰ ਜੋ ਪੁਰਖ ਪ੍ਰਾਧੀਨ ਹੋ ਕਰ ਮੇਰਾ ਸਰੀਕ ਹੁਆ ਚਾਹੇ ਤਬੇ ਮੈ ਸੀਘਰ ਹੀ ਉਸ ਕੋ ਨਸ੍ਰ ਕਰਤਾ ਹੂੰ॥●॥ ਇਤਿ ਸ੍ਰੀ ਵਾਚਸ ਸੰਗ੍ਰਹ ਸਮਾਪਤੰ॥ ॥ ਸ੍ਰੀ ਗੁਰਚਰਣ ਕਮਲੇ ਭਜੋ ਨਮ: ੧॥

ਹੱਥ ਲਿਖਤ ਨੰ : MS 50 ਖ

ਸਿਰਲੇਖ : ਪਾਸਾ ਗਰਗਿ ਰਿਖੀ

ਪੱਤਰੇ : 1 ੳ-33 ਅ

ਆਕਾਰ : 11X18 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਪ੍ਰੀਛਾ ਲਿਖੀ ਗੁਰ ਪ੍ਰਸਾਦਿ॥ ਓਅੰ ਨਮੋ ਭਗਵਤ ਕੂਖ ਮਾਡਨੀ ਦੇਵ ਸਰਵ ਕਾਰਜ ਪ੍ਰਸਾਦਨੀ ਸਵ ਨਮਿਤ ਪ੍ਰਕਾਸਨੀਏ ਯੇਹੇ॥੨॥ ਤੁਅਰ ਵਰਦੇ ੨ ਹਿਲਾ ੨॥ ਮਾਤੰਗਨੀ ਸਤਸੰ ਬੂਹੀ ॥ ੨ ॥ ਪਾਸਾ ਢਾਲਣਾ ਵਾਰ ਤ੍ਰੈ ਮੰਤ੍ਰ ਪੜਨਾ॥ ਸਰਬ ਕਾਰਯ ਸਿਧ ਭਵਤ ਸ੍ਰੀ ਗੋਵਿੰਦਾਇ ਨਮ:॥...

ਅੰਤ : ...ਹੇ ਭਾਈ ਪ੍ਰਸਨ ਹਛਾ ਆਇਆ ਹੈ॥ ਅਜਾਰ ਸਭ ਦੂਰ ਹੋਵੇਗਾ॥ ਤੇਰੇ ਮਨ ਕੇ ਮਨੋਰਥ ਪੂਰਨ ਹੋਵਨਗੇ॥ ਏਕ ਪਤਾ ਸੁਣ ॥ ਰਾਤ ਨੂ ਸੁਪਨੇ ਮੈ ਗੁਰਦੇਵ ਕਾਯਾ ਭਗਵਾਨ ਕਾ ਦਰਸਨ ਹੋਵੇਗਾ॥ ਇਤਿ ਸ੍ਰੀ ਪਾਸਾ ਗਰਗਿ ਰਿਖੀ ਕਾ ਭਾਖਾ ਬੰਧ ਸਮਾਪਤੰ॥ ਸ੍ਰੀ ਗੁਰਦੇਵਏ ਨਮ: ॥

ਹੱਥ ਲਿਖਤ ਨੰ : MS 50 ਗ

ਸਿਰਲੇਖ : ਪ੍ਰੀਛਾ ਸ੍ਰੀ ਗੁਰੂ ਅਮਰਦਾਸ ਜੀ ਕਾ

ਪੱਤਰੇ : 34 ੳ - 36 ਅ

ਆਕਾਰ : 11X18 ਸ.ਮ. ਲਿਖਤ: 8X12 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰਬਰ 34 ਅ ਤੇ ਕੁਝ ਖਾਨੇ ਉਲੀਕੇ ਹੋਏ ਹਨ ਜਿਨ੍ਹਾਂ ਵਿਚ ਤਿੰਨ ਅਖਰੇ ਕੁਝ ਨੰਬਰ ਲਿਖੇ ਹੋਏ ਹਨ।

ਆਮ ਵੇਰਵਾ : ਪੋਥੀ ਕਿਰਮ ਖੁਰਦਾ ਹੈ। ਪੋਥੀ ਦੇ ਸ਼ੁਰੂ ਵਿਚ ਚਾਰ ਬਿਨਾਂ ਹਾਸ਼ੀਏ ਦੇ ਅਤੇ ਅੰਤ ਵਿਚ ਇਕ ਹਾਸ਼ੀਏ ਵਾਲਾ ਅਤੇ ਚਾਰ ਬਿਨਾਂ ਹਾਸ਼ੀਏ ਦੇ ਪੱਤਰੇ ਖਾਲੀ ਹਨ। ਪੱਤਰਾ ਨੰਬਰ 1-4 ਬਾਕੀ ਪੱਤਰਿਆਂ ਨਾਲੋ ਆਕਾਰ ਵਿਚ ਛੋਟੇ ਹਨ ਜਿਨ੍ਹਾਂ ਨੂੰ ਪੂਰਾ ਆਕਾਰ ਦੇਣ ਲਈ ਆਸੇ ਪਾਸੇ ਹੋਰ ਰੰਗ ਦੇ ਕਾਗਜ਼ ਜੋੜੇ ਹੋਏ ਹਨ। ਪੋਥੀ ਦੀ ਹਾਲਤ ਖਸਤਾ ਹੈ।
ਅਰੰਭ : ੧ੴ॥ਸਤਿਗੁਰ ਪ੍ਰਸਾਦਿ॥ ਸਾਖੀ ਰਾਜੇ ਜਨਕ ਜੀ ਕੀ॥ ਸਿਰੀ ਗੁਰੂ ਨਾਨਕ ਜੀ ਸਤਿ ਹੈ॥ ਤਬ ਪਾਰਬ੍ਰਹਮ ਕੀ ਆਗਿਆ ਸਾਥ ਰਾਜਾ ਜਨਕੁ ਭਗਤਿ ਜੀ ਸਚਖੰਡ ਕਉ ਚਲੇ॥ ਤਬ ਰਾਹਿ ਉ੍ਹਾ ਤੇ ਜੋ ਮੁਕਤਿ ਕਾ ਰਾਹੁ ਥਾ ਉਸ ਤੇ ਬਾਵੀ ਤਰਫ ਗੁਹਾਰ ਪਰਤੀ ਥੀ॥...
ਅੰਤ : ... ਸਲੋਕੁ॥ ਜੁਗ ਜੁਗ ਮਹਿ ਗੁਰੂ ਆਇਆ ਤਿ ਅਚਿਤੁ ਨਾਮੁ ਧਿਆਇਆ ॥ ਜਿਨ ਸੇਵਿਆ ਤਿਨ ਫਲ ਪਾਇਆ ਦਾਸ ਨਾਨਕ ਪੰਥ ਚਲਾਇਆ॥ ਬੋਲਹੁ ਭਾਈ ਜੀ ਵਾਹਗੁਰੂ ਸਾਖੀ ਪੂਰਨ ਹੋਈ ਭੁਲਿਆ ਚੁਕਿਆ ਬਖਸ ਲੈਣਾ ਸਦਕਾ ਸਤਿਗੁਰੂ ਸਤਿਤਿਕਾ

ਹੱਥ ਲਿਖਤ ਨੰ : MS 71 ਅ
ਸਿਰਲੇਖ : ਜਨਮ ਸਾਖੀ ਭਾਈ ਬਾਲਾ
ਲੇਖਕ : ਪੈੜਾ ਮੋਖਾ
ਲਿਖਣ ਸਥਾਨ : ਮੁਲਤਾਨ ਰਚਨਾ ਕਾਲ: ਸੰਮਤ 1582
ਸਮਾਂ : ਸੰਮਤ 1860
ਪੱਤਰੇ : 9 ੳ–286 ਅ
ਆਕਾਰ : 19X27 ਸ.ਮ. ਲਿਖਤ: 14X18 ਸ.ਮ.
ਵੇਰਵਾ : ਓਹੀ

ਆਮ ਵੇਰਵਾ : ਪੱਤਰਾ ਨੰਬਰ 13 ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਸਮਾਂ "ਸੰਮਤ 1520 ਮਿਤੀ ਕਤਮ ਸੁਦੀ ਪੂਰਨਮਾ" ਦਿਤਾ ਹੋਇਆ ਹੈ।

ਅਰੰਭ : ੧ਓ ॥ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ॥ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਸਮਤੁ ੧੫੯੨॥ ਮਿਤੀ ਵੈਸਾਖ ਸੁਧੀ ਪਚਮੀ ਪੋਥੀ ਲਿਖੀ ਪੈੜੈ ਮੋਖੇ ਸੁਲਤਾਨ ਪੁਰ ਕੇ ਖਤਰੇਟੇ॥ ਗੁਰੂ ਅੰਗਦ ਲਿਖਵਾਈ॥ ਪੈੜੇ ਲਿਖੀ॥...

ਅੰਤ : ... ਇਹੁ ਸਬਦੁ ਤਲਵੰਡੀ ਹੋਇਆ ਸੀ॥ ਜਾ ਰਾਇ ਬੁਲਾਰਿ ਪਾਸੋ ਲਾਲੂ ਆਖਵਾਇਆ॥ ੧੮●●॥੬●॥ ਸੰਬਤ॥ ਅਠਾਰਾਹ ਸੈ॥੬●॥ ਮਿਤੀ ਫਗਣ ਸਗਰਾਦੋ॥੧੮॥ ਸੁਭ ਦਿਨ ਮੰਗਲਵਾਰ ਮੁਲਤਾਨ ਵਿਚ ਲਿਖੀ॥ ਭੁਲ ਚੁਕ ਬਖਸਣੀ॥ ਬੋਲੋ ਭਾਈ ਜੀ ਵਾਹਗੁਰੂ॥ ਇਹ ਸਾਖੀ ਕਾ ਮੂਲ ਹੈ॥ ਹਰਿ ਕਿਸੇ ਵੇਲੈ ਸਿਖਾ ਸੰਤਾ ਕੇ ਕੰਮਿ ਆਵਸੀ॥ ਤਿਨਾ ਅਗੈ ਏਹੁ ਸਾਖੀ ਪੜਣੀ ਜਿਨਾ ਗੁਰੂ ਪਰਮੇਸਰ ਇਕ ਕਰ ਜਾਤਾ ਹੈ॥ ਸਬਦੁ ਕਾ ਖੋਜੀ ਹੋਵੈ॥ ਬਾਕੀ ਆਗੈ ਨਾਹੀ ਪੜਨੀ॥ ਜੋ ਗੁਰੂ ਸਬਦੁ ਕੀ ਸਾਰ ਨ ਜਾਣੈ॥ ਜੋ ਕੋਈ ਆਪਨੀ ਰੀਝ ਕਰਿ ਕੈ ਸਾਖੀ ਸੁਣੈ ਤਿਸ ਦੇ ਅਗੇ ਗੁਰੂ ਕੇ ਬਚਨ ਪੜਨੇ ਨਾਤਰ ਗੁਹਜੁ ਰਖਣੀ । ਬਹੁਤੁ ਜਾਹਰੁ ਨਾਹੀ ਕਰਨੀ॥ ਮਨ ਵਿਚਿ ਰਖੈ ਕਮਾਵੈ॥ ਤਿਸਦੇ ਕੰਮਿ ਆਦਿ ਅੰਤਿ ਆਵਹਿਗੇ॥ ਸਾਖੀ ਪੂਰੀ ਹੋਈ ॥ ਸ੍ਰੀ ਗੁਰੂ ਬਾਬਾ ਨਾਨਕ ਜੀ ਪਰਦਿਆ ਸੁਣਿਦਿਆ ਸਰਬਤ੍ਰ ਸਿਖ ਸੇਵਕ ਨੂੰ ਭਗਤਿ ਅਰ ਸਿਖੀ ਦਾਨ ਕਰੇਗਾ ਸਤਿ ਕਰਿ ਮੰਨਣਾ॥ ਬੋਲਹੁ ਜੀ ਵਾਹਗੁਰੂ ਸਤਿਗੁਰੂ ਜੀ॥ ਸ੍ਰਾਂ ਰਾਮ ਜੀ॥ ਸ੍ਰੀ ਗੁਰੂ ਜੀ॥ ਸ੍ਰੀ ਕ੍ਰਿਸਨ ਜੀ ਸ੍ਰੀ ਵਾਹ ਗੁਰੂ ਜੀ॥

ਹੱਥ ਲਿਖਤ ਨੰ : MS 72

ਸਿਰਲੇਖ : ਪਾਰਸ ਭਾਗ

ਲੇਖਕ : ਅਲਗਜ਼ਾਲੀ

ਅਨੁਵਾਦ : ਅੱਡਣ ਸ਼ਾਹ

ਪੱਤਰੇ : 1–445

ਆਕਾਰ : 33X23.5 ਸ.ਮ. ਲਿਖਤ: 23.5X15.5 ਸ.ਮ.

ਵੇਰਵਾ : ਸਤਰਾਂ ਪ੍ਰਤੀ ਪੰਨਾਂ–23, ਜਿਲਦ ਨਹੀਂ ਹੈ। ਪੰਨੇ ਉਖੜੇ ਹੋਏ ਅਤੇ ਕਿਤੇ-ਕਿਤੇ ਕਿਰਮ ਖੁਰਦਾ। ਦੁਪਾਸੀਂ ਪੰਜ ਲਕੀਰਾਂ (ਦੋ ਲਾਲ ਕਾਲੀਆਂ ਅਤੇ ਪੀਲੀ ਮੋਟੀ ਲਕੀਰ ਵਖਰੇਵੇਂ ਲਈ) ਦਾ ਹਾਸ਼ੀਆ ਹੈ ਪਹਿਲੇ ਪੱਤਰੇ ਤੇ ਉਸ ਤੋਂ ਬਾਹਰ ਇਕ ਹੋਰ ਇਕ ਲਾਲ ਅਤੇ ਇਕ ਇਕ ਕਾਲੀ ਬਰੀਕ ਲਕੀਰ ਦਾ ਚਾਰੇ ਪਾਸੇ ਹਾਸ਼ੀਆ ਹੈ।

ਆਮ ਵੇਰਵਾ : ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੈ । ਪੋਥੀ ਦੀ ਮਾਈਕ੍ਰੋਫਿਲਮ ਬਣਾਈ ਹੋਈ ਹੈ। ਲਿਖਾਈ ਸੁੰਦਰ ਹੈ। ਅੰਤ ਵਿਚ ਇਕ ਪੱਤਰਾ ਖਾਲੀ ਹੈ । ਇਹ ਰਚਨਾ ਨੌਂ ਸਰਗਾ ਵਿਚ ਹੈ ॥

ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਓ ਸ੍ਰੀ ਗਣੇਸਾਯਨਮ:॥ ਅਥ ਪਾਰਸ ਭਾਗ ਕੀਮੀਆ ਸ ਆਦਤ ਲਿੱਖਯਤੇ॥ ਉਸਤਤ ਓਰੁ ਉਪਕਾਰ ਜੋ ਹੈ ਮਹਾਰਾਜ ਕਾ ਸੋ ਅੰਬਰ ਕੇ ਤਾਰੇ ਅਰ ਮੇਘ ਕੀਆ ਬੂੰਦਾ ਅਰੁ ਪੱਤ੍ਰ ਬਨਾਸਪਤੀ ਕੇ ਅਰੁ ਰੇਤ ਕੇ ਕਿਣਕੇ ਅਰੁ ਅਕਾਸ ਕੇ ਅਣਹੁ ਤੇ ਅਧਿਕ ਹੈ॥...

ਅੰਤ : ... ਅਰੁ ਏਕ ਸਾਧ ਕੌ ਬੰਦੀ ਖਾਨੇ ਵਿਖੇ ਜਬ ਮਿੱਤ੍ਰ ਮਿਲਣੇ ਆਏ ਥੇ ਤਬ ਉਨਹੁ ਨੇ ਪਰੀਖਿਆ ਕੇ ਨਮਿੱਤ ਉਨ ਕੌ ਪਾਥਰ ਮਾਰੇ ਤਬ ਵਹੁ ਭਾਗ ਗਏ ਬਹੁੜਿ ਉਸ ਸਾਧ ਨੇ ਕਹਾ ਜੋ ਤੁਮ ਝੂਠੇ ਮਿੱਤ੍ਰ ਹੋ ਕਾਹੇ ਤੇ ਜੋ ਮਿੱਤ੍ਰ ਕੇ ਦੁਖ ਵਿਖੇ ਮਿਤ੍ਰ ਕੋ ਦੁਖ ਨਹੀਂ ਭਾਸਤਾ॥੨੩॥ ਇਤਿ ਪ੍ਰੀਤਿ ਪ੍ਰੇਮ ਰਜਾਇ ਸਮਾਪਤੰ॥੧॥ ਸੁਭੰ ਭਵੇਤੁ ॥

ਹੱਥ ਲਿਖਤ ਨੰ : MS 73

ਸਿਰਲੇਖ : ਚਾਰ ਦਰਵੇਸ਼

ਸਮਾਂ : ਸੰਮਤ 1916

ਪੱਤਰੇ : 1–170

ਆਕਾਰ : 24X16 ਸ.ਮ. ਲਿਖਤ: 19X9.5 ਸ. ਮ.

ਵੇਰਵਾ : ਪੱਤਰੇ ਖੁਲੇ, ਪਰ ਗੱਤੇ ਵਿਚ ਬਝੇ ਹੋਏ ਹਨ। ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਖਰੇਵੇਂ ਲਈ ਵਿਚਕਾਰ ਪੀਲੀ ਲਕੀਰ ਦਾ ਹਾਸ਼ੀਆ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾਂ–21

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਉਖੜੀ ਹੋਈ ਹੈ, ਕਿਧਰੇ ਕਿਧਰੇ ਭਿੱਜੀ ਹੋਈ ਹੈ ਸ਼ੁਰੂ ਵਿਚ 5 ਪੱਤਰੇ ਖਾਲੀ ਹਨ ਅਤੇ ਅੰਤ ਵਿਚ 3 ਪੱਤਰੇ ਖਾਲੀ ਹਨ। 4 ਓ ਪੰਨੇ ਤੇ ਫੁੱਲ ਬੂਟੇ ਤੇ ਨਾਲ ਇਕ ਚਿਹਰਾ ਪੈਨਸਿਲ ਨਾਲ ਬਨਾਇਆ ਹੋਇਆ ਹੈ। ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਮਾਤਰਾਵਾਂ ਠੀਕ ਕੀਤੀਆਂ ਹਨ। ਚਾਰ ਦਰਵੇਸ਼ ਬਾਰੇ 2 ਓ ਤੇ ਲਿਖਿਆ ਹੋਇਆ ਹੈ। 'ਕਿਸਾ ਚਾਰ ਦਰਵੇਸ਼ ਕਾ'; ਪਤਰਾ ਨੰ 5 ਅ ਸ਼ੁਰੂ ਵਿਚ ਅੱਲਾ ਦੀ ਸਿਫਤ ਬਾਰੇ ਲਿਖਿਆ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਸੁਬਹਾਨ ਅੱਲਾ ਕਿਆਸਾ ਨਿਆ ਹੈ ਕਿ ਜਿਸ ਨੇ ਏਕ ਮੁੱਠੀ ਖਾਕ ਸੇ ਕਿਆ ਕਿਆ ਸੂਰਤੈ ਔਰ ਮੱਟੀ ਕੀ ਮੂਰਤੈਂ ਪੈਦਾ ਕੀਈ ਬਾਵਜੂਦ ਦੋ ਰੰਗ ਕੇ ਏਕ ਗੋਰਾ ਏਕ ਕਾਲਾ ਔਰ ਯਿਹੀ ਨਾਕ ਕਾਨ ਹਾਥ ਪਾਂਉ ਸਬ ਕੋਂ ਦੀਏ ਹੈ॥...

ਅੰਤ : ... ਤੇਰੀ ਯਾਦ ਮੈ ਮੈ ਰਹੂੰ ਦਮ ਬ ਦਮ॥ ਕਟੇ ਇਤਰਹ ਮੇਰਾ ਲੈਲੋ ਨਹਾਰ॥ ਨ ਪੁਰਸਸ ਕੀ ਸਖਤੀ ਹੋ ਮੁਝ ਪਰ ਕਬੂੰ॥ ਨ ਸਬ ਗੋਰ ਕੀ ਅਰੁ ਨ ਰੋਜੇ ਸਮਾਰਾ॥ ਤੁ ਕੋ ਨੈਨਨ ਮੈ ਲੁਤਫ ਪਰ ਲੁਤਫ ਰਖਾ॥ ਖੁਦਾਯਾ ਬੱਕੇ ਰਸੂਲੇ ਕਿੱਬਰਾ॥ ਕਿੱਸਹ ਬਾਗੋ ਬਹਾਰ ਤਮਾਮ ਸੁਦ ॥ ਸੰਮਤ ੧੯੧੬ ਭਾਦ੍ਰੋ ਪ੍ਰਵਿਸਟ ੧੬ ਸੁਦੀ ੨ ਮੰਗਲਵਾਰ।

ਹੱਥ ਲਿਖਤ ਨੰ : MS 74

ਸਿਰਲੇਖ : ਕਥਾ ਸਤਿ ਜੁਗ ਕੀ

ਪੱਤਰੇ : 1 – 89

ਆਕਾਰ : 8X14 ਸ.ਮ. ਲਿਖਤ: 7X11 ਸ.ਮ.

ਵੇਰਵਾ : ਜਿਲਦ ਤੋਂ ਬਗੈਰ; ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ 58 ਪੱਤਰੇ ਤਕ, 59 ਤੋਂ 68 ਪੱਤਰੇ ਬਿਨਾਂ ਹਾਸ਼ੀਆ ਦੇ, 69 ਤੋਂ 80 ਪੱਤਰੇ ਤੱਕ ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ । ਬਾਕੀ ਬਿਨਾਂ ਹਾਸ਼ੀਏ ਦੇ ਹੈ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਦੋ ਅਤੇ ਅੰਤ ਤੇ ਇਕ ਪੱਤਰਾ ਖਾਲੀ ਹੈ। ਖਾਲੀ ਪੱਤਰਿਆਂ ਤੇ ਹੋਰ ਕਾਨੀ ਅਤੇ ਹੋਰ ਸਿਆਹੀ ਨਾਲ ਕੁਝ ਲਿਖਿਆ ਹੋਇਆ ਹੈ। ਪੋਥੀ ਭਿੱਜੀ ਹੋਣ ਕਾਰਣ ਕਈ ਪੱਤਰਿਆਂ ਤੇ ਦਾਗ ਹਨ। ਕਿਤੇ ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ। ਅੱਧੇ 'ਸ' ਦੀ ਵਰਤੋਂ ਕੀਤੀ ਹੋਈ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਕਥਾ ਸਤਿ ਜੁਗ ਕੀ ਪੁਰਾਤਨਿ ॥ ਜਬਿ ਰਾਜੇ ਜਨਮੇਜੇ ਕਉ ਅਠਾਰਾ ਕੁਸਟਿ ਹੋਇ ਥੇ ॥ ਅਠਾਰਾਂ ਬ੍ਰਹਮਣਿ ਮਾਰਿਆ ਤੇ॥ ਕੁਸਟਿ ਉਤਾਰਣੇ ਕੇ ਨਮੇਤ ਬਿਆਸੇ ਗੁਸਾਈ ਲਾਗਾ ਕਥਾ ਸੁਣਾਵਣ ਲਗਾ ਥਾ ਤ੍ਰੇਵੀ ਸਤਿਜੁਗ ਕੀ...

ਅੰਤ : ... ਅਰੁ ਜੁ ਵਿੱਦੇਆ ਕੈ ਨਾਮੇਤਿ ਸੁਣੇਗਾ॥ ਤਿਸ ਕੋਂ ਵਿਦਿਆ ਪ੍ਰਾਪਤਿ ਹੁਵੈਗੀ॥ ਅਰੁ ਭਮਾ ਕਿਸੀ ਹੀ ਨਾਮਿਤਿ ਸੁਣਿ ਸੁ ਸਭੁ ਪ੍ਰਾਪਤਿ ਹੋਤੀ ਹੈ॥ ਅਰੁ ਬਿਆਸ ਜੀ ਰਾਜੇ ਜਨਮੇਜੇ ਕਉ ਇਹੀ ਕਥਾ ਸੁਣਾਈ ਥੀ॥ ਕੁਸਟ ਉਤਾਰਣੇ ਸਨਾਮਿਤਿ॥ ਸੋ ਕੁਸਟ ਉਤਿਰ ਗਏ ਥੇ॥ ਕਥਾ ਤੇਰਵੀ ਸੰਪੂਰਨੰਮ ਸੁਭ ਮਸਤੁ।

ਹੱਥ ਲਿਖਤ ਨੰ : MS 75 ਸੰਗ੍ਰਹਿ
ਸਿਰਲੇਖ : ਸਰਧਾ ਪੂਰਨ
ਪੱਤਰੇ : 1 ਅ –48 ਅ, 1 ਅ –508 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਚਮੜਾ, ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆਂ। ਸਤਰਾਂ ਪ੍ਰਤੀ ਪੰਨਾ– 9
ਆਮ ਵੇਰਵਾ : ਪੋਥੀ ਦੀ ਹਾਲਤ ਕਿਰਮ ਖੁਰਦਾ। ਪੋਥੀ ਦੇ ਸ਼ੁਰੂ ਵਿਚ 9 ਅਤੇ ਅੰਤ ਤੇ 7 ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਪੱਤਰਾ ਨੰਬਰ 1 ਅ ਤੋਂ 48 ਅ ਪੋਥੀ ਸਰਧਾ ਪੂਰਨ ਦਾ ਤੱਤਕਰਾ ਹੈ। ਪੋਥੀ ਦਾ ਪਾਠ ਅਗੋਂ ਫੇਰ 1 ਅ ਪੱਤਰੇ ਤੋਂ ਸ਼ੁਰੂ ਹੁੰਦਾ ਹੈ। ਪੱਤਰਾ ਨੰਬਰ 509 ਅਤੇ 510 ਖਾਲੀ ਹਨ। ਕਿਤੇ ਕਿਤੇ ਹੜਤਾਲ ਫੇਰੀ ਹੋਈ ਹੈ।
ਅਰੰਭ : ੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥...
ਅੰਤ : ... ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟਉ ਜਲਧਾਰਾ॥ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗਾਨ ਕੇ ਆਠਾਰਹਿ ਦਸ ਬੀਸ॥੧॥੬੭੬॥ ॥ ॥ ॥ ॥
॥ ॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 75 ਅ
ਸਿਰਲੇਖ : ਮਾਤ੍ਰਾ ਬਾਬੇ ਨਾਨਕ ਜੀ ਕਾ
ਪੱਤਰੇ : 511 ੳ –515 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੱਤਰਾ ਨੰਬਰ 511 ੳ ਤੋਂ 513 ੳ ਤਕ ਮਾਤ੍ਰਾ ਬਾਬੇ ਨਾਨਕ ਜੀ ਕੀ ਹੈ ਪੱਤਰਾ ਨੰਬਰ 513 ੳ ਤੋਂ 515 ਅ ਤੱਕ ਦ੍ਵਾਦਸ ਮਾਤ੍ਰਾ ਸ੍ਰੀ ਬਾਬੇ ਨਾਨਕ ਜੀ ਕੀ ਹੈ।
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਬੇ ਨਾਨਕ ਜੀ ਕੀ ਲਾਲ ਸਬਾਜ ਗਾੜੇ ਨਾਲ ਹੋਈ॥ ॥ ਦਿਲ ਸਾਫ ਸਾਫੀ ਸਿਰ ਟੋਪੀ ਧਰੇਗੇ॥ ਬਿਖਤਰੇ ਸਹਰ ਮੈ ਬਿਖਤਰੇ ਰਹੇਗੇ॥ ਖਉਫ ਕੋ ਗਵਾਇ ਕਰਿ ਖਫਨੀ ਲਈ ਹੈ॥ ਮੁਰਸਦਹ ਮਨ ਕੋ ਮਿਹਰ ਕਰ ਦਈ ਹੈ॥...
ਅੰਤ : ... ਬਾਬਾ ਨਾਨਕ ਬੋਲਿਆ ਗੋਰਖ ਤੂੰ ਬਡਾ ਹੈ ਗਿਆਨੀ॥ ਤੇਰੀ ਬਾਤ ਮੇਰੇ ਮਨ ਮਾਨੀ॥ ਤੂ ਹੈ ਪੂਰਾ ਤੇਰਾ ਗੁਰੂ ਹੈ ਸੂਰਾ॥ ਇਤਿ ਦ੍ਵਾਦਸ ਮਾਤ੍ਰਾ ਕਾ ਝਾੜਾ ਸੰਪੂਰਨ ਹੋਇਆ ॥ ਪੜੰਤੇ ਸੁਨੰਤੇ ਮੋਖ ਮੁਕਤਿ ਲਹੰਤੇ ॥ ਸ੍ਰੀ ਗੁਰ ਨਾਨਕ ਜੀ ਕੇ ਚਰਨ ਪਾਦਕਾਂ ਕੋ ਨਮਸਤੇ ਨਮਸਤੇ ਨਮਸਤੇ॥੨॥

ਹੱਥ ਲਿਖਤ ਨੰ : MS 75 ੲ
ਸਿਰਲੇਖ : ਮਾਤ੍ਰਾ ਬਾਬੇ ਸ੍ਰੀ ਚੰਦ ਜਤੀ ਜੀ ਕੀ
ਪੱਤਰੇ : 516 ੳ – 525 ਅ
ਆਕਾਰ : 14 X 18 ਸ.ਮ. ਲਿਖਤ: 9X11 ਸ. ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਪੰਜ ਮਾਤ੍ਰਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਬੇ ਸ੍ਰੀ ਚੰਦ ਜਤੀ ਜੀ ਕੀ ਲਖਯਤੇ॥ ਗੁਰ ਅਬਿਨਾਸੀ ਖੇਲ ਰਚਾਇਆ॥ ਅਗਮ ਨਿਗਮ ਕਾ ਪੰਥ ਬਤਾਇਆ ॥ ਗਿਆਨ ਕੀ ਗੋਦੜੀ ਖਿਮਾ ਕੀ ਟੋਪੀ॥ ਜਤ ਕਾ ਆੜਬੰਦ ਸੀਲ ਲੰਗੋਟੀ॥ ਅਕਾਲ ਖਿੰਥਾ ਨਿਰਾਸ ਝੋਲੀ ਜੁਗਤਿ ਕਾ ਟੋਪ ਗੁਰਮੁਖੀ ਬੋਲੀ॥...

ਅੰਤ : ...ਪਵਨ ਪਾਨੀ ਅਗਨਿ ਪ੍ਰਿਥਵੀ ਅਕਾਸ॥ ਚਉਦੇ ਭਵਨ ਕੀ ਪ੍ਰਗਾਸ॥ ਨਵ ਖੰਡ ਲੇ ਬੰਦ ਬੰਦ ਬੋਲੇ॥ ਨਾਨਕ ਪੂਤਾ ਸ੍ਰੀ ਚੰਦ ਬੋਲੇ॥ ਜੁਗਤਿ ਪਛਾਣੈ ਤਤੁ ਵਿਰੋਲੈ॥੧॥੭॥ ॥

ਹੱਥ ਲਿਖਤ ਨੰ : MS 75 ਸ
ਸਿਰਲੇਖ : ਪ੍ਰਾਣ ਮਾਤ੍ਰਾ ਬਾਬੇ ਨਾਨਕ ਜੀ ਕੀ
ਪੱਤਰੇ : 525 ੳ – 529 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਪ੍ਰਾਣ ਮਾਤ੍ਰਾ ਬਾਬੇ ਨਾਨਕ ਜੀ ਕੀ॥ ਸੁਨੋ ਸਿਧੋ ਹਰਿ ਭਜਨ ਕਾ ਭੇਦ ਕਰਬੋ॥ ਕਾਂਮ ਕ੍ਰੋਧ ਕਾ ਛੇਦ ਕਰਬੋ॥ ਏਕ ਊਪਰਿ ਰਾਖਬੋ ਪੰਚ ਸਾਥੀ॥ ਮਨ ਮਹਿ ਮੰਤ ਮਾਰਬੋ ਹਾਥੀ॥ ਮੈ ਤੂੰ ਦਿਲ ਮਨ ਮੋਹ ਜੀਤਬੋ ਜੋਗੀ॥ ਜਰਾ ਮਰਨ ਮੇਟਬੋ ਪਵਨ ਰਸ ਭੋਗੀ॥...
ਅੰਤ : ...ਕਾਲਾ ਪੀਲਾ ਜਰਦ ਸੁਪੇਦ॥ ਲਾਲ ਸਬਜ ਹਿਰਮਚੀ ਰੰਗਹ ਵੇਜ॥ ਬਹੁ ਰੰਗ ਪੇਵੰਦ ਗੋਦੜੇ ਕੋ ਲਾਗੇ॥ ਸੁਰੰਤਿ ਨਿਰਤਿ ਕੇ ਸੀਏ ਤਾਗੇ॥ ਸੋਈ ਗੋਦੜੀ ਸਤਿਗੁਰ ਪਹਿਰਾਈ॥ ਨਾਨਕ ਸਤਿਗੁਰ ਸੰਗੁ ਸਹਾਈ॥੧॥੮॥

ਹੱਥ ਲਿਖਤ ਨੰ : MS 75 ਹ
ਸਿਰਲੇਖ : ਮਾਤ੍ਰਾ ਬਾਬੇ ਨਾਨਕ ਜੀ ਕੀ
ਪੱਤਰੇ : 529 ੳ – 530 ੳ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ ॥ ਮਾਤ੍ਰਾ ਬਾਬੇ ਨਾਨਕ ਜੀ ਕੀ॥ ਓਅੰ ਚਕਰ ਪਹਰ ਮ੍ਰਿਤਕ ਹੋਇ ਰਹੈ॥ ਬੁਧ ਪਹਰ ਬਾਉ ਕੇ ਹਰੈ॥ ਮੇਖਲਾ ਪਹਰ ਸਬਦ ਸੋ ਲੜੈ॥ ਸੋ ਜੋਗੇਸ੍ਵਰ ਸਿਰ ਟੋਪੀ ਧਰੈ॥...
ਅੰਤ : ...ਧਿਆਨ ਕਾ ਆਸਨ ਗਿਆਨ ਕੀ ਬੈਰਾਗਨਿ ਕੰਨੀ ਮੁਦ੍ਰਾ ਕੁਰਬਾਨੀ॥ ਸਿਵ ਕੀ ਛੁਰੀ ਧਰਮ ਕਾ ਦਸਤਾਰ ਤਿਸ ਨਾਲ ਕਾਟੇ ਪੰਚ ਦੁਸਟਾਨੀ॥ ਗੁਰ ਪ੍ਰਸਾਦਿ ਲਵੈ ਬਸਤ੍ਰ ਨਾਨਕ ਦਾਸ ਸਦਾ ਸਦਾ ਕੁਰਬਾਨੀ॥1॥9॥

ਹੱਥ ਲਿਖਤ ਨੰ : MS 75 ਕ
ਸਿਰਲੇਖ : ਮਾਤ੍ਰਾ ਬਾਬੇ ਅਲਮਸਤ ਜੀ ਕੀ
ਪੱਤਰੇ : 530 ੳ –532 ੳ
ਆਕਾਰ : 14X18 ਸ. ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਤਿੰਨ ਮਾਤ੍ਰਾ ਹਨ।

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਮਾਤ੍ਰਾ ਬਾਬੇ ਅਲਮਸਤ ਜੀ ਕੀ॥ ਓਅੰ ॥ ਖਪਨੀ ਕਰ ਕਰ ਤਨ ਖਪਨਾਵੈ॥ ਅਹੰ ਬੁਧਿ ਤਨ ਮਾਹਿ ਮਿਟਾਵੈ॥ ਚਾਰ ਦਿਸਾ ਕੀ ਖਬਰ ਸੁਨਾਵੈ॥ ਤੌ ਚੱਕ੍ਰ ਚੌਪਲਾ ਲੇ ਗਲੈ ਮੋ ਪਾਵੈ॥ ਸੇਲੀ ਸਿੰਛੀ ਅਰੁ ਮ੍ਰਿਗਾਨ॥ ਨਗਰੀ ਬੈਠੋ ਗੁਰ ਕੀ ਆਨ॥...

ਅੰਤ : ...ਫੂਲ ਮਾਲਾ ਮਾਫ॥ ਚੋਲਾ ਚਾਕ॥ ਨਾਮ ਤੇਰਾ ਪਾਕ॥ ਸੂਈਦਾਨਾ ਸੁਰਤਿ ਹੈ। ਮੇਖਲੀ ਪ੍ਰਕ੍ਰਿਤ ਹੈ॥ ਤੂੰਬਾ ਤਿਰਾਜ ਹੈ॥ ਸੇਲੀ ਸਫਾਕ ਹੈ॥ ਜਗੋਟਾ ਜਮਾਤ ਹੈ॥ ਬਟੂਆ ਸਾਥ ਹੈ॥ ਕਿਸਤੀ ਹਾਥ ਹੈ ॥ ਨਾਨਕ ਹਲੀਮੀ ਕਰਾਮਾਤ ਹੈ॥੧੨॥

ਹੱਥ ਲਿਖਤ ਨੰ : MS 75 ਖ

ਸਿਰਲੇਖ : ਮਾਤ੍ਰਾ ਬਾਵੇ ਭਗਤ ਭਗਵਾਨ ਜੀ ਕੀ

ਪੱਤਰੇ : 533 ੳ –533 ੳ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਮਾਤ੍ਰਾ ਬਾਵੇ ਭਗਤ ਭਗਵਾਨ ਜੀ ਕੀ॥ਤੇਲੀਆ ਅਵਧੂਤ ਜੋਗੀ॥ ਆਵਤ ਜਾਤ ਨਿਰਤ ਕਰ ਖੇਲੀ॥ ਮੋਰ ਕਾ ਦਸਤਾਰ ਮਸਤਕ ਬਿਰਾਜੈ॥ ਸਿਰ ਜਟਾ ਜੂਟ ਜੋਗੀਆ ਲੇ ਸਾਜੈ॥...

ਅੰਤ : ...ਕਿਸ ਤੀ ਛੁਰੀ ਫਹੋੜੀ ਚਿਤੰਬਰ ਬਘੰਬਰ॥ ਗਲ ਬੋਧ ਗੋਦੜਾ ਗਲ ਵਿਚ ਫੂਲਮਾਲਾ॥ ਗਠੰਤ ਮਾਤ੍ਰਾ ਭਗਤ ਭਗਵਾਨ ਮਾਲਾ॥੧੩॥

ਹੱਥ ਲਿਖਤ ਨੰ : MS 75 ਗ

ਸਿਰਲੇਖ : ਮਾਤ੍ਰਾ ਚਰਪਟ ਨਾਥ ਜੀ ਕੀ

ਪੱਤਰੇ : 533 ੳ –534 ੳ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਮਾਤ੍ਰਾ ਚਰਪਟ ਨਾਥ ਜੀ ਕੀ॥ ਸੇਲੀ ਨ ਬਾਧੋ ਨ ਉਡਾਉ ਮ੍ਰਿਗਾਨੀ॥ ਖਿੰਥਾ ਨ ਪਹਰੋ ਜੋ ਹੋਇ ਜਾਇ ਪੁਰਾਨੀ॥ ਬਿਭੂਤ ਨ ਲਗਾਊ ਜੋ ਉਤਰ ਉਤਰ ਜਾਇ॥ ਖਰ ਵਾਗ ਲੇਟੇ ਮੇਰੀ ਬਲਾਇ॥ ਦੁਆਰਾ ਦੇਖ ਧੂਣੀ ਨਾ ਪਾਉ॥ ਸੰਧਿਆ ਦੇਖ ਸਿੰਗੀ ਨ ਬਜਾਊ॥ ਗ੍ਰਿਹ ਗ੍ਰਿਹ ਕੂਕਰ ਕੀ ਨਿਆਈ ਮਾਂਗਣੇ ਨ ਜਾਊ॥ ਭੇਖ ਕਾ ਜੋਗੀ ਕਦੇ ਨ ਕਹਾਊ॥ ਆਤਮ ਕਾ ਜੋਗੀ ਚਰਪਟ ਮੇਰਾ ਨਾਊ॥...

ਅੰਤ : ...ਖਾਇਆ ਪੀਆ ਕੀਆ ਭੋਗ॥ ਬੋਲੇ ਚਰਪਟ ਬਿਗਾੜਾ ਜੋਗ॥ ਉਠ ਚਲੈ ਕਛੁ ਬਾਤ ਨ ਪੂਛੈ ਕਹੋ ਕਹਾ ਤੁਮ ਜਾਨਾ॥ ਜਹਾਂ ਜਾਨਾ ਤਹਾਂ ਜਾਇ ਪਹੁਚੈ ਚਾਇ ਨਹੀ ਕਛੁ ਖਾਨਾ॥ ਜਹਾਂ ਪੜਾ ਮੂਸਲਾ ਤਹੀ ਖੇਮ ਕੂਸਲਾ॥ ਕਿਆ ਬਸਤੀ ਕਿਆ ਉਦਿਆਨਾ॥ ਤਬ ਬੋਲੇ ਚਰਪਟ ਸਮਝੇ ਗੋਰਖ ਕਿਨੇ ਵਿਰਲ ਜੋਗ ਕਮਾਨਾ॥੧੪॥

ਹੱਥ ਲਿਖਤ ਨੰ : MS 75 ਘ

ਸਿਰਲੇਖ : ਮਾਤ੍ਰਾ ਬਾਵੇ ਬਲਖੰਡੀ ਜੀ ਕੀ

ਪੱਤਰੇ : 534 ੳ –536 ਅ

ਆਕਾਰ : 14X18 ਸ.ਮ. ਲਿਖਤ: 9X11 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਮਾਤ੍ਰਾ ਬਾਵੇ ਬਲਖੰਡੀ ਜੀ ਕੀ॥ ੧ਓ ਸਤਿਗੁਰ ਪ੍ਰਸਾਦਿ॥ ਜਟਾ ਜੂਟ ਮਜਬੂਤ ਗਿਆਨ ਕੀ ਬਿਭੂਤ ਲੇ ਰਮੇ ਜੋਗੀ ਅਵਧੂਤ ਜੰਗ ਸਰਬੰਗ ਕੂਜਾ ਨਗਾਰਾ॥ ਤੋੜਾ ਜੋੜਾ ਤੋੜ ਪਾਵੇ ਮੈ ਡਾਰਾ ॥ ਓਅੰ ਬਨ ਖੰਡੀ ਜੋਗੀ ਆਵਧੂਤ ਆਦ ਬਿੰਦ ਤੇ ਚਲਾਇਆ॥ ਘੂੰਘਰੂ ਡੋਰੀਆ॥ ਸਾਕਨੀ ਮਾਕਨੀ ਮਾਨਵੀ ਜੰਜੀਰ॥...

ਅੰਤ : ...ਬਾਬਾ ਆਦਮ ਅੰਮਾ ਹਵਾ॥ ਮਕੇ ਮਦੀਨੇ ਚੜਿਆ ਤਵਾ॥ ਪਹਲੀ ਰੋਟੀ ਫਕਰ ਕੋ ਰਵਾ॥ ਨਹੀ ਦੇ ਰੋਟੀ ਫੂਟੇ ਕਠੋਤੀ ਤਵਾ॥ ਫਕਰ ਖੇਲੇ ਅਪਨੀ ਰਵਾ ਕੁਜਾਲੀ ਨਾਮ ਨ ਬਸ ਕੀਨਾ॥ ਏਤੀ ਅਬਦਾਲ ਮਾਤ੍ਰਾ ਕਾ ਝਾੜਾ॥ ਖਟ ਦਰਸਨ ਮੈ ਬਾਦ ਬਿਬਾਦ ਕਰੇ ਤਿਸ ਗੀਦੀ ਕਾ ਮੂੰਹ ਕਾਲਾ॥੧੫॥

ਹੱਥ ਲਿਖਤ ਨੰ : MS 75 ਛ

ਸਿਰਲੇਖ : ਮਾਤ੍ਰਾ ਬਾਵੇ ਸ੍ਰੀ ਚੰਦ ਜੀ ਕੀ

ਪੱਤਰੇ : 536 ਅ –540 ਓ

ਆਕਾਰ : 14X18 ਸ. ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਦੋ ਮਾਤ੍ਰਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਮਾਤ੍ਰਾ ਬਾਵੇ ਸ੍ਰੀ ਚੰਦ ਚੰਦ ਜੀ ਕੀ॥ਪੰਚ ਕੋਸ ਕਿਆ ਹੈ॥ ਅੰਨਮਯ ਪ੍ਰਾਣਮਯ ਮਨੋਮਯ ਵਿਗਿਆਨਮਯ ਅਨੰਦਮਯ ਇਹ ਪਾਂਚ ਕੋਸ ਹੈ॥ ਅੰਨਮਯ ਕੋਸ ਕਾ ਕਿਆ ਨਾਮ ਹੈ॥ ਅੰਨਰਸ ਕਰਕੇ ਹੁਆ ਹੈ॥ ਅੰਨਰਸ ਕਰ ਕੇ ਬਡਾ ਹੁਆ ਹੈ॥ ਅੰਨਰਸ ਮਈ ਪ੍ਰਿਥਵੀ ਹੈ॥ ਤਿਸ ਕੇ ਵਿਖੇ ਲੀਣ ਹੋਇ ਗਾਇਆ ਹੈ॥ ਤਿਸ ਕਾ ਅਸਥੂਲ ਸਰੀਰ ਹੁਆ॥ ਪ੍ਰਾਣਮਯ ਕੋਸ ਮਨੋਮਯ ਕੋਸ ਵਿਗਯਾਨਮਯ ਕੋਸ ਇਹ ਜੋ ਤਿੰਨ ਕੋਸ ਹੈ ਸੂਖਮ ਸਰੀਰ ਹੈ॥ ...

ਅੰਤ : ...ਜਬ ਅਕਾਸ ਸਿਧ ਦੇਹ ਚਲਾਈ॥ ਸ੍ਰੀ ਚੰਦ ਯਹਿ ਮਾਤ੍ਰਾ ਗਾਈ॥ ਮਾਤ੍ਰਾ ਕਹੇ ਸੋ ਜੁਗਤ ਕਮਾਵੈ॥ ਨਿਰਭਉ ਡੰਕ ਨਗਾਰਾ ਵਾਵੈ॥ ਮਾਤ੍ਰਾ ਬਿਧ ਜਿਨ ਨਿਸਚੇ ਕੀਨੀ॥ ਤਿਨ ਉਦਾਸ ਮੁਖ ਪਦਵੀ ਲੀਨੀ॥੧੭॥

ਹੱਥ ਲਿਖਤ ਨੰ : MS 75 ਚ

ਸਿਰਲੇਖ : ਮਾਤ੍ਰਾ ਸਹਜਾ ਨੰਦ ਉਦਾਸੀ ਜੀ ਕੀ

ਪੱਤਰੇ : 540 ਓ –543 ਓ

ਆਕਾਰ : 14X18 ਸ. ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਮਾਤ੍ਰਾ ਸਹਜਾ ਨੰਦ ਉਦਾਸੀ ਜੀ ਕੀ॥ ਗਿਆਨ ਗੁਫਾ ਮੈ ਕਰੈ ਸਮਾਧ॥ ਧੀਰਜ ਆਸ ਨ ਬੈਠੇ ਸਾਧ॥ ਪੰਚ ਤਤ ਕੀ ਧੂਣੀ ਪਾਵੈ॥ ਬ੍ਰਹਮ ਗਿਆਨ ਕੀ ਅਗਨਿ ਜਲਾਵੈ॥ ਐਸੋ ਜੋਗੀ ਸਾਧੈ ਜੋਗ॥ ਨਾ ਤਿਸੁ ਕਾੜਾ ਨਾ ਤਿਸੁ ਰੋਗੁ॥ ਤੀਨ ਗੁਫਾ ਤਜ ਪੀਵੈ ਪਾਣੀ॥ ਚਉਥੈ ਸੁਰਤਿ ਧਰੈ ਨਿਰਬਾਣੀ॥ ...

ਅੰਤ : ...ਇਹੁ ਮਾਤ੍ਰਾ ਪਹਰੇ ਜੋ ਕੋਇ॥ ਆਵਾ ਗਵਨ ਮਿਟਾਵੈ ਸੋਇ॥ ਮਾਤ੍ਰਾ ਪੜੈ ਪੜਾਵੈ ਮਨ ਸਮਝਾਵੈ॥ ਗੁਰ ਪ੍ਰਮੇਸਰ ਤੇ ਬਨ ਆਵੈ॥ ਕਾਲ ਜਾਲ ਜਮ ਲਗੈ ਨ ਤ੍ਰਾਸ ਸਹਜਾਨੰਦ ਵਸੈ ਹਰਿ

ਪਾਸ॥ ਬਿਬੇਕ ਮਾੜ੍ਹਾ ਪੂਰਨ ਹੋਈ॥ ਕਹੈ ਸਹਜਾਨੰਦ ਉਦਾਸੀ ਸੋਈ॥ ਮਾੜ੍ਹਾ ਸੰਪੂਰਨ ਹੋਈ॥ ਸ੍ਰੀ ਚੰਦ ਸਹਜਾ ਨੰਦ ਹੋਈ ॥ ਮਾੜ੍ਹਾ ਸਾਹਿਬ ਸਹਜਾਨੰਦ ਉਦਾਸੀ ਜੀ ਕੀ ਸੰਪੂਰਣੰ ਸਮਾਪਤੰ ਸ਼ੁੰਭ॥੧॥੧੮॥

ਹੱਥ ਲਿਖਤ ਨੰ : MS 75 ਛ
ਸਿਰਲੇਖ : ਮਾੜ੍ਹਾ ਸਾਹਿਬ ਰਾਮ ਦਿਆਲ ਜੀ ਕੀ
ਪੱਤਰੇ : 543 ਅ –545 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਮਾੜ੍ਹਾ ਤੋਂ ਬਾਅਦ 6 ਦੋਹਰੇ ਦਿੱਤੇ ਹਨ।
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਸਾਹਿਬ ਰਾਮ ਦਿਆਲ ਉਦਾਸੀ ਜੀ ਕੀ ਲਿਖਯਤੇ॥ਰਹਤ ਕੋ ਟੋਪੁ ਧਰ ਗਜ਼ਾਨ ਧਰ ਮੇਖਲੀ ਜੁਗਤਿ ਕੋ ਸਬਦ ਨਿਤ ਬੋਲ ਜੋਗੀ॥ ਪੰਚ ਦਲ ਮਾਰ ਮਨ ਮੂੰਡ ਚੇਲਾ ਕਰਹੁ ਤਿਆਗ ਮਦ ਮਾਨ ਮਤ ਮਾਨ ਭੋਗੀ॥ ਸੀਲ ਸੰਤੋਖ ਕੋ ਆੜ ਬੰਦ ਬਾਧ ਲੈ ਜਾਤ ਅਰੁ ਸਤ ਧਾਰੋ ਲੰਗੋਟੀ॥ …
ਅੰਤ : …ਬਦੂਆ ਬੈਠ ਇਸਥਿਰ ਹੋ ਨਾਦ ਤ੍ਰਿਕੁਟੀ ਬਜੈ ਅਨਕ ਹੀ ਸਾਜੈ ਮੁਚੰਗਾ॥ ਧਰਮ ਕੀ ਸਾਲ ਮੈ ਸੁਰਤ ਪਰਦੇਸ ਮੈ ਸਮਤ ਮਾ.ਵਾ ਹੁਵਾ ਹੈ ਉਪੰਗਾ॥ ਗੁਰੂ ਗੋਬਿੰਦ ਗੁਰ ਨਾਨਕ ਗੁਰ ਪੂਤ ਤੇ ਮਾਤਰਾ ਅੰਤ ਸਾਰੀ ਪ੍ਰਗਾਸੀ॥ ਦੋਊ ਕਰ ਜੋਰ ਸਿਧ ਰੇਨ ਸੰਤਨ ਕਹੀ ਸੰਤ ਹੀ ਰੈਨ ਜਾਨੈ ਉਦਾਸੀ॥ ਇਤਿ ਸੰਪੂਰਨੰ॥੧੯॥

ਹੱਥ ਲਿਖਤ ਨੰ : MS 75 ਜ
ਸਿਰਲੇਖ : ਖੜਕਾ ਬਾਵੇ ਸ੍ਰੀ ਚੰਦ ਜੀ ਕੀ
ਪੱਤਰੇ : 546 ਓ – 547 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਅਥ ਖੜਕਾ ਬਾਵੇ ਸ੍ਰੀ ਚੰਦ ਜੀ ਕਾ॥ ਸਾਧੋ ਕਾਂਇਆ ਗੜ ਨਿਪਟ ਅਤਿ ਬਿਕਟ ਭਾਰੀ ਖਟ ਬੁਰਜ ਬਾਕੇ ਬਨੇ ਮਧਿ ਘੜ ਘਟਿ ਨਉ ਕੋਟਿ ਦਸ ਦੁਆਰੀ॥ ਜਹਾਂ ਕ੍ਰੋਧ ਸੇ ਜੋਧ ਅਰੁ ਕਾਂਮ ਬਲਿਬੀਰ ਸੇ ਮਹਾਂ ਪ੍ਰਚੰਡ ਹੈ ਧਨੁਖ ਧਾਰੀ॥ ਜਹਾਂ ਲੋਭ ਸੇ ਭੂਪ ਅਰੁ ਮੋਹਿ ਸੇ ਦੂਤ ਹੈ ਗਰਬ ਸੇ ਬਲੀ ਬਲਵੰਤ ਕਾਰੀ॥ …
ਅੰਤ : …ਤਬ ਜੀਤ ਗੜ ਬਿਖਮ ਕਉ ਬੈਠ ਕਰ ਤਖਤ ਪਰ ਗਾਢ ਨੀਸਾਨ ਅਰੁ ਨੰਦ ਪੂਰਾ॥ ਤੀਨ ਉਰੁ ਤੀਸ ਉਸਤਤਿ ਕਰਹਿ ਨਾਨਕਾ ਭਲੇ ਜੀ ਭਲੇ ਬਲਵੰਤ ਸੂਰਾ॥੨●॥

ਹੱਥ ਲਿਖਤ ਨੰ : MS 75 ਝ
ਸਿਰਲੇਖ : ਭਸਮ ਗਾਇਤ੍ਰੀ
ਪੱਤਰੇ : 547 ਅ – 550 ਅ
ਆਕਾਰ : 14X18 ਸ.ਮ. ਲਿਖਤ: 9X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ

ਅਰੰਭ : ੧ੴਸਤਿਗੁਰ ਪ੍ਰਸਾਦਿ॥ ਓਅੰ ਆਦਿ ਕਾ ਜੋਗੀ ਅਨਾਦਿ ਕੀ ਬਿਭੂਤ॥ ਸਤ ਕਾ ਨਾਤਾ ਧਰਮ ਕਾ ਪੂਤ॥ ਕਾਲ ਕੌ ਮਾਰ ਭਏ ਅਵਧੂਤ॥ ਓਅੰ ਅਉਧੂ ਅੰਬਰ ਝਰੇ ਧਰਤੀ ਪਰੇ॥ ਤਿਸ ਕੀ ਸਾਖਾ ਗਾਇਤ੍ਰੀ ਚਰੈ॥ ਸੋ ਗਾਇਤ੍ਰੀ ਗੋਬਰੰਗੀ ਕਰੈ॥ ਸੋ ਗੋਬਰੀ ਸੂਰਜ ਮੁਖ ਸੁਕੇ ਅਗਨਿ ਮੁਖ ਜਰੈ॥ ਸੋ ਭਸਮੰਤ੍ਰੀ ਸ੍ਰੀ ਚੰਦ ਜਤੀ ਅਵਧੂਤ ਕੇ ਮਸਤਕ ਚੜੈ॥...

ਅੰਤ : ...ਜਾਣਿ ਬਾਤਿ ਭਏ ਪ੍ਰਗਾਸ॥ ਸ੍ਰੀ ਚੰਦ ਛਡੀ ਸੰਸਾਰ ਕੀ ਆਸ ॥ ਆਸਾ ਮਾਹਿ ਨਿਰਾਲਮ ਗਏ॥ ਜਬਿ ਸ੍ਰੀ ਚੰਦ ਭਸਮ ਗਾਇਤ੍ਰੀ ਗਏ॥ ਇਤਿ ਸ੍ਰੀ ਗਾਇਤ੍ਰੀ ਸੰਪੂਰਨੰ॥ ਭੜੰਤੇ ਸੁਨੰਤੇ ਮੋਖ ਮੁਕਤਿ ਲਹੰਤੇ॥ ਗੁਰੂ ਸ੍ਰੀ ਚੰਦ ਜੀ ਕੇ ਚਰਨ ਪਾਦਕਾ ਕੋ ਨਮਸਤੇ ਨਮਸਤੇ ਨਮਸਤੇ॥੨੧॥

ਹੱਥ ਲਿਖਤ ਨੰ : MS 75 ਵ

ਸਿਰਲੇਖ : ਮਾੜ੍ਹਾ ਬਾਵੇ ਬਾਲੂ ਹਸਨੇ ਜੀ ਕੀ

ਪੱਤਰੇ : 550 ਅ –556 ਓ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ਸ੍ਰੀ ਗੁਰਦੇਵ ਨਾਨਕ ਕੋ ਨਮੋ ਨਮ:॥ ੧ੴਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਬਾਵੇ ਬਾਲੂ ਹਸਨੇ ਜੀ ਕੀ ਲਿਖਜਤੇ॥ ਓਅੰ ਸਿਖਾ ਕਟੰਤ॥ ਅਕਲੰਕ ਮਲੰਦ ਹੰਤ ਸੋ ਸੰਤ॥ ਓਅੰ ਓਰਸਨਾਰ ਰੰਤ॥ ਨਾਨਕ ਮਿਲੰਤ ਤਾਹਿ ਭਗਵੰਤ॥੧॥ ...

ਅੰਤ : ...ਓਅੰ ਉਲਟੰਤ ਬਿਭੂਤ ਪਲਟੰਤ ਕਾਇਆ॥ ਸਿਧ ਕਾ ਮਤਾ ਸਾਦਕ ਨੇ ਪਾਇਆ। ਉਲਟੇ ਪਲਟੇ ਖੰਡੇ ਰੋਗ॥ ਸੱਤ ਹੈ ਸਬਦ ਤੱਤ ਹੈ ਜੋਗ॥ ਜਬ ਉਲਟੇ ਤਬ ਰੂਪ ਦਿਖਾਵੈ॥ ਜਬ ਪਲਟੇ ਤਬ ਸਹਜ ਘਰਿ ਆਵੈ॥ ਉਲਟਿ ਪਲਟਿ ਮਨ ਭਇ ਅਛਾਈ॥ ਪ੍ਰਣਵਤ ਨਾਨਕ ਪਰਮ ਗਤਿ ਪਾਈ॥੧॥ ੧੬॥੨੨॥

ਹੱਥ ਲਿਖਤ ਨੰ : MS 75 ਟ

ਸਿਰਲੇਖ : ਮਾੜ੍ਹਾ ਗੁਰੂ ਨਾਨਕ ਜੀ ਕੀ

ਪੱਤਰੇ : 556 ਅ –558 ਅ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਮਾੜ੍ਹਾ ਨਾਨਕ ਜੀ ਕੀ ਲਿਖਜਤੇ॥ ਕਵਨ ਉਸਤਰਾ ਕਵਨ ਪਾਨੀ॥ ਮੂੰਡ ਮੁੰਡਾਇਆ ਤੂੰ ਕਿਸ ਕੀ ਬਾਨੀ॥ ਸਤ ਕਾ ਉਸਤ੍ਰਾ ਬ੍ਰਹਮ ਪਾਨੀ॥ ਮੂੰਡ ਮੁੰਡਾਇਆ ਸਤਿਗੁਰ ਕੀ ਬਾਨੀ॥ ਕਿਸ ਨੇ ਮੂੰਡਿਆ ਕਿਸਨੇ ਮੂੰਡਾਇਆ॥...

ਅੰਤ : ...ਕਨਕ ਪਤ੍ਰ ਸਦਾ ਅਰੋਗੁ॥ ਸਤਿਗੁਰ ਬਤਾਇਆ ਪੂਰਾ ਜੋਗੁ॥ ਆਈ ਭਗਤਿ ਪਤ੍ਰ ਮਹਿ ਖਾਇ॥ ਨਾਨਕ ਨਿਰਬਾਣ ਕੇ ਸਬਦ ਸਿਉ ਪਵਿਤ੍ਰ ਹੋਇ ਜਾਇ॥ ਸਿਉ ਧਰਿਆ ਸਕਤਿ ਉਠਾਇਆ॥ ਕਰਮ ਦੂ ਕਾ ਸੰਤੋਖ ਸਿਉ ਪਾਇਆ ॥ ਨਉ ਨਾਥ ਚਉਰਾਸੀ ਸਿੱਧ ਸਿਉ ਮਿਲਿ ਗੁਰੂ ਨਾਨਕ ਪੱਤ੍ਰ ਸਿਉ ਪੱਤ੍ਰ ਮਿਲਾਇਆ॥ ਆਦੇਸ ਹੋ ਸਿਧੋ ਆਦੇਸ॥੧॥ ਮਾੜ੍ਹਾ ਸ੍ਰੀ ਗੁਰੂ ਨਾਨਕ ਜੀ ਕੀ ਸੰਪੂਰਨੰ॥੨੪॥

ਹੱਥ ਲਿਖਤ ਨੰ : MS 75 ਠ

ਸਿਰਲੇਖ : ਮਾੜ੍ਹਾ ਬਾਬੇ ਸ੍ਰੀ ਚੰਦ ਜੀ ਕੀ

ਪੱਤਰੇ : 558 ਅ –563 ਓ

ਆਕਾਰ : 14X18 ਸ.ਮ. ਲਿਖਤ: 9X11 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਦੋ ਮਾਤ੍ਰਾ ਹਨ। ਪਹਿਲੀ ਨੂੰ 25 ਅੰਕ ਪਾਇਆ ਹੈ ਪਰ ਅੰਤਮ ਮਾਤ੍ਰਾ ਨੂੰ ਕੋਈ ਅੰਕ ਨਹੀਂ ਪਾਇਆ ਅਤੇ ਇਸ ਦੀ ਕਾਨੀ ਅਤੇ ਸਿਆਹੀ ਵੀ ਅਲਗ ਹੈ। ਪੱਤਰਾ ਨੰਬਰ ਵੀ ਨਹੀਂ ਪਾਇਆ ਹੋਇਆ, ਬਾਅਦ ਵਿਚਵ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀ ਲਿਖਜਤੇ॥ ਓਅੰ ਦੇਵਲ ਧਰਤੀ ਦੇਵਲ ਅਕਾਸ॥ ਦੇਵਲ ਦੇਵ ਭਇਆ ਪ੍ਰਕਾਸ॥ ਅਉਧੂ ਸੁਰਤਿ ਨਿਰਤ ਕਰ ਬੋਲਉ॥ ਗਿਆਨ ਰਤਨ ਕੀ ਕੋਠੜੀ ਕਿਸੈ ਪਾਰਖੂ ਆਗੈ ਖੋਲਉ॥ ਪ੍ਰਥਮੈ ਗੁਰ ਕੇ ਪੂਜਹੁ ਪਾਇ॥ ਜਿਨਿ ਗੁਰ ਆਤਮ ਦੀਆ ਬਤਾਇ॥…

ਅੰਤ : …ਉਦਾਸ ਰੂਪ ਪਾਣੀ ਅਰ ਪਵਣ॥ ਜਾਕੇ ਬਧੇ ਤ੍ਰੈ ਲੋਕ ਭੌਣ ॥ ਉਦਾਸ ਰੂਪ ਸਬਦ ਪ੍ਰਕਾਸ॥ ਗੁਰ ਕਾ ਸਬਦ ਭਏ ਪ੍ਰਕਾਸ॥ ਗੁਰ ਕਾ ਸਬਦ ਅਮਰ ਹੋਰ ਸਭ ਨਾਸ॥ ਗੁਰ ਕੀ ਉਸਤਤਿ ਜੋ ਜਨ ਕਰੇ॥ ਕਹੁ ਨਾਨਕ ਜੂਨੀ ਕਬਹੁ ਨਾ ਪਰੇ ॥ ਬੋਧ ਮਾਤ੍ਰਾ ਉਦਾਸ ਮਾਤ੍ਰਾ ਬਾਬੇ ਸ੍ਰੀ ਚੰਦ ਸਾਹਿਬ ਜੀ ਕਾ ਸੰਪੂਰਣ ਹੂਆ॥ ਨਮਸਤੰ ਨਮਸਤੇ॥ ਸੰਤ ਬਾਵਾ ਸੇਵਾ ਦਾਸ ਜੀ ਨੇ॥

ਹੱਥ ਲਿਖਤ ਨੰ : MS 77 ਸੰਗ੍ਰਹਿ

ਸਿਰਲੇਖ : ਮਹਿਮਾ ਪ੍ਰਕਾਸ਼

ਪੱਤਰੇ : 4 ਓ–5,17-25,32,65-72,81-112, 137-160,184-254,251-289,379-394, 404-409, 431 ਓ

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਜਿਲਦ ਬਗੈਰ, ਹਾਸ਼ੀਏ ਬਗੈਰ; ਸਤਰਾਂ ਪ੍ਰਤੀ ਪੰਨਾ– 24

ਆਮ ਵੇਰਵਾ : ਪੋਥੀ ਅਖੀਰ ਵਿਚ ਭਿੱਜੀ ਹੋਈ ਹੈ॥ ਪੱਤਰਾ ਨੰਬਰ 4 ਅਤੇ 409 ਤੋਂ 415 ਤਕ ਫਟੇ ਹੋਣ ਕਾਰਣ ਪੂਰੀ ਤਰ੍ਹਾਂ ਪੜ੍ਹਨ ਜੋਗ ਨਹੀਂ ਹਨ॥ਪੋਥੀ ਕਿਤੇ ਕਿਤੇ ਕਿਰਮ ਖੁਰਦਾ॥251-254 ਪੱਤਰਾ ਨੰਬਰ ਦੋ ਵਾਰੀ ਲਿਖਿਆ ਹੋਇਆ ਹੈ, 279-289 ਦੋ ਵਾਰੀ ਲਿਖੇ ਹਨ, ਇਸ ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ॥

ਅਰੰਭ : …..ਸੰਕਾ ਨਿਵਾਰਨ ਉਤ੍ਰੂ॥ ਗੁਰ ਨਾਨਕ ਨਾਮ ਇਕੁ ਅੰਕ ਨਿਧ ਭਗਤ ਲਗੀ ਤਿਹ ਸੁੰਨ॥ ਭਗਤ ਸੁਨ ਲਾਗਤ ਬਢੈ ਨਾਮ ਰੂਪ ਦਸ ਗੁਨ॥੧੩॥ ਕਰ ਆਸ ਖਗਮ ਨੇ ਸਰਬ ਬਡਭਾਗੀ ਸਭ ਸੰਤ॥ ਸਾਂਤ ਭਈ ਸਭ ਜਗਤ ਮੋ ਫੂਲੀ ਭਗਤ ਬਸੰਤ॥੧੪॥…

ਅੰਤ : …ਸਾਖੀ ਪੂਰਨ ਹੋਈ ॥ ਏਹ ਬੰਦੇ ਕੀ ਕਥਾ ਸਛੋਪ ਕਹੀ ਜੋ ਸੁਨੀ॥ ਆਗੇ ਸਾਖੀ ਦਸ ਮਹਲਾ ਕੀ ਅਰ ਬੰਦੇ ਉਨਕੇ ਕੀ ਸੰਪੁਰਨ ਹੋਈ॥ ॥ ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰਲੇ ਓਧਾਰ॥

ਹੱਥ ਲਿਖਤ ਨੰ : MS 77 ਅ

ਸਿਰਲੇਖ : ਦਸਾਂ ਮਹਲਾਂ ਕੀ ਉਸਤਤ

ਲੇਖਕ : ਸੁਰਤ ਰਾਮ

ਪੱਤਰੇ : 413 ਓ–414 ਅ

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਦਸਾਂ ਮਹਲਾਂ ਕੀ ਉਸਤਤ॥ ਭਾਈ ਸੁਰਤ ਰਾਮ ਨੇ ਕੀਤੀ॥ ਜਪੈ ਨਉ ਖੰਡ ਪ੍ਰਿਥਮੀ ਸਪਤ ਸਾਗਰਾ ਜਪੈ ਆਕਾਸ ਪਾਤਾਲ ਸਾਂਨਕਾ॥ ਜਪੈ ਸਾਮੀਰ ਅਰੁ ਮੀਰ ਬੈਸੰਤ੍ਰੋ ਜਪੈ ਕੈਲਾਸ ਸੁਮੇਰ ਥਾਨਕਾ॥ ਜਪੈ ਬ੍ਰਹਮਾਦ ਬਿਸਨਾਦ ਰੁਦ੍ਰਾਦ ਫੁਨ ਜਪੈ ਨਕਾਦ ਇਦਾਦ ਭਾਨਕਾ ॥ ਸ੍ਰਿਸ੍ਰੂ ਜਪ ਜਪ ਤਰੈ ਸਕਲ ਜੈ ਜੈ ਕਰ ਪ੍ਰਗਟਿ ਪਾਰਬ੍ਰਹਮ ਗੁਰਦੇਵ ਨਾਨਕਾ॥੧॥...

ਅੰਤ : ...ਦਸ ਅਵਤਾਰ ਲੀਏ ਕਲ ਭੀਤਰ ਗੁਰ ਨਾਨਕ ਅੰਗਦ ਨਾਮ ਧਰਾਇਆ॥ ਅਮਰ ਦਾਸ ਰਾਮ ਦਾਸ ਗੁਰੂ ਅਰਜੁਨ ਰੂਪ ਆਪ ਧਰਾਇਆ॥ ਹਰਿ ਗੋਬਿੰਦ ਹਰਿ ਰਾਇ ਗੁਰੁ ਹਰਿ ਕ੍ਰਿਸ਼ਨ ਭੀ ਨਾਮ ਆਪ ਕਹਾਵਾਇਆ॥ ਗੁਰੂ ਤੇਗ ਬਹਾਦਰ ਗੁਰੂ ਗੋਬਿੰਦ ਸਿੰਘ ਅਪਨਾ ਖੇਲ ਆਪ ਪ੍ਰਗਟਾਇਆ॥ ਦਸ ਅਉਤਾਰ ਕੀਏ ਗੁਰ ਨਾਨਕ ਜੀ ਭਿੰਨ ਭਿੰਨ ਥਪਕਰ ਦਿਖਰਾਇਆ॥੧੩॥ ਬੋਲਹੁ ਭਾਈ ਜੀ ਵਾਹਿਗੁਰੂ॥ ਦਸਾਂਦ ਮਹਲਾ ਕੀ ਉਸਤਤ ਸੰਪੂਰਨ ਹੋਈ॥ ॥

ਹੱਥ ਲਿਖਤ ਨੰ : MS 77 ਏ

ਸਿਰਲੇਖ : ਸਵਯੇ ਉਸਤ ਗੁਰੂ ਬਾਬੇ ਜੀ ਕੀ

ਲੇਖਕ : ਬਦਲ ਸਿੰਘ ਆਜ਼ਮਗੜ੍ਹ ਵਾਸੀ

ਪੱਤਰੇ : 414 ਅ-415

ਆਕਾਰ : 30X23 ਸ.ਮ. ਲਿਖਤ: 24X16 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਪੱਤਰੇ ਫਟੇ ਹੋਣ ਕਾਰਣ ਲਿਖਤ ਪੂਰੀ ਤਰ੍ਹਾਂ ਪੜ੍ਹਨ ਜੋਗ ਨਹੀਂ॥

ਅਰੰਭ : ੧ੴ ਸ੍ਰੀ ਵਾਹਗੁਰੂ ਜੀ॥ ਸਵਯੇ ਉਸਤ [ਉਸਤਤ] ਗੁਰੂ ਬਾਬੇ ਜੀ ਕੀ ਬਦਲ ਸਿੰਘ ਸਿਖ ਅਜਮਗੜ ਬਾਸੀ ਨੇ ਕੀਏ॥ ਕ੍ਰਿਪਾ ਕੇ ਨਿਧਾਨ ਪੁਨ ਪੂਰਨ ਪ੍ਰਧਾਨ ਪਭੂ [ਪ੍ਰਭੂ] ਪਤਿਤਨ ਕੇ ਪਾਪ ਪਲ ਮੇ ਬਿਦਾਰੇ ਹੈ॥...

ਅੰਤ : ...ਕਰੋ ਰਛਾ ਨਬੇ ਨਰਕ ਤੇ ਨਿਕਾਰ ਤਾਰੇ ਲਜਿਤ ਭਏ ਜਮਰਾਜ ਉਟ ਦੇਖੇ ਸਰਨ ਕੀ॥ ਚਾਰ ਮੁਖ ਪਾਚ ਮੁਖ ਹਾਰੇ ਕੈਹ ਚਾਰ ਮੁਖ ਉਰਮਾ ਰਹੀ ਨ ਜਾਹਿ ਨਾਨਕ ਚਰਨ ਕੀ॥੩॥

ਹੱਥ ਲਿਖਤ ਨੰ : MS 78

ਸਿਰਲੇਖ : ਗੁਰਬਾਣੀ-ਸ਼ਬਦ ਸੰਗ੍ਰਹਿ

ਪੱਤਰੇ : 1 ਓ-272

ਆਕਾਰ : 13X17 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ, ਕਪੜਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ; ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ, ਅਤੇ 2 ਓ ਪੱਤਰੇ ਤੇ ਪਹਿਲੇ ਹਾਸ਼ੀਏ ਵਿਚ ਚੁਪਾਸੀਂ ਇਕ ਹੋਰ ਉਸੇ ਤਰ੍ਹਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ- 10

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਹਾਸ਼ੀਏ ਵਾਲਾ ਇਕ ਪੱਤਰਾ, 1 ਅ ਖਾਲੀ ਹੈ।ਅੰਤ ਤੇ ਪਾਠ ਅਧੂਰਾ ਹੈ। ਇਕ ਹੋਰ ਪੱਤਰਾ , ਜੋ ਇਸ ਪੋਥੀ ਤੋਂ ਅਡ ਹੈ, ਗੁਰਬਾਣੀ ਲਿਖੀ ਹੋਈ ਹੈ। ਇਸ ਪੋਥੀ ਦੀ ਮਾਈਕ੍ਰੋਫਿਲਮ ਬਣੀ ਹੋਈ ਹੈ॥

ਅਰੰਭ : ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥...

ਅੰਤ : …ਮਹਲਾ ੫ ॥ਫਰੀਦਾ ਕੰਤੁ ਰੰਗਾਵਲਾ ਵਡਾ ਵੇ ਮੁਹਤਾਜੁ॥ ਅਲਹੁ ਸੇਤੀ ਰਤਿਆ ਏਹੁ ਸਚਾਵਾ ਸਾਜੁ॥ ੧●੯ ਮ: ੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਦੇ ਲਾਹਿ ਵਿਕਾਰੁ॥ ਅਲਹੁ ਭਾਵੈ ਸੋ ਭਲਾ…..

ਹੱਥ ਲਿਖਤ ਨੰ : MS 79
ਸਿਰਲੇਖ : ਗੁਰਬਾਣੀ-ਸ਼ਬਦ ਸੰਗ੍ਰਹਿ
ਪੱਤਰੇ : 1-10 ੳ
ਆਕਾਰ : 12 X 15.5 ਸ. ਮ. ਲਿਖਤ: 8 X 12 ਸ. ਮ.
ਵੇਰਵਾ : ਬਿਨਾਂ ਜਿਲਦ, ਬਿਨਾਂ ਹਾਸ਼ੀਆ ; ਸਤਰਾਂ ਪ੍ਰਤੀ ਪੰਨਾ- 8
ਆਮ ਵੇਰਵਾ : ਪੱਤਰਾ 10 ਫੱਟਿਆ ਹੋਇਆ ਹੈ। ਪਾਠ ਅਧੂਰਾ ਹੈ।
ਅਰੰਭ : ੧ ਓਅੰ॥ ਸੋਰਠਿ ਮਹਲਾ ॥੫॥ ਮੇਰਾ ਸਤਿ ਗੁਰ ਰਖਵਾਲਾ ਹੋਆ॥ ਧਾਰ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਾਰਿ [ਹਰਿ] ਗੋਵਿਦੁ ਨਵਾ ਨਿਰੋਆ॥੧॥…
ਅੰਤ : …ਸ੍ਵੈਯਾ॥ ਮਾਸ ਅਸੂ ਹਮ ਕਾਨਰ ਕੇ ਸੰਗ ਖੇਲਤ ਚਿਤ ਹੁਲਾਸ ਬਢਾਈ॥ ਕਾਨ ਤਹਾ ਪੁਨ ਗਾਵਤ ਥੋ ਅਤ ਸੁੰਦਰ ਰਾਗਨ ਤਾਨ ਬਸਾਈ॥ ਗਾਵਤ ਥੀ ਹੁਮਹੂ ਸੰਗ ਤਾਹੀਕੈ ਤਾ ਛਬ ਕੋ ਬਰਨਿਯੋ ਨਹੀ ਜਾਈ॥ ਤਾ ਸੰਗ ਮੈ ਸੁਖ ਦਾਇਕ ਥੀ ਚਿਤ ਸਿਯਾਮ ਬਿਨਾ ਅਬ ਭੀ ਦੁਖਦਾਈ॥੮॥ ਸ੍ਵੈਯਾ॥ ਕਾਤਕ ਕੀ ਸਖੀ ਰਾਸ ਬਿਖੈਰਤ ਖੇਲਤ ਤੀ ਹਰਿ ਸੋ ਚਿਤ ਲਾਈ॥ ਸੇ ਤਹ ਧਾਰ ਗ੍ਵਰਨਕ…..

ਹੱਥ ਲਿਖਤ ਨੰ : MS 80
ਸਿਰਲੇਖ : ਗਿਆਨ ਸੁੱਦੇ
ਪੱਤਰੇ : 1 ਅ -33 ਅ
ਆਕਾਰ : 12X16 ਸ.ਮ. ਲਿਖਤ: 11X13 ਸ.ਮ.
ਵੇਰਵਾ : ਬਿਨਾਂ ਜਿਲਦ, ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਗਈ ਹੈ। ਸਤਰਾਂ ਪ੍ਰਤੀ ਪੰਨਾ- 9
ਆਮ ਵੇਰਵਾ : 1 ੳ ਪੱਤਰੇ ਤੇ ਫਿਕੀ ਜਿਹੀ ਲਿਖਤ ਨੂੰ ਲਕੀਰਾਂ ਮਾਰ ਕੇ ਕਟਿਆ ਹੋਇਆ ਹੈ। ਪੋਥੀ ਅਧੂਰੀ ਹੈ।
ਅਰੰਭ : ੧ੳ॑ ਸਤਿਗੁਰ ਪ੍ਰਸਾਦਿ॥ ਰਾਗੁ ਰਾਮ ਕਲੀ ਗਿਆਨ ਸੁਰੋਦੇ॥ ਮਹਲਾ ੧ ॥ ਪ੍ਰਸੋਤੁਮ ਪ੍ਰਮਾਤਮਾ ਪੂਰਨ ਬਿਸ੍ਵੇ ਬੀਸ ਆਦਿ ਪੁਰਖ ਅਬਿਚਲੁ ਤੁਹੀ ਤੋਹਿ ਨਿਵਾਉ ਸੀਸ॥੧॥…
ਅੰਤ : …ਅਗਨ ਤਤ ਜਬ ਚਲਤ ਹੀ ਕਹੀ ਗ੍ਰਭ ਰਹਿ ਜਾਇ॥ ਗ੍ਰਭ ਗਿਰੈ ਮਾਤਾ ਦੁਖੀ ਹੋਤਾ ਹੀ ਮਰ ਜਾਇ॥੨੨੨॥ ਬਾਇ ਤਤ ਸੁਰ ਦਹਨੋ ਕਰੈ ਪੁਰਖ ਜੋ ਭੋਗੁ॥ ਗ੍ਰਭ ਰਹੈ ਜੋ ਤਾ ਸਮੈ ਦੇਹੀ ਆਵੈ ਰੋਗੁ॥੨੨੩॥…..

ਹੱਥ ਲਿਖਤ ਨੰ : MS 81
ਸਿਰਲੇਖ : ਚੌਬੀਸ ਇਕਾਦਸ਼ੀ ਕਾ ਮਹਾਤਮ (ਪਦਮ ਪੁਰਾਨ ਵਿਚੋਂ)
ਰਚਨਾ ਕਾਲ: ਸੰਮਤ 1826
ਸਮਾਂ : ਸੰਮਤ 1856
ਪੱਤਰੇ : 1 ੳ-125 ੳ
ਆਕਾਰ : 10X14 ਸ.ਮ. ਲਿਖਤ: 7X10 ਸ.ਮ.

ਵੇਰਵਾ : ਜਿਲਦ ਕਪੜਾ ਗੱਤਾ, ਉਖੜੀ ਹੋਈ। ਦੁਪਾਸੀਂ ਖੜ੍ਹੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ॥ ਸਤਰਾਂ ਪ੍ਰਤੀ ਪੰਨਾ- 6-7

ਆਮ ਵੇਰਵਾ : ਹਾਸ਼ੀਏ ਵਾਲੇ ਦੋ ਪੱਤਰੇ ਸ਼ੁਰੂ ਵਿਚ ਅਤੇ ਚਾਰ ਪੱਤਰੇ ਅੰਤ ਤੇ ਖਾਲੀ ਹਨ। ਆਖਰੀ ਪੰਨੇ ਤੇ ਗੁਰੂ ਤੇਗ ਬਹਾਦਰ ਜੀ ਦਾ ਸਲੋਕ ਹੈ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਚੌਉਬੀਸ ਇਕਾਦਸੀ ਕਾ ਮਹਾਤਮ ਲਿਖਤੇ॥ਦੋਹਰਾ॥ ਸ੍ਰੀ ਗੁਰ ਚਰਣ ਗਣੇਸ ਪਾਦ ਮਾਤਾ ਸਰਸ੍ਵਤੀ ਧਿਆਇ॥ ਇਕਾਦਸੀ ਮਹਾਤਮ ਗ੍ਰੰਥ ਕੀ ਭਾਖਾ ਰਚੋ ਬਨਾਇ॥੧॥...

ਅੰਤ : ...ਸਹੰਸ੍ਰਕ੍ਰਿਤ ਦੇਖਿਓ ਨਾਹਿ ਪਾਰਸੀ ਤੇ ਭਾਖਾ ਕਰੀ॥ ਊਚ ਨੀਚ ਅਖਰ ਪ੍ਰਭ ਖਿਮੋ ਕ੍ਰਿਪਾ ਧਾਰਿ ਕੈ॥੧੯੮॥ =॥ ਇਤਿ ਸ੍ਰੀ ਪਦਮ ਪੁਰਾਣੇ ਸ੍ਰੀ ਕ੍ਰਿਸਨਾਰਜੁਨ ਸੰਬਾਦੇ ਕਾਤਕ [ਕਤਕ] ਸੁਦੀ ਇਕਾਦਸੀ ਮਹਾਤਮ ਸੰਪੂਰਨੰ॥੨੪॥ਸੰਬਤ ਅਠਾਰਾ ਸੈ ਇਕਬੰਜਾ [ਇਕਬੰਜਾ ਤੇ ਹੜਤਾਲ ਫੇਰੀ ਹੋਈ ਹੈ] ॥੧੯੫੬॥ ਮਾਘ ਸੁਦੀ॥ ਤ੍ਰਿਤੀਆ ਮੰਗਲਵਾਰ॥ ਪੋਥੀ ਸੰਪੂਰਨ ਹੋਈ॥ ਗੁਰ ਪ੍ਰਸਾਦਿ॥=॥=॥=॥

ਹੱਥ ਲਿਖਤ ਨੰ : MS 82

ਸਿਰਲੇਖ : ਜਨਮਸਾਖੀ ਮਹਲਾ ੧ (ਅਮਰ ਕਥਾ ਕੀ ਪੋਥੀ)

ਸਮਾਂ : ਸੰਮਤ 1928

ਪੱਤਰੇ : 1-14 +1 ਅ -667 ੳ

ਆਕਾਰ : 24X33 ਸ.ਮ. ਲਿਖਤ: 16X22 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ; ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਲਾਲ ਲਕੀਰਾਂ ਵਿਚ ਦੋ ਨੀਲੀਆਂ ਲਕੀਰਾਂ ਵਿਚ ਵਖਰੇਵੇਂ ਲਈ ਪੀਲੀ ਮੋਟੀ ਲਕੀਰ ਦੇ ਹਾਸ਼ੀਏ ਦੇ ਬਾਹਰਲੇ ਪਾਸੇ ਇਕ ਨੀਲੀ ਲਕੀਰ ਹੈ। ਸਤਰਾਂ ਪ੍ਰਤੀ ਪੰਨਾ-16

ਆਮ ਵੇਰਵਾ : 1 ੳ ਤੋਂ 14 ੳ ਤਕ ਪੋਥੀ ਦੇ ਪਾਠ ਦਾ ਤਤਕਰਾ ਹੈ। ਫਿਰ ਇਕ ਪੱਤਰਾ ਹਾਸ਼ੀਏ ਵਾਲਾ ਖਾਲੀ ਹੈ। ਅਗਲਾ 1 ੳ ਹਾਸ਼ੀਏ ਵਾਲਾ ਖਾਲੀ ਹੈ।1 ਅ ਪੱਤਰਾ ਜਿਥੋਂ ਪਾਠ ਸ਼ੁਰੂ ਹੁੰਦਾ ਹੈ ਹਾਸ਼ੀਆਂ ਨਾਲ ਸਜਾਇਆ ਹੋਇਆ ਹੈ। 2 ਅ ਤੇ ਵੀ ਚੁਪਾਸੀਂ ਦੋਹਰਾ ਹਾਸ਼ੀਆ ਹੈ। ਪਾਠ ਦੇ ਅੰਤ ਤੇ ਟੋਡੀ ਮਹਲਾ 5 ਦੇ ਦੋ ਦੁਪਦੇ ਦਿੱਤੇ ਹਨ।

ਅਰੰਭ : ੧ੴ ਸਤਿਨਾਮ ਕਰਤਾ ਪੁਰਖੁ ... ਗੁਰ ਪ੍ਰਸਾਦਿ॥ਜਨਮ ਸਾਖੀ ਮਹਲਾ ੧ ॥ ਅਮਰੁ ਕਥਾ ਕੀ ਪੋਥੀ ਜੋ ਕੋਈ ਹਿਤਿ ਚਿਤਿ ਲਾਇ ਕੇ ਪੜੈਗਾ ਸੁਣੇਗਾ ਲਿਖੇਗਾ ਲਿਖਾਵੇਗਾ ਤਿਸ ਕੀ ਮੁਕਤਿ ਹੋਵੇਗੀ॥ ਤਾ ਸ੍ਰੀ ਨਿਰੰਕਾਰ ਜੀ ਕਾ ਬਚਨ ਹੋਇਆ ॥ ਜੋ ਹੇ ਨਾਨਕ ਭਗਤ ਜੀ ਜੋ ਕੋਈ ਤੇਰੇ ਨਾਮ ਕੀ ਅਮਰ ਕਥਾ ਪੜੇਗਾ ਸੁਣੇਗਾ ਲਿਖੇਗਾ ਲਿਖਾਵੇਗਾ ਸੋ ਤਿਸੁ ਕਾ ਦੁਖ ਦਲਿਦ੍ਰ ਦੂਰਿ ਹੋਇ ਜਾਵੈਗਾ॥...

ਅੰਤ : ...ਜਨਮਪਤ੍ਰੀ ਸ੍ਰੀ ਗੁਰੂ ਬਾਬੇ ਨਾਨਕ ਜੀ ਸਮਾਪਤੁੰ ਮਸਤੁ ਸੁਭ ਮਸਤੁ ॥੧॥੧ ਅਖਰੁ ਵਾਧਾ ਘਾਟਾ ਸੋਧਿ ਕਰਿ ਪੜਨਾ॥ ਭੁਲਿਆ ਚੁਕਿਆ ਸ੍ਰੀ ਗੁਰੂ ਬਾਬਾ ਨਾਨਕ ਜੀ ਬਖਸੰਦ ਹੈ॥੧॥ ॥ਸੰਮਤੁ ੧੯੨੯ ਮਿਤੀ ਹਾੜ ਦਿਨੇ ੧੫॥ ਮਿਤੀ ਹਾੜ ਸੁਦੀ ਦਸਮੀ ਕੇ ਦਿਨੁ ੧ ਸਮਾਪਤਿ ਕੀਤੀ ॥੧॥ ਪੋਥੀ ਲਿਖਵਾਈ॥

ਹੱਥ ਲਿਖਤ ਨੰ : MS 83

ਸਿਰਲੇਖ : ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਪੋਥੀ ਸਚ ਖੰਡ)

ਲੇਖਕ : ਸੋਢੀ ਮਿਹਰਬਾਨ

ਪੱਤਰੇ : 1 ੳ-10ੳ + 1 ੳ-404 ੳ

ਆਕਾਰ : 24.5X34.5 ਸ. ਮ. ਲਿਖਤ: 18.5X24.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਉਖੜੀ ਹੋਈ। ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ। 1 ੳ ਤੋਂ 10 ੳ ਤਕ ਪਹਿਲੇ ਹਾਸ਼ੀਏ ਦੇ ਵਿਚ ਵਿਚ ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 15

ਆਮ ਵੇਰਵਾ : 1 ੳ ਤੋਂ 10 ੳ ਤਕ ਤਤਕਰਾ ਸਚਖੰਡ ਪੋਥੀ ਦਾ ਲਿਖਿਆ ਹੈ। ਸ਼ੁਰੂ ਵਿਚ ਇਕ ਹਾਸ਼ੀਏ ਵਾਲਾ ਅਤੇ ਇਕ ਬਿਨਾ ਹਾਸ਼ੀਏ ਦੇ ਖਾਲੀ ਹਨ ਅਤੇ ਤੇ ਅੰਤ ਤੇ ਹਾਸ਼ੀਏ ਵਾਲੇ 5 ਪੱਤਰੇ ਖਾਲੀ ਹਨ।

ਅਰੰਭ : ੧ੑ। ਸ੍ਰੀ ਸਤਿਗੁਰੂ ਕੇ ਪਰਸਾਦਿ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਸਚੁ ਨਾਮੁ ਕਰਤਾ ਪੁਰਖੁ॥ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੰਭੋ ਸਤਿਗੁਰੂ ਕੇ ਪ੍ਰਸਾਦਿ॥ ਪਤਿਤ ਪਾਵਨ ॥ ਭਗਤ ਵਸਿਚਲੁ॥ ਅਨਾਥਹੁ ਕੇ ਨਾਥ ... ਸਚਖੰਡੁ ਪੋਥੀ ਲਿਖਣੇ ਕਾ ਅਰੰਭੁ ਭੈਆ॥ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਾ ਸੇਵਕੁ ਸ੍ਰੀ ਸਤਿਗੁਰੂ ਮਿਹਰਵਾਨੁ ਜੀ ਪੋਥੀ ਲਿਖੀ ਲਿਖਾਈ॥ ...

ਅੰਤ :...ਪਾਕੀ ਨਾਈ ਪਾਕੁ ਤੂ ਆਪਿ ਰਾਮੁ ਰਹਿਮਾਨੁ॥ ਸਭ ਕਿਛੁ ਤੇਰੈ ਵਸਿ ਹੈ ਦਾਸ ਨਾਨਕ ਕੇ ਮਿਹਰਵਾਨ॥੧੫੩॥ ਬੋਲਹੁ ਭਾਈ ਵਾਹੁ ਗੁਰੂ ਧੰਨੁ ਗੁਰੂ ਸਤਿਗੁਰੂ॥ ਰਾਮੁ ਸਤਿਗੁਰੂ ਸਤਿ ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ॥੧੫੩॥ ਏਹੀ ਪੋਥੀ ਸਚ ਖੰਡ ਇਕੁ ਸਓ ਤਿਵੰਜਹ ੧੫੩ । ਗੋਸਟੀ॥ ਹੈਨਿ ਇਕੁ ਸਓ ਸਤਾਹਟਿ ਗੋਸਟੀ ਚੌਦਹ ਗੋਸਟੀ ਘਾਟੇ ਹੈਨਿ॥ ਇਸ ਤੇ ਆਗੇ ਹਰ ਜੀ ਪੋਥੀ ਹੈ॥੬੧॥ ਇਕਾਹਠਿ ਗੋਸਟੀ ਹੈਨਿ॥ ਤਿਸੁ ਤੇ ਆਗੇ ਚਤ੍ਰਭੋਜ ਪੋਥੀ ਹੈ॥੭੪॥ ਚਉਹਤਰਿ ਗੋਸਟੀ॥ ਤਿਸੁਤੇ ਕੇਸੋ ਰਾਇ ਪੋਥੀ ਹੈ॥ ਤਿਸੁ ਤੇ ਆਗੇ ਅਭੇ ਪਦ ਪੋਥੀ ਹੈ॥ ਤਿਸੁ ਤੇ ਆਗੇ ਪ੍ਰੇਮ ਪਦ ਪੋਥੀ ਹੈ॥ ਏਹਿ ਛਿ ਪੋਥੀਆ ਹੈਨਿ ਤਿਨਾ ਦਾ ਜੋੜੁ॥ ਪੰਜ ਸੈ ਪਚਹਤਰਿ॥੫੭੫॥ਗੋਸਟੀ ਬਾਬੇ ਨਾਨਕ ਦੀ ਜਨਮ ਸਾਖੀ ਦੀਆ ਹੈਨਿ॥ ਛਿਆਂ ਹੀ ਪੋਥੀਆਂ ਓਤੇ ਵਾਹੁਗੁਰੂ ਜੀ॥੧॥॥॥

ਹੱਥ ਲਿਖਤ ਨੰ : MS 84

ਸਿਰਲੇਖ : ਨੀਤਿ ਮਾਰਤੰਡ ਗ੍ਰੰਥ

ਲੇਖਕ : ਗੋਕਲ ਪ੍ਰਸਾਦਿ ਕਾਯਸਥ

ਸਮਾਂ : ਸੰਮਤ 1926

ਪੱਤਰੇ : 1 ੳ–135 ੳ

ਆਕਾਰ : 17X11 ਸ.ਮ. ਲਿਖਤ: 12X7 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਚੁਪਾਸੀਂ ਦੋਹਰਾ ਹਾਸ਼ੀਆ ਹੈ। ਪਹਿਲਾਂ ਨੀਲੀ ਤੇ ਲਾਲ ਲਕੀਰ; ਅਤੇ ਅੰਦਰਵਾਰ ਇਕ ਨੀਲੀ , ਦੋ ਲਾਲ ਅਤੇ ਦੋ ਕਾਲੀਆਂ ਲਕੀਰਾਂ ਵਿਚ ਇਕ ਮੋਟੀ ਪੀਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 13

ਆਮ ਵੇਰਵਾ : ਪਹਿਲੇ ਪੰਨੇ ਤੇ ਹਰਾ ਹਾਸ਼ੀਆ ਹੈ। ਸ਼ੁਰੂ ਵਿਚ ਇਕ ਹਾਸ਼ੀਏ ਵਾਲਾ ਪੱਤਰਾ ਖਾਲੀ ਹੈ। ਪੋਥੀ ਦੀ ਆਮ ਹਾਲਾਤ ਠੀਕ ਹੈ ਪਰ ਅੰਤਮ ਪੱਤਰਾ ਫਟਿਆ ਹੋਇਆ ਹੈ। ਅੱਧੇ 'ਜ' ਦੀ ਵਰਤੋਂ ਕੀਤੀ ਗਈ ਹੈ।

ਅਰੰਭ : ੧ੑ ਸਤਿਗੁਰ ਪ੍ਰਸਾਦਿ ਅਥ ਰਾਜਨੀਤ ਕ੍ਰਿਤ ਗੋਕੁਲ ਪ੍ਰਸਾਦਿ ਕਵੀ ਕੀ॥ਦੋਹਰਾ॥ ਗਣਨਾਯਕ ਦਾਯਕ ਸਕਲ ਲੰਬੋਦਰ ਯਕਦੰਤ॥ ਭਰੇ ਗਜਾਨ ਗੁਣ ਜੇਹਿ ਭਜਤ ਭਜਤ ਭਾਵ ਭਯਵੰਤ॥੧॥ ...

ਅੰਤ :...ਸਗਲ ਫਸਾਦਿ ਨ ਪਰ ਡਰ ਪਹੁਚੈ ਯਹੀ ਹੇਤ ਅਨੁਮਾਨਿ॥ ਤਜ ਫਸਾਦਿ ਮਰਜਾਦ ਤਜਾਗਕੈ ਸੀਧ ਚਲੈ ਮਨਮਾਨਿ॥੧੫੩॥ ਇਤਿ ਸ੍ਰੀ ਨੀਤਿ ਮਾਰਤੰਡ ਗ੍ਰੰਥ ਨਵਸੇਰਵਾ ਨਰੇਸ ਨੀਤਿ ਵਰਨਨੰ

ਗੋਕਲ ਕਾਯਸਯ ਲਵਿਰਚਿਤੇ ਪ੍ਰਸੋਨਤ੍ਰ ਮਹਿਪਾਲ ਮੰਤ੍ਰੀ ਕੀ ਸੰਪੂਰਣੰ ਤ੍ਰਿਤੀਯ ਪ੍ਰਕਾਸ: ॥੩॥ ਸਾਵਣ ਕ੍ਰਿਸਨ॥ ਸੰਮਤ ੧੯੨੬ ਸਨ ੧੨੭੬ ਸਾਲ ਮੇ॥

ਹੱਥ ਲਿਖਤ ਨੰ : MS 85 ਸੰਗ੍ਰਹਿ
ਸਿਰਲੇਖ : ਤਰਨਤਾਰਨ ਦਰਬਾਰ ਦੀਪਕਾ
ਲੇਖਕ : ਹਜੂਰਾ ਸਿੰਘ
ਸਮਾਂ : ਸੰਮਤ 1945 ਬਿਕ੍ਰਮੀ
ਸਥਾਨ : ਤਰਨਤਾਰਨ
ਪੱਤਰੇ : 1–11
ਆਕਾਰ : 18X27 ਸ. ਮ. ਲਿਖਤ: 14X21 ਸ. ਮ.
ਵੇਰਵਾ : ਜਿਲਦ ਗੱਤਾ ਸਿਆਹੀ ਕਾਲੀ, ਹਾਸ਼ੀਆਂ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਖੜੇ ਰੁਖ, ਸਤਰਾਂ ਪ੍ਰਤੀ ਪੰਨਾ– 13
ਆਮ ਵੇਰਵਾ : ਪਹਿਲੇ ਪੰਨੇ ਤੇ ਕਵੀ ਨੇ ਬੰਦਨਾ ਲਿਖੀ ਹੋਈ ਹੈ । ਪਿਛਲੇ ਤਿੰਨ ਪਤਰੇ ਖਾਲੀ ਹਨ। ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲੀ ਹੋਈ ਹੈ। ਪਿਛਲੇ ਚਾਰ ਪਤਰੇ ਖਾਲੀ ਹਨ।
ਅਰੰਭ : ਤੋ ਨਸ: ੧ੴਸਤਿਗੁਰ ਪ੍ਰਸਾਦਿ॥ ਸ੍ਰੀ ਪਾਰਥ ਗੁਰੁ ਭਯੋ ਨਮ: ਅਥ ਸ੍ਰੀ ਤਰਨਤਾਰਨ ਦਰਬਾਰ ਦੀਪਕਾ ਸ੍ਰੀਪਤਿ ਹਰਿ ਸਾਧੂ ਕ੍ਰਿਤ ਲਿਖਯਤੇ॥ ਦੋਹਰਾ॥ ਸਾਰਦ ਮਾਤਾ ਸਾਰਦਾ ਬਾਰਿਧਿ ਬੁੱਧਿ ਵਿਚਾਰ॥ ਵੰਦੋ ਪਦ ਅਰਵਿੰਦ ਦ੍ਵੈ ਸ੍ਵੇਤ ਵਰਣ ਸੁਖਕਾਰ॥੧॥ ਗਣਪਤਿ ਗੌਰੀ ਗਰੁੜ ਧ੍ਵਜ ਪਸੁਪਤਿ ਵੇਦ ਵਿਰੰਚਿ॥ ਵੰਦੋਪਦ ਬ੍ਰਿਜਰਾਜ ਯੁਗ ਹਰੋ ਦੋਖ ਪ੍ਰਪੰਚ॥੨॥ਕਬਿੱਤ॥ ਦੈਹੈਂ ਨਾਮ ਨਾਨਕ ਜੀ ਅੰਗਦ ਜੀ ਅੰਸਾਦੇਤਾ ਅਮਰ ਅਮਰ ਕਰੈਂ ਰਾਜ ਰਾਮ ਦਾਸ ਜੂ॥…
ਅੰਤ :…ਹਰਿ ਮਲੂਕ ਕੀ ਚੂਕ ਸਭਿ ਵਖਸੋ ਆਪ ਕਵਿੰਦ॥ ਛੰਦ ਵੰਦ ਕੋ ਗਯਾਨ ਨਹਿ ਵਰਣਾਰਥ ਨਹਿ ਵਿੰਦ॥੮੭॥ ਸੰਮਤ ਦੋ॥ ਪਾਂਡਵ ਵਿਧਿ ਮੁਖ ਨਾਥ ਸਸਿ ਗੁਨਿ ਸੰਬਤ ਪਹਿਚਾਨ॥ ਸ੍ਰਾਵਣ ਮਾਸ ਪਾਵਸ ਰਿਤੁ ਸਸਿ ਜਵਾਰ ਸੁਖਦਾਨ॥੮੮॥ ਇਤਿ ਸ੍ਰੀਮਤ ਪੰਡਿਤ ਹਜੂਰਾ ਹਰਿ ਸਖਿਯੇਣ ਨਾਰਾਯਨਣ ਸਿੰਘਨ ਕਵਿ ਨ੍ਰਿਮਲੇਨ ਤਰਨਤਾਰਨ ਨਿਵਾਸਿਨਾ ਵਿਰਚਿਤੰ ਗੁਰੂ ਅਰਜਨ ਦਰਬਾਰ ਦੀਪਕਾ ਸੁਭੰ॥

ਹੱਥ ਲਿਖਤ ਨੰ : MS 85 ਅ
ਸਿਰਲੇਖ : ਸ੍ਰੀ ਗੁਰੂ ਗ੍ਰੰਥ ਲਹਿਰੀ
ਲੇਖਕ : ਨਰਾਇਣ ਸਿੰਘ ਨਿਰਮਲੇ
ਲਿਕਾਰੀ : ਹਜੂਰਾ ਸਿੰਘ
ਸਮਾਂ : ਸੰਮਤ 1948
ਪੱਤਰੇ : 1–10
ਆਕਾਰ : 18X27 ਸ.ਮ. ਲਿਖਤ: 14X21 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਸ੍ਰੀ ਗੁਰੂ ਗ੍ਰੰਥ ਲਹਰੀ ਲਿਖਯਤੇ॥ ਦੋਹਰਾ॥ ਸ੍ਰੀ ਗੁਰੂ ਨਾਨਕ ਆਦਿ ਨਮੁ ਨਮੁ ਸ੍ਰੀ ਗੋਵਿੰਦ ਸਿੰਘ॥ ਭਗਤ ਪ੍ਰਹਲਾਦ ਉਧਾਰ ਹਿਤੁ ਪ੍ਰਗਟਿ ਗ੍ਰੰਥ ਨਰਸਿੰਘ॥੧॥ ਕਬਿਤ॥

ਵੰਦੇ ਗੁਰੂ ਨਾਨਕ ਜੀ ਅੰਗਦ ਅਮਰਦਾਸ ਰਾਮਦਾਸ ਅਰਜਨ ਹੀ ਪੁੰਜ ਪਾਪ ਪੱਟਿਕੇ॥ ਹਰਿ ਗੋਵਿੰਦ ਹਰਿ ਰਾਯ ਵੰਦਿਯੇ ਪਦਾਰਵਿੰਦ॥ ਸ੍ਰੀ ਹਰਿ ਕ੍ਰਿਸਨ ਜੋ ਵਿਆਪੀ ਸਭਿ ਘੱਟਿ ਕੇ॥...

ਅੰਤ :...ਹਰਿ ਮਲੂਕ ਕੀ ਚੂਕ ਕੋ ਛਿਮਿ ਹੈ ਸੰਤ ਸਲੂਕ॥ ਸੁੱਧਿ ਅਸੁੱਧਿ ਪ੍ਰਬੁੱਧਿ ਨਹਿ ਲੇਖਿਕ ਮਤਿ ਹੈ ਮੂਕ॥ਪ●॥ਇਤਿ ਸ੍ਰੀ ਮਤ ਪੰਡਿਤ ਹਜੂਰਾ ਹਰੀ ਸਿਖਜੇਣ ਨਾਰਾਯਣ ਸਿੰਘੇਨ ਕਵਿ ਨਿਰਮਲੇਨ ਤਰਨਤਾਰਣ ਨਿਵਾਸਿਨਾ ਵਿਚਚਿਤੰ ਸ੍ਰੀ ਗੁਰੂ ਗ੍ਰੰਥ ਲਹਿਰੀ ਸਤੋਤ੍ਰ ਸੁਭੰ॥

ਹੱਥ ਲਿਖਤ ਨੰ : MS 85 ਏ

ਸਿਰਲੇਖ : ਵਿਨੈ ਪਤ੍ਰ ਪਚੀਸਾ

ਲਿਖਾਰੀ : ਹਜੂਰਾ ਸਿੰਘ

ਸਮਾਂ : ਸੰਮਤ 1976

ਪੱਤਰੇ : 1–4

ਆਕਾਰ : 18 X 27 ਸ. ਮ. ਲਿਖਤ : 14 X 21 ਸ. ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ, ਇਸ ਦੇ ਅੰਤ ਵਿਚ ਤਿੰਨ ਖਾਲੀ ਹਨ।

ਅਰੰਭ : ਤੋ ਨਸ: ੧ੑ ਸਤਿਗੁਰ ਪਰਸਾਦਿ॥ਓ ਸ੍ਰੀ ਦਸਮੇਸ੍ਵਰ ਗੁਰੂ ਭਯੋ ਨਮ ਸੂਮੇ ਅਥ ਸ੍ਰੀ ਗੁਰੂ ਗੋਵਿੰਦ ਸਿੰਘਾ ਗ੍ਰੋਗੁਹਾਰ ਵਿਨੈ ਪਤ੍ਰ ਪਚੀਸਾ ਲਿਖਯਤੇ॥ਦੋਹਰਾ॥ ਸ੍ਰੀ ਗੁਰੁ ਕਲਿ ਮਲ ਦਲ ਦਰਨ ਸਰਨ ਪਰਨ ਦੁਖ ਦੂਰ॥ ਚੂਰ ਕਰਣ ਦੁਰਜਨ ਦੁਖਦ ਸੁਰ ਜਨ ਸੁਖਦ ਜਰੂਰ॥

ਅੰਤ :...ਰਸ ਮੁਨਿ ਗ੍ਰਹ, ਸਸਿ ਸੰਬਤੰ ਸੁਕਲ ਸੁਮਗ੍ਰ ਮਾਸ॥ ਗੁਰੂਵਾਸਰ ਤਿਖੀ ਦ੍ਵਾਦਸੀ ਭੁਲ ਛਮੋ ਨਿਜ ਦਾਸ॥ ਇਤਿ ਮਤ ਮਹਾਰਾਜ ਪੰਡਿਤ ਹਜੂਰਾ ਹਰੀ ਸਿਸਯੇਣ ਨਾਰਾਯਣ ਸਿੰਘੇਨ ਕਵਿ ਨਿਰਮਲੇਨ ਤਰਨ ਤਾਰਣ ਨਿਵਾਸਿ ਨਾਵਿ ਰਚਿਤੰ ਸ੍ਰੀ ਦਸਮੇਸ੍ਵਰ ਗੁਰੂ ਪ੍ਰਤਿ ਵਿਨਯ ਪਤ੍ਰ ਪਚੀਸਾ ਸੁਭੰ॥ ॥

ਹੱਥ ਲਿਖਤ ਨੰ : MS 86

ਸਿਰਲੇਖ : ਜਨਮਪਤ੍ਰੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ

ਲਿਖਾਰੀ : ਦੂਲਾ ਸਿੰਘ ਮਿਰਾ

ਸਮਾਂ : ਸੰਮਤ 1867 ਬਿ /1810 ਈ.

ਪੱਤਰੇ : 1 ੳ – 610

ਆਕਾਰ : 17X14 ਸ.ਮ. ਲਿਖਤ: 13.5X10.5 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਫਟੀ ਹੋਈ। ਦੁਪਾਸੀਂ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਸ਼ੁਰੂ ਵਿਚ ਦੋ ਤੇ ਅੰਤ ਤੇ ਇਕ ਬਿਨਾ ਹਾਸ਼ੀਆ ਪੱਤਰੇ ਖਾਲੀ ਹਨ। ਸਤਰਾਂ ਪ੍ਰਤੀ ਪੰਨਾ– 10

ਆਮ ਵੇਰਵਾ : ਸਾਖੀਆਂ ਦੇ ਅੰਕ ਨਹੀਂ ਦਿੱਤੇ ਹੋਏ।

ਅਰੰਭ : ਵਾਹਗੁਰੂ ਜੀ ਸਾਖੀ ਬੇਦ ਲੈ ਆਵਣੇ ਕੀ॥ ੧ੑ ਸਤਿਗੁਰ ਪ੍ਰਸਾਦਿ॥ਬਾਬੇ ਨਾਨਕ ਕਉ ਹੁਕਮੁ ਹੋਇਆ॥ ਕਰਨਿਹਾਰ ਕਾ॥ ਸਤਿਜੁਗਿ ਮਹਿ ਤਦਹੁ ਬਾਬਾ ਸਾਹਿਬ ਮਿਹਰਵਾਨੁ ਥਾ॥ ਇਕਿ ਦਿਨਿ ਆਗਿਆ ਹੋਈ ਨਿਰੰਕਾਰ ਕੀ॥ ਜੇ ਨਾਨਕ ਚਾਰ ਜੁਗ ਕੀਤੇ ਹੈਨਿ। ਚਾਰਿ ਬੇਦ ਭੀ ਕੀਤੇ ਲੋੜੀਅਨ॥...

ਅੰਤ :...ਫੇਰਿ ਚਾਉਥੇ ਦੀ ਸਮਗ੍ਰੀ ਲੈ ਗਏ ਜਾ ਜਾਇਕੇ ਸਿਵਾ ਦੁਧੁ ਨਾਲ ਤ੍ਰਉਕ ਕੈ ਜ ਵੇਖਨਿ ਤਾ ਚਿਖਾ ਵਿਚਿ ਫਲ ਹਸ ਕਿਹੁ ਨਾਹੀ॥ ਲਕੜੀਆ ਬੈਸੰਤ੍ਰਿ ਸਭ ਦੇਖਿ ਰਹੇ॥ ਕੋਇਲੇ ਮੇਲਿ ਕੈ ਨਦੀ ਵਿਚਿ ਪਾਏ॥ ਸਭ ਪਛੋਤਾਵਣ ਲਗੇ ਕਿਨੇ ਨਾ ਜਾਤੋ ਛਲ ਗਇਆ॥ ਸਮਤ॥੧ਪ੯ਪ॥ ਵਰਖੇ ਮਾਂਹੇ ਅਸੂ

ਸੁਦੀ ।੧੧॥ ਸੰਮਤ ॥੧੮੬੭॥ ਹਾੜ ਸੁਦੀ ॥ ਪ੍ਰਵਿਸ॥੨੧॥ ਦੂਲਾ ਸਿੰਘ ਮਿਰਾ ਲਹੋਰੀ ਦ੍ਰਆਜੇ ਬੈਠ ਕੇ ਲੇਖੀ ਦੂਸਰੀ ਪੋਥੀ ॥ ਗੁਰੂ ਨਾਨਕ ਜੀ ਕੀ ਜਨਮਪਤ੍ਰੀ॥

ਹੱਥ ਲਿਖਤ ਨੰ : MS 87
ਸਿਰਲੇਖ : ਅਸ੍ਵਮੇਧ ਭਾਖਾ
ਲੇਖਕ : ਟਹਿਕਣ ਕਵੀ (ਵਾਸੀ ਜਲਾਲ ਪੁਰ)
ਸਮਾਂ : ਸੰਮਤ 1879
ਪੱਤਰੇ : 1 – 542
ਆਕਾਰ : 22X28 ਸ.ਮ. ਲਿਖਤ: 15.5X17 ਸ. ਮ.
ਵੇਰਵਾ : ਜਿਲਦ ਗੱਤਾ; ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 15
ਆਮ ਵੇਰਵਾ : ਕਿਤੇ ਕਿਤੇ ਕਿਰਮ ਖੁਰਦਾ ਹੈ। ਪੋਥੀ ਦੇ ਸ਼ੁਰੂ ਵਿਚ 5 ਪੱਤਰੇ ਖਾਲੀ ਹਨ ।ਫੇਰ ਇਕ ਪੱਤਰੇ ਤੇ ਤਤਕਰਾ ਹੈ,ਅਗੇ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਅੰਤ ਤੇ 7 ਪੱਤਰੇ ਖਾਲੀ ਹਨ। ਪੱਤਰਾ ਨੰਬਰ 541 ਅ ਅਤੇ 542 ਅ ਤੇ ਇਕ ਸਤਰ ਲਾਲ, ਇਕ ਕਾਲੀ ਸਿਆਹੀ ਨਾਲ ਲਿਖੀ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੇ। ਕਿਤੇ ਕਿਤੇ ਹਾਸ਼ੀਏ ਵਿਚ ਵੀ ਸੁਧਾਈ ਕੀਤੀ ਹੋਈ ਹੈ। ਇਸ ਕਵੀ ਨੇ ਨੰਦ ਲਾਲ (ਭਾਈ) ਦਾ ਨਮਸਕਾਰ ਕੀਤਾ ਹੈ ਜਿਹੜੀ ਕਿ ਮਿਸਾਲ ਆਮ ਨਹੀਂ ਮਿਲਦੀ॥
ਅਰੰਭ : ੧ੴ ਸਤਿਗੁਰ ਪਰਸਾਦਿ॥ਅਥ ਅਸ੍ਵਮੇਧ ਭਾਖਾ ਲਿਖਤੇ ॥ਓਅੰ ਗਣੇਸਾਇ ਨਮਹ॥ ਸ੍ਰੀ ਕਾਲਿਕਾਇ ਨਮਹ॥ ਓਅੰ ਸ੍ਰੀ ਨੰਦ ਲਾਲੋ ਜਯਤ॥ ਕ੍ਰਿਤ ਟਹਿਕਨ ਕੀ॥ ਚਉਪਈ। ਪ੍ਰਿਥਮੇ ਪ੍ਰਣਵੋ ਗਿਰਜਾ ਨੰਦਨ ॥ ਸੰਕਰ ਤਨਿ ਗਨਿ ਬਿਘਨਿ ਨਿਕੰਦਨਿ॥ ਲੰਬੋਦਕ ਸੁਖ ਹਰਿ ਸੁਖਦਾਇਕ॥ ਏਕ ਰਦਨ ਗਜ ਬਦਨ ਬਿਨਾਇਕ॥ ਬੁਧ ਸਦਨ ਅਘ ਅਉਧ ਬਿਨਾਸਨ॥ ਮੰਗਲ ਰੂਪੁ ਅਮੰਗਲ ਨਾਸਨ ॥ ਅਸਰਨ ਸਰਨ ਸਕਲ ਜਗ ਬੰਧਨ॥ ਸੇਵਤਿ ਸੁਰ ਨਰ ਸ੍ਰੀ ਧਰ ਚੰਦਨ।...
ਅੰਤ :...ਦੋਹਰਾ॥ ਇਤਿ ਸ੍ਰੀ ਭਾਰਥ ਪਰਬਨੇ ਅਸ੍ਵਮੇਧ ਬਖਾਨ॥ ਕਬਿ ਟਹਕਨ ਧੰਾਇ ਤ੍ਰਿਹਤਰੋ ਹੈ ਕ੍ਰਿਤ ਪੂਰਨ ਜਾਨ ॥੬੧॥ ਦੋਹਰਾ ॥ ਇਤ ਸ੍ਰੀ ਮਹਾਭਾਥ ਪੁਰਾਣੇ ਧਰਮ ਜਗ ਬੰਖਾਣੇ ਕ੍ਰਿਸਨ ਕਉਤਕ ਜਗ ਸਪੂਰਣ ਸਿਧ ਕਾਰਜ ਧਰਮ ਸਫਲ ਨਾਮੇ ਤ੍ਰਿਹਤਰੋ ਧਿਆਇ॥੬੨॥੧੩॥ ਸੰਮਤ ਬਿਕ੍ਰਮ ਸੈਨ ਕੋ ਲਿਖਿਓ ਮਹਾਤਮ ਜਾਨ॥ਸਹੰਸ ਅਠਾਰਹ ੧੮੭੯॥ ਉਨਾਸੀ॥ ਪੋਥੀ ਪੂਰਨ ਜਾਨਿ॥੧॥ ਸ੍ਰੀ ਵਾਹੁਗੁਰੂ ਜੀ ਕਾ ਖਾਲਸਾ ਸ੍ਰੀ ਵਾਹੁਗੁਰੂ ਜੀ ਕੀ ਫਤੇ॥ ਅਖਰ ਵਧ ਘਟ ਭੁਲਿਆ ਚੁਕਿਆ ਬਖਸਣਾ ਵਾਸਤੇ ਆਪਣੇ ਨਾਮ ਦੇ ਬਿਰਦ ਦੀ ਪੈਜ ਰਖਣੀ ॥ ਮਿਤੀ ਹਾਰਵਡੀ ੮ ਦਿਨ ਸੰਗ੍ਰਾਦ ਦੀ ੧॥ ਵਾਰ ਸੁਭ ਵਾਰ ਬੁਧਵਾਰ ਲਿਖੀ ਭੋਗ ਪਾਤਾ॥ਵਾ॥ਹੁ॥ਗੁ॥ਰੂ॥ ਵਾ॥ਹੁ॥ਗੁ॥ਰੂ॥ਜੀ॥.....ਰਾ॥ ਮ॥ਰਾ॥ ਮ॥ਰਾ॥ਮ॥

ਹੱਥ ਲਿਖਤ ਨੰ : MS 88
ਸਿਰਲੇਖ : ਰਾਮਾਇਣ ਭਾਖਾ
ਲੇਖਕ : ਠਾਕੁਰ ਦਾਸ
ਲਿਖਾਰੀ : ਰਣ ਸਿੰਘ
ਸਮਾਂ : ਸੰਮਤ 1829
ਪੱਤਰੇ : 1 – 395
ਆਕਾਰ : 18X31 ਸ.ਮ. ਲਿਖਤ: 12X22 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ।; ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ਦਾ ਹਾਸ਼ੀਆ । ਸਤਰਾਂ ਪ੍ਰਤੀ ਪੰਨਾ- 12

ਆਮ ਵੇਰਵਾ : ਪੋਥੀ ਕਿਰਮ ਖੁਰਦਾ । 330 ਪੱਤਰੇ ਤੋਂ ਅਗਲੇ ਪੰਨੇ ਧੂਆਂਖੇ, ਖਾਧੇ ਅਤੇ ਖਸਤਾ ਹਾਲਤ ਵਿਚ ਹਨ। ਪਹਿਲੇ ਪੱਤਰੇ ਦੇ ਉਤਲੇ ਖੱਬੇ ਕੋਨੇ ਵਿਚ ਬਾਕੀ ਪਾਠ ਤੋਂ ਅਲਗ ਦੋਹਾ ਲਿਖਿਆ ਹੈ। "ਦੋਹਾ ਰਮਾਇਣ ਪੁਸਤਕ ਲਿਖਤ ਹੋ ਸ੍ਰੀ ਗੁਰ ਕੇ ਓਨੁਸਾਰ। ਧੰਨਜ ਧੰਨਜ ਗੁਰ ਦੇ [ਦੇਵ] ਜੂ ਕੀਨੀ ਕ੍ਰਿਪਾ ਅਪਾਰ॥"

ਅਰੰਭ : ਓਅੰ ਸਤਿਗੁਰ ਪ੍ਰਸਾਦ॥ਸ੍ਰੀ ਗਣੇਸਾਇ ਨਮਹਿ॥ ਰਾਮ ਚਰਤਰਾਇ ਨਮਹਿ॥ ਓਅੰ ਸ੍ਰੀ ਗੁਰ ਭਿਓਇਨਮਹ॥ ਓਅੰ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤ ਅਨੰਦ ਰੂਪ॥ ਮੰਗਲ ਨਿਧ ਪ੍ਰਮੋਦਘਨ ਦਸਰਥ ਸੁਤ ਜਗ ਰੂਪ॥ ...

ਅੰਤ :...ਇਤਿ ਸ੍ਰੀ ਰਮਾਇਣ ਸੰਖੇਪ ਬਿਧ ਸੰਪੂਰਨੰ॥ ਸੁਭ ਦੋਹਰਾ॥ ਗ੍ਰੰਥ ਰਮਾਇਣ ਕੋ ਲਿਖਿਓ ਸ੍ਰੀ ਰਾਮ ਕ੍ਰਿਪਾ ਅਨੁਸਾਰ॥ ਸ੍ਰੀ ਰਾਮ ਸਰਨ ਜੋ ਜਨ ਪਰੇ ਭਵ ਨਿਧ ਉਤਰੇ ਪਾਰ॥ ਠਾਕੁਰ ਦਾਸੁ ਹੈ ਸਾਧ ਤਿਸ ਕੇ ਦਸਖਤਿ ਜਾਨ॥ ਫੱਗਣ ਮਾਸ ਤਿਥ ਪੰਚਮੀ ਗ੍ਰੰਥ ਸੰਪੂਰਨ ਮਾਨ॥ ਚੌਪਈ॥ ਵਾਰ ਛਨਿਛੱਰ ਪੂਰਨ ਹੋਆ॥ ਸੁਧਾ ਪ੍ਰੀਤ ਅਧਕ ਅਤਿ ਭੋਆ॥ ਰਾਮ ਚਰਨ ਮੈ ਰਹੈ ਧਿਆਨ॥ ਸਰਨ ਰਾਮ ਕੀ ਜੋ ਜਨ ਪਰੇ॥ ਦੁਖ ਭੂਖ ਰਾਮ ਤਿਸ ਕੀ ਹਰੇ॥ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਣ ਸਿੰਘ ਤਰੀ [ਤੇਰੀ] ਸਰਣ॥ ●●●॥=॥=॥=॥=॥=

ਹੱਥ ਲਿਖਤ ਨੰ : MS 89 ਸੰਗ੍ਰਹਿ

ਸਿਰਲੇਖ : ਮਾਝਾਂ

ਲੇਖਕ : ਸੰਤ ਦਾਸ

ਪੱਤਰੇ : 1ੳ–10 ਅ

ਆਕਾਰ : 13X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ; ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ- 9

ਆਮ ਵੇਰਵਾ : ਪਹਿਲੇ ਪੱਤਰੇ ਤੇ ਨੰਬਰ 1 ਕਾਲੀ ਸਿਆਹੀ ਨਾਲ ਲਿਖਿਆ ਹੈ, ਅਗੋਂ ਨੀਲੀ ਸਿਆਹੀ ਨਾਲ ਪੱਤਰਾ ਨੰਬਰ ਪਾਇਆ ਹੈ। ਪੱਤਰਾ ਨੰਬਰ 10 ਤੋਂ ਬਾਅਦ ਪੱਤਰਾ ਨੰਬਰ 12 ਲਿਖਿਆ ਹੈ, ਨੰਬਰ 11 ਪੱਤਰਾ ਨਹੀਂ ਹੈ ਪਰ ਪਾਠ ਪੂਰਾ ਹੈ। 16 ਅਤੇ 17 ਨੰਬਰ ਪੱਤਰਿਆਂ ਤੋਂ ਬਾਅਦ ਇਕ ਪੱਤਰਾ ਨੰਬਰ ਨਹੀਂ ਲਿਖਿਆ ਹੋਇਆ। ਇਸ ਪੋਥੀ ਵਿਚ ਦੋ ਕ੍ਰਿਤੀਆਂ ਹਨ ਅਤੇ ਦੋਹਾਂ ਦੀ ਕਾਨੀ ਅਲਗ-ਅਲਗ ਹੈ।

ਅਰੰਭ : ੧ੴਸਤਿਗੁਰ ਪ੍ਰਸਾਦਿ॥ ਸੰਤ ਦਾਸ ਭਗਤ ਜੀ ਕੀਆ ਮਾਝਾ ॥ ਅਜਬ ਤੂ ਅਜਾਇਬ ਤੂਹੇ ਤੇਰੇ ਅਜਬ ਤਮਾਸੇ॥ ਇਕ ਘਰਿ ਬੈਠਿਆ ਨੋ ਮਧਿ ਪੀਲਾਵਹਿ ਇਕ ਨਦੀਓ ਫਿਰਨ ਪਿਆਸੇ॥੧॥ ...

ਅੰਤ :...ਅਠੂਹੇ ਦਾ ਮੰਦ ਜਾਣੇ ਨਾਹੀ ਸਪਾ ਨੋ ਹਥਿ ਪਾਵੈ॥ ਪਲੇ ਕਉਡੀ ਹੋਵੈ ਨਾਹੀ ਸਾਹੂਕਾਰਿ ਸਦਾਵੈ॥ ਟੋਭੇ ਉਤੇ ਜਾਇ ਨ ਸਕੈ ਗੰਗਾ ਕਿਥੋ ਜਾਵੈ। ਸੰਤ ਦਾਸ ਜੋ ਬਿਖਯ ਬੀਜੈ ਅੰਮ੍ਰਿਤ ਕਿਥਹੁ ਪਾਵੈ॥੪●॥ ਗੁਰੂ ਜੀ ॥ ਧੰਨ ਗੁਰੂ ਜੀ

ਹੱਥ ਲਿਖਤ ਨੰ : MS 89 ਅ

ਸਿਰਲੇਖ : ਸਾਖੀ ਬਾਬੇ ਕੇ ਚਲਾਣੇ ਕੀ

ਪੱਤਰੇ : 13ੳ– 23 ਅ

ਆਕਾਰ : 13X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ; ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ-7

ਆਮ ਵੇਰਵਾ : ਓਹੀ, ਲਿਖਾਈ ਸੁੰਦਰ ਹੈ॥

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਸਾਖੀ ਬਾਬੇ ਕੇ ਚਲਣੇ ਕੀ॥ ਸਵਾ ਪਹੁਰ ਰਾਤਿ ਰਹਦੀ ਨੂੰ ਬਾਬਾ ਚਲਾਣਾ ਕਰਦਾ ਹੈ॥ ਦਰਗਾਹ ਨੂ॥ ਤਬ ਬਲਵੰਡ ਢਾਡੀ ਨੂ ਬਚਨ ਹੋਇਆ ਬਲਵੰਡਾ ਮੈ ਦਰਗਾਹ ਨੂ ਵਿਦਿਆ ਹੋਦਾ ਹਾ ॥ ਤਬ ਬਲਵੰਡ ਢਾਡੀ ਅਰਦਾਸਿ ਕੀਤੀ॥ ਜੀ ਸਚੇ ਪਾਤਿਸਾਹੁ ਸੰਗਤਿ ਦਾ ਹੀਲਾ ਕੀ ॥ ਤਾਂ ਅਗੇ ਤੇ ਬਚਨ ਹੋਇਆ ਸੰਗਤਿ ਨੂ ਗਿਰੰਥੁ ਜੀ ਬਖਸਿਆ॥...

ਅੰਤ :...ਤਾਂ ਭਾਈ ਮਰਦਾਨੇ ਪਾਸਿ ਇਕ ਰਬਾਬੁ ਸੀ ਜਾ ਬਾਬਾ ਚਿਤੰਨ ਕਰਦਾ ਤਾ ਭਾਈ ਮਰਦਾਨਾ ਡੇਰੇ ਹੋਦਾ॥ ਤਾ ਬਾਬੇ ਦੇ ਚਿਤ ਕਰਨੇ ਰਬਾਬੁ ਦੀਆਂ ਤਾਰਾ ਬੋਲ ਉਠਦੀਆ॥ ਤਾ ਮਰਦਾਨਾ ਆਖਦਾ ਭਾਈ ਰਬਾਂਬੁ ਮੈ ਤੇ ਤੂੰ ਚਿਤ ਹੋਇ ਹੈ ਚਲੁ॥ ਤਾ ਅਗੇ ਤੇ ਰਬਾਬੁ ਬੋਲਦਾ ਜੁ ਮੇਰੀ ਦੁਆਲੀ ਗਲ ਵਿਚ ਘਤੁ॥ ਜਿਥੇ ਬਾਬਾ ਹੈ ਉਥੈ ਉਡਾਇ ਕੈ ਤੈਨੁ ਲੈ ਚਲਾ ॥ ਤਾ ਚਾਰਿ ਪਹਿਰ ਰਾਤਿ ਸਮੂਹ ਇਕਠੇ ਹੋਦੇ॥ ਕੀਰਤਨੁ ਕਰ ਕੈ ਖੁਸੀ ਲੈਕੇ ਮੁੜ ਡੇਰੇ ਆਵਦੇ॥

ਹੱਥ ਲਿਖਤ ਨੰ : MS 90

ਸਿਰਲੇਖ : ਸੀਹਰਫੀ

ਲੇਖਕ : ਗੁਪਾਲ ਸਿੰਘ

ਪੱਤਰੇ : 1– 19

ਆਕਾਰ : 11X16 ਸ.ਮ. ਲਿਖਤ: 8X12 ਸ.ਮ.

ਵੇਰਵਾ : ਜਿਲਦ ਗੱਤਾ ਬਾਅਦ ਵਿਚ ਬੰਨੀ ਹੋਈ ਹੈ॥ ਬਿਨਾਂ ਹਾਸ਼ੀਆ । ਸਤਰਾਂ ਪ੍ਰਤੀ ਪੰਨਾ– 8

ਆਮ ਵੇਰਵਾ : 16 ਤੋਂ 19 ਪੱਤਰਿਆਂ ਤੱਕ ਸਜੇ ਪਾਸੇ ਉਪਰ ਦੇ ਕੋਨੇ ਭੁਰੇ ਹੋਣ ਕਾਰਣ ਪੱਤਰਾ ਨੰਬਰ ਬਾਅਦ ਵਿਚ ਨੀਲੀ ਸਿਆਹੀ ਨਾਲ ਪਾਇਆ ਹੋਇਆ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ।

ਅਰੰਭ : ੧॥ਓ॥ ਸਤਿਗੁਰ ਪ੍ਰਸਾਦਿ॥ ਅਲਫ ਅਜ ਨ ਮੰਗਦੀ ਸੰਗਦੀ ਮੈ ਰੱਬਾ ਦੇਹੁ ਦੀਦਾਰ ਦੁਲਾਰਿਆਂ ਦਾ॥ ਕਦੇ ਮਨ ਸੀ ਨੀ ਸੁਣੋ ਰਬ ਸਜੋ ਕਹਿਆ ਆਜਦਾਂ ਅਸਾਂ ਵਿਚਾਰਿਆਂ ਦਾ॥ ਇਸ ਜੀਵਣੇ ਥੀਂ ਦੇਈ ਮੌਤ ਰਬਾ ਰਿਹਾ ਦਿਸਨੋ ਮੁਖ ਪਿਆਰਿਆਂ ਦਾ॥ ਕੀ ਆਵਸੀ ਹਥ ਗੁਪਾਲ ਸਿੰਘਾ ਅਸਾਂ ਇਸਕ ਦੇ ਮੁਇਆਂ ਨੂੰ ਮਾਰਿਆਂ ਦਾ॥੧॥...

ਅੰਤ :...ਅਲਫ ਅਜ ਆਇਆ ਸਈਓ ਮੇਰੀਓ ਨੀ ਚੇਤਾ ਗਲ ਚਿਰੋਕਣੀ ਵੀਸਰੀ ਦਾ॥ ਲਗਾ ਸੰਗ ਦਾ ਰੰਗ ਨਿਸੰਗ ਮੈਨੂੰ ਡਿਠ ਸੰਗ ਸਦਾ ਰੰਗੀਸਰੀ ਦਾ॥ ਹੁਣ ਹੋਰ ਨਾ ਭਾਂਵਦਾ ਕੁਝ ਸਾਨੂੰ ਗੁਰਾਂ ਦਸਿਆ ਰਾਹ ਮੁਨੀਸਰੀ ਦਾ॥ ਗਈ ਭੁਲ ਸਤਾਰ ਗੁਪਾਲ ਸਿੰਘਾ ਪਿਆ ਭੋਗ ਭੀ ਨਾਲ ਕਵੀਸਰੀ ਦਾ॥੩●॥

ਹੱਥ ਲਿਖਤ ਨੰ : MS 91 ਸੰਗ੍ਰਹਿ

ਸਿਰਲੇਖ : ਸਿਖਾਂ ਦੀ ਭਗਤਮਾਲਾ

ਲਿਖਾਰੀ : ਮਨੀ ਸਿੰਘ

ਲਿਖਾਰੀ : ਆਤਮਾ ਰਾਮ

ਪੱਤਰੇ : 1 ੳ– 145

ਆਕਾਰ : 17.5 X 25 ਸ. ਮ. ਲਿਖਤ : 13 X 19 ਸ. ਮ.

ਵੇਰਵਾ : ਜਿਲਦ ਗੱਤਾ, ਉਖੜੀ ਹੋਈ। ਦੁਪਾਸੀਂ ਖੜ੍ਹੇ ਰੁਖ ਦੋ ਲਾਲ ਲਕੀਰਾਂ ਵਿਚ ਇਕ ਕਾਲੀ ਲਕੀਰ ਦਾ ਹਾਸ਼ੀਆਂ ਹੈ। ਵਿੱਚ-ਵਿਚ ਕੁਝ ਪੱਤਰਿਆਂ ਤੇ ਸਿਰਫ ਦੋ ਕਾਲੀਆਂ ਲਕੀਰਾਂ (ਖੜ੍ਹੇ ਰੁਖ) ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ– 14, ਲਿਖਤ ਸਾਧਾਰਣ ਪਰ ਸਾਫ ਪੜਨ ਯੋਗ ਹੈ।

ਆਮ ਵੇਰਵਾ : ਪੋਥੀ ਖਸਤਾ ਹਾਲਤ ਵਿਚ ਹੈ। ਪਹਿਲੇ ਅਤੇ ਆਖਰੀ ਕੁਝ ਪੱਤਰੇ ਫਟਦੇ ਜਾਂਦੇ ਹਨ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਵਿਚ ਵੀ ਸੁਧਾਈ ਕੀਤੀ ਹੋਈ ਹੈ। ਪੋਥੀ ਕਿਰਮ ਖੁਰਦਾ ਹੈ। ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ।

ਅਰੰਭ : ੧ੴ ਸਤਿਨਾਮੁ ਕਰਤਾ ਪੁਰਖ ਗੁਰ ਪ੍ਰਸਾਦਿ...॥ ਨਾਮ ਸਭ ਦੇਵਾ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਵਦਾ ਹੈ॥ ਕੋਈ ਸਿਵਨੂੰ ਕੋਈ ਗਣੇਸ ਨੂੰ ਕੋਈ ਹੋਰ ਦੇਵਤਿਆ ਨੂ॥ ਗੁਰੂ ਕੇ ਸਿਖ ਸਤਨਾਮੁ ਨੂੰ ਅਰਾਧਤੇ ਹੈਨ॥ ੧ੴ ਸਤਿਗੁਰ ਪਰਸਾਦਿ॥ ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰਵੀ ਸਿਖਾ ਦੀ ਭਗਤ ਮਾਲਾ॥ ਏਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾ ਅਰਦਾਸ ਕੀਤੀ ॥ ਜੋ ਭਾਈ ਗੁਰਦਾਸ ਜੀ ਨੇ ਜੋ ਸਿਖਾ ਦੇ ਪਰਥਾਇ ਵਾਰ ਕੀਤੀ ਹੈ॥ ਸੋ ਸਭ ਦੇਸ ਦੇਸ ਦੇ ਸਿਖਾ ਦੇ ਨਾਮ ਲਿਖੇ ਹੈਨਿ॥ ਉਨਾ ਦੀਆ ਰਹਿਤਾ ਤੇ ਕਰਤੂਤਾ ਅਸਾਨੋ ਮਾਲੂਮ ਕਰਾਵੋ ਜੋ ਅਸੀ ਭੀ ਜਾਣੀਏ॥...

ਅੰਤ :...ਤੇ ਵਾਸਤਵ ਬੀੜਾ ਜੁ ਹੁੰਦਾ ਹੈ॥ ਸੋ ਪਾਨ ਕਥਾ ਸੁਪਾਰੀ ਚੂਨਾ ਆਪਣੇ ਰੰਗ ਨੂ ਛਡਦਾ ਹੈ। ਤਾ ਲਾਲ ਰੰਗ ਉਸ ਦਾ ਹੁੰਦਾ ਹੈ॥ ਤੈਸੇ ਜੋ ਸਿਖ ਆਪਣਾ ਅਭਮਾਨ ਕਿਰਿਆ ਦਾ ਛਡਦੇ ਹੈਨਿ ਸੋਈ ਗੁਰਮੁਖ ਹੁੰਦੇ ਹੈਨਿ॥ ੧੬੩ ॥ ਬੋਲਹੁ ਭਾਈ ਜੀ ਵਾਹਗੁਰੂ ਸਾਖੀਆ ਪੂਰੀਆ ਹੋਈਆ ਸਮਾਪਤ ਮਸਤ ਸੁਭ ਮਸਤ ਇਕ ਸਉ ਤੇ ਤ੍ਰੇਹਠ ਸਾਖੀਆ ਪੂਰੀਆ ਹੋਈਆ॥

ਹੱਥ ਲਿਖਤ ਨੰ : MS 91 ਅ

ਸਿਰਲੇਖ : ਸਾਖੀ ਮਹਲੇ ਦੂਜੇ ਕੀ (ਸੁੰਨ ਸਮਾਧੀਆ ਦੀ)

ਲਿਖਾਰੀ : ਆਤਮਾ ਰਾਮ

ਪੱਤਰੇ : 145 ੳ– 149 ੳ

ਆਕਾਰ : 17.5X25 ਸ.ਮ. ਲਿਖਤ: 13X19 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ... ੧ੴ ਸਤਿਗੁਰ ਪ੍ਰਸਾਦਿ॥ ਸਾਖੀ ਮਹਲੇ ਦੂਜੇ ਕੀ ॥=॥ ਗੁਰੂ ਨਾਨਕ ਜੀ ਮਿਹਰ ਕੀਤੀ ਬਚਾ ਅੰਗਦਾ ਤੂੰ ਕਛੁ ਮੰਗ ਕਛੁ ਤੁਹਿ ਮੰਗਿਓ ਨਹੀਂ॥ ਟਹਿਲ ਸੇਵਾ ਤੁਹਿ ਬਹੁਤ ਕੀਤੀ ਹੈ॥ ਤਾ ਗੁਰੂ ਅੰਗਦ ਜੀ ਕਹਿਆ ਜੇਹੜੀ ਕਾਈ ਲੋੜੀਦ ਆਹੀ ਸੋ ਤੁਸਾ ਮਿਟਾਇ ਛਡੀ ਹੈ॥ ਤਾ ਭਾਈ ਲਹਿਣੇ ਕਹਿਆ ਤੁਸਾ ਮਿਹਰਿ ਕੀਤੀ ਹੈ॥ ਤਾ ਸੁੰਨ ਸਮਾਧੀਏ ਜੋ ਸੁਣੀਦੇ ਹੈਨਿ ਤਿਨਾ ਦਾ ਦੀਦਾਰ ਹੋਵੈ॥...

ਅੰਤ :...ਤਾ ਭਾਈ ਲਹਿਣੇ ਨੇਤ੍ਰ ਮੀਟੇ॥ ਦੇਖੇ ਤਾ ਗੁਰੂ ਨਾਨਕ ਜੀ ਦੇ ਪਾਸ ਹਾਂ॥ ਆਇ ਚ੍ਰਣੀ ਲਗਾ॥ ਤਾ ਗੁਰੂ ਨਾਨਕ ਜੀ ਪੁਛਿਆ ਭਾਈ ਲਹਿਣਿਆ ਸੁੰਨ ਸਮਾਧੀਆ ਦਾ ਦੀਦਾਰ ਕਰ ਆਇਆ ਹੈ॥ ਤਾ ਭਾਈ ਲਹਣੇ ਕਹਿਆ ਜੀ ਤੁਸਾਡਾ ਸਦਕਾ ਦੀਦਾਰ ਕਰ ਆਇਆ ਹਾਂ॥

ਹੱਥ ਲਿਖਤ ਨੰ : MS 91 ਏ

ਸਿਰਲੇਖ : ਪੰਜਾ ਪਿਆਰਿਆਂ ਦੇ ਪੂਰਬਲੇ ਜਨਮ

ਲਿਖਾਰੀ : ਆਤਮਾ ਰਾਮ

ਪੱਤਰੇ : 149 ੳ– 150 ੳ

ਆਕਾਰ : 17.5X25 ਸ.ਮ. ਲਿਖਤ: 13X19 ਸ.ਮ.

ਵੇਰਵਾ : ਓਹੀ

ਆਮ ਵੇਰਵਾ : ਓਹੀ

ਅਰੰਭ : ੧ੴ ਸੇਤਿਗੁਰ ਪ੍ਰਸਾਦਿ॥ ਸ੍ਰੀ ਗੋਬਿੰਦ ਸਿੰਘ ਜੀ ਸੋਢੀ॥ ਜਨਮ ਪਟਣੇ ਦਾ ਵਾਸੀ ਅਨੰਦਪੁਰ ਜੀ ਦੀ॥ ਦਇਆ ਸਿੰਘ ਸੋਫਤੀ ਲਹੌਰ ਦੀ ਵਾਸੀ ਪਿਛਲੇ ਜਨਮ ਲਉ ਦੇ ਅਵਤਾਰ ਥਾ॥੨॥...

ਅੰਤ : …ਵਾਹਗੁਰੂ ਕਾ ਮੰਤ੍ਰ ਜਪ ਆਨ ਮੰਤ੍ਰ ਦੇ ਤਿਆਗ॥ ਮੁਕਤ ਜੁਗਤ ਬਾਛਤ ਫਲਤ ਸਤਿਗੁਰ ਚਰਨੀ ਲਾ [ਲਾਗ] ॥੫॥ ਬੋਲਹੁ ਭਾਈ ਜੀ ਵਾਹਗੁਰੂ …ਸ੍ਰੀ ਵਾਹਗੁਰੂ ਜੀ॥

ਹੱਥ ਲਿਖਤ ਨੰ : MS 91 ਸ
ਸਿਰਲੇਖ : ਸਾਖੀ ਭਾਈ ਗੁਰਦਾਸ ਭਲੇ ਜੀ ਕੀ
ਲਿਖਾਰੀ : ਆਤਮਾ ਰਾਮ
ਪੱਤਰੇ : 150 ੳ– 163 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ੧ੴ ਸਤਿਗੁਰ ਪ੍ਰਸਾਦਿ॥ਸਾਖੀ ਭਾਈ ਗੁਰਦਾਸ ਭਲੇ ਜੀ ਕੀ ॥ ਸੋਰ ਠਾ ॥ ਸਿਖ ਹੈ ਪਰਮ ਸੁਜਾਨ ਗੁਰਦਾਸ ਨਾਮ ਗੁਰ ਚਰਨ ਰਤ॥ ਪਾਇਆ ਆਤਮ ਗਿਆਨ ਸਤਿਗੁਰ ਕ੍ਰਿਪਾ ਕਟਾਛ ਤੇ॥ ਕਬਿਤੁ ॥ ਭਲਿਓ ਕੀ ਕੁਲ ਵਿਖੇ ਕੀਓ ਹੈ ਪ੍ਰਕਾਸ ਜਿਸੇ ਗੁਰਦਾਸ ਨਿਜ ਨਾਮ ਧਾਰ ਗੁਰ ਕੀ ਸਰਨ ਗਹੀ ਹੈ॥ ਸਤਿਗੁਰ ਪੂਰਨ ਬ੍ਰਹਮ ਗੁਰੂ ਸ੍ਰੀ ਰਾਮ ਦਾਸ ਜੀ ਆਤਮ ਗਿਆਨ ਬੋਧ ਭਲੀ ਬਿਧ ਕਹੀ ਹੈ॥…
ਅੰਤ :…ਕਬਿਤੁ ॥ ਮਹਖੀ ਬਹੁਤ ਲੈ ਕੈ ਸੌਦਾਗਰ ਚੜਾਇ ਨਾਉ ਬੀਚ ਗੰਜ ਭੀ ਆਕਾਸ ਮਾਤ ਬੇੜੀ ਮਧ ਆਇਯੋ ਹੈ॥ ਕਹਾ ਪੁਨ ਧਨੀ ਜੋ ਨ ਸੀਸ ਕੋ ਖਨੂ ਹੈ ਤਾਤੇ ਨਦੀ ਪਾਰ ਏਕ ਝੋਟ ਦਾਨ ਤੁਝਹਿ ਦਿਵਾਇਯੋ ਹੈ॥ ਪ੍ਰਥਮੋ ਮਾਨ ਕਰ ਬਹੁਰ ਖੁਰਕਨ ਲਾਗੋ ਝੋਟ ਏਕ ਘਸੇ ਕਾ ਮੋਲ ਕਹਿ ਸੁਨਾਯੋ ਹੈ॥ ਤਾਤੇ ਮੁਹਿ ਭਾਖਾ ਕੀ ਜੁ ਪ੍ਰੀਤ ਅਤਿ ਅਧਕ ਭਈ ਤਾ ਤੇ ਗੁਰ ਪ੍ਰਮਾਨ ਨੀਚ ਬੁਧ ਮੇ ਸੁ ਗਾਇਯੋ ਹੈ॥੧੩੨॥

ਹੱਥ ਲਿਖਤ ਨੰ : MS 91 ਹ
ਸਿਰਲੇਖ : ਸਾਖੀ ਭਾਈ ਨੰਦ ਲਾਲ ਜੀ ਕੀ
ਲਿਖਾਰੀ : ਆਤਮਾ ਰਾਮ
ਰਚਨਾ ਕਾਲ: ਸੰਮਤ 1752
ਪੱਤਰੇ : 163 ੳ–178 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ, ਇਸ ਵਿਚ ਦੋ ਸਾਖੀਆਂ ਹਨ।
ਪਹਿਲੀ ਸਾਖੀ ਪੱਤਰਾ ਨੰਬਰ 163 ੳ – 172 ਅ
ਦੂਜੀ ਸਾਖੀ ਪੱਤਰਾ ਨੰਬਰ 173 ੳ – 178 ੳ
ਅਰੰਭ :੧ੴਸਤਿਗੁਰ ਪ੍ਰਸਾਦਿ ॥ਸਾਖੀ ਭਾਈ ਨੰਦ ਲਾਲ ਜੀ ਕੀ॥ਦੋਹਰਾ॥ਸਤਿਗੁਰ ਕੈ ਸਰਨਨ ਰਹੈ ਪਰਮ ਹੰਸ ਸਿਖ ਜਾਨ॥ ਨੰਦ ਲਾਲ ਜੀ ਨਾਮ ਤਿਸ ਗੁਰ ਚਰਨਨ ਰਤ ਮਾਨ ॥੧॥ ਬਿਨੁ ਗੁਰ ਆਨ ਪ੍ਰਪੰਚ ਜਗ ਮਿਥਿਆ ਜਾਨ ਤਿਆਗ॥ ਸਤ ਚਿਤ ਅਨੰਦ ਚਰਨ ਗੁਰ ਮਾਨ ਕੀਆ ਅਨੁਰਾਗ॥੨॥…
ਅੰਤ :…ਸੰਮਤ ਸਤ੍ਰਹ ਸਹਸ ਸੁ ਬਾਵਨ ॥ ਮੰਘਰ ਸੁਦੀ ਨੌਮੀ ਸੁਖ ਦਾਵਨ॥ ਸੁਰ ਗੁਰਵਾਰ ਸਤਦ੍ਰਵ ਤੀਰ॥ ਬਚਨ ਕਹੇ ਨੰਦ ਲਾਲ ਸੁਧੀਰ॥੭੬॥ ਦੋਹਰਾ॥ ਵਾਹਿਗੁਰੂ ਗੁਰ ਜਾਪੀਏ ਵਾਹਿਗੁਰੂ ਕਰਿ ਧਿਆਨ॥ ਮੁਕਤ ਲਾਭ ਸੁ ਹੋਇ ਹੈ ਗੁਰ ਸਿਖ ਰਿਦ ਮੈ ਮਾਨ॥੭੭॥

ਹੱਥ ਲਿਖਤ ਨੰ : MS 91 ਕ
ਸਿਰਲੇਖ : ਗੋਸਟਾਂ ਬਾਬੇ ਨਾਨਕ ਜੀ ਦੀਆਂ
ਲਿਖਾਰੀ : ਆਤਮਾ ਰਾਮ
ਪੱਤਰੇ : 178 ੳ– 199 ੳ
ਆਕਾਰ : 17.5X25 ਸ.ਮ. ਲਿਖਤ: 13X19 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਬਾਬੇ ਦੀਆਂ ਗੋਸਟਾ :-

ਸਿੱਧਾਂ ਨਾਲ	ਪੱਤਰਾ ਨੰਬਰ 178 ਅ
ਸੇਖ ਬ੍ਰਹਮ ਨਾਲ	ਪੱਤਰਾ ਨੰਬਰ 181 ੳ - 192 ਅ
ਮਰਦਾਨੇ ਨਾਲ	ਪੱਤਰਾ ਨੰਬਰ 192 ਅ - 195 ੳ
ਆਪਣੀ ਆਤਮਾ ਨਾਲ	ਪੱਤਰਾ ਨੰਬਰ 195 ੳ - 199 ੳ

ਅਰੰਭ : ੧ੴ ਸਤਿਗੁਰ ਪ੍ਰਸਾਦਿ॥ਫੇਰ ਦਸਾ ਮਹਲਾ ਕੀਆ ਸਾਖੀਆ ਲਿਖੀਆਂ॥ ਪ੍ਰਿਥਮੇ ਸਾਖੀ ਪਹਿਲੇ ਮਹਿਲ ਕੀ ਤੁਰੀ॥ ਜਬ ਗੁਰੂ ਨਾਨਕ ਜੀ ਪਹਿਲੇ ਮਹਿਲ ਰਮਤੇ ਸੁਮੇਰ ਪਰਬਤਿ ਊਪਰ ਜਾਇ ਖੜੇ ਹੋਏ॥ ਤਬ ਉਹਾ ਨਉ ਨਾਥ ਚਉਰਾਸੀ ਸਿਧ ਥੇ॥ਅਰਿ ਛਿਆ ਜਤੀ ਥੇ॥ ਸਭਨਾ ਮਹਿ ਮੁਖੀ ਗੁਰੂ ਗੋਰਖ ਨਾਥ ਥਾ॥ ਉਨਹ ਕੈ ਸਾਥਿ ਮੇਲਾ ਗੁਰੂ ਬਾਬੇ ਜੀ ਜਾਇ ਕੀਆ॥ ਅਰੁ ਸਰਬ ਸਿਧ ਮੰਡਲੀ ਕਉ ਅਦੇਸ ਅਦੇਸ ਅਦੇਸ ਕਹਿ ਬੁਲਾਇਆ॥...

ਅੰਤ :...ਸਲੋਕ ॥ਗੁਰੂ ਗੁਰੂ ਜਪੁ ਰੇ ਮਨਿ ਜਿਸ ਮਿਲਿ ਪਾਈਅ ਸੋਇ॥ਕਲ ਕਲੇਸ ਪਾਪ ਹਿਰੇ ਅਤਿ ਸਹਾਈ ਹੋਇ॥ ਜਨ ਨਾਨਕ ਦਾਸ ਬਿਚਾਰਿਆ ਗੁਰ ਬਿਨ ਮੁਕਤਿ ਨ ਪਾਵੈ ਕੋਇ॥੯੭॥ ਬੋਲਹ ਭਾਈ ਜੀ ਵਾਹਿਗੁਰੂ ਵਾਹਗੁਰੂ... ਸਤਿ ਜੀ ਧੰ [ਧੰਨ] ਗੁਰੂ ਜੀ ਪੋਥੀ ਆਤਮਾ ਰਾਮ ਲਿਖੀ ॥ ਲਿਖਾਈ ਭਾਈ ਸੂਰਾ ਸਿੰਘ ॥ ਭੁਲ ਚੁਕ ਬਥਵੀ [ਬਖਸ਼ਵੀ]॥

ਹੱਥ ਲਿਖਤ ਨੰ : MS 91ਖ
ਸਿਰਲੇਖ : ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ
ਲੇਖਕ : ਸੇਵਾ ਦਾਸ ਉਦਾਸੀ
ਲਿਖਾਰੀ : ਆਤਮਾ ਰਾਮ
ਪੱਤਰੇ : 1 ੳ–67 ਅ
ਆਕਾਰ : 17.5X25 ਸ. ਮ. ਲਿਖਤ: 13X19 ਸ.ਮ.
ਵੇਰਵਾ : ਓਹੀ, ਸਤਰਾਂ ਪ੍ਰਤੀ ਪੰਨਾ- 12
ਆਮ ਵੇਰਵਾ : ਹਾਸ਼ੀਏ ਵਿਚ ਲਿਖਤ ਹੈ। ਇਸ ਕ੍ਰਿਤੀ ਦੇ ਪੱਤਰਾ ਅੰਕ ਬਾਕੀ ਪੋਥੀ ਨਾਲੋ ਵਖਰੇ ਹਨ।
ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਅਥ ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਪਾਤਿਸਾਹੀ ਦਸਵੀਂ ਮਹਲ॥੧●॥ ਪ੍ਰਥਮੇ ਦਸਾਂ ਮਹਲਾ ਕੇ ਨਾਮ ਲੀਖੇ ॥ ਫੇਰ ਦਸਾ ਮਹਲਾ ਕੀ ਉਸਤਤ ਕੇ ਸਲੋਕ ਲੀਖੇ॥ ਫੇਰਿ ਦਸਾਂ ਮਹਲਾ ਕੀਆ ਸਾਖੀਆ ਲਿਖੀਆ॥ ਗੁਰੂ ਨਾਨਕ ਜੀ॥੧॥...

ਅੰਤ :...ਫੁਨਹਾ॥ ਸੇਵਾ ਦਾਸ ਉਦਾਸੀ ਕੀਨੀ ਪਰਚਰੀ॥ ਗੁਰ ਉਸਤਤਿ ਕੀ ਪੋਥੀ ਪ੍ਰੇਮ ਕੇ ਸਰਿ ਚਰਚਰੀ॥ ਗੁਰੁ ਉਸਤਤਿ ਬੇਅੰਤ ਅਗੰਮ ਅਪਾਰ ਜੀ॥ ਕਛੁ ਅਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ॥ ਇਤਿ ਪਰਚੀ [ਗੁਰੂ ਗੋਬਿੰਦ ਸਿੰਘ] ਜੀ ਕੀ ਸੰਪੂਰਣੰ ਸਮਾਪਤਮ॥੧॥ ਸਾਖੀਆ ਪੰਜਾਹ [ਹੋਈਆਂ] ॥ਪ●॥

ਹੱਥ ਲਿਖਤ ਨੰ : MS 92 ਸੰਗ੍ਰਹਿ

ਸਿਰਲੇਖ : ਬਸੰਤ ਬਹਾਰ ਰਾਜਨੀਤ
ਪੱਤਰੇ : 1
ਆਕਾਰ : 22X15 ਸ.ਮ. ਲਿਖਤ: 19X11 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ, ਸਤਰਾਂ ਪ੍ਰਤੀ ਪੰਨਾ- 17
ਆਮ ਵੇਰਵਾ : ਗ੍ਰੰਥ ਦੀ ਹਾਲਤ ਮਾੜੀ, ਬੁਰੀ ਤਰ੍ਹਾਂ ਕਿਰਮ ਖੁਰਦਾ ਕਿਤੇ-ਕਿਤੇ ਹਾਸ਼ੀਏ ਤੋਂ ਬਾਹਰ ਲਿਖਿਆ ਹੈ।
ਅਰੰਭ : ੧ੴ ਸੇਤਿਗੁਰ ਪ੍ਰਸਾਦਿ॥ ਅਥ ਬਸੰਤ ਬਹਾਰ ਰਾਜਨੀਤ ਲਿਖਯਤੇ॥ਕਬਿਤੁ॥ ਮੰਗਲ ਕਰਨ ਦੁਖ ਦਾਰਿਦ ਹਰਨ ਜਾ ਕੇ ਚਰਨ ਸਰਨ ਅਭਿਲਖ ਅਲਿਕੇਸ ਕੇ॥ ਖੰਡਨ ਖਲਨ ਕੇ ਪ੍ਰਬਲ ਭੁਜ ਦੰਡ ਚੰਡ ਕੁੰਡਲ ਕਰਨ ਜਨ ਮੰਡਲ ਦਿਨੇਸ ਕੇ॥...
ਅੰਤ :...ਸ੍ਰੀ ਗੁਰੂ ਗੋਬਿੰਦ ਸਿੰਘ ਕੇ ਪੰਥ ਖਾਲਸੇ ਮਾਂਹਿ॥ ਪ੍ਰਬਲ ਨਰੇਦ੍ਰ ਮ੍ਰਿਗੇਸ ਜੂ ਪ੍ਰਗਟੇ ਸ੍ਰੀ ਨਰ ਨਾਹਿ॥ ਦਿਨ ਕਬ ਪਾਣੀ ਉਸ ਕੇ ਸੀਧਾ ਕਰਨੇ ਕੇ ਤਰਦ ਮੇਂ ਲਗ ਜਾਤੀ ਹੈ॥ ਜੈਸੇ ਆਗੇ ਲਿਖੇਂਗੇ॥ ਕਿ ਸਿਹਤ ਕਾ ਕਯਾ ਲਖਨਂ ਹੈ। ਸੇਹਤ ਸੁਖ ਕੋ ਕਹਤੇ ਹੈ ਓਸ ਕਾ ਲਛਨ ਏਹ ਹੈ॥

ਹੱਥ ਲਿਖਤ ਨੰ : MS 92 ਅ
ਸਿਰਲੇਖ : ਪੋਥੀ ਵੇਦਾਂਤ ਅਤੇ ਜੋਤਿਸ
ਪੱਤਰੇ : 3-10
ਆਕਾਰ : 22X15 ਸ.ਮ. ਲਿਖਤ: 19X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਅਰੰਭ : ਜਬ ਗੈਰਤ ਬਈ ਕ੍ਰਿਯਾ ਹੁਈ ਉਸੀ ਕੋ ਸੁਖ ਕਹਤੇ ਹੈ। ਵਹ ਤਬੀਯਤ ਸੇ ਬਰੁਧ ਹੈ ਬਰੁਧ ਜਾਂਨ ਕੇ ਉਸ ਕੋ ਤੋੜਨੇ ਮੇਂ ਲਗਤੀ ਹੈ। ਯਹ ਨਹੀਂ ਜਾਨਤੀ ਜੋ ਮੈ ਇਸ ਮ੍ਰਜ ਕੇ ਤੋੜਨੇ ਕਾ ਇਰਾਦਾ ਕਰੂ ਨ ਉਸ ਕਾ ਸਭਾ ਵਸੁਤੈ ਹੀ ਹੈ।...
ਅੰਤ :... ਸੂਛਮ ਕੇ ਅਰਥ ਏਹੇ ਹੈ ਜੋ ਸਭਾਵਕ ਉਪ੍ਰ ਕੀ ਇਛਾ ਰਖੈ॥ ਇਸ ਸੇ ਬਰੁੱਧ ਕੋ ਅਸਥੂਲ ਕਹਤੇ ਹੈ॥ ਔਰ ਹਰ ਏਕ ਤਤ ਦੋ ਕੈਫੀਯਤ ਰਖਤਾ ਹੈ। ਸੋ ਕੈਫੀਯਤਚਾਰ ਹੈ
(੪) ਗ੍ਰੁਮ (੧) ਸਰਦ (੨) ਤਰ (੩) ਖੁਸਕ (੪) ਜੈਸੇ ਅਗਨੀ ਗਰਮ ਵ ਖੁਸਕ ਹੈ॥ ਸਵਾਧਾ ੧

ਹੱਥ ਲਿਖਤ ਨੰ : MS 93
ਸਿਰਲੇਖ : ਮੋਖ ਪੰਥ ਪ੍ਰਕਾਸ਼ ਗ੍ਰੰਥ
ਲਿਖਾਰੀ : ਗੁਲਾਬ ਸਿੰਘ
ਸਮਾਂ : ਸੰਮਤ 1835
ਪੱਤਰੇ : 1-125
ਆਕਾਰ : 17X28 ਸ.ਮ. ਲਿਖਤ: 12X18 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ-ਦੋ ਕਾਲੀਆ ਲਕੀਰਾਂ, ਸਤਰਾਂ ਪ੍ਰਤੀ ਪੰਨਾ- 12
ਆਮ ਵੇਰਵਾ : ਇਸ ਪੋਥੀ ਵਿਚ ਪੰਨਾ ਨੰ: 1 ਤੋਂ 59 ਅਤੇ 64 ਤੋ 65 ਪੱਤਰੇ ਤੇ ਦੋਵੇਂ ਪਾਸੇ ਹਾਸ਼ੀਆ ਖੜ੍ਹੇ ਰੁਖ ਦੋ-ਦੋ ਕਾਲੀਆਂ ਲਕੀਰਾਂ ਅਤੇ ਬਾਕੀ ਪੱਤਰਿਆਂ ਤੇ ਹਾਸ਼ੀਆ ਨਹੀਂ ਹੈ। ਪੱਤਰਿਆਂ ਦੀ ਗਿਣਤੀ 1 ਤੋਂ 59 ਤੱਕ ਹੈ ਫਿਰ ਦੁਬਾਰਾ 50 ਤੋਂ ਸ਼ੁਰੂ ਹੁੰਦੀ ਹੈ ਫਿਰ 125 ਤਕ ਹੈ। ਕਿਤੇ-ਕਿਤੇ ਲਿਖਤ ਵਿਚ ਵੀ ਫਰਕ ਹੈ। ਪੋਥੀ ਦੇ ਸ਼ੁਰੂ ਵਿਚ 3 ਪੱਤਰੇ ਖਾਲੀ ਹਨ।

ਅਰੰਭ : ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯ ਨਮਹ: ਸ੍ਰੀ ਰਾਮਯਨਮ: ਅਥ ਮੋਖ ਪੰਥ ਪ੍ਰਕਾਸ਼ ਗ੍ਰੰਥ ਲਿਖਯਤੇ॥ ਸ੍ਵੈਯਾ॥ ਯਾ ਜਗ ਮੈ ਜਿਨ ਕੇ ਪਦ ਪੰਕਜ ਸੇਵਤ ਨੀਤ ਸ੍ਵਰੇਸਰ ਭਾਰੀ॥ ਔਰ ਸੁਰਾਗਨ ਸੇਵਤ ਹੈ ਅਰ ਜਾਂਹਿ ਭਜੈ ਭਵ ਮੈ ਮੁਖਚਾਰੀ॥ ਤਾਤ ਭਜੇ ਜਗ ਮਾਤ ਭਜੇ ਪੁਨਿ ਜਾਂਹਿ ਮਨਾਇ ਜਿਤੇ ਤ੍ਰਿਪੁਰਾਰੀ॥ ਸੋ ਗਣ ਨਾਇਕ ਹੋਇ ਪ੍ਰਸੰਨ ਗਹੇ ਪਦ ਬੰਦਨ ਭੇਦ ਹਮਾਰੀ॥ ...

ਅੰਤ :... ਕਰ ਜੋਰ ਭਲੀ ਬਿਧ ਦੰਡ ਸਮੰਪਦ ਪੰਕਜ ਮੈ ਵਹੁ ਬੰਦ ਹਮਾਰੇ॥ ਇਤ ਸ੍ਰੀ ਮਤ ਮਾਨ ਸਿੰਘ ਚਰਣ ਸਿੰਘਯਤ ਗੁਲਾਬ ਸਿੰਘੇਨ ਗੌਰੀ ਰਾਏ ਆਤਮ ਜੇਨ ਵਿਰਚਤੇ ਮੋਖ ਪੰਥ ਪ੍ਰਕਾਸ ਵਿਦੇਹ ਮੁਕਤ ਨ੍ਰਿਨਯੋ ਨਾਮ ਪੰਚਮੋ ਨਿਵਾਸ॥ ਸ਼ੁਭ ਮਸਤੁ ਅਨੰਦ ਮਸਤੁ॥ ਸੰਮਤ ੧੯੧੬ ਮਹੀਨਾ ਮਾਗ ਦਾ॥ ਸੰਪੂਰਣ ਰਾਸੀ ਕਰਆ॥ ਦਿਨ ਬੀਰਵਾਰਪ੍ਰਾਤਕਾਲ॥=॥=॥=॥=॥=॥=॥

ਹੱਥ ਲਿਖਤ ਨੰ : MS 94

ਸਿਰਲੇਖ : ਪੋਲ ਮਤ ਰਾਧਾ ਸੁਆਮੀ ਭਾਗ 2

ਲੇਖਕ : ਹੁਕਮ ਸਿੰਘ

ਸਥਾਨ : ਲੇਖਕ ਚੱਕ ਨੰਬਰ 290 ਲਾਇਲਪੁਰ (ਪਾਕਿਸਤਾਨ) ਦਾ ਰਹਿਣਵਾਲਾ ਹੈ।

ਪੱਤਰੇ : 128

ਆਕਾਰ : 26X21 ਸ.ਮ. ਲਿਖਤ: 21X17 ਸ.ਮ.

ਵੇਰਵਾ : ਜਿਲਦ ਗੱਤਾ ਸਿਆਹੀ ਕਾਲੀ ਤੇ ਨੀਲੀ; ਬਗੈਰ ਹਾਸ਼ੀਏ ਤੋਂ

ਆਮ ਵੇਰਵਾ : ਲੇਖਕ ਅਨੁਸਾਰ ਇਸਦਾ ਪਹਿਲਾ ਭਾਗ ਛੱਪ ਚੁੱਕਾ ਹੈ। ਪੰਨਾ 118 ਤੋਂ ਬਾਅਦ ਕਿਸੇ ਵਲੋਂ ਛੋਟੇ ਆਕਾਰ ਵਿਚ ਲਾਇਨਾਂ ਵਾਲੇ ਕਾਗਜ ਤੇ ਨੀਲੀ ਸਿਆਹੀ ਨਾਲ ਭਾਈ ਹੁਕਮ ਸਿੰਘ ਨੂੰ ਪੋਲ ਮਤ ਰਾਧਾ ਸੁਆਮੀ ਭਾਗ ਦੂਜਾ ਦੀਆਂ ਜਰੂਰੀ ਸੋਧਾਂ ਲਈ ਬੇਨਤੀ ਕੀਤੀ ਗਈ ਹੈ। ਇਹ ਪੋਥੀ 75 ਪੰਨੇ ਤੱਕ ਕਾਲੀ ਸਿਆਹੀ ਨਾਲ ਲਾਈਨਾਂ ਵਾਲੇ ਮਸ਼ੀਨੀ ਕਾਗਜ ਤੇ ਪੰਨੇ 75 ਤੋਂ ਪੰਨਾ 128 ਤੱਕ ਨੀਲੀ ਸਿਆਹੀ ਨਾਲ ਲਿਖਿਆ ਹੋਇਆ ਹੈ। ਪੱਤਰਾ ਨੰ:121 ਤੋਂ 126 ਤੱਕ ਨਹੀਂ ਹਨ ਫਿਰ 127 ਤੇ ਪਤਰਾ ਨੰ:128 ਲਗਿਆ ਹੋਇਆ ਹੈ।

ਅਰੰਭ : ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ। ਉਘੜਿ ਗਿਆ ਜੈਸੇ ਖੋਟਾ ਢਭੂਆ ਜਾ ਨਦਰ ਸਰਾਫਾ ਆਇਆ॥ਪੋਲ ਮਤ ਰਾਧਾ ਸੁਆਮੀ ਭਾਗ ਦੁਜਾ ਕ੍ਰਿਤ ਭਾਈ ਹੁਕਮ ਸਿੰਘ ਚੱਕ ਨੰਬਰ ੨੯● ਲਇਲਪੁਰ।...

ਅੰਤ :...ਕਿਓਂ ਭਾਈ ਹੁਣ ਦੇਖ ਲਈ ਜੇ ਸਾਰ ਬਚਨ ਦੀ ਥਾਂਹ ਏਹ ਸੰਤਾ ਦੀ ਬਾਣੀ ਨਾਹੀਂ ਏਹ ਹੈ ਨਸ਼ੇ ਕਹਾਣੀ ਏਹ ਖੰਗਾਰ ਕਹਾਣੀ ਭਾਈ ਤਨ ਦੀ ਸੇਵਾ ਕਹਿੰਦੇ॥ ਵਿਚੇ ਲਿਖਆ ਟੱਟੀ ਫਿਰਨਾ ਸਾਰ ਬਚਨ ਨੇ ਕਹਿੰਦੇ। ਜਾ ਹੈ ਸਿਫਤ ਸੁਆਮੀ ਜੀ ਦੀ ਜੋਇ ਅਗਿਰੇਵਾਲਾ॥ ਅਖਰ ਅਖਰ ਅੰਦਰ ਫਿਰਦੀ ਸੁਆਮੀ ਜੀ ਦੀ ਮਾਲਾ॥ ਜਾਂ ਰਾਧਾਂ ਦਾ ਨਿਰੰਜਨ ਇਟ ਖੜਿਕਾ ਲਿਖਆ॥ ਏਨਾ ਨਾਲ ਹੈ ਪੋਥਾ ਭਰਿਆ ਹੋਰ ਬਚਨ ਨ ਪਿਖਆ॥ ਸਿਫਤ ਰੱਬ ਦੀ ਕਿਦੇ ਨ ਡਿਠੀ ਨ ਮਨ ਦਾ ਸਮਝਾਣਾ॥ ਦੁਨੀਆਂ ਦੇ ਫਮਾਂਵਣ ਵਾਲਾ ਸਾਰਾ ਤਣਿਆਂ ਤਾਂਣਾ॥

ਹੱਥ ਲਿਖਤ ਨੰ : MS 95

ਸਿਰਲੇਖ : ਸ੍ਰੀ ਰਾਮ ਚਰਿਤ੍ਰ ਮਾਨਸ ਭਾਖਾ

ਲੇਖਕ : ਨਥਲ ਬ੍ਰਾਹਮਣ

ਪੱਤਰੇ : 498

ਆਕਾਰ : 20X25 ਸ.ਮ. ਲਿਖਤ: 13X17 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 13

ਆਮ ਵੇਰਵਾ : ਗ੍ਰੰਥ ਦੀ ਹਾਲਤ ਖਸਤਾ ਪੱਤਰੇ ਫਟੇ ਹੋਏ। ਪੋਥੀ ਦੇ ਸ਼ੁਰੂ ਵਿਚ ਬਿਨਾਂ ਹਾਸ਼ੀਏ ਤੋਂ ਪੰਜ ਪਤਰੇ; ਸੰਸਕ੍ਰਿਤ ਲਿਖੀ ਹੋਈ ਹੈ। ਪੱਤਰਾ ਨੰ: 2 ਓ ਤੇ ਨੁਸਖੇ ਲਿਖੇ ਹੋਏ ਹਨ। ਅੰਤ ਵਿਚ ਦੋ ਪੱਤਰੇ ਖਾਲੀ ਹਨ, ਆਖਰੀ ਪੰਨੇ ਉਤੇ ਗੁਰਮੁਖੀ ਤੇ ਦੇਵਨਾਗਰੀ ਲਿਖੀ ਹੋਈ ਹੈ।ਅਖੀਰ ਤੇ ਰਾਣਾ-ਭਾਈ ਰਾਮ ਸਿੰਘ ਦਾ ਜ਼ਿਕਰ ਹੈ ਅਤੇ ਉਸ ਉਪਰ ਹੜਤਾਲ ਫੇਰੀ ਹੋਈ ਹੈ। ਹੋਰ ਕਾਨੀ ਨਾਲ ਲਿਖਿਆ ਹੋਇਆ ਹੈ "ਬਾਨਵੇਂ ਸਮੇਂ ਦੀ ਲਿਖੀ ਨਥਲ ਬ੍ਰਾਹਮਣ॥"

ਅਰੰਭ : ੧ਓ ਸ੍ਰੀ ਗਣੇਸਾਇ ਨਮ:। ਨਮ: ਕਮਲ ਦਲ ਵਿਪੂਲ ਨਯਨਾਭਿ ਰਾਮਾਇ॥ ਸ੍ਰੀ ਰਾਮੋ ਜਪਤ॥ਸ੍ਰੀ ਰਾਮਚੰਦ੍ਰਾਇਨਮਾ॥ ਸ੍ਰੀ ਗੁਰਵੇ ਨਮ॥ ਓ ਵਰਣਾਨਾ ਮਥ ਸੰਘਾਨਾਂ ਰਸਾਨਾਂ ਛਦਸਾਮਪਿ॥ ਮੰਗਲਾਨਾਂ ਚ ਕੁਤਾਰੌ ਬੰਦੇ ਬਾਣੀ ਵਿਨਾਯਕੰ॥...

ਅੰਤ : ...ਇਤਿ ਸ੍ਰੀ ਰਾਮ ਚਰਿਤ੍ਰ ਮਾਨਸੇ ਸਕਲ ਕਲਮ ਵਿਧੂਸਨੇ ਵਿਮਲ ਵਿਗ੍ਰਾਨ ਸੰਪਾਦਿਨੀ ਨਾਮ ਸਪਤ ਮਾਸੋਪਾਨਾ ਉਤ੍ਰਕਾਂਡ ਸਮਾਪਤ॥ਸੁਭ ਮਸਤ ਸ੍ਰਬ ਜਗਤਾਂ॥ਸ਼ੁਭ ਮਸਤੁ ਸ੍ਰਬ ਜਗਤਾਂ॥ ਓਂ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਰਾਮ ਓਂ ॥॥॥ਸ਼ੁਧ੍ਹ॥॥ ਬਾਨਵੇ ਸਮੇਂ ਦੀ ਲਿਖੀ॥ ਨਥਲ ਬ੍ਰਹਮਣ॥ ਰੁਮੀ॥॥॥॥

ਹੱਥ ਲਿਖਤ ਨੰ : MS 96

ਸਿਰਲੇਖ : ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ

ਲੇਖਕ : ਸੋਢੀ ਮਿਹਰਬਾਨ

ਪੱਤਰੇ : 142 ਓ-160 ਅ

ਆਕਾਰ : 17X12 ਸ.ਮ. ਲਿਖਤ: 13X7.5 ਸ.ਮ.

ਵੇਰਵਾ : ਜਿਲਦ ਬਾਅਦ ਵਿਚ ਬੰਨ੍ਹੀ ਹੋਈ ਹੈ ਅਤੇ ਉਖੜੀ ਹੋਈ ਹੈ।ਦੁਪਾਸੀਂ ਖੜੇ ਰੁਖ ਦੋ ਕਾਲੀਆਂ ਲਕੀਰਾਂ ਦਾ ਹਾਸ਼ੀਆ ਹੈ। ਸਤਰਾਂ ਪ੍ਰਤੀ ਪੰਨਾ- 14

ਆਮ ਵੇਰਵਾ : ਲਿਖਤ ਆਮ ਪਰ ਪੜ੍ਹਨਯੋਗ। ਪੱਤਰਾ ਨੰਬਰ 147-149 ਨਹੀਂ ਹਨ। 151 ਅੰਕ ਦੋ ਪੱਤਰਿਆਂ ਤੇ ਲਿਖਿਆ ਹੋਇਆ। ਪੋਥੀ ਦੀ ਹਾਲਤ ਖਸਤਾ, ਕੁਝ ਪੱਤਰੇ ਕਿਰਮ ਖੁਰਦਾ ਹਨ।

ਅਰੰਭ : ੧ਓ ਸਤਿਗੁਰ ਪ੍ਰਸਾਦਿ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਇਕੁ ਦਿਨੁ ਗੁਰੂ ਬਾਬਾ ਨਾਨਕੁ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰਪੁਰਿ ਬੈਠਾ ਥਾ॥ ਅਰੁ ਇਕ ਗੋਵਿੰਦ ਲੋਕੁ ਗੁਰੂ ਬਾਬੇ ਨਾਨਕ ਜੀ ਪਾਹਿ ਆਏ॥...।

ਅੰਤ : ...ਅਲਫ ਅਲਾਹੀ ਤੇ ਨ ਲਿਹੈ ਜਪਿਓ ਕਿਉ ਨਾ ਆਜਾਨਿ॥ ਗੁਰ ਸੇਵਾ ਤੂੰ ਕਰਿ ਮਨਾ ਛੁਟਹਿ ਅੰਤਿ ਨਿਦਾਨਿ॥ ੨੯॥ ਯੇ ਯਾਰੀ ਕਰਿ ਰਬ ਸਿਉ ਜਿਸ ਕਾ ਨਿਹਚਲ ਰਾਜ॥ ਇਕੁ ਇਕਲਾ ਨਾਨਕਾ ਨਾਹਿ ਕਿਸੈ ਮੁਹਤਾਜੁ॥੩●॥

ਹੱਥ ਲਿਖਤ ਨੰ : MS 97

ਸਿਰਲੇਖ : ਵਿਚਾਰ ਸਾਗਰ

ਲੇਖਕ : ਨਿਸਚਲ ਦਾਸ

ਸਮਾਂ : ਸੰਮਤ 1915

ਸਥਾਨ : ਕਿਹੜੋਲੀ ਨਜ਼ਦੀਕ ਦਿੱਲੀ

ਪੱਤਰੇ : ਭਿੰਨ ਭਿੰਨ

ਆਕਾਰ : 17.5X33 ਸ.ਮ. ਲਿਖਤ: 14X26.5 ਸ.ਮ.

ਵੇਰਵਾ : ਲੈਮੀਨੇਸ਼ਨ ਕਰਵਾਕੇ ਬਾਅਦ ਵਿਚ ਪੱਕੀ ਜਿਲਦ ਬੰਨੀ ਹੋਈ ਹੈ। ਦੁਪਾਸੀਂ ਖੜ੍ਹੇ ਰੁਖ ਇਕ ਲਾਲ ਲਕੀਰ ਦਾ ਹਾਸ਼ੀਆ ਹੈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਸਤਰਾਂ ਪ੍ਰਤੀ ਪੰਨਾ – 12, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।

ਆਮ ਵੇਰਵਾ : ਕਿਤੇ ਕਿਤੇ ਹਾਸ਼ੀਏ ਵਿਚ ਲਿਖਤ ਹੈ। ਪੋਥੀ ਖੜ੍ਹੇ ਰੁਖ ਖੁਲਦੀ ਹੈ। ਇਸ ਪੋਥੀ ਦੇ 7 ਅਧਿਆਇ ਹਨ ਜਿਨ੍ਹਾਂ ਨੂੰ ਤੁੰਗ ਲਿਖਿਆ ਹੈ। ਹਰ ਤੁੰਗ ਨੂੰ ਅਲਗ ਪੱਤਰਾ ਅੰਕ ਦਿਤਾ ਹੈ।

ਅਰੰਭ : ॥=॥੧ੴਸਤਗੁਰ ਪ੍ਰਸਾਦ॥ ਸ੍ਰੀ ਗਣੇਸਾਯ ਨਮ:॥ ਅਥ ਵਿਚਾਰ ਸਾਗਰ ਗ੍ਰੰਥ ਲਿਖਯਤੇ॥ ਅਥ ਵਸਤੂ ਨਿਰਦੇਸ ਰੂਪ ਮੰਗਲ॥ਦੋਹਰਾ॥ ਜੋ ਸੁਖ ਨਿਤਜ ਪ੍ਰਕਾਸ ਵਿਭੂ ਨਾਮ ਰੂਪ ਅਧਾਰ॥ ਮਤ ਨ ਲਖੇ ਜਹਂ ਮਤ ਲਖੇ ਸੋ ਮੈ ਸੁੱਧਾ ਅਪਾਰ॥੧॥...

ਅੰਤ : ...ਕਰਨ ਜੁ ਔਰਨਿ ਬੰਧ ਹੈ ਜਿਨ ਮੈ ਮਤਿ ਕੇ ਭੇਦ॥ ਸਰਮ ਤੈ ਅਵਗਾਹ ਨ ਕਿਜੇ ਨਿਹਚਲ ਦਾਸ ਸੁਬੇਦ॥੧●੭॥ਤਿਨ ਯਹ ਭਾਖਾ ਗ੍ਰੰਥ ਕਿਸੋਹ ਰੰਚ ਨ ਉਪਜੀ ਲਾਜ॥ ਤਾ ਮੈ ਯਹ ਇਕ ਹੇਤੁ ਹੈ ਦਜਾ ਧਰਮ ਸਿਰਤਾਜ॥੧●੮॥ ਬਿਨ ਵਿਆਕਰਨ ਨ ਪੜਿ ਸਕੈ ਗ੍ਰੰਥ ਸੰਸਾਕਿਤ ਮੰਦ॥ ਪੜੈ ਯਾਹਿ ਅਨਜਾਸ ਹੀ ਲਹੈ ਸੁ ਪਰਮਾਨੰਦ॥੧●੯॥ ਦਿੱਲੀ ਤੈ ਪਸਚਮ ਦਿਸਾ ਕੋਸ ਅਠਾਰਹ ਗ੍ਰਾਮ॥ ਤਾ ਮੈ ਯਹ ਪੂਰੋ ਭਜੋ ਕਿਹੜੋਲੀ ਤਿੱਹ ਨਾਮ॥੧੧●॥ ਗਜਾਨੀ ਮੁਕਤ ਬਿਦੇ ਮੈ ਜਾਸੈ ਹੋਜ ਅਭੇਦ॥ ਦਾਦੂ ਆਦੂ ਰੂਪ ਸੋ ਜਾਹਿ ਬਖਾਨਤ ਬੇਦ॥੧੧੧॥ ਨਾਨਾ ਰੂਪ ਵਜਾਭਿਚਾਰ ਮੈ ਅਨੁਗਤ ਏਕ ਅਨੂਪ॥ ਦਾਦੂ ਪਦ ਕੋ ਲਛਜ ਹੈ ਅਸਤ ਭਾਤ ਪ੍ਰਿਯਰੂਪ॥੧੧੨॥ ਇਤ ਸ੍ਰੀ ਵਿਚਾਰ ਸਾਗਰੇ ਜੀਵਨ ਮੁਕਤ ਬਿਦੇਹ ਮੁਕਤਿ ਬਰਣਨੰ ਨਾਮ ਸਪਤਮ ਤਰੰਗ॥ਸੰਮਤਾ॥ ੧੯੧੫ ॥ ਮਿਤੀ ਫਗਣ ਬਦੀ ੨੫ ॥ ਲਿਖਿਜਾ ਸੰਪੂਰਨੰ॥=॥=॥=॥=॥=॥=॥=॥=॥=॥=॥=॥=॥=॥=॥=॥=॥

ਹੱਥ ਲਿਖਤ ਨੰ : MS 98

ਸਿਰਲੇਖ : ਮਿਠੜੇ

ਲੇਖਕ : ਕਵੀ ਸੋਂਧਾਂ

ਪੱਤਰੇ : 1 ਅ 14 ਅ

ਆਕਾਰ : 9 X 15 ਸ. ਮ. ਲਿਖਤ : 6 X 9 ਸ. ਮ.

ਵੇਰਵਾ : ਜਿਲਦ ਗੱਤਾ । ਬਿਨਾ ਹਾਸ਼ੀਏ ਦੇ ਹੈ। ਸਤਰਾਂ ਪ੍ਰਤੀ ਪੰਨਾ–7

ਆਮ ਵੇਰਵਾ : ਪੋਥੀ ਅਧੂਰੀ ਹੈ। ਲਿਖਤ ਵਾਲਾ ਆਖਰੀ ਪੱਤਰਾ ਨੁਕਰ ਤੋਂ ਪਾਟਾ ਹੋਇਆ ਹੈ। ਉਸ ਤੋਂ ਅਗੇ ਇਕ ਪੱਤਰਾ ਖਾਲੀ ਹੈ। ਪੱਤਰਾ ਅੰਕ ਨੀਲੀ ਸਿਆਹੀ ਨਾਲ ਲਿਖਿਆ ਹੈ। ਲਿਖਾਈ ਸੁੰਦਰ ਹੈ।

ਅਰੰਭ : ੧ੴਸਤਿਗੁਰ ਪ੍ਰਸਾਦਿ॥ ਅਥ ਮਿਠੜੇ ਲਿਖਤੇ॥ ਦੋਹਿਰਾ॥ ਪ੍ਰੇਮ ਭਗਤ ਸ੍ਰੀ ਰਾਮ ਕੀ ਸਭ ਤੇ ਉਤਮ ਜਾਨ॥ ਕਰਿ ਕ੍ਰਿਪਾ ਤੁਮ ਦੇਹੁ..ਰ ਜਨ ਅਪਨੇ ਕਉ ਦਾਨ॥੧॥ਦੋਹਰਾ॥ ਪ੍ਰੇਮ ਬਾਨ ਜਾਕਉ ਲਗੈ ਸੋ ਜੀਵਤ ਮਰ ਜਾਇ॥ ਜਾਂ ਕੇ ਘਟਿ ਮਹਿ ਸੰਚਰੈ ਸੁਧ ਬੁਧ ਦੇਤ ਭੁਲਾਇ॥੨॥...

ਅੰਤ :... ਕੁਬਰੀ ਦਾ ਕੁਬ ਭੰਨ ਸੋਹਣੀ ਬਣਾਇ ਰੰਨ ਅੰਨ ਧਂਨ ਲਛਮੀ ਦੀ ਤੋਟਿ ਨਹੀ ਆਉਦੀ॥ਮੁਠੀ ਹਾਵੇ ਮੁਠੀ ਲਾਲ ਸੀਨਾ ਮੇਰਾ ਸਾੜ ਬਾਲ ਸਾਵਰੇ ਗੁਪਾਲ ਨਾਲ ਯਾਰੀਆ ਕਮਾਉਦੀ ॥ ਜਾਤਿ ਕੀ ਅਰਾਇਣੀ ਕਸਾਇਣੀ ਦੀ ਚਾਲ ਦੇਖੋ ਹੀਰਾ ਪੰਨਾ ਮੋਤੀ ਲਾਲ ਚੂੰਨੀਆ ਹੰਡਾਉਦੀ॥ ਸਾਵਰੇ ਦੀ ਪ੍ਰੀਤ ਸੰਦੀ ਇਕ ---ਮੰਦੀ ਪਾਪੀਆ ਅਪਰਾਦੀਆ ਨੂੰ ਪਾਰ ਹੈ ਲੰਘਾਵਦੀ ॥੧੪॥ ਭਲਿਣੀ ਤਰਾਈ ਨੀਚ ਜਾਤ ਬੰਨੇ ਲਾਈ ਬੇਰ ਚਖ ਕੇ ਲੈ ਆਈ ਪ੍ਰੇਮ ਨਾਲ ਸੀ ਖਵਾਉਦੀ॥ਮੀਰਾ ਬਾਈ ਤਾਰੀ ਔਰ ਧਰੋਪਤੀ ਉਧਾਰੀ .....

ਹੱਥ ਲਿਖਤ ਨੰ : MS 99

ਸਿਰਲੇਖ : ਦਸਮ ਸਕੰਧ

ਲੇਖਕ : ਕ੍ਰਿਸ਼ਨ ਦਾਸ

ਸਮਾਂ : ਸੰਮਤ 1818

ਪੱਤਰੇ : 1-449

ਆਕਾਰ : 31X20 ਸ.ਮ. ਲਿਖਤ: 20X9 ਸ.ਮ.

ਵੇਰਵਾ : ਜਿਲਦ ਗੱਤਾ, ਚਮੜਾ ।ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਦੋਵੇਂ ਪਾਸੇ ਦੋ-2 ਕਾਲੀਆਂ ਲਕੀਰਾਂ ਹਾਸ਼ੀਏ ਲਈ ਕਿਧਰੇ ਕਿਧਰੇ ਵਿਚ ਲਾਲ ਲਕੀਰ ਹੈ। ਸਤਰਾਂ ਪ੍ਰਤੀ ਪੰਨਾ-20

ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ ਹੋਣ ਕਾਰਨ ਲੈਮੀਨੇਸਨ ਕੀਤੀ ਹੋਈ ਹੈ। ਪੰਨਾ ਨੰ: 44 ਲਿਖ ਕੇ ਖਾਲੀ ਛਡਿਆ ਹੋਇਆ ਹੈ। ਪੱਤਰਾ ਨੰ: 439 ਤੋਂ ਬਾਅਦ ਇਕ ਪੱਤਰਾ ਲੈਮੀਨੇਸਨ ਵਾਲਾ ਖਾਲੀ ਲਗਿਆ ਹੋਇਆ ਹੈ। ਹਾਸ਼ੀਏ ਵਿਚ ਕਿਧਰੇ-ਕਿਧਰੇ ਲਕੀਰਾਂ ਲਾਲ ਰੰਗ ਨਾਲ ਵੀ ਲਗਾਈਆਂ ਹੋਈਆਂ ਹਨ ।

ਅਰੰਭ : ੧ਓ ਸਤਿਗੁਰ ਪ੍ਰਸਾਦਿ॥ ਸਤਿ ਸ੍ਰੀ ਗਣੇਸਏ ਨਮਹਿ॥ ਅਥ ਸ੍ਰੀ ਦਸਮ ਸਕੰਧ ਲਿਖਤੇ ਭਾਖਾ ਕ੍ਰਿਸ਼ਨ ਦਾਸ॥...

ਅੰਤ :... ਸ਼ੁਭ॥ ਜੈ ਸ੍ਰੀ ਕ੍ਰਿਸ਼ਨ ਸੁਖ ਧਾਂਮ ॥ ਸਰਬਿ ਬਿਆਪੀ ਪੂਰਨਿ ਕਾਂਮ॥ ਜੈ ਸ੍ਰੀ ਕ੍ਰਿਸਨ॥ ਸਰਬ ਬਿਆਪੀ ਪੂਰਨਿ ਬਿਸਨ॥ ਸਮਤਿ ਅਠਾਹਰਾ ਸੈ ਅਠਾਹਿਰਾ॥ ਜੇਠਿ ਪਹਲੀ ਤਿਥ ਪੰਚਮੀ॥ ਪੁਸਤਕਿ ਸਪੂਰਨਿ ਹੋਅ॥ ਸਾਵ ਮਾਤ੍ਰਿ ਕਨਾ ਸੋਧਿ ਪੜਨਾ ਕਰਿ ਬੀਚਾਰਿ॥ ਪਿਸਗਾ ਸੰਤਿ ਅੰਸਿ ਰਾਮਾ ਹੁੰਆਲਿ ਪੋਥੀ ਲਿਖੀ ਜੁਧਾਰਿ ਪੜਤੇ ਸੁਣਤੇ ਫਲਿ ਪਵੰਤੇ॥ਪੋਥੀ ਪੜਿ ਕੈ ਹਥਿ ਜੋੜਨੇ ਭਲਾ ਹੋਵੈ ਦਰਗਾਹਿ ਵਿਚੁ ॥ ਭੁਲ ਚੁਕ ਬਖਣਾ ਮੁਇ ਕੋ ਦੋਸ ਨਹੀ ਦੇਵਨਾ॥

ਹੱਥ ਲਿਖਤ ਨੰ : MS 100 ਸੰਗ੍ਰਹਿ

ਸਿਰਲੇਖ : ਸਾਹਿਤਯ ਸੁਧਾ ਨਿਧੀ

ਲੇਖਕ : ਜਗਤ ਸਿੰਘ

ਲਿਖਾਰੀ : ਨਰੈਣ ਸਿੰਘ

ਸਮਾਂ : ਸੰਮਤ 1946

ਸਥਾਨ : ਤਰਨ ਤਾਰਨ

ਪੱਤਰੇ : 1 ੳ- 37 ੳ

ਆਕਾਰ : 19X13 ਸ.ਮ. ਲਿਖਤ: 17X11 ਸ.ਮ.

ਵੇਰਵਾ : ਜਿਲਦ ਗੱਤਾ, ਹਾਸ਼ੀਏ ਤੋਂ ਬਿਨਾਂ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।ਸਤਰਾਂ ਪ੍ਰਤੀ ਪੰਨਾ-13

ਆਮ ਵੇਰਵਾ : ਵਖਰੇਵੇਂ ਲਈ ਵਰਤੀ ਲਾਲ ਸਿਆਹੀ ਬਹੁਤ ਫਿੱਕੀ ਹੈ, ਕਈ ਥਾਈ ਪੜ੍ਹਨ ਯੋਗ ਵੀ ਨਹੀਂ। 37 ਪੱਤਰੇ ਤੇ ਸਮੇਂ ਬਾਰੇ ਲਿਖਿਆ ਹੈ। 37 ਅ ਅਤੇ 38 ਪੱਤਰਾ ਖਾਲੀ ਹਨ। ਅਗਲੀ ਕ੍ਰਿਤੀ ਦਾ ਪੱਤਰਾ ਨੰਬਰ ਫਿਰ ਇਕ ਤੋਂ ਸ਼ੁਰੂ ਹੁੰਦਾ ਹੈ ਅਤੇ 32 ਤਕ ਚਲਦਾ ਹੈ। ਉਸ ਤੋਂ ਅਗੇ ਪੱਤਰਾ ਨੰਬਰ ਨਹੀਂ ਪਾਇਆ ਹੋਇਆ 33 ਪੱਤਰੇ ਤੋਂ ਪੈਨ ਨਾਲ ਲਾਲ ਸਿਆਹੀ ਨਾਲ ਪੱਤਰਾ ਅੰਕ ਲਿਖਿਆ ਹੋਇਆ ਹੈ। ਸਾਰੇ ਪੱਤਰਾ ਅੰਕ ਲਾਲ ਸਿਆਹੀ ਨਾਲ ਲਿਖੇ ਹਨ। ਸੂਚਕ ਸ਼ਬਦ ਲਾਲ ਸਿਆਹੀ ਨਾਲ ਲਿਖੇ ਹਨ।

ਅਰੰਭ : ॥੧ਓ ਸਤਿ ਗੁਰੁ ਪ੍ਰਸਾਦਿ॥੧ਓ ਸ੍ਰੀ ਗਣੇਸਾਯ ਨਮ:॥ ਅਥ ਸਾਹਿਤਜ ਸੁਧਾ ਨਿਧੀ ਲਿਂਖਯਤੇ॥ ਬਰਵੈ ਛੰਦ॥ ਸਿਵ ਸੁਤ ਏਕ ਰਦਨ ਜਯ ਛਬਿਉ ਦਜੋਤ॥ ਕਿਨ ਸਯੋ ਮਨੇ ਮੇਰੁ ਤੈ ਸੁਰ ਸਰਿਸ੍ਰੋਤ ॥੧॥ ਸੀਸ ਮੁਕਟ ਸੁਰਤ ਕੁੰਡਲ ਕੇਸਰ ਭਾਲ॥ ਪੀਤ ਬਸਨਤ ਨੁ ਮੁਰਲੀ ਕਰ ਉਰਿਮਾਲ॥੨॥...

ਅੰਤ : …ਸੰਬਤ ਪੈ ਦੋਹਾ॥ ਰਿਤੂ ਵੇਦ ਨਿਧੀ ਚੰਦ੍ਰਮਾ ਸੰਮਤ ਮਾਸ ਅਖਾਡਿ॥ ਰਵਿ ਦਿਨ ਤਿਥਿ ਇਕਾਦਸੀ ਗ੍ਰੀਖਮੁ ਕੀ ਰਿਤੁ ਡਾਡਿ॥ ਤਾਰਨ ਤ੍ਰੁਨ ਸੁ ਸੈਹਰ ਮੈ ਪ੍ਰਾਚੀ ਦਿਸ ਧ੍ਰੁਮਸਾਲ॥ ਲਿਖਜੋ ਸਾਹਿਤੱਜ ਸੁਧਾ ਨਿਧਿ ਸਿੰਘ ਨਰਾਇਨ ਭਾਲ॥੩॥=॥

ਹੱਥ ਲਿਖਤ ਨੰ : MS 100 ਅ
ਸਿਰਲੇਖ : ਕੁਸਮ ਕਿਆਰੀ
ਲਿਖਾਰੀ : ਕਵੀ ਕੁਲ
ਲੇਖਕ : ਨਰੈਣ ਸਿੰਘ
ਸਮਾਂ : ਸੰਮਤ 1946
ਸਥਾਨ : ਤਰਨ ਤਾਰਨ
ਪੱਤਰੇ : 1 ੳ- 32 ਅ
ਆਕਾਰ : 19X13 ਸ.ਮ. ਲਿਖਤ: 17X11 ਸ.ਮ.
ਵੇਰਵਾ : ਜਿਲਦ ਗੱਤਾ, ਹਾਸ਼ੀਏ ਤੋਂ ਬਿਨਾਂ, ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ।ਸਤਰਾਂ ਪ੍ਰਤੀ ਪੰਨਾ-13
ਆਮ ਵੇਰਵਾ : ਓਹੀ
ਅਰੰਭ : ॥੧ੴ ਸਤਿ ਗੁਰੁ ਪ੍ਰਸਾਦਿ॥ ਸ੍ਰੀ ਗੁਰੂ ਚਰਨ ਕਮਲੇਯ ਨਮ:॥ ਅਥ ਕਵਿ ਕੁਲ ਕ੍ਰਿਤ ਕੁਸਮ ਕਿਆਰੀ ਗ੍ਰਥ ਲਿਖਯਤੇ॥ਦੋਹਾ॥ ਵੰਦੇਤੰ ਗੁਰੁ ਨਾਨਕੰ ਯਾ ਸੁ ਨਾਮ ਪ੍ਰਗਾਸ॥ ਫਾਸਿ ਕਾਟੰਤ ਯਮਰਾਜ ਕੀ ਦੇਤੁ ਦਾਸ ਸੁਖ ਰਾਸ॥੧॥…
ਅੰਤ : …ਰਾਗ ਵੇਦ ਨੇਭ ਨਾਥ ਆਤਮਾ ਵਖਾਨੀਯਤ ਸੰਮਤ ਅਖਾੜ ਤਿੱਥ ਦਸਮੀ ਵਿਚਾਰਭੋ ॥ ਸਨੀਵਾਰ ਪਖੱ ਸਜਾਮ ਗ੍ਰੀਖਮ ਕੋ ਅੰਤ ਭਯੋ ਸੰਤ ਮਤਿ ਵੰਤ ਭਗਵੰਤ ਨਿਰਧਾਰਯੋ ॥ ਕੁਸਮ ਕਿਆਰੀ ਨਾਮ ਗ੍ਰੰਥ ਜੁ ਪਢੇਗੇ ਨਰ ਲਹੇਗੇ ਸੁਧਿ ਤਾ ਕੋ ਦੋਖ ਨਿਰਵਾਰਭੋ॥ ਤਾਰਨ ਤਰੰਨ ਸੈਹ੍ਰ ਪੂਰਬ ਕੀ ਓਰ ਡੇਰਾ ਜਾਨੀਯੈ ਨਰੈਨ ਸਿੰਗ ਪ੍ਰਗਟ ਉਚਾਰ ਭੋ॥੧੩੩॥ਇਤਿ ਸ੍ਰੀ ਕਵ ਕੁਲ ਕ੍ਰਿਤ ਸਤ ਇਕਤੀ ਸੈ ਤ੍ਰੈ ਬ੍ਰਿਤ ਕਵਿ ਨਾਰਾਯਨ ਸਿੰਘ ਨਾਮ ਕੁਸਮ ਕਜਾਰੀ ਗ੍ਰੰਥੇ ਕ੍ਰਮ ਕਥਨੰ ਨਾਮ ਪ੍ਰਿਥਮੋ ਅਧਜਾਇ ਸੰਪੂਰਣੰ॥ ਸ੍ਰੀ ਪ੍ਰਮਾਤਮੇਣ ਭਜੋ ਨਮ:॥=॥੧

ਹੱਥ ਲਿਖਤ ਨੰ : MS 100 ਏ
ਸਿਰਲੇਖ : ਰਿਤੁ ਰਮਨੀਯ ਰਸਕ ਰੰਜਨ
ਲੇਖਕ : ਨਰੈਣ ਸਿੰਘ
ਲਿਖਾਰੀ : ਕਵਿ ਕੁਲ
ਪੱਤਰੇ : 33 ੳ- 42 ੳ + 42 ਅ- 52 ਅ
ਆਕਾਰ : 19X13 ਸ.ਮ. ਲਿਖਤ: 17X11 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਪੱਤਰਾ ਨੰਬਰ 43 ਤੇ ਇਕ ਹੀ ਸ਼ਬਦ ਹੈ। ਬਾਕੀ ਸਾਰਾ ਪੱਤਰਾ ਅਤੇ 44 ਪੱਤਰਾ ਖਾਲੀ ਹਨ। 42 ੳ ਤੇ ਰਿਤੁ ਰਮਨੀਯ ਰਸਕ ਰੰਜਨ ਦਾ ਅੰਤ ਹੈ। 42 ਅ ਅਤੇ 43 ੳ ਤੇ ਕਵਿ ਨਾਰਾਯਨ ਹਰੀ ਦੇ ਸਰਦਾਰੰ ਤੁਪੈ ਦੇ ਦੋ ਕਬਿੱਤ ਦਿੱਤੇ ਹਨ। ਪੱਤਰਾ 43 ਅਤੇ 44 , 48 ਅ-49,50, 53 ਖਾਲੀ ਹਨ। ਪੱਤਰਾ ਅੰਕ 45 ਤੋਂ 48 ਤਕ ਅਲਗ-ਅਲਗ ਕਵੀਆਂ ਦੇ ਕਬਿੱਤ ਦਿੱਤੇ ਹਨ ਜਿਨਾਂ ਵਿਚ ਲਾਲ, ਜਗਦੀਸ਼, ਸੈਨਾਪਤ, ਨਾਰਾਯਨ ਹਰੀ ਆਦਿ ਹਨ। ਪੱਤਰਾ 51 ਅਤੇ 52 ਤੇ ਸਰੁਤਿ ਸੰਗ੍ਰਹਿ ਹੈ।

ਅਰੰਭ : ੧ਓ ਸਤਿ ਗੁਰੁ ਪ੍ਰਸਾਦਿ॥ ਸ੍ਰੀ ਗੁਰੁ ਭਯੋ ਨਮ:॥ ਅਥ ਰਿਤੁ ਰਮਨੀਯ ਰਸਕ ਰੰਜਨ ਕਵਿ ਕੁਲ ਕ੍ਰਿਤ ਨ੍ਰਾਯਨ ਸਿੰਘ ਕਵਿ ਕ੍ਰਮ ਕਥਨੰ॥ ਯਥਾ ਬਸੰਤ ਪੈ ਰਤਨ ਹਰੀ ਕੋ ਕਬਿਤ॥ ਵਚਨ ਸੁਮਨ ਫੂਲੇ ਸੇਵਕ ਭਵਰ ਭੂਲੇ ਕੀਰਤਿ ਸਗੰਧਿ ਪੌਨ ਜਗ ਬਨ ਛਾਯੋ ਹੈ॥ ਕੋਕਿਲ ਸ਼ਬਦ ਸੇ ਸਬਦ ਗਾਏ ਠੌਰ ਠੌਰ ਸੁਨਿਤ ਸਨੇਹੀ ਜਨ ਮਨ ਹੁਲਸਾਯੋ ਹੈ॥ ਜੜਤ ਜੁੜਾਈ ਸੋਨ ਸਾਈ ਲੋਕ ਲੋਕ ਹੂੰ ਤੇ ਵਿਮਲ ਵਿਵੇਕ ਸੁ ਸਰੂਪ ਪ੍ਰਗਟਾਯੋ ਹੈ॥ ਸਾਧ ਕਵਿ ਰਮਾਕੰਤ ਸੰਤ ਸੁਖ ਦੈਨ ਦੇਖੋ ਭਗਵੰਤ ਨਾਨਕ ਬਸੰਤ ਬਨ ਆਯੋ ਹੈ॥੧॥...

ਅੰਤ :... ਇਕੁਸੇ ਫਿਰਤ ਚਹੁ ਘਾਈ ਤੇ ਘਿਰਤ ਘਨ ਆਵਤ ਝਰਤ ਝੀਨੇ ਝਰਸੇ ਝਪਕ ਝਪਕ॥ਸੋਰ ਮਨ ਚਾਵੈਂ ਨਚੈਂ ਮੋਰਨ ਕੀ ਪਾਂਤਿ ਚਹੂੰ ਓਰਨ ਤੇ ਚੌਂਧ ਜਾਤ ਚਪਲਾ ਚਮਕ ਚਕਮ॥ਬਿਨਾ ਪ੍ਰਾਨ ਪਜ਼ਾਰੇ ਪ੍ਰਾਨ ਨਜ਼ਾਰੇ ਹੋਤ ਦੇਵ ਕਹੈਂ ਨੈਨਨ ਤੇ ਆਸੁ ਵਾਨਿ ਜਾਤਿ ਹੈਂ ਟਪਕ ਟਪਕ॥ ਰਤਿਆ ਅੰਧੇਰੀ ਧੀਰ ਨ ਤਿਯਾਧ ਰਤਿ ਮੁਖ ਬਤਿਆ ਕਰ ਉਠੈ ਛਤਿਆ ਤਪਕ ਤਪਕ॥੧੬॥ ਇਤਿ ਸ੍ਰੀ ਰਿਤੁ ਰਮਨੀਯ ਰਸਕ ਰੰਜਨ ਕਵਿ ਕੁਲ ਕ੍ਰਿਤ ਕਵਿ ਨਾਰਾਯਨ ਸਿੰਘ ਕ੍ਰਮ ਕਥਨੰ ਨਾਮ ਤ੍ਰਿਤੀ ਰਿਤੁ ਸੰਪੂਰਨੰ॥=॥=॥=॥।=॥=॥=॥

ਹੱਥ ਲਿਖਤ ਨੰ : MS 101

ਸਿਰਲੇਖ : ਅਧਯਾਤਮ ਰਾਮਾਯਣ

ਲੇਖਕ : ਦੇਵੀ ਦਾਸ ਲਿਖਾਰੀ: ਗੁਲਾਬ ਸਿੰਘ

ਸਮਾਂ : ਸੰਮਤ 1894

ਪੱਤਰੇ : 1 ਓ - 592

ਆਕਾਰ : 11 X 18 ਸ.ਮ. ਲਿਖਤ: 8 X 12 ਸ.ਮ.

